
# ਮਾਰਕਸ

# ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ



ਦੁਨੀਆਂ ਭਰ ਦੇ ਮਜ਼ਦੂਰੋ, ਇੱਕ ਹੋ ਜਾਓ!

**ਕਾਰਲ ਮਾਰਕਸ**

# *ਸਿਆਸੀ ਆਰਥਿਕਤਾ ਦੀ ਆਲੋਚਨਾ ਵਿੱਚ ਯੋਗਦਾਨ*



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)**

ਪਹਿਲੀ ਵਾਰ — 1977
ਇਹ ਐਡੀਸ਼ਨ — ਸਤੰਬਰ 2011

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 125 ਰੁਪਏ**

# ਤਤਕਰਾ


ਜਾਣ ਪਛਾਣ : ਮੈਰਿਸ ਡੌਬ ........ 5

ਭੂਮਿਕਾ : ਕਾਰਲ ਮਾਰਕਸ ........ 21

**ਪੁਸਤਕ ਪਹਿਲੀ ! ਸਰਮਾਏ ਬਾਰੇ**

ਭਾਗ ਪਹਿਲਾ—ਸਧਾਰਨ ਸਰਮਾਇਆ ........ 29

ਕਾਂਡ ਪਹਿਲਾ—ਜਿਣਸ ........ 29

ੳ—ਜਿਣਸਾਂ ਦੇ ਵਿਸ਼ਲੇਸ਼ਣ ਬਾਰੇ ਇਤਿਹਾਸਕ ਨੋਟ ........ 55

ਕਾਂਡ ਦੋ—ਮੁੱਦਰਾ ਜਾਂ ਸਾਦਾ ਪ੍ਰਚਲਣ ........ 68

1. ਕਦਰ ਦਾ ਮਾਪ ........ 68

ਅ – ਧਨ–ਮਿਆਰ ਦੇ ਸਿਧਾਂਤ ........ 81

2. ਤਬਾਦਲਾ – ਮਾਧਿਅਮ ........ 94

ੳ. ਜਿਣਸਾਂ ਦਾ ਰੂਪ ਬਦਲ ........ 95

ਅ. ਧਨ ਦਾ ਚਲਨ ........ 108

ੲ. ਸਿੱਕੇ ਦੇ ਕਦਰ ਟੋਕਨ ........ 118

3. ਧਨ ........ 136

ੳ. ਜ਼ਖੀਰੇਬਾਜ਼ੀ ........ 139

ਅ. ਅਦਾਇਗੀ ਸਾਧਨ ........ 154

ੲ. ਸੰਸਾਰ ਧਨ ........ 166

4. ਕੀਮਤੀ ਧਾਤਾਂ ........ 171

ੲ. ਚਲਨ ਮਾਧਿਅਮ ਦੇ ਅਤੇ ਧਨ ਦੇ ਸਿਧਾਂਤ ........ 177

**ਜ਼ਮੀਮਾ ........ 214**

ਕਾਰਲ ਮਾਰਕਸ : **ਭੂਮਿਕਾ ........ 214**

1. ਉਪਜ, ਖਪਤ, ਤਕਸੀਮ, ਤਬਾਦਲਾ (ਚਲਨ) ........ 214

1. ਉਪਜ ........ 214

2. ਪੈਦਾਵਾਰ ਦੇ ਤਕਸੀਮ, ਤਬਾਦਲਾ
ਅਤੇ ਖਪਤ ਨਾਲ਼ ਆਮ ਸਬੰਧ ........................................ 221
ੳ. ਪੈਦਾਵਾਰ ਅਤੇ ਖਪਤ ........................................ 223
ਅ. ਪੈਦਾਵਾਰ ਅਤੇ ਤਕਸੀਮ ........................................ 228
ੲ. ਅੰਤਮ, ਤਬਾਦਲਾ ਅਤੇ ਚਲਨ ........................................ 233
3. ਸਿਆਸੀ ਆਰਥਕਤਾ ਦਾ ਤਰੀਕਾ ........................................ 234
4. ਪੈਦਾਵਾਰ; ਪੈਦਾਵਾਰ ਦੇ ਵਸੀਲੇ ਅਤੇ
ਪੈਦਾਵਾਰ ਦੇ ਸਬੰਧ, ਪੈਦਾਵਾਰੀ ਸਬੰਧ ਅਤੇ
ਪ੍ਰਸ਼ਾਸਨ; ਪੈਦਾਵਾਰੀ ਸਬੰਧਾਂ ਅਤੇ ਪ੍ਰਸ਼ਾਸਨ
ਦੇ ਪ੍ਰਸੰਗ ਵਿੱਚ ਸਿਆਸੀ ਰੂਪ ਅਤੇ ਸੰਗਿਆਨ
(ਅਨੁਭਵ) ਰੂਪ, ਕਾਨੂੰਨੀ ਸਬੰਧ ........................................ 246

ਫ਼ਰੈਡਰਿਕ ਏਂਗਲਜ਼ : **ਕਾਰਲ ਮਾਰਕਸ, ''ਸਿਆਸੀ ਆਰਥਕਤਾ
ਦੀ ਆਲੋਚਨਾ ਵਿੱਚ ਵਾਧਾ''** ਭਾਗ ਪਹਿਲਾ,
ਫ਼ਰਾਂਜ ਡੰਨਕੇਰ ਬਰਲਿਨ, 1859 [ਰੀਵੀਊ] ........................................ 250
I ........................................ 250
II ........................................ 255

# ਜਾਣ-ਪਛਾਣ

ਮਾਰਕਸ ਦੀ **ਸਮਾਲੋਚਨਾ** ਪਹਿਲੀ ਵਾਰ (ਜਰਮਨ ਭਾਸ਼ਾ ਵਿੱਚ ਸਮਾਲੋਚਨਾ ਨਾਂਅ ਹੇਠ) 1859 ਵਿੱਚ, **ਸਰਮਾਇਆ** ਦੀ ਪਹਿਲੀ ਜਿਲਦ ਦੀ ਪ੍ਰਕਾਸ਼ਨਾ ਤੋਂ ਅੱਠ ਸਾਲ ਪਹਿਲਾਂ ਪ੍ਰਕਾਸ਼ਤ ਕੀਤੀ ਗਈ ਸੀ। ਇਸ ਲਈ ਇਸ ਨੇ ਮੁੱਖ ਰਚਨਾ ਦੀ ਜਾਣ-ਪਛਾਣ ਕਰਾਉਣ ਵਾਲ਼ੀ ਪੁਸਤਕ ਦਾ ਕਰਦਾਰ ਨਿਭਾਇਆ। ਸ਼ਾਇਦ ਇਸ ਨੂੰ ਅਗਾਊਂ ਪੇਸ਼ਕਸ਼ ਕਹਿਣਾ ਵਧੇਰੇ ਠੀਕ ਉਪਮਾ ਹੋਵੇਗੀ।(ਮਾਰਕਸ ਆਪ ਇਸ ਨੂੰ ਆਪਣੇ ਆਰਥਕ ਅਧਿਐਨ ਦੀ **ਪਹਿਲੀ ਛੋਟੀ ਪੁਸਤਕ** ਕਰਾਰ ਦਿੰਦੇ ਹਨ ਅਤੇ **ਸਰਮਾਇਆ** ਦੀ ਪਹਿਲੀ ਜਿਲਦ ਦੇ ਪਹਿਲੇ ਐਡੀਸ਼ਨ ਲਈ ਲਿਖੀ ਭੂਮਿਕਾ ਵਿੱਚ ਸਰਮਾਇਆ ਨੂੰ 1859 ਵਿੱਚ ਛਪੀ **ਸਮਾਲੋਚਨਾ** ਦਾ "**ਅਗਲਾ ਹਿੱਸਾ**" ਕਰਾਰ ਦਿੰਦੇ ਹਨ) **ਸਮਾਲੋਚਨਾ ਨਾਲ਼ ਜਾਣ-ਪਛਾਣ** ਨਾਮੀ ਮੁਕਾਬਲਤਨ ਛੋਟੀ ਲਿਖਤ, ਜਿਹੜੀ 1857-58 ਵਿੱਚ ਉਸੇ ਸਮੇਂ ਲਿਖੀ ਗਈ, ਜਦ **ਰਾਜਨੀਤਕ-ਆਰਥਕਤਾ ਦੀ ਸਮਾਲੋਚਨਾ ਨੂੰ ਇੱਕ ਦੇਣ** ਨਾਮੀ ਵੱਡੇਰੀ ਪੁਸਤਕ ਲਿਖੀ ਗਈ। ਉਹ ਮਾਰਕਸ ਦੇ ਜੀਵਨ ਕਾਲ ਵਿੱਚ ਪ੍ਰਕਾਸ਼ਤ ਨਾ ਕੀਤੀ ਜਾ ਸਕੀ। ਮਾਰਕਸ ਨੇ ਆਪ ਇਹ ਪੁਸਤਕ ਇਹ ਕਹਿ ਕੇ ਛੱਡ ਦਿੱਤੀ ਸੀ ਕਿ **ਇਸ ਵਿੱਚ ਅਜਿਹੇ ਪਰਿਨਾਮਾਂ ਦਾ ਕਿਆਸ ਕੀਤਾ ਗਿਆ ਹੈ ਜਿਹੜੇ ਅਜੇ ਸਿੱਧ ਨਹੀਂ ਕੀਤੇ ਗਏ।** ਇਹ ਸਮਾਲੋਚਨਾ ਦਾ ਇੱਕ ਹਿੱਸਾ ਵੀ ਨਹੀਂ ਸੀ ਸਮਝੀ ਗਈ। ਇਹ ਪੁਸਤਕ ਮਾਰਕਸ ਦੀ ਮੌਤ ਤੋਂ ਬਾਅਦ ਉਸ ਦੀਆਂ ਹੱਥ ਲਿਖਤਾਂ ਵਿੱਚੋਂ ਲਭੀ। ਇਹ "ਟੁੱਟੇ ਫੁੱਟੇ ਖਾਕੇ ਦੇ ਰੂਪ ਵਿੱਚ ਸੀ" ਤੇ ਇਸ 'ਤੇ 23 ਅਗਸਤ, 1857 ਤਾਰੀਖ ਹੋਈ ਸੀ। ਬਾਅਦ ਵਿੱਚ **ਕਾਰਲ ਕਾਟਸਕੀ** ਨੇ ਇਸ ਹੱਥ ਲਿਖਤ ਨੂੰ ਉਲਥਾਇਆ ਅਤੇ ਮਾਰਚ 1903 ਵਿੱਚ **ਨਿਊ ਜ਼ੀਅਤ** ਰਸਾਲੇ ਵਿੱਚ ਪ੍ਰਕਾਸ਼ਤ ਕੀਤਾ। ਅੰਗਰੇਜ਼ੀ ਵਿੱਚ ਇਹ ਪਹਿਲੀ ਵਾਰ 1904 ਵਿੱਚ ਐਨ. ਆਈ. ਸਟੋਨ ਵੱਲੋਂ ਸ਼ਿਕਾਗੋ ਵਿੱਚ ਛਾਪੇ ਗਏ ਸਮਾਲੋਚਨਾ ਦੇ ਐਡੀਸ਼ਨ ਦੇ ਨਾਲ਼ ਛਾਪੀ ਗਈ।

ਜੇ ਸਮਾਲੋਚਨਾ ਦੀ ਆਰੰਭਕ ਸੁਰ ਵਜੋਂ ਤੁਲਣਾ ਸਹੀ ਕਹੀ ਜਾ ਸਕਦੀ ਹੈ ਤਾਂ ਇਹ **ਸਰਮਾਇਆ** ਦਾ ਆਰੰਭ ਤੱਕ ਹੀ ਸੀ ਤੇ ਇਸ ਮਹਾਂ ਰਚਨਾ ਦਾ ਕੇਂਦਰੀ ਸਾਰ ਨਹੀਂ ਸੀ, ਜਿਸ ਦੀ ਇਸ ਨੇ ਸ਼ੁਰੂਆਤ ਕੀਤੀ। **ਸਮਾਲੋਚਨਾ** ਆਪ ਵੀ, 1857-58 ਵਿੱਚ ਲਿਖੀ ਗਈ **ਗਰੁੰਡਰਿਸੇ** ਦੇ ਕੁੱਝ ਹਿੱਸਿਆ ਦਾ ਸੰਖੇਪ ਰੂਪ ਹੀ ਸੀ। ਜਿਵੇਂ ਇਸ ਨੂੰ ਵੇਖਣ ਤੋਂ ਲੱਗਦਾ ਹੈ। ਇਹਨਾਂ ਵਿੱਚੋਂ ਕੁੱਝ ਪ੍ਰਸਤਾਵ **1844 ਦੀਆਂ ਆਰਥਕ ਤੇ ਦਾਰਸ਼ਨਕ ਹੱਥ ਲਿਖਤਾਂ** ਵਿੱਚ ਪਹਿਲਾਂ ਹੀ ਆ ਚੁੱਕੇ ਸਨ। ਇੱਕ ਤਰ੍ਹਾਂ ਨਾਲ਼ **ਸਮਾਲੋਚਨਾ** ਦਾ ਮੁੱਖ ਨੁਕਤਾ ਅਧਿਐਨ ਦੀ ਤਰਤੀਬ ਨਾਲ਼ ਸਬੰਧਤ ਹੈ। ਇਸ ਤਰ੍ਹਾਂ ਕਹਿਣ ਨਾਲ਼ ਇਸ ਦੀ ਆਪਣੇ ਤੌਰ 'ਤੇ ਅਤੇ ਮਾਰਕਸ ਦੀ ਮੁੱਖ ਰਚਨਾ ਦੀ ਉਥਾਨਕਾ ਦੇ ਵਜੋਂ ਅਹਿਮੀਅਤ ਤੇ ਦਿਲਚਸਪੀ ਘੱਟਦੀ

ਨਹੀਂ। ਵਿਗਿਆਨ ਦੀ ਪ੍ਰਗਤੀ ਵਿੱਚ ਅਸੀਂ ਸਿਧਾਂਤ ਵਿੱਚ ਇੱਕ ਇਨਕਲਾਬ ਵੇਖਦੇ ਹਾਂ ਜਿਹੜਾ ਅਧਿਐਨ ਦੀ ਤਰਤੀਬ ਵਿੱਚ ਇਨਕਲਾਬ ਨਾਲ਼ ਵੀ ਜੁੜਿਆ ਹੋਇਆ ਹੈ। ਉਤਪਾਦਨ ਦੀ ਪ੍ਰਧਾਨਤਾ ਉੱਤੇ ਅਤੇ ਖਾਸਕਰ ਉਤਪਾਦਨ ਦੇ ਸਬੰਧਾਂ (ਸਮੇਤ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਜਾਂ ਲੁੱਟ ਖਸੁੱਟ ਦੇ) ਦੀ ਪ੍ਰਧਾਨਤਾ ਉੱਤੇ ਇਸ ਪੁਸਤਕ ਵਿੱਚ ਜਿਵੇਂ ਜ਼ੋਰ ਦਿੱਤਾ ਗਿਆ ਹੈ, ਇਹ ਸਮਾਲੋਚਨਾ ਵਿੱਚ ਅਪਣਾਈ ਗਈ ਪਹੁੰਚ ਦਾ ਇਤਿਹਾਸਕ ਪੱਖ, ਜਿਹੜਾ ਉਸ ਦੀ ਰਚਨਾ ਨੂੰ ਹੋਰਾਂ ਨਾਲ਼ੋਂ ਨਿਖੇੜਦਾ ਹੈ, ਵਧੇਰੇ ਉਘੇੜ ਦੇ ਸਾਹਮਣੇ ਲਿਆਉਂਦਾ ਹੈ। ਇੱਥੇ ਅਸੀਂ ਉਨ੍ਹਾਂ ਦਾ ਕਦਰ ਦਾ ਸਿਧਾਂਤ ਅਤੇ ਖਾਸ ਕਰ ਮੁਦਰਾ ਦਾ ਸਿਧਾਂਤ ਪਹਿਲੀ ਵਾਰ ਉਲੀਕਿਆ ਵੇਖਦੇ ਹਾਂ। ਉਨ੍ਹਾਂ ਨੇ ਆਪਣੇ ਸਮੇਂ ਦੇ ਉਭਰ ਰਹੇ "ਬੁਰਜੂਆ" (ਜਾਂ ਸਰਮਾਏਦਾਰ) ਸਮਾਜ ਦਾ ਜਿਵੇਂ ਇਤਿਹਾਸਕ ਦਿੱਖ ਨਾਲ਼ ਸਰਵੇਖਣ ਕੀਤਾ, ਇਹ ਉਹਨਾਂ ਦੇ ਆਰਥਕ ਸਿਧਾਂਤ ਤੇ ਨਾਲ਼ ਹੀ ਇਸ ਦੀਆਂ ਹੱਦਾਂ ਦੇ ਭਾਰੂ ਪੱਖ, ਕੇਂਦਰੀ ਨੁਕਤੇ ਅਤੇ ਦੋਹਾਂ ਦੇ ਪੱਖੋਂ, ਜਿਹੜੇ ਇਸ ਨੂੰ "ਮੰਡੀ ਦੇ ਸੰਤੁਲਨ" ਦੇ ਵੱਧ ਤੋਂ ਵੱਧ ਸੀਮਿਤ ਹੋ ਰਹੇ ਸਿਧਾਂਤਾਂ ਤੋਂ ਤਿੱਖੀ ਤਰ੍ਹਾਂ ਨਿਖੇੜਦੇ ਸਨ ਅਤੇ ਜਿਹੜੇ ਪਿਛਲੀ ਸਦੀ ਦੇ ਅੰਤ ਉੱਤੇ ਅਤੇ ਵਰਤਮਾਨ ਸਦੀ ਵਿੱਚ, ਪ੍ਰਵਾਨਤ ਬੌਧਿਕ ਸਿਧਾਂਤ ਦਾ ਮੁੱਖ ਖਾਸਾ ਬਣੇ, ਦੇ ਨਿਖੜਵੇਂ ਕੇਂਦਰੀ ਨੁਕਤੇ ਉਭਾਰ ਕੇ ਸਾਹਮਣੇ ਲਿਆਂਦੇ ਸਨ। ਮਾਰਕਸ ਦੇ ਵਿਚਾਰਾਂ ਦੀ ਪ੍ਰਗਤੀ ਤੇ ਪ੍ਰੱਕਤਾ ਨਿਰਸੰਦੇਹ, ਇਸ ਦੇ ਅਜਿਹੀ ਦਿਸ਼ਾ ਵਿੱਚ ਗਹਿਰੇ ਅਧਿਐਨ ਵਿੱਚ ਸੀ ਜਿਹੜੀ ਦਿਸ਼ਾ "ਬੁਰਜੂਆ ਅਰਥ-ਸ਼ਾਸਤਰ" ਦੇ ਵਿਕਾਸ ਦੇ ਬਿਲਕੁੱਲ ਉਲਟ ਸੀ। ਬੁਰਜੂਆ ਅਰਥ-ਸ਼ਾਸਤਰ ਨਿਰੋਲ ਤੌਰ 'ਤੇ ਗਿਣਨਾਤਮਕ ਮੰਡੀ ਸਬੰਧਾਂ ਅਤੇ ਜੋੜ ਤੋੜ ਨੂੰ ਨਿਯਮਾਂ ਦਾ ਰੂਪ ਦੇਣ ਤੱਕ ਜਾਂਦਾ ਸੀ। ਨਿਰਸੰਦੇਹ ਮਾਰਕਸ ਨੇ ਪੂਰਤੀ ਅਤੇ ਮੰਗ, ਮੁਕਾਬਲਾ ਅਤੇ ਮੰਡੀ ਆਦਿ ਸੰਕਲਪਾਂ ਤੋਂ ਅਧਿਐਨ ਸ਼ੁਰੂ ਕੀਤਾ। ਇਸ ਗੱਲ ਦੇ ਸਭ ਤੋਂ ਵੱਧ ਸਬੂਤ 1844 ਦੀਆਂ ਹੱਥ ਲਿਖਤਾਂ ਤੋਂ ਮਿਲਦੇ ਹਨ, ਇਨ੍ਹਾਂ ਦਾ ਅਰਥ-ਸ਼ਾਸਤਰ ਨਾਲ਼ ਸਬੰਧਤ ਹਿੱਸਾ ਮੁੱਖ ਤੌਰ 'ਤੇ ਸਰ ਜੇਮਜ਼ ਸਟੂਆਰਟ, ਐਡਮ ਸਮਿੱਥ, ਰੀਕਾਰਡੋ ਤੇ ਅਜਿਹੇ ਹੀ ਹੋਰ ਅਰਥ-ਸ਼ਾਸਤਰੀਆਂ ਦੀਆਂ ਲਿਖਤਾਂ ਦੇ ਨੋਟ ਲੈਣ ਅਤੇ ਉਹਨਾਂ ਉੱਤੇ ਟਿੱਪਣੀਆਂ 'ਤੇ ਹੀ ਅਧਾਰਤ ਹੈ। ਪਰ ਇਹ ਗੱਲ ਵਰਤਮਾਨ ਰਚਨਾ ਤੋਂ, ਪੰਦਰਾਂ ਵਰ੍ਹੇ ਬਾਅਦ ਦੀ **ਸਮਾਲੋਚਨਾ** ਤੋਂ ਵੀ ਪ੍ਰਤੱਖ ਹੈ। ਪਰ **ਸਰਮਾਇਆ** ਵਿੱਚ ਮੰਡੀ ਦੇ 'ਪੱਧਰ' ਬਾਰੇ ਇਸ ਦੇ ਅੰਤ ਉੱਤੇ ਹੀ, ਜਿਲਦ ਦੇ ਅੰਤ ਉੱਤੇ ਹੀ ਵਿਚਾਰ ਕੀਤਾ ਗਿਆ ਹੈ (ਮਾਰਕਸ 30 ਅਪ੍ਰੈਲ 1868 ਨੂੰ ਏਂਗਲਜ਼ ਨੂੰ ਲਿਖੀ ਚਿੱਠੀ ਵਿੱਚ ਲਿਖਦੇ ਹਨ*, ਅੰਤ ਅਸੀਂ ਪ੍ਰਗਟਾਏ ਦੇ ਰੂਪਾਂ 'ਤੇ ਪੁੱਜ ਗਏ ਹਾਂ ਜਿਹੜੇ ਵਿਗੜੇ ਹੋਏ ਸੰਕਲਪ ਵਿੱਚ ਆਰੰਭਕ ਬਿੰਦੂ ਦਾ ਕੰਮ ਕਰਦੇ ਹਨ)। ਇਹਨਾਂ ਸੰਕਲਪਾਂ ਦੀ ਨੁਕਤਾਚੀਨੀ ਤੇ ਵਿਆਖਿਆ ਕਰਨ ਦੇ ਦੌਰਾਨ, ਮੰਡੀ ਦੇ ਸਬੰਧਾਂ ਤੇ ਅਸਚਰਜ ਕਰ ਦੇਣ ਵਾਲ਼ੇ ਪ੍ਰਗਟਾਏ, ਜਿਵੇਂ ਉਹ ਵਾਰ ਵਾਰ ਕਹਿੰਦੇ ਹਨ, ਦੇ ਸਾਰ ਨੂੰ ਜ਼ਾਹਰ ਕਰਨ ਦੇ ਕੰਮ ਦੇ

* ਦੇਖੋ ਮਾਰਕਸ ਦਾ ਏਂਗਲਜ਼ ਦੇ ਨਾਂ 30 ਅਪ੍ਰੈਲ 1868 ਦਾ ਖਤ; ਅੰਤਕਾਰ ਅਸੀਂ **ਦ੍ਰਿਸ਼ਟੀ ਮਾਨਤਾ** ਦੇ ਉਹਨਾਂ ਰੂਪਾਂ ਤੀਕ ਆ ਪੁੱਜੇ ਹਾਂ, ਜਿਹੜੇ ਕਿ ਕੱਚ-ਘਰੜ ਸੰਕਲਪਾਂ ਦੇ ਲਈ ਅਧਾਰ ਬਣਨਗੇ।

ਦੌਰਾਨ, ਉਹ ਵੱਧ ਤੋਂ ਵੱਧ ਹੱਦ ਤੱਕ ਉਤਪਾਦਨ ਅਤੇ ਉਤਪਾਦਨ ਸਬੰਧਾਂ (ਮੁੱਢ ਵਿੱਚ ਕਿਰਤ ਦੀ ਵੰਡ ਸਧਾਰਨ ਰੂਪ ਵਿੱਚ ਅਤੇ ਫੇਰ ਸਰਮਾਏਦਾਰੀ ਹੇਠ ਕਿਰਤ ਦੀ ਵੰਡ ਵੱਲੋਂ ਧਾਰਨ ਕੀਤੇ ਜਾਂਦੇ ਨਿਸ਼ਚਿਤ ਰੂਪਾਂ) ਦੀ ਪੜਤਾਲ਼ ਕਰਨ ਅਤੇ ਲੁੱਟ-ਖਸੁੱਟ ਅਤੇ ਵਾਫਰ ਕਦਰ ਹਾਸਲ ਕਰਨ ਵਿੱਚ ਲੱਗੇ ਸਮਾਜ ਦੀਆਂ ਸਮਾਜੀ ਅਤੇ ਜਮਾਤੀ ਜੜ੍ਹਾਂ ਦੀ ਜਾਂਚ-ਪੜਤਾਲ਼ ਕਰਨ ਵੱਲ ਖਿੱਚਿਆ ਗਿਆ।

ਜੇ ਮਾਰਕਸ ਦੇ ਆਰਥਕ ਵਿਸ਼ਲੇਸ਼ਣ ਨੂੰ ਹੋਰਾਂ ਤੋਂ ਨਿਖੇੜਦਾ ਪੱਖ ਇਸ ਦਾ ਇਤਿਹਾਸਕ ਅਧਿਐਨ ਸੀ, ਤਾਂ ਉਸ ਦੀ ਇਤਿਹਾਸਕ ਵਿਆਖਿਆ ਦੀਆਂ ਵੀ ਗਹਿਰੀਆਂ ਦਾਰਸ਼ਨਕ ਜੜ੍ਹਾਂ ਸਨ — ਜਿਨ੍ਹਾਂ ਜੜ੍ਹਾਂ ਦਾ ਮੁੱਢ ਹੀਗਲਵਾਦੀ ਫ਼ਲਸਫ਼ਾ ਸੀ ਜਿਸ ਵਿੱਚ ਮਾਰਕਸ ਆਪਣੇ ਵਿਦਿਆਰਥੀ ਜੀਵਨ ਦੇ ਸਾਲਾਂ ਵਿੱਚ ਰੁਝੇ ਰਹੇ (ਪਹਿਲਾਂ ਬਾਨ ਯੂਨੀਵਰਸਿਟੀ ਵਿੱਚ ਤੇ ਫੇਰ ਬਰਲਿਨ ਯੂਨੀਵਰਸਿਟੀ ਵਿੱਚ)। ਕਈ ਵਾਰ ਕਿਹਾ ਜਾਂਦਾ ਹੈ ਕਿ ਹੀਗਲ ਲਈ ਵਿਰੋਧ-ਵਿਕਾਸ ਇੱਕ ਅਸੂਲ ਵਜੋਂ ਅਤੇ ਵਿਕਾਸ ਦੇ ਢਾਂਚੇ ਦੇ ਰੂਪ ਵਜੋਂ ਨਿਰਪੱਖ ਜੀਵ, ਜਿਵੇਂ ਚਿੱਤ ਜਾਂ ਆਤਮਾ ਤੋਂ ਸ਼ੁਰੂ ਹੋਇਆ, ਮਾਰਕਸ ਲਈ ਵਿਕਾਸ ਦਾ ਵਿਰੋਧ-ਵਿਕਾਸ ਕੁਦਰਤ ਤੋਂ, ਮਨੁੱਖ ਤੋਂ, ਜਿਹੜਾ ਕੁਦਰਤ ਦਾ ਇੱਕ ਅਟੁੱਟ ਹਿੱਸਾ ਹੈ, ਸ਼ੁਰੂ ਹੋਇਆ। ਪਰ ਕੁਦਰਤ ਦਾ ਇੱਕ ਹਿੱਸਾ ਅਤੇ ਇਸ ਦੇ ਨਿਯਮਾਂ ਵਿੱਚ ਬੱਝਾ ਹੋਣ ਦੇ ਨਾਲ਼ ਨਾਲ਼ ਮਨੁੱਖ ਇੱਕ ਚੇਤੰਨ ਜੀਵ ਹੋਣ ਦੇ ਨਾਤੇ ਕੁਦਰਤ ਨਾਲ਼ ਤੇ ਇਸ ਦੇ ਵਿਰੁੱਧ ਜਦੋਜਹਿਦ ਕਰਨ ਦੇ ਵੀ ਸਮੱਰਥ ਹੈ — ਕੁਦਰਤ ਨੂੰ ਆਪਣੇ ਅਧੀਨ ਬਣਾਉਣ ਅਤੇ ਇਸ ਨੇ ਆਪਣੀਆਂ ਲੋੜਾਂ ਅਨੁਸਾਰ ਢਾਲਣ ਦੇ ਵੀ ਸਮੱਰਥ ਹੈ। ਅਜਿਹਾ ਉਹ ਚੇਤੰਨ ਤੌਰ ’ਤੇ ਵਿਉਂਤੀ ਗਈ ਉਤਪਾਦਕ ਅਤੇ ਸਿਰਜਣਾਤਮਕ ਸਰਗਰਮੀ ਰਾਹੀਂ ਕਰਦਾ ਹੈ। ਇਹ ਮਨੁੱਖੀ ਸਰਗਰਮੀ ਜਿਹੜੀ, ਮਨੁੱਖ ਅਤੇ ਕੁਦਰਤ ਵਿਚਾਲੇ, ਮਨੁੱਖ ਅਤੇ ਹੋਰ ਸਭ ਜੀਵ-ਜੰਤੂਆਂ ਵਿਚਾਲੇ ਨਿਖੇੜਾ ਕਰਦੀ ਹੈ, ਇਹ ਉਤਪਾਦਕ ਸ਼ਕਤੀ ਹੈ। ਮਨੁੱਖ ਦਾ ਇਤਿਹਾਸ ਮਨੁੱਖ ਦੀ ਕੁਦਰਤ ਨਾਲ਼ ਜਦੋਜਹਿਦ ਦੇ ਇਸ ਦਵੰਦ ਤੋਂ ਸ਼ੁਰੂ ਹੋਇਆ ਅਤੇ ਉਤਪਾਦਕ ਸ਼ਕਤੀ ਨੇ ਆਪਣੇ ਵਿਕਾਸ ਅਤੇ ਉੱਨਤੀ ਦੇ ਦੌਰਾਨ ਜਿਹੜੇ ਪੜਾਅ ਪਾਰ ਕੀਤੇ ਤੇ ਰੂਪ ਧਾਰਨ ਕੀਤੇ, ਉਹਨਾਂ ’ਤੇ ਅਧਾਰਤ ਹੈ। ਮਨੁੱਖ ਬਨਾਮ ਕੁਦਰਤ ਦੇ ਇਸ ਦਵੰਦਵਾਦ ਦਾ ਇੱਕ ਮੁੱਖ ਪੱਖ ਨਿਰਸੰਦੇਹ ਉਤਪਾਦਨ ਦੇ ਔਜ਼ਾਰਾਂ (ਸੰਦਾਂ ਤੇ ਮਸ਼ੀਨੀ ਯੰਤਰਾਂ) ਦੀ ਕਾਢ ਅਤੇ ਵਰਤੋਂ ਹੈ, ਜਿਹੜੇ ਇੱਕੋ ਸਮੇਂ ਕਿਰਤ ਦੇ ਚਿਰ-ਸਥਾਈ ਪੂੰਜ ਵੀ ਹਨ ਅਤੇ ਉਤਪਾਦਕ ਕਿਰਤ ਦੇ ਸਹਾਇਕ ਵੀ ਹਨ — ਅਜਿਹੇ ਔਜ਼ਾਰ ਜਿਨ੍ਹਾਂ ਨੂੰ ਮਨੁੱਖ ਆਪਣੇ ਅਤੇ ਆਪਣੀ ਕਿਰਤ ਦੇ ਨਿਸ਼ਾਨੇ ਵਿਚਾਲੇ ਕੰਮ ’ਤੇ ਲਾਉਂਦਾ ਹੈ, ਅਤੇ ਜਿਹੜੇ ਉਸ ਦੀ ਸਰਗਰਮੀ ਦੇ ਚਾਲਕ ਵਜੋਂ ਕੰਮ ਕਰਦੇ ਹਨ।” ਇਹ ਇਹੋ ਔਜ਼ਾਰ ਹੀ ਹਨ ਜਿਹੜੇ ਕਿਰਤ ਨੂੰ ਸਾਂਝੀ ਜਾਂ ਸਮਾਜਕ ਕਿਰਿਆ ਬਣਾਉਣ ਵਿੱਚ ਕਿਸੇ ਵੀ ਹੋਰ ਚੀਜ਼ ਨਾਲੋਂ ਵੱਧ ਹਿੱਸਾ ਪਾਉਂਦੇ ਹਨ (ਉਹ “ਸਮਾਜ ਦੇ ਇੱਕ ਨਿਸ਼ਚਿਤ ਢਾਂਚੇ ਵਿੱਚ ਰਹਿ ਕੇ ਤੇ ਉਸੇ ਢਾਂਚੇ ਰਾਹੀਂ ਕੁਦਰਤ ਦੀ ਵਰਤੋਂ ਕਰਨਾ” ਕਹਿੰਦੇ ਹਨ); ਅਤੇ ਮਨੁੱਖ ਇਤਿਹਾਸ ਵਿੱਚ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿੱਚ ਲਗਾਤਾਰ ਵਾਧਾ ਵੀ ਉਤਪਾਦਨ ਦੀਆਂ ਇਨ੍ਹਾਂ ਬੇਜਾਨ ਸ਼ਕਤੀਆਂ ਉੱਤੇ ਹੀ ਬਹੁਤ ਹੱਦ ਤੱਕ ਨਿਰਭਰ ਕਰਦਾ

ਰਿਹਾ ਹੈ। "ਉਤਪਾਦਨ ਦੇ ਦੌਰਾਨ ਮਨੁੱਖ ਕੇਵਲ ਕੁਦਰਤ 'ਤੇ ਹੀ ਕੰਮ ਨਹੀਂ ਕਰਦੇ ਸਗੋਂ ਇੱਕ ਦੂਜੇ 'ਤੇ ਵੀ ਕੰਮ ਕਰਦੇ ਹਨ। ਉਹ ਇੱਕ ਨਿਸ਼ਚਿਤ ਢੰਗ ਨਾਲ਼ ਸਹਿਯੋਗ ਕਰਕੇ ਅਤੇ ਆਪਣੀਆਂ ਸਰਗਰਮੀਆਂ ਦਾ ਪਰਸਪਰ ਵਟਾਂਦਰਾ ਕਰਕੇ ਹੀ ਉਤਪਾਦਨ ਕਰਦੇ ਹਨ।" ਇਸ ਲਈ ਕਿਰਤ ਦੀ ਵੰਡ ਜਿਹੜੀ ਵੱਖ-ਵੱਖ ਕਿੱਤਿਆਂ ਤੇ ਜ਼ੁਮੇਵਾਰੀਆਂ ਵਿਚਾਲੇ ਵੰਡ ਨਾਲ਼ ਸ਼ੁਰੂ ਹੋਈ, ਉਹ ਸਰਮਾਏਦਾਰੀ ਹੇਠ ਇੱਕੋ ਫ਼ੈਕਟਰੀ ਵਿੱਚ ਮਸ਼ੀਨੀ ਸਾਂਝੀ ਕਿਰਿਆ ਵਿੱਚ ਵੱਖ-ਵੱਖ ਉਤਪਾਦਕ ਕਾਰਵਾਈਆਂ ਵਿਚਾਲੇ ਗੁੰਝਲਦਾਰ ਵੰਡ ਵਿੱਚ ਬਦਲ ਕੇ ਸਾਹਮਣੇ ਆਈ।

ਕਿਰਤ ਦੀ ਵੰਡ ਨਾਲ਼ ਹੀ ਸਬੰਧਤ ਹੈ ਵਟਾਂਦਰਾ (ਸਮਾਜਕ ਖਪਤ ਦਾ ਅਮਲ) ਅਤੇ ਇਸ ਤਰ੍ਹਾਂ ਜਿਣਸੀ ਉਤਪਾਦਨ ਦਾ ਵਾਧਾ : ਭਾਵ ਮੰਡੀ ਵਿੱਚ ਵਟਾਂਦਰੇ ਲਈ ਚੀਜ਼ਾਂ ਦਾ ਉਤਪਾਦਨ ("ਜਿਣਸਾਂ ਦੇ ਸੰਸਾਰ ਦੇ ਨਾਲ਼ ਜੁੜੀ ਗੱਲ ਹੈ ਕਿਰਤ ਦੀ ਬਹੁਤ ਉੱਨਤ ਵੰਡ ਦਾ ਕਾਇਮ ਹੋਣਾ"): ਅਤੇ ਇਹ ਇਸ ਨੁਕਤੇ 'ਤੇ ਹੈ ਕਿ ਕਿਰਤ ਦੀ ਬੇਮੁੱਖਤਾ ਜਾਂ ਓਪਰਿਆਇਆ ਜਾਣ ਦਾ ਸੰਕਲਪ, ਜਿਸ ਦੀ ਪਿਛਲੇ ਦਿਨਾਂ ਵਿੱਚ ਬਹੁਤ ਚਰਚਾ ਰਹੀ, ਪਹਿਲੀ ਵਾਰ ਹੋਂਦ ਵਿੱਚ ਆਉਂਦਾ ਹੈ। ਮੇਰਾ ਖ਼ਿਆਲ ਹੈ ਕਿ ਇਸ ਵਿੱਚ ਕੋਈ ਸੰਦੇਹ ਨਹੀਂ ਹੋ ਸਕਦਾ ਕਿ ਆਪਣੀਆਂ ਸਭ ਤੋਂ ਪਹਿਲੀਆਂ ਲਿਖਤਾਂ ਵਿੱਚ (ਜਿਵੇਂ 1844 ਦੀਆਂ ਲਿਖਤਾਂ ਵਿੱਚ) ਜਦ ਮਾਰਕਸ ਪ੍ਰਮਾਣੀਕ ਅਰਥ-ਸ਼ਾਸਤਰੀਆਂ ਦੇ ਪਹਿਲੇ ਵਿਸਥਾਰਪੂਰਨ ਅਧਿਐਨ ਤੋਂ ਬਾਅਦ ਆਰਥਕ ਸੁਆਲਾਂ ਬਾਰੇ ਵਟਾਂਦਰੇ ਦੇ ਪੱਧਰ 'ਤੇ ਹੀ ਵਿਚਾਰ ਕਰ ਰਹੇ ਸਨ, ਤਾਂ (ਕਿਰਤ ਦੀ) ਇਸ ਬੇਮੁਖਤਾ ਦੀ ਸ਼ਰਤ ਤੇ ਅਧਾਰ ਵਜੋਂ ਉਹ ਜਿਣਸ ਉਤਪਾਦਨ 'ਤੇ ਜ਼ੋਰ ਦਿੰਦੇ ਸਨ; ਅਤੇ ਕਿ ਉਹ ਮਗਰਲੀ ਦੀ ਵਿਆਖਿਆ ਉਤਪਾਦਕ ਜਾਂ ਮਜ਼ਦੂਰ ਦੀ ਸਰਗਰਮੀ ਦੀ **ਉਪਜ** ਤੋਂ ਬੇਮੁਖਤਾ ਕਹਿ ਕੇ ਕਰਦੇ ਹਨ, ਕਿਉਂਕਿ ਇਹ ਉਹਨਾਂ ਦੀ ਆਪਣੀ ਵਰਤੋਂ ਤੇ ਖਪਤ ਲਈ ਪੈਦਾ ਨਹੀਂ ਕੀਤੀ ਜਾਂਦੀ ਸਗੋਂ ਵਟਾਂਦਰੇ ਲਈ ਅਤੇ ਇਸ ਤਰ੍ਹਾਂ ਦੂਜਿਆਂ ਲਈ ਵਰਤੋਂ ਕਦਰ ਵਜੋਂ ਪੈਦਾ ਕੀਤੀ ਜਾਂਦੀ ਹੈ। ਇੱਥੇ ਆ ਕੇ ਵਟਾਂਦਰਾ ਤੇ ਉਸ ਦੇ ਨਾਲ਼ ਹੀ ਵਟਾਂਦਰੇ ਦੇ ਸਾਧਨ ਵਜੋਂ ਮੁਦਰਾ ਉਤਪਾਦਨ ਤੇ ਖਪਤ ਵਿਚਾਲੇ ਆ ਜਾਂਦੀ ਹੈ। ਇਹ, ਅਜਿਹੇ ਸਮਾਜ ਵਿੱਚ ਜਿਹੜਾ ਨਿੱਜੀ ਜਾਇਦਾਦ ਅਤੇ ਵਟਾਂਦਰੇ 'ਤੇ ਅਧਾਰਤ ਹੈ, ਕਿਰਤ ਨੂੰ ਆਪਣੀ ਉਪਜ ਤੋਂ ਨਿਖੇੜਣ ਜਾਂ ਕਿਰਤ ਦੇ ਉਦੇਸ਼ੀਕਰਣ ਦਾ ਰੂਪ ਧਾਰਨ ਕਰਦੀ ਹੈ; ਇਸ ਦਾ ਅੱਗੋਂ ਅਰਥ ਹੈ, ਮਨੁੱਖ ਦਾ ਉਤਪਾਦਕ ਵਜੋਂ **ਦੂਜੇ ਮਨੁੱਖਾਂ** ਜਾਂ ਸਧਾਰਨ ਮਨੁੱਖਤਾ ਤੋਂ ਹੀ ਨਿਖੇੜਾ। ਉਹ 1844 ਦੀਆਂ ਹੱਥ ਲਿਖਤਾਂ ਵਿੱਚ ਇਸ ਤੱਥ ਦੀ ਗੱਲ ਕਰਦੇ ਹਨ ਕਿ "ਉਹ ਚੀਜ਼ ਜਿਹੜੀ ਕਿਰਤ ਦੀ ਪੈਦਾ ਕੀਤੀ ਹੁੰਦੀ ਹੈ —ਕਿਰਤ ਦੀ ਉਪਜ—ਇੱਕ **ਓਪਰੀ ਚੀਜ਼ ਵਜੋਂ** ਉਨ੍ਹਾਂ ਦੇ ਸਾਹਮਣੇ ਆਉਂਦੀ ਹੈ, ਉਤਪਾਦਕ ਤੋਂ **ਅਜ਼ਾਦ ਸ਼ਕਤੀ** ਬਣ ਕੇ ਉਸ ਦੇ ਸਾਹਮਣੇ ਖਲੋ ਜਾਂਦੀ ਹੈ" ਅਤੇ ਕਿ "ਮਜ਼ਦੂਰ ਦਾ ਆਪਣੀ ਜਿਣਸ ਤੋਂ ਨਿਖੇੜੇ ਦਾ ਅਰਥ ਇਹੋ ਨਹੀਂ ਕਿ ਉਨ੍ਹਾਂ ਦੀ ਕਿਰਤ ਇੱਕ ਨਿਸ਼ਾਨਾ ਬਣ ਜਾਂਦੀ ਹੈ, ਉਸ ਤੋਂ ਬਾਹਰ ਕਾਇਮ ਚੀਜ਼ ਬਣ ਜਾਂਦੀ ਹੈ, ਸਗੋਂ ਇਹ ਕਿ **ਉਸ ਤੋਂ ਬਾਹਰ**, ਆਜ਼ਾਦਾਨਾ ਤੌਰ 'ਤੇ, ਉਸ ਤੋਂ ਓਪਰੀ ਚੀਜ਼ ਵਜੋਂ ਕਾਇਮ ਹੈ ਅਤੇ ਕਿ ਇਹ ਆਪਣੇ ਤੌਰ 'ਤੇ ਇੱਕ ਸ਼ਕਤੀ

ਬਣ ਜਾਂਦੀ ਹੈ ਜਿਹੜੀ ਉਸ ਦਾ ਸਾਹਮਣਾ ਕਰਦੀ ਹੈ।" ਉਸ ਦੇ ਨਾਲ਼ ਉਹ ਇਹ ਵਿਚਾਰ ਸ਼ਾਮਲ ਕਰਦਾ ਹੈ : ਰਾਜਨੀਤਕ ਆਰਥਕਤਾ ਮਜ਼ਦੂਰ ਅਤੇ ਉਤਪਾਦਕ ਵਿਚਾਲੇ ਸਿੱਧੇ ਸਬੰਧ ਉੱਤੇ ਵਿਚਾਰ ਨਾ ਕਰਕੇ ਕਿਰਤ ਦੇ ਖਾਸੇ ਵਿੱਚ ਹੀ ਕਾਇਮ ਓਪਰੇਪਣ ਨੂੰ ਲੁਕਾ ਦੇਂਦੀ ਹੈ।"

ਪਰ ਇੱਥੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਨਿੱਜੀ ਜਾਇਦਾਦ ਜਿਣਸ ਉਤਪਾਦਕ ਨਾਲ਼ ਮਿਲ ਕੇ ਜੋ ਕੁੱਝ ਪੈਦਾ ਕਰਦੀ ਹੈ ਉਹ ਹੈ ਇੱਕ ਨਿਸ਼ਚਿਤ ਕਿਸਮ ਦੀ ਵਿਰਕਤੀ ਜਿਹੜੀ ਕਿਰਤ ਅਤੇ ਸਰਮਾਏਦਾਰ ("ਜਾਂ ਜੋ ਕੁੱਝ ਵੀ ਕਿਰਤ ਦੇ ਮਾਲਕ ਨੂੰ ਕੋਈ ਕਹਿਣਾ ਚਾਹੇ") ਵਿਚਾਲੇ ਸਬੰਧ ਦੇ ਵਿੱਚ ਕਾਇਮ ਹੁੰਦੀ ਹੈ। ਇਸ ਤਰ੍ਹਾਂ ਜਦ ਕਿ ਨਿੱਜੀ ਜਾਇਦਾਦ ਨੂੰ ਨਿਖੇੜੀ ਗਈ ਕਿਰਤ ਦੀ ਉਪਜ, ਉਸ ਦਾ ਸਿੱਟਾ, ਉਸ ਦਾ ਜ਼ਰੂਰੀ ਪਰਿਨਾਮ ਸਮਝਿਆ ਗਿਆ ਹੈ (ਨਿਖੇੜੀ ਗਈ ਕਿਰਤ ਜਿਣਸੀ ਉਤਪਾਦਨ ਦੇ ਵਿੱਚ ਅੰਤਰ-ਵਿਆਪੀ ਜਾਂ ਸਹਿਜਣ ਕਾਇਮ ਹੋਣ ਕਰਕੇ), ਇਸ ਦੇ ਨਾਲ਼ ਹੀ "ਇਹ ਇਸ ਨਿਖੇੜੇ ਦੀ ਪ੍ਰਾਪਤੀ" ਵੀ ਬਣ ਜਾਂਦੀ ਹੈ ਅਤੇ (ਨਿਖੇੜੇਪਣ ਅਤੇ ਨਿੱਜੀ ਜਾਇਦਾਦ ਵਿਚਾਲੇ) ਸਬੰਧ ਪਰਸਪਰ ਬਣ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਵਿਰਕਤੀ ਉੱਤੇ ਵਿਚਾਰ ਦੋ-ਤਰਫਾ ਹੈ ਅਤੇ ਇਹ ਕੇਵਲ ਜ਼ੋਰ ਦੇਣ 'ਤੇ ਨਿਰਭਰ ਕਰਦਾ ਹੈ ਕਿ ਕੋਈ ਸਮੁੱਚੇ ਜਿਣਸੀ ਉਤਪਾਦਨ ਨੂੰ ਜਾਂ ਸਰਮਾਏਦਾਰ ਵਜੋਂ ਉਪਜ ਨੂੰ ਹਥਿਆ ਲੈਣ ਦੀ ਸਾਰੀ ਕਿਰਿਆ ਦਾ ਸਿਖਰ ਸਮਝਿਆ ਜਾਂਦਾ ਹੈ। ਬਾਅਦ ਨੂੰ ਨਿਰਸੰਦੇਹ ਜ਼ੋਰ ਬਾਅਦ ਦੀ ਗੱਲ 'ਤੇ ਆ ਗਿਆ ਹੈ। ਮਾਰਕਸ ਵੱਲੋਂ ਲੁੱਟ-ਖਸੁੱਟ ਅਤੇ ਵਾਫਰ ਕਦਰ ਦੇ ਉਤਪਾਦਨ ਦੇ ਵਧੇਰੇ ਵਿਸਤਾਰ-ਪੂਰਨ ਵਿਸ਼ਲੇਸ਼ਣ ਕਰਨ ਦੇ ਬਾਅਦ, ਜਿਸ ਵਿੱਚ ਕਿਰਤ ਅਤੇ ਕਿਰਤ ਸ਼ਕਤੀ ਵਿਚਾਲੇ ਨਿਖੇੜੇ 'ਤੇ ਅਤੇ ਸਰਮਾਏਦਾਰੀ ਦੇ ਆਪਣੇ ਖਾਸੇ ਵਜੋਂ ਜਿਣਸ ਉਤਪਾਦਨ ਦਾ **ਇੱਕ ਰੂਪ** ਹੋਣ 'ਤੇ ਜ਼ੋਰ ਦਿੱਤਾ ਗਿਆ ਹੈ, ਜਿਸ ਵਿੱਚ "ਕਿਰਤ ਸ਼ਕਤੀ ਆਪ ਇੱਕ ਜਿਣਸ ਬਣ ਜਾਂਦੀ ਹੈ।"

ਬਲ ਦੇਣ ਵਿੱਚ ਫ਼ਰਕ **ਸਮਾਲੋਚਨਾ** ਲਿਖਣ ਦੇ ਸਮੇਂ ਤੱਕ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। **ਸਰਮਾਏ** ਵਿੱਚ ਇਹ ਗੱਲ ਨੋਟ ਕੀਤੀ ਜਾ ਸਕਦੀ ਹੈ ਕਿ ਮਾਰਕਸ "ਜਿਣਸ" (ਜਾਂ ਜਿਣਸ-ਉਤਪਾਦਕ ਸਮਾਜ) ਅਤੇ "ਸਰਮਾਏ" ਵਿਚਾਲੇ ਇਤਿਹਾਸਕ ਫ਼ਰਕ ਬਾਰੇ ਬਿਲਕੁੱਲ ਸਪੱਸ਼ਟ ਹਨ, ਪਹਿਲੀ ਦੂਜੀ ਦੇ ਮੁਕਾਬਲੇ ਵਧੇਰੇ ਵਿਸ਼ਾਲ ਵਰਗ (ਕੈਟੇਗਰੀ) ਹੈ : ਉਹ ਲਿਖਦੇ ਹਨ "ਉਪਜਾਂ ਦੇ ਜਿਣਸਾਂ ਵਜੋਂ ਹੋਂਦ ਵਿੱਚ ਆਉਣ ਲਈ ਇਹ ਪਹਿਲੀ ਲੋੜ ਹੈ ਕਿ ਕਿਰਤ ਦੀ ਵੰਡ ਦਾ ਅਜਿਹਾ ਵਿਕਾਸ ਹੋ ਗਿਆ ਹੋਵੇ, ਕਿ ਵਰਤੋਂ ਕਦਰਾਂ ਅਤੇ ਵਟਾਂਦਰਾ ਕਦਰਾਂ ਵਿਚਾਲੇ ਨਿਖੇੜਾ, ਜਿਹੜਾ ਆਰੰਭ ਵਿੱਚ ਵੱਟੇ ਨਾਲ਼ ਸ਼ੁਰੂ ਹੁੰਦਾ ਹੈ, ਪਹਿਲਾਂ ਹੀ ਮੁਕੰਮਲ ਹੋ ਚੁੱਕਿਆ ਹੋਵੇ। ਪਰ ਵਿਕਾਸ ਦਾ ਅਜਿਹਾ ਦਰਜਾ ਸਮਾਜ ਦੇ ਕਈ ਰੂਪਾਂ ਵਿੱਚ ਸਾਂਝਾ ਹੈ ਜਿਹੜੇ ਸਮਾਜ ਦੂਜੇ ਪੱਖਾਂ ਤੋਂ ਸਭ ਤੋਂ ਭਿੰਨ ਭਿੰਨ ਕਿਸਮ ਦੇ ਇਤਿਹਾਸਕ ਲੱਛਣ ਪ੍ਰਗਟਾਉਂਦੇ ਹਨ।" ਦੂਜੇ ਪਾਸੇ ਇਹ "ਸਰਮਾਏ ਲਈ ਉਲਟ ਗੱਲ ਹੈ।" ਇਸ ਦੀ ਹੋਂਦ ਦੀਆਂ ਇਤਿਹਾਸਕ ਸ਼ਰਤਾਂ ਕੇਵਲ ਜਿਣਸਾਂ ਅਤੇ ਮੁਦਰਾਂ ਦੇ ਪ੍ਰਚਲਣ ਨਾਲ਼ ਹੀ ਪੂਰੀਆਂ ਨਹੀਂ ਹੁੰਦੀਆਂ। ਇਹ ਤਾਂ ਹੀ ਜੀਵਨ ਧਾਰਨ ਕਰ ਸਕਦਾ ਹੈ ਜੇ ਉਤਪਾਦਨ ਅਤੇ ਆਜੀਵਕਾ

ਦੇ ਸਾਧਨਾਂ ਦਾ ਮਾਲਕ ਮੰਡੀ ਵਿੱਚ ਅਜ਼ਾਦ ਮਜ਼ਦੂਰ ਨੂੰ ਮਿਲੇ ਜਿਹੜਾ ਆਪਣੀ ਕਿਰਤ-ਸ਼ਕਤੀ ਵੇਚ ਰਿਹਾ ਹੋਵੇ ਅਤੇ ਇਸ ਇੱਕ ਇਤਿਹਾਸਕ ਸ਼ਰਤ ਵਿੱਚ ਇੱਕ ਸੰਸਾਰ ਦਾ ਇਤਿਹਾਸ ਆ ਜਾਂਦਾ ਹੈ। ਇਸ ਲਈ ਸਰਮਾਇਆ ਆਪਣੇ ਪਹਿਲੇ ਆਗਮਨ ਨਾਲ਼ ਹੀ ਸਮਾਜਿਕ ਉਤਪਾਦਨ ਦੀ ਕਿਰਿਆ ਵਿੱਚ "ਨਵੇਂ ਯੁੱਗ ਦਾ ਐਲਾਨ ਕਰ ਦਿੰਦਾ ਹੈ।"*

ਬਲ ਦੇਣ ਵਿੱਚ ਇਸ ਫ਼ਰਕ ਦੇ ਬਾਵਜੂਦ **ਸਮਾਲੋਚਨਾ** ਜਿਣਸਾਂ ਤੇ ਜਿਣਸ ਉਤਪਾਦਕ ਨਾਲ਼ ਸ਼ੁਰੂ ਹੁੰਦੀ ਹੈ ਅੇਤ ਉਸ ਨਾਲ਼ ਮੁਦਰਾ ਦਾ ਸੁਆਲ ਜੁੜਿਆ ਹੈ, ਮੁਦਰਾ ਦੇ ਕਦਰ ਦੇ ਸਰਵ-ਵਿਆਪੀ ਮਾਪ ਅਤੇ ਵਟਾਂਦਰੇ ਦੇ ਸਾਧਨ ਦੇ ਰੂਪ ਵਿੱਚ। ਸਰਮਾਇਆ ਜਿਲਦ-1 ਦੇ ਪਹਿਲੇ ਕਾਂਡਾਂ ਵਿੱਚ ਇਹੋ ਪ੍ਰਧਾਨ ਚੀਜ਼ ਹੈ।**

ਪਰ ਇਸ ਵਿੱਚ ਸਾਰਾ ਧਿਆਨ **ਉਤਪਾਦਨ ਦੇ ਪ੍ਰਸੰਗ 'ਚ ਵਟਾਂਦਰੇ ਦੀ ਵਿਆਖਿਆ ਕਰਨ** ਅਤੇ ਵਟਾਂਦਰੇ ਦੇ ਸਬੰਧ ਪ੍ਰਗਟ ਕਰਨ ਉੱਤੇ ਕੇਂਦਰਤ ਕੀਤਾ ਗਿਆ ਹੈ, ਜਿਸ ਵਿੱਚ ਮਨੁੱਖਾਂ ਤੇ ਉਤਪਾਦਕਾਂ ਵਿਚਾਲੇ ਸਬੰਧਾਂ ਵਜੋਂ ਜਾਂ **ਮਨੁੱਖੀ ਕਿਰਤ ਵਿਚਾਲੇ ਸਬੰਧਾਂ ਵਜੋਂ** ਮੁਦਰਾ ਦੇ ਸਬੰਧ ਵੀ ਸ਼ਾਮਲ ਹਨ।(ਇਤਫਾਕ ਨਾਲ਼ ਇੱਕ ਦੋ ਸਾਲ ਪਹਿਲਾਂ ਦੀ ਰਚਨਾ **ਗਰੁੰਡਰਿਸੇ** ਵਿੱਚ ਰਿਕਾਰਡੋ ਦੀ ਪ੍ਰਸ਼ੰਸਾ ਕੀਤੀ ਗਈ ਹੈ ਅਤੇ ਬਿਨਾਂ ਨਾਂਅ ਲਏ ਸਮਿਥ ਨਾਲ਼ ਤੇ ਉਸ ਤੋਂ ਬਾਅਦ ਹੋਏ ਅਰਥ-ਸ਼ਾਸਤਰੀਆਂ ਨਾਲ਼ ਉਸਦਾ ਟਾਕਰਾ ਕਰਦੇ ਹੋਏ ਉਸ ਨੂੰ "ਉਤਪਾਦਨ ਬਾਰੇ ਸਭ ਤੋਂ ਵਧੀਆ ਅਰਥ-ਸ਼ਾਸਤਰੀ" ਕਿਹਾ ਗਿਆ ਹੈ। ਨਿਰਸੰਦੇਹ ਮਾਰਕਸ ਦਾ ਇਸ ਤਰ੍ਹਾਂ ਬਲ ਦੇਣਾ ਉਨ੍ਹਾਂ ਦੀ ਸਮਝ ਨੂੰ ਨਿਖੇੜਦਾ ਹੈ ਜਿਸ ਦੇ ਬਿਨਾਂ **ਸਰਮਾਏ** ਵਿਚਲੀ ਉਨ੍ਹਾਂ ਦੀ ਪਹੁੰਚ ਅਤੇ ਕਦਰ ਦੇ ਸਿਧਾਂਤ ਵਿੱਚ ਉਨ੍ਹਾਂ ਦੇ ਹਿੱਸੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਵਟਾਂਦਰੇ ਦੇ ਸਬੰਧ ਜਾਂ ਮੰਡੀ ਵਿਚਲੇ 'ਪ੍ਰਗਟਾਵੇ' ਤਾਂ ਹੀ ਸਮਝੇ ਜਾ ਸਕਦੇ ਹਨ ਅਤੇ ਇਹਨਾਂ ਨਾਲ਼ ਜੁੜਿਆ "ਅੰਧ ਵਿਸ਼ਵਾਸ" ਅਤੇ "ਰਹੱਸ" ਤਾਂ ਹੀ ਦੂਰ ਕੀਤਾ ਜਾ ਸਕਦਾ ਹੈ ਜੇ ਇਹਨਾਂ ਨੂੰ ਸਮਾਜ ਦੇ ਆਧਾਰ ਦੇ ਇਹਨਾਂ ਵਧੇਰੇ ਬੁਨਿਆਦੀ ਸਬੰਧਾਂ ਦੇ ਪ੍ਰਗਟਾਵੇ ਵਜੋਂ ਸਮਝਿਆ ਜਾਵੇ — ਸਭ ਤੋਂ ਉੱਤਮ ਸਰਗਰਮੀ ਵਜੋਂ ਕਿਰਤ ਦੇ ਅਤੇ ਕਿਰਤ ਦੀ ਸਮਾਜੀ ਵੰਡ ਦੇ ਸਬੰਧਾਂ ਵਜੋਂ ਸਮਝਿਆ ਜਾਵੇ। ਇਸ ਤਰ੍ਹਾਂ ਵਟਾਂਦਰਾ ਕਦਰ ਤੇ ਕੀਮਤ ਦਾ ਅਧਾਰ ਹੋਣ ਵਜੋਂ ਕਿਰਤ ਦਾ ਇਕ "ਵਿਸ਼ੇਸ਼ ਲੱਛਣ ਇਹ ਤੱਥ ਹੈ ਕਿ ਮਨੁੱਖਾਂ ਦੇ ਸਮਾਜੀ ਸਬੰਧ ਵੀ ਚੀਜ਼ਾਂ ਦੇ ਉਲਟੇ ਹੋਏ ਦਿੱਸਦੇ ਸਮਾਜੀ ਸਬੰਧ ਲੱਗਣ ਲੱਗਦੇ ਹਨ।" ਅਤੇ ਵਟਾਂਦਰਾ ਕਦਰਾਂ ਵਜੋਂ ਜਿਣਸਾਂ ਦਾ ਸਬੰਧ ਅਸਲੀਅਤ ਵਿੱਚ ਵਿਅਕਤੀਆਂ ਵਿਚਾਲੇ ਉਹਨਾਂ ਦੀ ਉਤਪਾਦਕ ਸਰਗਰਮੀ ਦੇ ਦੌਰਾਨ ਬਣਦੇ ਪਰਸਪਰ ਸਬੰਧ ਹੀ ਹਨ... ਅਸਲੀਅਤ ਵਿੱਚ ਜਿਣਸਾਂ ਦੀ ਵਟਾਂਦਰਾ-ਕਦਰ ਮਨੁੱਖਾਂ ਦੀ ਕਿਰਤ

* ਸਰਮਾਇਆ ਜਿਲਦ 1 (ਅਨੁਵਾਦਕ ਮੂਰ ਐਂਡ ਐਵਲਿੰਗ, ਲੰਡਨ, 1886) ਪੰਨਾ 148-149।

** ਸਰਮਾਏ ਦੇ ਮੁੱਖਬੰਦ ਵਿੱਚੋਂ ਹਵਾਲਾ : "ਉਸ ਆਰੰਭਕ ਕਿਰਤ ਦਾ ਤੱਤ ਸੰਖੇਪ ਵਿੱਚ ਇਸ ਰਚਨਾ ਦੇ ਪਹਿਲੇ ਤਿੰਨ ਕਾਂਡਾਂ ਵਿੱਚ ਦਿੱਤਾ ਗਿਆ ਹੈ", ਦੋਹਾਂ ਦੇ ਪਹਿਲੇ ਵਾਕ ਇੱਕੋ ਹਨ।

ਵਿਚਾਲੇ ਪਰਸਪਰ ਸਬੰਧਾਂ ਤੋਂ ਵੱਧ ਕੁਝ ਨਹੀਂ।" (ਇਸ ਦੇ ਨਾਲ਼ ਹੀ ਇਹ ਟਿੱਪਣੀ ਵੀ ਜੋੜੀ ਗਈ ਹੈ ਕਿ "ਆਧੁਨਿਕ ਅਰਥ-ਸ਼ਾਸਤਰੀ ਜਿਹੜੇ ਮੁਦਰਾ ਪ੍ਰਣਾਲੀ ਦੇ ਪੈਦਾ ਕੀਤੇ ਭਰਮਾਂ ਦਾ ਮਜ਼ਾਕ ਉਡਾਉਂਦੇ ਹਨ, ਉਹ ਜਿਵੇਂ ਹੀ ਵਧੇਰੇ ਗੁੰਝਲਦਾਰ ਆਰਥਕ **ਹਾਲਤਾਂ** ਜਿਵੇਂ ਸਰਮਾਇਆ, ਬਾਰੇ ਲਿਖਦੇ ਹਨ ਤਾਂ ਅਜਿਹੇ ਹੀ ਭਰਮਾਂ ਦਾ ਪ੍ਰਗਟਾਵਾ ਕਰਦੇ ਹਨ"। ਇਸ ਪ੍ਰਸੰਗ ਵਿੱਚ ਮੇਰਾ ਵਿਸ਼ਵਾਸ ਹੈ ਕਿ ਸਾਨੂੰ ਕਿਰਤ ਨੂੰ "ਕਦਰ ਦਾ ਤੱਤ" ਕਰਾਰ ਦੇਣ ਦੇ ਉਸ ਦੇ ਕਥਨ ਤੋਂ ਨਿਰਸੰਦੇਹ ਇਹੋ ਭਾਵ ਲੈਣਾ ਚਾਹੀਦਾ ਹੈ। ਇਹ ਅਜਿਹੀ ਗੱਲ ਹੈ ਜਿਸਨੇ ਬਹੁਤ ਸਾਰੇ ਆਧੁਨਿਕ ਪਾਠਕਾਂ ਨੂੰ, ਜਿਹੜੇ ਇਸ ਪ੍ਰਸੰਗ ਤੋਂ ਅਨਜਾਣ ਹਨ, ਉਲਝਣ ਵਿੱਚ ਪਾ ਦਿੱਤਾ ਹੈ।

ਵਟਾਂਦਰੇ ਦੇ ਸਬੰਧਾਂ ਅਤੇ ਉਤਪਾਦਨ ਦੇ ਸਬੰਧਾਂ ਬਾਰੇ ਇਹੋ ਵਿਚਾਰ **ਸਰਮਾਇਆ** ਦੇ ਪਹਿਲੇ ਕਾਂਡ ਵਿੱਚ, ਅਖੌਤੀ ਜਿਣਸਾਂ ਵਿੱਚ ਅੰਧ-ਵਿਸ਼ਵਾਸ ਦੇ ਆਮ ਜਾਣੇ ਜਾਂਦੇ ਸੰਕਲਪ ਵਿੱਚ ਪ੍ਰਗਟ ਹੁੰਦਾ ਹੈ: "ਉਤਪਾਦਕਾਂ ਦਾ ਆਪਣੀ ਕਿਰਤ ਦੇ ਕੁਲ ਜੋੜ ਨਾਲ਼ ਸਬੰਧ ਉਹਨਾਂ ਨੂੰ ਇੱਕ ਸਮਾਜਿਕ ਸਬੰਧ ਵਜੋਂ ਪੇਸ਼ ਕੀਤਾ ਜਾਂਦਾ ਹੈ, ਜਿਹੜੇ ਸਬੰਧ ਆਪੋ ਵਿੱਚ ਹੋਂਦ ਵਿੱਚ ਨਹੀਂ ਸਗੋਂ ਉਹਨਾਂ ਦੀ ਕਿਰਤ ਦੀ ਉਪਜ ਵਿਚਾਲੇ ਹੋਂਦ ਵਿੱਚ ਹਨ.... ਇਹ ਮਨੁੱਖਾਂ ਵਿਚਾਲੇ ਨਿਸ਼ਚਿਤ ਸਬੰਧ ਹੈ ਜਿਹੜਾ ਉਹਨਾਂ ਦੀਆਂ ਨਜ਼ਰਾਂ ਵਿੱਚ ਜਿਣਸਾਂ ਵਿਚਾਲੇ ਸਬੰਧਾਂ ਦਾ ਅਜੀਬ ਰੂਪ ਧਾਰਨ ਕਰ ਜਾਂਦਾ ਹੈ।" ਉਤਪਾਦਨ ਦੇ ਇਹਨਾਂ ਅਸਲ ਸਬੰਧਾਂ ਅਤੇ ਮੰਡੀ ਵਿਚਾਲੇ "ਵਿਖਾਵਿਆਂ" ਵਿਚਲਾ ਇਹ ਫਰਕ ਹੀ ਉਸ ਦੇ "ਪ੍ਰਮਾਣੀਕ ਰਾਜਸੀ ਅਰਥ-ਸ਼ਾਸਤਰ" ("ਉਹ ਆਰਥਕਤਾ ਜਿਹੜੀ ਵਿਲੀਅਮ ਪੈਟੀ ਦੇ ਸਮੇਂ ਤੋਂ ਲੈ ਕੇ ਬੁਰਜੂਆ ਸਮਾਜ ਵਿੱਚ ਉਤਪਾਦਨ ਦੇ ਅਸਲੀ ਸਬੰਧਾਂ ਦੀ ਜਾਂਚ-ਪੜਤਾਲ ਕਰਦੀ ਰਹੀ ਹੈ") ਅਤੇ "ਅਸ਼ਿਸ਼ਟ ਅਰਥ-ਸ਼ਾਸਤਰ" ਵਿਚਾਲੇ ਉਸਦੇ ਨਿਖੇੜੇ, ਖਾਸ ਕਰ **ਐਪੀਗਨੀ** ਅਤੇ ਉਸਦੇ ਸਿਧਾਂਤਕ ਸਮਰੱਥਕਾਂ ਵਿਚਾਲੇ ਨਿਖੇੜੇ ਦੀ ਘੁੰਡੀ ਸੀ, ਜਿਹੜੇ ਕਿ ਰਿਕਾਰਡੋ (ਜਿਹੜਾ ਵਿਖਾਵਿਆਂ ਨੂੰ ਹੀ ਲੈਂਦਾ ਹੈ) ਦੇ ਪ੍ਰਤੀਕਰਮ ਵਜੋਂ ਪ੍ਰਸਿੱਧ ਹੋ ਗਏ ਸਨ। ਪਹਿਲੀ ਕਿਸਮ ਦੇ ਅਰਥ-ਸ਼ਾਸਤਰੀਆਂ ਦੇ "ਸਭ ਤੋਂ ਵਧੀਆ ਪ੍ਰਤੀਨਿਧ" ਵੀ ਸਮਕਾਲੀ ਸਮਾਜ ਦੇ "ਵਿਸ਼ੇਸ਼ ਇਤਿਹਾਸਕ ਕਰਦਾਰ" ਅਤੇ ਇਸ ਦੀਆਂ ਜੜ੍ਹਾਂ ਨੂੰ ਸਮਝਣ ਦੇ ਅਸਮਰਥ ਰਹੇ ਅਤੇ ਉਤਪਾਦਨ ਦੀ ਬੁਰਜੂਆ ਪ੍ਰਣਾਲੀ ਨੂੰ "ਕੁਦਰਤ ਵੱਲੋਂ ਨੀਯਤ ਅਮਰ ਪ੍ਰਣਾਲੀ" ਸਮਝਣ ਲਈ ਤਤਪਰ ਸਨ ਕਿਉਂਕਿ ਉਹ "ਕਦਰ" ਤੇ "ਵਟਾਂਦਰਾ ਕਦਰ" ਵਿਚਾਲੇ ਸਬੰਧਾਂ ਦੇ ਪੂਰੇ ਖਾਸੇ ਦਾ ਵਿਸ਼ਲੇਸ਼ਣ ਨਹੀਂ ਸਨ ਕਰਦੇ।

ਨਿਰਸੰਦੇਹ ਇਹ ਗੱਲ ਕਹੀ ਜਾ ਸਕਦੀ ਹੈ ਕਿ ਮਾਰਕਸ ਦਾ ਕਦਰ ਦਾ ਸਿਧਾਂਤ ਆਮ ਸਮਝੇ ਜਾਂਦੇ ਕਦਰ ਦੇ ਸਿਧਾਂਤ ਤੋਂ **ਵਾਧੂ** ਚੀਜ਼ ਹੈ: ਇਸ ਦਾ ਕੰਮ ਕੇਵਲ ਵਟਾਂਦਰਾ ਕਦਰ ਜਾਂ ਕੀਮਤਾਂ ਦੀ ਗਿਣਤੀ ਦੇ ਪੱਖੋਂ ਵਿਆਖਿਆ ਕਰਨਾ ਹੀ ਨਹੀਂ ਸਗੋਂ ਵਟਾਂਦਰਾ ਜਾਂ ਜਿਣਸ-ਸਮਾਜ ਦੇ ਕਿਰਤ ਦੇ ਅਮਲ ਦਾ, ਜਿਸ ਸਮਾਜ ਵਿੱਚ ਕਿਰਤ ਆਪ ਇੱਕ ਜਿਣਸ ਬਣ ਜਾਂਦੀ ਹੈ, ਸਮਾਜੀ-ਇਤਿਹਾਸਕ ਅਧਾਰ ਵੀ ਪ੍ਰਗਟ ਕਰਨਾ ਹੈ। ਇਸ ਦੇ ਸਬੰਧ ਵਿੱਚ ਸਮਾਲੋਚਨਾ ਦੇ ਮੁੱਖ ਬੰਦ ਵਿੱਚ ਰੂਸੋ ਦੇ "ਵਿਅਕਤੀਆਂ (ਜਿਹੜੇ).... ਸਮਝੌਤੇ ਰਾਹੀਂ ਆਪਸੀ

ਲੈਣ ਦੇਣ ਕਰਦੇ ਹਨ" ਦਾ "ਬੁਰਜੂਆ ਸਮਾਜ ਦਾ ਪੇਸ਼ਬੰਦੀ" ਵਜੋਂ ਜ਼ਿਕਰ ਨੋਟ ਕੀਤਾ ਜਾ ਸਕਦਾ ਹੈ। ਇਸ "ਖੁੱਲ੍ਹੇ ਮੁਕਾਬਲੇ ਵਾਲੇ ਸਮਾਜ ਵਿੱਚ ਮਨੁੱਖ ਕੁਦਰਤ ਆਦਿ ਦੇ ਬੰਧਨਾਂ ਤੋਂ ਮੁਕਤ ਲੱਗਦਾ ਹੈ, ਜਿਹੜੇ ਬੰਧਨ ਇਤਿਹਾਸ ਦੇ ਪਹਿਲੇ ਯੁੱਗਾਂ ਵਿੱਚ ਉਸ ਨੂੰ ਇੱਕ ਨਿਸ਼ਚਿਤ ਸੀਮਤ ਮਨੁੱਖੀ ਇਕੱਠ ਦਾ ਹਿੱਸਾ ਬਣਾਉਂਦੇ ਹਨ।

ਉਸ ਦੇ ਵਿਚਾਰਾਂ ਵਿੱਚ ਕਿਰਤ ਦੇ ਇਸ ਸੰਕਲਪ ਅਤੇ ਕਿਰਤ ਦੀ ਕਿਰਿਆ ਦੇ ਸਾਰੇ ਮਨੁੱਖੀ ਇਤਿਹਾਸ ਦੀ ਕੁੰਜੀ ਹੋਣ ਦੇ ਸੰਕਲਪ ਨੂੰ ਜਿਹੜਾ ਸਥਾਨ ਪ੍ਰਾਪਤ ਹੈ ਜੇ ਇਸ ਨੂੰ ਧਿਆਨ ਵਿਚ ਰੱਖੀਏ ਤਾਂ ਉਸ ਦੇ ਆਰਥਕ ਵਿਸ਼ਲੇਸ਼ਣ ਦਾ ਪ੍ਰਣਾਲੀ ਵਿੱਚ ਕਦਰ ਦੇ ਕਿਰਤ ਸਿਧਾਂਤ ਦਾ ਅਹਿਮ ਸਥਾਨ ਆਸਾਨੀ ਨਾਲ਼ ਸਮਝਿਆ ਜਾ ਸਕਦਾ ਹੈ। ਇਹ ਪ੍ਰਮਾਣੀਕ ਵਿਚਾਰਧਾਰਾ ਦਾ ਮੰਨਿਆ ਹੋਇਆ ਸਿਧਾਂਤ ਸੀ ਤੇ ਇਹੋ ਵਿਚਾਰਧਾਰਾ ਉਸ ਨੂੰ ਵਿਰਸੇ ਵਿੱਚ ਮਿਲੀ; ਪਰ ਉਸ ਲਈ ਇਹ ਇਸ ਤੋਂ ਬਹੁਤ ਕੁਝ ਵਧਦੀ ਸੀ ਤੇ ਉਸ ਦੀ ਪ੍ਰਣਾਲੀ ਵਿੱਚ ਇਸ ਦਾ ਪੁਰਾਣੇ ਅਰਥ-ਸ਼ਾਸਤਰੀਆਂ ਦੀ ਵਿਚਾਰਧਾਰਾ ਨਾਲ਼ੋਂ ਬਹੁਤ ਵਿਸ਼ਾਲ ਅਰਥ ਸੀ। "ਉਤਪਾਦਨ ਦੇ ਸਮਾਜੀ ਕਰਦਾਰ" ਦਾ ਰਿਣਾ ਕਰਨ ਵਾਲ਼ੀ ਵਜੋਂ ਅਤੇ "ਵਟਾਂਦਰਾ ਕਦਰ" ਤੋਂ ਬਿਲਕੁਲ ਭਿੰਨ **ਵਸਤੂ** ਵਜੋਂ "ਕਦਰ" ਦੀ ਮੁੱਢ ਤੋਂ ਅਤੇ ਇਸ ਤੇ ਆਪਣੇ ਤੌਰ 'ਤੇ ਵਿਆਖਿਆ ਕੀਤੀ ਗਈ — ਪਰ ਆਰਥਕ ਵਿਆਖਿਆ ਦੀ ਦ੍ਰਿਸ਼ਟੀ ਤੋਂ — ਜਿਹੜੀ ਵਟਾਂਦਰਾ ਕਦਰਾਂ ਦੀ ਵਿਆਖਿਆ ਕਰੇ — ਇਹ ਇਕ-ਤਰਫ਼ਾ ਪਰਿਭਾਸ਼ਾ ਹੀ ਰਹਿਣੀ ਸੀ ਜਦ ਤਕ ਦੋਹਾਂ ਵਿਚਾਲੇ ਕੋਈ ਗਿਣਨਾਤਮਕ ਸਬੰਧ ਨਾ ਵਿਖਾਏ ਜਾਂਦੇ, ਜਿਨ੍ਹਾਂ ਰਾਹੀਂ ਕਦਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਵਟਾਂਦਰਾ ਕਦਰਾਂ ਦਾ ਨਿਰਣਾ ਕਰਨ ਵਾਲ਼ੀਆਂ, ਵਟਾਂਦਰਾ ਕਦਰਾਂ ਨੂੰ ਚਲਾਉਣ ਵਾਲੀਆਂ ਤੇ ਇਨ੍ਹਾਂ ਨੂੰ ਪੈਦਾ ਕਰਨ ਵਾਲ਼ੀਆਂ ਦੱਸਿਆ ਜਾ ਸਕਦਾ। ਨਿਸ਼ਚੇ ਹੀ ਮਾਰਕਸ ਨੂੰ ਅਜਿਹਾ ਕੋਈ ਭੁਲੇਖਾ ਨਹੀਂ ਸੀ ਕਿ ਦੋਵੇਂ ਮਿਲਦੀਆਂ ਜੁਲਦੀਆਂ ਹਨ (ਜਿਵੇਂ ਕਿ ਕੁਝ ਲੋਕ ਕਿਆਸ ਲਾਉਂਦੇ ਹਨ), ਜਾਂ ਕਿ ਦੋਹਾਂ **ਵਸਤੂਆਂ** ਵਿਚਾਲੇ ਸਬੰਧ ਵੀ ਸਿੱਧੇ ਜਾਂ ਸਾਦਾ ਹਨ (**ਸਰਮਾਇਆ** ਦੀ ਪਹਿਲੀ ਜਿਲਦ ਦੇ ਆਰੰਭ ਵਿੱਚ ਉਸ ਦਾ ਇਹ ਕਥਨ ਕਿ ਕੀਮਤਾਂ ਕਦਰਾਂ ਤੋਂ ਵੱਖਰੀਆਂ ਹੁੰਦੀਆਂ ਹਨ, ਜਿਸ ਹਾਲਤ ਵਿੱਚ "ਸਾਨੂੰ ਪਹਿਲੀ ਨੂੰ ਅਵੱਸ਼ ਹੀ ਪਿਛਲੀ ਦੇ ਰੂਪ ਵਿੱਚ ਵੇਖਣਾ ਪਵੇਗਾ" ਦੂਜੇ ਸ਼ਬਦਾਂ ਵਿੱਚ ਸਾਰੇ ਫ਼ਰਕ ਨੂੰ ਸਬੱਬੀ ਸਮਝਣਾ ਪਵੇਗਾ ਤਾਂ ਜੋ ਸਾਰਾ ਵਰਤਾਰਾ ਨਿਰੋਲ ਉਸੇ ਪੱਖੋਂ ਘੋਖਿਆ ਜਾ ਸਕੇ ਤੇ ਸਾਡੇ ਸਿੱਟਿਆ ਉੱਤੇ ਹਲਚਲ ਮਚਾ ਦੇਣ ਵਾਲ਼ੀਆਂ ਉਹਨਾਂ ਹਾਲਤਾਂ ਦਾ ਪ੍ਰਭਾਵ ਨਾ ਪਵੇ ਜਿਨ੍ਹਾਂ ਦਾ ਵਿਚਾਰ ਹੇਠਲੇ ਅਮਲ ਨਾਲ਼ ਕੋਈ ਸਬੰਧ ਨਹੀਂ।" ਉੱਪਰ ਦੱਸੀ ਪੁਸਤਕ ਪੰਨਾ 144)। ਜਿਵੇਂ ਅਸੀਂ ਜਾਣਦੇ ਹੀ ਹਾਂ, ਜਿਹਨਾਂ ਤਿੰਨ ਦਾ ਭਾਗ ਪਹਿਲਾ ਤੇ ਦੂਜਾ ਇਹ ਦਰਸਾਉਣ 'ਤੇ ਲਾਏ ਗਏ ਸਨ ਕਿ "ਉਤਪਾਦਨ ਦੀਆਂ ਕੀਮਤਾਂ" ਕਦਰਾਂ ਤੋਂ ਕਿਉਂ ਤੇ ਕਿਵੇਂ ਭਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ — ਇਹ ਪ੍ਰਗਟ ਕੀਤੇ ਜਾ ਸਕਦੇ ਤੇ ਨੇਮਬੱਧ ਢੰਗ ਨਾਲ਼ ਭਿੰਨ ਹੁੰਦੇ ਹੋਣ ਕਾਰਨ। ਚਾਹੇ ਇਹ ਪ੍ਰਗਟਾਵਾ, ਜਿਵੇਂ ਉਹ ਛੱਡ ਗਿਆ ਸੀ, ਅਪੂਰਨ ਸੀ, ਪਰ ਅਖੌਤੀ 'ਰੂਪਾਂਤਰ ਦੀ ਸਮੱਸਿਆ ਉੱਤੇ ਅਪੂਰਨ ਸੀ, ਬਾਅਦ ਦੇ ਵਿਚਾਰ-ਵਟਾਂਦਰੇ ਤੇ ਇਸ ਦੇ ਵਿਸ਼ਲੇਸ਼ਣ ਦੇ ਸਿੱਟੇ ਵਜੋਂ ਜਾਣਦੇ ਹਾਂ ਕਿ ਜਦੋਂ ਇਹ ਜ਼ਰੂਰੀ ਸਬੰਧ ਇੱਕੋ ਸਮੇਂ

ਬਣਦੀਆਂ ਸਮੀਕਰਣਾਂ ਦੀ ਪ੍ਰਣਾਲੀ ਵਜੋਂ ਪ੍ਰਗਟ ਕੀਤੇ ਜਾਂਦੇ ਹਨ, ਤਾਂ ਇਹ 'ਉਤਪਾਦਨ ਦੀਆਂ ਕੀਮਤਾਂ' ਕਦਰਾਂ ਵਿੱਚੋਂ ਅਤੇ 'ਕਦਰ ਸਥਿਤੀ' (ਦਿੱਤੀ ਹੋਈ 'ਕਦਰ ਸਥਿਤੀ', ਭਾਵ, ਲੁੱਟ-ਖਸੁੱਟ ਜਾਂ ਵਾਫ਼ਰ ਕਦਰ ਦੀ ਦਰ) ਵਿੱਚ ਉਤਪਾਦਨ ਦੀਆਂ ਜ਼ਰੂਰੀ ਹਾਲਤਾਂ ਵਿੱਚੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਕਿਉਂਕਿ ਉਸ ਦੇ ਭਾਵ-ਅਰਥ ਦਾ ਸਬੰਧ ਮੁੱਢਲੇ ਤੌਰ 'ਤੇ ਅਜਿਹੀ ਰੂਪ-ਰੇਖਾ ਖਿੱਚਣ ਨਾਲ਼ ਹੈ ਜਿਸ ਨੂੰ ਅੱਜ ਕੱਲ੍ਹ ਜਿਣਸ-ਉਤਪਾਦਨ 'ਚ ਲੱਗੇ ਸਮਾਜ ਦੀ ਦੂਰ ਦਰਸੀ ਰੂਪ-ਰੇਖਾ ਕਿਹਾ ਜਾ ਸਕਦਾ ਹੈ, ਇਸ ਲਈ ਘੱਟੋ ਘੱਟ ਵਧੇਰੇ ਜ਼ਰੂਰੀ ਸਬੰਧ ਕਦਰਾਂ ਦੇ ਸਬੰਧਾਂ ਦੇ ਰੂਪ ਵਿੱਚ ਜਾਂ ਕਿਰਤ ਦੇ ਖਰਚਿਆਂ ਦੇ ਰੂਪ ਵਿੱਚ ਵਿਖਾਏ ਜਾ ਸਕਦੇ ਸਨ ਤੇ ਇਹ ਵੀ ਸਿੱਟੇ ਵਜੋਂ ਬਣਦੇ "ਅੰਦਾਜ਼ਿਆਂ" ਨੂੰ ਖੁਰਦਬੀਨੀ 'ਸ਼ਕਲਾਂ' ਦੇ ਸੰਸਾਰ ਤੋਂ ਬਹੁਤ ਦੂਰੀ ਲਿਜਾਏ ਬਿਨਾਂ।

ਸਾਨੂੰ "ਕਿਰਤ" ਅਤੇ "ਕਿਰਤ ਸ਼ਕਤੀ" ਵਿਚਾਲੇ ਭਿੰਨਤਾ ਨੂੰ ਮਾਰਕਸ ਵੱਲੋਂ ਦਿੱਤੀ ਜਾਂਦੀ ਅਹਿਮੀਅਤ ਨੂੰ ਵੀ ਇਸੇ ਪ੍ਰਸੰਗ ਵਿੱਚ ਸਮਝਣਾ ਚਾਹੀਦਾ ਹੈ: ਇਹ ਅਹਿਮੀਅਤ ਉਤਪਾਦਨ ਦੇ ਬੁਰਜੂਆ (ਸਰਮਾਏਦਾਰ) ਢੰਗ ਨੂੰ ਸਮਝਣ ਲਈ ਲੁੱਟ-ਖਸੁੱਟ ਤੇ ਕੁੰਜੀ ਰੋਲ਼ ਦੇ ਪ੍ਰਸੰਗ ਵਿੱਚ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। ਵਾਫਰ ਕਦਰ ਦੇ ਸਿਧਾਂਤ ਦੇ ਸਬੰਧ ਵਿੱਚ ਕਦਰ ਦੇ ਕਿਰਤ ਸਿਧਾਂਤ ਦੇ ਰੋਲ਼ ਨੂੰ ਆਮ ਤੌਰ 'ਤੇ ਗਲਤ ਸਮਝਿਆ ਜਾਂਦਾ ਹੈ। ਕਈ ਵਾਰ ਇਸ ਦਾ ਇਹ ਅਰਥ ਕੱਢਿਆ ਜਾਂਦਾ ਹੈ ਜਿਵੇਂ ਇਹ ਲਾ ਕੇ ਦੇ "ਕੁਦਰਤੀ ਹੱਕ" ਦੇ ਅਸੂਲ ਨੂੰ ਆਪਣੇ ਵਿੱਚ ਸ਼ਾਮਲ ਕਰਦਾ ਹੋਵੇ। ਕਿਉਂਕਿ ਉਹ ਕਹਿੰਦਾ ਸੀ ਕਿ ਮਨੁੱਖ ਦੀ ਕਿਰਤ ਦਾ ਉਪਜ ਕਿਰਤੀ ਦੇ ਹੱਕ ਵਜੋਂ ਹੀ ਉਸ ਦੀ ਹੁੰਦੀ ਹੈ; ਇਸ ਤੋਂ ਇਹ ਸਿੱਟਾ ਨਿਕਲਿਆ ਦੱਸਿਆ ਜਾਂਦਾ ਹੈ ਕਿ ਇਸ ਉਪਜ ਦਾ ਇੱਕ ਹਿੱਸਾ ਸਰਮਾਏਦਾਰ ਵੱਲੋਂ ਖੋਹ ਲਿਆ ਜਾਣਾ "ਗੈਰ-ਕੁਦਰਤੀ" ਅਤੇ ਅਨੈਤਿਕ ਹੈ। ਇਸ ਤਰ੍ਹਾਂ ਲੁੱਟ-ਖਸੁੱਟ ਨੂੰ ਨੀਮ-ਕਾਨੂੰਨੀ ਜਾਂ ਨੈਤਿਕ ਸੰਕਲਪ ਵਜੋਂ ਪੇਸ਼ ਕੀਤਾ ਜਾਂਦਾ ਹੈ ਨਾ ਕਿ ਯਥਾਰਥਕ ਆਰਥਕ ਬਿਆਨ ਵਜੋਂ। ਜੋ ਕੁਝ ਅਸੀਂ ਕਿਰਤ ਤੇ ਕਿਰਤ ਕਿਰਿਆ ਬਾਰੇ ਲਿਖਿਆ ਹੈ ਜੇ ਇਹ ਠੀਕ ਸਮਝ ਲਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਹ ਇੱਕ ਗਲਤ ਵਿਆਖਿਆ ਹੈ। ਹਾਂ, ਜੋ ਕੁਝ ਕਿਹਾ ਜਾ ਸਕਦਾ ਹੈ ਉਹ ਇਹ ਹੈ ਕਿ ਕਿਰਤ ਨੂੰ ਉਪਜਾਊ **ਸਰਗਰਮੀ** ਵਜੋਂ ਮੰਨ ਲੈਣ ਨਾਲ਼ ਸੋਸ਼ਣ ਦੀ ਪਰਿਭਾਸ਼ਾ, ਕਿ **ਦੂਸਰਿਆਂ** ਦੀ ਸਰਗਰਮੀ ਦੇ ਫਲਾਂ ਨੂੰ ਹਥਿਆ ਲੈਣਾ, ਇਹਨਾਂ ਫਲਾਂ ਨੂੰ ਉਹਨਾਂ ਵੱਲੋਂ ਹਥਿਆਏ ਜਾਣਾ, ਜਿਹੜੇ ਕਿ ਆਪ ਕੋਈ ਉਪਜਾਊ ਸਰਗਰਮੀ ਨਹੀਂ ਕਰਦੇ, ਨੂੰ ਸਿੱਧ ਕਰਦੀ ਹੈ। ਪਰ "ਉਪਜਾਊ" ਅਤੇ "ਅਣ-ਉਪਜਾਊ" ਦੀ ਕੁਥਾਵੀਂ ਅਤੇ ਕੁਚੱਜੀ ਪਰਿਭਾਸ਼ਾ ਨਾ ਹੁੰਦਿਆ ਹੋਇਆ ਵੀ ਆਮ ਵਰਤਾਉ ਲਈ ਇਹਨਾਂ ਸ਼ਬਦਾਂ ਨੂੰ ਅਵੱਸ਼ ਹੀ ਚੰਗਾ ਹੁੰਗਾਰਾ ਮਿਲੇਗਾ। ਮਾਰਕਸ ਦੇ ਲਈ ਇਹ ਮਸਲਾ ਦਰਪੇਸ਼ ਨਹੀਂ ਸੀ ਕਿ ਉਹ ਵਾਧੂ-ਕਦਰ ਦੀ ਹੋਂਦ ਅਤੇ ਕਦਰ ਦੇ ਸਿਧਾਂਤ ਦੁਆਰਾ ਸੋਸ਼ਣ ਨੂੰ ਸਿੱਧ ਕਰੇ, ਇਹ ਤਾਂ ਵਾਸਤਵ ਵਿੱਚ ਵਾਧੂ ਕਦਰ ਦੀ ਹੋਂਦ ਨੂੰ ਮਾਰਕੀਟ ਦੇ ਮੁਕਾਬਲੇ ਅਤੇ ਕਦਰ ਇਕਮਿਕਤਾ ਰੱਖਣ ਵਾਲ਼ੇ ਵਟਾਂਦਰਿਆਂ ਵਿੱਚ ਸਮਝੌਤਾ ਕਰਵਾਉਣਾ ਸੀ। ਜਿਵੇਂ ਕਿ ਉਨ੍ਹਾਂ ਆਪ ਕਿਹਾ ਹੈ: "**ਮੁਨਾਫੇ ਦੀ ਆਮ ਖ਼ਸਲਤ** ਨੂੰ ਬਿਆਨ ਕਰਨ ਦੇ ਲਈ ਤੁਹਾਨੂੰ ਇਸ ਸਿਧਾਂਤ ਤੋਂ ਸ਼ੁਰੂ

ਕਰਨਾ ਚਾਹੀਦਾ ਹੈ ਕਿ ਆਮ ਕਰਕੇ ਜਿਣਸਾਂ ਦੀ **ਵਿੱਕਰੀ ਉਹਨਾਂ ਦੀ ਅਸਲ ਕਦਰਾਂ ਦੇ ਅਨੁਸਾਰ ਹੁੰਦੀ ਹੈ** ਅਤੇ ਕਿ ਮੁਨਾਫ਼ਾ **ਉਹਨਾਂ ਨੂੰ ਉਹਨਾਂ ਦੀਆਂ ਕਦਰਾਂ ਅਨੁਸਾਰ ਵੇਚਣ ਤੋਂ ਲਿਆ ਜਾਂਦਾ ਹੈ**...। ਜੇਕਰ ਤੁਸੀਂ ਇਸ ਮਨੌਤ ਅਨੁਸਾਰ ਮੁਨਾਫ਼ੇ ਦੀ ਵਿਆਖਿਆ ਨਹੀਂ ਕਰ ਸਕਦੇ ਹੋ ਤਾਂ ਤੁਸੀਂ ਇਸ ਦੀ ਵਿਆਖਿਆ ਕਰ ਹੀ ਨਹੀਂ ਸਕਦੇ ਹੋ।*

ਇਸ ਵਿਚਲਾ ਨੁਕਤਾ ਤਦ ਹੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਜੇਕਰ ਇਹ ਚੇਤੇ ਰੱਖਿਆ ਜਾਵੇ ਕਿ ਉਸ ਧਾਰਾ ਦੇ ਲੇਖਕਾਂ, ਜਿਨ੍ਹਾਂ ਨੂੰ ਕਿ ਰਿਕਾਰਡੀਅਨ ਸੋਸ਼ਲਿਸਟ ਕਿਹਾ ਜਾਂਦਾ ਹੈ, ਜਿਵੇਂ ਕਿ ਥਾਮਸ ਰੌਗਸਕਿਨ, ਵਿਲੀਅਮ ਥਾਮਪਸਨ ਅਤੇ ਜਾਨ ਬਾਰੇ) ਜਿਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹਨਾਂ ਪਾਸ ਸੋਸ਼ਣ ਬਾਰੇ ਇਕ ਪੁਰਾਤਨ ਸਿਧਾਂਤ ਹੁੰਦਾ ਸੀ, ਨੇ ਸਰਮਾਏ ਤੋਂ ਮੁਨਾਫੇ ਨੂੰ, ਵਧੀਆ ਸੌਦੇਬਾਜ਼ੀ, ਮੁਕਾਬਲੇ-ਬਾਜ਼ੀ ਦੀ ਥੁੜ੍ਹੋਂ, ਅਤੇ "ਸਰਮਾਏ ਤੇ ਕਿਰਤ ਵਿੱਚ ਨਾ-ਬਰਾਬਰੀ ਵਾਲ਼ੇ ਵਟਾਂਦਰੇ, ਦੇ ਸਿੱਟੇ ਵਜੋਂ ਦੱਸਿਆ ਹੁੰਦਾ ਹੈ (ਇਹ ਡੂਹਰਿੰਗ ਦੇ "ਸ਼ਕਤੀ ਸਿਧਾਂਤ" ਨਾਲ਼ ਮੇਲ ਖਾਂਦੀ ਗੱਲ ਹੈ, ਜਿਸਦੀ ਕਿ ਏਂਗਲਜ਼ ਨੇ ਖੁੰਬ ਠੱਪੀ ਸੀ) ਇਹ ਉਹ ਵਿਆਖਿਆ ਸੀ ਜਿਸ ਤੋਂ ਕਿ ਮਾਰਕਸ ਬਚਣਾ ਚਾਹੁੰਦੇ ਸਨ ਨਾ ਕਿ ਆਪ ਇਸ ਦੀ ਭਾਲ ਵਿੱਚ ਸਨ। ਇਸ ਨਾਲ਼ ਸੋਸ਼ਣ ਕਦਰ ਦੇ ਨਿਯਮ ਅਤੇ ਮੰਡੀ ਦੇ ਮੁਕਾਬਲੇ ਦੇ ਨਿਯਮ ਨਾਲ਼ ਮੇਲ ਨਹੀਂ ਸੀ ਖਾਂਦਾ ਜਾਪਦਾ। ਪਰ ਇਹਨਾਂ ਤੋਂ ਪਾਸੇ ਹੋ ਕੇ, ਜਾਂ ਉਹਨਾਂ ਦੀਆਂ ਊਣਤਾਈਆਂ ਤੋਂ ਇਸ ਦੀ ਵਿਆਖਿਆ ਕੀਤੀ ਗਈ ਹੈ। ਇਸ ਦੇ ਲਈ ਉਦਾਰ ਆਰਥਕਤਾਵਾਦੀ ਅਤੇ ਅਜ਼ਾਦ ਵਪਾਰੀ ਸਹਿਜੇ ਹੀ ਉੱਤਰ ਦੇਣਗੇ, "ਅਸਲੋਂ ਅਜ਼ਾਦ ਵਪਾਰ ਦੀ ਮੰਗ ਕਰਨ ਵਿੱਚ ਸਾਡੇ ਨਾਲ਼ ਆਓ ਅਤੇ ਫੇਰ ਕੋਈ ਵੀ "ਬੇਮੇਲ ਵਟਾਂਦਰੇ ਅਤੇ ਸੋਸ਼ਣ" ਨਹੀਂ ਹੋ ਸਕਣਗੇ।"

ਆਧੁਨਿਕ ਮਨ ਲਈ, ਵੀਹਵੀਂ ਸਦੀ ਦੇ ਏਕਾ-ਅਧਿਕਾਰ ਵਾਲ਼ੇ ਦੌਰ ਦੇ ਦੂਸਰੇ ਅੱਧ ਵਿੱਚ, ਇਹ ਕੋਈ ਆਸਾਨ ਗੱਲ ਨਹੀਂ ਹੋਇਆ ਕਰਦੀ ਕਿ ਉਹ ਮੁਆਵਜ਼ੇ ਦੇ ਸਿਧਾਂਤ ਦੀ ਜੋ ਪਕੜ ਬੰਦਿਆ ਦੇ ਮਨਾਂ 'ਤੇ ਫੌਰਨ ਹੀ ਪੈ ਜਾਂਦੀ ਹੈ ਉਸ ਨੂੰ ਮਹਿਸੂਸ ਕਰ ਸਕੇ (ਭਾਵੇਂ ਇਹ ਇੱਕ ਹੋਰ ਗੱਲ ਹੈ ਕਿ ਇਸ ਦਾ ਝੌਲ਼ਾ ਅਜੇ ਵੀ ਅਰਥ-ਸ਼ਾਸਤਰੀਆਂ ਦੇ ਸਿਧਾਂਤਾ ਵਿੱਚ ਨਜ਼ਰ ਆ ਰਿਹਾ ਹੈ, ਖਾਸ ਕਰਕੇ "ਨਵ-ਕਲਾਸਕੀ" ਮਾਨਤਾਵਾਂ ਵਾਲ਼ਿਆਂ ਵਿੱਚ) ਇਸ ਤਰ੍ਹਾਂ ਇਹ ਅਜੀਬ ਗੱਲ ਲੱਗੇਗੀ ਕਿ ਮਾਰਕਸ **ਸਮਾਲੋਚਨਾ** ਤੇ ਇਤਨਾ ਸਮਾਂ ਖਰਚ ਕਰਨ ਅਤੇ ਜਿਣਸ-ਵਟਾਂਦਰੇ ਦੇ ਖਸਲਤ ਅਤੇ ਮੁਦਰਾ ਦੇ "ਸਰਵ-ਸਮਾਨ" ਹੋਣ ਬਾਰੇ ਇਤਨੇ ਪ੍ਰਮਾਣ ਦੇਣ ਅਤੇ ਪੂਰਾ ਜ਼ੋਰ ਲਗਾ ਕੇ ਲਿਖਦੇ ਰਹਿਣ। ਖਾਸ ਕਰਕੇ ਜਦੋਂ ਪੂਰਨ ਆਰਥਕ ਰੂਪਾਂ, ਜਿਵੇਂ ਕਿ ਜਾਗੀਰਦਾਰੀ ਨਾਲ਼ ਇਸ ਦਾ ਟਾਕਰਾ ਕੀਤਾ ਗਿਆ ਤਾਂ ਮੁਕਾਬਲੇ ਦਾ ਲਾਭਦਾਇਕ "ਸਵੈ-ਵਰਤਾਰਾ" ਬਹੁਤ ਧੂਹ-ਪਾਉ ਲੱਗਦਾ ਸੀ। **ਗਰੇਡਰਾਇਜ਼** ਵਿੱਚ ਮਾਰਕਸ ਨੇ ਟਿੱਪਣੀ ਕੀਤੀ ਹੈ ਕਿ "ਮੁਦਰਾ-ਸਬੰਧ ਦੇ ਸਾਧਾਰਨ ਰੂਪਾਂ ਵਿੱਚ ਬੁਰਜੂਆ ਸਮਾਜ ਦੀਆਂ

---

* **ਕਦਰ, ਮੁੱਲ ਅਤੇ ਮੁਨਾਫਾ**, ਐਲਨਰ ਮਾਰਕਸ ਐਵਲਿੰਗ ਵੱਲੋਂ ਸੰਪਾਦਤ (ਲੰਡਨ-1898), ਪੰਨੇ 53-54 (ਜਿੱਥੇ ਜਿੱਥੇ ਇੱਥੇ ਜ਼ੋਰ ਦਿੱਤਾ ਗਿਆ ਹੈ ਉਹ ਅਸਲ ਦੇ ਮੁਤਾਬਕ ਹੀ ਹੈ)।

ਸਾਰੀਆਂ ਲਾਜ਼ਮੀ ਵਿਰੋਧਤਾਈਆਂ ਮੁੱਕ ਗਈਆਂ ਪ੍ਰਤੀਤ ਹੁੰਦੀਆਂ ਹਨ, ਇਹੋ ਕਾਰਨ ਹੈ ਜਿਸ ਕਰਕੇ ਬੁਰਜੂਆ ਡੈਮੋਕਰੇਟ ਇਹਨਾਂ ਵਿੱਚ ਹੀ ਪਨਾਹ ਲੈਂਦੇ ਹਨ... ਜਦੋਂ ਤੀਕ ਇੱਕ ਜਿਣਸ ਕਿਰਤ ਨੂੰ ਕੇਵਲ ਇੱਕ ਵਟਾਂਦਰਾ-ਕਦਰ ਵਜੋਂ ਹੀ ਲਿਆ ਜਾਂਦਾ ਹੈ ਅਤੇ ਉਹਨਾਂ ਵਿਚਕਾਰ ਸਬੰਧ ਕੇਵਲ ਇੱਕ ਵਟਾਂਦਰਾ ਸਬੰਧ ਹੀ ਮੰਨਿਆ ਜਾਂਦਾ ਹੈ... ਉਹ ਵਿਸ਼ੇ ਵਸਤੂਆਂ ਜਿਨ੍ਹਾਂ ਵਿਚਕਾਰ ਇਹ ਅਮਲ ਵਾਪਰਦਾ ਹੈ, ਉਹ ਕੇਵਲ ਵਟਾਂਦਰੇ ਵਿੱਚ ਭਾਈਵਾਲ ਮਾਤਰ ਹੀ ਹਨ; ਉਹਨਾਂ ਵਿੱਚ ਕੋਈ ਖਾਸ ਭਿੰਨਤਾ ਨਹੀਂ ਹੁੰਦੀ।* ਇਹ ਟਿੱਪਣੀ ਵਾਕਈ ਆਧੁਨਿਕ ਜਿਹੀ ਪ੍ਰਤੀਤ ਹੁੰਦੀ ਹੈ, ਕਿਉਂ ਜੋ ਸਭ ਤੋਂ ਵਧੇਰੇ ਇਹ "ਉਪਜ ਦੇ ਸਾਧਨਾਂ" ਦੇ ਵਿਚਾਰਮਈ ਸ਼ਬਦਾਂ ਵਿੱਚ ਆਧੁਨਿਕ ਆਮਦਨੀ ਵੰਡਾਰੇ ਦੇ ਸਿਧਾਂਤਾ ਬਾਰੇ ਸਹੀ ਹੈ। ਆਰਥਕ ਰਿਸ਼ਤੇ ਇੰਝ ਪ੍ਰਗਟ ਹੁੰਦੇ ਹਨ ਜਿਵੇਂ ਕਿ ਸਮਾਨਤਾ ਦੇ। ਸੰਧੀਆਂ ਉਹ ਹੁੰਦੀਆਂ ਜਿਹੜੀਆਂ ਕਿ ਸਬੰਧਤ ਧਿਰਾਂ ਵੱਲੋਂ ਸਵੈ-ਇੱਛਾ ਨਾਲ਼ ਕੀਤੀਆਂ ਜਾਣ ਅਤੇ ਵਟਾਂਦਰਾ ਲਾਜ਼ਮੀ ਤੌਰ 'ਤੇ ਸਮਾਨਤਾ ਰੱਖਣ ਵਾਲ਼ਿਆਂ ਦਾ ਵਟਾਂਦਰਾ ਹੁੰਦਾ ਹੈ, ਜਿਸ ਵਿੱਚ ਕਿ ਸ਼ੋਸ਼ਣ ਦੇ ਕੋਈ ਅਰਥ ਹੀ ਨਹੀਂ ਹੁੰਦੇ, ਬਿਲਕੁਲ ਇਸ ਵਿਆਖਿਆ ਵਾਂਗ ਕਿ, "ਮਨੁੱਖ ਦੇ ਜਮਾਂਦਰੂ ਅਧਿਕਾਰਾਂ ਦੀ ਬਹਿਸ਼ਤ" ਜਿੱਥੇ ਕੇਵਲ ਆਜ਼ਾਦੀ, ਬਰਾਬਰੀ, ਜਾਇਦਾਦ ਅਤੇ ਬੈਨਥਾਮ ਦੀ ਸਰਦਾਰੀ ਹੈ।**

ਮਾਰਕਸ ਕਿਰਤ ਅਤੇ ਕਿਰਤ-ਸ਼ਕਤੀ ਵਿਚਕਾਰਲੀ ਭਿੰਨਤਾ ਨੂੰ ਜੋ ਮਹੱਤਤਾ ਦਿੰਦੇ ਹਨ ਉਹ ਠੀਕ ਤੌਰ 'ਤੇ ਉਹਨਾਂ ਦੇ ਇਹ ਦਿੱਖ ਦੇਣ ਦੀ ਯੋਗਤਾ ਪ੍ਰਾਪਤ ਕਰ ਸਕਣ ਵਿੱਚ ਹੈ ਕਿ "ਸਮਾਨ ਵਟਾਂਦਰੇ" ਵਿੱਚ ਕਿਵੇਂ ਅਸਮਾਨਤਾ ਅਤੇ ਨਾ-ਬਰਾਬਰਤਾ ਹੋ ਸਕਦੀ ਹੈ - ਜਾਂ ਕਦਰ-ਸਿਧਾਂਤ ਅਨੁਸਾਰ ਉਪਜਾਈ ਉਪਜਾਇਕਾਂ ਦੀ ਉਪਜ ਦਾ ਸ਼ੋਸ਼ਣ ਅਤੇ ਹਥਿਆਇਆ ਜਾਣਾ ਕਿਵੇਂ ਹੁੰਦਾ ਹੈ।(ਉਦਾਹਰਣ ਵਜੋਂ ਇਹ ਦਿਖਲਾਣਾ ਕਿ "ਉਹਨਾਂ ਨੂੰ ਉਹਨਾਂ ਦੀਆਂ ਕਦਰਾਂ ਦੇ ਮੁਤਾਬਕ ਵੇਚ ਕੇ ਕਿਵੇਂ ਮੁਨਾਫੇ ਪ੍ਰਾਪਤ ਕੀਤੇ ਜਾਂਦੇ ਹਨ") ਇਤਿਹਾਸਕ ਅਮਲ ਦੁਆਰਾ ਕਿਰਤ-ਸ਼ਕਤੀ ਇੱਕ ਜਿਣਸ ਦੇ ਰੂਪ ਵਿੱਚ ਤਬਦੀਲ ਹੋ ਗਈ ਹੈ ਜਦੋਂ ਕਿ ਇੱਕ ਸਰਵਹਾਰੇ ਦੀ ਸਿਰਜਣਾ ਕੀਤੀ ਗਈ ਅਤੇ ਓਦੋਂ ਤੋਂ ਬਾਅਦ ਉਸ ਦੀ ਮਾਰਕੀਟ ਵਿੱਚ ਖੁੱਲ੍ਹੇ-ਆਮ ਵੇਚ-ਖਰੀਦ ਹੋਈ, ਜਿਸ ਦੀ ਕਿ ਕੀਮਤ ਤੈਅ ਹੋ ਗਈ ਜੋ ਕਿ ਉਸ ਵੱਲੋਂ ਕੀਤੀ ਉਪਜ 'ਤੇ ਖਰਚੀ ਕਿਰਤ ਦੀ ਮਿਕਦਾਰ ਅਨੁਸਾਰ ਤੈਅ ਹੋਈ। **ਸਰਮਾਏ** ਵਿੱਚ ਮਾਰਕਸ ਕਿਰਤ-ਸ਼ਕਤੀ ਦੀ ਵਿਆਖਿਆ ਕਰਦੇ ਹਨ - "ਪੌਸ਼ਟਿਕ ਤੱਤਾਂ ਦੁਆਰਾ ਮਨੁੱਖੀ ਸਰੀਰ ਨੂੰ ਮਿਲ਼ੀ ਸ਼ਕਤੀ" - "ਜੀਵਤ ਵਿਅਕਤੀ ਦੀ ਸ਼ਕਤੀ ਜਾਂ ਸਮਰਥਾ" ਵਜੋਂ ਅਤੇ "ਮਨੁੱਖ ਮਾਤਰ ਵਿੱਚ ਜੁੜੀਆਂ ਮਾਨਸਕ ਅਤੇ ਸਰੀਰਕ ਯੋਗਤਾਵਾਂ ਵਜੋਂ।" ("ਕਦਰ ਦੀ ਸਿਰਜਣਾ ਨੂੰ ਕਿਰਤ-ਸ਼ਕਤੀ ਦਾ ਕਿਰਤ ਵਿੱਚ ਬਦਲਿਆ ਜਾਣਾ" ਵੀ ਕਿਹਾ ਜਾਂਦਾ ਹੈ: ਕਈ ਵਾਰੀ ਇਹ "ਕੇਵਲ ਆਪਣੇ ਅਮਲ ਦੁਆਰਾ ਹੀ ਹਕੀਕਤ ਬਣ ਜਾਂਦੀ ਹੈ ਅਤੇ

---

* ਹਵਾਲਾ, ਮਾਰਟਿਨ ਨਿਕੋਲਸ, ਨਿਊ ਲੈਫਟ ਰੀਵਿਊ ਨੰ. 48, ਪੰਨਾ 50।

** ਸਰਮਾਇਆ ਭਾਗ 1 (ਉਲੱਥਾ ਮੂਰ ਅਤੇ ਐਵਲਿੰਗ, ਲੰਡਨ, 1886) ਪੰਨਾ-155।

ਇਸ ਤਰ੍ਹਾਂ ਇੱਕ ਖਾਸ ਮਾਤਰਾ ਵਿੱਚ ਮਾਨਵੀ ਪੱਠੇ, ਨਸਾਂ ਅਤੇ ਦਿਮਾਗ ਆਦਿ ਨਸ਼ਟ ਹੋ ਜਾਂਦੇ ਹਨ ਅਤੇ ਇਹਨਾਂ ਦੀ ਪੂਰਤੀ ਕੀਤੇ ਜਾਣ ਦੀ ਲੋੜ ਪੈਂਦੀ ਹੈ)*। ਇਸ ਦਾ ਭਾਵ ਇਹ ਹੋਇਆ ਕਿ ਕਿਰਤ-ਸ਼ਕਤੀ ਦੀ ਕਦਰ ਦਾ ਨਿਰਣਾ ਕਿਰਤ ਦੀ ਉਸ ਮਾਤਰਾ ਤੋਂ ਕੀਤਾ ਜਾਂਦਾ ਹੈ, ਜਿਹੜੀ ਕਿ ਕਿਰਤ ਦੀ ਉਪਜੀਵਕਾ ਤੋਂ ਖਰਚ ਹੁੰਦੀ ਹੈ। ਸਰਮਾਏਦਾਰ ਕਿਰਤ-ਸ਼ਕਤੀ ਨੂੰ ਮੰਡੀ ਤੋਂ ਖਰੀਦ ਕੇ, ਇਸ ਦੀ ਵਰਤੋਂ-ਕਿਰਤ ਦੇ ਅਮਲ ਵਿੱਚ ਕਰਦਾ ਹੈ ਜੋ ਕਿ ਉਪਜ ਦੇ ਲਈ ਉਸ ਦਾ ਸਾਧਨ ਮਾਤਰ ਹੁੰਦਾ ਹੈ (ਬਿਲਕੁਲ ਇਸੇ ਕਾਰਨ ਹੀ ਮਾਰਕਸ **ਗਰੇਡਰਾਇਜ਼** ਵਿੱਚ ਕਹਿੰਦੇ ਹਨ, "ਕਿਰਤ ਅਤੇ ਸਰਮਾਏ ਵਿਚਕਾਰ ਵਟਾਂਦਰਾ ਤਾਂ ਉਂਝ ਹੀ ਆਮ ਵਟਾਂਦਰੇ ਨਾਲ਼ੋਂ ਭਿੰਨ ਹੈ, ਇਹ ਦੋ ਵੱਖਰੇ ਅਮਲ ਹਨ)"। ਅਜੋਕੀ ਸਨਅਤ ਦੀਆਂ ਹਾਲਤਾਂ ਵਿੱਚ ਉਪਜ ਦੀ ਕਦਰ ਉਸ 'ਤੇ ਖਰਚ ਕਿਰਤ-ਸ਼ਕਤੀ ਨਾਲ਼ੋਂ ਵੱਧ ਜਾਂਦੀ ਹੈ; ਇਹ ਗੱਲ, ਜਿਹੜੀ ਕਿ ਕਿਰਤ-ਸ਼ਕਤੀ ਨੂੰ ਜਿਣਸਾਂ ਵਿੱਚ "ਨਵੇਕਲੀ" ਥਾਂ ਪ੍ਰਦਾਨ ਕਰਦੀ ਹੈਃ ਉਹ ਹੈ ਵਰਤੋਂ ਦੇ ਸਮੇਂ ਇਸ ਦੀ ਵਾਧੂ-ਕਦਰ ਪੈਦਾ ਕਰ ਸਕਣ ਦੀ ਸਮੱਰਥਾ। ਜਾਂ ਇੰਝ ਕਹਿ ਲਈਏ ਕਿ ਇੱਕ ਦਿਹਾੜੀ (ਜਾਂ ਇੱਕ ਹਫ਼ਤੇ ਜਾਂ ਇੱਕ ਸਾਲ) ਦੀ ਕਿਰਤ ਦਾ ਕੇਵਲ ਇੱਕ ਭਾਗ ਹੀ, ਉਸ ਕਿਰਤ-ਸਮੇਂ ਵਿੱਚ ਵਰਤੀ ਕਿਰਤ-ਸ਼ਕਤੀ ਦੀ ਮੁੜ-ਪ੍ਰਾਪਤੀ ਦੇ ਲਈ, ਲੋੜੀਂਦਾ ਹੈ। ਸੰਸਾਰ ਪੱਧਰ 'ਤੇ ਇਸ ਨੂੰ ਇੰਝ ਕਿਹਾ ਜਾ ਸਕਦਾ ਹੈ ਕਿ ਇਹ ਖਾਸ ਸ਼ੋਸ਼ਣ-ਅਨੁਪਾਤ (ਜਾਂ ਵਾਫਰ-ਕਦਰ ਦੀ ਦਰ) ਦਾ ਅਧਾਰ ਕਿਰਤ-ਸ਼ਕਤੀ ਦੀ ਉਹ ਕੁੱਲ ਮਿਕਦਾਰ ਹੁੰਦਾ ਹੈ ਜੋ ਕਿ ਉਸ ਕਿਰਤ-ਸ਼ਕਤੀ ਦੀ ਉਪਜੀਵਕਾ ਦੇ ਲਈ ਲੋੜੀਂਦੀ ਹੁੰਦੀ ਹੈ। ਇਸ ਅਵੱਸ਼ਕ ਮਿਕਦਾਰ ਵਿੱਚ (ਜਾਂ ਸ਼ੋਸ਼ਣ-ਅਨੁਪਾਤ ਜੋ ਕਿ ਇਸ ਮਿਕਦਾਰ ਦੇ ਬਰਾਬਰ ਦੀ ਅਨੁਪਾਤ ਵਜੋਂ ਖੁਦ ਇਸ ਮਿਕਦਾਰ ਵਜੋਂ ਪੇਸ਼ ਕੀਤੀ ਹੋਵੇ) ਆਮਦਨ-ਵੰਡਾਰੇ ਦੀ ਸਾਰੀ ਰੂਪ-ਰੇਖਾ ਅਤੇ ਸਾਪੇਖਿਕ ਕੀਮਤਾਂ ਦੇ ਢਾਂਚੇ ਦਾ ਨਿਰਭਰ ਹੁੰਦਾ ਹੈ (ਭਾਵ, "ਉਪਜ ਦੀਆਂ ਕੀਮਤਾਂ" ਦੀ ਅਧਾਰਤਾ, ਜਿਵੇਂ ਕਿ ਹੁੰਦੀ ਹੀ ਹੈ, ਇੱਕ ਆਮ ਅਤੇ ਇਕਸਾਰ ਮੁਨਾਫਾ-ਅਨੁਪਾਤ ਦੀ ਮਨੌਤ 'ਤੇ ਹੁੰਦੀ ਹੈ)। ਮਾਰਕਸ ਦੀ ਵਿਚਾਰਧਾਰਾ ਦੇ ਪ੍ਰੱਪਕ ਵਿਕਾਸ ਵਿੱਚ ਸੁਤੇਸਿੱਧ ਇਹ ਧੱਸ ਜਿਣਸਾਂ ਅਤੇ ਮੁਦਰਾ ਹੀ ਨਹੀਂ ਹੈ, ਸਗੋਂ ਇੱਕ ਜਿਣਸ ਵਜੋਂ ਸਰਮਾਇਆ ਅਤੇ ਕਿਰਤ-ਸ਼ਕਤੀ ਹਨ ਜਿਵੇਂ ਕਿ ਇਹ ਸ਼੍ਰੇਣੀ-ਸੰਘਰਸ਼ ਦੀ ਹੈ, ਜਿਸ ਦੁਆਰਾ ਕਿ ਮੁਕਤੀ ਅਤੇ ਬੰਦਖਲਾਸੀ ਲਾਜ਼ਮੀ ਹੋਣੀ ਹੀ ਹੈ।

**ਸਮਾਲੋਚਨਾ** ਦਾ ਅੱਧੇ ਨਾਲ਼ੋਂ ਵੱਧ ਭਾਗ ਮੁਦਰਾ ਸਬੰਧੀ ਹੈ - ਮੁਦਰਾ ਕਦਰ ਦੇ ਇੱਕ ਮਾਪ ਵਜੋਂ ਜਾਂ ਗਣਨਾ ਦੀ ਇੱਕ ਇਕਾਈ ਵਜੋਂ ਅਤੇ ਵਟਾਂਦਰੇ ਦੇ ਇੱਕ ਆਧਾਰ ਵਜੋਂ - ਇਸ ਦਾ ਬਹੁਤਾ ਭਾਗ, ਕੁਝ ਵਿਸਤਾਰ ਵਿੱਚ, ਅਠਾਰ੍ਹਵੀਂ ਅਤੇ ਮੁੱਢ-ਉੱਨੀਵੀਂ ਸਦੀ ਦੇ ਅਰਥ-ਸ਼ਾਸਤਰੀਆਂ ਦੇ ਸਿਧਾਂਤਾ ਬਾਰੇ ਹੈ, ਜਿਹੜੀਆਂ ਕਿ ਉਸ ਦਿਆਂ ਸਮਕਾਲੀਆਂ ਲਈ ਅਜੇ ਵੀ ਢੁੱਕਵੀਆਂ ਸਨ ਅਤੇ ਜਿਨ੍ਹਾਂ ਦਾ ਕਿ ਅਜੇ ਵੀ ਲੋਕਾਂ ਦੇ ਮਨਾਂ 'ਤੇ ਪ੍ਰਭਾਵ ਸੀ। ਐਡਮ ਸਮਿਥ ਨੇ ਪਰ ਹੁਣੇ ਜਿਹੇ ਉਹਨਾਂ ਮਨਾਉਤਾਂ, ਜਿਨ੍ਹਾਂ ਨੂੰ ਕਿ ਉਸ ਨੇ 'ਬਣੀਆ

---

* ਸਰਮਾਇਆ ਭਾਗ 1 (ਉਲੱਥਾ, ਮੂਰ ਅਤੇ ਐਵਲਿੰਗ, ਲੰਡਨ, 1886), ਪੰਨੇ 149, 198।

ਸਕੂਲ' ਦੱਸਿਆ ਹੈ, ਜਿਸ ਦਾ ਕਿ ਵਿਦੇਸ਼ੀ ਵਪਾਰ ਲਈ ਕੌਮੀ ਨੀਤੀ ਦੇ ਮਕਸਦ ਲਈ ਸੋਨਾ ਅਤੇ ਚਾਂਦੀ ਹੁੰਦੀ ਹੈ, 'ਤੇ ਹਮਲਾ ਕੀਤਾ ਸੀ। ਜਿਸ ਦਹਾਕੇ ਵਿੱਚ ਮਾਰਕਸ ਲਿਖ ਰਹੇ ਸਨ, ਉਸ ਵਿੱਚ ਕੈਲੀਫੋਰਨੀਆ ਅਤੇ ਆਸਟੇਰਲੀਆ ਵਿਚਲੀਆਂ ਸੋਨੇ ਦੀਆਂ ਖੋਜਾਂ ਹੋ ਚੁੱਕੀਆਂ ਸਨ, ਜਿਹੜੀਆਂ ਕਿ (ਭੂਮਿਕਾ ਦੇ ਸ਼ਬਦਾਂ ਵਿੱਚ) ਬੁਰਜੂਆ ਸਮਾਜ ਨੂੰ "ਵਿਕਾਸ ਦੀ ਇੱਕ ਨਵੀਂ ਸਟੇਜ ਤੋਂ ਪਰਿਚਿਤ ਕਰਵਾ ਰਹੀਆਂ ਲੱਗਦੀਆਂ ਸਨ।" ਅੱਜ ਦੇ ਪਾਠਕ ਦੇ ਲਈ ਅਜਿਹੇ ਸਿਧਾਂਤਾ ਵਿੱਚ ਘੱਟ ਦਿਲਚਸਪੀ ਹੋਵੇਗੀ, ਪਰ ਉਹ ਅਤੇ ਮਾਰਕਸ ਵੱਲੋਂ ਉਹਨਾਂ ਦੀ ਵਰਤੋਂ-ਢੰਗ ਆਰਥਕ ਵਿਚਾਰਧਾਰਾ ਦੇ ਪੜਚੋਲੀਏ ਇਤਿਹਾਸ ਦੇ ਲਈ ਚਿਰ-ਸਥਾਈ ਦਿਲਚਸਪੀ ਬਣਾਈ ਰੱਖਣਗੇ। "ਦੋ ਨਵੇਕਲੇ ਚੱਕਰਾਂ", ਜਿਨ੍ਹਾਂ ਵਿੱਚ ਕਿ "ਗੇੜੇ ਦਾ ਅਮਲ" ਸਮਿਲਤ ਹੈ, ਦੀ ਘੋਖ-ਪਰਖ ਦੇ ਦੌਰਾਨ ਸਾਨੂੰ ਉਸ ਦਾ ਉੱਤਰ ਮਿਲ ਗਿਆ ਹੈ, ਜਿਸ ਨੂੰ ਕਿ ਹੁਣ "ਸ਼ੈਅ ਦਾ ਨਿਯਮ" ਕਿਹਾ ਜਾਂਦਾ ਹੈ: ਇੱਕ ਮਨੌਤ, ਜਿਸ ਦੁਆਰਾ ਕਿ ਆਮ ਵਾਧੂ-ਉਪਜ ਦੀ ਸੰਭਾਵਨਾ ਤੋਂ ਇਨਕਾਰੀ ਹੋਇਆ ਗਿਆ ਸੀ ਅਤੇ ਉਹ ਜੋ ਕਿ ਬੀਤੇ ਤਿੰਨ ਦਹਾਕਿਆਂ ਨਾਲ਼ੋਂ ਵੱਧ ਸਮੇਂ ਆਰਥਕ ਬਹਿਸਾਂ ਲਈ ਪ੍ਰਮੁੱਖਤਾ ਧਾਰਨ ਕਰ ਗਈ ਸੀ, ਇੱਕ ਵਾਰੀ ਫੇਰ ਸਾਹਮਣੇ ਆ ਗਈ ਸੀ। ਇਸ ਸਬੰਧ ਵਿੱਚ ਉਸ ਦੇ ਸਿੱਕੇ ਨੂੰ "ਜਮ੍ਹਾਂਖੋਰੀ" ਦੇ ਲਈ ਵਰਤੇ ਜਾਣ ਜਾਂ ਮਾਲ ਦੇ ਜਮ੍ਹਾਂ ਕੀਤੇ ਜਾਣ ਅਤੇ ਇਸ ਦਾ ਜਿਣਸਾਂ ਦੇ ਗੇੜ ਅਤੇ ਇਸ ਦੇ ਫਲਸਰੂਪ ਉਪਜ 'ਤੇ ਦਿੱਤਾ ਜ਼ੋਰ ਸਾਡੇ ਸਨਮੁਖ ਆਉਂਦਾ ਹੈ - ਇਹ ਇੱਕ ਅਜਿਹੀ ਪ੍ਰਸਤਾਵਨਾ ਹੈ, ਜਿਹੜੀ ਕਿ ਅਜੋਕੀ ਜਿਹੀ ਪ੍ਰਤੀਤ ਹੁੰਦੀ ਹੈ। ਇਹੋ ਗੱਲ ਹੈ ਜਿਸ ਕਾਰਨ ਕਿ ਰਿਕਾਰਡੋ ਅਤੇ ਉਸਦੀ ਵਿਚਾਰਧਾਰਾ ਦੇ ਅਨੁਆਈਆਂ ਮੁਦਰਾ ਦੇ ਮਿਕਦਾਰੀ ਸਿਧਾਂਤ ਦੇ ਸੰਚਾਲਕਾਂ ਵਜੋਂ ਅਲੋਚਨਾ ਕੀਤੀ ਗਈ। ਇਹ ਇੱਕ ਉਹ ਵਾਸਤਵਿਕਤਾ ਸੀ, ਜੋ ਸੁਭਾਵਕ ਸਿਧਾਂਤ ਦੇ ਪਰਦੇ ਹੇਠ ਇੱਕ ਸਦੀ ਤੋਂ ਵੀ ਵੱਧ ਸਮੇਂ ਤੱਕ ਆਪਣਾ ਸਿੱਕਾ ਚਲਾਂਦੀ ਰਹੀ। ਅਤੇ ਇਹ ਦੇਖਣ ਵਾਲ਼ੀ ਗੱਲ ਹੈ ਕਿ ਇਸ ਦੇ ਇਸੇ ਰੂਪ ਵਿਰੁੱਧ ਇਥੇ ਅਲੋਚਨਾ ਕੀਤੀ ਗਈ ਹੈ। ਸੋਧੀ ਗਈ ਆਲੋਚਨਾ ਦੀ ਰੌਸ਼ਨੀ ਵਿੱਚ (ਸਗੋਂ ਇਸ ਤੋਂ ਅਗਾਉਂ ਹੀ) ਮਾਰਕਸ ਦਾ ਸਿਧਾਂਤ ਕਿ "ਰਿਕਾਰਡੋ ਦਾ ਸਿੱਕੇ ਦਾ ਸਿਧਾਂਤ ਬਹੁਤ ਸੁਖੈਲ ਸੀ, ਕਿਉਂ ਜੋ ਇਹ "ਇੱਕ ਸੁਭਾਵਕ ਕਿਸਮ ਦੇ ਕਥਨ ਨੂੰ ਹੀ ਦੂਸਰੇ ਸ਼ਬਦਾਂ ਵਿੱਚ ਕਹਿਣ ਵਾਲ਼ੀ ਗੱਲ ਹੀ ਪ੍ਰਤੀਤ ਹੁੰਦੀ ਸੀ।"

ਇਸ ਕਿਰਤ ਦੇ ਸਬੰਧ ਵਿੱਚ, ਬਿਨਾਂ ਸ਼ੱਕ, 1859 ਵਾਲ਼ੇ ਮੁੱਖਬੰਧ ਵਿਚਲਾ ਉਹ ਲਿਖਤ ਭਾਗ ਵਧੇਰੇ ਜਾਣਿਆ ਜਾਂਦਾ ਹੈ, ਜਿਸ ਵਿੱਚ ਕਿ ਉਸ ਦੇ ਸਿਧਾਂਤ ਦਾ ਸਾਰਅੰਸ਼ ਦਿੱਤਾ ਗਿਆ ਹੈ (ਜੋ ਕਿ ਇੱਕ ਲੰਮੇ ਸਾਰੇ ਪੈਰੇ ਤੋਂ ਵੱਧ ਨਹੀਂ ਸੀ) ਜਿਸ ਨੂੰ ਕਿ "ਉਸ ਬਾਰੇ ਘੋਖ ਪੜਤਾਲ਼ ਲਈ ਮੁੱਖ ਸੂਤਰ" ਵਜੋਂ ਇਤਿਹਾਸਕ ਪਦਾਰਥਵਾਦ ਦਾ ਨਾਂ ਦਿੱਤਾ ਜਾਣਾ ਸੀ। ਇਹ ਲਿਖਤ ਭਾਗ, ਜਿਹੜਾ ਕਿ ਕਈਆਂ ਨੂੰ ਜ਼ਬਾਨੀ ਹੇ ਚੇਤੇ ਹੋਣਾ ਹੈ, ਇਸ ਤਰ੍ਹਾਂ ਆਰੰਭ ਹੁੰਦਾ ਹੈ: "ਮਨੁੱਖ ਸਮਾਜਿਕ ਉਪਜ ਕਰਦਿਆਂ, ਲਾਜ਼ਮੀ ਤੌਰ 'ਤੇ ਖਾਸ ਪ੍ਰਕਾਰ ਦੇ ਸਬੰਧਾਂ ਵਿਚ ਦਾਖਲ ਹੋ ਜਾਂਦਾ ਹੈ, ਜਿਹੜੇ ਕਿ ਉਸ ਦੀ ਰਜ਼ਾ ਦੇ ਪਾਬੰਦ ਨਹੀਂ ਹੁੰਦੇ।" ਫੇਰ ਉਹ ਬਹੁਤ ਹੀ ਜ਼ੋਰ ਨਾਲ਼ ਦਿੱਤੇ ਹਵਾਲੇ ਸਾਹਮਣੇ ਆਉਂਦੇ ਹਨ, "ਉਪਜ ਦੇ ਵਿਆਪਕ

ਰਿਸ਼ਤੇ", "ਆਪਣੇ ਵਿਕਾਸ ਦੇ ਇੱਕ ਖਾਸ ਪੜਾਅ 'ਤੇ", "ਉਪਜਾਊ ਸ਼ਕਤੀਆਂ ਦ ਵਿਕਾਸ ਤੋਂ.... ਉਹਨਾਂ ਦੀ ਬੇੜੀਆਂ" ਦੇ ਰੂਪ ਵਿੱਚ ਤਬਦੀਲ ਹੋਣਾ, ਇਸ ਤਰ੍ਹਾਂ "ਸਮਾਜਿਕ ਇਨਕਲਾਬ ਦੇ ਦੌਰ ਵਿੱਚ ਪ੍ਰਵੇਸ਼ ਰਨਾ। ਲਿਖਤ ਭਾਗ ਦੀ ਪ੍ਰਸਿੱਧ ਟਿੱਪਣੀ ਕਿ, "ਬੁਰਜੂਆਜ਼ੀ ਉਪਜ-ਵਿਧੀ ਉਪਜ ਦੇ ਸਮਾਜਿਕ ਅਮਲ ਵਿੱਚ ਖਹਿਸਰ ਵਾਲ਼ੀ ਆਖਰੀ ਸੂਰਤ ਹੋਵੇਗੀ"; ਅਤੇ ਕਿਉਂ ਜੋ ਉਪਜਾਊ ਸ਼ਕਤੀਆਂ ਨੇ ਪਹਿਲਾਂ ਹੀ "ਇਸ ਖਹਿਬਾਜ਼ੀ ਦੇ ਅੰਤ ਦੇ ਲਈ ਭੌਤਿਕ ਹਾਲਾਤ", ਪੈਦਾ ਕਰ ਦਿੱਤੇ ਹਨ, ਮਨੁੱਖੀ ਸਮਾਜ ਦੇ ਪੂਰਵ-ਇਤਿਹਾਸ ਦੀ... ਇਸ ਸਮਾਜਿਕ ਰਿਮਾਣ ਦੇ ਨਾਲ਼ ਸਮਾਪਤੀ ਹੋ ਜਾਂਦੀ ਹੈ।" ਜਿਸ ਸਮੇਂ ਇਹ ਪ੍ਰਕਾਸ਼ਤ ਹੋਇਆ ਸੀ (ਮਾਰਕਸ ਅਤੇ ਏਂਗਲਜ਼ ਦੀਆਂ ਬਹੁਤ ਸਾਰੀਆਂ ਪਰੌਢ ਲਿਖਤਾਂ ਤੋਂ ਪਹਿਲਾਂ ਹੀ) ਤਾਂ ਇਸ ਦਾ ਜੋ ਗਹਿਰਾ ਤੇ ਪ੍ਰਭਾਵਸ਼ੀਲ ਅਸਰ, ਜੋ ਕਿ ਉਹਨਾਂ ਲੋਕਾਂ 'ਤੇ ਪਿਆ ਹੋਵੇਗਾ, ਜਿਨ੍ਹਾਂ ਨੇ ਕਿ ਇਸ ਨੂੰ ਪਹਿਲਾਂ ਪਹਿਲ ਪੜ੍ਹਿਆ ਹੋਵੇਗਾ, ਉਸ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ – ਇੱਕ ਅਜਿਹਾ ਪ੍ਰਭਾਵ ਜੋ ਕਿ ਵਾਸਤ ਵਿੱਚ ਅੱਜ ਦੇ ਪਾਠਕਾਂ, ਸਮੇਤ ਉਹਨਾਂ ਲੋਕਾਂ ਦੇ, ਜਿਨ੍ਹਾਂ ਨੇ ਕਿ ਆਪਣੇ ਦੇਸ਼ ਦੇ ਅਜੋਕੇ ਇਤਿਹਾਸ ਵਿੱਚ ਉਸ ਦੇ ਸ਼ਬਦਾਂ ਨੂੰ ਸਾਕਾਰ ਹੁੰਦਿਆ ਅਨੁਭਵ ਕਰ ਲਿਆ ਹੈ, 'ਤੇ ਵੀ ਬਹੁਤ ਵਿਸ਼ਾਲ ਪੱਧਰ 'ਤੇ ਅਜੇ ਪੈ ਰਿਹਾ ਹੈ।

**ਮੌਰਿਸ ਡੌਬ**

ਕੈਂਬਰਿਜ, ਜਨਵਰੀ 1969

ਕਾਰਲ ਮਾਰਕਸ

# ਰਾਜਸੀ ਆਰਥਿਕਤਾ
# ਦੀ
# ਆਲੋਚਨਾ ਵਿੱਚ ਯੋਗਦਾਨ

# ਭੂਮਿਕਾ*

ਮੈਂ ਅਰਥਚਾਰੇ ਦੀ ਬੁਰਜੂਆ ਪ੍ਰਣਾਲੀ ਦੀ ਹੇਠ ਲਿਖੀ ਤਰਤੀਬ ਵਿੱਚ ਅਧਿਐਨ ਕਰਦਾ ਹਾਂ: **ਸਰਮਾਇਆ, ਜ਼ਮੀਨੀ ਸੰਪੱਤੀ, ਉਜਰਤੀ-ਕਿਰਤ, ਰਿਆਸਤ, ਵਿਦੇਸ਼ੀ ਵਪਾਰ, ਸੰਸਾਰ ਮੰਡੀ।** ਤਿੰਨ ਵੱਡੀਆਂ ਜਮਾਤਾਂ, ਜਿਨ੍ਹਾਂ ਵਿੱਚ ਆਧੁਨਿਕ ਬੁਰਜੂਆ ਸਮਾਜ ਵੰਡਿਆ ਹੋਇਆ ਹੈ, ਦੇ ਜੀਵਨ ਦੀਆਂ ਆਰਥਿਕ ਹਾਲਤਾਂ ਦਾ ਵਿਸ਼ਲੇਸ਼ਣ ਪਹਿਲੇ ਤਿੰਨਾਂ ਸਿਰਲੇਖਾਂ ਹੇਠ ਕੀਤਾ ਗਿਆ ਹੈ; ਬਾਕੀ ਤਿੰਨ ਸਿਰਲੇਖਾਂ ਦਾ ਆਪਸੀ ਸਬੰਧ ਸਵੈ-ਪ੍ਰਤੱਖ ਹੈ। ਪਹਿਲੀ ਪੁਸਤਕ ਦਾ ਪਹਿਲਾ ਹਿੱਸਾ, ਜਿਹੜਾ ਸਰਮਾਇਆ ਨਾਲ਼ ਸਬੰਧਤ ਹੈ, ਵਿੱਚ ਇਹ ਕਾਂਡ ਹਨ: 1. ਜਿਣਸ, 2. ਮੁਦਰਾ ਜਾਂ ਸਾਧਾਰਨ ਪ੍ਰਚਲਣ, 3. ਸਾਧਾਰਨ ਸਰਮਾਇਆ। ਵਰਤਮਾਨ ਹਿੱਸੇ ਵਿੱਚ ਪਹਿਲੇ ਦੋ ਕਾਂਡ ਹਨ। ਕੁੱਲ ਸਮੱਗਰੀ ਮੇਰੇ ਸਾਹਮਣੇ ਪਈ ਹੈ ਜਿਹੜੀ ਮੇਰੇ ਆਪਣੇ ਲੇਖਾਂ ਦੇ ਰੂਪ ਵਿੱਚ ਹੈ। ਇਹ ਲੇਖ ਛਾਪਣ ਲਈ ਨਹੀਂ ਸਨ ਲਿਖੇ ਗਏ ਸਗੋਂ ਦੂਰ ਦੂਰ ਤੱਕ ਵੰਡੇ ਸਮਿਆਂ ਉੱਤੇ ਮੈਂ ਆਪਣੀ ਮਾਨਸਕ ਸਫਾਈ ਕਰਨ ਲਈ ਲਿਖੇ ਸਨ। ਇਹਨਾਂ ਨੂੰ ਮੇਰੀ ਉਪਰ ਦੱਸੀ ਯੋਜਨਾ ਅਨੁਸਾਰ ਇੱਕ ਸਮੁੱਚੀ ਸ਼ਾਲਮ ਲਿਖਤ ਵਿੱਚ ਢਾਲਣ ਦਾ ਕੰਮ ਹਾਲਾਤ 'ਤੇ ਨਿਰਭਰ ਕਰੇਗਾ।

ਮੈਂ ਪਹਿਲਾਂ ਜਿਹੜੀ ਸਾਧਾਰਨ ਭੂਮਿਕਾ** ਲਿਖੀ ਸੀ, ਉਹ ਛੱਡ ਦਿੱਤੀ ਗਈ ਹੈ,

---

* ਮਾਰਕਸ ਦੀ ਪੁਸਤਕ Zor Kritik der Politischen Ukonomie, ਜੋ ਕਿ ਮਾਰਕਸੀ ਰਾਜਸੀ ਆਰਥਕਤਾ ਦੇ ਵਿਸਥਾਰ ਦੀ ਇੱਕ ਮਹੱਤਵਪੂਰਨ ਸਟੇਜ ਦਾ ਉਲੇਖ ਕਰਦੀ ਹੈ, ਅਗਸਤ 1858 ਅਤੇ ਜਨਵਰੀ 1859 ਦੇ ਵਿਚਕਾਰ ਲਿਖੀ ਗਈ ਸੀ। ਮਾਰਕਸ ਦੀ ਪਹਿਲੀ ਤਜਵੀਜ ਅਨੁਸਾਰ ਸਾਰੀ ਲਿਖਤ ਛੇ ਪੁਸਤਕਾਂ 'ਤੇ ਅਧਾਰਤ ਹੋਣੀ ਸੀ ਅਤੇ ਇਹਨਾਂ 'ਚੋਂ ਪਹਿਲੀ ਵਿੱਚ ਉਸ ਦਾ ਵਿਚਾਰ ਸਰਮਾਏ ਦਾ ਵਿਸ਼ਲੇਸ਼ਣ ਦੇਣ ਦਾ ਸੀ।

ਪਹਿਲੀ ਕਿਤਾਬ ਲਈ ਕੰਮ ਕਰਨ ਦੇ ਦੌਰਾਨ ਮਾਰਕਸ ਨੇ ਕਈ ਭਾਰੀ ਖਰੜੇ ਤਿਆਰ ਕੀਤੇ ਜਿਨ੍ਹਾਂ ਵਿੱਚੋਂ ਕੁਝ ਪਹਿਲਾਂ Grundrisse der Kritik der Politischen Ukonomie (Rohentwurf) ਨਾਂ ਦੀ ਪੁਸਤਕ ਵਿੱਚ ਛਪੇ, ਜੋ ਕਿ ਮਾਸਕੋ ਵਿਖੇ 1939 ਅਤੇ 1941 ਵਿੱਚ ਛਪੀ। ਇਹ 1000 ਨਾਲ਼ੋਂ ਵੱਧ ਪੰਨਿਆਂ ਅਤੇ ਦੋ ਭਾਗਾਂ ਵਿੱਚ ਛਪੀ।

**ਆਲੋਚਨਾ** ਦਾ ਪਹਿਲਾ ਸੰਸਕਰਨ, ਜੋ ਕਿ 1859 ਵਿੱਚ ਬਰਲਨ ਤੋਂ ਛਪਿਆ ਸੀ, ਵਿੱਚ ਭਾਵੇਂ "ਭਾਗ ਪਹਿਲਾ" ਦਰਜ ਕੀਤਾ ਗਿਆ ਸੀ, ਪਰ ਇਸ ਤੋਂ ਬਾਅਦ ਹੋਰ ਕੋਈ ਭਾਗ ਛਾਪਿਆ ਨਹੀਂ ਸੀ ਗਿਆ ਅਤੇ ਬਾਅਦ ਵਿੱਚ ਮਾਰਕਸ ਨੇ ਆਪਣਾ ਪਹਿਲਾ ਵਿਚਾਰ ਤਿਆਗ ਕੇ ਸਰਮਾਏ ਬਾਰੇ ਚਾਰ ਜਿਲਦਾਂ ਵਿੱਚ ਲਿਖਤ ਲਿਖਣ ਦੀ ਯੋਜਨਾ ਬਣਾ ਲਈ ਸੀ।

** ਇਹ ਭੂਮਿਕਾ ਵੀ ਇਸ ਪੁਸਤਕ ਵਿੱਚ ਅੰਕਤ ਹੈ।

ਕਿਉਂਕਿ ਹੋਰ ਪੜਤਾਲ਼ ਕਰਨ ’ਤੇ ਮੈਨੂੰ ਲੱਗਿਆ ਕਿ ਅਜਿਹੇ ਪਰਿਨਾਮ ਪਹਿਲੋਂ ਹੀ ਕੱਢ ਲੈਣੇ ਜਿਨ੍ਹਾਂ ਦਾ ਅਜੇ ਠੋਸ ਅਧਾਰ ਲੱਭਣਾ ਹੈ, ਘਚੋਲ਼ਾ ਪੈਦਾ ਕਰੇਗਾ ਤੇ ਪਾਠਕ, ਜਿਹੜਾ ਅਸਲੋਂ ਹੀ ਮੇਰੇ ਪਿੱਛੇ ਚੱਲਣਾ ਚਾਹੁੰਦਾ ਹੈ, ਉਸ ਨੂੰ ਨਿਸ਼ਚਿਤ ਪਰਿਨਾਮਾਂ ਤੋਂ ਆਮ ਅਧਿਐਨ ਵੱਲ ਜਾਣ ਦਾ ਫੈਸਲਾ ਲੈਣਾ ਪਵੇਗਾ। ਤਾਂ ਵੀ ਰਾਜਸੀ ਅਰਥਚਾਰੇ ਦੇ ਅਧਿਐਨ ਬਾਰੇ ਇੱਥੇ ਕੁਝ ਸੰਖੇਪ ਟਿੱਪਣੀਆਂ ਕਰਨੀਆਂ ਠੀਕ ਹੀ ਹੋਣਗੀਆਂ।

ਚਾਹੇ ਮੈਂ ਕਾਨੂੰਨ ਸ਼ਾਸਤਰ ਦਾ ਅਧਿਐਨ ਕੀਤਾ, ਪਰ ਮੈਂ ਇਸ ਨੂੰ ਫ਼ਲਸਫੇ ਤੇ ਇਤਿਹਾਸ ਦੇ ਸਹਾਇਕ ਵਿਸ਼ੇ ਵਜੋਂ ਹੀ ਪੜ੍ਹਿਆ। 1842-43 ਵਿੱਚ ਜਦੋਂ ਮੈਂ **ਰੈਨਿਸ਼ ਜ਼ੈਤੁੰਗ*** ਦਾ ਸੰਪਾਦਕ ਸੀ, ਉਸ ਸਮੇਂ ਮੈਂ ਪਦਾਰਥਕ ਹਿੱਤ ਅਖਵਾਉਂਦੇ ਮਾਮਲਿਆਂ ’ਤੇ ਵਿਚਾਰ-ਵਟਾਂਦਰਾ ਕਰਨ ਦੀ ਉਲਝਣ ਵਿੱਚ ਫਸ ਗਿਆ। ਰੈਨਿਸ਼ ਲੈਂਦਤਾਗ ਦੀ ਜੰਗ ਵਿੱਚ ਚੋਰੀ ਦੀਆਂ ਘਟਨਾਵਾਂ ਤੇ ਜ਼ਮੀਨੀ ਜਾਇਦਾਦ ਦੀ ਵੰਡ ਬਾਰੇ ਕਾਰਵਾਈਆਂ; ਹਰ ਵਾਨ ਸੈਪਰ, ਜਿਹੜਾ ਉਸ ਸਮੇਂ ਰਾਈਨ ਪ੍ਰਾਂਤ ਦਾ ਪ੍ਰਧਾਨ ਸੀ, ਉਸ ਵੱਲੋਂ ਮਾਸੇਲੇ ਦੇ ਕਿਸਾਨਾਂ ਦੀ ਹਾਲਤ ਦੇ ਸੁਆਲ ’ਤੇ **ਰੈਨਿਸ਼ ਜ਼ੈਤੁੰਗ** ਵਿਰੁੱਧ ਸ਼ੁਰੂ ਕੀਤੀ ਗਈ ਬਹਿਸ ਅਤੇ ਅੰਤਮ ਤੌਰ ’ਤੇ ਆਜ਼ਾਦ ਵਪਾਰ ਅਤੇ ਸੁਰੱਖਿਅਕ ਟੈਕਸਾਂ ਬਾਰੇ ਵਾਦ-ਵਿਵਾਦ ਨੇ ਮੈਨੂੰ ਮਜ਼ਬੂਰ ਕੀਤਾ ਕਿ ਆਰਥਕ ਸੁਆਲਾਂ ਵੱਲ ਧਿਆਨ ਦੇਵਾਂ। ਦੂਜੇ ਪਾਸੇ ਜਦ ਉਸ ਸਮੇਂ “ਅੱਗੇ ਵਧੱਣ” ਦੀਆਂ ਚੰਗੀਆਂ ਖਾਹਿਸ਼ਾਂ ਨੇ ਕਈ ਵਾਰ ਸਹੀ ਜਾਣਕਾਰੀ ਦੀ ਥਾਂ ਲੈ ਲਈ ਤਾਂ **ਰੈਨਿਸ਼ ਜ਼ੈਤੁੰਗ** ਵਿੱਚ ਫ਼ਰਾਂਸੀਸੀ ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਦੀ ਗੂੰਜ ਅਨੁਭਵ ਕੀਤੀ ਗਈ, ਜਿਸ ’ਤੇ ਫ਼ਲਸਫ਼ੇ ਦੀ ਵੀ ਮਾਮੂਲੀ ਝਾਲ ਸੀ। ਮੈਂ ਇਸ ’ਤੇ ਇਤਰਾਜ਼ ਕੀਤਾ, ਪਰ ਨਾਲ਼ ਹੀ **ਅਲਜੀਮੀਨ ਆਗਸਬਰਗਰ ਜ਼ੈਤੁੰਗ**** ਨਾਲ਼ ਵਾਦ-ਵਿਵਾਦ ਵਿੱਚ ਇਹ ਗੱਲ ਸਾਫ ਤੌਰ ’ਤੇ ਮੰਨੀ ਵੀ ਕਿ ਮੇਰਾ ਪਿਛਲਾ ਅਧਿਐਨ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਕਿ ਮੈਂ ਫ਼ਰਾਂਸੀਸੀ ਸਿਧਾਂਤਾਂ ਦੇ ਸਾਰ ਤੱਤ ਬਾਰੇ ਆਪਣੀ ਕੋਈ ਰਾਏ ਦੇਵਾਂ। ਜਦ **ਰੈਨਿਸ਼ ਜ਼ੈਤੁੰਗ** ’ਤੇ ਪ੍ਰਕਾਸ਼ਕ ਇਸ ਭੁਲੇਖੇ ਦੇ ਸ਼ਿਕਾਰ ਹੋ ਗਏ ਕਿ ਵਧੇਰੇ ਲਚਕਦਾਰ ਨੀਤੀ ’ਤੇ ਚਲ ਕੇ ਸ਼ਾਇਦ ਅਖ਼ਬਾਰ ਨੂੰ ਮੌਤ ਦੀ ਸਜ਼ਾ ਤੋਂ ਬਚਾਇਆ ਜਾ ਸਕੇ, ਜਿਹੜੀ ਇਸ ਵਿਰੁੱਧ ਸੁਣਾਈ ਗਈ ਸੀ

---

* Rheinische Zeitung for Blitik Handel and Gewerbe - ਕਾਲਨ ਤੋਂ ਛਪਣ ਵਾਲ਼ਾ ਇੱਕ ਦੈਨਿਕ, 1 ਜਨਵਰੀ 1842 ਤੋਂ 31 ਮਾਰਚ 1843 ਤੱਕ ਛੱਪਦਾ ਰਿਹਾ। ਇਹ ਗੂਇਨ ਸੂਬੇ ਦੀ ਬੁਰਜੂਆਜ਼ੀ ਦੇ ਉਹਨਾਂ ਮੈਂਬਰਾਂ ਵੱਲੋਂ ਕੱਢਿਆ ਗਿਆ ਸੀ ਜਿਹੜੇ ਕਿ ਪਰੂਸ਼ੀਆ ਦੀ ਤਾਨਾਸ਼ਾਹੀ ਦੇ ਵਿਰੋਧੀ ਸਨ। ਮਾਰਕਸ ਅਪ੍ਰੈਲ 1842 ਵਿੱਚ ਇਸ ਅਖ਼ਬਾਰ ਲਈ ਲੇਖ ਭੇਜਣ ਲੱਗ ਗਏ ਸਨ ਅਤੇ ਅਗਾਮੀ ਅਕਤੂਬਰ ਵਿੱਚ ਇਸ ਦੇ ਇੱਕ ਸੰਪਾਦਕ ਬਣ ਗਏ ਸਨ। ਜਦੋਂ ਮਾਰਕਸ ਸੰਪਾਦਕ ਸਨ ਉਦੋਂ ਅਖ਼ਬਾਰ ਦੀ ਜਮਹੂਰੀ ਤੇ ਇਨਕਲਾਬੀ ਖਾਸਾ ਵਧੇਰੇ ਉਘੜਵਾਂ ਹੋ ਗਿਆ ਸੀ। ਸਰਕਾਰ ਨੇ ਇੱਕ ਵਿਸ਼ੇਸ਼ ਤੌਰ ’ਤੇ ਸਖ਼ਤ ਸੈਂਸਰਸ਼ਿਪ ਸਥਾਪਤ ਕਰ ਦਿੱਤੀ ਅਤੇ ਬਾਅਦ ਵਿੱਚ ਪਰਚਾ ਬੰਦ ਹੀ ਕਰ ਦਿੱਤਾ।

** ਅਲਜੀਮੀਨ ਜ਼ੈਤੁੰਗ - ਇੱਕ ਪ੍ਰਤੀਕਿਰਿਆਵਾਦੀ ਦੈਨਿਕ, 1798 ਵਿੱਚ ਚਾਲੂ ਹੋਇਆ, 1810 ਤੋਂ 1882 ਤੱਕ ਆਗਸਬਰਗ ਤੋਂ ਨਿਕਲਦਾ ਰਿਹਾ।

ਤਾਂ ਮੈਨੂੰ ਇਹ ਗੱਲ ਫੌਰਨ ਸਮਝ ਪੈ ਗਈ ਕਿ ਇਹ ਸਰਵਜਨਕ ਮੰਚ ਤੋਂ ਉੱਤਰ ਕੇ ਆਪਣੇ ਅਧਿਐਨ ’ਤੇ ਲੱਗਣ ਦਾ ਵਧੀਆ ਮੌਕਾ ਹੈ।

ਜਿਹੜਾ ਪਹਿਲਾ ਕੰਮ ਮੈਂ ਹੱਥ ਵਿੱਚ ਲਿਆ ਉਹ ਇਹ ਸੀ ਕਿ ਕਾਨੂੰਨ ਬਾਰੇ ਹੀਗਲਵਾਦੀ ਫ਼ਲਸਫੇ ਦੀ ਮੁੜ ਤੋਂ ਆਲੋਚਨਾਤਮਕ ਪੜਤਾਲ਼ ਕਰਾਂ ਤੋਂ ਜੋ ਆਪਣੇ ਆਪ ਨੂੰ ਉਹਨਾਂ ਸ਼ੰਕਿਆਂ ਤੋਂ ਨਵਿਰਤ ਕਰ ਸਕਾਂ ਜਿਹੜੇ ਮੈਨੂੰ ਘੇਰੀ ਬੈਠੇ ਸਨ; ਇਸ ਰਚਨਾ ਦੀ ਉਥਾਨਕਾ **ਦਿਉਤਸ਼-ਫ਼ਰਾਂਜ਼ੋਜ਼ਿਸ਼ੇ ਜ਼ਾਹਰਬੁਸ਼ਹ*** ਵਿੱਚ ਛਪੀ ਸੀ ਜਿਹੜਾ 1844 ਵਿੱਚ ਪੈਰਿਸ ਵਿੱਚ ਜਾਰੀ ਕੀਤਾ ਗਿਆ ਸੀ। ਮੇਰੀ ਘੋਖ ਨੇ ਮੈਨੂੰ ਇਸ ਸਿੱਟੇ ’ਤੇ ਪੁਚਾਇਆ ਕਿ ਨਾ ਤਾਂ ਕਾਨੂੰਨੀ ਸਬੰਧ ਤੇ ਨਾ ਹੀ ਰਾਜਸੀ ਰੂਪ ਹੀ ਆਪਣੇ ਤੌਰ ’ਤੇ ਜਾਂ ਮਨੁੱਖੀ ਦਿਮਾਗ ਦਾ ਆਮ ਵਿਕਾਸ ਅਖਵਾਉਂਦੀ ਚੀਜ਼ ਦੇ ਅਧਾਰ ’ਤੇ ਸਮਝੇ ਜਾ ਸਕਦੇ ਹਨ। ਸਗੋਂ ਇਸ ਦੇ ਉਲਟ ਇਹ ਜੀਵਨ ਦੀਆਂ ਪਦਾਰਥਕ ਹਾਲਤਾਂ ਵਿੱਚ ਪੈਦਾ ਹੁੰਦੇ ਹਨ, ਜਿਹਨਾਂ ਦੇ ਸਮੁੱਚੇ ਰੂਪ ਨੂੰ ਹੀਗਲ, 18ਵੀਂ ਸਦੀ ਦੇ ਅੰਗਰੇਜ਼ ਤੇ ਫ਼ਰਾਂਸੀਸੀ ਚਿੰਤਕਾਂ ਦੀ ਉਦਾਹਰਣ ’ਤੇ ਚਲਦੇ ਹੋਏ, “ਸਭਿਅ ਸਮਾਜ” ਸ਼ਬਦ ਦੇ ਘੇਰੇ ਵਿੱਚ ਰੱਖ ਕੇ ਲੈਂਦਾ ਹੈ। ਇਸ ਦਾ ਅਧਿਐਨ ਮੈਂ ਪੈਰਿਸ ਵਿੱਚ ਸ਼ੁਰੂ ਕੀਤਾ ਤੇ ਬਰੱਸਲਜ਼ ਵਿੱਚ ਵੀ ਜਾਰੀ ਰੱਖਿਆ, ਜਿੱਥੇ ਮੈਨੂੰ ਉਸ ਸਮੇਂ ਜਾਣਾ ਪਿਆ ਜਦ ਐਮ. ਗਿਜਾਟ ਨੇ ਮੇਰੇ ਵਿਰੁੱਧ ਦੇਸ਼ੋਂ ਕੱਢ ਦਿੱਤੇ ਜਾਣ ਦਾ ਹੁਕਮ ਜਾਰੀ ਕਰ ਦਿੱਤਾ। ਮੈਂ ਜਿਹੜੇ ਆਮ ਸਿੱਟਿਆ ’ਤੇ ਪੁੱਜਿਆ ਤੇ ਜਿਹੜੇ ਬਾਅਦ ਵਿੱਚ ਮੇਰੇ ਸਾਰੇ ਅਧਿਐਨ ਦੇ ਅਗਵਾਈ ਦਿੰਦੇ ਅਸੂਲ ਬਣ ਗਏ, ਉਹਨਾਂ ਦਾ ਸੰਖੇਪ ਇਸ ਤਰ੍ਹਾਂ ਹੈ। ਆਪਣੇ ਹੋਂਦ ਦੇ ਸਮਾਜਕ ਉਤਪਾਦਨ ਵਿੱਚ ਮਨੁੱਖ ਅਟੱਲ ਤੌਰ ’ਤੇ ਨਿਸ਼ਚਿਤ ਸਬੰਧਾਂ ਵਿੱਚ ਪੈਂਦੇ ਹਨ ਜਿਹੜੇ ਉਹਨਾਂ ਦੀ ਇੱਛਾ ਤੋਂ ਅਜ਼ਾਦ ਹੁੰਦੇ ਹਨ, ਜਿਹੜੇ ਉਤਪਾਦਨ ਦੀਆਂ ਪਦਾਰਥਕ ਸ਼ਕਤੀਆਂ ਦੇ ਵਿਕਾਸ ਦੇ ਕਿਸੇ ਦਿੱਤੇ ਪੜਾਅ ਅਨੁਸਾਰ ਹੁੰਦੇ ਹਨ। ਇਹਨਾਂ ਸਬੰਧਾਂ ਦਾ ਸਮੁੱਚਾ ਢਾਂਚਾ ਸਮਾਜ ਦਾ ਆਰਥਕ ਢਾਂਚਾ ਬਣਦਾ ਹੈ ਤੇ ਅਸਲ ਆਧਾਰ ਹੈ ਜਿਸ ਉੱਤੇ ਕਾਨੂੰਨੀ ਤੇ ਰਾਜਸੀ ਉਪਰਲਾ–ਢਾਂਚਾ ਉਸਾਰਿਆ ਜਾਂਦਾ ਹੈ, ਤੇ ਜਿਸ ਨਾਲ਼ ਸਮਾਜੀ ਚੇਤਨਤਾ ਦੇ ਨਿਸ਼ਚਿਤ ਰੂਪ ਮੇਲ ਖਾਂਦੇ ਹੁੰਦੇ ਹਨ। ਸਮਾਜੀ, ਰਾਜਸੀ ਤੇ ਬੌਧਿਕ ਜੀਵਨ ਦੀ ਆਮ ਕਿਰਿਆ ਪਦਾਰਥਕ ਜੀਵਨ ਦੇ ਉਤਪਾਦਨ ਦੇ ਢੰਗ ਨਾਲ਼ ਜੁੜੀ ਹੁੰਦੀ ਹੈ। ਇਹ ਮਨੁੱਖ ਦੀ ਚੇਤਨਤਾ ਨਹੀਂ ਜਿਹੜੀ ਮਨੁੱਖ ਦੀ ਹੋਂਦ ਦਾ ਨਿਰਣਾ ਕਰਦੀ ਹੈ, ਸਗੋਂ ਉਹਨਾਂ ਦੀ ਸਮਾਜਕ ਹੋਂਦ ਹੈ, ਜਿਹੜੀ ਚੇਤਨਤਾ ਦਾ ਨਿਰਣਾ ਕਰਦੀ ਹੈ। ਵਿਕਾਸ ਦੇ ਨਿਸ਼ਚਿਤ ਪੜਾਅ ਉੱਤੇ, ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਉਸ ਸਮੇਂ ਤੋਂ ਪ੍ਰਚੱਲਤ ਉਤਪਾਦਨ ਸਬੰਧਾਂ ਨਾਲ਼ ਟਕਰਾਉਣ ਲੱਗਦੀਆਂ ਹਨ ਜਾਂ ਜਾਇਦਾਦ ਦੀ ਮਾਲਕੀ ਦੇ ਸਬੰਧਾਂ ਨਾਲ਼

---

* Deutsch Franzasische Jahrbucher – ਇੱਕ ਸਾਲ ਵਾਰ ਪਰਚਾ ਜਿਸ ਨੂੰ ਕਿ ਕਾਰਲ ਮਾਰਕਸ ਅਤੇ ਆਰਨਲਡ ਰੂਸ ਨੇ ਸੰਪਾਦਤ ਕੀਤਾ। ਫ਼ਰਵਰੀ 1844 ਵਿੱਚ ਕੇਵਲ ਇੱਕ ਅੰਕ ਦੋ ਭਾਗਾਂ ਵਿੱਚ ਛਪਿਆ, ਜਿਸ ਵਿਚਲੇ ਮਾਰਕਸ ਅਤੇ ਏਂਗਲਜ਼ ਦੇ ਲੇਖ ਸਿੱਧ ਕਰਦੇ ਹਨ ਕਿ ਇਹ ਦੋਵੇਂ ਉਸ ਵੇਲ਼ੇ ਤੀਕ ਪੂਰਨ–ਭਾਂਤੀ ਭੌਤਿਕਵਾਦੀ ਅਤੇ ਕਮਿਊਨਿਸਟ ਦ੍ਰਿਸ਼ਟੀਕੋਣ ਧਾਰਨ ਕਰ ਚੁੱਕੇ ਸਨ।

ਟਕਰਾਉਂਦੀਆਂ ਹਨ, ਜਿਨ੍ਹਾਂ ਦੇ ਢਾਂਚੇ ਵਿੱਚ ਉਹ (ਉਤਪਾਦਕ ਸ਼ਕਤੀਆਂ) ਹੁਣ ਤੱਕ ਕੰਮ ਕਰਦੀਆਂ ਰਹੀਆਂ ਹਨ – ਇਹ ਪਹਿਲੀ ਗੱਲ ਦਾ ਕਾਨੂੰਨੀ ਸ਼ਬਦਾਂ ਵਿੱਚ ਪ੍ਰਗਟਾਵਾ ਹੀ ਹੈ। ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਰੂਪ ਤੋਂ ਬਦਲਦੇ ਇਹ ਸਬੰਧ ਇਹਨਾਂ ਸ਼ਕਤੀਆਂ ਨੂੰ ਪਈਆਂ ਕੜੀਆਂ ਬਣ ਜਾਂਦੇ ਹਨ। ਫੇਰ ਸਮਾਜਿਕ ਇਨਕਲਾਬ ਦਾ ਸਮਾਂ ਸ਼ੁਰੂ ਹੁੰਦਾ ਹੈ। ਆਰਥਕ ਅਧਾਰ ਵਿੱਚ ਆਉਂਦੀਆਂ ਤਬਦੀਲੀਆਂ ਥੋੜ੍ਹੇ ਜਾਂ ਬਹੁਤੇ ਸਮੇਂ ਵਿੱਚ ਸਮੁੱਚੇ ’ਤੇ ਭਾਰੀ ਉਪਰਲੇ ਢਾਂਚੇ ਵਿੱਚ ਵੀ ਤਬਦੀਲੀਆਂ ਲਿਆਉਂਦੀਆਂ ਹਨ। ਅਜਿਹੇ ਰੂਪਾਂਤਰ ਦਾ ਅਧਿਐਨ ਕਰਦੇ ਸਮੇਂ ਇਹ ਜ਼ਰੂਰੀ ਹੈ ਕਿ ਉਤਪਾਦਨ ਦੀਆਂ ਆਰਥਕ ਹਾਲਤਾਂ ਵਿੱਚ ਪਦਾਰਥਕ ਰੂਪਾਂਤਰ, ਜਿਸ ਦਾ ਭੌਤਿਕ ਵਿਗਿਆਨਾਂ ਵਾਂਗ ਹੀ ਸਹੀ ਸਹੀ ਨਿਰਣਾ ਕੀਤਾ ਜਾ ਸਕਦਾ ਹੈ ਅਤੇ ਕਾਨੂੰਨੀ, ਰਾਜਸੀ, ਧਾਰਮਕ, ਕਲਾ ਜਾਂ ਫਲਸਫੇ, ਸੰਖੇਪ ਵਿੱਚ ਵਿਚਾਰਧਾਰਕ ਰੂਪਾਂ ਤੇ ਰੂਪਾਂਤਰ ਵਿੱਚ ਫਰਕ ਨੂੰ ਧਿਆਨ ਵਿੱਚ ਰੱਖਿਆ ਜਾਵੇ, ਜਿਸ ਰਾਹੀਂ ਮਨੁੱਖ ਇਸ ਟਕਰਾਅ ਬਾਰੇ ਚੇਤੰਨ ਹੁੰਦੇ ਹਨ ਤੇ ਇਸ ਨੂੰ ਹੱਲ ਕਰਦੇ ਹਨ। ਬਿਲਕੁੱਲ ਉਸੇ ਤਰ੍ਹਾਂ ਜਿਵੇਂ ਕਿਸੇ ਵਿਅਕਤੀ ਬਾਰੇ ਨਿਰਣਾ ਇਸ ਗੱਲੋਂ ਨਹੀਂ ਕੀਤਾ ਜਾਂਦਾ ਕਿ ਉਹ ਆਪਣੇ ਬਾਰੇ ਕੀ ਸੋਚਦਾ ਹੈ, ਉਸੇ ਤਰ੍ਹਾਂ ਤਬਦੀਲੀ ਦੇ ਕਿਸੇ ਯੁੱਗ ਦਾ ਨਿਰਣਾ ਇਸ ਦੀ ਚੇਤਨਤਾ ਨਾਲ਼ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਦੇ ਉਲਟ, ਇਸ ਚੇਤਨਤਾ ਦੀ ਵਿਆਖਿਆ ਪਦਾਰਥਕ ਜੀਵਨ ਦੀਆਂ ਵਿਰੋਧਤਾਈਆਂ, ਉਤਪਾਦਨ ਦੀਆਂ ਸਮਾਜਿਕ ਸ਼ਕਤੀਆਂ ਅਤੇ ਉਤਪਾਦਨ ਦੇ ਸਬੰਧਾਂ ਵਿਚਾਲੇ ਵਿਰੋਧਤਾਈ ਰਾਹੀਂ ਕੀਤੀ ਜਾਣੀ ਚਾਹੀਦੀ ਹੈ। ਕੋਈ ਵੀ ਸਮਾਜਿਕ ਪ੍ਰਬੰਧ ਉਦੋਂ ਤੱਕ ਤਬਾਹ ਨਹੀਂ ਕੀਤਾ ਜਾ ਸਕਦਾ ਜਦ ਤੱਕ ਕਿ ਉਹ ਸਾਰੀਆਂ ਉਤਪਾਦਨ ਸ਼ਕਤੀਆਂ ਜਿਨ੍ਹਾਂ ਲਈ ਇਹ ਕਾਫੀ ਹੁੰਦਾ ਹੈ, ਪੂਰੀਆਂ ਵਿਕਸਿਤ ਨਹੀਂ ਕਰ ਲਈਆਂ ਜਾਂਦੀਆਂ ਅਤੇ ਉਤਪਾਦਨ ਦੇ ਨਵੇਂ ਤੇ ਉਚੇਰੇ ਸਬੰਧ ਉਦੋਂ ਤੱਕ ਪੁਰਾਣਿਆਂ ਦੀ ਥਾਂ ਨਹੀਂ ਲੈ ਸਕਦੇ ਜਦ ਤੱਕ ਉਹਨਾਂ ਦੇ ਹੋਂਦ ਵਿੱਚ ਆਉਣ ਲਈ ਜ਼ਰੂਰੀ ਆਰਥਿਕ ਹਾਲਤਾਂ ਪੁਰਾਣੇ ਢਾਂਚੇ ਵਿੱਚ ਹੀ ਤਿਆਰ ਨਹੀਂ ਹੋ ਜਾਂਦੀਆਂ। ਇਸ ਲਈ ਮਨੁੱਖਤਾ ਆਪਣੇ ਲਈ ਅਜਿਹੇ ਕਰੱਤਵ ਹੀ ਮਿੱਥਦੀ ਹੈ, ਜਿਹੜੇ ਇਹ ਪੂਰੇ ਕਰ ਸਕਦੀ ਹੈ, ਕਿਉਂਕਿ ਜੇ ਹੋਰ ਗਹਿਰੀ ਜਾਂਚ-ਪੜਤਾਲ ਕਰੀਏ ਤਾਂ ਇਹ ਗੱਲ ਵੀ ਦਿੱਸ ਜਾਂਦੀ ਹੈ, ਕਿ ਕੋਈ ਸਮੱਸਿਆ ਆਪ ਵੀ ਉਦੋਂ ਹੀ ਪੈਦਾ ਹੁੰਦੀ ਹੈ, ਜਦ ਇਸ ਨੂੰ ਹੱਲ ਕਰਨ ਦੀਆਂ ਪਦਾਰਥਕ ਹਾਲਤਾਂ ਪਹਿਲਾਂ ਹੀ ਕਾਇਮ ਹੋਣ ਜਾਂ ਘੱਟੋ ਘੱਟ ਇਹ ਪਰਪੱਕ ਹੋਣ ਦੀ ਪ੍ਰਕਿਰਿਆ ਵਿੱਚ ਹੋਣ। ਮੋਟੇ ਲਫ਼ਜ਼ਾਂ ਵਿੱਚ ਏਸ਼ੀਆਈ, ਪੁਰਾਤਨ, ਜਗੀਰੂ ਅਤੇ ਆਧੁਨਿਕ ਬੁਰਜੂਆ ਉਤਪਾਦਨ ਢੰਗ ਸਮਾਜ ਦੇ ਆਰਥਕ ਵਿਕਾਸ ਦੀ ਪ੍ਰਗਤੀ ਦਾ ਪ੍ਰਗਟਾਵਾ ਕਰਦੇ ਯੁੱਗ ਕਰਾਰ ਦਿੱਤੇ ਜਾ ਸਕਦੇ ਹਨ। ਉਤਪਾਦਨ ਦਾ ਬੁਰਜੂਆ ਢੰਗ ਉਤਪਾਦਨ ਦੇ ਸਮਾਜਿਕ ਅਮਲ ਦਾ ਵਿਰੋਧਤਾਈਆਂ ਭਰਿਆ ਆਖਰੀ ਰੂਪ ਹੈ – ਵਿਅਕਤੀਗਤ ਵਿਰੋਧਤਾਈ ਦੇ ਪੱਖੋਂ ਵਿਰੋਧਤਾਈਆਂ ’ਤੇ ਅਧਾਰਿਤ ਨਹੀਂ ਸਗੋਂ ਅਜਿਹੀ ਵਿਰੋਧਤਾਈ ਜਿਹੜੀ ਵਿਅਕਤੀਆਂ ਦੀ ਹੋਂਦ ਦੀਆਂ ਸਮਾਜਿਕ ਹਾਲਤਾਂ ਵਿੱਚੋਂ ਪੈਦਾ ਹੁੰਦੀ ਹੈ – ਪਰ ਬੁਰਜੂਆ ਸਮਾਜ ਵਿੱਚ ਹੀ ਵਿਕਸਿਤ ਹੋ ਰਹੀਆਂ ਉਤਪਾਦਨ ਸ਼ਕਤੀਆਂ ਇਸ ਵਿਰੋਧਤਾਈ ਨੂੰ ਹੱਲ ਕਰਨ ਦੀਆਂ ਪਦਾਰਥਕ ਹਾਲਤਾਂ

ਵੀ ਪੈਦਾ ਕਰਦੀਆਂ ਹਨ। ਇਸ ਤਰ੍ਹਾਂ ਮਨੁੱਖੀ ਸਮਾਜੀ ਦਾ ਪੂਰਾ-ਇਤਿਹਾਸ ਇਸ ਸਮਾਜੀ-ਬਣਤਰ ਦੇ ਖਾਤਮੇ ਦੇ ਨਾਲ਼ ਹੀ ਪੂਰਾ ਹੋ ਜਾਂਦਾ ਹੈ।

ਫ਼ਰੈਡਰਿਕ ਏਂਗਲਜ਼, ਜਿਨ੍ਹਾਂ ਦੇ "ਆਰਥਿਕ ਵਰਗਾਂ ਦੀ ਸਮਾਲੋਚਨਾ" ਨਾਮੀ ਸ਼ਾਨਦਾਰ ਲੇਖ ਦੇ **ਦੂਤਸ਼ੇ ਫ਼ਰਾਂਜ਼ੋਜਿਸ਼ੇ ਸ਼ਾਹਰਬੂਸ਼ਰ** ਵਿੱਚ ਛੱਪਣ ਤੋਂ ਬਾਅਦ ਮੈਂ ਲਗਾਤਾਰ ਉਨ੍ਹਾਂ ਨਾਲ਼ ਚਿੱਠੀ-ਪੱਤਰ ਰੱਖਦਾ ਰਿਹਾ ਸੀ, ਉਹ ਵੱਖਰੇ ਰਾਹ ਰਾਹੀਂ (**ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ** ਪੁਸਤਕ ਵੇਖੋ) ਮੇਰੇ ਵਾਲ਼ੇ ਸਿੱਟਿਆਂ 'ਤੇ ਹੀ ਪੁੱਜਿਆ। ਅਤੇ 1845 ਦੀ ਬਹਾਰ ਰੁੱਤ ਵਿੱਚ ਜਦ ਉਹ ਵੀ ਬਰੱਸਲਜ਼ ਵਿੱਚ ਆ ਵੱਸਿਆ ਤਾਂ ਅਸੀਂ ਫੈਸਲਾ ਕੀਤਾ ਕਿ ਅਸੀਂ ਜਰਮਨ ਫ਼ਲਸਫ਼ੇ ਦੇ ਸਿਧਾਂਤਕ ਸੰਕਲਪਾਂ ਦੇ ਟਾਕਰੇ ਉੱਤੇ ਆਪਣੇ ਸੰਕਲਪ ਮਿਲ ਕੇ ਪੇਸ਼ ਕਰੀਏ। ਹਕੀਕਤ ਵਿੱਚ ਇਹ ਸਾਡੀ ਆਪਣੀ ਪਿਛਲੀ ਦਾਰਸ਼ਨਕ ਚੇਤਨਾ ਨਾਲ਼ ਹਿਸਾਬ ਚੁਕਾਉਣਾ ਵੀ ਸੀ। ਉਹ ਉਦੇਸ਼ ਹੀਗਲ ਤੋਂ ਬਾਅਦ ਦੇ ਫਲਸਫੇ ਦੀ ਸਮਾਲੋਚਨਾ ਦੇ ਰੂਪ ਵਿੱਚ ਪੂਰਾ ਕੀਤਾ ਗਿਆ। ਇਹ ਕੰਮ "**ਜਰਮਨ ਫ਼ਲਸਫ਼ਾ**" ਪੁਸਤਕ ਵਿੱਚ ਕੀਤਾ ਗਿਆ ਸੀ। ਇਸ ਦਾ ਹੱਥ ਲਿਖਿਆ ਖਰੜਾ ਜਿਹੜਾ ਵੱਡੇ ਪੰਨਿਆਂ ਦੀ ਇੱਕ ਚੋਖੀ ਵੱਡੀ ਜਿਲਦ ਸੀ, ਚੋਖਾ ਸਮਾਂ ਪ੍ਰਕਾਸ਼ਕਾਂ ਕੋਲ਼ ਪਿਆ ਰਿਹਾ ਤੇ ਫੇਰ ਸਾਨੂੰ ਦੱਸਿਆ ਗਿਆ ਕਿ ਹਾਲਾਤ ਬਦਲ ਜਾਣ ਕਾਰਨ ਇਹ ਹੁਣ ਪ੍ਰਕਾਸ਼ਤ ਨਹੀਂ ਕੀਤਾ ਜਾ ਸਕਦਾ। ਅਸੀਂ ਹੱਥ ਖਰੜਾ ਖੁਸ਼ੀ ਖੁਸ਼ੀ ਚੂਹਿਆਂ ਦੀ ਪੁਰਜ਼ਾ ਪੁਰਜ਼ਾ ਕਰ ਦੇਣ ਵਾਲ਼ੀ ਕੁਦਰਤੀ ਨੁਕਤਾਚੀਨੀ ਲਈ ਉੱਥੇ ਹੀ ਛੱਡ ਦਿੱਤਾ ਕਿਉਂਕਿ ਸਾਡਾ ਮਨੋਰਥ – ਆਪਣੀ ਮਾਨਸਕ ਸਫਾਈ ਕਰਨਾ – ਪਹਿਲੋਂ ਹੀ ਪੂਰਾ ਹੋ ਚੁੱਕਿਆ ਸੀ। ਦੂਜੀਆਂ ਖਿੰਡੀਆਂ ਪੁੰਡੀਆਂ ਰਚਨਾਵਾਂ, ਜਿਨ੍ਹਾਂ ਰਾਹੀਂ ਅਸੀਂ, ਉਸ ਸਮੇਂ, ਆਪਣੇ ਵਿਚਾਰਾਂ ਦਾ ਇੱਕ ਜਾਂ ਦੂਜਾ ਪੱਖ ਜਨਤਾ ਸਾਹਮਣੇ ਪੇਸ਼ ਕੀਤਾ, ਉਹਨਾਂ ਵਿੱਚੋਂ ਇੱਥੇ ਮੈਂ ਕੇਵਲ **ਕਮਿਊਨਿਸਟ ਮੈਨੀਫੈਸਟੋ** ਦਾ ਹੀ ਜ਼ਿਕਰ ਕਰਾਂਗਾ ਜਿਹੜਾ ਮੈਂ ਤੇ ਫ਼ਰੈਡਰਿਕ ਏਂਗਲਜ਼ ਨੇ ਮਿਲ ਕੇ ਲਿਖਿਆ ਸੀ, ਅਤੇ **ਡਿਸਕੋਰਸ ਸਰਲੇ ਲਿਬਰ ਅਚੇਂਜ**, ਜਿਹੜਾ ਮੈਂ ਆਪ ਛਪਵਾਇਆ ਸੀ। ਸਾਡੇ ਸੰਕਲਪ ਦੇ ਮੁੱਖ ਨੁਕਤਿਆਂ ਦਾ ਖਾਕਾ ਪਹਿਲੀ ਵਾਰ ਮੇਰੀ ਪੁਸਤਕ **ਫ਼ਲਸਫ਼ੇ ਦੀ ਕੰਗਾਲੀ** ਵਿੱਚ **ਵਿਵਾਦ ਦੇ** ਰੂਪ ਵਿੱਚ ਪੇਸ਼ ਕੀਤਾ ਗਿਆ, ਚਾਹੇ ਇਹ ਪੁਸਤਕ ਵਾਦ-ਵਿਵਾਦ ਦੇ ਢੰਗ ਵਾਲ਼ੀ ਵੀ ਸੀ। ਇਹ ਪੁਸਤਕ ਜਿਸ ਦਾ ਮੁੱਖ ਨਿਸ਼ਾਨਾ ਪਰੂਧੋਂ ਸੀ, 1847 ਵਿੱਚ ਪ੍ਰਕਾਸ਼ਤ ਹੋਈ। **ਉਜਰਤੀ-ਕਿਰਤ** ਬਾਰੇ ਇੱਕ ਲੇਖ ਜਿਹੜਾ ਜਰਮਨ ਭਾਸ਼ਾ ਵਿੱਚ ਲਿਖਿਆ ਹੋਇਆ ਸੀ, ਜਿਸ ਵਿੱਚ ਮੈਂ ਆਪਣੇ ਉਹ ਲੈਕਚਰ ਇਕੱਠੇ ਕੀਤੇ ਸਨ, ਜਿਹੜੇ ਮੈਂ ਬਰਸਲਜ਼ ਵਿੱਚ **ਜਰਮਨ ਵਰਕਰਜ਼ ਐਸੋਸੀਏਸ਼ਨ*** ਦੇ ਸਾਹਮਣੇ ਇਸੇ ਵਿਸ਼ੇ 'ਤੇ ਦਿੱਤੇ ਸਨ, ਉਸ ਦੀ ਪ੍ਰਕਾਸ਼ਨਾ ਵਿੱਚ ਫ਼ਰਵਰੀ ਇਨਕਲਾਬ ਕਾਰਨ ਅਤੇ

* ਇਹ ਸਭਾ ਮਾਰਕਸ ਅਤੇ ਏਂਗਲਜ਼ ਨੇ 1847 ਦੇ ਅਖ਼ੀਰ ਅਗਸਤ ਵਿੱਚ ਸਥਾਪਤ ਕੀਤੀ ਸੀ। ਇਸ ਦਾ ਟੀਚਾ ਬੈਲਜੀਅਮ ਵਿੱਚ ਵੱਸਦੇ ਜਰਮਨ ਕਿਰਤੀਆਂ ਨੂੰ ਸਿੱਖਿਆ ਦੇਣਾ ਅਤੇ ਵਿਗਿਆਨਕ ਕਮਿਊਨਿਜ਼ਮ ਦੇ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ।

ਉਸ ਦੇ ਸਿੱਟੇ ਵਜੋਂ ਮੈਨੂੰ ਜਬਰਨ ਬੈਲਜੀਅਮ ਵਿੱਚੋਂ ਕੱਢੇ ਜਾਣ ਕਾਰਨ ਵਿਘਨ ਪੈ ਗਿਆ।

1848 ਤੇ 1849 ਵਿੱਚ **ਨਿਊ ਰੇਨਿਸ਼ ਜ਼ੈਤੁੰਗ*** ਦੀ ਪ੍ਰਕਾਸ਼ਨਾ ਦੇ ਕੰਮਾਂ ਕਾਰਨ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਕਾਰਨ ਮੈਨੂੰ ਆਰਥਕਤਾ ਦਾ ਆਪਣਾ ਅਧਿਐਨ ਵਿੱਚੇ ਛੱਡਣਾ ਪਿਆ, ਜਿਹੜਾ ਮੈਂ ਬਾਅਦ ਨੂੰ 1850 ਵਿੱਚ ਲੰਡਨ ਜਾ ਕੇ ਹੀ ਜਾਰੀ ਰੱਖ ਸਕਿਆ। ਰਾਜਨੀਤਕ ਅਰਥਚਾਰੇ ਦੇ ਇਤਿਹਾਸ ਬਾਰੇ ਬਰਤਾਨੀਆਂ ਦੇ ਅਜਾਇਬ-ਘਰ ਵਿੱਚ ਜਮ੍ਹਾਂ ਹੋਈ ਹੋਈ ਅਥਾਹ ਸਮੱਗਰੀ, ਅਤੇ ਇਹ ਤੱਥ ਕਿ ਲੰਡਨ ਬੁਰਜੂਆ ਸਮਾਜ ਨੂੰ ਨੀਝ ਲਾ ਕੇ ਸਮਝਣ ਲਈ ਬਹੁਤ ਮੁਆਫਕ ਤੇ ਲਾਹੇਵੰਦੀ ਹੈ ਅਤੇ ਅੰਤਮ ਗੱਲ ਇਹ ਕਿ ਕੈਲੇਫੋਰਨੀਆ ਅਤੇ ਆਸਟਰੇਲੀਆ ਵਿੱਚ ਸੋਨਾ ਲੱਭ ਲੈਣ ਨਾਲ਼ ਇਹ ਸਮਾਜ ਵਿਕਾਸ ਦੇ ਜਿਸ ਨਵੇਂ ਪੜਾਅ ’ਤੇ ਪੁੱਜ ਗਿਆ ਲੱਗਦਾ ਸੀ, ਇਹਨਾਂ ਸਾਰੀਆਂ ਗੱਲਾਂ ਨੇ ਮੈਨੂੰ ਇਸ ਗੱਲ ਲਈ ਮਜਬੂਰ ਕਰ ਦਿੱਤਾ ਕਿ ਮੈਂ ਅਰਥਚਾਰੇ ਬਾਰੇ ਆਪਣੇ ਅਧਿਐਨ ਮੁੜ ਤੋਂ ਬਿਲਕੁਲ ਆਰੰਭ ਤੋਂ ਸ਼ੁਰੂ ਕਰਾਂ ਤੇ ਬੜੇ ਗਹੁ ਨਾਲ਼ ਨਵੀਂ ਸਮੱਗਰੀ ਦੀ ਘੋਖ ਕਰਾਂ। ਇਹ ਅਧਿਐਨ ਅੰਸ਼ਕ ਤੌਰ ’ਤੇ ਆਪਣੇ ਆਪ ਹੀ ਮੈਨੂੰ ਦੂਰ-ਦਰਾਂਡੇ ਦੇ ਵਿਸ਼ਿਆਂ ਵੱਲ ਖਿੱਚ ਕੇ ਲੈ ਗਿਆ, ਜਿਸ ਉੱਤੇ ਮੈਨੂੰ ਕੁਝ ਸਮਾਂ ਵੀ ਲਾਉਣਾ ਪਿਆ। ਪਰ ਖਾਸ ਤੌਰ ’ਤੇ ਇਹ ਮੇਰੀ ਰੋਟੀ ਕਮਾਉਣ ਦੀ ਅਟੱਲ ਜ਼ਰੂਰਤ ਸੀ ਜਿਸ ਨੇ ਮੇਰਾ ਵਕਤ ਖਾਇਆ। **ਨਿਊਯਾਰਕ ਟ੍ਰਿਬਿਊਨ**** ਨਾਲ਼ ਮੇਰਾ ਨਾਤਾ, ਜਿਹੜਾ ਹੁਣ ਅੱਠ ਸਾਲ ਤੋਂ ਜਾਰੀ ਹੈ, ਇਸ ਨੇ ਸਾਨੂੰ ਆਪਣਾ ਅਧਿਐਨ ਵਾਰ-ਵਾਰ ਰੋਕਣ ’ਤੇ ਮਜਬੂਰ ਕੀਤਾ, ਕਿਉਂਕਿ ਮੈਂ ਇਸ ਅਖ਼ਬਾਰ ਲਈ ਬਹੁਤ ਹੀ ਅਸਾਧਾਰਨ ਲੇਖ ਲਿਖਦਾ ਸੀ। ਕਿਉਂਕਿ ਮੇਰੇ ਲੇਖਾਂ ਵਿੱਚੋਂ ਬਹੁਤ ਸਾਰੇ ਬਰਤਾਨੀਆਂ ਤੇ ਯੂਰਪ ਦੇ ਮਹਾਂਦੀਪ ਦੀਆਂ ਆਰਥਿਕ ਸਮੱਸਿਆਵਾਂ ਬਾਰੇ ਹੁੰਦੇ ਸਨ, ਇਸ ਲਈ ਮੈਨੂੰ ਉਹਨਾਂ ਅਮਲੀ ਵਿਸਥਾਰਾਂ ਨੂੰ ਵੀ ਜਾਣਨਾ ਪੈਂਦਾ ਸੀ, ਜਿਹੜੇ ਰਾਜਨੀਤਕ ਆਰਥਕਤਾ ਦੇ ਘੇਰੇ ਤੋਂ ਬਾਹਰਲੇ ਹਨ।

ਰਾਜਨੀਤਕ ਅਰਥਚਾਰੇ ਦੇ ਖੇਤਰ ਵਿੱਚ ਮੇਰੇ ਅਧਿਐਨ ਦੇ ਰਾਹ ਦਾ ਇਹ ਖਾਕਾ ਪੇਸ਼ ਕਰਨ ਦਾ ਮਕਸਦ ਸਿਰਫ਼ ਇਹ ਵਿਖਾਉਣਾ ਹੈ ਕਿ ਮੇਰੇ ਵਿਚਾਰ – ਹੁਕਮਰਾਨ ਹਲਕੇ ਇਹਨਾਂ ਨੂੰ ਚਾਹੇ ਜਿਵੇਂ ਵੀ ਲੈਣ, ਉਹਨਾਂ ਦੇ ਖ਼ੁਦਗਰਜ਼ੀ ਅਤੇ ਪੱਖਪਾਤੀ ਭਰੇ ਵਿਚਾਰਾਂ

---

* Neue Rheinische Organ der Demokratie – ਡੈਮੋਕਰੇਸੀ ਦੇ ਪ੍ਰੋਲੇਤਾਰੀ ਧੜ੍ਹੇ ਦਾ ਖਾੜਕੂ ਬੁਲਾਰਾ, ਇੱਕ ਦੈਨਿਕ ਅਖ਼ਬਾਰ, ਜੋ ਕਿ ਕਾਜ਼ਨ ਤੋਂ 1 ਜੂਨ, 1848 ਤੋਂ 19 ਮਈ, 1849 ਵਿਚਕਾਰ ਛੱਪਦਾ ਰਿਹਾ। ਇਸ ਦੇ ਮੁੱਖ ਸੰਪਾਦਕ ਮਾਰਕਸ ਸਨ। ਮਾਰਕਸ ਅਤੇ ਏਂਗਲਜ਼ ਨੇ ਮੁੱਖ ਲੇਖ ਲਿਖੇ, ਜਿਹੜੇ ਕਿ ਜਰਮਨੀ ਤੇ ਯੂਰਪ ਵਿੱਚ ਇਨਕਲਾਬ ਦੇ ਸਵਾਲ ਵੱਲ ਵਤੀਰੇ ਨੂੰ ਸੇਧ ਦਿੰਦੇ ਸਨ। ਜਰਮਨੀ ਵਿਚ ਇਨਕਲਾਬ ਦੀ ਹਾਰ ਤੋਂ ਬਾਅਦ ਅਖ਼ਬਾਰ ਛੱਪਣਾ ਬੰਦ ਹੋ ਗਿਆ ਸੀ।

** **ਨਿਊਯਾਰਕ ਟ੍ਰਿਬਿਊਨ** - ਇੱਕ ਅਮਰੀਕੀ ਅਖ਼ਬਾਰ ਜੋ 1841 ਤੋਂ 1924 ਤੱਕ ਛੱਪਦਾ ਰਿਹਾ ਹੈ। 1851 ਤੋਂ 1862 ਤੱਕ ਮਾਰਕਸ ਇਸ ਵਿੱਚ ਛੱਪਦੇ ਰਹੇ ਹਨ। ਮਾਰਕਸ ਦੀ ਬੇਨਤੀ ’ਤੇ ਕਈ ਲੇਖ ਏਂਗਲਜ਼ ਨੇ ਲਿਖੇ ਸਨ।

ਨਾਲ਼ ਚਾਹੇ ਮੇਲ ਨਾ ਖਾਣ, ਉਹ ਇਹਨਾਂ ਬਾਰੇ ਕਿਹੋ ਜਿਹਾ ਵੀ ਨਿਰਣਾ ਦੇਣ – ਲੰਮੇ ਸਾਲਾਂ ਤੱਕ ਈਮਾਨਦਾਰੀ ਨਾਲ਼ ਕੀਤੇ ਗਏ ਖੋਜ ਦੇ ਕੰਮ ਦਾ ਸਿੱਟਾ ਹਨ। ਵਿਗਿਆਨ ਵਿੱਚ ਦਾਖਲੇ ਸਮੇਂ ਜਿਵੇਂ ਕਿ ਨਰਕ ਵਿੱਚ ਦਾਖਲੇ ਸਮੇਂ ਵੀ ਕੀਤਾ ਜਾਂਦਾ ਹੈ, ਇਹ ਮੰਗ ਅਵੱਸ਼ ਕਰਨੀ ਚਾਹੀਦੀ ਹੈ:

ਇੱਥੇ ਸਭ ਬੇਭਰੋਸਗੀ ਛੱਡ ਦਿਓ
ਇੱਥੇ ਸਭ ਬੁਜ਼ਦਿਲੀ ਦਫ਼ਨਾ ਦਿਓ*

**ਕਾਰਲ ਮਾਰਕਸ**

ਲੰਡਨ, ਜਨਵਰੀ 1859

---

* ਦਾਂਤੇ ਦੀ ਪੁਸਤਕ **ਖੁਦਾਈ ਸੁਖਾਂਤ** ਵਿੱਚੋਂ –

Here must all distrust be left;
All cowardice must here be dead.

(ਇਲਸਟਰੇਟਡ ਮਾਡਰਨ ਲਾਇਬਰੇਰੀ ਦੀ 1944 ਦੀ ਅੰਗਰੇਜ਼ੀ ਐਡੀਸ਼ਨ ਦੇ ਸਫਾ 22 ਤੋਂ ਲਈ ਗਈ – ਸੰ.)

ਪੁਸਤਕ ਪਹਿਲੀ

# ਸਰਮਾਏ ਬਾਰੇ

ਭਾਗ- ਪਹਿਲਾ

# ਸਧਾਰਨ ਸਰਮਾਇਆ

ਕਾਂਡ- ਪਹਿਲਾ

## ਜਿਣਸ

ਪਹਿਲੀ ਝਾਤ ਪਾਉਣ 'ਤੇ ਬੁਰਜੂਆ ਸਮਾਜ ਜਿਣਸਾਂ ਦਾ ਇੱਕ ਅਥਾਹ ਢੇਰ ਲੱਗਦਾ ਹੈ ਜਿਸ ਦੀ ਇਕਾਈ ਇੱਕ ਜਿਣਸ ਹੈ। ਪਰ ਹਰ ਜਿਣਸ ਦਾ ਦੂਹਰਾ ਪੱਖ ਹੁੰਦਾ ਹੈ – **ਇਸ ਦੀ ਵਰਤੋਂ ਕਦਰ ਤੇ ਵਟਾਂਦਰਾ ਕਦਰ।***

ਇੱਕ ਅੰਗਰੇਜ਼ ਅਰਥ-ਸ਼ਾਸਤਰੀ ਦੀ ਭਾਸ਼ਾ ਵਿੱਚ ਇੱਕ ਜਿਣਸ "ਉਹ ਚੀਜ਼ ਹੈ ਜਿਹੜੀ ਜੀਵਨ ਲਈ ਜ਼ਰੂਰੀ, ਲਾਹੇਵੰਦ ਜਾਂ ਚੰਗੀ ਹੈ", ਮਨੁੱਖ ਦੀ ਮੰਗ ਦਾ ਵਿਸ਼ਾ ਹੈ ਅਤੇ ਇਸ ਸ਼ਬਦ ਦੇ ਵੱਧ ਤੋਂ ਵੱਧ ਵਿਸ਼ਾਲ ਅਰਥਾਂ ਵਿੱਚ ਇਹ ਹੋਂਦ ਦੇ ਸਾਧਨਾਂ ਵਿੱਚੋਂ ਹੈ। ਵਰਤੋਂ-ਕਦਰ ਜਿਣਸ ਦੇ ਇੱਕ ਪੱਖ ਵਜੋਂ ਜਿਣਸ ਦੀ ਸਰੀਰਕ ਤੇ ਅਨੁਭਵ ਕੀਤੀ ਜਾ ਸਕਦੀ ਹੋਂਦ ਨਾਲ਼ ਮੇਲ ਖਾਂਦੀ ਹੈ। ਮਿਸਾਲ ਲਈ ਕਣਕ ਇੱਕ ਵੱਖਰੀ ਕਿਸਮ ਦੀ ਵਰਤੋਂ-ਕਦਰ ਹੈ ਜਿਹੜੀ ਕਪਾਹ, ਕੱਚ, ਕਾਗਜ਼ ਆਦਿ ਦੀ ਵਰਤੋਂ-ਕਦਰ ਤੋਂ ਵੱਖਰੀ ਕਿਸਮ ਦੀ ਹੈ। ਵਰਤੋਂ-ਕਦਰ ਦੀ ਕੇਵਲ ਵਰਤੋਂ ਵਿੱਚ ਹੀ ਕਦਰ ਹੁੰਦੀ ਹੈ ਤੇ ਇਹ ਕਦਰ ਵੱਖ ਵੱਖ ਢੰਗਾਂ ਰਾਹੀਂ ਇਸਤੇਮਾਲ ਕੀਤੀ ਜਾ ਸਕਦੀ ਹੈ। ਪਰ ਇਸ ਦੇ ਸੰਭਵ ਇਸਤੇਮਾਲਾਂ ਦੀ ਹੱਦ ਇਸ ਦੀ ਹੋਂਦ ਦੀਆਂ ਭਿੰਨ-ਭਿੰਨ ਵਿਸ਼ੇਸ਼ਤਾਈਆਂ ਅਨੁਸਾਰ ਸੀਮਤ ਹੁੰਦੀ ਹੈ ਅਤੇ ਇਸ ਦਾ ਨਿਰਣਾ ਕੇਵਲ ਗੁਣਾਂ ਨਾਲ਼ ਹੀ ਨਹੀਂ ਸਗੋਂ ਮਾਤਰਾ ਰਾਹੀਂ ਵੀ ਹੁੰਦਾ ਹੈ। ਵੱਖ ਵੱਖ ਵਰਤੋਂ-ਕਦਰਾਂ ਉਹਨਾਂ ਦੀਆਂ ਸਰੀਰਕ ਵਿਸ਼ੇਸ਼ਤਾਈਆਂ ਅਨੁਸਾਰ ਵੱਖ ਵੱਖ ਪੈਮਾਨਿਆਂ ਨਾਲ਼ ਮਿਣੀਆਂ

---

* ਅਰਿਸਟਾਟਲ, ਦਾ ਰਿਪਬਲਿਕਾ, ਐੱਲ. ਆਈ. ਕਾਂਡ-9 ਜਿਹੜੀ ਵੀ ਚੀਜ਼ ਸਾਡੇ ਕੋਲ਼ ਹੈ, ਉਸ ਦੀ ਦੋ ਤਰ੍ਹਾਂ ਵਰਤੋਂ ਕੀਤੀ ਜਾਂਦੀ ਹੈ ਇੱਕ ਜਾਇਜ਼ ਵਰਤੋਂ ਤੇ ਦੂਜੀ ਨਾਜਾਇਜ਼ ਜਾਂ ਦੂਜੇ ਦਰਜੇ ਦੀ ਵਰਤੋਂ। ਉਦਾਹਰਣ... ਇੱਕ ਜੁੱਤਾ ਪਹਿਨਿਆਂ ਜਾਂਦਾ ਹੈ ਪਰ ਇਹ ਵਟਾਂਦਰੇ ਲਈ ਵੀ ਵਰਤਿਆ ਜਾਂਦਾ ਹੈ, ਦੋਵੇਂ ਤਰ੍ਹਾਂ ਜੁੱਤੇ ਦੀ ਵਰਤੋਂ ਹੁੰਦੀ ਹੈ। ਨਿਰਸੰਦੇਹ ਜਿਹੜਾ ਵੀ ਵਿਅਕਤੀ ਮੁਦਰਾ ਜਾਂ ਖੁਰਾਕ ਦੇ ਤਬਾਦਲੇ ਵਿੱਚ ਜੁੱਤਾ ਕਿਸੇ ਨੂੰ ਦਿੰਦਾ ਹੈ ਉਹ ਵੀ ਜੁੱਤੇ ਦੀ, ਜੁੱਤੇ ਵਜੋਂ ਹੀ ਵਰਤੋਂ ਕਰਦਾ ਹੈ ਪਰ ਇਹ ਇਸ ਦੀ ਜਾਇਜ਼ ਜਾਂ ਮੁੱਢਲੀ ਵਰਤੋਂ ਨਹੀਂ, ਕਿਉਂਕਿ ਜੁੱਤਾ ਵਟਾਂਦਰੇ ਦੇ ਮਕਸਦ ਲਈ ਨਹੀਂ ਬਣਾਇਆ ਜਾਂਦਾ। ਇਹੋ ਗੱਲ ਸਾਡੇ ਕਬਜ਼ੇ ਹੇਠਲੀਆਂ ਸਭ ਚੀਜ਼ਾਂ ਬਾਰੇ ਕਹੀ ਜਾ ਸਕਦੀ ਹੈ...." [ਅੰਗਰੇਜ਼ੀ ਦੀ ਪੁਸਤਕ ਅਰਿਸਟਾਟਲ, "**ਪਾਲੀਟਿਕਾ**" ਅਨੁਵਾਦਕ ਬੈਂਜਾਮਿਨ ਜ਼ਾਵੈਟ ਸੋਧਿਆ ਐਡੀਸ਼ਨ ਆਕਸਫੋਰਡ 1966 ਤੋਂ ਕੀਤਾ ਗਿਆ ਹੈ।]

ਜਾਂਦੀਆਂ ਹਨ ਜਿਵੇਂ ਇੱਕ ਬੋਰੀ ਕਣਕ, ਇੱਕ ਦਸਤਾ ਕਾਗਜ਼ ਅਤੇ ਇੱਕ ਗਜ਼ ਕੱਪੜਾ।

ਇਸ ਦਾ ਸਮਾਜਿਕ ਰੂਪ ਕੁਝ ਵੀ ਹੋਵੇ, ਧਨ ਹਮੇਸ਼ਾ ਵਰਤੋਂ-ਕਦਰਾਂ 'ਤੇ ਹੀ ਅਧਾਰਿਤ ਹੁੰਦਾ ਹੈ ਜਿਨ੍ਹਾਂ ਤੋਂ ਕਿ ਇਹਨਾਂ ਰੂਪਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਕਣਕ ਦੇ ਸੁਆਦ ਤੋਂ ਇਹ ਨਹੀਂ ਦੱਸਿਆ ਜਾ ਸਕਦਾ ਕਿ ਇਹ ਕਿਸ ਨੇ ਪੈਦਾ ਕੀਤੀ, ਰੂਸੀ ਭੂ-ਦਾਸ ਨੇ, ਫ਼ਰਾਂਸੀਸੀ ਕਿਸਾਨ ਨੇ ਜਾਂ ਅੰਗਰੇਜ਼ ਸਰਮਾਏਦਾਰ ਨੇ। ਚਾਹੇ ਵਰਤੋਂ-ਕਦਰਾਂ ਸਮਾਜਿਕ ਲੋੜਾਂ ਪੂਰੀਆਂ ਕਰਦੀਆਂ ਹਨ ਤੇ ਇਸ ਲਈ ਸਮਾਜਿਕ ਢਾਂਚੇ ਦੇ ਵਿੱਚ ਹੀ ਉਹਨਾਂ ਦੀ ਰੋਕ ਹੁੰਦੀ ਹੈ, ਉਹ ਉਤਪਾਦਨ ਦੇ ਸਮਾਜਿਕ ਸਬੰਧ ਦਾ ਪ੍ਰਗਟਾਵਾ ਨਹੀਂ ਕਰਦੀਆਂ। ਉਦਾਹਰਣ ਲਈ ਇੱਕ ਵਰਤੋਂ-ਕਦਰ, ਅਜਿਹੀ ਜਿਣਸ ਜਿਵੇਂ ਹੀਰਾ, ਲਓ। ਅਸੀਂ ਇਸ ਨੂੰ ਵੇਖ ਕੇ ਇਹ ਨਹੀਂ ਦੱਸ ਸਕਦੇ ਕਿ ਇਹ ਕੋਈ ਜਿਣਸ ਹੈ। ਇਹ ਕਿਸੇ ਥਾਂ ਕੋਈ ਸੁਹਜ-ਸੁਆਦ ਦੀ ਜਾਂ ਮਕੈਨੀਕਲ ਵਰਤੋਂ-ਕਦਰ ਦਾ ਮਕਸਦ ਪੂਰਾ ਕਰਦਾ ਹੈ, ਕਿਸੇ ਵਜ਼ੀਰ ਦੀ ਗਰਦਨ ਤੋਂ ਲਮਕਦਾ ਜਾਂ ਕਿ ਕੱਚ ਕੱਟਣ ਵਾਲ਼ੇ ਦੇ ਹੱਥਾਂ ਵਿੱਚ, ਪਰ ਇਹ ਹੀਰਾ ਹੀ ਹੈ ਤੇ ਵਰਤੋਂ-ਕਦਰ ਨਹੀਂ। ਜਿਵੇਂ ਚੀਜ਼ ਦੇ ਜਿਣਸ ਬਣਨ ਲਈ ਇਸ ਦੀ ਵਰਤੋਂ-ਕਦਰ ਹੋਣੀ ਇੱਕ ਜ਼ਰੂਰੀ ਤੇ ਮੁੱਢਲੀ ਸ਼ਰਤ ਹੈ, ਪਰ ਵਰਤੋਂ-ਕਦਰ ਲਈ ਇਸ ਦਾ ਕੋਈ ਫਰਕ ਨਹੀਂ ਪੈਂਦਾ ਕਿ ਇਹ ਜਿਣਸ ਹੈ ਜਾਂ ਨਹੀਂ। ਵਰਤੋਂ-ਕਦਰ ਆਪਣੇ ਤੌਰ 'ਤੇ ਰਾਜਸੀ ਆਰਥਿਕਤਾ ਦੀ ਜਾਂਚ-ਪੜਤਾਲ ਦੇ ਘੇਰੇ ਤੋਂ ਬਾਹਰ ਹੈ ਕਿਉਂਕਿ ਇਹ ਜਿਸ ਆਰਥਿਕ ਰੂਪ ਦਾ ਨਿਰਣਾ ਕਰਦੀ ਹੈ ਉਸ ਤੋਂ ਅਜ਼ਾਦ ਹੈ।* ਇਹ ਆਪਣੇ ਇਸ ਖੇਤਰ ਵਿੱਚ ਉਦੋਂ ਹੀ ਆਉਂਦੀ ਹੈ ਜਦ ਇਹ ਆਪ ਨਿਰਧਾਰਤ ਰੂਪ ਹੀ ਹੁੰਦਾ ਹੈ। ਵਰਤੋਂ-ਕਦਰ ਉਹ ਫੌਰੀ ਸਾਕਾਰ ਚੀਜ਼ ਹੈ, ਜਿਸ ਵਿੱਚ ਇੱਕ ਨਿਸ਼ਚਿਤ ਆਰਥਿਕ ਸਬੰਧ – ਵਟਾਂਦਰਾ ਕਦਰ – ਦਾ ਪ੍ਰਗਟਾਵਾ ਹੁੰਦਾ ਹੈ।

ਵਟਾਂਦਰਾ ਕਦਰ ਆਰੰਭ ਵਿੱਚ ਇੱਕ **ਗਿਣਨਾਤਮਕ ਸਬੰਧ** ਹੀ ਲੱਗਦਾ ਹੈ, ਭਾਵ ਉਹ ਅਨੁਪਾਤ ਜਿਸ ਅਨੁਸਾਰ ਇੱਕ ਵਰਤੋਂ-ਕਦਰ ਦਾ ਦੂਜੀ ਵਰਤੋਂ-ਕਦਰ ਨਾਲ਼ ਵਟਾਂਦਰਾ ਕੀਤਾ ਜਾਂਦਾ ਹੈ। ਇਸ ਸਬੰਧ ਵਿੱਚ ਉਹ ਵਟਾਂਦਰੇ ਯੋਗ ਬਰਾਬਰ ਮਾਤਰਾਵਾਂ ਬਣ ਜਾਂਦੀਆਂ ਹਨ। ਇਸ ਤਰ੍ਹਾਂ **ਪਰਾਪਰਟੀਅਸ** ਦੀ ਇੱਕ ਜਿਲਦ ਤੇ ਨਸਵਾਰ ਦੇ ਅੱਠ ਔਂਸਾਂ ਦੀ ਇੱਕੋ ਜਿੰਨੀ ਵਰਤੋਂ-ਕਦਰ ਹੋ ਸਕਦੀ ਹੈ, ਹਾਲਾਂਕਿ ਨਸਵਾਰ ਤੇ ਮਰਸੀਆਂ ਦੀ ਵਰਤੋਂ-ਕਦਰ ਬਿਲਕੁੱਲ ਮਿਲਦੀ ਨਹੀਂ। ਵਰਤੋਂ-ਕਦਰ ਵਜੋਂ ਲਈਏ ਤਾਂ ਇਸ ਤਰ੍ਹਾਂ ਦੀ ਵਰਤੋਂ-ਕਦਰ ਇੱਕੋ ਜਿੰਨਾ ਹੀ ਮੁੱਲ ਰੱਖਦੀ ਹੈ ਬਸ਼ਰਤੇ ਕਿ ਦੋਵੇਂ ਜਾਇਜ਼ ਮਾਤਰਾ ਵਿੱਚ ਪ੍ਰਾਪਤ ਹੋਣਾ ਇੱਕ ਮਹੱਲ ਦੀ ਵਟਾਂਦਰਾ ਕਦਰ ਬੂਟ ਪਾਲਿਸ਼ ਦੀਆਂ ਡੱਬੀਆਂ ਦੀ ਨਿਸ਼ਚਿਤ ਗਿਣਤੀ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ। ਪਰ ਲੰਡਨ ਦੇ ਬੂਟ ਪਾਲਿਸ਼ ਦੇ ਉਤਪਾਦਕਾਂ ਨੇ ਇੱਥੇ ਦੇ ਉਲਟ

---

* ਇਹ ਕਾਰਨ ਹੈ ਕਿ ਜਰਮਨ ਲੇਖਾਕਾਰ ਵਰਤੋਂ ਕਦਰਾਂ ਬਾਰੇ **ਕਾਨ ਆਮੋਰ** ਲਿਖਦੇ ਹਨ ਉਹਨਾਂ ਨੂੰ ਚੀਜ਼ਾਂ ਦਾ ਨਾਂਅ ਦਿੰਦੇ ਹਨ। ਉਦਾਹਰਣ ਲਈ ਐੱਲ. ਸਟੀਅਨ ਦੀ ਪੁਸਤਕ **ਸਿਸਟਮ ਦਰ ਸਵਿਸਨਸ਼ਾਫਟ ਜਿਲਦ** ਦਾ ਚੀਜ਼ਾਂ ਬਾਰੇ ਹਿੱਸਾ ਵੇਖੋ। ਚੀਜ਼ਾਂ ਬਾਰੇ ਲਾਭਕਾਰੀ "ਵਣਜ ਨਾਲ਼ ਸਬੰਧ ਰੱਖਦੇ ਰਸਾਲਿਆਂ" ਵਿੱਚੋਂ ਮਿਲ ਸਕਦੀ ਹੈ।

ਪਾਲਿਸ਼ ਦੀਆਂ ਅਣਗਿਣਤ ਡੱਬੀਆਂ ਦੀ ਵਟਾਂਦਰਾ-ਕਦਰ ਮਹੱਲਾਂ ਅਨੁਸਾਰ ਪ੍ਰਗਟ ਕੀਤੀ ਹੈ। ਇਸ ਲਈ ਜਿਣਸਾਂ ਇਸ ਗੱਲ ਦੀ ਪ੍ਰਵਾਹ ਕੀਤੇ ਬਿਨਾਂ ਕਿ ਉਹਨਾਂ ਦੀ ਹੋਂਦ ਦਾ ਕੁਦਰਤੀ ਰੂਪ ਕੀ ਹੈ ਜਾਂ ਕਿ ਵਰਤੋਂ ਕਦਰ ਵਜੋਂ ਜਿਸ ਲੋੜ ਨੂੰ ਉਹ ਪੂਰਾ ਕਰਦੀਆਂ ਹਨ ਉਸ ਦਾ ਨਿਸ਼ਚਿਤ ਕਰਦਾਰ ਕੀ ਹੈ, ਉਹ ਨਿਸ਼ਚਿਤ ਮਾਤਰਾ ਵਿੱਚ ਇੱਕ ਦੂਜੇ ਦੇ ਬਰਾਬਰ ਹੁੰਦੀਆਂ ਹਨ, ਉਹ ਵਟਾਂਦਰੇ ਦੇ ਅਮਲ ਵਿੱਚ ਇਕ ਦੂਜੇ ਦੀ ਥਾਂ ਲੈਂਦੀਆਂ ਹਨ, ਇੱਕ ਦੂਜੇ ਦੇ ਸਮਾਨ ਸਮਝੀਆਂ ਜਾਂਦੀਆਂ ਹਨ ਅਤੇ ਆਪਣੀਆਂ ਰੰਗ-ਬਰੰਗੀਆਂ ਸ਼ਕਲਾਂ ਦੇ ਬਾਵਜੂਦ ਸਾਂਝਾ ਮੁੱਲ ਰੱਖਦੀਆਂ ਹਨ। ਵਰਤੋਂ ਕਦਰਾਂ ਸਿੱਧੇ ਤੌਰ 'ਤੇ ਹੋਂਦ ਦੇ ਸਾਧਨ ਦਾ ਕੰਮ ਕਰਦੀਆਂ ਹਨ। ਪਰ ਦੂਜੇ ਪਾਸੇ ਹੋਂਦ ਦੇ ਇਹ ਸਾਧਨ ਆਮ ਸਮਾਜਿਕ ਕਿਰਿਆ, ਇਹਨਾਂ 'ਤੇ ਖਰਚ ਹੋਈ ਮਨੁੱਖੀ ਸ਼ਕਤੀ, **ਪਦਾਰਥਕ ਰੂਪ ਵਿੱਚ ਢਾਲੀ ਗਈ ਕਿਰਤ** ਦੀ ਪੈਦਾਵਾਰ ਹਨ। ਸਮਾਜੀ ਕਿਰਤ ਦੇ ਸਾਕਾਰ ਰੂਪ ਵਜੋਂ ਸਾਰੀਆਂ ਜਿਣਸਾਂ ਇੱਕੋ ਤੱਤ ਦਾ ਦਿੱਸਦਾ ਰੂਪ ਹਨ। ਹੁਣ ਇਸ ਤੱਤ, ਭਾਵ, ਕਿਰਤ, ਜਿਹੜੀ ਕਿਸੇ ਵਟਾਂਦਰਾ-ਕਦਰ ਵਿੱਚ ਲੱਗੀ ਹੋਈ ਹੈ, ਇਸ ਦੇ ਕਰਦਾਰ ਦੀ ਪੜਤਾਲ ਕਰਨੀ ਜ਼ਰੂਰੀ ਹੈ। ਮੰਨ ਲਓ ਇੱਕ ਔਂਸ ਸੋਨਾ, ਇੱਕ ਟਨ ਲੋਹਾ, ਇਕ ਕੁਆਰਟਰ ਕਣਕ ਅਤੇ ਵੀਹ ਗਜ਼ ਰੇਸ਼ਮ ਇੱਕ ਬਰਾਬਰ ਵਟਾਂਦਰਾ ਕਦਰਾਂ ਹਨ। ਵਟਾਂਦਰਾ ਕਦਰ ਵਜੋਂ, ਜਿਸ ਰਾਹੀਂ ਇਹਨਾਂ ਦੀਆਂ ਵਰਤੋਂ-ਕਦਰਾਂ ਦਾ ਗੁਣਾਤਮਕ ਫਰਕ ਦੂਰ ਕੀਤਾ ਜਾਂਦਾ ਹੈ, ਇਹ ਇੱਕੋ ਕਿਸਮ ਦੀ ਕਿਰਤ ਦੀ ਬਰਾਬਰ ਮਾਤਰਾ ਦਾ ਪ੍ਰਗਟਾਵਾ ਕਰਦੀਆਂ ਹਨ। ਜਿਸ ਕਿਰਤ ਨੂੰ ਇਹਨਾਂ ਵਿੱਚ ਠੋਸ ਰੂਪ ਦਿੱਤਾ ਗਿਆ ਹੈ ਇਹ ਅਵੱਸ਼ ਹੀ ਇੱਕੋ ਤਰ੍ਹਾਂ ਦੀ, ਬਰਾਬਰ ਤੇ ਸਾਦਾ ਕਿਰਤ ਹੋਣੀ ਚਾਹੀਦੀ ਹੈ; ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ ਕਿ ਇਹ ਸੋਨੇ ਵਿੱਚ ਲਾਈ ਗਈ ਹੈ ਜਾਂ ਲੋਹੇ ਵਿੱਚ ਜਾਂ ਕਣਕ ਜਾਂ ਰੇਸ਼ਮ ਵਿੱਚ ਲਾਈ ਗਈ ਹੈ, ਜਿਵੇਂ ਕਿ ਆਕਸੀਜਨ ਲਈ ਇਸ ਵਿੱਚ ਕੋਈ ਫਰਕ ਨਹੀਂ ਕਿ ਇਹ ਜੰਗ ਮਾਰੇ ਲੋਹੇ ਵਿੱਚ ਮਿਲਦੀ ਹੈ ਜਾਂ ਵਾਤਾਵਰਣ ਵਿੱਚ ਜਾਂ ਅੰਗੂਰਾਂ ਦੇ ਰਸ ਵਿੱਚ ਜਾਂ ਮਨੁੱਖ ਦੇ ਖ਼ੂਨ ਵਿੱਚ। ਪਰ ਖਾਨ ਵਿੱਚੋਂ ਸੋਨਾ ਪੁੱਟਣਾ, ਲੋਹਾ ਪੁੱਟਣਾ, ਰੇਸ਼ਮ ਬੁਣਨਾ ਤੇ ਕਣਕ ਉਗਾਉਣਾ ਗੁਣਾਤਮਕ ਤੌਰ 'ਤੇ ਵੱਖਰੀ ਕਿਸਮ ਦੀ ਕਿਰਤ ਹੈ। ਅਸਲੀਅਤ ਵਿੱਚ ਜਿਹੜੀ ਚੀਜ਼ ਬਾਹਰਮੁਖੀ ਤੌਰ 'ਤੇ ਵਰਤੋਂ-ਕਦਰਾਂ ਦੀ ਭਿੰਨਤਾ ਵਜੋਂ ਜ਼ਾਹਰ ਹੁੰਦੀ ਹੈ, ਜੇ ਇਸ ਨੂੰ ਗਤੀਸ਼ੀਲ ਢੰਗ ਨਾਲ਼ ਵੇਖਿਆ ਜਾਵੇ ਤਾਂ ਇਹ ਉਹਨਾਂ ਸਰਗਰਮੀਆਂ ਦੀ ਭਿੰਨਤਾ ਵਜੋਂ ਜ਼ਾਹਰ ਹੁੰਦੀ ਹੈ ਜਿਹੜੀਆਂ ਸਰਗਰਮੀਆਂ ਇਹ ਵਰਤੋਂ ਕਦਰਾਂ ਪੈਦਾ ਕਰਦੀਆਂ ਹਨ। ਕਿਉਂਕਿ ਉਹ ਖਾਸ ਮਾਲ, ਜਿਸ ਤੋਂ ਇਹ ਵਰਤੋਂ ਕਦਰਾਂ ਬਣਦੀਆਂ ਹਨ ਉਸ ਕਿਰਤ ਲਈ ਕੋਈ ਅਰਥ ਨਹੀਂ ਰੱਖਦਾ ਜਿਹੜੀ ਵਟਾਂਦਰਾ ਕਦਰ ਬਣਾਉਂਦੀ ਹੈ ਇਸੇ ਤਰ੍ਹਾਂ ਕਿਰਤ ਦਾ ਨਿਸ਼ਚਿਤ ਰੂਪ ਵੀ ਕੋਈ ਅਰਥ ਨਹੀਂ ਰੱਖਦਾ। ਇਸ ਤੋਂ ਇਲਾਵਾ ਵੱਖ ਵੱਖ ਵਰਤੋਂ-ਕਦਰਾਂ ਵੱਖ ਵੱਖ ਵਿਅਕਤੀਆਂ ਦੀਆਂ ਸਰਗਰਮੀਆਂ ਦੀ ਪੈਦਾਵਾਰ ਹਨ ਅਤੇ ਇਸੇ ਲਈ ਇਹ ਵੱਖੋ ਵੱਖ ਕਿਸਮ ਦੀ ਕਿਰਤ ਦੀ ਪੈਦਾਵਾਰ ਹਨ। ਪਰ ਵਰਤੋਂ ਕਦਰ ਵਜੋਂ ਇਹ ਇੱਕੋ ਤਰ੍ਹਾਂ ਦੀ ਸਮਾਨ ਕਿਰਤ ਦਾ ਪ੍ਰਗਟਾਵਾ ਕਰਦੀਆਂ ਹਨ ਭਾਵ ਕਿਰਤ ਜਿਸ ਵਿੱਚ ਮਜ਼ਦੂਰ ਦੀਆਂ ਵਿਅਕਤੀਗਤ ਖ਼ੂਬੀਆਂ ਕਿਤੇ ਨਹੀਂ ਦਿੱਸਦੀਆਂ। ਇਸ ਲਈ ਜਿਹੜੀ ਕਿਰਤ ਵਟਾਂਦਰਾ ਕਦਰ ਪੈਦਾ ਕਰਦੀ ਹੈ ਇਹ

ਨਿਰਪੱਖ ਸਾਧਾਰਨ ਕਿਰਤ ਹੁੰਦੀ ਹੈ।

ਜੇ ਇੱਕ ਔਂਸ ਸੋਨਾ, ਇੱਕ ਟਨ ਲੋਹਾ, ਇੱਕ ਕੁਆਰਟਰ ਕਣਕ ਅਤੇ ਵੀਹ ਗਜ਼ ਰੇਸ਼ਮ ਇੱਕੋ ਮਾਤਰਾ ਦੀ ਵਟਾਂਦਰਾ ਕਦਰ ਹਨ ਜਾਂ ਬਰੋਬਰਾਬਰ ਹਨ, ਤਾਂ ਇੱਕ ਔਂਸ ਸੋਨਾ, ਅੱਧਾ ਟਨ ਲੋਹਾ, ਤਿੰਨ ਬੁਸ਼ਲ ਕਣਕ ਅਤੇ ਪੰਜ ਗਜ਼ ਰੇਸ਼ਮ ਉਹ ਵਟਾਂਦਰਾ ਕਦਰਾਂ ਹਨ ਜਿਨ੍ਹਾਂ ਦੀ ਮਾਤਰਾ ਵੱਖ ਵੱਖ ਹੈ ਤੇ ਇਹ ਗਿਣਨਾਤਮਕ ਫਰਕ ਇੱਕ ਫਰਕ ਹੈ, ਜਿਸ ਦੇ ਉਹ ਯੋਗ ਹਨ ਵਟਾਂਦਰਾ ਕਦਰਾਂ ਹੋਣ ਦੇ ਨਾਤੇ। ਵੱਖ ਵੱਖ ਮਾਤਰਾ ਦੀਆਂ ਵਟਾਂਦਰਾ ਕਦਰਾਂ ਹੋਣ ਦੇ ਨਾਤੇ ਉਹ ਸਾਦਾ, ਇੱਕਸਾਰ, ਨਿਰਪੱਖ ਸਧਾਰਨ ਕਿਰਤ ਦੇ ਵੱਡੇ ਜਾਂ ਛੋਟੇ ਹਿੱਸੇ ਦਾ ਪ੍ਰਗਟਾਵਾ ਕਰਦੇ ਹਨ ਜੋ ਕਿ ਵਟਾਂਦਰਾ ਕਦਰ ਵੀ ਸਾਰ ਤੱਤ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਹ ਮਾਤਰਾਵਾਂ ਕਿਵੇਂ ਮਿਣੀਆਂ ਗਿਣੀਆਂ ਜਾ ਸਕਦੀਆਂ ਹਨ ? ਜਾਂ ਸਗੋਂ ਇਹ ਸੁਆਲ ਵਧੇਰੇ ਸਹੀ ਹੈ ਕਿ ਇਸ ਕਿਰਤ ਦੀ ਹੋਂਦ ਦਾ ਗਿਣਨਾਤਮਕ ਰੂਪ ਕੀ ਹੈ, ਕਿਉਂਕਿ ਜਿਣਸਾਂ ਦੇ ਵਟਾਂਦਰਾ ਕਦਰ ਵਜੋਂ ਗਿਣਨਾਤਮਕ ਫਰਕ ਹੀ ਹੈ। ਜਿਵੇਂ ਹਰਕਤ ਸਮੇਂ ਅਨੁਸਾਰ ਮਾਪੀ ਜਾਂਦੀ ਹੈ, ਇਸੇ ਤਰ੍ਹਾਂ ਕਿਰਤ ਕਿਰਤ-ਸਮੇਂ ਅਨੁਸਾਰ ਮਾਪੀ ਜਾਂਦੀ ਹੈ। ਜੇ ਕਿਰਤ ਦੇ ਗੁਣ ਪਹਿਲੋਂ ਦੱਸੇ ਗਏ ਮੰਨ ਲਏ ਜਾਣ ਤਾਂ ਇੱਕੋ ਇੱਕ ਫਰਕ ਜਿਹੜਾ ਪੈ ਸਕਦਾ ਹੈ, ਉਹ ਕਿਰਤ ਦੇ ਸਮੇਂ ਦਾ ਹੀ ਹੋ ਸਕਦਾ ਹੈ। ਕਿਰਤ ਸਮਾਂ, ਸਮੇਂ ਦੀਆਂ ਕੁਦਰਤੀ ਇਕਾਈਆਂ — ਘੰਟੇ, ਦਿਨਾਂ, ਹਫ਼ਤਿਆਂ ਆਦਿ — ਵਿੱਚ ਗਿਣਿਆ ਜਾਂਦਾ ਹੈ। ਕਿਰਤ ਸਮਾਂ ਕਿਰਤ ਦੀ ਹੋਂਦ ਦਾ ਜਿਊਂਦਾ ਸਮਾਂ ਹੈ, ਇਸ ਦਾ ਰੂਪ, ਤੱਤ, ਵਿਅਕਤੀਗਤ ਪੱਖ ਚਾਹੇ ਕੁਝ ਵੀ ਹੋਣ: ਇਹ ਕਿਰਤ ਦਾ ਗਿਣਨਾਤਮਕ ਪੱਖ ਵੀ ਹੈ ਅਤੇ ਇਸ ਦਾ ਸੁਭਾਵਕ ਆਪ ਵੀ ਹੈ। ਜਿਣਸਾਂ ਦੀ ਵਰਤੋਂ ਕਦਰ ਵਜੋਂ ਪਦਾਰਥਕ ਰੂਪ ਵਿੱਚ ਜ਼ਾਹਰ ਹੁੰਦਾ ਕਿਰਤ ਸਮਾਂ ਉਹ ਤੱਤ ਹੈ, ਜਿਹੜਾ ਇਹਨਾਂ ਨੂੰ ਵਟਾਂਦਰਾ ਕਦਰਾਂ ਵਿੱਚ ਅਤੇ ਇਸੇ ਕਾਰਨ ਜਿਣਸਾਂ ਵਿੱਚ ਬਦਲਦਾ ਹੈ ਤੇ ਉਹ ਆਪ ਵੀ ਹੈ ਜਿਸ ਨਾਲ਼ ਉਹਨਾਂ ਦੀ ਕਦਰ ਦੀ ਸਹੀ ਸਹੀ ਮਾਤਰਾ ਮਿਲ ਜਾਂਦੀ ਹੈ। ਵੱਖ ਵੱਖ ਵਰਤੋਂ ਕਦਰਾਂ ਦੀਆਂ ਮੁਕਾਬਲਤਨ ਮਾਤਰਾਵਾਂ, ਜਿਨ੍ਹਾਂ ਦੇ ਵਿੱਚ ਬਰਾਬਰ ਮਾਤਰਾ ਵਿੱਚ ਕਿਰਤ ਸਮਾਂ ਲੱਗਿਆ ਹੁੰਦਾ ਹੈ, ਬਰਾਬਰ ਹੁੰਦੀਆਂ ਹਨ; ਭਾਵ ਸਭ ਵਰਤੋਂ-ਕਦਰਾਂ ਇੱਕ ਦੂਜੇ ਦੇ ਬਰਾਬਰ ਹੁੰਦੀਆਂ ਹਨ ਜੇ ਉਹ ਉਤਨੀ ਮਾਤਰਾ ਵਿੱਚ ਲਾਈਆਂ ਜਾਣ ਜਿਸ ਉੱਤੇ ਇਕੋ ਮਾਤਰਾ ਵਿੱਚ ਕਿਰਤ ਸਮਾਂ ਲੱਗਿਆ ਹੋਵੇ। ਵਟਾਂਦਰਾ ਕਦਰ ਵਜੋਂ ਲਈਏ ਤਾਂ ਸਭ ਜਿਣਸਾਂ ਉਹਨਾਂ ਵਿੱਚ **ਲੁਕੇ ਕਿਰਤ ਸਮੇਂ ਦੀ** ਨਿਸ਼ਚਿਤ ਮਾਤਰਾ ਹੀ ਹਨ।

ਵਟਾਂਦਰਾ ਕਦਰ ਦਾ ਨਿਰਣਾ ਕਿਰਤ-ਸਮੇਂ ਨਾਲ਼ ਹੁੰਦਾ ਹੈ, ਇਹ ਗੱਲ ਸਮਝਣ ਲਈ ਹੇਠ ਲਿਖੀਆਂ ਬੁਨਿਆਦੀ ਧਾਰਨਾਵਾਂ ਸਮਝਣੀਆਂ ਜ਼ਰੂਰੀ ਹਨ। ਕਿਰਤ ਕੇਵਲ ਸਾਦਾ ਕਿਰਤ ਹੀ ਮੰਨੀ ਜਾਂਦੀ ਹੈ, ਅਜਿਹੀ ਕਿਰਤ ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਦ ਗੁਣਨਾਤਮਕ ਲੱਛਣ ਕੋਈ ਨਹੀਂ, ਕਿਰਤ ਜਿਹੜੀ ਵਟਾਂਦਰਾ ਕਦਰ ਤੇ ਇਸੇ ਕਾਰਨ ਜਿਣਸਾਂ ਪੈਦਾ ਕਰਦੀ ਹੈ, ਇਹ **ਸਮਾਜਿਕ ਕਿਰਤ** ਹੀ ਹੈ; ਅੰਤਮ ਗੱਲ ਇਹ ਹੈ ਕਿ ਇਹ ਕਿਰਤ ਜਿੱਥੋਂ ਤੱਕ ਇਸ ਦੇ ਫਲ ਵਰਤੋਂ ਕਦਰ ਹਨ, ਉਸ ਕਿਰਤ ਤੋਂ ਵੱਖਰੀ ਹੈ ਜਿਸ ਦੇ ਫਲ ਵਜੋਂ ਵਟਾਂਦਰਾ ਕਦਰ ਬਣਦੀ ਹੈ।

ਜਿਣਸਾਂ ਦੀ ਵਟਾਂਦਰਾ ਕਦਰ ਉਹਨਾਂ ਵਿੱਚ ਲੱਗੇ ਕਿਰਤ ਸਮੇਂ ਨਾਲ਼ ਮਾਪਣ ਲਈ, ਵੱਖ ਵੱਖ ਤਰ੍ਹਾਂ ਦੀ ਕਿਰਤ ਇਕਸਾਰ, ਮਿਲਦੀ ਜੁਲਦੀ ਸਾਦਾ ਕਿਰਤ ਵਿੱਚ ਢਾਲਣੀ ਪੈਂਦੀ ਹੈ, ਸੰਖੇਪ ਵਿੱਚ ਇੱਕੋ ਕਿਸਮ ਦੀ ਕਿਰਤ ਵਿੱਚ ਢਾਲਣੀ ਪੈਂਦੀ ਹੈ ਜਿਸ ਦਾ ਇੱਕੋ ਫਰਕ ਕੇਵਲ ਮਾਤਰਾ ਦਾ ਹੈ।

ਕਿਰਤ ਨੂੰ ਏਸ ਤਰ੍ਹਾਂ ਇੱਕੋ ਰੂਪ ਵਿੱਚ ਢਾਲਣਾ ਇੱਕ ਕਲਪਨਾ ਲੱਗਦੀ ਹੈ, ਪਰ ਅਜਿਹੀ ਕਲਪਨਾ ਹੈ ਜਿਹੜੀ ਉਤਪਾਦਨ ਦੇ ਸਮਾਜਿਕ ਅਮਲ ਵਿੱਚ ਰੋਜ਼ਾਨਾ ਕੀਤੀ ਜਾਂਦੀ ਹੈ। ਸਾਰੀਆਂ ਜਿਣਸਾਂ ਨੂੰ ਕਿਰਤ ਸਮੇਂ ਵਿੱਚ ਬਦਲਣਾ ਇਸ ਤੋਂ ਵੱਡੀ ਕਲਪਨਾ ਨਹੀਂ ਤੇ ਇਸ ਤੋਂ ਘੱਟ ਹਕੀਕਤ ਨਹੀਂ ਕਿ ਸਾਰੀਆਂ ਸਜੀਵ ਚੀਜ਼ਾਂ ਹਵਾ ਵਿੱਚ ਮਿਲ ਜਾਂਦੀਆਂ ਹਨ। ਨਿਰਸੰਦੇਹ ਇਸ ਤਰ੍ਹਾਂ ਸਮੇਂ ਅਨੁਸਾਰ ਮਾਪੀ ਜਾਂਦੀ ਕਿਰਤ ਨਹੀਂ ਲੱਗਦੀ ਸਗੋਂ ਵੱਖ ਵੱਖ ਕਾਮੇ ਵਿਅਕਤੀ ਇਸ ਕਿਰਤ ਦੇ ਸਾਧਨ ਹੀ ਲੱਗਦੇ ਹਨ। ਦੂਜੇ ਸ਼ਬਦਾਂ ਵਿੱਚ ਵਟਾਂਦਰਾ ਕਦਰਾਂ ਵਿੱਚ ਲੱਗੀ ਕਿਰਤ **ਸਾਧਾਰਨ ਰੂਪ ਵਿੱਚ ਮਨੁੱਖੀ** ਕਿਰਤ ਨਹੀਂ ਕਹੀ ਜਾ ਸਕਦੀ ਹੈ। ਇਹ ਧਾਰਨਾ, ਆਮ ਮਨੁੱਖੀ ਕਿਰਤ ਦੀ ਧਾਰਨਾ, ਔਸਤ ਕਿਰਤ ਦੇ ਰੂਪ ਵਿੱਚ **ਕਾਇਮ** ਹੈ ਜਿਹੜੀ ਕਿਸੇ ਦਿੱਤੇ ਸਮਾਜ ਵਿੱਚ ਔਸਤ ਮਨੁੱਖ ਕਰ ਸਕਦਾ ਹੈ। ਇਹ ਉਤਪਾਦਨ ਵਿੱਚ ਮਨੁੱਖ ਦੇ ਪੱਠਿਆਂ, ਨਾੜਾਂ, ਦਿਮਾਗ ਆਦਿ ਦਾ ਨਿਸ਼ਚਿਤ ਮਾਤਰਾ ਵਿੱਚ ਖਰਚ ਹੋਣਾ ਹੈ। ਇਹ ਸਾਦਾ ਕਿਰਤ* ਹੈ ਜਿਹੜੀ ਹਰ ਔਸਤ ਮਨੁੱਖ ਨੂੰ ਕਰਨੀ ਸਿਖਾਈ ਜਾ ਸਕਦੀ ਹੈ ਤੇ ਜਿਹੜੀ ਇੱਕ ਜਾਂ ਦੂਜੇ ਰੂਪ ਵਿੱਚ ਉਸ ਨੂੰ ਕਰਨੀ ਪੈਂਦੀ ਹੈ। ਇਸ ਔਸਤ ਕਿਰਤ ਦੀਆਂ ਵਿਸ਼ੇਸ਼ਤਾਈਆਂ ਵੱਖ ਵੱਖ ਦੇਸ਼ਾਂ ਵਿੱਚ ਅਤੇ ਵੱਖ ਵੱਖ ਇਤਿਹਾਸਕ ਯੁੱਗਾਂ ਵਿੱਚ ਵੱਖ ਵੱਖ ਹੁੰਦੀਆਂ ਹਨ ਪਰ ਕਿਸੇ ਨਿਸ਼ਚਿਤ ਸਮਾਜ ਵਿੱਚ ਇਹ ਪਹਿਲੋਂ ਹੀ ਕਾਇਮ ਚੀਜ਼ ਲੱਗਦੀ ਹੈ। ਬੁਰਜੂਆ ਸਮਾਜ ਵਿੱਚ ਕੀਤੀ ਜਾਂਦੀ ਕਿਰਤ ਵਿੱਚ ਵੱਡਾ ਹਿੱਸਾ ਸਾਧਾਰਨ ਕਿਰਤ ਦਾ ਹੀ ਹੁੰਦਾ ਹੈ ਜਿਵੇਂ ਕਿ ਅੰਕੜੇ ਦਰਸਾਂਦੇ ਹਨ। ਚਾਹੇ 'ਏ' 6 ਘੰਟੇ ਲੋਹਾ ਪੈਦਾ ਕਰਨ ਤੇ ਕੰਮ ਕਰੇ ਤੇ 6 ਘੰਟੇ ਕੱਪੜਾ ਬਣਾਉਣ ਉੱਤੇ ਲਾਵੇ ਜਾਂ 'ਏ' 12 ਘੰਟੇ ਲੋਹਾ ਪੈਦਾ ਕਰਨ ਉੱਤੇ ਲਾਵੇ ਤੇ 'ਬੀ' 12 ਘੰਟੇ ਕੱਪੜਾ ਬਣਾਉਣ 'ਤੇ ਲਾਵੇ, ਇਹ ਗੱਲ ਬਿਲਕੁਲ ਪ੍ਰਤੱਖ ਹੈ ਕਿ ਇਹ **ਇੱਕੋ** ਕਿਰਤ ਸਮੇਂ ਦੀ ਵੱਖ ਵੱਖ ਵਰਤੋਂ ਹੈ। ਪਰ ਵਧੇਰੇ ਗੁੰਝਲਦਾਰ ਕਿਰਤ ਦੇ ਸਬੰਧ ਵਿੱਚ ਕੀ ਸਥਿਤੀ ਹੁੰਦੀ ਹੈ ਜਿਹੜੀ ਕਿਰਤ ਕਿ ਵਧੇਰੇ ਜ਼ੋਰਦਾਰ ਹੋਣ ਕਾਰਨ ਅਤੇ ਵਧੇਰੇ ਵਿਸ਼ੇਸ਼-ਗੰਭੀਰਤਾ ਮੰਗਣ ਵਾਲ਼ੀ ਹੋਣ ਕਾਰਨ, ਸਾਧਾਰਨ ਕਿਰਤ ਤੋਂ ਉਚੇਰੇ ਪੱਧਰ ਦੀ ਹੁੰਦੀ ਹੈ ? ਇਸ ਤਰ੍ਹਾਂ ਦੀ ਕਿਰਤ ਆਪਣੇ ਆਪ ਨੂੰ ਸਧਾਰਨ ਕਿਰਤ ਵਿੱਚ ਢਾਲ ਲੈਂਦੀ ਹੈ; ਇਹ ਸਾਦਾ ਕਿਰਤ ਹੀ ਹੈ ਜਿਸ ਨੂੰ ਉਚੇਰੀ ਸ਼ਕਤੀ ਤੱਕ ਵਧਾਇਆ ਗਿਆ ਹੈ, ਤਾਂ ਜੋ, ਉਦਾਹਰਣ ਲਈ, ਹੁਨਰਮੰਦ ਕਿਰਤ ਦਾ ਇੱਕ ਦਿਨ, ਗੈਰ-ਹੁਨਰਮੰਦ ਕਿਰਤ ਦੇ ਤਿੰਨ ਦਿਨਾਂ ਦੇ ਬਰਾਬਰ ਹੋ ਸਕੇ। ਕਿਰਤ ਨੂੰ ਇਸ ਤਰ੍ਹਾਂ ਇੱਕ ਦੂਜੇ ਵਿੱਚ ਬਦਲਣ ਦੇ ਕਾਨੂੰਨਾਂ ਦਾ ਸਾਡੇ ਨਾਲ਼ ਇੱਥੇ ਕੋਈ ਸਬੰਧ ਨਹੀਂ। ਪਰ ਇਹ ਪ੍ਰਤੱਖ ਹੈ ਕਿ ਅਜਿਹੀ ਅਦਲਾਬਦਲੀ ਕੀਤੀ ਜਾਂਦੀ ਹੈ

* ਅੰਗਰੇਜ਼ ਅਰਥ-ਸ਼ਾਸਤਰੀ ਇਸ ਨੂੰ "ਗੈਰ-ਹੁਨਰਮੰਦ ਕਿਰਤ" ਕਹਿੰਦੇ ਹਨ।

ਕਿਉਂਕਿ, ਵਟਾਂਦਰਾ ਕਦਰ ਵਜੋਂ ਬਹੁਤ ਹੁਨਰਮੰਦ ਕਿਰਤ ਦੀ ਉਪਜ ਇੱਕ ਨਿਸ਼ਚਿਤ ਤਨਾਸਬ ਵਿੱਚ, ਸਧਾਰਨ ਔਸਤ ਕਿਰਤ ਦੇ ਬਰਾਬਰ ਹੁੰਦੀ ਹੈ।

ਇਸ ਤੋਂ ਇਲਾਵਾ ਵਟਾਂਦਰਾ ਕਿਰਤਾਂ ਦਾ ਨਿਰਣਾ ਕਰਨ ਲਈ ਇਹ ਗੱਲ ਪਹਿਲੋਂ ਹੀ ਮੰਨੀ ਜਾਂਦੀ ਹੈ ਕਿ ਕਿਸੇ ਨਿਸ਼ਚਿਤ ਜਿਣਸ ਵਿੱਚ ਕਿਰਤ ਦੀ **ਇੱਕੋ ਜਿੰਨੀ ਮਾਤਰਾ** ਲੱਗੀ ਹੋਈ ਹੈ। ਉਦਾਹਰਣ ਲਈ ਇੱਕ ਟਨ ਲੋਹਾ ਲਓ। ਚਾਹੇ ਇਹ 'ਏ' ਨੇ ਪੈਦਾ ਕੀਤਾ ਜਾਂ 'ਬੀ' ਨੇ, ਵੱਖ ਵੱਖ ਵਿਅਕਤੀ ਇੱਕੋ ਗੁਣਾਂ ਵਾਲ਼ੀਆਂ ਤੇ ਇੱਕੋ ਮਾਤਰਾ ਵਿੱਚ ਵਰਤੋਂ ਕਦਰਾਂ ਪੈਦਾ ਕਰਨ ਵਿੱਚ ਕਿਰਤ ਸਮੇਂ ਦੀ ਇੱਕੋ ਜਿੰਨੀ ਮਾਤਰਾ ਲਾਉਣਗੇ। ਦੂਜੇ ਸ਼ਬਦਾਂ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਕਿਸੇ ਜਿਣਸ ਵਿੱਚ ਲੱਗਿਆ ਕਿਰਤ ਸਮਾਂ ਉਹ ਕਿਰਤ ਸਮਾਂ ਹੈ ਜਿਹੜਾ ਇਸ ਦੇ ਉਤਪਾਦਨ ਲਈ **ਜ਼ਰੂਰੀ** ਹੈ, ਭਾਵ ਉਹ ਕਿਰਤ ਸਮਾਂ ਜਿਹੜਾ ਉਤਪਾਦਨ ਦੀਆਂ ਸਾਧਾਰਨ ਪ੍ਰਚਲਤ ਹਾਲਤਾਂ ਵਿੱਚ, ਉਸੇ ਜਿਣਸ ਦੀ ਇੱਕ ਹੋਰ ਇਕਾਈ ਪੈਦਾ ਕਰਨ 'ਤੇ ਲੱਗੇਗਾ।

ਵਟਾਂਦਰਾ ਕਦਰ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਰਤ ਦੀਆਂ ਹਾਲਤਾਂ, ਜਿਹੜੀਆਂ ਵਟਾਂਦਰਾ-ਕਦਰ ਬਣਾਉਂਦੀਆਂ ਹਨ, ਉਹ ਕਿਰਤ ਦੀਆਂ ਸਮਾਜੀ ਕਿਸਮਾਂ ਹਨ ਜਾਂ ਸਮਾਜੀ ਕਿਰਤ ਦੀਆਂ ਕਿਸਮਾਂ ਹਨ। ਸਮਾਜ ਦਾ ਉਹ ਅਰਥ ਨਹੀਂ ਜਿਹੜਾ ਆਮ ਤੌਰ 'ਤੇ ਕਿਹਾ ਜਾਂਦਾ ਹੈ, ਸਗੋਂ ਨਿਸ਼ਚਿਤ ਭਾਵ ਨਾਲ਼ ਜਿਹੜਾ ਸਮਾਜ ਦੀ ਕਿਸੇ ਵਿਸ਼ੇਸ਼ ਕਿਸਮ ਦਾ ਸੂਚਕ ਹੈ। ਇਕਸਾਰ ਸਾਦਾ ਕਿਰਤ ਤੋਂ ਮੁਰਾਦ ਹੈ ਪਹਿਲੀ ਗੱਲ ਕਿ ਵੱਖ ਵੱਖ ਵਿਅਕਤੀਆਂ ਦੀ ਕਿਰਤ **ਬਰਾਬਰ** ਹੈ ਅਤੇ ਕਿ ਉਹਨਾਂ ਦੀ ਕਿਰਤ ਇੱਕੋ ਜਿਹੀ ਕਿਰਤ ਵਿੱਚ ਬਦਲ ਕੇ ਇੱਕ ਬਰਾਬਰ ਮੰਨੀ ਜਾਂਦੀ ਹੈ। ਹਰ ਵਿਅਕਤੀ ਦੀ ਕਿਰਤ ਜਿੱਥੋਂ ਤੱਕ ਇਹ ਵਟਾਂਦਰਾ-ਕਦਰ ਵਜੋਂ ਆਪਣਾ ਪ੍ਰਗਟਾਵਾ ਕਰਦੀ ਹੈ, ਸਮਾਨਤਾ ਦਾ ਇਹ ਸਮਾਜੀ ਕਰਦਾਰ ਰੱਖਦੀ ਹੈ, ਅਤੇ ਇਹ ਵਟਾਂਦਰਾ ਕਦਰ ਵਿੱਚ ਉਦੋਂ ਤੱਕ ਹੀ ਆਪਣਾ ਪ੍ਰਗਟਾਵਾ ਕਰ ਸਕਦੀ ਹੈ ਜਦ ਤੱਕ ਇਹ ਦੂਜੇ ਵਿਅਕਤੀਆਂ ਦੀ ਕਿਰਤ ਦੇ ਨਾਲ਼ ਮਿਲਾਈ ਜਾ ਸਕਦੀ ਹੈ।

ਇਸ ਤੋਂ ਇਲਾਵਾ ਵਟਾਂਦਰਾ-ਕਦਰ ਵਿੱਚ ਕਿਸੇ ਵਿਅਕਤੀ ਦਾ ਕਿਰਤ-ਸਮਾਂ ਸਿੱਧੇ ਤੌਰ 'ਤੇ **ਸਧਾਰਨ ਕਿਰਤ-ਸਮੇਂ** ਵਜੋਂ ਪ੍ਰਗਟ ਕੀਤਾ ਜਾਂਦਾ ਹੈ ਅਤੇ ਵਿਅਕਤੀਗਤ ਕਿਰਤ ਦਾ ਇਹ **ਸਾਧਾਰਨ ਕਰਦਾਰ** ਇਸ ਕਿਰਤ ਦੇ **ਸਮਾਜੀ ਕਰਦਾਰ** ਵਜੋ ਜ਼ਾਹਰ ਹੁੰਦਾ ਹੈ। ਵਟਾਂਦਰਾ ਕਦਰ ਵਿੱਚ ਪ੍ਰਗਟ ਕੀਤੇ ਗਏ ਕਿਰਤ ਸਮੇਂ ਤੋਂ ਭਾਵ ਹੈ, ਇੱਕ ਵਿਅਕਤੀ ਦਾ ਕਿਰਤ ਸਮਾਂ, ਪਰ ਅਜਿਹੇ ਵਿਅਕਤੀ ਦਾ ਜਿਹੜਾ ਦੂਜੇ ਤੋਂ ਜਾਂ ਦੂਜੇ ਸਾਰੇ ਵਿਅਕਤੀਆਂ ਤੋਂ, ਜਿੱਥੋਂ ਤੱਕ ਕਿ ਉਹਨਾਂ ਦੇ ਉਸ ਦੇ ਬਰਾਬਰ ਕਿਰਤ ਕਰਨ ਦਾ ਸਬੰਧ ਹੈ, ਵੱਖਰਾ ਨਹੀਂ, ਇਸ ਲਈ ਕਿਰਤ ਸਮਾਂ, ਜਿਹੜਾ ਕੋਈ ਵੀ ਵਿਅਕਤੀ ਇੱਕ ਖਾਸ ਚੀਜ਼ ਬਣਾਉਣ ਲਈ ਲੈਂਦਾ ਹੈ, ਉਹ **ਜ਼ਰੂਰੀ** ਕਿਰਤ ਸਮਾਂ ਹੈ ਜਿਹੜਾ ਕੋਈ ਵੀ ਹੋਰ ਵਿਅਕਤੀ ਇਹੋ ਚੀਜ਼ ਬਣਾਉਣ ਲਈ ਲਵੇਗਾ। ਇਹ ਇੱਕ ਵਿਅਕਤੀ ਦਾ ਕਿਰਤ ਸਮਾਂ ਹੈ, **ਉਸ ਦਾ** ਕਿਰਤ ਸਮਾਂ ਹੈ, ਪਰ ਸਭ ਲਈ ਸਾਂਝੇ ਕਿਰਤ ਸਮੇਂ ਦੇ ਰੂਪ ਵਿੱਚ; ਸਿੱਟੇ ਵਜੋਂ ਇਸ ਗੱਲ ਦਾ ਕੋਈ ਫਰਕ

ਨਹੀਂ ਰਹਿੰਦਾ ਕਿ ਇਹ **ਕਿਸ ਦਾ** ਕਿਰਤ ਸਮਾਂ ਹੈ। ਇਹ **ਸਰਵ-ਵਿਆਪੀ** ਕਿਰਤ ਸਮਾਂ ਇੱਕ ਸਰਵ ਵਿਆਪੀ ਚੀਜ਼ ਵਿੱਚ ਪ੍ਰਗਟ ਹੁੰਦਾ ਹੈ, ਜਿਸ ਨੂੰ **ਸਰਵ ਵਿਆਪੀ ਸਮਫਲ** ਕਹਿੰਦੇ ਹਨ। ਇਹ ਪਦਾਰਥ ਰੂਪ ਵਿੱਚ ਬਦਲਿਆ ਨਿਸ਼ਚਿਤ ਕਿਰਤ ਸਮਾਂ ਹੈ, ਜਿਸ ਲਈ ਇਸ ਗੱਲ ਦਾ ਕੋਈ ਫਰਕ ਨਹੀਂ ਕਿ ਜਿਸ ਵਰਤੋਂ ਕਦਰ ਵਿੱਚ ਇਸ ਦਾ ਕਿਸੇ ਵਿਅਕਤੀ ਦੀ ਸਿੱਧੀ ਉਪਜ ਵਜੋਂ, ਪ੍ਰਗਟਾਵਾ ਹੋ ਰਿਹਾ ਹੈ, ਉਸ ਦਾ ਆਪਣਾ ਵਿਸੇਸ਼ ਰੂਪ ਕੀ ਹੈ, ਅਤੇ ਇਹ ਆਪਣੀ ਇੱਛਾ ਅਨੁਸਾਰ ਵਰਤੋਂ ਕਦਰ ਦੇ ਕਿਸੇ ਹੋਰ ਰੂਪ ਵਿੱਚ ਵੀ ਬਦਲਿਆ ਜਾ ਸਕਦਾ ਹੈ, ਜਿਸ ਰੂਪ ਵਿੱਚ ਇਹ ਕਿਸੇ ਹੋਰ ਵਿਅਕਤੀ ਦੀ ਉਪਜ ਵਜੋਂ ਪ੍ਰਗਟ ਹੁੰਦਾ ਹੈ। ਅਜਿਹੇ ਸਰਵ-ਵਿਆਪੀ ਮਾਪ ਵਜੋਂ ਹੀ ਇਹ **ਸਮਾਜੀ** ਮਾਪ ਦਾ ਕੰਮ ਕਰਦਾ ਹੈ। ਕਿਸੇ ਵਿਅਕਤੀ ਦੀ ਕਿਰਤ ਤਾਂ ਹੀ ਵਟਾਂਦਰਾ ਕਦਰ ਪੈਦਾ ਕਰ ਸਕਦੀ ਹੈ ਜੇ ਇਹ ਸਰਵ-ਵਿਆਪੀ **ਸਮਫਲ** ਪੈਦਾ ਕਰੇ, ਜਿਸ ਤੋਂ ਭਾਵ ਹੈ ਜੇ ਇਸ ਵਿਅਕਤੀ ਦਾ ਕਿਰਤ-ਸਮਾਂ ਸਰਵ-ਵਿਆਪੀ ਕਿਰਤ ਸਮੇਂ ਦਾ ਪ੍ਰਗਟਾਵਾ ਕਰਦਾ ਹੈ ਜਾਂ ਜੇ ਸਰਵ-ਵਿਆਪੀ ਕਿਰਤ ਸਮਾਂ ਵਿਅਕਤੀਗਤ ਕਿਰਤ ਸਮੇਂ ਦਾ ਪ੍ਰਗਟਾਵਾ ਕਰਦਾ ਹੈ।

ਸਭ ਦਾ ਫਲ ਇੱਕੋ ਹੈ, ਜਿਵੇਂ ਕਿ ਵੱਖ ਵੱਖ ਵਿਅਕਤੀਆਂ ਨੇ ਆਪਣਾ ਕਿਰਤ ਸਮਾਂ ਇਕੱਠਾ ਕਰ ਲਿਆ ਹੋਵੇ ਅਤੇ ਫੇਰ ਇਸ ਦੀ ਵੱਖ ਵੱਖ ਮਾਤਰਾ ਵੱਖ ਵੱਖ ਵਰਤੋਂ ਕਦਰਾਂ ਦੇ ਉਤਪਾਦਨ ਉੱਤੇ ਲਾ ਦਿੱਤੀ ਹੋਵੇ। ਇਸ ਤਰ੍ਹਾਂ ਇੱਕ ਵਿਅਕਤੀ ਦਾ ਕਿਰਤ ਸਮਾਂ ਅਸਲੀਅਤ ਵਿੱਚ ਉਹ ਕਿਰਤ ਸਮਾਂ ਹੈ ਜਿਹੜਾ ਸਮਾਜ ਨੂੰ ਇੱਕ ਵਿਸ਼ੇਸ਼ ਵਰਤੋਂ ਕਦਰ ਪੈਦਾ ਕਰਨ ਲਈ, ਇੱਕ ਨਿਸ਼ਚਿਤ ਮੰਗ ਪੂਰੀ ਕਰਨ ਲਈ ਲੋੜੀਂਦਾ ਹੈ। ਪਰ ਇੱਥੇ ਜਿਹੜੀ ਗੱਲ ਪ੍ਰਭਾਵ ਰੱਖਦੀ ਹੈ ਉਹ ਮਹਾਨ ਢੰਗ ਹੈ ਜਿਸ ਰਾਹੀਂ ਕਿਰਤ ਦਾ ਇਹ ਸਮਾਜੀ ਕਰਦਾਰ ਸਥਾਪਤ ਕੀਤਾ ਜਾਂਦਾ ਹੈ। ਮੰਨ ਲਓ ਕਿ ਧਾਗਾ ਕੱਤਣ ਵਾਲ਼ੇ ਦੇ ਕਿਰਤ ਸਮੇਂ ਦੀ ਨਿਸ਼ਚਿਤ ਮਾਤਰਾ ਇੱਕ ਸੌ ਪੌਂਡ ਸੂਤੀ ਧਾਗੇ ਵਿੱਚ ਪਦਾਰਥਕ ਰੂਪ ਅਖਤਿਆਰ ਕਰਦੀ ਹੈ ਅਤੇ ਇਤਨਾ ਹੀ ਕਿਰਤ ਸਮਾਂ ਇੱਕ ਸੌ ਗਜ਼ ਕੱਪੜੇ ਦਾ ਪ੍ਰਗਟਾਵਾ ਕਰਦਾ ਮੰਨਿਆ ਜਾਂਦਾ ਹੈ। ਕਿਉਂਕਿ ਇਹ ਦੋ ਉਪਜਾਂ ਸਰਵ-ਵਿਆਪੀ ਕਿਰਤ ਸਮੇਂ ਦੀ ਬਰਾਬਰ ਮਾਤਰਾ ਦਾ ਪ੍ਰਗਟਾਵਾ ਕਰਦੀਆਂ ਹਨ ਅਤੇ ਇਸ ਲਈ ਕਿਸੇ ਵੀ ਵਰਤੋਂ ਕਦਰ ਦੀਆਂ ਸਮਫਲ ਹਨ, ਜਿਨ੍ਹਾਂ ਵਿੱਚ ਇਤਨਾ ਹੀ ਸਮਾਂ ਲੱਗਿਆ ਹੁੰਦਾ ਹੈ, ਇਹ ਇੱਕ ਦੂਜੇ ਦੇ ਬਰਾਬਰ ਹਨ। ਕਿਉਂਕਿ ਕਤਾਈ ਕਰਨ ਵਾਲ਼ੇ ਤੇ ਬੁਣਨ ਵਾਲ਼ੇ ਦਾ ਕਿਰਤ ਸਮਾਂ ਸਰਵ-ਵਿਆਪੀ ਕਿਰਤ ਸਮੇਂ ਦੀ ਪ੍ਰਤੀਨਿੱਧਤਾ ਕਰਦਾ ਹੈ, ਉਹਨਾਂ ਦੀਆਂ ਉਪਜਾਂ ਸਰਵ-ਵਿਆਪੀ ਸਮਫਲ ਹਨ, ਕੇਵਲ ਇਸੇ ਕਾਰਨ ਦੋਵਾਂ ਦੀ ਕਿਰਤ ਦਾ ਸਮਾਜੀ ਪੱਖ, ਇੱਕ ਦੂਜੇ ਲਈ ਇੱਕ ਦੂਜੇ ਦੀ ਕਿਰਤ ਰਾਹੀਂ ਪ੍ਰਗਟ ਹੁੰਦਾ ਹੈ। ਇਸ ਤੋਂ ਭਾਵ ਹੈ, ਕੱਪੜਾ ਬੁਨਣ ਵਾਲ਼ੇ ਦੀ ਕਿਰਤ ਕਤਾਈ ਕਰਨ ਵਾਲ਼ੇ ਲਈ ਇਸ ਦਾ ਪ੍ਰਗਟਾਵਾ ਕਰਦੀ ਹੈ ਅਤੇ ਕਤਾਈ ਕਰਨ ਵਾਲੇ ਦੀ ਕਿਰਤ ਕੱਪੜਾ ਬੁਨਣ ਵਾਲ਼ੇ ਲਈ। ਦੂਜੇ ਪਾਸੇ ਉਤਪਾਦਨ ਦੀ ਪੇਂਡੂ ਪਿਤਾ-ਪੁਰਖੀ ਪ੍ਰਣਾਲੀ ਵਿੱਚ ਜਦ ਕਤਾਈ ਕਰਨ ਵਾਲ਼ਾ ਅਤੇ ਕੱਪੜਾ ਬੁਨਣ ਵਾਲ਼ਾ ਇੱਕੋ ਘਰ ਵਿੱਚੋਂ ਹੁੰਦੇ ਹਨ - ਪਰਿਵਾਰ ਦੀਆਂ ਔਰਤਾਂ ਸੂਤ ਕੱਤਦੀਆਂ ਸਨ ਅਤੇ ਮਰਦ ਕੱਪੜਾ ਬੁਣਦੇ ਸਨ ਤੇ ਮੰਨ ਲਓ ਇਹ ਕੰਮ ਪਰਿਵਾਰ ਦੀ

ਲੋੜਾਂ ਲਈ ਕੀਤਾ ਜਾਂਦਾ ਸੀ – ਧਾਗਾ ਅਤੇ ਕੱਪੜਾ ਪਰਿਵਾਰ ਦੇ ਢਾਂਚੇ ਵਿੱਚ ਹੀ ਸਮਾਜਿਕ ਉਪਜਾਂ ਸਨ ਅਤੇ ਕੱਤਣਾ ਤੇ ਬੁਨਣਾ ਸਮਾਜੀ ਕਿਰਤ। ਪਰ ਉਹਨਾਂ ਦਾ ਸਮਾਜੀ ਕਰਦਾਰ ਧਾਗੇ ਦੇ ਸਰਵ–ਵਿਆਪੀ ਸਮਫਲ ਹੋਣ ਦੇ ਰੂਪ ਵਿੱਚ ਜ਼ਾਹਰ ਨਹੀਂ ਸੀ ਹੁੰਦਾ, ਜਿਹੜਾ ਕੱਪੜੇ ਦੇ ਬਦਲ ਵਿੱਚ ਸਰਵ–ਵਿਆਪੀ ਸਮਫਲ ਵਜੋਂ ਬਦਲਿਆ ਜਾ ਸਕਦਾ ਹੋਵੇ, ਭਾਵ ਦੋਵੇਂ ਚੀਜ਼ਾਂ ਦਾ ਇੱਕ ਦੂਜੇ ਦੇ ਸਮਫਲ ਵਜੋਂ ਵਟਾਂਦਰਾ ਹੋ ਸਕੇ ਜਾਂ ਇੱਕੋ ਸਰਵ–ਵਿਆਪੀ ਕਿਰਤ ਸਮੇਂ ਦੇ ਬਰਾਬਰ ਤੇ ਮੰਨੇ ਹੋਏ ਰੂਪ ਵਜੋਂ ਵਟਾਂਦਰਾ ਹੋ ਸਕੇ। ਇਸ ਦੇ ਉਲਟ, ਕਿਰਤ ਦੀ ਉਪਜ ਪਰਿਵਾਰਕ ਸਬੰਧਾਂ ਅਤੇ ਇਹਨਾਂ ਵਿੱਚੋਂ ਕੁਦਰਤੀ ਤੌਰ ’ਤੇ ਪੈਦਾ ਹੋਈ ਕਿਰਤ ਦੀ ਵੰਡ ਦੀ ਵਿਸ਼ੇਸ਼ ਛਾਪ ਦਿੱਸਦੀ ਸੀ। ਜਾਂ ਆਓ ਮੱਧ ਕਾਲ ਦੀਆਂ ਸੇਵਾਵਾਂ ਅਤੇ ਉਹਨਾਂ ਲਈ ਜਿਣਸ ਵਿੱਚ ਭੁਗਤਾਨ ਦੀ ਪ੍ਰਣਾਲੀ ਲਈਏ। ਉਸ ਸਮੇਂ ਇਹ ਵਿਅਕਤੀ ਦੀ ਵਿਸ਼ੇਸ਼ ਨਿੱਖੜਵੀਂ ਕਿਰਤ ਉਸ ਦੇ ਆਪਣੇ ਮੌਲਿਕ ਰੂਪ ਵਿੱਚ, ਉਸ ਦੀ ਕਿਰਤ ਦੇ ਵਿਸ਼ੇਸ਼ ਲੱਛਣ ਸਨ, ਜਿਹੜੇ ਕਿ ਸਮਾਜਿਕ ਸਬੰਧ ਬਣਾਉਂਦੇ ਸਨ, ਨਾ ਕਿ ਉਸ ਦੀ ਕਿਰਤ ਦੇ ਸਰਵ–ਵਿਆਪੀ ਪੱਖ। ਜਾਂ ਆਓ ਅਸੀਂ ਕਿਰਤ ਨੂੰ ਲਈਏ, ਉਸ ਦੇ ਆਪ–ਮੁਹਾਰੇ ਬਣੇ ਰੂਪ ਵਿੱਚ ਜਿਵੇਂ ਅਸੀਂ ਇਸ ਨੂੰ ਸਾਰੀਆਂ ਸਭਿਅ ਕੌਮਾਂ ਵਿੱਚ ਉਹਨਾਂ ਦੇ ਇਤਿਹਾਸ ਦੇ ਆਰੰਭ ਵਿੱਚ ਵੇਖਦੇ ਹਾਂ* ਇਸ ਹਾਲਤ ਵਿੱਚ ਕਿਰਤ ਦਾ ਸਮਾਜੀ ਕਰਦਾਰ ਪ੍ਰਤੱਖ ਤੌਰ ’ਤੇ ਵਿਅਕਤੀਗਤ ਕਿਰਤ ਦੇ ਸਰਵ–ਵਿਆਪੀ ਕਿਰਤ ਦੇ ਨਿਰਪੱਖ ਰੂਪ ਧਾਰਨ ਕਰਨ ਨਾਲ਼ ਸਥਾਪਤ ਨਹੀਂ ਹੁੰਦਾ ਤੇ ਨਾ ਹੀ ਵਿਅਕਤੀਗਤ ਕਿਰਤ ਦੀ ਉਪਜ ਦੇ ਸਰਵ–ਵਿਆਪੀ ਸਮਫਲ ਦਾ ਰੂਪ ਧਾਰਨ ਕਰਨ ਨਾਲ਼ ਬਣਦਾ ਹੈ। ਸਾਂਝੀ ਕਿਰਤ, ਜਿਸ ਉੱਤੇ ਉਤਪਾਦਨ ਦਾ ਇਹ ਢੰਗ ਅਧਾਰਿਤ ਹੈ, ਵਿਅਕਤੀਗਤ ਕਿਰਤ ਨੂੰ ਉਸ ਦੀ ਨਿੱਜੀ ਕਿਰਤ ਬਣਨ ਤੋਂ ਅਤੇ ਉਸ ਕਿਰਤ ਦੀ ਉਪਜ ਨੂੰ ਵੱਖ ਵੱਖ ਵਿਅਕਤੀਆਂ ਦੀ ਨਿੱਜੀ ਉਪਜ ਬਣਨ ਤੋਂ ਰੋਕਦਾ ਹੈ; ਇਸ ਢੰਗ ਵਿੱਚ ਵਿਅਕਤੀਗਤ ਕਿਰਤ ਸਮਾਜਿਕ ਜਥੇਬੰਦੀ ਦੇ ਇੱਕ ਮੈਂਬਰ ਦੀ ਸਿੱਧੀ ਕਾਰਵਾਈ ਵਜੋਂ ਜ਼ਾਹਰ ਹੁੰਦੀ ਹੈ। ਜਿਹੜੀ ਕਿਰਤ ਵਟਾਂਦਰਾ ਕਦਰ ਵਿੱਚ ਆਪਣਾ ਪ੍ਰਗਟਾਵਾ ਕਰਦੀ ਹੈ ਉਹ ਇਕੱਲੇ ਇਕਹਿਰੇ ਵਿਅਕਤੀ ਦੀ ਕਿਰਤ ਲੱਗਦੀ ਹੈ। ਇਹ ਆਪਣੇ ਸਿੱਧੇ ਵਿਰੋਧੀ, ਨਿਰਪੱਖ ਸਰਵ ਵਿਆਪੀ ਕਿਰਤ ਦਾ ਰੂਪ ਧਾਰਨ ਕਰ ਕੇ ਹੀ ਸਮਾਜੀ ਕਿਰਤ ਬਣਦੀ ਹੈ।

---

* ਅੱਜ ਕੱਲ੍ਹ ਇਹ ਬੇਹੂਦਾ – ਤੁਅੱਸਬੀ ਵਿਚਾਰ ਦੂਰ ਦੂਰ ਤੱਕ ਪ੍ਰਚਲਤ ਹੈ ਕਿ **ਪੁਰਾਤਨ** ਸਾਂਝੀ ਸੰਪਤੀ ਕੇਵਲ ਸਦਾ ਲੋਕਾਂ ਦੀ ਜਾਂ ਨਿਰੋਲ ਤੌਰ ’ਤੇ ਰੂਸੀ ਲੋਕਾਂ ਦੀ ਵਿਸ਼ੇਸ਼ ਗੱਲ ਹੈ। ਇਹ ਮਾਲਕੀ ਦਾ ਪਹਿਲਾ ਪਹਿਲਾ ਰੂਪ ਹੈ ਜਿਹੜਾ ਰੋਮਨ ਲੋਕਾਂ ਵਿੱਚ, ਜਰਮਨਾਂ ਵਿੱਚ, ਪੱਛਮੀ ਯੂਰਪ ਦੇ ਲੋਕਾਂ ਵਿੱਚ ਵੇਖਿਆ ਜਾ ਸਕਦਾ ਅਤੇ ਜਿਸ ਦੇ ਭਿੰਨ ਭਿੰਨ ਰੂਪ ਅਜੇ ਵੀ ਭਾਰਤ ਵਿੱਚ ਵਿਖਾਈ ਦਿੰਦੇ ਹਨ (ਚਾਹੇ ਕੇਵਲ ਰਹਿੰਦ–ਖੂੰਹਦ ਹੀ ਬਾਕੀ ਹੈ) ਸਾਂਝੀ ਸੰਪੱਤੀ ਦੇ ਏਸ਼ਿਆਈ, ਖਾਸ ਕਰ ਭਾਰਤੀ ਰੂਪਾਂ ਦੇ ਧਿਆਨ ਅਧਿਅਨ ਤੋਂ ਸੰਕੇਤ ਮਿਲਦੇ ਹਨ ਕਿ ਪੁਰਾਤਨ ਸਾਂਝੀ ਮਾਲਕੀ ਦੇ ਵੱਖ ਵੱਖ ਰੂਪਾਂ ਦੇ ਖੇਰੂੰ ਖੇਰੂੰ ਹੋਣ ਨਾਲ਼ ਜਾਇਦਾਦ ਦੇ ਭਿੰਨ ਭਿੰਨ ਪ੍ਰਕਾਰ ਦੇ ਰੂਪ ਹੋਂਦ ਵਿੱਚ ਆਉਂਦੇ ਹਨ। ਉਦਾਹਰਣ ਲਈ ਨਿੱਜੀ ਜਾਇਦਾਦ ਦੇ ਰੋਮ ਤੇ ਜਰਮਨ ਵਿਚਲੇ ਰੂਪਾਂ ਨਾਲ਼ ਮਿਲਦੇ ਜੁਲਦੇ ਭਿੰਨ ਭਿੰਨ ਰੂਪ ਭਾਰਤ ਦੀ ਸਾਂਝੀ ਸੰਪੱਤੀ ਦੇ ਕੁਝ ਪੁਰਾਤਨ ਰੂਪਾਂ ਨਾਲ਼ ਜਾ ਮਿਲਦੇ ਹਨ।

ਅੰਤਮ ਗੱਲ, ਇਹ ਵਟਾਂਦਰਾ ਕਦਰ ਦਾ ਜਨਮ–ਦਾਤਾ ਬਣਦੀ ਕਿਰਤ ਦਾ ਇੱਕ ਵਿਸ਼ੇਸ਼ ਲੱਛਣ ਹੈ ਕਿ ਇਹ ਵਿਅਕਤੀਆਂ ਦੇ ਸਮਾਜਿਕ ਸਬੰਧਾਂ ਨੂੰ ਚੀਜ਼ਾਂ ਦੇ ਸਮਾਜਿਕ ਸਬੰਧਾਂ ਦੇ ਵਿਗੜੇ ਰੂਪ ਵਿੱਚ ਪ੍ਰਗਟ ਕਰਵਾਉਂਦੀ ਹੈ। ਵੱਖ ਵੱਖ ਵਿਅਕਤੀਆਂ ਦੀ ਕਿਰਤ ਨੂੰ ਇਕ ਵਰਤੋਂ ਕਦਰ ਦਾ ਵਟਾਂਦਰਾ ਕਦਰ ਦੇ ਭੇਸ ਵਿੱਚ ਦੂਜੀ ਵਰਤੋਂ ਕਦਰ ਨਾਲ਼ ਸਬੰਧ ਜੋੜ ਕੇ ਹੀ ਇੱਕ ਦੂਜੀ ਦੇ ਬਰਾਬਰ ਕੀਤਾ ਜਾਂਦਾ ਹੈ ਅਤੇ ਸਰਵ ਵਿਆਪੀ ਕਿਰਤ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਚਾਹੇ ਇਹ ਕਹਿਣਾ ਸਹੀ ਹੈ ਕਿ ਵਟਾਂਦਰਾ ਕਦਰ ਮਨੁੱਖਾਂ ਵਿਚਾਲੇ ਸਬੰਧ ਹੀ ਹੈ, ਪਰ ਇਸ ਦੇ ਨਾਲ਼ ਇਹ ਗੱਲ ਜੋੜਨੀ ਵੀ ਜ਼ਰੂਰੀ ਹੈ ਕਿ ਇਹ ਸਬੰਧ ਅਜਿਹਾ ਹੈ ਜਿਹੜਾ ਪਦਾਰਥਕ ਪਰਦੇ ਪਿੱਛੇ ਲੁਕਿਆ ਹੋਇਆ ਹੈ। ਜਿਵੇਂ ਲੋਹੇ ਦਾ ਇੱਕ ਪਾਊਂਡ ਅਤੇ ਸੋਨੇ  ਦੇ ਇੱਕ ਪਾਊਂਡ, ਦੋਹਾਂ ਦਾ ਭਾਰ ਬਰਾਬਰ ਹੈ ਚਾਹੇ, ਉਹਨਾਂ ਦੀਆਂ ਸਰੀਰਕ ਤੇ ਰਸਾਇਣਕ ਵਿਸ਼ੇਸ਼ਤਾਈਆਂ ਵੱਖ ਵੱਖ ਹਨ, ਇਸੇ ਤਰ੍ਹਾਂ ਦੋ ਵਰਤੋਂ ਕਦਰਾਂ ਚਾਹੇ ਉਹਨਾਂ ਦੀ ਵਰਤੋਂ ਕਦਰ ਵੱਖ ਵੱਖ ਹੋਵੇ ਪਰ ਜਿਨ੍ਹਾਂ ਵਿੱਚ ਇੱਕੋ ਜਿੰਨੀ ਮਾਤਰਾ ਵਿੱਚ ਕਿਰਤ ਲੱਗੀ ਹੋਵੇ, ਇਹਨਾਂ ਦੀ **ਵਟਾਂਦਰਾ ਕਦਰ** ਵੀ ਬਰਾਬਰ ਹੋਵੇਗੀ। ਇਸ ਤਰ੍ਹਾਂ ਵਟਾਂਦਰਾ ਕਦਰ, ਵਰਤੋਂ ਕਦਰਾਂ ਦਾ ਇਕ ਸਮਾਜਿਕ ਮੁੱਲ ਹੀ ਲੱਗਦਾ ਹੈ ਜਿਹੜਾ ਮੁੱਲ ਜਿਹੜੇ ਉਹਨਾਂ ਦੇ ਚੀਜ਼ਾਂ ਹੋਣ ਦੀ ਹੱਦ ਤੱਕ ਸਹੀ ਹੈ ਅਤੇ ਜਿਸ ਦੇ ਸਿੱਟੇ ਵਜੋਂ ਇਹ ਚੀਜ਼ਾਂ ਵਟਾਂਦਰੇ ਦੀ ਕਿਰਿਆ ਵਿੱਚ ਇੱਕ ਨਿਸ਼ਚਿਤ ਮਾਤਰਾ ਵਿੱਚ ਇੱਕ ਦੂਜੇ ਦੀ ਥਾਂ ਲੈ ਸਕਦੀਆਂ ਹਨ, ਭਾਵ, ਇੱਕ ਦੂਜੇ ਦੇ ਬਰਾਬਰ ਹੁੰਦੀਆਂ ਹਨ, ਬਿਲਕੁੱਲ ਉਸੇ ਤਰ੍ਹਾਂ ਜਿਵੇਂ ਸਧਾਰਣ ਰਸਾਇਣਕ ਤੱਤ ਇੱਕ ਦੂਜੇ ਦੇ ਇੱਕ ਨਿਸ਼ਚਿਤ ਅਨੁਪਾਤ ਵਿੱਚ ਮਿਲਾਏ ਜਾਣ ਉੱਤੇ ਰਸਾਇਣਕ ਤੌਰ ’ਤੇ ਸਮਾਨ ਤੱਤ ਬਣਾਉਂਦੇ ਹਨ। ਕੇਵਲ ਸਾਡੇ ਜੀਵਨ ਦੀਆਂ ਨਿੱਤ ਦਿਹਾੜੀ ਦੀਆਂ ਰਵਾਇਤਾਂ ਕਾਰਨ ਹੀ ਇਹ ਗੱਲ ਸਿੱਧੀ ਸਾਦੀ ਤੇ ਸਧਾਰਨ ਲੱਗਦੀ ਹੈ ਕਿ ਉਤਪਾਦਨ ਦੇ ਸਮਾਜਿਕ ਸਬੰਧ ਚੀਜ਼ਾਂ ਦੇ ਸਬੰਧਾਂ ਦਾ ਰੂਪ ਲੈਣ, ਤਾਂ ਜੋ ਉਹ ਸਬੰਧ ਜਿਨ੍ਹਾਂ ਵਿੱਚ ਮਨੁੱਖ ਆਪਣੇ ਕੰਮ ਦੇ ਦੌਰਾਨ ਪੈਂਦੇ ਹਨ, ਉਹ ਚੀਜ਼ਾਂ ਦੇ ਇੱਕ ਦੂਜੀ ਨਾਲ਼ ਅਤੇ ਚੀਜ਼ਾਂ ਦੇ ਲੋਕਾਂ ਨਾਲ਼ ਸਬੰਧ ਲੱਗਦੇ ਹਨ। ਹਰ ਕੋਈ ਵੱਧ ਘੱਟ ਸਪੱਸ਼ਟਤਾ ਨਾਲ਼ ਸਮਝ ਸਕਦਾ ਹੈ ਕਿ ਜਿਣਸਾਂ ਦੇ **ਵਟਾਂਦਰਾ-ਕਦਰਾਂ** ਵਜੋਂ ਸਬੰਧ ਅਸਲ ਵਿੱਚ ਲੋਕਾਂ ਦੇ ਇੱਕ ਦੂਜੇ ਦੀਆਂ ਉਤਪਾਦਨ ਸਬੰਧੀ ਸਰਗਰਮੀਆਂ ਨਾਲ਼ ਸਬੰਧਤ ਹਨ। ਉਤਪਾਦਨ ਦੇ ਵਧੇਰੇ ਉੱਨਤ ਸਬੰਧਾਂ ਵਿੱਚ ਇਹ ਸਾਦਗੀ ਦਾ ਭੁਲੇਖਾ ਉੱਡ ਜਾਂਦਾ ਹੈ। ਮੁਦਰਾ ਪ੍ਰਣਾਲੀ ਦੇ ਸਾਰੇ ਭੁਲੇਖੇ ਇਹ ਗੱਲ ਸਮਝਣ ਵਿੱਚ ਨਾਕਾਮੀ ਤੋਂ ਪੈਦਾ ਹੁੰਦੇ ਹਨ ਕਿ ਮੁਦਰਾ, ਚਾਹੇ ਇਹ ਬਿਲਕੁਲ ਨਿੱਖੜਵੀਆਂ ਖੂਬੀਆਂ ਵਾਲ਼ੀ ਚੀਜ਼ ਹੈ, ਉਤਪਾਦਨ ਦੇ ਇੱਕ ਸਮਾਜੀ ਸਬੰਧ ਦਾ ਹੀ ਪ੍ਰਗਟਾਵਾ ਕਰਦੀ ਹੈ। ਆਧੁਨਿਕ ਅਰਥਸ਼ਾਸਤਰੀ, ਜਿਹੜੇ ਮੁਦਰਾ ਪ੍ਰਣਾਲੀ ਦੇ ਭੁਲਾਵਿਆਂ ਦਾ ਮਜ਼ਾਕ ਉਡਾਉਂਦੇ ਹਨ, ਉਹਨਾਂ ਨੂੰ ਜਿਵੇਂ ਹੀ ਵਧੇਰੇ ਗੁੰਝਲਦਾਰ ਆਰਥਿਕ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਅਜਿਹੇ ਹੀ ਭੁਲੇਖਿਆਂ ਦਾ ਮੁਜ਼ਾਹਰਾ ਕਰਦੇ ਹਨ। ਇਹ ਗੱਲ ਉਸ ਬਚਗਾਨਾ ਹੈਰਾਨੀ ਤੋਂ ਜ਼ਾਹਰ ਹੁੰਦੀ ਹੈ, ਜਿਹੜੀ ਹੈਰਾਨੀ ਉਹ ਉਸ ਸਮੇਂ ਪ੍ਰਗਟ ਕਰਦੇ ਹਨ ਜਦ ਉਹੋ ਘਟਨਾਵਾਂ, ਜਿਨ੍ਹਾਂ ਨੂੰ ਉਹਨਾਂ ਨੇ ਬੇਧਿਆਨੀ ਵਿੱਚ ਇੱਕ ਗੱਲ ਕਹਿ ਕੇ ਰੱਦ ਕਰ ਦਿੱਤਾ ਹੁੰਦਾ ਹੈ ਇੱਕ ਸਮਾਜਿਕ ਸਬੰਧ ਵਜੋਂ

ਮੁੜ ਪ੍ਰਗਟ ਹੋ ਜਾਂਦੀਆਂ ਹਨ ਅਤੇ ਸਮਾਜਿਕ ਸਬੰਧ ਕਰਾਰ ਦਿੱਤੇ ਜਾਣ ਦੇ ਪਲ ਕੁ ਪਿੱਛੋਂ ਹੀ ਉਹਨਾਂ ਦਾ ਫੇਰ ਇੱਕ ਗੱਲ ਵਜੋਂ ਮੂੰਹ ਚੜ੍ਹਾਉਂਦੀਆਂ ਹਨ।

ਕਿਉਂਕਿ ਜਿਣਸਾਂ ਦੀ ਵਟਾਂਦਰਾ ਕਦਰ ਨਿਰਸੰਦੇਹ ਵੱਖ ਵੱਖ ਤਰ੍ਹਾਂ ਦੀ ਕਿਰਤ ਦੇ ਬਰਾਬਰ ਤੇ ਸਰਵ-ਵਿਆਪੀ ਕਿਰਤ ਵਜੋ ਪਰਸਪਰ ਸਬੰਧਾਂ ਤੋਂ ਵੱਧ ਕੁਝ ਨਹੀਂ ਹੁੰਦੀ ਭਾਵ ਕਿਰਤ ਦੇ ਨਿਸ਼ਚਿਤ ਸਮਾਜੀ ਰੂਪ ਦੇ ਪਦਾਰਥਕ ਪ੍ਰਗਟਾਵੇ ਤੋਂ ਵੱਧ ਕੁਝ ਨਹੀਂ, ਇਸ ਲਈ ਇਹ ਕਹਿਣਾ ਇੱਕੋ ਬੋਲ ਨੂੰ ਵੱਖਰੇ ਸ਼ਬਦਾਂ ਵਿੱਚ ਦੁਹਰਾਉਣਾ ਹੈ ਕਿ ਕਿਸ ਵਟਾਂਦਰਾ ਕਦਰ ਦਾ ਤੇ ਇਸੇ ਲਈ ਧਨ ਦਾ ਇਕੋ ਇਕ ਸਾਧਨ ਹੈ, ਜਿੱਥੋਂ ਤੱਕ ਕਿ ਇਹ ਵਟਾਂਦਰਾ ਕਦਰ ਉੱਤੇ ਮੁਸਤਮਿਲ ਹੁੰਦਾ ਹੈ। ਇਸ ਤਰ੍ਹਾਂ ਇਹ ਕਹਿਣਾ ਵੀ ਇੱਕੋ ਗੱਲ ਦੂਜੇ ਸ਼ਬਦਾਂ ਵਿੱਚ ਦੁਹਰਾਉਣਾ ਹੈ ਕਿ ਪਦਾਰਥ ਦੀ ਆਪਣੇ ਕੁਦਰਤੀ ਰੂਪ ਵਿੱਚ ਕੋਈ ਵਟਾਂਦਰਾ ਕਦਰ ਨਹੀਂ ਹੁੰਦੀ। ਇਹ ਸਹੀ ਹੈ ਕਿ ਵਿਲੀਅਮ ਪੈਟੀ "ਕਿਰਤ ਨੂੰ ਧਨ ਦਾ ਪਿਉ ਅਤੇ ਧਰਤੀ ਨੂੰ ਧਨ ਦੀ ਮਾਂ" ਕਹਿੰਦਾ ਹੈ, ਪਾਦਰੀ ਬਰਜਲੇ ਪੁੱਛਦਾ ਹੈ "ਕੀ" ਚਾਰੇ ਤੱਤ ਅਤੇ ਉਹਨਾਂ ਵਿੱਚ ਲੱਗੀ ਮਨੁੱਖ ਦੀ ਕਿਰਤ ਧਨ ਦੇ ਸਹੀ ਸਰੋਤ ਨਹੀਂ ਮੰਨ ਜਾਣੇ ਚਾਹੀਦੇ", (ਬਰਕਲੇ, **ਦਾ ਕੁਈਰਿਸਟ** ਲੰਡਨ 1750) ਅਤੇ ਅਮਰੀਕਾ ਦਾ ਥਾਮਸ ਕੂਪਰ ਜਨਤਕ ਭਾਸ਼ਾ ਵਿੱਚ ਜੁਆਬ ਦਿੰਦਾ ਹੈ: "ਰੋਟੀ ਦੇ ਟੁਕੜੇ ਵਿੱਚੋਂ ਕੱਢ ਲਵੋ, ਆਟੇ ਉੱਤੇ ਰੋਟੀ ਬਣਾਉਣ ਵਾਲ਼ੇ ਦੀ ਲੱਗੀ ਕਿਰਤ, ਦਾਣਿਆਂ 'ਤੇ ਲੱਗੀ ਚੱਕੀ ਚਲਾਉਣ ਵਾਲ਼ੇ ਦੀ ਕਿਰਤ ਅਤੇ ਕਿਸਾਨ ਦੀ ਵਹਾਈ, ਬਿਜਾਈ, ਗੋਡੀ, ਸਿੰਜਾਈ, ਗਹਾਈ, ਕਟਾਈ, ਸਫਾਈ ਅਤੇ ਢੋਆ-ਢੁਆਈ 'ਤੇ ਲੱਗੀ ਕਿਰਤ ਕੱਢ ਲਓ ਤੇ ਫੇਰ ਕੀ ਬਾਕੀ ਬਚੇਗਾ ? ਘਾਹ ਦੀਆਂ ਕੁਝ ਪੱਤੀਆਂ ਜਿਹੜੀਆਂ ਜੰਗਲ ਵਿੱਚ ਆਮ ਉੱਗੀਆਂ ਹੋਈਆਂ ਹਨ ਤੇ ਮਨੁੱਖ ਦੇ ਕਿਸੇ ਕੰਮ ਦੀਆਂ ਨਹੀਂ।" (ਥਾਮਸ ਕੂਪਰ ਰਾਜਨੀਤਕ ਆਰਥਕਤਾ ਦੇ ਤੱਤਾਂ ਬਾਰੇ ਲੈਕਚਰ ਲੰਡਨ 1831, ਕੋਲੰਬੀਆ 1826, ਪੰਨਾ-99) ਪਰ ਇਹ ਸਾਰੇ ਵਿਚਾਰ ਨਿਰਪੇਖ ਕਿਰਤ ਨਾਲ਼ ਸਬੰਧਤ ਨਹੀਂ ਜਿਹੜੀ ਕਿ ਵਟਾਂਦਰਾ ਕਦਰ ਦਾ ਸਾਧਨ ਹੈ, ਸਗੋਂ ਠੋਸ ਕਿਰਤ ਤੇ ਪਦਾਰਥਕ ਧਨ ਦਾ ਸਾਧਨ ਹੋਣ ਦੇ ਨਾਤੇ ਇਸ ਨਾਲ਼ ਸਬੰਧਤ ਹਨ, ਸੰਖੇਪ ਵਿੱਚ ਕਿਰਤ ਨਾਲ਼ ਜਿਹੜੀ ਵਰਤੋਂ ਕਦਰਾਂ ਪੈਦਾ ਕਰਦੀ ਹੈ। ਕਿਉਂਕਿ ਕਿਸੇ ਜਿਣਸ ਦੀ ਵਰਤੋਂ ਕਦਰ ਇੱਕ ਮਨੌਤ ਹੈ, ਇਸ ਲਈ ਇਸ 'ਤੇ ਲੱਗੀ ਕਿਰਤ ਦੀ ਨਿਸ਼ਚਿਤ ਵੱਧਦੀ ਅਤੇ ਨਿਸ਼ਚਿਤ ਲਾਭਕਾਰਿਤਾ ਵੀ ਮਨੌਤ ਹੀ ਹੈ; ਪਰ ਇਹ ਕਿਰਤ ਦਾ ਲਾਭਦਾਇਕ ਕਿਰਤ ਹੋਣ ਵਜੋਂ ਇੱਕੋ ਪੱਖ ਹੈ ਜਿਹੜਾ ਜਿਣਸਾਂ ਦੇ ਅਧਿਐਨ ਲਈ ਢੁੱਕਦਾ ਪੱਖ ਹੈ। ਰੋਟੀ ਬਾਰੇ ਵਰਤੋਂ ਕਦਰ ਵਜੋਂ ਵਿਚਾਰ ਕਰਦੇ ਸਮੇਂ ਅਸੀਂ ਖੁਰਾਕ ਦੀ ਇੱਕ ਮੱਦ ਵਜੋਂ ਇਸ ਦੀਆਂ ਖ਼ੂਬੀਆਂ ਨਾਲ਼ ਹੀ ਸਬੰਧਤ ਹਾਂ, ਇਸ ਉੱਤੇ ਲੱਗੀ ਕਿਸਾਨ, ਚੱਕੀ ਵਾਲ਼ੇ ਜਾਂ ਤੰਦੂਰ ਵਾਲ਼ੇ ਦੀ ਮਿਹਨਤ ਨਾਲ਼ ਬਿਲਕੁਲ ਨਹੀਂ। ਜੇ ਕਿਸੇ ਕਾਢ ਨਾਲ਼ ਰੋਟੀ 'ਤੇ ਲੱਗੀ ਮਿਹਨਤ 95 ਫੀਸਦੀ ਵੀ ਘੱਟ ਜਾਵੇ ਤਾਂ ਇਸ ਨਾਲ਼ ਰੋਟੀ ਦਾ ਲਾਭਦਾਇਕਤਾ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ। ਜੇ ਇਹ ਬਣੀ ਬਣਾਈ ਅਸਮਾਨੋਂ ਵੀ ਡਿੱਗਣ ਲੱਗ ਜਾਵੇ ਤਾਂ ਵੀ ਇਸ ਦੀ ਵਰਤੋਂ ਕਦਰ ਦਾ ਇਕ ਕਿਣਕਾ ਵੀ ਨਹੀਂ ਘਟੇਗਾ। ਜਦ ਕਿ ਵਟਾਂਦਰਾ-ਕਦਰ ਦਾ ਅਧਾਰ ਮੰਨੀ ਜਾਂਦੀ ਕਿਰਤ ਜਿਣਸਾਂ ਦੀ ਸਰਬ-ਸਮਾਨਾਂਤਰਾਂ ਵਜੋਂ ਬਰਾਬਰਤਾ ਦੇ

ਰੂਪ ਵਿੱਚ ਹੀ ਜ਼ਾਹਰ ਹੁੰਦੀ ਹੈ, ਇੱਕ ਲਾਭਦਾਇਕ ਉਤਪਾਦਨ ਕਿਰਿਆ ਵਜੋਂ ਕਿਰਤ ਵਰਤੋਂ-ਕਦਰਾਂ ਦੀਆਂ ਅਨੇਕ ਕਿਸਮਾਂ ਵਿੱਚ ਪ੍ਰਗਟ ਹੁੰਦੀ ਹੈ। ਜਦ ਕਿ ਵਟਾਂਦਰਾ ਕਦਰ ਦੇ ਅਧਾਰ ਵਜੋਂ ਕਿਰਤ **ਨਿਰਪੇਖ, ਸਰਵ-ਵਿਆਪੀ ਅਤੇ ਇਕਸਾਰ** ਵਰਤੋਂ ਕਦਰ ਦੇ ਰੂਪ ਵਿੱਚ ਕਿਰਤ ਠੋਸ ਤੇ ਨਿੱਖੜਵੀਂ ਕਿਰਤ ਹੈ ਜਿਹੜੀ ਆਪਣੇ ਰੂਪ ਦੇ ਪੱਖੋਂ ਅਤੇ ਜਿਸ ਪਦਾਰਥ 'ਤੇ ਇਹ ਲਾਈ ਜਾਂਦੀ ਹੈ ਉਸ ਦੇ ਪੱਖੋਂ ਅਨੇਕਾਂ ਵੱਖ ਵੱਖ ਕਿਸਮਾਂ ਦੀ ਹੁੰਦੀ ਹੈ।

ਇਹ ਕਹਿਣਾ ਗਲਤ ਹੋਵੇਗਾ ਕਿ ਕਿਰਤ, ਜਿਹੜੀ ਵਰਤੋਂ ਕਦਰ ਪੈਦਾ ਕਰਦੀ ਹੈ, ਇਹ ਇਸ ਵੱਲੋਂ ਪੈਦਾ ਕੀਤੇ ਜਾਂਦੇ ਧਨ ਦਾ **ਇੱਕੋ ਇੱਕ ਸਾਧਨ ਹੈ**, ਭਾਵ ਪਦਾਰਥਕ ਧਨ ਦਾ ਇੱਕੋ ਇੱਕ ਸਾਧਨ ਹੈ। ਕਿਰਤ ਇੱਕ ਕਿਰਿਆ ਹੈ ਜਿਸ ਰਾਹੀਂ ਪਦਾਰਥ ਨੂੰ ਇੱਕ ਜਾਂ ਦੂਜੇ ਮਕਸਦ ਲਈ ਨਵਾਂ ਰੂਪ ਦਿੱਤਾ ਜਾਂਦਾ ਹੈ ਇਸ ਲਈ ਕਿਰਤ ਲਈ ਪਦਾਰਥ ਅਗਾਊਂ-ਲੋੜ ਹੈ। ਵੱਖ ਵੱਖ ਕਦਰਾਂ ਵਿੱਚ ਵੱਖ ਵੱਖ ਤਨਾਸਬ ਵਿੱਚ ਕਿਰਤ ਤੇ ਕੁਦਰਤੀ ਉਪਜਾਂ ਲੱਗੀਆਂ ਹੁੰਦੀਆਂ ਹਨ। ਪਰ ਵਰਤੋਂ ਕਦਰਾਂ ਵਿੱਚ ਹਮੇਸ਼ਾ ਕੋਈ ਨਾ ਕੋਈ ਕੁਦਰਤੀ ਉਪਜ ਲੱਗੀ ਹੁੰਦੀ ਹੈ। ਕਿਰਤ ਇੱਕ ਲਾਭਦਾਇਕ ਕਿਰਿਆ ਵਜੋਂ, ਜਿਹੜੀ ਕੁਦਰਤੀ ਚੀਜ਼ਾਂ ਨੂੰ ਇੱਕ ਜਾਂ ਦੂਜੇ ਰੂਪ ਵਿੱਚ ਵਰਤੋਂ ਹੇਠ ਲਿਆਉਣ ਵਿੱਚ ਲੱਗੀ ਹੁੰਦੀ ਹੈ, ਮਨੁੱਖ ਦੀ ਹੋਂਦ ਲਈ ਇੱਕ ਕੁਦਰਤੀ ਸ਼ਰਤ ਹੈ, ਮਨੁੱਖ ਤੇ ਕੁਦਰਤ ਵਿਚਾਲੇ ਪਦਾਰਥਕ ਅੰਤਰ-ਵਟਾਂਦਰੇ ਦੀ ਸ਼ਰਤ ਹੈ ਜਿਹੜੀ ਸਮਾਜ ਦੇ ਰੂਪ ਤੋਂ ਬਿਲਕੁਲ ਅਜ਼ਾਦ ਹੈ। ਦੂਜੇ ਪਾਸੇ ਕਿਰਤ ਜਿਹੜੀ ਵਟਾਂਦਰਾ ਕਦਰ ਪੈਦਾ ਕਰਦੀ ਹੈ, ਉਹ ਸਮਾਜੀ ਕਿਰਤ ਦਾ ਨਿਸ਼ਚਿਤ ਰੂਪ ਹੈ। ਉਦਾਹਰਣ ਲਈ, ਕੱਪੜੇ ਸਿਊਣਾ; ਜੇ ਇਸ ਦੀ ਨਿੱਖੜੀ ਉਤਪਾਦਕ ਸਰਗਰਮੀ ਵਜੋਂ ਇਸ ਦੇ ਸਰੀਰਕ ਪੱਖ ਨੂੰ ਵਿਚਾਰੀਏ ਤਾਂ ਕੋਟ ਬਣਾਇਆ ਜਾਂਦਾ ਹੈ ਨਾ ਕਿ ਕੋਟ ਦੀ ਵਟਾਂਦਰਾ ਕਦਰ ਸਿਉਣ ਦੇ ਕਿਰਿਆ ਵੱਲੋਂ ਆਪਣੇ ਤੌਰ 'ਤੇ ਪੈਦਾ ਨਹੀਂ ਕੀਤੀ ਜਾਂਦੀ, ਸਗੋਂ ਸਰਵ-ਵਿਆਪੀ ਨਿਰਪੇਖ ਕਿਰਤ ਵਜੋਂ ਪੈਦਾ ਕੀਤੀ ਜਾਂਦੀ ਹੈ ਅਤੇ ਇਹ ਇੱਕ ਸਮਾਜਿਕ ਢਾਂਚੇ ਨਾਲ਼ ਜੁੜੀ ਹੋਈ ਹੈ, ਜਿਹੜਾ ਦਰਜੀ ਨੇ ਨਹੀਂ ਬਣਾਇਆ। ਉਦਾਹਰਣ ਲਈ ਔਰਤਾਂ ਪੁਰਾਤਨ ਘਰੇਲੂ ਸਨਅਤ ਵਿੱਚ ਕੋਟ ਪੈਦਾ ਕਰਦੀਆਂ ਸਨ, ਪਰ ਕੋਟ ਦੀ ਵਟਾਂਦਰਾ ਕਦਰ ਪੈਦਾ ਨਹੀਂ ਕਰਦੀਆਂ ਸਨ। ਮੋਸਿਜ਼, ਜਿਹੜਾ ਕਾਨੂੰਨ ਬਣਾਉਣ ਵਾਲ਼ਾ ਸੀ ਤੇ ਐਡਮ ਸਮਿਥ ਜਿਹੜਾ ਕਸਟਮ ਅਧਿਕਾਰੀ ਸੀ, ਦੋਵਾਂ ਨੂੰ ਕਿਰਤ ਦਾ ਇੱਕ ਪਦਾਰਥਕ ਧਨ ਦੇ ਸਾਧਨ ਵਜੋਂ ਚੰਗੀ ਤਰ੍ਹਾਂ ਪਤਾ ਸੀ।*

ਆਓ ਹੁਣ ਕੁਝ ਅਜਿਹੇ ਸੰਕਲਪਾਂ 'ਤੇ ਵਿਚਾਰ ਕਰੀਏ ਜਿਹੜੇ ਵਟਾਂਦਰਾ ਕਦਰ ਨੂੰ ਕਿਰਤ-ਸਮੇਂ ਵਿੱਚ ਪ੍ਰਗਟ ਕਰਨ ਨਾਲ਼ ਪੈਦਾ ਹੁੰਦੇ ਹਨ।

---

* ਫ਼ਰੈਡਰਿਕ ਲਿਸਟ ਕਦੇ ਵੀ ਕਿਰਤ ਦੀਆਂ ਦੋ ਖ਼ੂਬੀਆਂ, ਕੋਈ ਲਾਭਕਾਰੀ ਚੀਜ਼ ਬਣਾਉਣ ਵਾਲ਼ੀ (ਵਰਤੋਂ ਕਦਰ ਪੈਦਾ ਕਰਨ ਵਾਲ਼ੀ) ਅਤੇ ਵਟਾਂਦਰਾ ਕਦਰ, ਧਨ ਦਾ ਇੱਕ ਵਿਸ਼ੇਸ਼ ਰੂਪ ਪੈਦਾ ਕਰਨ ਵਾਲ਼ੀ, ਵਿਚਾਲੇ ਫ਼ਰਕ ਨਹੀਂ ਸਮਝ ਸਕੇ (ਕਿਉਂਕਿ ਉਨਾਂ ਦਾ ਦਿਮਾਗ ਹਮੇਸ਼ਾ ਅਮਲੀ ਗੱਲਾਂ ਵਿੱਚ ਰੁੱਝਿਆ ਰਹਿੰਦਾ ਸੀ); ਇਸ ਲਈ ਉਹ ਸਾਰੇ ਆਧੁਨਿਕ ਅੰਗਰੇਜ਼ ਅਰਥ-ਸ਼ਾਸਤਰੀਆਂ ਨੂੰ ਮਿਸਰ ਦੇ ਮੋਸਿਜ਼ ਦੇ ਵਿਚਾਰਾਂ ਨੂੰ ਚੋਰੀ ਕਰਨ ਵਾਲੇ ਹੀ ਸਮਝਦੇ ਰਹੇ।

ਹਰ ਜਿਣਸ ਦਾ ਵਰਤੋਂ ਕਦਰ ਵਜੋਂ ਉੱਘਾ ਪਦਾਰਥਕ ਕੰਮ ਹੁੰਦਾ ਹੈ। ਉਦਾਹਰਣ ਲਈ ਕਣਕ ਖੁਰਾਕ ਵਜੋਂ ਵਰਤੀ ਜਾਂਦੀ ਹੈ। ਇੱਕ ਮਸ਼ੀਨ ਕਿਰਤ ਦੀ ਇੱਕ ਖਾਸ ਮਾਤਰਾ ਦੀ ਥਾਂ ਲੈ ਲੈਂਦੀ ਹੈ। ਕੰਮ ਜਿਸ ਦੇ ਕਾਰਨ ਕੋਈ ਜਿਣਸ ਵਰਤੋਂ ਕਦਰ ਬਣਦੀ ਹੈ, ਖਪਤ ਯੋਗ ਚੀਜ਼ ਬਣਦੀ ਹੈ, ਉਸ ਨੂੰ **ਸੇਵਾ** ਕਿਹਾ ਜਾ ਸਕਦਾ ਹੈ, ਅਜਿਹੀ **ਸੇਵਾ** ਜਿਹੜੀ ਇਹ ਵਰਤੋਂ ਕਦਰ ਵਜੋਂ ਕਰਦੀ ਹੈ। ਪਰ ਵਟਾਂਦਰਾ ਕਦਰ ਵਜੋਂ ਜਿਣਸ ਹਮੇਸ਼ਾ ਇਸ ਦੇ ਪਰਿਨਾਮ ਦੀ ਦ੍ਰਿਸ਼ਟੀ ਤੋਂ ਵਿਚਾਰੀ ਜਾਂਦੀ ਹੈ। ਅਹਿਮ ਗੱਲ ਉਹ ਸੇਵਾ ਨਹੀਂ ਜਿਹੜੀ ਇਹ ਕਰਦੀ ਹੈ ਸਗੋਂ ਉਹ ਸੇਵਾ ਹੈ, ਜਿਹੜੀ ਇਸ ਦੇ ਉਤਪਾਦਨ ਦੇ ਦੌਰਾਨ ਇਸ ਲਈ ਕੀਤੀ ਜਾਂਦੀ ਹੈ। ਇਸ ਲਈ ਇੱਕ ਮਸ਼ੀਨ ਦੀ ਵਟਾਂਦਰਾ ਕਦਰ ਦਾ ਨਿਰਣਾ ਉਸ ਕਿਰਤ ਸਮੇਂ ਤੋਂ ਨਹੀਂ ਹੁੰਦਾ, ਜਿਸ ਦੀ ਇਹ ਥਾਂ ਲੈਂਦੀ ਹੈ, ਸਗੋਂ ਉਸ ਕਿਰਤ ਸਮੇਂ ਤੋਂ ਹੁੰਦਾ ਹੈ ਜਿਹੜਾ ਉਸੇ ਕਿਸਮ ਦੀ ਨਵੀਂ ਮਸ਼ੀਨ ਪੈਦਾ ਕਰਨ ’ਤੇ ਲੱਗਦਾ ਹੈ।

ਇਸ ਲਈ ਜੇ ਜਿਣਸਾਂ ਪੈਦਾ ਕਰਨ ਲਈ ਲੋੜੀਂਦਾ ਸਮਾਂ ਸਥਿਰ ਰਹਿੰਦਾ ਹੈ ਤਾਂ ਇਹਨਾਂ ਦੀ ਵਟਾਂਦਰਾ ਕਦਰ ਵੀ ਸਥਿਰ ਰਹੇਗੀ। ਪਰ ਉਤਪਾਦਨ ਦੀਆਂ ਸਹੂਲਤਾਂ ਜਾਂ ਔਕੜਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਸਨ। ਜੇ ਕਿਰਤ ਦੀ ਉਤਪਾਦਕਤਾ ਵੱਧ ਜਾਂਦੀ ਹੈ ਤਾਂ ਇੱਕੋ ਵਰਤੋਂ ਕਦਰ ਘੱਟ ਸਮੇਂ ਵਿੱਚ ਪੈਦਾ ਕੀਤੀ ਜਾਵੇਗੀ। ਜੇ ਕਿਰਤ ਦੀ ਉਤਪਾਦਕਤਾ ਘੱਟਦੀ ਹੈ ਤਾਂ ਉਹੋ ਵਰਤੋਂ ਕਦਰ ਪੈਦਾ ਕਰਨ ਲਈ ਵਧੇਰੇ ਸਮਾਂ ਲੋੜੀਂਦਾ ਹੋਵੇਗਾ। ਇਸ ਲਈ ਇੱਕ ਜਿਣਸ ਵਿੱਚ ਲੱਗਿਆ ਕਿਰਤ ਸਮਾਂ ਅਤੇ ਇਸੇ ਕਾਰਨ ਇਸ ਦਾ ਵਟਾਂਦਰਾ ਕਦਰ ਦੀ ਮਾਤਰਾ ਸਦਾ ਹੀ ਘੱਟ ਵੱਧ ਸਕਦੀ ਹੈ, ਜਿਹੜੀ ਕਿਰਤ ਦੀ, ਉਤਪਾਦਕਤਾ ਵਿੱਚ ਵਾਧੇ ਜਾਂ ਘਾਟੇ ਦੇ ਨਾਲ਼ ਇਸ ਦੇ ਉਲਟ ਅਨੁਪਾਤ ਵਿੱਚ ਘੱਟਦੀ ਵੱਧਦੀ ਰਹਿੰਦੀ ਹੈ। ਕਿਰਤ ਦੀ ਉਤਪਾਦਕਤਾ ਜਿਹੜੀ ਕਿ ਕਾਰਖਾਨਿਆਂ ਦੀ ਕਿਰਤ ਵਿੱਚ ਤਾਂ ਪਹਿਲੋਂ ਹੀ ਨਿਰਧਾਰਤ ਹੁੰਦੀ ਹੈ, ਖੇਤੀਬਾੜੀ ਵਿੱਚ ਅਤੇ ਖਾਣਾਂ ਦੀ ਸਨਅਤ ਵਿੱਚ ਵੀ ਕੁਦਰਤੀ ਹਾਲਤਾਂ ’ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਬਾਰੇ ਕਦੇ ਕੁਝ ਅਗਾਊਂ ਨਹੀਂ ਕਿਹਾ ਜਾ ਸਕਦਾ। **ਇੱਕੋ ਮਾਤਰਾ** ਦੀ ਕਿਰਤ ਨਾਲ਼ ਵੱਖ ਵੱਖ ਧਾਤਾਂ ਵੱਧ ਜਾਂ ਘੱਟ ਮਾਤਰਾ ਵਿੱਚ ਨਿਕਲ ਸਕਦੀਆਂ ਹਨ। ਇਹ ਗੋਲ਼ ਧਰਤੀ ਦੀ ਤਹਿ ਵਿੱਚ ਪਏ ਇਹਨਾਂ ਧਾਂਤਾਂ ਦੇ ਭੰਡਾਰਾਂ ਦੀ ਮਾਤਰਾ ’ਤੇ ਨਿਰਭਰ ਕਰਦੀ ਹੈ। ਏਸੇ ਤਰ੍ਹਾਂ ਜੇ ਮੌਸਮ ਸੁਖਾਵਾਂ ਰਹੇ ਤਾਂ ਕਿਰਤ ਦੀ ਇੱਕ ਨਿਸ਼ਚਿਤ ਮਾਤਰਾ ਦੋ ਬੁਸ਼ਲ ਕਣਕ ਪੈਦਾ ਕਰੇਗੀ ਤੇ ਜੇ ਮੌਸਮ ਅਸੁਖਾਵਾਂ ਹੋਵੇ ਤਾਂ ਸ਼ਾਇਦ ਕੇਵਲ ਇੱਕ ਬੁਸ਼ਲ ਕਣਕ ਹੀ ਪੈਦਾ ਹੋਵੇ। ਇਸ ਹਾਲਤ ਵਿੱਚ ਲੱਗਦਾ ਹੈ ਕਿ ਜਿਣਸਾਂ ਦਾ ਵਟਾਂਦਰਾ ਕਦਰ ਦਾ ਨਿਰਣਾ ਕੁਦਰਤੀ ਹਾਲਤਾਂ ਕਾਰਨ ਪੈਦਾ ਹੁੰਦੀ ਥੁੜੋਂ ਜਾਂ ਬਹੁਲਤਾ ਨਾਲ਼ ਹੁੰਦਾ ਹੈ ਕਿਉਂਕਿ ਇਹੋ ਨਿਸ਼ਚਿਤ ਠੋਸ ਕਿਰਤ ਉਤਪਾਦਕਤਾ ਦਾ ਨਿਰਣਾ ਕਰਦੀ ਹੈ, ਜਿਹੜੀ ਕਿਰਤ-ਕੁਦਰਤੀ ਹਾਲਤਾਂ ਨਾਲ਼ ਬੱਝੀ ਹੁੰਦੀ ਹੈ।

ਵੱਖ ਵੱਖ ਵਰਤੋਂ ਕਦਰਾਂ ਵੀ ਅਸਮਾਨ ਮਾਤਰਾ ਵਿੱਚ ਕਿਰਤ ਦੀ ਬਰਾਬਰ ਮਾਤਰਾ ਜਾਂ ਵਟਾਂਦਰਾ ਕਦਰ ਦੀ ਬਰਾਬਰ ਮਾਤਰਾ ਹੁੰਦੀ ਹੈ। ਕਿਸੇ ਵਰਤੋਂ ਕਦਰ, ਜਿਸ ਵਿੱਚ ਇੱਕ ਖਾਸ ਮਾਤਰਾ ਵਿੱਚ ਕਿਰਤ ਸਮਾਂ ਲੱਗਿਆ ਹੋਇਆ ਹੈ, ਦੀ ਮਾਤਰਾ ਦੂਜੀਆਂ ਜਿਣਸਾਂ

ਦੀਆਂ ਵਰਤੋਂ ਕਦਰਾਂ ਦੇ ਟਾਕਰੇ ਉੱਤੇ ਜਿੰਨੀ ਘੱਟ ਹੋਵੇ ਉਤਨੀ ਹੀ ਉਸ ਜਿਣਸ ਦੀ **ਵਿਸ਼ੇਸ਼ ਵਟਾਂਦਰਾ ਕਦਰ** ਵੱਧ ਹੋਵੇਗੀ। ਜੇ ਅਸੀਂ ਵੇਖਦੇ ਹਾਂ ਕਿ ਸੱਭਿਅਤਾ ਦੇ ਵੱਖ ਵੱਖ ਯੁੱਗਾਂ, ਜਿਹੜੇ ਸਮੇਂ ਦੇ ਲੰਬੇ ਵਕਫਿਆਂ ਨਾਲ਼ ਇੱਕ ਦੂਜੇ ਤੋਂ ਨਿਖੇੜੇ ਗਏ ਹੋਣ, ਵਿੱਚ ਵੱਖ ਵੱਖ ਵਰਤੋਂ ਕਦਰਾਂ — ਉਦਾਹਰਣ ਲਈ ਸੋਨਾ, ਚਾਂਦੀ, ਤਾਂਬਾ ਤੇ ਲੋਹਾ ਜਾਂ ਕਣਕ, ਜੌਂ, ਰਾਈ ਤੇ ਜਵੀ — ਨਿਸ਼ਚਿਤ ਵਟਾਂਦਰਾ ਕਦਰਾਂ ਵਿੱਚ ਲੜੀ ਬਣਾਉਂਦੇ ਹਨ, ਜਿਹੜੀਆਂ ਵਟਾਂਦਰਾ ਕਦਰਾਂ ਮੋਟੇ ਤੌਰ 'ਤੇ ਇੱਕ ਦੂਜੇ ਦੇ ਮੁਕਾਬਲੇ ਤੇ ਆਪਣੀ ਤੁਲਨਾਤਮਕ ਥਾਂ ਕਾਇਮ ਰੱਖਦੇ ਹਨ, ਹਾਲਾਂਕਿ ਆਪਣੀ ਸਹੀ ਸਹੀ ਗਿਣੀ ਜਾਂਦੀ ਅਨੁਪਾਤ ਕਾਇਮ ਨਹੀਂ ਰੱਖਦੇ, ਇਸ ਦਾ ਅਰਥ ਇਹ ਹੋਇਆ ਕਿ ਸਮਾਜਿਕ ਉਤਪਾਦਨ ਸ਼ਕਤੀਆਂ ਦੇ ਅਗਾਂਹ ਨੂੰ ਵਿਕਾਸ ਨੇ ਇਹਨਾਂ ਜਿਣਸਾਂ ਦੇ ਉਤਪਾਦਨ ਲਈ ਲੋੜੀਂਦੇ ਕਿਰਤ ਸਮੇਂ ਤੇ ਇੱਕਸਾਰ ਜਾਂ ਲਗਭਗ ਇਕਸਾਰ ਪ੍ਰਭਾਵ ਪਾਇਆ ਹੈ।

ਕਿਸੇ ਜਿਣਸ ਦੀ ਵਟਾਂਦਰਾ ਕਦਰ ਇਸ ਦੀ ਆਪਣੀ ਵਟਾਂਦਰਾ ਕਦਰ ਰਾਹੀਂ ਪ੍ਰਗਟ ਨਹੀਂ ਕੀਤੀ ਜਾਂਦੀ, ਸਗੋਂ ਸਰਵ-ਵਿਆਪੀ ਸਮਾਜੀ ਕਿਰਤ ਸਮੇਂ ਦੇ ਪਦਾਰਥਕ ਰੂਪ ਵਜੋਂ ਇੱਕ ਜਿਣਸ ਦੀ ਵਰਤੋਂ ਕਦਰ ਦੀ ਦੂਜੀ ਤਰ੍ਹਾਂ ਦੀਆਂ ਵਰਤੋਂ ਕਦਰਾਂ ਨਾਲ਼ ਸਬੰਧ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਇੱਕ ਜਿਣਸ ਦੀ ਵਟਾਂਦਰਾ ਕਦਰ ਦੂਜੀਆਂ ਜਿਣਸਾਂ ਦੀਆਂ ਵਰਤੋਂ ਕਦਰਾਂ ਵਿੱਚ ਆਪਣਾ ਪ੍ਰਗਟਾਵਾ ਕਰਦੀ ਹੈ। ਅਸਲੀਅਤ ਵਿੱਚ ਇਕ ਜਿਣਸ ਦੀ ਵਟਾਂਦਰਾ ਕਦਰ ਦਾ ਦੂਜੀ ਜਿਣਸ ਦੀ ਵਰਤੋਂ ਕਦਰ ਵਿੱਚ ਪ੍ਰਗਟਾਵਾ ਦੋਹਾਂ ਦਾ ਸਮਾਨਤਾ ਦਾ ਪ੍ਰਗਟਾਵਾ ਕਰਦਾ ਹੈ। ਜੇ ਕੋਈ ਕਹੇ ਕਿ ਇਕ ਗਜ਼ ਕੱਪੜਾ ਦੋ ਪੌਂਡ ਕੌਫੀ ਦੇ ਬਰਾਬਰ ਹੈ ਤਾਂ ਕੱਪੜੇ ਦੀ ਵਟਾਂਦਰਾ ਕਦਰ ਕੌਫੀ ਦੀ ਵਰਤੋਂ ਕਦਰ ਵਿੱਚ ਪ੍ਰਗਟ ਕੀਤੀ ਗਈ ਹੈ ਅਤੇ ਇਸ ਤੋਂ ਉਪਰੰਤ ਇਹ ਇਸ ਵਰਤੋਂ ਕਦਰ ਦੀ ਇਕ ਖਾਸ ਮਾਤਰਾ ਵਿੱਚ ਪ੍ਰਗਟ ਕੀਤੀ ਗਈ ਹੈ। ਜਦ ਇੱਕ ਵਾਰ ਇਹ ਅਨੁਪਾਤ ਦੱਸ ਦਿੱਤਾ ਜਾਂਦਾ ਹੈ ਤਾਂ ਕੱਪੜੇ ਦੀ ਕਿਤਨੀ ਵੀ ਮਾਤਰਾ ਦੀ ਕਦਰ ਕੌਫੀ ਦੇ ਰੂਪ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ। ਇਹ ਪ੍ਰਤੱਖ ਹੈ ਕਿ ਇਕ ਜਿਣਸ ਦੀ ਵਟਾਂਦਰਾ ਕਦਰ, ਭਾਵ ਕੱਪੜੇ ਦੀ ਵਟਾਂਦਰਾ ਕਦਰ ਦਾ ਮੁਕੰਮਲ ਪ੍ਰਗਟਾਵਾ ਇੱਕ ਖਾਸ ਜਿਣਸ ਭਾਵ ਕੌਫੀ ਦੀ ਹੀ ਖਾਸ ਮਾਤਰਾ, ਜਿਸ ਵਿੱਚ ਇਹ ਇੱਕ ਦੂਜੇ ਦੇ ਬਰਾਬਰ ਲੱਗਦੀਆਂ ਹਨ, ਨਹੀਂ ਹੁੰਦਾ। ਇੱਕ ਗਜ਼ ਕੱਪੜੇ ਉੱਤੇ ਜਿੰਨਾ ਸਰਵ-ਵਿਆਪੀ ਕਿਰਤ ਸਮਾਂ ਲੱਗਦਾ ਹੈ, ਇਹ ਉਸ ਸਮੇਂ ਦੂਜੀਆਂ ਜਿਣਸਾਂ ਦੀਆਂ ਵੱਖ ਵੱਖ ਮਾਤਰਾਵਾਂ ਵਿੱਚ ਵੀ ਲੱਗਾ ਹੁੰਦਾ ਹੈ। ਕਿਸੇ ਵੀ ਹੋਰ ਜਿਣਸ ਦੀ ਵਰਤੋਂ ਕਦਰ ਜੇ ਉਸੇ ਮਾਤਰਾ ਵਿੱਚ ਲਈ ਜਾਵੇ, ਜਿਹੜੀ ਇੱਕ ਗਜ਼ ਕੱਪੜੇ ਵਿੱਚ ਲੱਗੇ ਜ਼ਰੂਰੀ ਕਿਰਤ ਸਮੇਂ ਦੇ ਬਰਾਬਰ ਹੋਵੇ, ਉਹ ਇੱਕ ਗਜ਼ ਕੱਪੜੇ ਦੇ ਸਾਮਾਨ ਹੋਵੇਗੀ। ਇਸ ਤਰ੍ਹਾਂ **ਇੱਕ ਖਾਸ ਜਿਣਸ** ਦਾ ਵਟਾਂਦਰਾ ਕਦਰ ਦਾ ਵਿਸਥਾਰ ਵਿੱਚ ਪ੍ਰਗਟਾਵਾ ਬਹੁਤ ਸਾਰੀਆਂ ਵੱਖ ਵੱਖ ਜਿਣਸਾਂ ਦੀਆਂ ਮਾਤਰਾਵਾਂ ਵਿੱਚ ਹੀ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚ ਇਹ ਵਰਤੋਂ ਕਦਰਾਂ ਬਰਾਬਰ ਹੋਣ ਅਤੇ ਇਹ ਸਭ ਸਮਾਨਤਾਵਾਂ ਦਾ ਕੁੱਲ ਜੋੜ ਹੀ ਉਸ ਖਾਸ ਜਿਣਸ ਦੀ ਵਟਾਂਦਰਾ ਕਦਰ ਦਾ ਵਿਸਤਰਤ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਉਦਾਹਰਣ ਲਈ ਸਮਾਨਤਾਵਾਂ ਦੀ ਇਹ ਲੜੀ ਲਓ:

ਇੱਕ ਗਜ਼ ਕੱਪੜਾ = 1/2 ਪੌਂਡ ਚਾਹ

,, ,, ,, = 2 ਪੌਂਡ ਕੌਫੀ

,, ,, ,, = 8 ਪੌਂਡ ਰੋਟੀ

,, ,, ,, = 6 ਗਜ਼ ਦੂਜੀ ਕਿਸਮ ਦਾ ਕੱਪੜਾ

ਏਸ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ: ਇੱਕ ਗਜ਼ ਕੱਪੜਾ = 1/8 ਪੌਂਡ ਚਾਹ + 1/2 ਪੌਂਡ ਕੌਫੀ + 2 ਪੌਂਡ ਰੋਟੀ +1 $\frac{1}{2}$ ਗਜ਼ ਦੂਜੀ ਕਿਸਮ ਦਾ ਕੱਪੜਾ।

ਇਸ ਤਰ੍ਹਾਂ ਜੇ ਸਾਡੇ ਕੋਲ ਉਹ ਸਭ (ਸਮੀਕਰਣ) ਮੁਸਾਵਾਤ ਹੋਣ ਜਿਨ੍ਹਾਂ ਵਿੱਚ ਇੱਕ ਗਜ਼ ਕੱਪੜੇ ਦੀ ਵਟਾਂਦਰਾ ਕਦਰ ਵਿਸਥਾਰ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ ਤਾਂ ਅਸੀਂ ਇਸ ਦੀ ਵਟਾਂਦਰਾ ਕਦਰ ਦੀ ਇੱਕ ਪੂਰੀ ਲੜੀ ਵਿੱਚ ਪ੍ਰਗਟ ਕਰ ਸਕਦੇ ਹਾਂ। ਇਹ ਇੱਕ ਨਾ-ਮੁੱਕਦੀ ਲੜੀ ਹੈ ਕਿਉਂਕਿ ਵੱਖ ਵੱਖ ਜਿਣਸਾਂ ਦੀ ਲੜੀ ਅੰਤਮ ਤੌਰ 'ਤੇ ਗਿਣੀ ਨਹੀਂ ਜਾ ਸਕਦੀ ਤੇ ਇਹਨਾਂ ਦੀ ਗਿਣਤੀ ਲਗਾਤਾਰ ਵਧਦੀ ਰਹਿੰਦੀ ਹੈ। ਕਿਉਂਕਿ ਇੱਕ ਜਿਣਸ ਦੀ ਵਟਾਂਦਰਾ ਕਦਰ ਦੂਜੀਆਂ ਸਭ ਜਿਣਸਾਂ ਦੀਆਂ ਵਰਤੋਂ ਕਦਰਾਂ ਵਿੱਚ ਮਿਣੀ ਜਾਂਦੀ ਹੈ, ਤਾਂ ਦੂਜੀਆਂ ਸਭ ਜਿਣਸਾਂ ਦੀ ਵਟਾਂਦਰਾ ਕਦਰ ਵੀ ਉਸ ਜਿਣਸ ਦੀ ਵਰਤੋਂ ਕਦਰ ਵਿੱਚ ਮਿਣੀ ਜਾਵੇਗੀ ਜਿਸ ਦੀ ਵਟਾਂਦਰਾ ਕਦਰ ਇਹ ਮਿਣਦੀਆਂ ਸਨ।* ਜੇ ਇੱਕ ਗਜ਼ ਕੱਪੜੇ ਦੀ ਵਟਾਂਦਰਾ ਕਦਰ ਅੱਧਾ ਪੌਂਡ ਚਾਹ ਜਾਂ ਦੋ ਪੌਂਡ ਕੌਫੀ, ਜਾਂ ਛੇ ਗਜ਼ ਹੋਰ ਕਿਸਮ ਦੇ ਕੱਪੜੇ ਜਾਂ 8 ਪੌਂਡ ਰੋਟੀ ਵਿੱਚ ਪ੍ਰਗਟ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਹੈ ਕਿ ਕੌਫੀ, ਚਾਹ, ਦੂਜੀ ਕਿਸਮ ਦਾ ਕੱਪੜਾ, ਰੋਟੀ ਆਦਿ ਉਸ ਅਨੁਪਾਤ ਵਿੱਚ ਇੱਕ ਦੂਜੇ ਦੇ ਬਰਾਬਰ ਹਨ। ਇਸ ਤਰ੍ਹਾਂ ਤੀਜਾ ਪੈਮਾਨਾ, ਪਹਿਲੀ ਕਿਸਮ ਦਾ ਕੱਪੜਾ, ਉਹਨਾਂ ਦੀਆਂ ਵਟਾਂਦਰਾ ਕਦਰਾਂ ਦੇ ਸਾਂਝੇ ਮਾਪ ਦਾ ਕੰਮ ਕਰਦਾ ਹੈ। ਕਿਸੇ ਵੀ ਜਿਣਸ ਦੀ ਵਟਾਂਦਰਾ ਕਦਰ ਜੇ ਪਦਾਰਥਕ ਰੂਪ ਵਿੱਚ ਢਲੇ ਸਰਵ-ਵਿਆਪੀ ਕਿਰਤ ਸਮੇਂ ਦੀ ਨਿਸ਼ਚਿਤ ਮਾਤਰਾ ਵਜੋਂ ਲਈ ਜਾਵੇ ਤਾਂ ਇਹ ਦੂਜੀਆਂ ਜਿਣਸਾਂ ਦੀਆਂ ਵਰਤੋਂ ਕਦਰਾਂ ਦੀ ਨਿਸ਼ਚਿਤ ਮਾਤਰਾ ਵਿੱਚ ਮਾਪੀ ਜਾਂਦੀ ਹੈ। ਦੂਜੇ ਪਾਸੇ ਸਾਰੀਆਂ ਦੂਜੀਆਂ ਜਿਣਸਾਂ ਦੀਆਂ ਵਟਾਂਦਰਾ ਕਦਰਾਂ ਇਸ ਇਕੋ ਇੱਕ ਜਿਣਸ ਦੀ ਵਰਤੋਂ ਕਦਰ ਵਿੱਚ ਮਾਪੀਆਂ ਜਾਂਦੀਆਂ ਹਨ। ਪਰ ਕੋਈ ਵੀ ਜਿਣਸ ਨੂੰ ਇਸ ਦੀ ਵਟਾਂਦਰਾ ਕਦਰ ਵਜੋਂ ਵੇਖੀਏ ਉਹ ਇਕੋ ਇੱਕ ਜਿਣਸ ਵੀ ਹੈ, ਜਿਹੜੀ ਦੂਜੀਆਂ ਸਾਰੀਆਂ ਜਿਣਸਾਂ ਦੀਆਂ ਵਟਾਂਦਰਾ ਕਦਰਾਂ ਦੇ ਮਾਪ ਦਾ ਕੰਮ ਕਰਦੀ ਹੈ ਤੇ ਦੂਜੇ ਪਾਸੇ ਇਹ ਬਹੁਤ ਸਾਰੀਆਂ ਜਿਣਸਾਂ ਦੀ ਲੜੀ ਵਿੱਚੋਂ ਕੇਵਲ ਇੱਕ ਜਿਣਸ ਵੀ ਹੈ ਜਿਸ ਵਿੱਚ ਦੂਜੀਆਂ ਸਾਰੀਆਂ ਜਿਣਸਾਂ ਵਿੱਚੋਂ ਕਿਸੇ ਦੀ ਵੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਹੁੰਦਾ ਹੈ।

* "ਇਹ ਪੈਮਾਨਿਆਂ ਦੀ ਇੱਕ ਹੋਰ ਖੂਬੀ ਹੈ ਕਿ ਇਹ ਮਾਪੀ ਜਾਂਦੀ ਚੀਜ਼ ਨਾਲ਼ ਅਜਿਹੇ ਸਬੰਧ ਬਣਾਉਂਦੇ ਹਨ ਕਿ ਮਾਪੀ ਜਾਂਦੀ ਚੀਜ਼ ਇੱਕ ਤਰ੍ਹਾਂ ਨਾਲ਼ ਪੈਮਾਨੇ ਦੀ ਇਕਾਈ ਦਾ ਮਾਪ ਹੀ ਬਣ ਜਾਂਦੀ ਹੈ", ਮੌਂਟਾਨੇਰੀ, ਡੇਲਾ ਮਾਨੇਟਾ, ਕਸਟੋਡੀ ਦੇ ਸੰਗ੍ਰਹਿ ਜਿਲਦ III ਪਾਰਟੇ ਐਨਟੀਕਾ ਦੇ ਪੰਨਾ 41 'ਤੇ।

ਵੱਖ ਵੱਖ ਜਿਣਸਾਂ ਦੀ ਕਾਇਮ ਗਿਣਤੀ ਕਿਸੇ ਜਿਣਸ ਦੀ **ਕਦਰ** 'ਤੇ ਪ੍ਰਭਾਵ ਨਹੀਂ ਪਾਉਂਦੀ। ਪਰ ਸਮੀਕਰਣਾਂ ਦੀ ਉਹ ਲੜੀ, ਜਿਸ ਵਿੱਚ ਇੱਕ ਜਿਣਸ ਦੀ ਵਟਾਂਦਰਾ ਕਦਰ ਪ੍ਰਗਟ ਕੀਤੀ ਜਾਂਦੀ ਹੈ, ਲੰਬੀ ਹੈ ਜਾਂ ਛੋਟੀ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵੱਖ ਵੱਖ ਜਿਣਸਾਂ ਦੀਆਂ ਕਿਸਮਾਂ ਬਹੁਤੀਆਂ ਹਨ ਜਾਂ ਥੋੜ੍ਹੀਆਂ। ਸਮੀਕਰਣਾਂ ਦੀ ਲੜੀ ਜਿਸ ਵਿੱਚ ਮੰਨ ਲਓ ਕਿ ਕੌਫੀ ਦੀ ਵਟਾਂਦਰਾ ਕਦਰ ਪ੍ਰਗਟ ਕੀਤੀ ਜਾਂਦੀ ਹੈ ਇਹ ਇਸ ਦੇ ਵਟਾਂਦਰਾ ਯੋਗਤਾ ਦਾ ਖੇਤਰ ਪ੍ਰਗਟ ਕਰਦੀ ਹੈ, ਉਹਨਾਂ ਹੱਦਾਂ ਦਾ ਪ੍ਰਗਟਾਵਾ ਕਰਦੀ ਹੈ ਜਿਸ ਵਿੱਚ ਇਹ ਇੱਕ ਵਟਾਂਦਰਾ-ਕਦਰ ਵਜੋਂ ਕੰਮ ਕਰਦੀ ਹੈ। ਕਿਸੇ ਜਿਣਸ ਦੀ ਵਟਾਂਦਰਾ ਕਦਰ ਸਰਵ ਵਿਆਪੀ ਸਮਾਜੀ ਕਿਰਤ ਸਮੇਂ ਦੇ ਬਾਹਰਮੁਖੀ ਪ੍ਰਗਟਾਵੇ ਵਜੋਂ ਆਪਣੇ ਸਮੀਕਰਣ ਦਾ ਪ੍ਰਗਟਾਵਾ ਵਰਤੋਂ ਕਦਰਾਂ ਦੀਆਂ ਅਨਿਸ਼ਚਿਤ ਕਿਸਮਾਂ ਵਿੱਚ ਵੇਖਦੀ ਹੈ।

ਅਸੀਂ ਵੇਖ ਲਿਆ ਹੈ ਕਿ ਕਿਸੇ ਜਿਣਸ ਦੀ ਵਟਾਂਦਰਾ ਕਦਰ ਇਸ ਵਿੱਚ ਲੱਗੇ ਕਿਰਤ ਸਮੇਂ ਦੀ ਮਾਤਰਾ ਅਨੁਸਾਰ ਬਦਲਦੀ ਹੈ। ਇਸ ਤੋ ਹਾਸਲ ਹੋਈ ਵਟਾਂਦਰਾ ਕਦਰ, ਭਾਵ ਦੂਜੀਆਂ ਜਿਣਸਾਂ ਦੀ ਵਰਤੋਂ ਕਦਰਾਂ ਵਿੱਚ ਪ੍ਰਗਟ ਹੁੰਦੀ ਵਟਾਂਦਰਾ ਕਦਰ ਦੂਜੀਆਂ ਭਿੰਨ ਭਿੰਨ ਜਿਣਸਾਂ 'ਤੇ ਲੱਗੇ ਕਿਰਤ ਸਮੇਂ ਦੀ ਮਾਤਰਾ ਭਿੰਨਤਾ ਉੱਤੇ ਵੀ ਨਿਰਭਰ ਕਰੇਗੀ। ਉਦਾਹਰਣ ਲਈ ਕਣਕ ਦੀ ਇੱਕ ਨਿਸ਼ਚਿਤ ਮਾਤਰਾ ਪੈਦਾ ਕਰਨ ਉੱਤੇ ਜਿਤਨਾ ਕਿਰਤ ਸਮਾਂ ਲੱਗਦਾ ਹੈ ਜੇ ਉਹ ਨਾ ਬਦਲੇ ਪਰ ਹੋਰ ਚੀਜ਼ਾਂ ਪੈਦਾ ਕਰਨ 'ਤੇ ਲੱਗਦਾ ਕਿਰਤ ਸਮਾਂ ਦੁੱਗਣਾ ਹੋ ਜਾਵੇ ਤਾਂ ਇਸ ਦੇ ਸਮਾਨਾਂਤਰਾਂ ਦੇ ਮੁਕਾਬਲੇ ਉੱਤੇ ਕਣਕ ਦੀ ਵਟਾਂਦਰਾ ਕਦਰ ਅੱਧੀ ਰਹਿ ਜਾਵੇਗੀ। ਸਿੱਧ ਉਹੋ ਹੋਵੇਗਾ ਜਿਵੇਂ ਕਿ ਕਣਕ ਦੀ ਪੈਦਾਵਾਰ ਤੇ ਲੋੜੀਂਦਾ ਕਿਰਤ ਸਮਾਂ ਅੱਧਾ ਰਹਿ ਗਿਆ ਹੋਵੇ ਅਤੇ ਦੂਜੀਆਂ ਜਿਣਸਾਂ ਦੀ ਪੈਦਾਵਾਰ ਲਈ ਲੋੜੀਂਦਾ ਕਿਰਤ ਸਮਾਂ ਪਹਿਲਾਂ ਜਿਤਨਾ ਹੀ ਰਿਹਾ ਹੋਵੇ। ਜਿਣਸਾਂ ਦੀ ਕਦਰ ਦਾ ਨਿਰਣਾ ਉਹਨਾਂ ਦੀ ਉਸ ਮਾਤਰਾ ਨਾਲ਼ ਹੁੰਦਾ ਹੈ, ਜਿਹੜੀ ਦਿੱਤੇ ਕਿਰਤ ਸਮੇਂ ਵਿੱਚ ਪੈਦਾ ਕੀਤੀ ਜਾ ਸਕਦੀ ਹੈ। ਇਹ ਵੇਖਣ ਲਈ ਇਕ ਇਸ ਧਾਰਨਾ ਵਿੱਚ ਕੀ ਕੀ ਤਬਦੀਲੀਆਂ ਸੰਭਵ ਹੋ ਸਕਦੀਆਂ ਹਨ ਆਓ, ਦੋ ਚੀਜ਼ਾਂ 'ੳ' ਅਤੇ 'ਅ' ਲਈਏ। ਪਹਿਲਾਂ ਮੰਨ ਲਓ ਕਿ 'ਅ' ਦੇ ਉਤਪਾਦਨ ਲਈ ਲੋੜੀਂਦੇ ਕਿਰਤ ਸਮੇਂ ਵਿੱਚ ਕੋਈ ਫਰਕ ਨਹੀਂ ਪੈਂਦਾ। ਏਸ ਹਾਲਤ ਵਿੱਚ 'ਅ' ਦੇ ਟਾਕਰੇ 'ਤੇ 'ੳ' ਦੀ ਵਟਾਂਦਰਾ ਕਦਰ ਇਸ ਦੇ ਉਤਪਾਦਨ ਲਈ ਲੋੜੀਂਦੇ ਕਿਰਤ ਸਮੇਂ ਵਿੱਚ ਕਮੀ ਜਾਂ ਵਾਧੇ ਦੇ ਅਨੁਪਾਤ ਅਨੁਸਾਰ ਘੱਟਦੀ ਜਾਂ ਵੱਧਦੀ ਹੈ। ਦੂਜੇ 'ੳ' ਦੇ ਉਤਪਾਦਨ ਵਿੱਚ ਲੋੜੀਂਦੇ ਕਿਰਤ ਸਮੇਂ ਵਿੱਚ ਕੋਈ ਫਰਕ ਨਹੀਂ ਪੈਂਦਾ। ਫੇਰ 'ੳ' ਦੀ ਵਟਾਂਦਰਾ ਕਦਰ 'ਅ' ਦੇ ਉਤਪਾਦਨ ਲਈ ਲੋੜੀਂਦੇ ਕਿਰਤ ਸਮੇਂ ਵਿੱਚ ਵਾਧੇ ਜਾਂ ਕਮੀ ਦੇ ਬਿਲਕੁਲ ਅਨੁਪਾਤ ਵਿੱਚ ਘਟੇ ਜਾਂ ਵਧੇਗੀ। ਤੀਜੇ, 'ੳ' ਤੇ 'ਅ' ਦੋਹਾਂ ਦੇ ਉਤਪਾਦਨ ਲਈ ਲੋੜੀਂਦਾ ਕਿਰਤ ਸਮਾਂ ਇੱਕੋ ਦਰ 'ਤੇ ਘੱਟਦਾ ਜਾਂ ਵੱਧਦਾ ਹੈ। ਅਜਿਹੀ ਹਾਲਤ ਵਿੱਚ 'ੳ' ਦੀ ਵਟਾਂਦਰਾ ਕਦਰ 'ਅ' ਦੇ ਰੂਪ ਵਿੱਚ ਪ੍ਰਗਟ ਕਰਦੇ ਸਮੀਕਰਣ ਵਿੱਚ ਕੋਈ ਫਰਕ ਨਹੀਂ ਪਾਵੇਗੀ। ਜੇ ਕਿਸੇ ਵੀ ਕਾਰਨਾਂ ਕਰਕੇ ਸਾਰੀਆਂ ਕਿਸਮਾਂ ਦੀ ਕਿਰਤ ਦੀ ਉਤਪਾਦਕਤਾ ਬਰਾਬਰ ਮਾਤਰਾ ਵਿੱਚ ਘੱਟ ਜਾਂਦੀ ਹੈ ਫੇਰ ਸਾਰੀਆਂ ਜਿਣਸਾਂ ਦੀ ਕਦਰ ਚੜ੍ਹ ਜਾਵੇਗੀ ਅਤੇ ਉਹਨਾਂ ਦੀਆਂ

ਵਟਾਂਦਰਾ ਕਦਰਾਂ ਦੇ ਅਸਲ ਪ੍ਰਗਟਾਵੇ ਵਿੱਚ ਕੋਈ ਫਰਕ ਨਹੀਂ ਪਵੇਗਾ ਅਤੇ ਸਮਾਜ ਦੀ ਅਸਲ ਸੰਪਤੀ ਘੱਟ ਜਾਵੇਗੀ, ਕਿਉਂਕਿ ਵਰਤੋਂ ਕਦਰਾਂ ਦੀ ਪਹਿਲਾਂ ਜਿਤਨੀ ਹੀ ਮਾਤਰਾ ਪੈਦਾ ਕਰਨ ਲਈ ਵਧੇਰੇ ਮਾਤਰਾ ਵਿੱਚ ਕਿਰਤ ਸਮਾਂ ਲੋੜੀਂਦਾ ਹੋਵੇਗਾ। ਚੌਥੇ 'ੳ' ਅਤੇ 'ਅ' ਦੋਹਾਂ ਦੇ ਉਤਪਾਦਨ ਲਈ ਲੋੜੀਂਦਾ ਕਿਰਤ ਸਮਾਂ ਘੱਟਦਾ ਜਾਂ ਵਧਦਾ ਹੈ ਪਰ ਨਾ-ਬਰਾਬਰ ਮਾਤਰਾ ਵਿੱਚ ਜਾਂ ਕਹਿ ਲਓ 'ੳ' ਦੇ ਉਤਪਾਦਨ ਲਈ ਲੋੜੀਂਦਾ ਕਿਰਤ ਸਮਾਂ ਵੱਧਦਾ ਹੈ ਜਦ ਕਿ 'ਅ' ਦੇ ਉਤਪਾਦਨ ਲਈ ਲੋੜੀਂਦਾ ਕਿਰਤ ਸਮਾਂ ਘੱਟਦਾ ਹੈ ਜਾਂ ਇਸ ਦੇ ਉਲਟ ਹੁੰਦਾ ਹੈ। ਇਹ ਸਾਰੀਆਂ ਹਾਲਤਾਂ ਉਸ ਸਥਿਤੀ ਵਿੱਚ ਢਾਲ ਕੇ ਵੇਖੀਆਂ ਜਾ ਸਕਦੀਆਂ ਹਨ ਕਿ ਦੋਹਾਂ ਜਿਣਸਾਂ ਵਿੱਚੋਂ ਇੱਕ ਲਈ ਲੋੜੀਂਦਾ ਕਿਰਤ ਸਮਾਂ ਸਥਿਰ ਰਹਿੰਦਾ ਹੈ ਜਦ ਕਿ ਦੂਜੀ ਲਈ ਲੋੜੀਂਦਾ ਕਿਰਤ ਸਮਾਂ ਘੱਟਦਾ ਜਾਂ ਵੱਧਦਾ ਹੈ।

ਕਿਸੇ ਜਿਣਸ ਦੀ ਵਟਾਂਦਰਾ ਕਦਰ ਦੂਜੀ ਜਿਣਸ ਦੀ ਵਰਤੋਂ ਕਦਰ ਵਿੱਚ ਵਰਤੋਂ ਕਦਰ ਦੇ ਪੂਰੇ ਅੰਕਾਂ ਜਾਂ ਉਹਨਾਂ ਦੇ ਹਿੱਸਿਆਂ ਵਿੱਚ, ਪ੍ਰਗਟ ਕੀਤੀ ਜਾਂਦੀ ਹੈ। ਵਰਤੋਂ ਕਦਰ ਵਜੋਂ ਕਿਸੇ ਵੀ ਜਿਣਸ ਦੀ ਉਸੇ ਤਰ੍ਹਾਂ ਵੰਡ ਕੀਤੀ ਜਾ ਸਕਦੀ ਹੈ ਜਿਵੇਂ ਇਸ ਵਿੱਚ ਲੱਗੇ ਕਿਰਤ ਸਮੇਂ ਦੀ। ਜਿਣਸਾਂ ਦੀ ਤੁਲਨਾ ਵੀ ਇਹਨਾਂ ਦੀ ਵਰਤੋਂ ਕਦਰ ਦੀ ਸਰੀਰਕ ਵੰਡ ਦੀ ਸੰਭਾਵਨਾ ਤੋਂ ਉਸੇ ਤਰ੍ਹਾਂ ਆਜ਼ਾਦ ਹੈ, ਜਿਵੇਂ ਕਿ ਜਿਣਸਾਂ ਦੀ ਵਟਾਂਦਰਾ ਕਦਰ ਦੇ ਜੋੜ ਉੱਤੇ ਉਹਨਾਂ ਤਬਦੀਲੀਆਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਜਿਹੜੀਆਂ ਇੱਕ ਬਿਲਕੁਲ ਨਵੀਂ ਜਿਣਸ ਤਿਆਰ ਕਰਨ ਲੱਗਿਆ ਕੁਝ ਚੀਜ਼ਾਂ ਦੀਆਂ ਵਰਤੋਂ ਕਦਰਾਂ ਵਿੱਚ ਹੁੰਦੀਆਂ ਹਨ।

ਹੁਣ ਤੱਕ ਅਸੀਂ ਜਿਣਸਾਂ ਦੇ ਦੋ ਪੱਖਾਂ - ਵਰਤੋਂ ਕਦਰ ਤੇ ਵਟਾਂਦਰਾ ਕਦਰ - ਦੀ ਪੜਤਾਲ਼ ਕੀਤੀ ਹੈ ਪਰ ਹਰ ਇੱਕ ਦੀ ਅਲਿਹਦਾ ਅਲਿਹਦਾ। ਪਰ ਜਿਣਸ ਵਰਤੋਂ ਕਦਰ ਤੇ ਵਟਾਂਦਰਾ ਕਦਰ ਦੋਹਾਂ ਦਾ ਸਿੱਧਾ ਜੋੜ ਹੀ ਹੁੰਦੀ ਹੈ ਅਤੇ ਇਸ ਦੇ ਨਾਲ਼ ਹੀ ਇੱਕ ਜਿਣਸ ਦੂਜੀ ਦੇ ਸਬੰਧ ਵਿੱਚ ਆ ਕੇ ਹੀ ਜਿਣਸ ਬਣਦੀ ਹੈ। ਦੋਹਾਂ ਦੇ **ਵਟਾਂਦਰੇ ਦਾ ਅਮਲ** ਦੋਹਾਂ ਵਿਚਾਲੇ ਕਾਇਮ ਅਮਲੀ ਸਬੰਧ ਹੈ। ਇਹ ਇੱਕ ਸਮਾਜਿਕ ਅਮਲ ਹੈ ਜਿਹੜਾ ਵਿਅਕਤੀ ਇੱਕ ਦੂਜੇ ਤੋਂ ਸੁਤੰਤਰ ਰੂਪ ਵਿੱਚ ਕਰਦੇ ਰਹਿੰਦੇ ਹਨ, ਪਰ ਉਹ ਇਸ ਅਮਲ ਵਿੱਚ ਜਿਣਸਾਂ ਦੇ ਮਾਲਕਾਂ ਵਜੋਂ ਹੀ ਹਿੱਸਾ ਲੈਂਦੇ ਹਨ। ਉਹਨਾਂ ਦੀ ਇੱਕ ਦੂਜੇ ਲਈ ਹੋਂਦ ਉਦੋਂ ਤੱਕ ਹੀ ਹੈ ਜਦ ਤੱਕ ਉਹਨਾਂ ਦੀਆਂ ਜਿਣਸਾਂ ਦੀ ਹੋਂਦ ਕਾਇਮ ਹੈ। ਇਸ ਤਰ੍ਹਾਂ ਉਹ ਅਸਲੀਅਤ ਵਿੱਚ ਵਟਾਂਦਰੇ ਦੇ ਅਮਲ ਦੇ ਚੇਤਨ ਪ੍ਰਤੀਨਿਧ ਲੱਗਦੇ ਹਨ।

ਜਿਣਸ ਵਟਾਂਦਰਾ ਕਦਰ ਹੁੰਦੀ ਹੈ, ਕਣਕ, ਕੱਪੜਾ, ਹੀਰਾ, ਮਸ਼ੀਨਾਂ ਆਦਿ। ਪਰ ਉਸੇ ਸਮੇਂ ਇਹ ਵਰਤੋਂ ਕਦਰ ਨਹੀਂ ਵੀ ਹੁੰਦੀ। ਇਹ ਜਿਣਸ ਨਹੀਂ ਬਣੇਗੀ ਜੇ ਇਹ ਆਪਣੇ ਮਾਲਕ ਲਈ ਹੀ ਵਰਤੋਂ ਕਦਰ ਹੈ, ਭਾਵ ਉਸ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਦਾ ਫੌਰੀ ਸਾਧਨ ਹੈ। ਦੂਜੀ ਹਾਲਤ ਵਿੱਚ ਇਹ ਆਪਣੇ ਮਾਲਕ ਲਈ ਕੋਈ ਵਰਤੋਂ ਕਦਰ ਨਹੀਂ, ਸਗੋਂ ਵਰਤੋਂ ਕਦਰ ਦਾ ਸਰੀਰਕ ਪ੍ਰਗਟਾਵਾ ਹੈ ਜਾਂ ਕੇਵਲ ਵਟਾਂਦਰਾ ਕਦਰ ਦਾ ਸਾਧਨ ਹੈ। ਵਰਤੋਂ ਕਦਰ ਜਦ ਵਟਾਂਦਰਾ ਕਦਰ ਦੀ ਸਰਗਰਮ ਵਾਹਕ ਬਣ ਜਾਂਦੀ ਹੈ ਤਾਂ ਇਹ ਵਟਾਂਦਰੇ ਦਾ ਸਾਧਨ ਬਣ ਜਾਂਦੀ ਹੈ। ਜਿਣਸ ਆਪਣੇ ਮਾਲਕ ਲਈ ਉਦੋਂ ਤੱਕ ਹੀ ਵਰਤੋਂ ਕਦਰ ਹੈ

ਜਦ ਤਕ ਇਹ ਵਟਾਂਦਰਾ ਕਦਰ ਹੈ। ਇਸ ਲਈ ਕਿਸੇ ਜਿਣਸ ਦੇ ਵਰਤੋਂ ਕਦਰ ਬਣਨ ਲਈ ਜ਼ਰੂਰੀ ਹੈ ਕਿ ਪਹਿਲੋਂ ਇਹ ਦੂਜਿਆਂ ਲਈ ਵਰਤੋਂ ਕਦਰ ਬਣੇ। ਕਿਉਂਕਿ ਇਹ ਆਪਣੇ ਮਾਲਕ ਲਈ ਵਰਤੋਂ ਕਦਰ ਨਹੀਂ, ਇਸ ਲਈ ਇਹ ਜ਼ਰੂਰੀ ਹੈ ਕਿ ਇਹ ਦੂਜੀਆਂ ਜਿਣਸਾਂ ਦੇ ਮਾਲਕਾਂ ਲਈ ਵਰਤੋਂ ਕਦਰ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਇਹਨਾਂ 'ਤੇ ਖਰਚ ਕੀਤੀ ਗਈ ਕਿਰਤ ਕੇਵਲ ਵਿਅਰਥ ਹੈ ਤੇ ਉਸ ਦੇ ਸਿੱਟੇ ਵਜੋਂ ਜਿਣਸ ਪੈਦਾ ਨਹੀਂ ਹੋਈ, ਦੂਜੇ ਪਾਸੇ ਹਰ ਜਿਣਸ ਆਪਣੇ ਮਾਲਕ ਲਈ ਵਰਤੋਂ ਕਦਰ ਹੋਣੀ ਜ਼ਰੂਰੀ ਹੈ ਕਿਉਂਕਿ ਉਸ ਦੀ ਹੋਂਦ ਦੇ ਸਾਧਨ ਇਸ ਜਿਣਸ ਤੋਂ ਬਾਹਰ ਹਨ, ਦੂਜੇ ਲੋਕਾਂ ਦੀਆਂ ਜਿਣਸਾਂ ਦੀਆਂ ਵਰਤੋਂ ਕਦਰਾਂ ਵਿੱਚੋਂ ਹਨ। ਕਿਸੇ ਜਿਣਸ ਦੇ ਵਰਤੋਂ ਕਦਰ ਬਣਨ ਲਈ ਜ਼ਰੂਰੀ ਹੈ ਕਿ ਇਹ ਕੋਈ ਨਾ ਕੋਈ ਖਾਸ ਲੋੜ ਪੂਰੀ ਕਰਨ ਵਾਲ਼ੀ ਬਣੇ। ਇਸ ਤਰ੍ਹਾਂ ਵੱਖ ਵੱਖ ਜਿਣਸਾਂ ਦੀਆਂ ਵਰਤੋਂ ਕਦਰਾਂ ਆਪਣੀਆਂ ਥਾਵਾਂ ਦੇ ਪਰਸਪਰ ਵਟਾਂਦਰੇ ਨਾਲ਼ ਹੀ ਵਰਤੋਂ ਕਦਰਾਂ ਬਣਦੀਆਂ ਹਨ: ਉਹ ਉਹਨਾਂ ਲੋਕਾਂ ਦੇ ਹੱਥਾਂ ਵਿੱਚੋਂ, ਜਿਨ੍ਹਾਂ ਲਈ ਇਹ ਵਟਾਂਦਰੇ ਦਾ ਸਾਧਨ ਹਨ, ਉਹਨਾਂ ਲੋਕਾਂ ਦੇ ਹੱਥਾਂ ਵਿੱਚ ਜਾਂਦੀਆਂ ਹਨ ਜਿਨ੍ਹਾਂ ਲਈ ਇਹ ਖਪਤਕਾਰੀ ਚੀਜ਼ਾਂ ਦਾ ਕੰਮ ਕਰਦੀਆਂ ਹਨ। ਕੇਵਲ ਜਿਣਸਾਂ ਦੀ ਅਜਿਹੇ ਸਰਵ ਵਿਆਪੀ ਹੱਥ ਬਦਲੀ ਰਾਹੀਂ ਹੀ ਉਹਨਾਂ ਵਿੱਚ ਲੱਗੀ ਕਿਰਤ ਲਾਭਦਾਇਕ ਕਿਰਤ ਬਣਦੀ ਹੈ। ਜਿਣਸਾਂ ਵਰਤੋਂ ਕਦਰ ਵਜੋਂ ਪਰਸਪਰ ਸਬੰਧਾਂ ਵਿੱਚ ਆਉਣ ਦੇ ਦੌਰਾਨ ਕੋਈ ਨਵਾਂ ਆਰਥਿਕ ਰੂਪ ਧਾਰਨ ਨਹੀਂ ਕਰਦੀਆਂ। ਇਸ ਦੇ ਉੱਤੇ ਜਿਹੜਾ ਵਿਸ਼ੇਸ਼ ਰੂਪ ਜਿਣਸਾਂ ਵਜੋਂ ਉਹਨਾਂ ਨੂੰ ਇਕ ਦੂਜੇ ਤੋਂ ਨਿਖੇੜਦਾ ਹੈ, ਉਹ ਗਾਇਬ ਹੋ ਜਾਂਦਾ ਹੈ। ਉਦਾਹਰਣ ਲਈ ਰੋਟੀ ਜਦ ਇਹ ਤੰਦੂਰ ਵਾਲੇ ਤੋਂ ਖਪਤਕਾਰ ਤੱਕ ਪੁੱਜਦੀ ਹੈ ਤਾਂ ਇਸ ਦਾ ਰੋਟੀ ਵਜੋਂ ਕਰਦਾਰ ਨਹੀਂ ਬਦਲਦਾ। ਸਗੋਂ ਇਸ ਦੇ ਉਲਟ ਖਪਤਕਾਰ ਇਸ ਨੂੰ ਇਕ ਵਰਤੋਂ ਕਦਰ ਵਜੋਂ ਲੈਂਦਾ ਹੈ, ਇੱਕ ਨਿਸ਼ਚਿਤ ਖਾਣ ਦੀ ਚੀਜ਼ ਵਜੋਂ ਲੈਂਦਾ ਹੈ, ਜਦ ਕਿ ਤੰਦੂਰ ਵਾਲੇ ਕੋਲ ਹੋਣ ਤੱਕ ਇਹ ਕੇਵਲ ਇੱਕ ਆਰਥਕ ਰਿਸ਼ਤੇ ਦੀ ਸਧਾਰਨ ਪ੍ਰਤੀਨਿੱਧ ਸੀ। ਇੱਕੋ ਸਮੇਂ ਇੱਕ ਠੋਸ ਅਤੇ ਨਿਰਪੇਖ ਚੀਜ਼ ਸੀ। ਇਸ ਲਈ ਵਰਤੋਂ ਕਦਰਾਂ ਬਣਨ ਦੇ ਦੌਰਾਨ ਜਿਹੜੀ ਇੱਕੋ ਇੱਕ ਤਬਦੀਲੀ ਜਿਣਸਾਂ ਵਿੱਚ ਉਹ ਇਹ ਕਿ ਇਹਨਾਂ ਦੀ ਰਵਾਇਤੀ ਹੋਂਦ ਰੁਕ ਜਾਂਦੀ ਹੈ ਜਿਸ ਵਿੱਚ ਹੁੰਦੀ ਹੈ ਉਹ ਆਪਣੇ ਮਾਲਕ ਲਈ ਗੈਰ-ਵਰਤੋਂ-ਕਦਰਾਂ ਹੁੰਦੀਆਂ ਹਨ ਅਤੇ ਉਹਨਾਂ ਲਈ ਵਰਤੋਂ ਕਦਰਾਂ ਹੁੰਦੀਆਂ ਹਨ, ਜਿਹੜੇ ਉਹਨਾਂ ਦੇ ਮਾਲਕ ਨਹੀਂ ਹੁੰਦੇ। ਵਰਤੋਂ ਕਦਰਾਂ ਬਣਨ ਲਈ ਇਹ ਜ਼ਰੂਰੀ ਹੈ ਕਿ ਚੀਜ਼ਾਂ ਇਕ ਤੋਂ ਦੂਜੇ ਹੱਥਾਂ ਵਿੱਚ ਜਾਣ; ਉਹ ਅਵੱਸ਼ ਵਟਾਂਦਰੇ ਦੇ ਅਮਲ ਵਿੱਚ ਦੀ ਲੰਘਣ; ਪਰ ਇਹ ਵਟਾਂਦਰਾ ਕੇਵਲ ਵਟਾਂਦਰਾ ਕਦਰ ਦੇ ਉਹਨਾਂ ਦੇ ਪੱਖ ਨਾਲ਼ ਹੀ ਸਬੰਧਤ ਹੈ। ਇਸ ਲਈ ਵਟਾਂਦਰਾ ਕਦਰ ਵਜੋਂ ਮਾਨਤਾ ਲੈ ਲੈਣ ਪਿਛੋਂ ਹੀ ਜਿਣਸਾਂ ਵਰਤੋਂ ਕਦਰਾਂ ਵਜੋਂ ਇਸਤੇਮਾਲ ਹੋ ਸਕਦੀਆਂ ਹਨ।

ਵਿਅਕਤੀਗਤ ਜਿਣਸ ਮੁੱਢ ਵਿੱਚ ਇੱਕ ਵਰਤੋਂ ਕਦਰ ਵਜੋਂ ਇੱਕ ਅਜ਼ਾਦ ਚੀਜ਼ ਮੰਨੀ ਜਾਂਦੀ ਸੀ ਜਦ ਕਿ ਵਟਾਂਦਰਾ ਕਦਰ ਵਜੋਂ ਇਹ ਸ਼ੁਰੂ ਤੋਂ ਹੀ ਦੂਜੀਆਂ ਚੀਜ਼ਾਂ ਦੇ ਨਾਲ਼ ਇਸ ਦੇ ਸਬੰਧਾਂ ਵਜੋਂ ਵੇਖੀ ਜਾਂਦੀ ਸੀ। ਪਰ ਇਹ ਕੇਵਲ ਵਿਚਾਰਧਾਰਕ ਅਤੇ ਕਲਪਤ ਸਬੰਧ ਹੀ ਸੀ। ਇਹ ਕੇਵਲ ਵਟਾਂਦਰੇ ਦੀ ਕਿਰਿਆ ਵਿੱਚ ਹੀ ਮਹਿਸੂਸ ਜ਼ਾਹਰ ਹੁੰਦਾ ਹੈ। ਦੂਜੇ ਪਾਸੇ

ਕੋਈ ਵੀ ਜਿਣਸ ਵਟਾਂਦਰਾ ਕਦਰ ਹੁੰਦੀ ਹੈ ਜੇ ਉਸ ਦੇ ਉਤਪਾਦਨ 'ਤੇ ਕੁਝ ਨਿਸ਼ਚਿਤ ਕਿਰਤ ਸਮਾਂ ਖਰਚਿਆ ਗਿਆ ਹੋਵੇ ਅਤੇ ਉਸ ਅਨੁਸਾਰ ਇਹ ਠੋਸ ਰੂਪ ਵਿੱਚ ਕਿਰਤ ਸਮੇਂ ਦੀ ਪ੍ਰਤੀਨਿੱਧਤਾ ਕਰਦੀ। ਤਾਂ ਵੀ ਜਿਣਸ ਜਿਸ ਸਮੇਂ ਇਹ ਹੋਂਦ ਵਿੱਚ ਆਉਂਦੀ ਹੈ, ਇੱਕ ਵਿਸ਼ੇਸ਼ ਕਿਸਮ ਦਾ, ਠੋਸ ਰੂਪ ਵਿੱਚ ਢੱਕਿਆ ਕਿਰਤ ਸਮਾਂ ਹੀ ਹੁੰਦਾ ਹੈ ਨਾ ਕਿ ਸਰਵ-ਵਿਆਪੀ ਕਿਰਤ ਸਮਾਂ। ਇਸ ਤਰ੍ਹਾਂ ਕੋਈ ਜਿਣਸ ਫੌਰਨ ਵਟਾਂਦਰਾ ਕਦਰ ਨਹੀਂ ਬਣ ਜਾਂਦੀ, ਸਗੋਂ ਇਸ ਨੇ ਵਟਾਂਦਰਾ ਕਦਰ ਬਣਨਾ ਹੁੰਦਾ ਹੈ। ਇਹ ਖਾਸ ਪਦਾਰਥਕ ਹਾਲਤ ਹੁੰਦੀ ਹੈ, ਜਿਸ ਹਾਲਤ ਵਿੱਚ ਹੀ ਕਿਸੇ ਜਿਣਸ ਵਿੱਚ ਲੱਗਿਆ ਕਿਰਤ ਸਮਾਂ ਸਰਵ-ਵਿਆਪੀ, ਸਮਾਜੀ-ਕਿਰਤ-ਸਮਾਂ, ਮੰਨਿਆ ਜਾਂਦਾ ਹੈ। ਇਸ ਲਈ ਕੋਈ ਜਿਣਸ ਤਾਂ ਹੀ ਵਰਤੋਂ ਕਦਰ ਬਣ ਸਕਦੀ ਹੈ ਜੇ ਇਹ ਪਹਿਲੋਂ ਵਟਾਂਦਰਾ ਕਦਰ ਮੰਨੀ ਜਾਵੇ ਜਦ ਕਿ ਇਹ ਵਟਾਂਦਰਾ ਕਦਰ ਤਾਂ ਹੀ ਬਣ ਸਕਦੀ ਹੈ ਕਿ ਜੇ ਇਸ ਦੀ ਹੱਥ ਬਦਲੀ ਹੁੰਦੀ ਹੈ ਅਤੇ ਇਹ ਵਰਤੋਂ ਕਦਰ ਵਜੋਂ ਕੰਮ ਕਰਦੀ ਹੈ। ਕਿਸੇ ਜਿਣਸ ਦੀ ਵਰਤੋਂ ਕਦਰ ਵਜੋਂ ਹੱਥ ਬਦਲੀ ਅਜਿਹੇ ਵਿਅਕਤੀ ਕੋਲ਼ ਹੀ ਹੋ ਸਕਦੀ ਹੈ, ਜਿਸ ਲਈ ਇਹ ਵਰਤੋਂ ਕਦਰ ਹੈ, ਭਾਵ ਇੱਕ ਖਾਸ ਲੋੜ ਪੂਰੀ ਕਰਨ ਵਾਲੀ ਚੀਜ਼ ਹੈ। ਦੂਜੇ ਪਾਸੇ ਇਹ ਇੱਕ ਹੋਰ ਜਿਣਸ ਦੇ ਬਦਲੇ ਹੀ ਇੱਕ ਤੋਂ ਦੂਜੇ ਨੂੰ ਦਿੱਤੀ ਜਾ ਸਕਦੀ ਹੈ ਜਾਂ ਜੇ ਅਸੀਂ ਸਾਰੇ ਮਾਮਲੇ ਨੂੰ ਦੂਜੀ ਜਿਣਸ ਦੇ ਮਾਲਕ ਦੀ ਦਿੱਖ ਤੋਂ ਵੇਖੀਏ ਉਹ ਵੀ ਆਪਣੀ ਜਿਣਸ ਨੂੰ ਤਾਂ ਹੀ ਬਦਲ ਸਕਦਾ ਹੈ ਭਾਵ ਕਿਸੇ ਹੋਰ ਚੀਜ਼ ਦੇ ਬਦਲੇ ਵੇਚ ਸਕਦਾ ਹੈ ਜੇ ਉਹ ਆਪਣੀ ਚੀਜ਼ ਨੂੰ ਉਸ ਲੋੜ ਨਾਲ਼ ਸੰਪਰਕ ਵਿੱਚ ਲਿਆਵੇ, ਜਿਸ ਦਾ ਇਹ ਵਿਸ਼ਾ ਹੈ। ਜਿਣਸਾਂ ਦੀ ਵਰਤੋਂ ਕਦਰਾਂ ਵਜੋਂ ਸਰਵ-ਵਿਆਪੀ ਹੱਥ ਬਦਲੀ ਦੇ ਦੌਰਾਨ ਉਹਨਾਂ ਨੂੰ ਇੱਕ ਦੂਜੇ ਦੇ ਨਾਲ਼ ਵੱਖੋ ਵੱਖ ਚੀਜ਼ਾਂ ਵਜੋਂ ਸੰਪਰਕ ਵਿੱਚ ਲਿਆਂਦਾ ਜਾਂਦਾ ਹੈ ਜਿਹੜੀਆਂ ਸਰੀਰਕ ਤੌਰ 'ਤੇ ਵੱਖ ਵੱਖ ਕਿਸਮ ਦੀਆਂ ਹੁੰਦੀਆਂ ਹਨ ਅਤੇ ਆਪਣੀਆਂ ਵਿਸ਼ੇਸ਼ ਖੂਬੀਆਂ ਕਾਰਨ ਵੱਖ ਵੱਖ ਵਿਸ਼ੇਸ਼ ਲੋੜਾਂ ਪੂਰੀਆਂ ਕਰਦੀਆਂ ਹਨ। ਪਰ ਕੇਵਲ ਵਰਤੋਂ ਕਦਰਾਂ ਵਜੋਂ ਉਹ ਇੱਕ ਦੂਜੇ ਤੋਂ ਬਿਲਕੁਲ ਅਜ਼ਾਦ ਜਾਂ ਸਗੋਂ ਬਿਨਾਂ ਕਿਸੇ ਸਬੰਧ ਦੇ ਰਹਿੰਦੀਆਂ ਹਨ। ਉਹਨਾਂ ਦਾ, ਕੁਝ ਖਾਸ ਲੋੜਾਂ ਦੇ ਪ੍ਰਸੰਗ ਵਿੱਚ ਹੀ ਵਰਤੋਂ ਕਦਰਾਂ ਵਜੋਂ ਵਟਾਂਦਰਾ ਕੀਤਾ ਜਾ ਸਕਦਾ ਹੈ। ਤਾਂ ਵੀ ਉਹਨਾਂ ਦਾ ਵਟਾਂਦਰਾ ਸਮਫਲ ਵਜੋਂ ਹੀ ਹੋ ਸਕਦਾ ਹੈ ਅਤੇ ਉਹ ਠੋਸ ਰੂਪ ਵਿੱਚ ਢਲੇ ਕਿਰਤ ਸਮੇਂ ਦੀ ਬਰਾਬਰ ਮਾਤਰਾ ਦੇ ਰੂਪ ਵਿੱਚ ਹੀ ਸਮਫਲ ਹਨ ਅਤੇ ਇਸ ਲਈ ਵਰਤੋਂ ਕਦਰਾਂ ਵਜੋਂ ਉਹਨਾਂ ਦੀਆਂ ਸਰੀਰਕ ਖੂਬੀਆਂ ਅਤੇ ਨਿਸ਼ਚਿਤ ਲੋੜਾਂ ਨਾਲ਼ ਇਹਨਾਂ ਜਿਣਸਾਂ ਦੇ ਸਬੰਧਾਂ ਨੂੰ ਬਿਲਕੁਲ ਗੌਲ਼ਿਆ ਨਹੀਂ ਜਾਂਦਾ। ਕੋਈ ਜਿਣਸ ਵਟਾਂਦਰਾ ਕਦਰ ਵਜੋਂ ਕੰਮ ਕਰ ਸਕਦੀ ਹੈ ਜੇ ਇਹ ਕਿਸੇ ਹੋਰ ਜਿਣਸ ਦੀ ਨਿਸ਼ਚਿਤ ਮਾਤਰਾ ਦੀ ਖੁੱਲ੍ਹੇ ਤੌਰ 'ਤੇ ਥਾਂ ਲੈ ਸਕਦੀ ਹੋਵੇ, ਚਾਹੇ ਇਹ ਜਿਣਸ ਦੂਜੀ ਜਿਣਸ ਦੇ ਮਾਲਕ ਲਈ ਵਰਤੋਂ ਕਦਰ ਹੋਵੇ ਜਾਂ ਨਾ ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ। ਪਰ ਦੂਜੀ ਜਿਣਸ ਦੇ ਮਾਲਕ ਲਈ ਇਹ ਜਿਣਸ ਤਾਂ ਹੀ ਬਣਦੀ ਹੈ ਜੇ ਇਹ ਉਸ ਲਈ ਵਰਤੋਂ ਕਦਰ ਦਾ ਕੰਮ ਕਰੇ, ਅਤੇ ਜਿਸ ਮਾਲਕ ਦੇ ਹੱਥ ਵਿੱਚ ਇਹ ਹੈ, ਉਸ ਲਈ ਇਹ ਵਟਾਂਦਰਾ ਕਦਰ ਵੀ ਤਾਂ ਹੀ ਬਣਦੀ ਹੈ ਜੇ ਇਹ ਕਿਸੇ ਹੋਰ ਜਿਣਸ ਦੇ ਮਾਲਕ ਲਈ ਜਿਣਸ ਦਾ ਕੰਮ ਕਰੇ। ਇਸ ਦਾ ਅਰਥ ਹੋਇਆ ਕਿ

ਇਕੋ ਤਰ੍ਹਾਂ ਦੇ ਸਬੰਧ ਨਾਲ਼ ਦੀ ਨਾਲ਼ ਹੀ ਜ਼ਰੂਰੀ ਤੌਰ 'ਤੇ ਬਰਾਬਰ ਜਿਣਸਾਂ ਦੇ ਸਬੰਧ ਵੀ ਹੋਣੇ ਚਾਹੀਦੇ ਹਨ ਜਿਹੜੀਆਂ ਕੇਵਲ ਆਪਣੇ ਮਹੱਤਵ ਵਿੱਚ ਹੀ ਭਿੰਨ ਭਿੰਨ ਹੋਣ, ਭਾਵ, ਅਜਿਹਾ ਸਬੰਧ ਜਿਹੜਾ ਸਰਵ ਵਿਆਪੀ ਕਿਰਤ ਸਮੇਂ ਦੇ ਠੋਸ ਰੂਪ ਵਜੋਂ ਤਾਂ ਸਮਾਨਤਾ ਪ੍ਰਗਟ ਕਰਦਾ ਹੋਵੇ ਅਤੇ ਉਸੇ ਸਮੇਂ ਇਹ ਗੁਣਾਤਮਕ ਤੌਰ 'ਤੇ ਵੱਖਰੀਆਂ ਚੀਜ਼ਾਂ ਦਾ ਸਬੰਧ ਹੋਵੇ, ਵੱਖ ਵੱਖ ਲੋੜਾਂ ਲਈ ਵੱਖ ਵੱਖ ਵਰਤੋਂ ਕਦਰਾਂ ਦਾ ਸਬੰਧ ਹੋਵੇ, ਸੰਖੇਪ ਵਿੱਚ ਅਜਿਹਾ ਸਬੰਧ ਜਿਹੜਾ ਅਸਲੀ ਵਰਤੋਂ ਕਦਰਾਂ ਵਜੋਂ ਉਹਨਾਂ ਨੂੰ ਨਿਖੇੜਦਾ ਹੈ। ਇਸ ਦਾ ਸਿੱਟਾ ਕੇਵਲ ਇਹ ਨਹੀਂ ਹੁੰਦਾ ਕਿ ਸਮੱਸਿਆਵਾਂ ਦਾ ਮੁੱਕਦਾ ਚੱਕਰ ਸ਼ੁਰੂ ਹੋ ਜਾਂਦਾ ਹੈ, ਜਿਸ ਵਿੱਚ ਇੱਕ ਸਮੱਸਿਆ ਹੱਲ ਕਰਨ ਲਈ ਉਸ ਦੇ ਨਾਲ਼ ਹੀ ਦੂਜੀ ਨੂੰ ਹੱਲ ਕਰਨਾ ਵੀ ਜ਼ਰੂਰੀ ਹੁੰਦਾ ਹੈ, ਸਗੋਂ ਕਈ ਆਪਾ-ਵਿਰੋਧੀ ਗੁੰਝਲਾਂ ਦੀ ਲੜੀ ਪੈਦਾ ਹੋ ਜਾਂਦੀ ਹੈ ਕਿਉਂਕਿ ਇੱਕ ਸ਼ਰਤ ਪੂਰੀ ਕਰਨਾ, ਇਸ ਤੋਂ ਬਿਲਕੁਲ ਉਲਟੀ ਦੂਜੀ ਸ਼ਰਤ ਪੂਰੀ ਕਰਨ 'ਤੇ ਨਿਰਭਰ ਕਰਦਾ ਹੈ।

ਵਟਾਂਦਰੇ ਦੀ ਕਿਰਿਆ ਵਿੱਚ ਇਹਨਾਂ ਵਿਰੋਧਤਾਈਆਂ ਦਾ ਉਪਜਨਾ ਅਤੇ ਹੱਲ ਕਰਨਾ ਦੋਵੇਂ ਸ਼ਾਮਲ ਹੁੰਦੇ ਹਨ, ਪਰ ਇਹ ਵਿਰੋਧਤਾਈਆਂ ਇਤਨੇ ਸਾਦਾ ਢੰਗ ਨਾਲ਼ ਪ੍ਰਗਟ ਨਹੀਂ ਕੀਤੀਆਂ ਜਾ ਸਕਦੀਆਂ। ਅਸੀਂ ਕੇਵਲ ਇਹੋ ਵੇਖਿਆ ਹੈ ਕਿ ਜਿਣਸਾਂ ਵਰਤੋਂ ਕਦਰਾਂ ਵਜੋਂ ਇੱਕ ਦੂਜੀ ਨਾਲ਼ ਕਿਵੇਂ ਜੁੜੀਆਂ ਹੁੰਦੀਆਂ ਹਨ, ਭਾਵ ਵਟਾਂਦਰੇ ਦੇ ਅਮਲ ਦੇ ਵਿੱਚ ਜਿਣਸਾਂ, ਵਰਤੋਂ ਕਦਰਾਂ ਵਜੋਂ ਕਿਵੇਂ ਕੰਮ ਕਰਦੀਆਂ ਹਨ। ਦੂਜੇ ਪਾਸੇ ਵਟਾਂਦਰਾ ਕਦਰ, ਜਿਵੇਂ ਇਸ ਨੂੰ ਹੁਣ ਤੱਕ ਘੋਖਿਆ ਹੈ ਕੇਵਲ ਇੱਕ ਸੰਕਲਪ ਵਜੋਂ ਹੀ ਕਾਇਮ ਹੈ। ਜਾਂ, ਜੇ ਕੋਈ ਇਹ ਕਹਿਣਾ ਬਿਹਤਰ ਸਮਝੇ, ਜਿਣਸ ਦੇ ਵਿਅਕਤੀਗਤ ਮਾਲਕ ਦੇ ਸੰਕਲਪ ਵਜੋਂ ਹੀ ਕਾਇਮ ਹੈ, ਜਿਹੜਾ ਵਰਤੋਂ ਕਦਰ ਵਜੋਂ ਇਸ ਜਿਣਸ ਨੂੰ ਆਪਣੇ ਗੁਦਾਮ ਵਿੱਚ ਰੱਖੀ ਰੱਖਦਾ ਹੈ ਅਤੇ ਵਟਾਂਦਰਾ ਕਦਰ ਵਜੋਂ ਆਪਣੀ ਜ਼ਮੀਰ ਉੱਤੇ ਰੱਖਦਾ ਹੈ। ਤਾਂ ਵੀ ਵਟਾਂਦਰੇ ਦੇ ਅਮਲ ਵਿੱਚ ਜਿਣਸਾਂ ਨੂੰ ਨਾ ਕੇਵਲ ਵਰਤੋਂ ਕਦਰਾਂ ਵਜੋਂ ਹੀ ਇੱਕ ਦੂਜੀ ਲਈ ਕਾਇਮ ਹੋਣਾ ਚਾਹੀਦਾ ਹੈ ਸਗੋਂ ਵਟਾਂਦਰਾ ਕਦਰ ਵਜੋਂ ਵੀ ਅਤੇ ਉਹਨਾਂ ਦੀ ਹੋਂਦ ਦਾ ਇਹ ਪੱਖ ਉਹਨਾਂ ਦਾ ਆਪਸੀ ਸਬੰਧ ਜ਼ਾਹਰ ਹੋਣਾ ਚਾਹੀਦਾ ਹੈ। ਜਿਸ ਔਕੜ ਦਾ ਸਾਨੂੰ ਸਭ ਤੋਂ ਪਹਿਲਾਂ ਸਾਹਮਣਾ ਕਰਨਾ ਪਿਆ ਉਹ ਇਹ ਸੀ ਕਿ ਜਿਣਸ ਦੇ ਵਟਾਂਦਰਾ ਕਦਰ ਵਜੋਂ, ਜਾਂ ਠੋਸ ਰੂਪ ਵਿੱਚ ਢਲੀ ਕਿਰਤ ਵਜੋਂ, ਕੰਮ ਕਰਨ ਤੋਂ ਪਹਿਲਾਂ ਇਸ ਦੀ ਵਰਤੋਂ ਕਦਰ ਵਜੋਂ ਹੱਥ ਬਦਲੀ ਜਾਂ ਨਿਪਟਾਰਾ ਜ਼ਰੂਰੀ ਹੈ, ਜਦ ਕਿ, ਇਸ ਦੇ ਉਲਟ, ਵਰਤੋਂ ਕਦਰ ਵਜੋਂ ਜਿਣਸ ਦੀ ਹੱਥ ਬਦਲੀ ਲਈ ਇਹ ਪਹਿਲੀ ਸ਼ਰਤ ਹੈ ਕਿ ਇਹ ਵਟਾਂਦਰਾ ਕਦਰ ਵਜੋਂ ਕਾਇਮ ਹੋਵੇ। ਪਰ ਮੰਨ ਲਓ ਕਿ ਇਹ ਔਕੜ ਸਰ ਕਰ ਲਈ ਗਈ ਹੈ, ਕਿ ਜਿਣਸ ਨੇ ਆਪਣੀ ਇੱਕੋ ਵਰਤੋਂ ਕਦਰ ਛੱਡ ਦਿੱਤੀ ਹੈ ਅਤੇ ਇਸ ਤਰ੍ਹਾਂ ਇਕੋ ਵਿਅਕਤੀ ਦੀ ਅਤੇ ਆਪਣੇ ਲਈ ਕਿਰਤ ਹੋਣ ਦੀ ਥਾਂ ਸਮਾਜਿਕ ਤੌਰ 'ਤੇ ਲਾਭਦਾਇਕ ਕਿਰਤ ਹੋਣ ਦੀ ਪਦਾਰਥਕ ਸ਼ਰਤ ਪੂਰੀ ਕਰ ਦਿੱਤੀ ਹੈ। ਫੇਰ ਅਵੱਸ਼ ਹੀ ਇਹ ਜਿਣਸ ਵਟਾਂਦਰੇ ਦੀ ਕਿਰਿਆ ਵਿੱਚ ਵਟਾਂਦਰਾ ਕਦਰ ਵਜੋਂ ਸਰਵ ਵਿਆਪੀ ਸਮਫਲ, ਸਾਰੀਆਂ ਜਿਣਸਾਂ ਲਈ ਪਦਾਰਥਕ ਰੂਪ ਵਿੱਚ ਢਲਿਆ ਕਿਰਤ ਸਮਾਂ, ਬਣ ਜਾਵੇਗੀ; ਇਹ ਹੁਣ ਇੱਕ ਨਿਸ਼ਚਿਤ ਵਰਤੋਂ ਕਦਰ ਦਾ ਸੀਮਤ ਕੰਮ ਹੀ ਨਹੀਂ ਕਰਦੀ ਸਗੋਂ

ਸਾਰੀਆਂ ਵਰਤੋਂ ਕਦਰਾਂ ਨੂੰ ਆਪਣੇ ਸਮਫਲ ਅਨੁਸਾਰ ਪ੍ਰਗਟ ਕਰਨ ਦੀ ਸਮੱਰਥਾ ਰੱਖਦੀ ਹੈ। ਤਾਂ ਵੀ ਹਰ ਜਿਣਸ ਉਹ ਜਿਣਸ ਹੋ ਸਕਦੀ ਹੈ, ਜਿਹੜੀ ਇੱਕ ਨਿਸ਼ਚਿਤ ਵਰਤੋਂ ਕਦਰ ਦੀ ਖ਼ੂਬੀ ਤੋਂ ਉਤਾਂਹ ਚੁੱਕੇ ਜਾਣ ਬਾਅਦ ਸਰਵ ਵਿਆਪੀ ਕਿਰਤ ਸਮੇਂ ਦਾ ਪਦਾਰਥਕ ਰੂਪ ਦਿੱਸੇਗੀ। ਪਰ ਦੂਜੇ ਪਾਸੇ ਹੁੰਦਾ ਇਹ ਹੈ ਕਿ ਕੁਝ ਵਿਸ਼ੇਸ਼ ਜਿਣਸਾਂ ਹੀ, ਕੁਝ ਨਿਸ਼ਚਿਤ ਵਰਤੋਂ ਕਦਰਾਂ ਹੀ, ਜਿਨ੍ਹਾਂ ਵਿੱਚ ਨਿੱਜੀ ਵਿਅਕਤੀਆਂ ਦੀ ਕਿਰਤ ਰੂਪਮਾਨ ਹੁੰਦੀ ਹੈ, ਉਹੋ ਵਟਾਂਦਰੇ ਦੀ ਕਿਰਿਆ ਵਿੱਚ ਇੱਕ ਦੂਜੇ ਦੇ ਸਾਹਮਣੇ ਪੇਸ਼ ਹੁੰਦੀਆਂ ਹਨ। ਸਰਵ ਵਿਆਪੀ ਕਿਰਤ ਸਮਾਂ ਆਪ ਵੀ ਇੱਕ ਸੰਕਲਪ ਹੈ, ਜਿਸ ਦੀ ਜਿਣਸਾਂ ਲਈ ਆਪਣੇ ਤੌਰ 'ਤੇ ਕੋਈ ਹੋਂਦ ਨਹੀਂ।

ਆਓ ਸਮੀਕਰਣਾਂ ਦੀ ਇੱਕ ਲੜੀ ਨੂੰ ਘੋਖੀਏ, ਜਿਨ੍ਹਾਂ ਵਿੱਚ ਇੱਕ ਜਿਣਸ ਦੀ ਵਟਾਂਦਰਾ ਕਦਰ ਠੋਸ ਮੁੱਲ ਵਿੱਚ ਪ੍ਰਗਟ ਕੀਤੀ ਗਈ ਹੈ। ਉਦਾਹਰਣ ਲਈ:

1 ਗਜ਼ ਕੱਪੜਾ = ਦੋ ਪੌਂਡ ਕੌਫੀ
1 ਗਜ਼ ਕੱਪੜਾ = 1/2 ਪੌਂਡ ਚਾਹ
1 ਗਜ਼ ਕੱਪੜਾ = 8 ਪੌਂਡ ਰੋਟੀ ਆਦਿ

ਜ਼ਾਹਰ ਹੈ ਕਿ ਇਹ ਸਮੀਕਰਣ ਕੇਵਲ ਇਹ ਦਰਸਾਉਂਦੇ ਹਨ ਕਿ 1 ਗਜ਼ ਕੱਪੜੇ, ਦੋ ਪੌਂਡ ਕੌਫੀ, 1/2 ਪੌਂਡ ਚਾਹ, 8 ਪੌਂਡ ਰੋਟੀ ਵਿੱਚ ਸਰਵ-ਵਿਆਪੀ ਕਿਰਤ ਸਮੇਂ ਦੇ ਬਰਾਬਰ ਹੀ ਠੋਸ ਰੂਪ ਧਾਰਨ ਕਰਦੀ ਹੈ। ਪਰ ਵੱਖ ਵੱਖ ਤਰ੍ਹਾਂ ਦੀ ਵਿਅਕਤੀਗਤ ਕਿਰਤ, ਜਿਹੜੀ ਇਨ੍ਹਾਂ ਨਿਸ਼ਚਿਤ ਚੀਜ਼ਾਂ ਵਿੱਚ ਪ੍ਰਗਟ ਹੁੰਦੀ ਹੈ ਅਸਲ ਵਿੱਚ ਸਾਧਾਰਨ ਕਿਰਤ, ਅਤੇ ਇਸ ਤਰ੍ਹਾਂ ਨਾਲ਼ ਸਮਾਜਿਕ ਕਿਰਤ ਉਦੋਂ ਹੀ ਬਣਦੀ ਹੈ ਜਦ ਇਹਨਾਂ ਵਿਅਕਤੀਗਤ ਕਿਰਤਾਂ ਦਾ ਉਹਨਾਂ ਵਿੱਚ ਲੱਗੇ ਕਿਰਤ ਸਮੇਂ ਦੇ ਅਨੁਪਾਤ ਅਨੁਸਾਰ ਹਕੀਕਤ ਵਿੱਚ ਸਮਾਜਿਕ ਕਿਰਤ ਸਮਾਂ ਲੁਕਵੇਂ ਰੂਪ ਵਿੱਚ ਹੀ ਪਿਆ ਹੈ ਅਤੇ ਕੇਵਲ ਵਟਾਂਦਰੇ ਦੀ ਕਿਰਿਆ ਦੇ ਦੌਰਾਨ ਹੀ ਜ਼ਾਹਰ ਹੁੰਦਾ ਹੈ। ਫਰਕ ਪਾਉਣ ਵਾਲ਼ੀ ਗੱਲ ਸਮਾਜੀ ਕਿਰਤ ਵਜੋਂ ਲਈ ਜਾਂਦੀ ਵਿਅਕਤੀਗਤ ਕਿਰਤ ਨਹੀਂ ਸਗੋਂ ਨਿੱਜੀ ਵਿਅਕਤੀ ਦੀ ਕਿਰਤ ਦੀਆਂ ਖਾਸ ਕਿਸਮਾਂ ਹਨ ਭਾਵ ਉਹ ਕਿਰਤ ਹੈ ਜਿਹੜੀ ਸਿੱਧ ਕਰਦੀ ਹੈ ਕਿ ਸਰਵ ਵਿਆਪੀ ਸਮਾਜੀ ਕਿਰਤ ਆਪਣੇ ਮੁੱਢਲੇ ਕਰਦਾਰ ਨੂੰ ਵਟਾਂਦਰੇ ਦੀ ਕਿਰਿਆ ਦੇ ਦੌਰਾਨ ਕੁਚਲ ਕੇ ਹੀ ਬਣਦੀ ਹੈ। ਸਿੱਟੇ ਵਜੋਂ ਸਰਵ ਵਿਆਪੀ ਸਮਾਜੀ ਕਿਰਤ ਕੋਈ ਘੜੀ ਘੜਾਈ ਅਗਾਊਂ ਸ਼ਰਤ ਨਹੀਂ ਸਗੋਂ ਬਾਅਦ ਵਿੱਚ ਪੈਦਾ ਹੁੰਦਾ ਪਰਿਨਾਮ ਹੈ। ਇਸ ਤਰ੍ਹਾਂ ਇੱਕ ਨਵੀਂ ਕਠਿਨਾਈ ਪੈਦਾ ਹੋ ਜਾਂਦੀ ਹੈ; ਇੱਕ ਪਾਸੇ ਤਾਂ ਜਿਣਸਾਂ ਠੋਸ ਰੂਪ ਵਿੱਚ ਢਲੇ ਸਰਵ ਵਿਆਪੀ ਕਿਰਤ ਸਮੇਂ ਦੇ ਰੂਪ ਵਿੱਚ ਹੀ ਵਟਾਂਦਰੇ ਦੀ ਕਿਰਿਆ ਵਿੱਚ ਦਾਖਲ ਹੁੰਦੀਆਂ ਹਨ ਦੂਜੇ ਪਾਸੇ ਵਿਅਕਤੀਆਂ ਦਾ ਕਿਰਤ ਸਮਾਂ ਪਦਾਰਥਕ ਰੂਪ ਵਿੱਚ ਢਲਿਆ ਸਰਵ-ਵਿਆਪੀ ਕਿਰਤ ਸਮਾਂ ਵਟਾਂਦਰੇ ਦੀ ਕਿਰਿਆ ਦੇ ਫਲਸਰੂਪ ਹੀ ਬਣਦਾ ਹੈ।

ਕੋਈ ਵੀ ਚੀਜ਼ ਆਪਣੀ ਵਰਤੋਂ ਕਦਰ ਛੱਡ ਕੇ, ਭਾਵ, ਆਪਣੀ ਹੋਂਦ ਦਾ ਮੁੱਢਲਾ

ਰੂਪ ਤਿਆਗ ਕੇ ਹੀ ਵਟਾਂਦਰਾ ਕਦਰ ਵਜੋਂ ਆਪਣਾ ਨਵਾਂ ਰੂਪ ਧਾਰਨ ਕਰਦੀ ਹੈ। ਇਸ ਤਰ੍ਹਾਂ ਵਟਾਂਦਰੇ ਦੀ ਕਿਰਿਆ ਦੇ ਦੌਰਾਨ ਹਰ ਚੀਜ਼ ਨੂੰ ਆਪਣੀ ਹੋਂਦ ਦਾ ਦੂਹਰਾ ਰੂਪ ਧਾਰਨ ਕਰਨਾ ਪੈਂਦਾ ਹੈ। ਦੂਜੇ ਪਾਸੇ, ਦੂਜੇ ਰੂਪ, ਵਟਾਂਦਰਾ ਕਦਰ ਦਾ ਪ੍ਰਗਟਾਵਾ ਕੋਈ ਇੱਕ ਹੋਰ ਜਿਣਸ ਹੀ ਕਰ ਸਕਦੀ ਹੈ ਕਿਉਂਕਿ ਵਟਾਂਦਰੇ ਦੀ ਕਿਰਿਆ ਵਿੱਚ ਕੇਵਲ ਜਿਣਸਾਂ ਹੀ ਇੱਕ ਦੂਜੇ ਦਾ ਨਿਪਟਾਰਾ ਕਰਦੀਆਂ ਹਨ। ਇਹ ਇਸ ਤਰ੍ਹਾਂ ਹੈ ਕਿ ਕਿਸੇ ਖਾਸ ਜਿਣਸ ਨੂੰ ਸਿੱਧੇ ਤੌਰ 'ਤੇ **ਠੋਸ ਰੂਪ ਵਾਲ਼ਾ** ਸਰਵ ਵਿਆਪੀ ਕਿਰਤ ਸਮਾਂ ਦਰਸਾਇਆ ਜਾ ਸਕੇ ਜਾਂ ਵਿਅਕਤੀਗਤ ਕਿਰਤ ਸਮਾਂ, ਜਿਹੜਾ ਇੱਕ ਖਾਸ ਜਿਣਸ ਦਾ ਪਦਾਰਥਕ ਰੂਪ ਧਾਰਨ ਕਰਦਾ ਹੈ, ਸਿੱਧੇ ਤੌਰ 'ਤੇ ਸਰਵ ਵਿਆਪੀ ਕਰਦਾਰ ਕਿਵੇਂ ਧਾਰਨ ਕਰ ਸਕਦਾ ਹੈ ? ਦੋਹਾਂ ਦਾ ਅਰਥ ਇੱਕੋ ਬਣਦਾ ਹੈ। ਕਿਸੇ ਜਿਣਸ ਦੀ ਵਟਾਂਦਰਾ ਕਦਰ ਦਾ ਠੋਸ ਪ੍ਰਗਟਾਵਾ, ਭਾਵ ਸਰਵ ਵਿਆਪੀ ਸਮਫਲ ਵਜੋਂ ਕਿਸੇ ਜਿਣਸ ਦੀ ਵਟਾਂਦਰਾ ਕਦਰ ਦਾ ਠੋਸ ਪ੍ਰਗਟਾਵਾ ਬਹੁਤ ਸਾਰੀਆਂ ਸਮੀਕਰਣਾਂ ਰਾਹੀਂ ਹੀ ਹੋ ਸਕਦਾ ਹੈ, ਜਿਵੇਂ:

1 ਗਜ਼ ਕੱਪੜਾ = ਦੋ ਪੌਂਡ ਕੌਫੀ
1 ਗਜ਼ ਕੱਪੜਾ = 1/2 ਪੌਂਡ ਚਾਹ
1 ਗਜ਼ ਕੱਪੜਾ = 8 ਪੌਂਡ ਰੋਟੀ
1 ਗਜ਼ ਕੱਪੜਾ = 6 ਗਜ਼ ਘਟੀਆ ਕੱਪੜੇ ਦੇ
1 ਗਜ਼ ਕੱਪੜਾ = ਹੋਰ ਕਈ ਚੀਜ਼ਾਂ ਦੇ

ਇਹ ਇੱਕ **ਸਿਧਾਂਤਕ** ਬਿਆਨ ਹੈ ਕਿਉਂਕਿ ਜਿਣਸ ਨੂੰ ਕੇਵਲ ਠੋਸ ਰੂਪ ਵਿੱਚ ਢਲੇ ਸਰਵ ਵਿਆਪੀ ਕਿਰਤ ਸਮੇਂ ਦੀ ਕੁਝ ਮਾਤਰਾ ਹੀ ਸਮਝਿਆ ਜਾਂਦਾ ਹੈ। ਕੋਈ ਖਾਸ ਜਿਣਸ ਸਰਵ ਵਿਆਪੀ ਸਮਫਲ ਵਜੋਂ ਇੱਕ ਨਿਰੋਲ ਸੰਕਲਪ ਤੋਂ ਵਟਾਂਦਰੇ ਦੀ ਕਿਰਿਆ ਦੇ ਸਮਾਜਿਕ ਪਰਿਨਾਮ ਵਿੱਚ ਬਦਲ ਦਿੱਤੀ ਜਾਂਦੀ ਹੈ, ਜੇ ਅਸੀਂ ਉੱਪਰ ਦਿੱਤੀਆਂ ਸਮੀਕਰਣਾਂ ਨੂੰ ਸਿਰਫ਼ ਉਲਟਾ ਕਰ ਕੇ ਵੇਖੀਏ। ਉਦਾਹਰਣ ਲਈ:

2 ਪੌਂਡ ਕੌਫੀ = 1 ਗਜ਼ ਕੱਪੜੇ ਦੇ
1/2 ਪੌਂਡ ਚਾਹ = 1 ਗਜ਼ ਕੱਪੜੇ ਦੇ
8 ਪੌਂਡ ਰੋਟੀ = 1 ਗਜ਼ ਕੱਪੜੇ ਦੇ
6 ਗਜ਼ ਘਟੀਆ ਕੱਪੜਾ = 1 ਗਜ਼ ਕੱਪੜੇ ਦੇ

ਜਿਵੇਂ; ਕੌਫੀ, ਚਾਹ, ਰੋਟੀ ਅਤੇ ਘਟੀਆ ਕੱਪੜੇ ਜਾਂ ਸੰਖੇਪ ਵਿੱਚ ਸਾਰੀਆਂ ਜਿਣਸਾਂ ਵਿੱਚ ਲੱਗੇ ਕਿਰਤ ਸਮੇਂ ਦਾ ਇਜ਼ਹਾਰ ਕੱਪੜੇ ਰਾਹੀਂ ਕੀਤਾ ਗਿਆ ਹੈ ਇਸੇ ਤਰ੍ਹਾਂ ਇਸ ਦੇ ਉਲਟ ਇਸ ਕੱਪੜੇ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਇਹਨਾਂ ਸਾਰੀਆਂ ਚੀਜ਼ਾਂ ਰਾਹੀਂ ਵੀ ਹੁੰਦਾ ਹੈ ਜਿਹੜੀਆਂ ਕੱਪੜੇ ਦੇ ਸਮਫਲ ਵਜੋਂ ਕੰਮ ਕਰਦੀਆਂ ਹਨ ਅਤੇ ਕੱਪੜੇ ਵਿੱਚ ਲੱਗਿਆ ਕਿਰਤ ਸਮਾਂ, ਸਰਵ ਵਿਆਪੀ ਕਿਰਤ ਸਮਾਂ ਬਣ ਜਾਂਦਾ ਹੈ ਜਿਹੜਾ ਉਥੇ

ਮਾਤਰਾ ਵਿੱਚ ਹੋਰ ਚੀਜ਼ਾਂ ਦੀਆਂ ਵੱਖ ਵੱਖ ਮਾਤਰਾਵਾਂ ਵਿੱਚ **ਲੱਗਿਆ ਹੁੰਦਾ** ਹੈ। ਇਸ ਤਰ੍ਹਾਂ ਕੱਪੜਾ ਇਸ ਦੇ ਸਬੰਧ ਵਿੱਚ ਦੂਜੀਆਂ ਜਿਣਸਾਂ ਦੀ ਕਾਰਵਾਈ ਦੇ ਫਲਸਰੂਪ ਸਰਵ ਵਿਆਪੀ ਸਮਫਲ ਬਣ ਜਾਂਦਾ ਹੈ। ਹਰ ਜਿਣਸ ਵਟਾਂਦਰਾ ਕਦਰ ਵਜੋਂ ਦੂਜੀਆਂ ਸਾਰੀਆਂ ਜਿਣਸਾਂ ਦੀ **ਕਦਰ ਦਾ ਮਾਪ** ਬਣ ਗਈ। ਉੱਪਰ ਦਿੱਤੇ ਮਾਮਲੇ ਵਿੱਚ ਇਸ ਦੇ ਉਲਟ ਕਿਉਂਕਿ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਇੱਕ ਵਿਸ਼ੇਸ਼ ਜਿਣਸ ਦੇ ਪ੍ਰਸੰਗ ਵਿੱਚ ਮਿਣੀ ਜਾਂਦੀ ਹੈ, ਇਸ ਲਈ, ਇਹ ਵਿਸ਼ੇਸ਼ ਜਿਣਸ ਸਰਵ ਵਿਆਪੀ ਸਮਫਲ ਵਜੋਂ ਵਟਾਂਦਰਾ ਕਦਰ ਦੀ ਮੁਨਾਸਬ ਪ੍ਰਤੀਨਿੱਧ ਬਣ ਜਾਂਦੀ ਹੈ। ਦੂਜੇ ਪਾਸੇ ਇਹ ਬੇਅੰਤ ਲੜੀ ਜਾਂ ਸਮੀਕਰਣਾਂ ਦੀ ਇਹ ਬੇਅੰਤ ਗਿਣਤੀ, ਜਿਸ ਵਿੱਚ ਹਰ ਚੀਜ਼ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਇੱਕੋ ਇੱਕ ਸਮੀਕਰਣ ਤੱਕ ਆ ਜਾਂਦੀ ਹੈ ਜਿਸ ਵਿੱਚ ਕੇਵਲ ਦੋ ਚੀਜ਼ਾਂ ਹੀ ਹਰਕਤ ਵਿੱਚ ਹੁੰਦੀਆਂ ਹਨ। ਦੋ ਪੌਂਡ ਕੌਫੀ = 1 ਗਜ਼ ਕੱਪੜਾ; ਇਹ ਸਮੀਕਰਣ ਕੌਫੀ ਦੀ ਵਟਾਂਦਰਾ ਕਦਰ ਦੇ ਪ੍ਰਗਟਾਵੇ ਲਈ ਚੋਖਾ ਵਿਸਤਰਤ ਮਾਪਦੰਡ ਹੈ ਕਿਉਂਕਿ ਇਸ ਸਮੀਕਰਣ ਰਾਹੀਂ ਕੌਫੀ ਦਾ ਕਿਸੇ ਹੋਰ ਜਿਣਸ ਦੀ ਨਿਸ਼ਚਿਤ ਮਾਤਰਾ ਨਾਲ਼ ਸਿੱਧੇ ਸਮਫਲ ਦਾ ਵੀ ਪ੍ਰਗਟਾਵਾ ਹੁੰਦਾ ਹੈ, ਇਸ ਤਰ੍ਹਾਂ ਵਟਾਂਦਰੇ ਦੀ ਕਿਰਿਆ ਵਿੱਚ ਜਿਣਸਾਂ ਕੱਪੜੇ ਦੇ ਮੁਤਾਬਕ ਵਟਾਂਦਰਾ ਕਦਰਾਂ ਵਜੋਂ, ਇਹ ਦੂਜੇ ਲਈ ਹੋਂਦ ਵਿੱਚ ਹਨ ਜਾਂ ਇੱਕ ਦੂਜੇ ਦੇ ਸਨਮੁਖ ਪੇਸ਼ ਹੁੰਦੀਆਂ ਹਨ। ਇਹ ਤੱਥ ਕਿ ਸਾਰੀਆਂ ਜਿਣਸਾਂ ਵਟਾਂਦਰਾ ਕਦਰਾਂ ਵਜੋਂ ਇੱਕ ਦੂਜੇ ਨਾਲ਼ ਸਬੰਧਤ ਹਨ, ਭਾਵ ਠੋਸ ਰੂਪ ਵਿੱਚ ਢਲੇ ਸਰਵ ਵਿਆਪੀ ਕਿਰਤ ਸਮੇਂ ਦੀ ਵੱਖ ਵੱਖ ਮਾਤਰਾ ਵਜੋਂ ਇਕ ਦੂਜੇ ਨਾਲ਼ ਸਬੰਧਤ ਹਨ, ਹੁਣ ਇਸ ਰੂਪ ਵਿੱਚ ਜ਼ਾਹਰ ਹੁੰਦਾ ਹੈ ਕਿ ਸਾਰੀਆਂ ਵਟਾਂਦਰਾ ਕਦਰਾਂ ਇਕੋ ਤੇ ਕੇਵਲ ਉਸੇ ਜਿਣਸ, ਕੱਪੜੇ, ਦੀਆਂ ਵੱਖ ਵੱਖ ਮਾਤਰਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ। ਇਸ ਤਰ੍ਹਾਂ ਸਰਵ ਵਿਆਪੀ, ਕਿਰਤ ਸਮਾਂ ਬਹੁਤ ਸਾਰੀਆਂ ਚੀਜ਼ਾਂ ਵਿਚ ਜ਼ਾਹਰ ਹੋਣ ਦੇ ਨਾਲ਼ ਨਾਲ਼ ਤੱਕ ਅਤੇ ਉਹਨਾਂ ਤੋਂ ਵੱਖਰੇ ਤੌਰ ’ਤੇ ਵੀ ਇੱਕ ਖਾਸ ਚੀਜ਼, ਇੱਕ ਜਿਣਸ ਵਜੋਂ ਜ਼ਾਹਰ ਹੁੰਦਾ ਹੈ। ਇਸ ਦੇ ਨਾਲ਼ ਹੀ ਉਹ ਸਮੀਕਰਣ ਜਿਸ ਵਿੱਚ ਇੱਕ ਜਿਣਸ ਦੂਜੀ ਜਿਣਸ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕਰਦੀ ਹੈ ਭਾਵ ਦੋ ਪੌਂਡ ਕੌਫੀ = 1 ਗਜ਼ ਕੱਪੜੇ ਦੇ, ਅਜੇ ਸਥਾਪਤ ਕੀਤੀ ਜਾਣੀ ਹੁੰਦੀ ਹੈ। ਵਰਤੋਂ ਕਦਰ ਵਜੋਂ ਹੱਥ ਬਦਲੀ ਤੋਂ ਬਾਅਦ ਅਜਿਹੀ ਹੱਥ ਬਦਲੀ ਜਿਹੜੀ ਜਿਣਸ ਦੇ ਵਟਾਂਦਰੇ ਦੇ ਅਮਲ ਵਿੱਚ ਇਹ ਸਿੱਧ ਕਰਨ ’ਤੇ ਨਿਰਭਰ ਕਰਦੀ ਹੈ ਕਿ ਕਿਸੇ ਨੂੰ ਇਸ ਦੀ ਲੋੜ ਹੈ – ਹੀ ਇਹ ਕੌਫੀ ਦੇ ਰੂਪ ਤੋਂ ਕੱਪੜੇ ਦੇ ਰੂਪ ਵਿੱਚ ਬਦਲੀ ਜਾ ਸਕਦੀ ਹੈ, ਤੇ ਇੱਕ ਤਰ੍ਹਾਂ ਸਰਵ ਵਿਆਪੀ ਸਮਫਲ ਬਣਦੀ ਹੈ ਤੇ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕਰਨ ਵਾਲ਼ੀ ਬਣਦੀ ਹੈ। ਦੂਜੇ ਪਾਸੇ ਕਿਉਂਕਿ ਵਰਤੋਂ ਕਦਰਾਂ ਦੀ ਹੱਥ ਬਦਲੀ ਦੇ ਸਿੱਟੇ ਵਜੋਂ ਸਾਰੀਆਂ ਜਿਣਸਾਂ ਕੱਪੜੇ ਵਿੱਚ ਬਦਲਦੀਆਂ ਹਨ, ਇਸ ਲਈ ਕੱਪੜਾ ਸਾਰੀਆਂ ਜਿਣਸਾਂ ਦਾ ਰੂਪ ਬਣ ਜਾਂਦਾ ਹੈ ਅਤੇ ਸਾਰੀਆਂ ਜਿਣਸਾਂ ਦੇ ਕੱਪੜੇ ਵਿੱਚ ਰੁਪਾਂਤਰ ਦੇ ਸਿੱਟੇ ਵਜੋਂ ਹੀ ਇਹ (ਕੱਪੜਾ) ਸਰਵ ਵਿਆਪੀ ਕਿਰਤ ਸਮੇਂ ਦਾ ਸਿੱਧਾ ਪ੍ਰਗਟਾਵਾ ਕਰਨ ਵਾਲ਼ੇ ਦਾ ਰੂਪ ਧਾਰਨ ਕਰਦਾ ਹੈ, ਭਾਵ ਸਰਵ ਵਿਆਪੀ ਹੱਥ ਬਦਲੀ ਦੀ ਉਪਜ ਅਤੇ ਸਾਰੀ ਵਿਅਕਤੀਗਤ ਕਿਰਤ ਦੀ ਥਾਂ ਲੈਣ ਵਾਲ਼ੀ ਚੀਜ਼ ਬਣਦਾ ਹੈ। ਜਦ ਕਿ

ਇਸ ਤਰ੍ਹਾਂ ਜਿਣਸਾਂ ਇੱਕ ਦੂਜੀ ਦਾ ਵਟਾਂਦਰਾ ਕਰਨ ਵਾਲ਼ੀਆਂ ਹੋਣ ਵਜੋਂ ਦੂਹਰਾ ਰੂਪ ਧਾਰਨ ਕਰ ਜਾਂਦੀਆਂ ਹਨ, ਇੱਕ ਜਿਣਸ ਜਿਹੜੀ ਸਭ ਦੂਜੀਆਂ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕਰਦੀ ਹੈ, ਉਹ ਜਾਂ ਜਿਹੜੀ ਸਰਵ ਵਿਆਪੀ ਸਮਫਲ ਬਣਦੀ ਹੈ, ਉਹ ਦੂਹਰੀ ਵਰਤੋਂ ਕਦਰ ਦਾ ਰੂਪ ਧਾਰ ਲੈਂਦੀ ਹੈ। ਇਹ ਜਿਣਸ ਵਜੋਂ ਆਪਣੀ ਨਿਸ਼ਚਿਤ ਵਰਤੋਂ ਕਦਰ ਤੋਂ ਇਲਾਵਾ ਇਹ ਸਰਵ ਵਿਆਪੀ ਵਰਤੋਂ ਕਦਰ ਵੀ ਬਣ ਜਾਂਦੀ ਹੈ। ਇਹ ਮਗਰਲੀ ਵਰਤੋਂ ਕਦਰ ਇੱਕ ਹੋਰ ਨਿਰਣਾਇਕ ਰੂਪ ਹੈ ਭਾਵ, ਇਹ ਉਸ ਵਿਸ਼ੇਸ਼ ਕਰਦਾਰ ਤੋਂ ਪੈਦਾ ਹੁੰਦਾ ਹੈ ਜਿਹੜਾ ਇਸ ਚੀਜ਼ ਵੱਲੋਂ ਕੀਤਾ ਜਾਂਦਾ ਹੈ ਜਦ ਵਟਾਂਦਰੇ ਦੀ ਕਿਰਿਆ ਵਿੱਚ ਹੋਰ ਜਿਣਸਾਂ ਇਸ ’ਤੇ ਸਰਵ ਵਿਆਪੀ ਕਾਰਵਾਈ ਕਰਦੀਆਂ ਹਨ। ਹਰ ਚੀਜ਼ ਦੀ ਵਰਤੋਂ ਕਦਰ, ਉਸ ਵਸਤੂ ਵਜੋਂ ਜਿਹੜੀ ਨਿਸ਼ਚਿਤ ਲੋੜ ਪੂਰੀ ਕਰਦੀ ਹੈ, ਵੱਖ ਵੱਖ ਹੱਥਾਂ ਵਿੱਚ ਵੱਖ ਵੱਖ ਹੁੰਦੀ ਹੈ, ਭਾਵ ਉਸ ਵਿਅਕਤੀ ਲਈ ਵੱਖਰੀ ਹੈ ਜਿਹੜਾ ਇਸ ਨੂੰ ਵੇਚਦਾ ਹੈ ਤੇ ਉਸ ਲਈ ਵੱਖਰੀ ਹੈ ਜਿਹੜਾ ਇਸ ਨੂੰ ਖਰੀਦਦਾ ਹੈ। ਇੱਕ ਜਿਣਸ ਜਿਹੜੀ ਹੁਣ ਸਰਵ ਵਿਆਪੀ ਸਮਫਲ ਵਜੋਂ ਵੱਖਰੀ ਰੱਖ ਲਈ ਗਈ ਹੈ ਉਹ ਵਸਤੂ ਹੈ ਜਿਹੜੀ ਸਰਵ ਵਿਆਪੀ ਲੋੜ ਪੂਰੀ ਕਰਦੀ ਹੈ, ਜਿਹਦੀ ਲੋੜ ਖੁਦ ਵਟਾਂਦਰੇ ਦੀ ਕਿਰਿਆ ਵਿੱਚੋਂ ਹੀ ਪੈਦਾ ਹੁੰਦੀ ਹੈ, ਅਤੇ ਇਸ ਦੀ ਸਭ ਲਈ ਇੱਕੋ ਵਰਤੋਂ ਕਦਰ ਹੈ – ਇਹ ਹੈ ਵਟਾਂਦਰਾ ਕਦਰ ਦਾ ਮਾਪ ਹੋਣ ਦੀ ਵਰਤੋਂ ਕਦਰ ਜਾਂ ਵਟਾਂਦਰੇ ਦਾ ਸਰਵ ਵਿਆਪੀ ਹੋਣ ਵਜੋਂ ਵਰਤੋਂ ਕਦਰ। ਇਸ ਤਰ੍ਹਾਂ ਜਿਣਸ ਦੀ ਆਪਣੀ ਵਿਚਲੀ ਵਿਰੋਧਤਾਈ ਕਿ ਇਹ ਇੱਕ ਨਿਸ਼ਚਿਤ ਵਰਤੋਂ ਕਦਰ ਵੀ ਹੈ ਅਤੇ ਨਾਲ਼ ਹੀ ਸਰਵ ਵਿਆਪੀ ਸਮਫਲ ਵੀ ਹੈ, ਇਹ ਅਤੇ ਇਸ ਤਰ੍ਹਾਂ ਹਰ ਵਿਅਕਤੀ ਲਈ ਵਰਤੋਂ ਕਦਰ ਹੈ ਜਾਂ ਸਰਵ ਵਿਆਪੀ ਵਰਤੋਂ ਕਦਰ ਹੈ, ਇਹ ਇਸ ਇੱਕ ਚੀਜ਼ ਦੇ ਸਬੰਧ ਵਿੱਚ ਹੱਲ ਕਰ ਲਈ ਗਈ ਹੈ। ਹੁਣ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਸਭ ਤੋਂ ਪਹਿਲਾਂ ਇੱਕ ਨਿਸ਼ਚਿਤ ਜਿਣਸ ਦੇ ਆਦਰਸ਼ਕ ਸਮੀਕਰਣ ਦੇ ਰੂਪ ਵਿੱਚ ਪ੍ਰਗਟ ਕੀਤੀ ਜਾਂਦੀ ਹੈ, ਜਿਹੜੀ ਜਿਣਸ ਵੱਖਰੀ ਰੱਖ ਲਈ ਗਈ ਹੈ, ਪਰ ਇਹ ਸਮੀਕਰਣ ਅਜੇ ਨਿਰਧਾਰਤ ਕੀਤਾ ਜਾਣਾ ਹੈ; ਇਸ ਜਿਣਸ ਦੀ ਵਰਤੋਂ ਕਦਰ ਵਟਾਂਦਰੇ ਦੀ ਕਿਰਿਆ ਵਿੱਚ ਕੇਵਲ ਰਸਮੀ ਹੋਂਦ ਰੱਖਦੀ ਹੀ ਲੱਗਦੀ ਹੈ ਹਾਲਾਂਕਿ ਇਹ ਹਕੀਕਤ ਵਿੱਚ ਹੋਂਦ ਵਿੱਚ ਹੁੰਦੀ ਹੈ ਜਿਹੜੇ ਅਜੇ ਇਸ ਨੂੰ ਨਿਸ਼ਚਿਤ ਵਰਤੋਂ ਕਦਰ ਵਿੱਚ ਬਦਲ ਕੇ ਹਾਸਲ ਕੀਤੀ ਜਾਣੀ ਹੁੰਦੀ ਹੈ। ਮੁੱਢ ਵਿੱਚ ਇਹ ਜਿਣਸ ਸਧਾਰਨ ਜਿਣਸਾਂ ਵਰਗੀ ਲੱਗਦੀ ਸੀ। ਇੱਕ ਖਾਸ ਵਰਤੋਂ ਕਦਰ ਵਜੋਂ ਪਦਾਰਥਕ ਰੂਪ ਵਿੱਚ ਢਲੀ ਸਰਵ ਵਿਆਪੀ ਕਿਰਤ ਲੱਗਦੀ ਸੀ। ਵਟਾਂਦਰੇ ਦੀ ਕਿਰਿਆ ਵਿੱਚ ਸਾਰੀਆਂ ਜਿਣਸਾਂ ਦਾ, ਇਸ ਵੱਖਰੀ ਰੱਖੀ ਜਿਣਸ ਨਾਲ਼ ਟਾਕਰਾ ਕੀਤਾ ਜਾਂਦਾ ਹੈ ਅਤੇ ਇਸ ਜਿਣਸ ਨੂੰ ਸਾਧਾਰਨ ਰੂਪ ਵਿੱਚ ਜਿਣਸ, ਕਿਸੇ ਵਿਸ਼ੇਸ਼ ਵਰਤੋਂ ਕਦਰ ਵਿੱਚ ਸਰਵ ਵਿਆਪੀ ਕਿਰਤ ਸਮੇਂ ਦੀ ਮੂਰਤ, ਜਿਣਸ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇੱਕ ਵਿਸ਼ੇਸ਼ ਜਿਣਸ ਜਿਸ ਨੂੰ **ਸਰਵ-ਵਿਆਪੀ ਜਿਣਸ** ਕਿਹਾ ਜਾਂਦਾ ਹੈ, ਦੇ ਉਲਟ ਨਿਸ਼ਚਿਤ ਜਿਣਸਾਂ ਹਨ। (ਜੇਨੋਵੇਸੀ ਨੇ ਵੀ ਇਹੋ ਸ਼ਬਦ (ਸਰਵ–ਵਿਆਪੀ ਜਿਣਸ) ਵਰਤਿਆ ਹੈ – ਲੇਖਕ ਦੀ ਪਰਤ ਵਿੱਚ ਨੋਟ) ਕਿ ਜਿਣਸਾਂ ਦੇ ਮਾਲਕ ਇੱਕ ਦੂਜੇ ਦੀ ਕਿਰਤ ਨੂੰ ਸਰਵ–ਵਿਆਪੀ ਸਮਾਜਿਕ–ਕਿਰਤ ਮੰਨਦੇ

ਹਨ, ਇਸ ਤੱਥ ਦਾ ਪ੍ਰਗਟਾਵਾ ਉਹਨਾਂ ਦੇ ਆਪਣੀਆਂ ਜਿਣਸਾਂ ਨੂੰ ਵਟਾਂਦਰਾ ਕਦਰਾਂ ਸਮਝਣ ਦੇ ਰੂਪ ਵਿੱਚ ਹੁੰਦਾ ਹੈ ਅਤੇ ਵਟਾਂਦਰੇ ਦੀ ਕਿਰਿਆ ਦੇ ਦੌਰਾਨ ਵਟਾਂਦਰਾ ਕਦਰਾਂ ਵਜੋਂ ਜਿਣਸਾਂ ਦਾ ਅੰਤਰ-ਸਬੰਧ ਉਹਨਾਂ ਦੇ ਇੱਕ ਨਿਸ਼ਚਿਤ ਜਿਣਸ ਨਾਲ਼ ਸਰਵ-ਵਿਆਪੀ ਸਬੰਧ ਵਜੋਂ, ਉਹਨਾਂ ਦਾ ਵਟਾਂਦਰਾ ਕਦਰ ਦੇ ਮੁਨਾਸਬ ਚਿੰਨ੍ਹ ਦੇ ਸਬੰਧ ਵਜੋਂ ਜ਼ਾਹਰ ਹੁੰਦਾ ਹੈ; ਤੇ ਇਸ ਦਾ ਪ੍ਰਗਟਾਵਾ ਦੂਜੇ ਸਬੰਧਾਂ ਉਸ ਜਿਣਸ ਦੇ ਸਾਰੀਆਂ ਜਿਣਸਾਂ ਨਾਲ਼ ਖਾਸ ਸਬੰਧਾਂ ਤੋਂ ਹੁੰਦਾ ਹੈ; ਤੇ ਇਸ ਦਾ ਪ੍ਰਗਟਾਵਾ ਦੂਜੇ ਸਬੰਧਾਂ ਉਸ ਜਿਣਸ ਦੇ ਸਾਰੀਆਂ ਜਿਣਸਾਂ ਨਾਲ਼ ਖਾਸ ਸਬੰਧਾਂ ਤੋਂ ਹੁੰਦਾ ਹੈ ਅਤੇ ਇਸ ਲਈ, ਜਿਵੇਂ ਕਿ ਕੁਦਰਤੀ ਤੌਰ 'ਤੇ ਜ਼ਾਹਰ ਹੁੰਦਾ ਹੈ, ਇਸ ਜਿਣਸ ਦੇ ਨਿੱਖੜਵੇਂ ਸਮਾਜਿਕ ਕਰਦਾਰ ਤੋਂ ਹੁੰਦਾ ਹੈ। ਉਹ ਵਿਸ਼ੇਸ਼ ਜਿਣਸ ਜਿਹੜੀ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕਰਦੀ ਹੈ, ਇੰਝ ਕਹਿ ਲਓ ਕਿ ਹੋਰ ਹਰ ਵਿਸ਼ੇਸ਼ ਜਿਣਸ ਦੀ ਵਟਾਂਦਰਾ ਕਦਰ ਦਾ ਪ੍ਰਗਟਾਵਾ ਕਰਦੀ ਹੈ, ਇਹ ਵਿਸ਼ੇਸ਼ ਜਿਣਸ **ਮੁਦਰਾ** ਅਖਵਾਉਂਦੀ ਹੈ। ਇਹ ਜਿਣਸਾਂ ਦੀ ਵਟਾਂਦਰਾ ਕਦਰਾਂ ਦਾ ਨਿੱਖੜ ਕੇ ਇਸ ਦਾ ਰੂਪ ਹੈ ਅਤੇ ਵਟਾਂਦਰੇ ਦੀ ਕਿਰਿਆ ਵਿੱਚੋਂ ਹੀ ਹੋਂਦ ਵਿੱਚ ਆਉਂਦਾ ਹੈ। ਇਸ ਤਰ੍ਹਾਂ ਜਦ ਕਿ ਵਟਾਂਦਰੇ ਦੀ ਕਿਰਿਆ ਦੇ ਦੌਰਾਨ ਜਿਣਸਾਂ ਸਾਰੇ ਸੀਮਤ ਨਿਰਧਾਰਕ ਰੂਪ ਛੱਡ ਕੇ ਇੱਕ ਦੂਜੇ ਲਈ **ਵਰਤੋਂ ਕਦਰਾਂ** ਬਣਦੀਆਂ ਹਨ ਅਤੇ ਆਪਣੇ ਫੌਰੀ **ਸਰੀਰਕ** ਪੱਖਾਂ ਨਾਲ਼ ਪੇਸ਼ ਹੁੰਦੀਆਂ ਹਨ, ਉਹਨਾਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਇੱਕ ਹੋਰ ਨਿਰਧਾਰਕ ਵਿਸ਼ੇਸ਼ ਰੂਪ ਧਾਰਨ ਕਰਨ, ਉਹ ਮੁਦਰਾ ਨੂੰ ਵੀ ਵਿਕਸਿਤ ਕਰਨ ਤਾਂ ਜੋ ਉਹ ਇੱਕ ਦੂਜੇ ਸਾਹਮਣੇ **ਵਟਾਂਦਰਾ ਕਦਰਾਂ** ਵਜੋਂ ਖਲੋ ਸਕਣ। ਮੁਦਰਾ ਨਿਰਾ ਚਿੰਨ੍ਹ ਨਹੀਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜਿਣਸ ਦੇ ਰੂਪ ਵਿੱਚ ਵਰਤੋਂ ਕਦਰ ਦੀ ਹੋਂਦ ਕੋਈ ਚਿੰਨ੍ਹ ਨਹੀਂ। ਉਤਪਾਦਨ ਦਾ ਸਮਾਜਿਕ ਸਬੰਧ ਵਿਅਕਤੀਗਤ ਮਨੁੱਖੀ ਜੀਵਾਂ ਤੋਂ ਵੱਖਰੇ ਰਹਿੰਦਾ ਲੱਗਦਾ ਹੈ ਅਤੇ ਸਮਾਜ ਵਿੱਚ ਉਤਪਾਦਨ ਦੇ ਦੌਰਾਨ ਉਹ ਜਿਸ ਨਿੱਖੜਵੇਂ ਨਿਸ਼ਚਿਤ ਸਬੰਧ ਵਿੱਚ ਪੈਂਦੇ ਹਨ, ਉਹ ਸਬੰਧ ਕਿਸੇ ਵਸਤੂ ਦੇ ਵਿਸ਼ੇਸ਼ ਗੁਣ ਜਾਪਦੇ ਹਨ – ਇਹ ਇੱਕ ਵਿਗੜੀ ਸ਼ਕਲ ਹੈ, ਕੜਵੀ ਲੱਗਦੀ ਪਰ ਹਕੀਕੀ ਰਹੱਸੀਕਰਣ ਹੈ, ਜਿਹੜਾ ਕਿਸੇ ਵੀ ਤਰ੍ਹਾਂ ਕਾਲਪਨਿਕ ਨਹੀਂ, ਜਿਹੜਾ ਕਿਰਤ ਦੇ ਕਿਸੇ ਵੀ ਸਮਾਜੀ ਰੂਪ, ਜਿਸ ਵਿੱਚ ਵਟਾਂਦਰਾ ਕਦਰ ਕਾਇਮ ਹੈ, ਦਾ ਵਿਸ਼ੇਸ਼ ਲੱਛਣ ਹੈ। ਇਹ ਵਿਗੜਿਆਂ ਰੂਪ ਮੁਦਰਾ ਵਿੱਚ ਹੋਰ ਜਿਣਸਾਂ ਦੇ ਟਾਕਰੇ ਉੱਤੇ ਵਧੇਰੇ ਉੱਭਰਵੇਂ ਢੰਗ ਵਿੱਚ ਪ੍ਰਗਟ ਹੁੰਦਾ ਹੈ।

ਕਿਸੇ ਨਿਸ਼ਚਿਤ ਜਿਣਸ ਜਿਸ ਨੇ ਹੋਰ ਸਾਰੀਆਂ ਜਿਣਸਾਂ ਦੇ ਮੁਦਰਾ ਦੇ ਰੂਪ ਦਾ ਪ੍ਰਗਟਾਵਾ ਕਰਨਾ ਹੈ, ਉਸ ਦੀਆਂ ਜ਼ਰੂਰੀ ਖੂਬੀਆਂ, ਜਿਹੜੀਆਂ ਉਸ ਦਾ ਵਟਾਂਦਰਾ ਕਦਰ ਹੋਣ ਦੇ ਖਾਸੇ ਵਿੱਚੋਂ ਪੈਦਾ ਹੁੰਦੀਆਂ ਹਨ, ਇਹ ਹਨ: ਅਸੀਮਤ ਵੰਡਣਹਾਰਤਾ, ਇਸ ਦੇ ਹਿੱਸਿਆਂ ਦੀ ਇੱਕ ਸਾਰਤਾ ਅਤੇ ਇਸ ਜਿਣਸ ਦੀਆਂ ਸਾਰੀਆਂ ਇਕਾਈਆਂ ਦੇ ਗੁਣਾਂ ਦਾ ਇਕਸਾਰ ਹੋਣਾ। ਸਰਵ-ਵਿਆਪੀ ਕਿਰਤ ਸਮੇਂ ਦੇ ਪਦਾਰਥਕ ਰੂਪ ਵਜੋਂ ਇਹ ਇਕਸਾਰ ਹੋਵੇ ਅਤੇ ਕੇਵਲ ਗਿਣਨਾਤਮਕ ਰੂਪ ਦੇ ਪ੍ਰਗਟ ਕਰਨ ਦੇ ਯੋਗ ਹੋਵੇ। ਇੱਕ ਹੋਰ ਜ਼ਰੂਰੀ ਖੂਬੀ ਇਸ ਦੀ ਵਰਤੋਂ-ਕਦਰ ਦੀ ਪਾਏਦਾਰੀ ਹੈ ਕਿਉਂਕਿ ਇਹ ਅਵੱਸ਼ ਵਟਾਂਦਰਾ ਦੇ ਅਮਲ ਵਿੱਚ

ਹੰਢਣਸਾਰ ਹੋਣੀ ਚਾਹੀਦੀ ਹੈ। ਕੀਮਤੀ ਧਾਤਾਂ ਵਿੱਚ ਇਹ ਖ਼ੂਬੀਆਂ ਬਹੁਤ ਅਸਾਧਾਰਨ ਦਰਜੇ ਤੱਕ ਕਾਇਮ ਹੁੰਦੀਆਂ ਹਨ। ਕਿਉਂਕਿ ਮੁਦਰਾ ਕਿਸੇ ਵਿਸ਼ੇਸ਼ ਕਾਰਵਾਈ ਜਾਂ ਸਮਝੌਤੇ ਦੇ ਸਿੱਟੇ ਵਜੋਂ ਪੈਦਾ ਨਹੀਂ ਹੋਈ ਸਗੋਂ ਵਟਾਂਦਰੇ ਦੀ ਕਿਰਿਆ ਵਿੱਚ ਆਪ-ਮੁਹਾਰੇ ਹੋਂਦ ਵਿੱਚ ਆਈ ਹੈ, ਇਸ ਲਈ ਬਹੁਤ ਸਾਰੀਆਂ ਵੱਖ-ਵੱਖ ਜਿਣਸਾਂ ਜਿਹੜੀਆਂ ਬਹੁਤੀਆਂ ਜਾਂ ਘੱਟ ਹੱਦ ਤੱਕ ਇਸ ਕੰਮ ਲਈ ਢੁੱਕਦੀਆਂ ਵੀ ਨਹੀਂ ਸਨ, ਵੱਖ ਵੱਖ ਸਮੇਂ ਮੁਦਰਾ ਵਜੋਂ ਵਰਤੀਆਂ ਜਾਂਦੀਆਂ ਰਹੀਆਂ। ਜਦ ਵਟਾਂਦਰਾ ਵਿਕਾਸ ਦੇ ਕਿਸੇ ਨਿਸ਼ਚਿਤ ਪੜਾਅ ’ਤੇ ਪੁੱਜ ਜਾਂਦਾ ਹੈ ਤਾਂ ਇਹ ਲੋੜ ਪੈ ਜਾਂਦੀ ਹੈ ਕਿ ਵੱਖ ਵੱਖ ਜਿਣਸਾਂ ਵਿਚਾਲੇ ਵਟਾਂਦਰਾ ਕਦਰ ਅਤੇ ਵਰਤੋਂ ਕਦਰ ਦੇ ਕਾਰਜਾਂ ਦੀ ਕਤਾਰ ਹੋ ਜਾਵੇ ਤਾਂ ਜੋ ਉਦਾਹਰਣ ਲਈ ਇੱਕ ਜਿਣਸ ਵਟਾਂਦਰੇ ਦੇ ਸਾਧਨ ਵਜੋਂ ਕੰਮ ਕਰੇ ਅਤੇ ਦੂਜੀ ਵਰਤੋਂ ਕਦਰ ਵਜੋਂ ਵੇਚੀ ਜਾਵੇ। ਸਿੱਟਾ ਇਹ ਹੁੰਦਾ ਹੈ ਕਿ ਜਿਣਸ ਜਾਂ ਕਈ ਜਿਣਸਾਂ, ਜਿਹੜੀਆਂ ਸਭ ਤੋਂ ਵੱਧ ਆਮ ਵਰਤੋਂ ਕਦਰ ਦਾ ਪ੍ਰਗਟਾਵਾ ਕਰਦੀਆਂ ਹਨ, ਮੁਦਰਾ ਦਾ ਕੰਮ ਸਾਰਨ ਲੱਗ ਜਾਂਦੀਆਂ ਹਨ। ਉਸ ਸਮੇਂ ਵੀ ਜਦ ਇਹਨਾਂ ਵਰਤੋਂ ਕਦਰਾਂ ਦੀ ਕੋਈ ਫੌਰੀ ਲੋੜ ਨਾ ਹੋਵੇ, ਇਹਨਾਂ ਦੀ ਮੰਗ ਹੋਰ ਵਰਤੋਂ ਕਦਰਾਂ ਦੇ ਟਾਕਰੇ ਉੱਤੇ ਵਧੇਰੇ ਆਸ ਹੋਵੇਗੀ ਕਿਉਂਕਿ ਉਹਨਾਂ ਵਿੱਚ ਦੌਲਤ ਦੇ ਸਭ ਤੋਂ ਠੋਸ ਗੁਣ ਕਾਇਮ ਹਨ।

ਸਿੱਧਾ ਵੱਟਾ, ਜਿਹੜਾ ਵਟਾਂਦਰੇ ਦਾ ਆਪ-ਮੁਹਾਰਾ ਰੂਪ ਹੈ, ਇਹ ਵਰਤੋਂ ਕਦਰ ਦੇ ਜਿਣਸਾਂ ਵਿੱਚ ਰੂਪਾਂਤਰ ਦਾ ਪ੍ਰਗਟਾਵਾ ਕਰਦਾ ਹੈ ਜਿਣਸਾਂ ਦੇ ਮੁਦਰਾ ਵਿੱਚ ਵਟਾਂਦਰੇ ਦਾ ਨਹੀਂ। ਵਟਾਂਦਰਾ-ਕਦਰ ਨੇ ਅਜੇ ਅਜ਼ਾਦ ਰੂਪ ਧਾਰਨ ਨਹੀਂ ਕੀਤਾ ਹੁੰਦਾ ਸਗੋਂ ਅਜੇ ਸਿੱਧੇ ਤੌਰ ’ਤੇ ਵਰਤੋਂ ਕਦਰ ਨਾਲ਼ ਬੱਝੀ ਹੁੰਦੀ ਹੈ। ਇਸ ਗੱਲ ਦਾ ਪ੍ਰਗਟਾਵਾ ਦੋ ਤਰ੍ਹਾਂ ਨਾਲ਼ ਹੁੰਦਾ ਹੈ। ਅਜੇ ਸਮੁੱਚੀ ਉਤਪਾਦਨ ਪ੍ਰਣਾਲੀ ਦਾ ਉਦੇਸ਼ ਵਰਤੋਂ ਕਦਰਾਂ ਉਸੇ ਸਮੇਂ ਵਰਤੋਂ ਕਦਰਾਂ ਨਹੀਂ ਰਹਿੰਦੀਆਂ ਅਤੇ ਵਟਾਂਦਰੇ ਦੇ ਸਾਧਨ ਬਣਦੀਆਂ ਹਨ ਜਦ ਉਹਨਾਂ ਦੀ ਲੋੜ ਨਾਲ਼ੋਂ ਚੋਖੀ ਵਧੇਰੇ ਮਾਤਰਾ ਵਿੱਚ ਪੈਦਾਵਾਰ ਕੀਤੀ ਗਈ ਹੋਵੇ। ਦੂਜੇ ਪਾਸੇ ਉਹ ਆਪਣੀ ਫੌਰੀ ਵਰਤੋਂ ਕਦਰ ਦੀਆਂ ਹੋਂਦਾਂ ਦੇ ਵਿੱਚ ਵਿੱਚ ਹੀ ਜਿਣਸਾਂ ਬਣਦੇ ਹਨ, ਚਾਹੇ ਇਹ ਕਾਰਜ ਪ੍ਰਤੱਖ ਹੋ ਗਿਆ ਹੋਵੇ ਤਾਂ ਜੋ ਵਟਾਂਦਰੇ-ਯੋਗ ਜਿਣਸਾਂ ਆਪੋ ਆਪਣੇ ਮਾਲਕਾਂ ਲਈ ਵੀ ਵਰਤੋਂ ਕਦਰਾਂ ਹੋਣ, ਪਰ ਹਰ ਜਿਣਸ ਉਸ ਲਈ ਵਰਤੋਂ ਕਦਰ ਹੋਵੇ ਜਿਸ ਦੀ ਇਹ ਮਲਕੀਅਤ ਨਹੀਂ। ਅਸਲੀਅਤ ਵਿੱਚ ਮੁੱਢ ਵਿੱਚ ਜਿਣਸਾਂ ਦਾ ਵਟਾਂਦਰਾ ਪੁਰਾਤਨ ਬਰਾਦਰੀਆਂ ਵਿੱਚ ਪੈਦਾ ਨਹੀਂ ਹੋਇਆ, ਸਗੋਂ ਉਹਨਾਂ ਦੀਆਂ ਵੱਖੀਆਂ ਵਿੱਚ ਸੀਮਾਵਾਂ ਉੱਤੇ ਪੈਦਾ ਹੋਇਆ, ਉਹਨਾਂ ਕੁਝ ਇੱਕ ਨੁਕਤਿਆਂ ਉੱਤੇ ਪੈਦਾ ਹੋਇਆ ਜਿੱਥੇ ਪੁਰਾਣੀਆਂ ਬਰਾਦਰੀਆਂ ਨਵੀਆਂ ਬਰਾਦਰੀਆਂ ਨਾਲ਼ ਸੰਪਰਕ ਵਿੱਚ ਆਈਆਂ। ਇਹ ਉਹ ਸਥਾਨ ਹੈ ਜਿੱਥੇ ਵੱਟਾ ਸ਼ੁਰੂ ਹੁੰਦਾ ਹੈ ਅਤੇ ਫੇਰ ਬਰਾਦਰੀ ਦੇ ਅੰਦਰ ਤੱਕ ਵੱਧਦਾ ਜਾਂਦਾ ਹੈ ਅਤੇ ਉਸ ਉੱਤੇ ਉਸ ਨੂੰ ਖੇਰੂੰ ਖੇਰੂੰ ਕਰਨ ਵਾਲ਼ਾ ਪ੍ਰਭਾਵ ਪਾਉਂਦਾ ਹੈ। ਉਹੋ ਨਿਸ਼ਚਿਤ ਵਰਤੋਂ-ਕਦਰ ਜਿਹੜੀ ਵੱਖ ਵੱਖ ਬਰਾਦਰੀਆਂ ਵਿਚਾਲੇ ਵੱਟੇ ਦੇ ਸਿੱਟੇ ਵਜੋਂ ਜਿਣਸ ਬਣਦੀ ਹੈ, ਭਾਵ, ਗੁਲਾਮ, ਧਾਤਾਂ, ਉਹੋ ਆਮ ਤੌਰ ’ਤੇ ਬਰਾਦਰੀ ਵਿੱਚ ਪਹਿਲੀ ਮੁਦਰਾ ਦਾ ਵੀ ਕੰਮ ਕਰਦੀਆਂ ਹਨ। ਅਸੀਂ ਵੇਖ ਲਿਆ ਹੈ ਕਿ

ਕਿਸੇ ਜਿਣਸ ਦੀ ਵਟਾਂਦਰਾ ਕਦਰ ਜਿਸ ਹੱਦ ਤੱਕ ਵਟਾਂਦਰਾ ਕਦਰ ਦਾ ਕਾਰਜ ਨਿਭਾਉਂਦੀ ਹੈ ਉਤਨੀ ਹੀ ਉਚੇਰੀ, ਲੰਮੇਰੀ ਇਸ ਦੇ ਸਮਫਲਾਂ ਦੀ ਲੜੀ ਹੁੰਦੀ ਹੈ ਜਾਂ ਉਤਨਾ ਹੀ ਵੱਡੇਰਾ ਉਹ ਖੇਤਰ ਹੁੰਦਾ ਹੈ ਜਿਸ ਵਿੱਚ ਜਿਣਸ ਦਾ ਵਟਾਂਦਰਾ ਹੁੰਦਾ ਹੈ। ਵੱਟੇ ਦੇ ਆਹਿਸਤਾ ਆਹਿਸਤਾ ਫੈਲਾਅ, ਵਟਾਂਦਰੇ ਦੇ ਸੌਦਿਆਂ ਦੀ ਵੱਧਦੀ ਗਿਣਤੀ ਅਤੇ ਵੱਟੇ ਵਿੱਚ ਲਈਆਂ ਦਿੱਤੀਆਂ ਜਾਂਦੀਆਂ ਭਿੰਨ-ਭਿੰਨ ਜਿਣਸਾਂ ਵਿੱਚ ਵਾਧੇ ਦੇ ਫਲਸਰੂਪ ਜਿਣਸ ਦੇ ਵਟਾਂਦਰਾ ਕਦਰ ਵਜੋਂ ਵਿਕਾਸ ਵਿੱਚ ਵੀ ਵਾਧਾ ਹੁੰਦਾ ਹੈ, ਮੁਦਰਾ ਦੇ ਬਣਨ ਦਾ ਅਮਲ ਤੇਜ਼ ਹੁੰਦਾ ਹੈ ਅਤੇ ਇਹ ਅਮਲ ਸਿੱਧੇ ਵੱਟੇ ਨੂੰ ਖਤਮ ਕਰਨ ਵਾਲ਼ਾ ਪ੍ਰਭਾਵ ਪਾਉਂਦਾ ਹੈ। ਅਰਥਸ਼ਾਸਤਰੀ ਆਮ ਤੌਰ 'ਤੇ ਦਲੀਲ ਦਿੰਦੇ ਹਨ ਕਿ ਮੁਦਰਾ ਦੀ ਕਾਇਮੀ ਵਧੀ ਹੋਈ ਵੱਟਾ ਪ੍ਰਣਾਲੀ ਵਿੱਚ ਪੇਸ਼ ਆਉਂਦੀਆਂ ਬਾਹਰੀ ਔਕੜਾਂ ਦਾ ਸਿੱਟਾ ਸੀ, ਪਰ ਉਹ ਭੁੱਲ ਜਾਂਦੇ ਹਨ ਕਿ ਇਹ ਔਕੜਾਂ ਵਟਾਂਦਰਾ ਕਦਰ ਦੇ ਉਭਰਨ ਵਿੱਚੋਂ ਪੈਦਾ ਹੁੰਦੀਆਂ ਹਨ ਅਤੇ ਇਸ ਲਈ ਸਮਾਜੀ ਕਿਰਤ ਦੇ ਸਰਵ-ਵਿਆਪੀ ਕਿਰਤ ਵਜੋਂ ਉਭਰਨ ਵਿੱਚੋਂ ਪੈਦਾ ਹੁੰਦੀਆਂ ਹਨ, ਉਦਾਹਰਣ ਲਈ ਜਿਣਸਾਂ ਵਰਤੋਂ ਕਦਰਾਂ ਵਜੋਂ ਆਪਣੀ ਮਰਜ਼ੀ ਅਨੁਸਾਰ ਵੰਡੀਆਂ ਨਹੀਂ ਜਾ ਸਕਦੀਆਂ, ਇਹ ਅਜਿਹਾ ਗੁਣ ਹੈ ਜਿਹੜਾ ਵਟਾਂਦਰਾ ਕਦਰ ਵਜੋਂ ਇਹਨਾਂ ਵਿੱਚ ਹੋਣਾ ਜ਼ਰੂਰੀ ਹੈ, ਜਾਂ ਇਹ ਹੋ ਸਕਦਾ ਹੈ ਕਿ 'ੳ' ਦੀ ਜਿਣਸ ਉਹ ਵਰਤੋਂ ਕਦਰ ਹੋਵੇ ਜਿਸ ਦੀ 'ਅ' ਨੂੰ ਲੋੜ ਹੋਵੇ; ਜਦ ਕਿ 'ਅ' ਦੀ ਜਿਣਸ ਦੀ 'ੳ' ਲਈ ਕੋਈ ਵਰਤੋਂ ਕਦਰ ਨਾ ਹੋਵੇ। ਜਾਂ ਜਿਣਸਾਂ ਦੇ ਮਾਲਕਾਂ ਨੂੰ ਇੱਕ ਦੂਜੇ ਦੀਆਂ ਜਿਣਸਾਂ ਦੀ ਲੋੜ ਤਾਂ ਹੋਵੇ ਪਰ ਉਹਨਾਂ ਦਾ ਮੁਕਾਬਲਤਨ ਵਟਾਂਦਰਾ ਕਦਰ ਵੱਖ ਵੱਖ ਹੋਵੇ ਤੇ ਉਹ ਵੰਡੀਆਂ ਨਾ ਜਾ ਸਕਦੀਆਂ ਹੋਣ। ਦੂਜੇ ਸ਼ਬਦਾਂ ਵਿੱਚ, ਸਾਦਾ ਵੱਟੇ ਦੀ ਪੜਤਾਲ ਕਰਨ ਦੇ ਬਹਾਨੇ ਇਹ ਅਰਥ ਸ਼ਾਸਤਰੀ ਉਸ ਵਿਰੋਧਤਾਈ ਦੇ ਕੁਝ ਪੱਖ ਦਰਸਾਉਂਦੇ ਹਨ ਜਿਹੜੀ ਵਿਰੋਧਤਾਈ ਇੱਕੋ ਜਿਣਸ ਦੇ ਵਰਤੋਂ ਕਦਰ ਅਤੇ ਵਟਾਂਦਰਾ ਕਦਰ ਹੋਣ ਦੇ ਨਾਤੇ ਉਸ ਵਿੱਚ ਹੁੰਦੀ ਹੈ। ਦੂਜੇ ਪਾਸੇ ਉਹ ਵੱਟੇ ਨੂੰ ਲਗਾਤਾਰ ਅਜਿਹਾ ਰੂਪ ਸਮਝਦੇ ਹਨ ਜਿਹੜਾ ਜਿਣਸਾਂ ਦੇ ਵਟਾਂਦਰੇ ਲਈ ਬਿਲਕੁਲ ਢੁੱਕਦਾ ਹੈ ਜਿਸ ਵਿੱਚ ਕੇਵਲ ਕੁਝ ਤਕਨੀਕੀ ਅਸੁਵਿਧਾਵਾਂ ਹੁੰਦੀਆਂ ਹਨ, ਜਿਨ੍ਹਾਂ ਉੱਤੇ ਕਾਬੂ ਪਾਉਣ ਲਈ ਬੜੀ ਹੁਸ਼ਿਆਰੀ ਨਾਲ਼ ਮੁਦਰਾ ਦੀ ਕਾਢ ਕੱਢੀ ਗਈ ਹੈ। ਇਸ ਕੱਚ-ਘਰੜ ਦ੍ਰਿਸ਼ਟੀਕੋਣ ਤੋਂ ਆਰੰਭ ਕਰਕੇ ਇੱਕ ਬਰਤਾਨਵੀ ਅਰਥ ਸ਼ਾਸਤਰੀ ਨੇ ਬਜਾ ਤੌਰ 'ਤੇ ਇਹ ਸਿੱਟਾ ਕੱਢ ਲਿਆ ਕਿ ਮੁਦਰਾ ਕੇਵਲ ਇੱਕ ਪਦਾਰਥਕ ਔਜ਼ਾਰ ਹੈ, ਜਿਵੇਂ ਇੱਕ ਜਹਾਜ਼ ਜਾਂ ਭਾਫ ਵਾਲਾ ਇੰਜਣ ਹੈ ਅਤੇ ਉਤਪਾਦਨ ਦੇ ਸਮਾਜਕ ਰਿਸ਼ਤੇ ਦਾ ਪ੍ਰਗਟਾਵਾ ਨਹੀਂ ਅਤੇ ਇਸ ਲਈ ਇਹ ਕੋਈ ਆਰਥਕ ਪ੍ਰਵਰਤਾ (Categery) ਨਹੀਂ। ਇਸ ਲਈ ਇਸ ਵਿਸ਼ੇ ਉੱਤੇ ਰਾਜਸੀ ਅਰਥ ਸ਼ਾਸਤਰ ਵਿੱਚ ਵਿਚਾਰ ਕਰਨਾ ਬਿਲਕੁਲ ਗਲਤ ਕਾਰਵਾਈ ਹੈ ਕਿਉਂਕਿ ਰਾਜਸੀ ਆਰਥਕਤਾ ਦਾ ਤਕਨਾਲੋਜੀ ਨਾਲ਼ ਕੁਝ ਵੀ ਸਬੰਧ ਨਹੀਂ। ਥਾਮਸ ਰਾਜ਼ਸਕਿਨ ਨੇ ਆਪਣੀ ਪੁਸਤਕ **ਰਾਜਸੀ ਆਰਥਕਤਾ ਆਮ ਲੋਕਾਂ ਲਈ**, ਲੰਡਨ 1827 ਵਿੱਚ ਪੰਨਾ 178-179 ਉੱਤੇ ਲਿਖਿਆ "ਮੁਦਰਾ ਕੇਵਲ ਖਰੀਦਣ ਤੇ ਵੇਚਣ ਦਾ ਕੰਮ ਚਲਾਉਣ ਲਈ ਬਣਾਇਆ ਔਜ਼ਾਰ ਹੈ" (ਪਰ ਕੀ ਤੁਸੀਂ ਦੱਸ ਸਕਦੇ ਹੋ ਕਿ ਖਰੀਦਣ ਤੇ ਵੇਚਣ ਤੋਂ ਤੁਹਾਡਾ ਕੀ ਭਾਵ ਹੈ?) "ਅਤੇ

ਇਸ ਬਾਰੇ ਵਿਚਾਰ ਕਰਨਾ ਕਿਸੇ ਵੀ ਤਰ੍ਹਾਂ ਰਾਜਸੀ ਆਰਥਕਤਾ ਦਾ ਹਿੱਸਾ ਨਹੀਂ ਬਣਦਾ, ਜਿਵੇਂ ਸਮੁੰਦਰੀ ਜਹਾਜ਼ਾਂ ਜਾਂ ਭਾਫ ਵਾਲੇ ਇੰਜਣ ਜਾਂ ਉਤਪਾਦਨ ਦੀ ਦੌਲਤ ਦੀ ਵੰਡ ਵਿੱਚ ਸਹਾਈ ਹੁੰਦੇ ਹੋਰ ਔਜ਼ਾਰਾਂ ਬਾਰੇ ਵਿਚਾਰ ਕਰਨ ਇਸ ਦਾ ਹਿੱਸਾ ਨਹੀਂ ਬਣਦਾ।"

ਜਿਣਸਾਂ ਦਾ ਸੰਸਾਰ ਕਿਰਤ ਦੀ ਵੰਡ ਦੇ ਉੱਨਤ ਪੱਧਰ ਦੀ ਮੰਗ ਕਰਦਾ ਹੈ, ਜਾਂ ਇੰਝ ਕਹਿ ਲਓ ਕਿ ਕਿਰਤ ਦੀ ਵੰਡ ਸਿੱਧੇ ਤੌਰ 'ਤੇ ਵਰਤੋਂ ਕਦਰਾਂ ਦੀ ਭਿੰਨਤਾ ਵਿੱਚ ਪ੍ਰਗਟ ਹੁੰਦੀ ਹੈ, ਜਿਹੜੀਆਂ ਵਰਤੋਂ ਕਦਰਾਂ ਨਿਸ਼ਚਿਤ ਜਿਣਸਾਂ ਵਜੋਂ ਇੱਕ ਦੂਜੀ ਸਾਹਮਣੇ ਆ ਖਲੋਂਦੀਆਂ ਹਨ ਅਤੇ ਜਿਹੜੀਆਂ ਆਪਣੀ ਜਿਤਨੀ ਭਿੰਨ ਭਿੰਨ ਪ੍ਰਕਾਰ ਦੀ ਕਿਰਤ ਸੰਭਾਲੀ ਹੁੰਦੀਆਂ ਹਨ। **ਕਿਰਤ ਦੀ ਵੰਡ**, ਵੱਖ ਵੱਖ ਕਿਸਮਾਂ ਦੀਆਂ ਉਤਪਾਦਕ ਸਰਗਰਮੀਆਂ ਦੇ ਕੁੱਲ ਜੋੜ ਵਜੋਂ ਸਮਾਜੀ ਕਿਰਤ ਦੇ ਸਰੀਰਕ ਪੱਖਾਂ ਦੇ ਕੁੱਲ ਜੋੜ ਦਾ, ਵਰਤੋਂ ਕਦਰਾਂ ਪੈਦਾ ਕਰਦੀ ਕੁੱਲ ਕਿਰਤ ਦਾ ਪ੍ਰਗਟਾਵਾ ਕਰਦੀ ਹੈ। ਪਰ ਇਹ ਆਪਣੇ ਆਪ ਵਜੋਂ – ਜਿਣਸਾਂ ਤੇ ਵਟਾਂਦਰੇ ਦੀ ਕਿਰਿਆ ਵਜੋਂ – ਆਪਣੇ ਸਿੱਟਿਆਂ ਦੇ ਰੂਪ ਵਿੱਚ ਭਿੰਨ ਭਿੰਨ ਜਿਣਸਾਂ ਦੇ ਰੂਪ ਵਿੱਚ ਹੀ ਕਾਇਮ ਰਹਿੰਦੀ ਹੈ।

ਜਿਣਸਾਂ ਦਾ ਵਟਾਂਦਰਾ ਉਹ ਕਿਰਿਆ ਹੈ ਜਿਸ ਵਿੱਚ ਸਮਾਜੀ ਖਪਤ ਪ੍ਰਕਿਰਿਆ, ਦੂਜੇ ਸ਼ਬਦਾਂ ਵਿੱਚ ਵਿਅਕਤੀਆਂ ਦੀਆਂ ਖਾਸ ਉਪਜਾਂ ਦਾ ਵਟਾਂਦਰਾ, ਨਾਲ਼ੋਂ ਨਾਲ਼ ਉਤਪਾਦਨ ਦੇ ਨਿਸ਼ਚਿਤ ਸਮਾਜੀ ਸਬੰਧਾਂ ਨੂੰ ਵੀ ਜਨਮ ਦਿੰਦਾ ਹੈ, ਜਿਨ੍ਹਾਂ ਰਿਸ਼ਤਿਆਂ ਵਿੱਚ ਇਸ ਖਪਤ **ਪ੍ਰਕਿਰਿਆ ਦੇ ਦੌਰਾਨ ਵਿਅਕਤੀ** ਪੈਂਦੇ ਹਨ। ਜਿਵੇਂ ਜਿਵੇਂ ਇਹ ਰਿਸ਼ਤੇ ਵਿਕਸਤ ਹੁੰਦੇ ਹਨ, ਜਿਣਸਾਂ ਦੇ ਅੰਤਰ-ਸਬੰਧ ਸਰਵ-ਵਿਆਪੀ ਸਮਫਲ ਦੇ ਨਿੱਖੜਵੇਂ ਪੱਖਾਂ ਵਜੋਂ ਜ਼ਾਹਰ ਹੁੰਦੇ ਹਨ ਅਤੇ ਵਟਾਂਦਰੇ ਦੀ ਕਿਰਿਆ ਨਾਲ਼ੋਂ ਨਾਲ਼ ਮੁਦਰਾ ਦੇ ਬਣਨ ਦੀ ਕਿਰਿਆ ਵੀ ਬਣ ਜਾਂਦੀ ਹੈ। ਇਹ ਸਮੁੱਚੀ ਕਿਰਿਆ ਜਿਸ ਵਿੱਚ ਕਈ ਕਿਰਿਆਵਾਂ ਸ਼ਾਮਲ ਹਨ, ਪ੍ਰਚਲਣ ਅਖਵਾਉਂਦੀ ਹੈ।

## ੳ - ਜਿਣਸਾਂ ਦੇ ਵਿਸ਼ਲੇਸ਼ਣ ਬਾਰੇ ਇਤਿਹਾਸਕ ਨੋਟ

ਪ੍ਰਮਾਣੀਕ ਰਾਜਨੀਤਕ ਆਰਥਕਤਾ ਵੱਲੋਂ ਡੇਢ ਸਦੀ ਵਿੱਚ ਕੀਤੀ ਗਈ ਖੋਜ, ਜਿਹੜੀ ਬਰਤਾਨੀਆ ਵਿੱਚ ਵਿਲੀਅਮ ਪੈਟੀ ਅਤੇ ਫ਼ਰਾਂਸ ਵਿੱਚ ਬੂਇਸ ਗਿਲਬਰਟ ਦੇ ਕੰਮ ਨਾਲ਼ ਸ਼ੁਰੂ ਹੋਈ ਅਤੇ ਬਰਤਾਨੀਆ ਵਿੱਚ ਰਿਕਾਰਡੋ ਅਤੇ ਫ਼ਰਾਂਸ ਵਿੱਚ ਸਿਸਮਾਂਡੀ ਦੀ ਖੋਜ ਨਾਲ਼ ਸਮਾਪਤ ਹੋਈ, ਦਾ ਫੈਸਲਾਕੁਨ ਸਿੱਟਾ ਜਿਣਸ ਦੇ ਪੱਖਾਂ ਦਾ ਕਿਰਤ ਦੇ ਦੋ ਰੂਪਾਂ ਵਿੱਚ ਵਿਸ਼ਲੇਸ਼ਣ ਹੈ। ਇਸ ਵਿਸ਼ਲੇਸ਼ਣ ਅਨੁਸਾਰ ਵਰਤੋਂ-ਕਦਰ ਨੂੰ ਠੋਸ ਕਿਰਤ ਦੀ ਬਾ-ਮਕਸਦ ਉਤਪਾਦਕ ਸਰਗਰਮੀ ਕਰਾਰ ਦਿੱਤਾ ਗਿਆ ਅਤੇ ਵਟਾਂਦਰਾ ਕਦਰ ਨੂੰ ਕਿਰਤ ਸਮੇਂ ਜਾਂ ਇਕਸਾਰ ਸਮਾਜੀ ਕਿਰਤ ਕਰਾਰ ਦਿੱਤਾ ਗਿਆ ਹੈ।

ਪੈਟੀ ਵਰਤੋਂ ਕਦਰ ਨੂੰ ਅਜਿਹੀ ਕਿਰਤ ਜ਼ਾਹਰ ਕਰਦਾ ਹੈ ਜਿਸ ਵਿੱਚ ਕਿਰਤ ਕਰਨ ਵਾਲ਼ਾ ਆਪਣੀ ਸਿਰਜਣਾਤਮਕ ਤਾਕਤ ਦੇ ਕੁਦਰਤੀ ਕਾਰਕਾਂ ਉੱਤੇ ਨਿਰਭਰ ਹੋਣ ਸਬੰਧੀ ਧੋਖਾ ਨਹੀਂ ਖਾਂਦਾ। ਉਹ ਫੌਰਨ ਠੋਸ ਕਿਰਤ ਨੂੰ ਇਸ ਦੇ ਸਮੁੱਚੇ ਸਮਾਜਿਕ ਪੱਖ ਤੋਂ

**ਕਿਰਤ ਦੀ ਵੰਡ** ਸਮਝਦਾ ਹੈ।* ਪਦਾਰਥਕ ਦੌਲਤ ਦੇ ਸਰੋਤ ਬਾਰੇ ਇਹ ਸੰਕਲਪ ਇਸ ਤੋਂ ਵੱਧ ਜਾਂ ਘੱਟ ਬੇਜਾਨ ਨਹੀਂ ਰਹਿੰਦਾ ਜਿੰਨਾ ਇਹ ਉਸ ਦੇ ਸਮਕਾਲੀ ਹਾਬਸ ਲਈ ਬੇਜਾਨ ਸੀ

---

* ਪੈਟੀ ਕਿਰਤ ਦੀ ਵੰਡ ਨੂੰ ਵੀ ਉਤਪਾਦਕ ਸ਼ਕਤੀ ਸਮਝਦਾ ਹੈ ਅਤੇ ਉਹ ਅਜਿਹਾ ਐਡਮ ਸਮਿਥ ਨਾਲ਼ ਕਿਤੇ ਵਡੇਰੇ ਆਕਾਰ 'ਤੇ ਕਰਦਾ ਹੈ। ਵੇਖੋ **ਮਨੁੱਖਤਾ ਦੇ ਵਾਧੇ ਸਬੰਧੀ ਇੱਕ ਕੇਸ**, ਤੀਜੀ ਐਡੀਸ਼ਨ, 1686, ਪੰਨਾ 35-36। ਇਸ ਲੇਖ ਵਿੱਚ ਉਹ ਦਰਸਾਉਂਦਾ ਹੈ ਕਿ ਕਿਰਤ ਦੀ ਵੰਡ ਦਾ ਉਤਪਾਦਨ ਲਈ ਕਿਤਨਾ ਲਾਭ ਹੈ ਅਤੇ ਅਜਿਹਾ ਉਹ ਕੇਵਲ ਇੱਕ ਘੜੀ ਦੀ ਉਦਾਹਰਣ ਲੈ ਕੇ ਨਹੀਂ ਕਰਦਾ – ਜਿਵੇਂ ਬਾਅਦ ਨੂੰ ਸਮਿਥ ਨੇ ਇੱਕ ਸੂਈ ਦੇ ਉਤਪਾਦਨ ਦੀ ਉਦਾਹਰਣ ਲੈ ਕੇ ਕੀਤਾ ਸੀ। ਸਗੋਂ ਉਹ ਇੱਕ ਸ਼ਹਿਰ ਅਤੇ ਸਮੁੱਚੇ ਦੇਸ਼ ਨੂੰ ਵੀ ਇੱਕ ਬਹੁਤ ਵੱਡਾ ਸਨਅਤੀ ਅਦਾਰਾ ਸਮਝਦਾ ਹੈ। 26 ਨਵੰਬਰ, 1711 ਦਾ ਸਪੈਕਟੇਟਰ ਇੱਕ ਅੰਗਰੇਜ਼ੀ ਸਾਹਿਤਕ ਰਸਾਲਾ ਜਿਹੜਾ 1711 ਤੋਂ 1714 ਤੱਕ ਲੰਡਨ ਵਿੱਚ ਛੱਪਦਾ ਰਿਹਾ, "ਸ਼ਲਾਘਾ ਯੋਗ ਸਰ ਵਿਲੀਅਮ ਪੈਟੀ ਦੀ ਕਿਸ ਉਦਾਹਰਣ" ਦਾ ਜ਼ਿਕਰ ਕਰਦਾ ਹੈ। ਮਕਕੁਲਾਹ ਦਾ ਇਹ ਕਹਿਣਾ ਗਲਤ ਹੈ ਕਿ **ਸਪੈਕਟੇਟਰ** ਨੇ ਪੈਟੀ ਨੂੰ ਉਸ ਨਾਲ਼ੋਂ ਚਾਰ ਵਰ੍ਹੇ ਛੋਟੇ ਕਿਸੇ ਹੋਰ ਲੇਖਕ ਨਾਲ਼ ਖਲਤ ਮਲਤ ਕਰ ਲਿਆ। ਪੈਟੀ ਆਪਣੇ ਆਪ ਨੂੰ ਇੱਕ ਨਵੇਂ ਵਿਗਿਆਨ ਦਾ ਬਾਨੀ ਸਮਝਦਾ ਹੈ। ਉਹ ਕਹਿੰਦਾ ਹੈ ਕਿ ਉਸ ਦਾ ਢੰਗ "ਅਜੇ ਬਹੁਤਾ ਆਮ ਨਹੀਂ ਹੋਇਆ", ਕਿਉਂਕਿ ਕੇਵਲ ਮੁਕਾਬਲੇ ਦੇ ਜਾਂ ਸ੍ਰੇਸ਼ਠਤਮ ਸ਼ਬਦਾਂ ਜਾਂ ਬੌਧਿਕ ਦਲੀਲਾਂ ਦੀ ਵਰਤੋਂ ਕਰਨ ਦੀ ਥਾਂ ਉਹ "ਗਿਣਤੀ ਵਜ਼ਨ ਜਾਂ ਪੈਮਾਨੇ ਦੇ ਅਧਾਰ 'ਤੇ ਗੱਲ ਕਰਨ ਦੀ ਤਜਵੀਜ਼ ਦਿੰਦਾ ਹੈ; ਕੇਵਲ ਵਿਵੇਕਬੁੱਧੀ ਦੀਆਂ ਦਲੀਲਾਂ ਦੇਣ ਅਤੇ ਅਜਿਹੇ ਕਾਰਨਾਂ ਵੱਲ ਹੀ ਧਿਆਨ ਦੇਣ, ਜਿਨ੍ਹਾਂ ਦਾ ਕੁਦਰਤ ਵਿੱਚ ਕੋਈ ਦਿੱਸਦਾ ਅਧਾਰ ਹੈ, ਨੂੰ ਕਹਿੰਦਾ ਹੈ ਅਤੇ ਅਜਿਹੇ ਕਾਰਨਾਂ ਨੂੰ ਛੱਡ ਦੇਣ ਲਈ ਕਹਿੰਦਾ ਹੈ ਜਿਹੜੇ ਵਿਸ਼ੇਸ਼ ਵਿਅਕਤੀਆਂ ਦੇ ਖੰਡਣਯੋਗ ਮਨ, ਰਾਏ, ਭੁੱਖ ਜਾਂ ਭਾਵਨਾਵਾਂ ਉੱਤੇ ਨਿਰਭਰ ਹੋਣ।" (ਰਾਜਨੀਤਿਕ ਗਣਿਤ, ਆਦਿ ਲੰਡਨ 1699, ਮੁੱਖਬੰਧ)। ਉਸ ਦੀ ਨਿਧੜਕ ਪ੍ਰਤਿਭਾ ਉਦਾਹਰਣ ਲਈ ਉਦੋਂ ਪ੍ਰਤੱਖ ਦਿੱਸਦੀ ਹੈ ਜਦ ਉਹ ਸੁਝਾਅ ਦਿੰਦਾ ਹੈ ਕਿ ਆਇਰਲੈਂਡ ਦੇ ਸਾਰੇ ਲੋਕ ਤੇ ਚੁੱਕਣਯੋਗ ਸੰਪਤੀ ਅਤੇ ਸਕਾਟਲੈਂਡ ਦੇ ਮੈਦਾਨਾਂ ਦੀ ਸੰਪੱਤੀ ਤੇ ਲੋਕ ਢੋਅ ਕੇ ਬਾਕੀ ਦੇ ਬਰਤਾਨੀਆ ਵਿੱਚ ਲੈ ਆਂਦੇ ਜਾਣ। ਅਜਿਹਾ ਕਰਨ ਦੇ ਫਲਸਰੂਪ ਕਿਰਤ ਸਮਾਂ ਬਚੇਗਾ, ਕਿਰਤ ਦੀ ਉਪਜਾਇਕਤਾ ਵਧੇਗੀ ਅਤੇ "ਬਾਦਸ਼ਾਹ ਅਤੇ ਉਸ ਦੀ ਪਰਜਾ ਵਧੇਰੇ ਅਮੀਰ ਅਤੇ ਮਜਬੂਤ ਹੋਵੇਗੀ।" (ਰਾਜਨੀਤਿਕ ਗਣਿਤ, ਕਾਂਡ 4, ਪੰਨਾ 225)। ਰਾਜਨੀਤਿਕ ਗਣਿਤ ਦੇ ਉਸ ਕਾਂਡ ਵਿੱਚ ਵੀ, ਜਿਸ ਵਿੱਚ ਉਹ ਸਿੱਧ ਕਰਦਾ ਹੈ ਕਿ "ਇੰਗਲੈਂਡ ਅਵੱਸ਼ ਸੰਸਾਰ ਦੀ ਮੰਡੀ ਉੱਤੇ ਕਬਜ਼ਾ ਕਰੇਗਾ, ਕਿ ਇੰਗਲੈਂਡ ਦੇ ਬਾਦਸ਼ਾਹ ਦੀ ਪਰਜਾ ਸਮੁੱਚੇ ਵਪਾਰਕ ਸੰਸਾਰ ਵਪਾਰ ਚਲਾਉਣ ਦੀ ਸਮਰੱਥਾ ਅਤੇ ਯੋਗਤਾ ਰੱਖਦੀ ਹੈ। (ਉੱਪਰ ਦੱਸੀ ਪੁਸਤਕ, ਕਾਂਡ 10 ਪੰਨਾ 272)। ਅਜਿਹਾ ਉਹ ਉਸ ਸਮੇਂ ਕਰਦਾ ਹੈ ਜਦ ਹਾਲੈਂਡ ਅਜੇ ਹਾਵੀ ਵਪਾਰਕ ਕੌਮ ਸੀ ਅਤੇ ਇਹ ਲੱਗਦਾ ਸੀ ਕਿ ਫ਼ਰਾਂਸ ਮੁੱਖ ਵਪਾਰਕ ਦੇਸ਼ ਬਣਨ ਵੱਲ ਵੱਧ ਰਿਹਾ ਹੈ। ਉਸ ਦੀਆਂ ਸਾਰੀਆਂ ਲਿਖਤਾਂ ਵਿੱਚ ਹਾਸਰਸ ਦੀ ਭਾਵਨਾ ਦਿੱਸਦੀ ਹੈ। ਉਦਾਹਰਣ ਲਈ ਉਹ ਦਰਸਾਉਂਦਾ ਹੈ ਕਿ ਹਾਲੈਂਡ ਵੱਲੋਂ ਸੰਸਾਰ ਮੰਡੀ ਜਿੱਤ ਲੈਣਾ ਕੁਝ ਕੁਦਰਤੀ ਕਾਰਨਾਂ ਕਰਕੇ ਹੀ ਸੰਭਵ ਹੋਇਆ "ਕਿਸੇ ਤਰ੍ਹਾਂ ਦੀਆਂ ਫਰਿਸ਼ਤਿਆਂ ਵਾਲੀਆਂ ਖ਼ੂਬੀਆਂ ਜਾਂ ਸਮਝ ਕਾਰਨ ਨਹੀਂ ਜਿਵੇਂ ਕਿ ਕੁਝ ਲੋਕ ਕਹਿੰਦੇ ਹਨ।" ਜਦੋਂ ਉਸ ਨੇ ਇਹ ਗੱਲ ਕਹੀ ਉਸ ਸਮੇਂ ਬਰਤਾਨੀਆ ਦੇ ਅਰਥ-ਸ਼ਾਸਤਰੀ

ਪਰ ਇਹ **ਰਾਜਨੀਤਕ ਗਣਿਤ** ਵੱਲ ਲੈ ਜਾਂਦਾ ਹੈ, ਜਿਹੜਾ ਪਹਿਲਾ ਰੂਪ ਹੈ ਜਿਸ ਵਿੱਚ ਰਾਜਨੀਤਕ ਆਰਥਕਤਾ ਨੂੰ ਇੱਕ ਵੱਖਰਾ ਵਿਗਿਆਨ ਮੰਨਿਆ ਗਿਆ ਹੈ। ਪਰ ਉਹ ਵਟਾਂਦਰਾ ਕਦਰ ਨੂੰ ਉਸੇ ਤਰ੍ਹਾਂ ਸਵੀਕਾਰ ਕਰਦਾ ਹੈ ਜਿਵੇਂ ਇਹ ਜਿਣਸਾਂ ਦੇ ਵਟਾਂਦਰੇ ਵਿੱਚ **ਜ਼ਾਹਰ** ਹੁੰਦੀ ਹੈ, ਭਾਵ ਮੁਦਰਾ ਵਜੋਂ ਅਤੇ ਮੁਦਰਾ ਨੂੰ ਇੱਕ ਕਾਇਮ ਜਿਣਸ ਜਿਵੇਂ ਸੋਨਾ ਅਤੇ ਚਾਂਦੀ ਮੰਨਦਾ ਹੈ। ਮੁਦਰਾ ਪ੍ਰਣਾਲੀ ਦੇ ਵਿਚਾਰਾਂ ਵਿੱਚ ਉਲਝ ਜਾਣ ਪਿੱਛੋਂ ਉਹ ਦਾਅਵਾ ਕਰਦਾ ਹੈ ਕਿ ਜਿਹੜੀ ਕਿਰਤ ਵਟਾਂਦਰਾ ਕਦਰ ਦਾ ਨਿਰਣਾ ਕਰਦੀ ਹੈ ਉਹ ਖਾਸ ਤਰ੍ਹਾਂ ਦੀ ਠੋਸ ਕਿਰਤ ਹੈ ਜਿਹੜੀ ਸੋਨਾ ਤੇ ਚਾਂਦੀ ਕੱਢਣ ਵਿੱਚ ਲੱਗਦੀ ਹੈ। ਉਸ ਦੇ ਮਨ ਵਿੱਚ ਅਸਲੋਂ ਜਿਹੜੀ ਹੈ ਉਹ ਇਹ ਹੈ ਕਿ ਬੁਰਜੂਆ ਆਰਥਕਤਾ ਵਿੱਚ ਕਿਰਤ ਸਿੱਧੇ ਤੌਰ ’ਤੇ ਵਰਤੋਂ ਕਦਰਾਂ ਪੈਦਾ ਨਹੀਂ ਕਰਦੀ, ਸਗੋਂ ਜਿਣਸਾਂ ਪੈਦਾ ਕਰਦੀ ਹੈ। ਵਰਤੋਂ ਕਦਰਾਂ ਜਿਹੜੀਆਂ

---

ਹਾਲੈਂਡ ਨੂੰ ਨਮੂਨੇ ਦਾ ਦੇਸ਼ ਸਮਝਦੇ ਸਨ ਜਿਵੇਂ ਅੱਜ ਕੱਲ੍ਹ ਸਾਰੇ ਯੂਰਪ ਦੇ ਅਰਥ-ਸ਼ਾਸਤਰੀ ਇੰਗਲੈਂਡ ਨੂੰ ਨਮੂਨੇ ਦਾ ਦੇਸ਼ ਮੰਨਦੇ ਹਨ। ਉਹ ਬਦਮਾਸ਼ਾਂ ਜਾਂ ਡਾਕੂਆਂ ਲਈ ਵਿਸ਼ੇਸ਼ ਜਨਤਕ ਚੰਦੇ ਜਮ੍ਹਾਂ ਕਰਨ ਦਾ ਸੁਝਾਅ ਦਿੰਦਾ ਹੈ ਕਿਉਂਕਿ ਆਮ ਲੋਕਾਂ ਲਈ ਇਹ ਚੰਗਾ ਹੋਵੇਗਾ ਕਿ ਉਹ ਆਪਣੇ ਉੱਤੇ ਆਪ ਹੀ ਕੋਈ ਟੈਕਸ ਇਹਨਾਂ ਡਾਕੂਆਂ ਲਈ ਲਾ ਲੈਣ, ਬਜਾਏ ਇਸ ਦੇ ਕਿ ਡਾਕੂ ਟੈਕਸ ਲਾਉਣ। ਦੂਜੇ ਪਾਸੇ ਉਹ ਅਜਿਹੇ ਟੈਕਸ ਰੱਦ ਕਰਦਾ ਹੈ ਜਿਨ੍ਹਾਂ ਰਾਹੀਂ ਮਿਹਨਤੀ ਲੋਕਾਂ ਤੋਂ ਦੌਲਤ ਲੈ ਕੇ ਅਜਿਹੇ ਲੋਕਾਂ ਨੂੰ ਦਿੱਤੀ ਜਾਂਦੀ ਹੈ ਜਿਹੜੇ ਖਾਣ, ਪੀਣ, ਨੱਚਣ, ਗਾਉਣ ਤੇ ਮੌਜਾਂ ਉਡਾਉਣ ਤੋਂ ਇਲਾਵਾ ਕੁਝ ਨਹੀਂ ਕਰਦੇ, ਨਾ ਹੀ ਉਹਨਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਜਿਹੜੇ ਕੇਵਲ ਅਧਿਆਤਮਕਤਾ ਜਿਹੇ ਵਿਸ਼ਿਆਂ ਦਾ ਹੀ ਅਧਿਅਨ ਕਰਦੇ ਹਨ।” (ਉੱਪਰ ਦੱਸੀ ਪੁਸਤਕ ਪੰਨਾ 198) ਪੈਟੀ ਦੀਆਂ ਲਿਖਤਾਂ ਦੁਰਲੱਭ ਪੁਸਤਕਾਂ ਬਣ ਗਈਆਂ ਹਨ ਅਤੇ ਕੇਵਲ ਪੁਰਾਣੇ ਘਟੀਆ ਐਡੀਸ਼ਨਾਂ ਵਿੱਚ ਹੀ ਮਿਲ ਸਕਦੀਆਂ ਹਨ ਇਹ ਹੋਰ ਵੀ ਹੈਰਾਨਕੁਨ ਗੱਲ ਹੈ ਕਿਉਂਕਿ ਵਿਲੀਅਮ ਪੈਟੀ ਨਾ ਕੇਵਲ ਅੰਗਰੇਜ਼ਾਂ ਦੀ ਰਾਜਨੀਤਕ ਆਰਥਕਤਾ ਦਾ ਪਿਤਾਮਾ ਹੈ, ਸਗੋਂ ਹੈਨਰੀ ਪੈਟੀ ਉਰਫ ਲੈਂਸਡਾਊਨ ਦਾ ਮਾਰਕੁਇਸ ਦੇ ਕੁਲ ਨਾਲ਼ ਸਬੰਧਤ ਹੈ। ਲੈਂਸਡਾਊਨ ਅੰਗਰੇਜ਼ ਵਿਗਾਂ ਦਾ ਨੈਸਟਰ ਹੈ। ਪਰ ਲੈਂਸਡਾਊਨ ਪਰਿਵਾਰ ਪੈਟੀ ਦੀਆਂ ਸੰਪੂਰਨ ਲਿਖਤਾਂ ਦੀ ਕੋਈ ਸੈਂਚੀ ਤਿਆਰ ਨਹੀਂ ਕਰ ਸਕਿਆ ਸਿਵਾਏ ਇਸ ਦੇ ਕਿ ਅਜਿਹੀਆਂ ਲਿਖਤਾਂ ਅੱਗੇ ਉਸ ਦੀ ਜੀਵਨੀ ਛਾਪ ਕੇ ਕੁਝ ਛਾਪਿਆ ਗਿਆ ਹੈ ਅਤੇ ਜਿਹੜੀ ਗੱਲ ਹੋਰ ਵੱਡੇ ਪਰਿਵਾਰਾਂ ਬਾਰੇ ਸਹੀ ਹੈ, ਉਹ ਇਸ ਮਾਮਲੇ ਵਿੱਚ ਵੀ ਲਾਗੂ ਹੁੰਦੀ ਹੈ – ਇਸ ਬਾਰੇ ਬਹੁਤਾ ਕੁਝ ਨਾ ਕਹਿਣਾ ਹੀ ਠੀਕ ਹੈ। ਫੌਜ ਦਾ ਇਹ ਚੀਰ-ਫਾੜ ਦਾ ਮਾਹਿਰ ਡਾਕਟਰ, ਜਿਹੜਾ ਦਲੇਰ ਵਿਚਾਰਵਾਨ ਸੀ, ਪਰ ਬਹੁਤ ਨਿਰਲੱਜ ਸੀ ਅਤੇ ਕਰਾਮਵੈਲ ਦੀ ਹਕੂਮਤ ਹੇਠ ਆਇਰਲੈਂਡ ਦੀ ਲੁੱਟ-ਖਸੁੱਟ ਕਰਨ ਦਾ ਇਤਨਾ ਹੀ ਮਾਹਰ ਸੀ ਜਿੰਨਾ ਉਹ ਰਈਸ ਦਾ ਖਤਾਬ ਹਾਸਲ ਚਾਰਲਸ ਦੂਜੇ ਨੂੰ ਖੁਸ਼ ਕਰਨ ਲਈ ਪੂਛ ਹਿਲਾਉਣ ਦਾ ਮਾਹਰ ਸੀ, ਉਹ ਜਨਤਾ ਵਿੱਚ ਪੇਸ਼ ਕਰਨ ਯੋਗ ਵਡੇਰੇ ਵਾਲ਼ਾ ਵੱਕਾਰ ਨਹੀਂ ਰੱਖਦਾ। ਪੈਟੀ ਦੇ ਜੀਵਨ ਕਾਲ ਵਿੱਚ ਛਪੀਆਂ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਉਹ ਇਹ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ ਚਾਰਲਸ ਦੂਜੇ ਦੀ ਹਕੂਮਤ ਦਾ ਸਮਾਂ ਇੰਗਲੈਂਡ ਦਾ ਸੁਨਹਿਰਾ ਯੁੱਗ ਹੈ। ਇਹ ਵਿਚਾਰ “ਸ਼ਾਨਦਾਰ ਇਨਕਲਾਬ” ਦੀ ਪੁਸ਼ਤ-ਦਰ-ਪੁਸ਼ਤ ਲੁੱਟ-ਖਸੁੱਟ ਕਰਨ ਵਾਲਿਆਂ ਲਈ ਇੱਕ ਪਾਖੰਡ ਤੋਂ ਵੱਧ ਕੁਝ ਨਹੀਂ।

ਵਟਾਂਦਰੇ ਦੇ ਫਲਸਰੂਪ ਹੁੰਦੀ ਵਿਰਕਤੀ ਦੇ ਕਾਰਨ ਇਹ ਸਮਰੱਥਾ ਰੱਖਦੀਆਂ ਹਨ ਕਿ ਉਹ ਸੋਨੇ ਜਾਂ ਚਾਂਦੀ ਦਾ ਰੂਪ ਧਾਰਨ ਕਰ ਜਾਣ, ਭਾਵ, ਵਟਾਂਦਰਾ ਕਦਰ ਦਾ, ਭਾਵ ਪਦਾਰਥਕ ਰੂਪ ਵਿੱਚ ਢਲੀ ਸਰਵ-ਵਿਆਪੀ ਕਿਰਤ ਦਾ ਰੂਪ ਧਾਰਨ ਕਰ ਜਾਣ। ਉਸ ਦੀ ਹਾਲਤ ਇਸ ਗੱਲ ਦਾ ਲਿਸ਼ਕਦਾ ਸਬੂਤ ਹੈ ਕਿ ਕਿਰਤ ਨੂੰ ਪਦਾਰਥਕ ਦੌਲਤ ਦੇ ਸਾਧਨ ਵਜੋਂ ਮਾਨਤਾ ਦੇਣ ਨਾਲ਼ ਕਿਸੇ ਵੀ ਤਰ੍ਹਾਂ ਇਹ ਗੱਲ ਰੱਦ ਨਹੀਂ ਹੁੰਦੀ ਕਿ ਉਸ ਨਿਸ਼ਚਿਤ ਸਮਾਜਿਕ ਰੂਪ ਬਾਰੇ ਜਿਸ ਰਾਹੀਂ ਕਿਰਤ ਵਟਾਂਦਰਾ ਕਦਰ ਦਾ ਸਰੋਤ ਬਣਦੀ ਹੈ, ਗਲਤ-ਫਹਿਮੀ ਪੈਦਾ ਹੋ ਸਕੇ।

ਬੂਇਸ ਗਿਲਬਰਟ, ਆਪਣੇ ਤੌਰ 'ਤੇ ਅਸਲੀਅਤ ਵਿੱਚ ਜਿਣਸਾਂ ਦੀ ਵਟਾਂਦਰਾ ਕਦਰ ਨੂੰ ਕਿਰਤ ਸਮੇਂ ਵਿੱਚ ਢਾਲ ਦਿੰਦਾ ਹੈ, ਚਾਹੇ ਉਹ ਆਪ ਇਸ ਬਾਰੇ ਚੇਤੰਨ ਨਾ ਹੋਵੇ, ਕਿਉਂਕਿ ਉਹ "ਸੱਚੀ ਕਦਰ" ਦਾ ਨਿਰਣਾ ਉਸ ਸਹੀ ਤਨਾਸਬ ਨਾਲ਼ ਕਰਦਾ ਹੈ ਜਿਸ ਵਿੱਚ ਵਿਅਕਤੀਗਤ ਉਤਪਾਦਨਾਂ ਦਾ ਕਿਰਤ ਸਮਾਂ ਸਨਅਤ ਦੀਆਂ ਵੱਖ ਵੱਖ ਸ਼ਾਖਾਵਾਂ ਵਿੱਚ ਵੰਡਿਆ ਹੋਇਆ ਹੈ ਅਤੇ ਨਾਲ਼ ਉਹ ਐਲਾਨ ਕਰਦਾ ਹੈ ਕਿ ਆਜ਼ਾਦ ਮੁਕਾਬਲਾ ਉਹ ਸਮਾਜੀ ਕਿਰਿਆ ਹੈ, ਜਿਸ ਨਾਲ਼ ਇਹ ਸਹੀ ਅਨੁਪਾਤ ਕਾਇਮ ਹੁੰਦਾ ਹੈ। ਪਰ ਇਸ ਦੇ ਨਾਲ਼ ਨਾਲ਼ ਅਤੇ ਪੈਟੀ ਦੇ ਉਲਟ, ਬੂਇਸ ਗਿਲਬਰਟ ਮੁਦਰਾ ਦਾ ਖਿਲਾਫ ਜਨੂੰਨੀ ਜਦੋਜਜਿਦ ਚਲਾਉਂਦਾ ਹੈ ਤੇ ਕਹਿੰਦਾ ਹੈ ਕਿ ਇਸ ਦਾ ਦਖਲ ਜਿਣਸਾਂ ਦੇ ਵਟਾਂਦਰੇ ਦੇ ਕੁਦਰਤੀ ਸੰਤੁਲਨ ਜਾਂ ਸੁਮੇਲਤਾ ਤੋੜ ਦਿੰਦਾ ਹੈ ਅਤੇ ਜਨੂੰਨੀ ਮਕਾਚ ਵਾਂਗ ਸਾਰੀ ਸਥੂਲ ਦੌਲਤ ਬਲੀਦਾਨ ਵਿੱਚ ਦੇ ਦਿੱਤੀ ਜਾਵੇ। ਮੁਦਰਾ-ਵਿਰੁੱਧ ਉਹ ਵਾਦ-ਵਿਵਾਦ ਇੱਕ ਪਾਸੇ ਨਿਸ਼ਚਿਤ ਇਤਿਹਾਸਕ ਹਾਲਤਾਂ ਨਾਲ਼ ਸਬੰਧਤ ਹੈ ਕਿਉਂਕਿ ਬੂਇਸ ਗਿਲਬਰਟ ਸੋਨੇ ਲਈ ਅੰਨ੍ਹੀ ਤਬਾਹਕੁਨ ਹੋੜ ਵਿਰੁੱਧ ਲੜਦਾ ਹੈ ਜਿਸ ਨੇ ਲੂਈਸ ਚੌਧਵੇਂ ਦੇ ਦਰਬਾਰ ਨੂੰ ਉਸ ਦੇ ਟੈਕਸ ਤਾਰਨ ਵਾਲੇ ਕਿਸਾਨਾਂ ਅਤੇ ਰੂਈਸ ਨੂੰ ਗਰੱਸਿਆ ਹੋਇਆ ਸੀ; ਜਦ ਕਿ ਪੈਟੀ ਸੋਨੇ ਲਈ ਹੋੜ ਨੂੰ ਜ਼ਬਰਦਸਤ ਤਾਕਤ ਵਜੋਂ ਚੁੱਕਦਾ ਹੈ, ਜਿਹੜੀ ਕਿਸੇ ਵੀ ਕੌਮ ਨੂੰ ਸਨਅਤੀ ਵਿਕਾਸ ਲਈ ਅਤੇ ਸੰਸਾਰ ਮੰਡੀ ਉੱਤੇ ਕਬਜ਼ਾ ਕਰਨ ਲਈ ਉਤਸ਼ਾਹਤ ਕਰਦੀ ਹੈ; ਇਸ ਦੇ ਨਾਲ ਹੀ ਇਹ ਉਹਨਾਂ ਵਧੇਰੇ ਗਹਿਰੇ ਬੁਨਿਆਦੀ ਮੱਤਭੇਦਾਂ ਨੂੰ ਉਭਾਰ ਕੇ ਸਾਹਮਣੇ ਲਿਆਉਂਦੀ ਹੈ ਜਿਹੜੇ ਵਿਸ਼ੇਸ਼ ਅੰਗਰੇਜ਼ ਅਤੇ ਵਿਸ਼ੇਸ਼ ਫ਼ਰਾਂਸੀਸੀ* ਰਾਜਨੀਤਕ ਆਰਥਕਤਾ ਵਿਚਾਲੇ ਲਗਾਤਾਰ ਚਲੇ ਆਉਂਦੇ ਟਕਰਾਅ ਵਜੋਂ ਜ਼ਾਹਰ ਹੁੰਦੇ ਹਨ। ਬੂਇਸ ਗਿਲਬਰਟ ਨਿਰਸੰਦੇਹ, ਦੌਲਤ ਦਾ ਪਦਾਰਥਕ ਤੱਤ ਹੀ ਵੇਖਦਾ ਹੈ, ਇਸ ਦੀ ਵਰਤੋਂ ਕਦਰ, ਇਸ ਦਾ ਸੁਆਦ ਹੀ

---

* ਪਰ ਰੁਮਾਂਚਕ ਰਾਜਨੀਤਿਕ ਅਰਥ-ਸ਼ਾਸਤਰ ਨਹੀਂ, ਕਿਉਂਕਿ ਅੰਗਰੇਜ਼ ਅਤੇ ਫ਼ਰਾਂਸੀਸੀ ਅਰਥ-ਸ਼ਾਸਤਰੀਆਂ ਵਾਲ਼ੀ ਟੱਕਰ ਨੂੰ ਇਟਲੀ ਦੇ ਦੋ ਸਕੂਲ ਦੁਹਰਾਉਂਦੇ ਹਨ। ਇਹਨਾਂ ਵਿੱਚੋਂ ਇੱਕ ਸਕੂਲ ਨੇਪਲਜ਼ ਵਿੱਚ ਹੈ ਤੇ ਦੂਜਾ ਮਿਲਾਨ ਵਿੱਚ ਹੈ; ਜਦ ਕਿ ਮੁੱਢਲੇ ਯੁੱਗ ਦੇ ਸਪੇਨੀ ਜਾਂ ਤਾਂ ਸਾਦਾ ਵਪਾਰੀ ਵਿਚਾਰਾਂ ਵਾਲ਼ੇ ਜਾਂ ਨਵੇਂ ਰੂਪ ਦੇ ਵਪਾਰਵਾਦੀ ਜਿਵੇਂ ਉਸਤਾਰਿਜ਼ ਹਨ ਜਾਂ ਐਡਮ ਸਮਿੱਥ ਪਿੱਛੇ ਚੱਲਦੇ ਹਨ, ਜਦ ਉਹ ਦੋਵੇਂ ਲਾਨੋਸ ਵਾਂਗ ਵਿੱਚ ਵਿਚਾਲੜਾ ਰਾਹ ਫੜਦੇ ਹਨ।

ਵੇਖਦਾ ਹੈ* ਅਤੇ ਕਿਰਤ ਦੇ ਬੁਰਜੂਆ ਰੂਪ ਨੂੰ ਵਰਤੋਂ ਕਦਰਾਂ ਨੂੰ ਜਿਣਸਾਂ ਵਜੋਂ ਪੈਦਾ ਕਰਨ ਨੂੰ ਅਤੇ ਜਿਣਸਾਂ ਦੇ ਵਟਾਂਦਰੇ ਨੂੰ ਉਹ ਸਹੀ ਸਮਾਜੀ ਰੂਪ ਮੰਨਦਾ ਹੈ ਜਿਸ ਰਾਹੀਂ ਵਿਅਕਤੀਗਤ ਕਿਰਤ ਇਹ ਉਦੇਸ਼ ਪੂਰਾ ਕਰਦੀ ਹੈ। ਜਿੱਥੇ ਉਸ ਨੂੰ ਬੁਰਜੂਆ ਦੌਲਤ ਦੇ ਨਿਸ਼ਚਿਤ ਪੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਮੁਦਰਾ ਵਿੱਚ ਹੁੰਦਾ ਹੈ, ਉਹ ਲੁੱਟਮਾਰ ਕਰਨ ਵਾਲ਼ੇ ਬਾਹਰੀ ਕਾਰਨਾਂ ਦੀ ਘੁਸਪੈਠ ਦੀਆਂ ਗੱਲਾਂ ਕਰਦਾ ਹੈ ਅਤੇ ਬੁਰਜੂਆ ਸਮਾਜ ਵਿੱਚ ਕਿਰਤ ਦੇ ਇੱਕ ਰੂਪ ਵਿੱਚ ਸ਼ੇਖਚਿਲੀਆਂ ਵਾਂਗ ਉਸ ਦਾ ਗੁਣਗਾਣ ਕਰਦਾ ਹੈ।** ਬੂਇਸ ਗਿਲਬਰਟ ਦੀ ਰਚਨਾ ਸਿੱਧ ਕਰਦੀ ਹੈ ਕਿ ਇਹ ਸੰਭਵ ਹੈ ਕਿ ਕਿਰਤ ਸਮੇਂ ਨੂੰ ਜਿਣਸਾਂ ਦੀ ਕਦਰ ਦਾ ਮਾਪ ਸਮਝਿਆ ਜਾਵੇ, ਜਦ ਕਿ ਉਹ ਕਿਰਤ ਜਿਹੜੀ ਜਿਣਸਾਂ ਦੀ ਵਟਾਂਦਰਾ ਕਦਰ ਵਿੱਚ ਠੋਸ ਰੂਪ ਵਿੱਚ ਜ਼ਾਹਰ ਹੁੰਦੀ ਹੈ ਅਤੇ ਸਮੇਂ ਦੀਆਂ ਇਕਾਈਆਂ ਵਿੱਚ ਮਾਪੀ ਜਾਂਦੀ ਹੈ, ਉਸ ਨੂੰ ਵਿਅਕਤੀਗਤ ਦੀਆਂ ਸਿੱਧੀਆਂ ਸਰੀਰਕ ਸਰਗਰਮੀਆਂ ਨਾਲ਼ ਰਲਗੱਡ ਕਰ ਦਿੱਤਾ ਜਾਵੇ।

ਇਹ ਨਵੇਂ ਸੰਸਾਰ ਦਾ ਮਨੁੱਖ ਹੈ – ਜਿੱਥੇ ਉਤਪਾਦਨ ਦੇ ਬੁਰਜੂਆ ਸਬੰਧ, ਜਿਹੜੇ ਆਪਣੇ ਪ੍ਰਤੀਨਿਧਾਂ ਨੂੰ ਵੀ ਨਾਲ਼ ਹੀ ਲਿਆਏ, ਤੇਜ਼ੀ ਨਾਲ਼ ਵਧੇ ਫੁੱਲੇ ਕਿਉਂਕਿ ਇਤਿਹਾਸਕ ਰਵਾਇਤਾਂ ਦੀ ਘਾਟ ਮਨੁੱਖੀ ਨਸਲ ਦੀ ਬਹੁਤਾਤ ਨੇ ਪੂਰੀ ਕਰ ਦਿੱਤੀ – ਜਿਹੜਾ ਪਹਿਲੀ ਵਾਰ ਜਾਣ-ਬੁੱਝ ਕੇ ਅਤੇ ਸਪੱਸ਼ਟ ਤੌਰ ’ਤੇ (ਏਨਾ ਸਪੱਸ਼ਟ ਰੂਪ ਵਿੱਚ ਕਿ ਇਹ ਪੁਰਾਣੀ ਚੱਲੀ ਆਉਂਦੀ ਗੱਲ ਲੱਗਦੀ ਹੈ) ਵਟਾਂਦਰਾ ਕਦਰ ਨੂੰ ਕਿਰਤ ਸਮੇਂ ਵਿੱਚ ਢਾਲ ਦਿੰਦਾ ਹੈ। ਇਹ ਮਨੁੱਖ ਬੈਂਜਾਮਿਲ ਫਰੈਂਕਲਿਨ ਸੀ ਜਿਸ ਨੇ ਆਧੁਨਿਕ ਰਾਜਨੀਤਕ ਆਰਥਕਤਾ ਦਾ ਬੁਨਿਆਦੀ ਕਾਨੂੰਨ ਘੜਿਆ, ਆਪਣੀ ਇੱਕ ਪਹਿਲੀ ਰਚਨਾ ਵਿੱਚ ਜਿਹੜੀ 1729 ਵਿੱਚ ਲਿਖੀ ਗਈ ਅਤੇ 1731 ਵਿੱਚ ਪ੍ਰਕਾਸ਼ਤ ਹੋਈ*** ਉਹ ਐਲਾਨ ਕਰਦਾ ਹੈ ਕਿ ਕੀਮਤੀ ਧਾਤਾਂ ਦੀ ਥਾਂ ਕਦਰ ਦਾ ਕੋਈ ਹੋਰ ਮਾਪ ਲੱਭਣਾ ਜ਼ਰੂਰੀ ਹੈ ਅਤੇ ਕਿ ਅਜਿਹਾ ਮਾਪ ਕਿਰਤ ਹੈ।

ਕਿਰਤ ਨਾਲ਼ ਚਾਂਦੀ ਦੀ ਕਦਰ ਵੀ ਮਾਪੀ ਜਾ ਸਕਦੀ ਹੈ ਅਤੇ ਹੋਰ ਚੀਜ਼ਾਂ ਦੀ ਵੀ। ਮੰਨ ਲਓ ਕਿ ਕੋਈ ਵਿਅਕਤੀ ਅਨਾਜ ਪੈਦਾ ਕਰਨ ਲਈ ਕੰਮ ’ਤੇ ਲੱਗਿਆ ਹੋਇਆ

---

* ਸੱਚੀ ਦੌਲਤ... ਨਾ ਕੇਵਲ ਜੀਵਨ ਦੀਆਂ ਲੋੜਾਂ ਦਾ ਸਗੋਂ, ਉਹਨਾਂ ਸਾਰੀਆਂ ਵਾਧੂ ਚੀਜ਼ਾਂ ਦਾ ਅਤੇ ਅਜਿਹੀ ਹਰ ਚੀਜ਼ ਦਾ ਸੁਆਦ ਲੈਣਾ ਹੈ, ਜਿਹੜੀ ਸਾਡੀਆਂ ਭਾਵਨਾਵਾਂ ਨੂੰ ਖੁਸ਼ ਕਰ ਸਕਦੀ ਹੈ। ਬੂਇਸ ਗਿਲਬਰਟ ਨੇ ਇਹ ਸ਼ਬਦ ਦੌਲਤ ਦੇ ਖੱਪੇ ਸਬੰਧੀ ਆਪਣੇ ਪ੍ਰਸਤਾਵ ਦੇ ਵਿੱਚ ਕਹੇ। ਪਰ ਜਦ ਕਿ ਪੈਟੀ ਬੜਾ ਹੋਛਾ, ਲਾਲਚੀ, ਬੇਅਸੂਲਾ ਮਾਅਰਕੇਬਾਜ਼ ਸੀ, ਬੂਇਸ ਗਿਲਬਰਟ ਚਾਹੇ ਉਹ ਲੂਈਸ ਚੌਧਵੇਂ ਦੇ ਦਰਬਾਰੀਆਂ ਵਿੱਚੋਂ ਇੱਕ ਸੀ, ਦੱਬੀਆਂ ਕੁਚਲੀਆਂ ਜਮਾਤਾਂ ਦੇ ਹਿੱਤਾਂ ਲਈ ਖੜ੍ਹਾ ਹੋ ਗਿਆ, ਬੌਧਿਕ ਸ਼ਕਤੀ ਨਾਲ਼ ਵੀ ਤੇ ਦਲੇਰੀ ਨਾਲ਼ ਵੀ।

** ਫ਼ਰਾਂਸੀਸੀ ਸਮਾਜਵਾਦ, ਜਿਸ ਦੀ ਪ੍ਰਤੀਨਿੱਧਤਾ ਪਰੂਧੋਂ ਕਰਦਾ ਹੈ, ਇਸੇ ਕੌਮੀ ਕਮਜ਼ੋਰੀ ਦਾ ਸ਼ਿਕਾਰ ਹੈ।

*** ਬੈਂਜਾਮਿਨ ਫ਼ਰੈਂਕਲਿਨ, ਕਾਗਜ਼ ਦੇ ਖਾਸੇ ਤੇ ਲੋੜ ਬਾਰੇ ਇੱਕ ਜਾਂਚ। ਜੇ ਸਮਾਰਕਸ ਦੀਆਂ ਸੰਪਾਦਿਤ ਬੈਂਜਾਮਿਨ ਫਰੈਂਕਲਿਨ ਦੀਆਂ ਰਚਨਾਵਾਂ ਜਿਲਦ 2, ਬੋਸਟਨ, 1836।

ਹੈ ਅਤੇ ਇਕ ਹੋਰ ਚਾਂਦੀ ਕੱਢ ਰਿਹਾ ਤੇ ਸਾਫ ਕਰ ਰਿਹਾ ਹੈ; ਸਾਲ ਦੇ ਅੰਤ ਉੱਤੇ ਜਾਂ ਕਿਸੇ ਹੋਰ ਸਮੇਂ 'ਤੇ ਜਿਤਨਾ ਅਨਾਜ ਪੈਦਾ ਹੋਇਆ ਹੈ ਅਤੇ ਉਸੇ ਸਮੇਂ ਤੱਕ ਜਿਤਨੀ ਚਾਂਦੀ ਤਿਆਰ ਕੀਤੀ ਗਈ ਹੈ, ਇਹ ਦੋਵੇਂ ਇੱਕ ਦੂਜੇ ਦਾ ਕੁਦਰਤੀ ਮੁੱਲ ਹਨ ਅਤੇ ਜੇ ਪਹਿਲੀ 20 ਬੁਸ਼ਲ ਹੋਵੇ ਤੇ ਮਗਰਲੀ ਵੀਹ ਆਉਂਸ ਤਾਂ ਇੱਕ ਆਉਂਸ ਚਾਂਦੀ ਇੱਕ ਬੁਸ਼ਲ ਅਨਾਜ ਪੈਦਾ ਕਰਨ ਯੋਗ ਕਿਰਤ ਦੇ ਮੁੱਲ ਵੀ ਹੈ ਅਤੇ ਫੇਰ ਜੇ ਕੁਝ ਅਜਿਹੀਆਂ ਖਾਣਾਂ ਲੱਭ ਲੈਣ ਜਿੱਥੋਂ ਚਾਂਦੀ ਨੇੜਿਉਂ ਹੀ ਨਿਕਲ ਆਵੇ, ਜਾਂ ਕੱਢਣੀ ਸੌਖੀ ਹੋਵੇ ਜਾਂ ਬਹੁਤ ਸਾਰੀ ਚਾਂਦੀ ਨਿਕਲਦੀ ਹੋਵੇ ਤੇ ਉਸੇ ਸਮੇਂ ਵਿੱਚ 40 ਆਉਂਸ ਚਾਂਦੀ ਤਿਆਰ ਹੋ ਜਾਵੇ ਜਿੰਨੇ ਸਮੇਂ ਨਾਲ਼ ਪਹਿਲਾਂ 24 ਆਉਂਸ ਚਾਂਦੀ ਤਿਆਰ ਹੁੰਦੀ ਸੀ ਜਦ ਕਿ ਅਨਾਜ ਦੀ ਪੈਦਾਵਾਰ ਉੱਤੇ ਪਹਿਲਾਂ ਜਿਤਨਾ ਸਮਾਂ ਹੀ ਲੱਗਦਾ ਹੋਵੇ ਤਾਂ 2 ਆਉਂਸ ਚਾਂਦੀ ਉਸ ਕਿਰਤ ਨਾਲ਼ ਵੱਧ ਮੁੱਲ ਦੀ ਨਹੀਂ ਹੋਵੇਗੀ ਜਿਸ ਨਾਲ਼ ਇੱਕ ਬੁਸ਼ਲ ਅਨਾਜ ਪੈਦਾ ਕੀਤਾ ਜਾਂਦਾ ਹੈ ਅਤੇ ਇੱਕ ਬੁਸ਼ਲ ਦਾ ਮੁੱਲ ਦੋ ਆਉਂਸ ਚਾਂਦੀ ਹੋ ਜਾਵੇਗਾ, ਜਦ ਕਿ ਪਹਿਲਾਂ ਇਹ ਮੁੱਲ ਇੱਕ ਆਉਂਸ ਸੀ। ਇਸ ਲਈ ਕਿਸੇ ਦੇਸ਼ ਦੀ ਦੌਲਤ ਦਾ ਮੁੱਲ **ਕਿਰਤ ਦੀ ਉਸ ਮਾਤਰਾ** ਨਾਲ਼ ਪਾਇਆ ਜਾਣਾ ਚਾਹੀਦਾ ਹੈ ਜਿਹੜੀ ਇਸ ਦੇਸ਼ ਦੇ ਸ਼ਹਿਰੀ ਖਰੀਦ ਸਕਦੇ ਹਨ।" (ਉੱਪਰ ਦੱਸੀ ਪੁਸਤਕ ਪੰਨਾ 265)

ਫ਼ਰੈਂਕਲਿਨ ਆਰੰਭ ਤੋਂ ਹੀ, ਸੀਮਤ ਆਰਥਕ ਦ੍ਰਿਸ਼ਟੀਕੋਣ ਤੋਂ, ਕਿਰਤ ਸਮੇਂ ਨੂੰ ਕਦਰ ਦਾ ਮਾਪ ਮੰਨਦਾ ਹੈ। ਉਹ ਇਹ ਗੱਲ ਪਹਿਲਾਂ ਹੀ ਨਿਸ਼ਚਿਤ ਮੰਨਦਾ ਹੈ ਕਿ ਸਾਰੀਆਂ ਉਪਜਾਂ ਵਟਾਂਦਰਾ-ਕਦਰਾਂ ਵਿੱਚ ਬਦਲਦੀਆਂ ਹਨ ਅਤੇ ਇਸ ਲਈ ਉਹਨਾਂ ਦੀ ਕਦਰ ਦਾ ਮਾਪ ਲੱਭਣਾ ਹੀ ਬਾਕੀ ਹੈ।

ਫ਼ਰੈਂਕਲਿਨ ਦਾ ਹੀ ਫੇਰ ਹਵਾਲਾ ਲਈਏ: "ਵਪਾਰ ਆਮ ਤੌਰ 'ਤੇ ਕਿਰਤ ਦਾ ਕਿਰਤ ਲਈ ਹੀ ਵਟਾਂਦਰਾ ਹੁੰਦਾ ਹੈ, ਤੇ ਜਿਵੇਂ ਮੈਂ ਪਹਿਲਾਂ ਕਹਿ ਚੁੱਕਿਆ ਹਾਂ, ਕਦਰ ਦਾ ਸਭ ਤੋਂ ਨਿਆਂਪੂਰਨ ਮਾਪ ਕਿਰਤ ਹੈ।" (ਉੱਪਰ ਦੱਸੀ ਪੁਸਤਕ ਪੰਨਾ 267)

ਇਸ ਵਾਕ ਵਿੱਚ ਸ਼ਬਦ ਕਿਰਤ ਦੀ ਥਾਂ ਅਚਾਨਕ ਠੋਸ ਕਿਰਤ ਸ਼ਬਦ ਲਿਖ ਦਿੱਤਾ ਗਿਆ ਹੈ। ਇਸ ਤੋਂ ਇਹ ਗੱਲ ਇੱਕ ਦਮ ਸਪਸ਼ਟ ਹੋ ਜਾਂਦੀ ਹੈ ਕਿ ਕਿਰਤ ਦੇ ਇੱਕ ਰੂਪ ਨੂੰ ਇਸ ਦੇ ਦੂਜੇ ਰੂਪ ਨਾਲ਼ ਖਲਤ ਮਲਤ ਕੀਤਾ ਜਾ ਰਿਹਾ ਹੈ। ਉਦਾਹਰਣ ਲਈ ਵਪਾਰ ਮੋਚੀ, ਖਾਨਾਂ ਪੁੱਟਣ ਵਾਲ਼ੇ, ਜੁਲਾਹੇ, ਚਿਤੱਰਕਾਰ ਤੇ ਇਸੇ ਤਰ੍ਹਾਂ ਹੋਰਾਂ ਦੀ ਕਿਰਤ ਦੇ ਵਟਾਂਦਰੇ ਨਾਲ਼ ਹੋ ਸਕਦਾ ਹੈ ਤਾਂ ਕੀ ਚਿਤਰਕਾਰ ਦੀ ਕਿਰਤ ਜੋੜਿਆਂ ਦੀ ਕਦਰ ਦਾ ਸਭ ਤੋਂ ਵਧੀਆ ਮਾਪ ਬਣ ਸਕਦੀ ਹੈ ? ਇਸ ਦੇ ਉਲਟ ਫ਼ਰੈਂਕਲਿਨ ਕਹਿੰਦਾ ਹੈ ਕਿ ਜੁੱਤੀਆਂ, ਧਾਤਾਂ, ਕੱਪੜੇ, ਚਿੱਤਰਾਂ ਆਦਿ ਦੀ ਕਦਰ ਦਾ ਨਿਰਣਾ ਅਮੂਰਤ ਕਿਰਤ ਨਾਲ਼ ਹੁੰਦਾ ਹੈ ਜਿਸ ਦੇ ਕੋਈ ਨਿਸ਼ਚਿਤ ਗੁਣ ਨਹੀਂ ਤੇ ਜਿਹੜੀ ਇਸੇ ਕਾਰਨ ਕੇਵਲ ਮਾਤਰਾ ਵਿੱਚ ਹੀ ਗਿਣੀ ਜਾ ਸਕਦੀ ਹੈ।* ਪਰ ਕਿਉਂਕਿ ਉਹ ਇਹ ਸਪਸ਼ਟ ਨਹੀਂ ਕਰਦਾ ਕਿ ਵਟਾਂਦਰਾ ਕਦਰ ਵਿੱਚ ਕਾਇਮ

*ਅਮਰੀਕੀ ਕਾਗਜ਼ੀ ਮੁਦਰਾ ਨਾਲ਼ ਸਬੰਧਤ ਤੱਥ ਤੇ ਟਿੱਪਣੀਆਂ, 1764।

ਕਿਰਤ ਸਰਵ ਵਿਆਪੀ ਸਮਾਜੀ ਕਿਰਤ ਹੈ, ਜਿਹੜੀ ਵਿਅਕਤੀਗਤ ਕਿਰਤ ਦੀ ਸਰਵ ਵਿਆਪੀ ਵਿਰਕਤੀ ਕਾਰਨ ਹੋਂਦ ਵਿੱਚ ਆਉਂਦੀ ਹੈ, ਇਸ ਲਈ ਸੰਭਾਵਨਾ ਰਹਿ ਜਾਂਦੀ ਹੈ ਕਿ ਉਹ ਮੁਦਰਾ ਨੂੰ ਇਸ ਵਿਰਕਤ ਕਿਰਤ ਦਾ ਸਿਧਾ ਸਾਕਾਰ ਰੂਪ ਸਮਝੇ। ਇਸ ਲਈ ਉਹ ਮੁਦਰਾ ਅਤੇ ਕਿਰਤ, ਜਿਸ ਵਿੱਚ ਵਟਾਂਦਰਾ-ਕਦਰ ਕਾਇਮ ਹੁੰਦੀ ਹੈ, ਵਿਚਾਲੇ ਅੰਤਰੀਵ ਸਬੰਧ ਸਮਝਣ ਵਿੱਚ ਅਸਫਲ ਰਹਿੰਦਾ ਹੈ ਸਗੋਂ ਇਸ ਦੇ ਉਲਟ ਮੁਦਰਾ ਨੂੰ ਇੱਕ ਅਜਿਹਾ ਤਕਨੀਕੀ ਸੁਖਾਲਾ ਔਜ਼ਾਰ ਸਮਝਦਾ ਹੈ, ਜਿਹੜਾ ਵਟਾਂਦਰੇ ਦੇ ਖੇਤਰ ਵਿੱਚ ਬਾਹਰੋਂ ਦਾਖਲ ਕੀਤਾ ਗਿਆ ਹੈ। ਵਟਾਂਦਰਾ ਕਦਰ ਬਾਰੇ ਫ਼ਰੈਂਕਲਿਨ ਦੇ ਵਿਸ਼ਲੇਸ਼ਣ ਨੇ ਵਿਗਿਆਨ ਦੀ ਆਮ ਪ੍ਰਗਤੀ ਉੱਤੇ ਕੋਈ ਸਿੱਧਾ ਪ੍ਰਭਾਵ ਨਹੀਂ ਪਾਇਆ, ਕਿਉਂਕਿ ਉਸ ਨੇ ਕੁਝ ਨਿਸ਼ਚਿਤ ਅਮਲੀ ਮੰਤਵਾਂ ਲਈ ਰਾਜਨੀਤਕ ਆਰਥਕਤਾ ਦੀਆਂ ਵਿਸ਼ੇਸ਼ ਸਮੱਸਿਆਵਾਂ ਉੱਤੇ ਹੀ ਵਿਚਾਰ ਕੀਤਾ।

ਠੋਸ ਲਾਭਦਾਇਕ ਕਿਰਤ ਅਤੇ ਉਹ ਕਿਰਤ ਜਿਹੜੀ ਵਟਾਂਦਰਾ-ਕਦਰ ਪੈਦਾ ਕਰਦੀ ਹੈ, ਵਿਚਾਲੇ ਫ਼ਰਕ ਨੇ 18ਵੀਂ ਸਦੀ ਵਿੱਚ ਯੂਰਪ ਵਿੱਚ ਭਾਰੀ ਦਿਲਚਸਪੀ ਪੈਦਾ ਕੀਤੀ ਜਿਹੜੀ ਇਸ ਰੂਪ ਵਿੱਚ ਸੀ: ਕਿਹੜੀ ਵਿਸ਼ੇਸ਼ ਕਿਸਮ ਦੀ ਠੋਸ ਕਿਰਤ ਬੁਰਜੂਆ ਦੌਲਤ ਦਾ ਸਾਧਨ ਹੈ ? ਇਸ ਤਰ੍ਹਾਂ ਇਹ ਮੰਨ ਲਿਆ ਗਿਆ ਕਿ ਇਹ ਜ਼ਰੂਰੀ ਨਹੀਂ ਕਿ ਹਰ ਤਰ੍ਹਾਂ ਦੀ ਕਿਰਤ ਜਿਹੜੀ ਵਰਤੋਂ ਕਦਰਾਂ ਦੇ ਰੂਪ ਵਿੱਚ ਪਦਾਰਥਕ ਸ਼ਕਲ ਧਾਰਨ ਕਰਦੀ ਹੈ ਜਾਂ ਉਪਜਾਂ ਪੈਦਾ ਕਰਦੀ ਹੈ, ਉਹ ਸਿੱਧੇ ਤੌਰ ’ਤੇ ਦੌਲਤ ਵੀ ਪੈਦਾ ਕਰੇ। ਪਰ ਦੋਹਾਂ ਵਸਤੂਵਾਦੀਆਂ ਅਤੇ ਉਹਨਾਂ ਦੇ ਵਿਰੋਧੀਆਂ ਦਾ ਅਹਿਮ ਮਸਲਾ ਇਹ ਨਹੀਂ ਸੀ ਕਿ ਕਿਸ ਤਰ੍ਹਾਂ ਦੀ ਕਿਰਤ **ਕਦਰ** ਪੈਦਾ ਕਰਦੀ ਹੈ ਸਗੋਂ ਇਹ ਸੀ ਕਿ ਕਿਸ ਤਰ੍ਹਾਂ ਦੀ ਕਿਰਤ ਵਾਫਰ ਕਦਰ ਪੈਦਾ ਕਰਦੀ ਹੈ। ਇਸ ਤਰ੍ਹਾਂ ਉਹ ਇੱਕ ਪੇਚੀਦਾ ਸੁਆਲ ਹੱਲ ਕਰਨ ਦੇ ਯਤਨ ਕਰ ਰਹੇ ਸਨ ਜਦ ਕਿ ਉਸ ਦਾ ਮੁਢਲਾ ਰੂਪ ਉਹਨਾਂ ਹੱਲ ਨਹੀਂ ਸੀ ਕੀਤਾ। ਇਹ ਉਸੇ ਤਰ੍ਹਾਂ ਸੀ ਜਿਵੇਂ ਸਾਰੇ ਵਿਗਿਆਨਾਂ ਦਾ ਵਿਕਾਸ ਆਮ-ਵਿਰੋਧੀ ਗੱਲਾਂ ਦੇ ਇੱਕ ਜੰਗਲ ਰਾਹੀਂ ਨਿਖੇੜ ਦੇ ਅਸਲ ਨੁਕਤੇ ਵੱਲ ਵੱਧਦਾ ਹੈ। ਵਿਗਿਆਨ ਹੋਰ ਉਸਾਰੀਆਂ ਦੇ ਉਲਟ, ਨਾ ਕੇਵਲ ਹਵਾਈ ਕਿਲ੍ਹੇ ਉਸਾਰਦਾ ਹੈ, ਸਗੋਂ ਅਜਿਹਾ ਵੀ ਹੋ ਸਕਦਾ ਹੈ ਕਿ ਇਮਾਰਤ ਦੀਆਂ ਰਹਿਣ ਯੋਗ ਉੱਪਰਲੀਆਂ ਮੰਜ਼ਿਲਾਂ ਪਹਿਲਾਂ ਉਸਾਰ ਲਏ ਪਰ ਨੀਂਹ ਪੱਥਰ ਅਜੇ ਨਾ ਰੱਖਿਆ ਹੋਵੇ। ਹੁਣ ਅਸੀਂ ਵਸਤੂਵਾਦੀਆਂ ਨੂੰ ਇੱਥੇ ਹੀ ਛੱਡ ਦਿੰਦੇ ਹਾਂ ਤੇ ਇਟਲੀ ਦੇ ਅਰਥ ਸ਼ਾਸਤਰੀਆਂ ਦੀ ਪੂਰੀ ਲੜੀ ਨੂੰ ਵੀ ਅਣ-ਗੌਲ਼ਿਆਂ ਕਰ ਦਿੰਦੇ ਹਾਂ, ਜਿਨ੍ਹਾਂ ਦੇ ਵੱਧ ਜਾਂ ਘੱਟ ਢੁੱਕਦੇ ਵਿਚਾਰ ਜਿਣਸ ਦੇ ਸਹੀ ਵਿਸ਼ਲੇਸ਼ਣ ਦੇ ਨੇੜੇ ਪੁੱਜ ਜਾਂਦੇ ਹਨ, ਤਾਂ ਜੋ ਫੌਰਨ ਸਰ ਜੇਮਜ਼ ਸਟਿਊਰਟ ਵੱਲ ਮੁੜ ਸਕੀਏ, ਜਿਹੜਾ ਪਹਿਲਾ ਬਰਤਾਨਵੀ ਹੈ ਜਿਸ ਨੇ ਬੁਰਜੂਆ ਅਰਥਚਾਰੇ ਦੀ ਆਮ ਪ੍ਰਣਾਲੀ ਬਿਆਨ ਕੀਤੀ।* ਵਟਾਂਦਰਾ ਕਦਰ ਦਾ ਸੰਕਲਪ ਰਾਜਨੀਤਕ ਆਰਥਕਤ

---

* ਸਟੂਅਰਟ ਦੀ ਰਚਨਾ **ਰਾਜਨੀਤਕ ਆਰਥਕਤਾ ਦੇ ਅਸੂਲਾਂ ਦੀ ਜਾਂਚ**, ਆਜ਼ਾਦ ਰਾਸ਼ਟਰਾਂ ਦੀ ਘਰੇਲੂ ਪਾਲਸੀ ਦੇ ਵਿਗਿਆਨ ਉੱਤੇ ਇੱਕ ਪ੍ਰਸਤਾਵ ਵਜੋਂ ਲੰਡਨ ਵਿੱਚ ਪਹਿਲੀ ਵਾਰ 1767 ਵਿੱਚ ਛਪੀ ਸੀ। ਇਹ ਦੋ ਜਿਲਦਾਂ ਵਿੱਚ ਸੀ ਅਤੇ ਐਡਮ ਸਮਿੱਥ ਦੀ ਪੁਸਤਕ **“ਕੌਮਾਂ ਦੀ** ⇨

ਦੇ ਹੋਰ ਅਮੂਰਤ ਪਰਵਰਤਾਂ ਵਾਂਗ ਹੀ ਅਜੇ ਉਸ ਦੀ ਰਚਨਾ ਵਿੱਚ, ਆਪਣੇ ਪਦਾਰਥਕ ਤੱਤ ਨਾਲ਼ੋਂ ਨਿਖੇੜੇ ਦੇ ਅਮਲ ਵਿੱਚ ਹਨ। ਇਸ ਲਈ ਇਹ ਅਜੇ ਧੁੰਦਲੇ ਅਤੇ ਅਸਪੱਸ਼ਟ ਹਨ। ਇਕ ਪੈਰੇ ਵਿੱਚ ਉਹ **ਅਸਲ ਕਦਰ** ਦਾ ਨਿਰਣਾ ਕਿਰਤ ਸਮੇਂ ਨਾਲ਼ ਕਰਦਾ ਹੈ (ਜੋ ਕੁਝ ਕੋਈ ਕਾਮਾ ਇੱਕ ਦਿਨ ਵਿੱਚ ਕਰ ਸਕਦਾ ਹੈ), ਪਰ ਇਸ ਤੋਂ ਇਲਾਵਾ ਉਹ ਉਜਰਤਾਂ ਅਤੇ ਕੱਚਾ ਮਾਲ ਬੜੇ ਘਚੋਲ਼ਾ-ਪਾਊ ਢੰਗ ਨਾਲ਼ ਵਿੱਚ ਲੈ ਆਉਂਦਾ ਹੈ।* ਪਦਾਰਥਕ ਤੱਤ ਵਿਰੁੱਧ ਉਸ ਦੀ ਜਦੋਜਹਿਦ ਇੱਕ ਹੋਰ ਪੈਰੇ ਵਿੱਚ ਹੋਰ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਉਹ ਕਿਸੇ ਜਿਣਸ ਵਿੱਚ ਮੌਜੂਦ ਸਰੀਰਕ ਤੱਤ ਨੂੰ ਭਾਵ ਸੁੱਚੇ ਤਿੱਲੇ ਦੀ ਕਢਾਈ ਵਿੱਚ ਲੱਗੀ ਚਾਂਦੀ ਨੂੰ, ਇਸ ਦਾ **ਅੰਤਰੀਵ ਮੁੱਲ** ਕਰਾਰ ਦਿੰਦਾ ਹੈ ਅਤੇ ਇਸ ਵਿੱਚ ਲੱਗੇ ਕਿਰਤ ਸਮੇਂ ਨੂੰ "**ਲਾਭਦਾਇਕ ਕਦਰ**" ਕਰਾਰ ਦਿੰਦਾ ਹੈ।

**ਉਸ ਅਨੁਸਾਰ ਪਹਿਲੀ "ਆਪਣੇ ਆਪ ਵਿੱਚ ਅਸਲ" ਚੀਜ਼ ਜਿਹੀ ਹੈ ਜਦ ਕਿ "ਦੂਜੀ ਦੀ ਕਦਰ ਦਾ ਅੰਦਾਜ਼ਾ ਅਵੱਸ਼ਕ ਤੌਰ 'ਤੇ ਉਸ ਕਿਰਤ ਤੋਂ ਲਾਉਣਾ ਚਾਹੀਦਾ ਹੈ ਜਿਹੜੀ ਇਸ ਨੂੰ ਪੈਦਾ ਕਰਨ 'ਤੇ ਲੱਗੀ.... ਨਵੀਨੀਕਰਣ 'ਤੇ ਲੱਗੀ ਕਿਰਤ ਮਨੁੱਖ ਦੇ ਸਮੇਂ ਦੇ ਇੱਕ ਹਿੱਸੇ ਦੀ ਪ੍ਰਤੀਨਿੱਧਤਾ ਕਰਦੀ ਹੈ।"****

ਉਸ ਵੱਲੋਂ ਵਿਸ਼ੇਸ਼ ਸਮਾਜਿਕ ਕਿਰਤ, ਜਿਹੜੀ ਵਟਾਂਦਰਾ ਕਦਰ ਵਿੱਚ ਆਪਣਾ ਪ੍ਰਗਟਾਵਾ ਕਰਦੀ ਹੈ ਅਤੇ ਠੋਸ ਕਿਰਤ, ਜਿਹੜੀ ਵਰਤੋਂ ਕਦਰਾਂ ਪੈਦਾ ਕਰਦੀ ਹੈ, ਵਿਚਾਲੇ ਕੀਤਾ ਜਾਂਦਾ ਸਪੱਸ਼ਟ ਅੰਤਰ ਉਸ ਨੂੰ ਆਪਣੇ ਪੂਰਵਜਕਾਂ ਅਤੇ ਵਾਰਸਾਂ ਦੋਹਾਂ ਤੋਂ ਨਿਖੇੜਦਾ ਹੈ।

**ਉਹ ਕਹਿੰਦਾ ਹੈ: "ਕਿਰਤ ਜਿਹੜੀ ਆਪਣੇ ਵਿਰਕਤੀ ਨਾਲ਼ ਸਰਵ-ਵਿਰਕਤੀ ਸਮਫਲ ਪੈਦਾ ਕਰਦੀ ਹੈ, ਉਸ ਨੂੰ ਮੈਂ ਸਨਅਤ ਕਹਿੰਦਾ ਹਾਂ।"**

ਉਹ ਕਿਰਤ ਨੂੰ ਸਨਅਤ ਵਜੋਂ ਮੰਨ ਕੇ ਨਾ ਕੇਵਲ ਇਸ ਨੂੰ ਠੋਸ ਕਿਰਤ ਤੋਂ ਨਿਖੇੜਦਾ ਹੈ ਸਗੋਂ ਕਿਰਤ ਦੇ ਦੂਜੇ ਸਾਰੇ ਸਮਾਜਿਕ ਰੂਪਾਂ ਤੋਂ ਵੀ ਨਿਖੇੜਦਾ ਹੈ। ਉਹ ਇਸ ਵਿੱਚ ਕਿਰਤ ਦੇ ਪੁਰਾਤਨ ਜਾਂ ਮੱਧਕਾਲੀ ਰੂਪਾਂ ਤੋਂ ਵੱਖਰਾ ਬੁਰਜੂਆ ਰੂਪ ਵੇਖਦਾ ਹੈ। ਉਹ ਬੁਰਜੂਆ ਅਤੇ ਜਗੀਰੂ ਕਿਰਤ ਵਿਚਾਲੇ ਅੰਤਰ ਵਿੱਚ ਖਾਸ ਤੌਰ 'ਤੇ ਦਿਲਚਸਪੀ ਰੱਖਦਾ ਹੈ, ਕਿਉਂਕਿ ਉਸਨੇ ਜਗੀਰੂ ਕਿਰਤ ਇਸ ਦੇ ਪਤਨ ਦੇ ਸਮੇਂ ਵਿੱਚ ਸਕਾਟਲੈਂਡ ਵਿੱਚ ਅਤੇ ਯੂਰਪ ਮਹਾਂਦੀਪ ਦੇ ਆਪਣੇ ਵਿਸਥਾਰਪੂਰਨ ਸਫਰ ਦੇ ਦੌਰਾਨ ਵੀ ਵੇਖੀ ਸੀ। ਸਟੂਅਰਟ ਜਾਣਦਾ ਸੀ ਕਿ ਬੁਰਜੂਆ ਤੋਂ ਪਹਿਲੇ ਯੁੱਗਾਂ ਵਿੱਚ ਵੀ ਉਪਜਾਂ ਜਿਣਸਾਂ ਦਾ ਰੂਪ ਧਾਰਨ ਕਰਦੀਆਂ ਸਨ ਅਤੇ ਜਿਣਸਾਂ ਮੁਦਰਾ ਦਾ ਰੂਪ ਧਾਰਨ ਕਰਦੀਆਂ ਸਨ, ਪਰ ਉਹ ਬਹੁਤ ਵਿਸਥਾਰ ਵਿੱਚ ਦਰਸਾਉਂਦਾ ਹੈ ਕਿ ਜਿਣਸ, ਦੌਲਤ ਦੀ ਆਰੰਭਕ ਤੇ ਮੁੱਢਲੀ ਇਕਾਈ ਵਜੋਂ, ਅਤੇ ਵਿਰਕਤੀ,

---

⇨ **ਦੌਲਤ**" ਤੋਂ ਦਸ ਸਾਲ ਪਹਿਲਾਂ ਛਪੀ ਸੀ। ਮੇਰੇ ਦਿੱਤੇ ਹਵਾਲੇ 1770 ਵਿੱਚ ਛਪੇ ਡਬਲਿਨ ਐਡੀਸ਼ਨ ਵਿਚੋਂ ਹਨ।

* (ਸਟੂਅਰਟ, ਉੱਪਰ ਦੱਸੀ ਪੁਸਤਕ ਜਿਲਦ 1, ਪੰਨਾ 181-83)।

** ਉੱਪਰ ਦੱਸੀ ਪੁਸਤਕ, ਪੰਨਾ 361-62।

ਉਪਯੋਗ ਦੇ ਭਾਰੂ ਵਜੋਂ, ਉਤਪਾਦਨ ਦੇ ਬੁਰਜੂਆ ਯੁੱਗ ਦੀਆਂ ਹੀ ਵਿਸ਼ੇਸ਼ਤਾਈਆਂ ਹਨ ਅਤੇ ਕਿ ਇਸ ਤੋਂ ਇਹ ਗੱਲ ਵੀ ਪੈਦਾ ਹੁੰਦੀ ਹੈ ਕਿ ਜਿਹੜੀ ਕਿਰਤ ਵਟਾਂਦਰਾ-ਕਦਰ ਪੈਦਾ ਕਰਦੀ ਹੈ ਇਹ ਇੱਕ ਖਾਸ ਬੁਰਜੂਆ ਚੀਜ਼ ਹੀ ਹੈ।*

ਵੱਖ ਵੱਖ ਤਰ੍ਹਾਂ ਦੀ ਠੋਸ ਕਿਰਤ ਜਿਵੇਂ ਖੇਤੀਬਾੜੀ, ਕਾਰਖਾਨੇ, ਜਹਾਜ਼ਰਾਨੀ ਤੇ ਵਣਜ ਇਸ ਸਭ ਕੁਝ ਨੂੰ ਵਾਰੀ ਵਾਰੀ ਦੌਲਤ ਦਾ ਅਸਲੀ ਸਾਧਨ ਕਰਾਰ ਦਿੱਤਾ ਜਾਂਦਾ ਰਿਹਾ, ਜਦ ਤੱਕ ਕਿ ਐਡਮ ਸਮਿਥ ਨੇ ਇਹ ਐਲਾਨ ਨਹੀਂ ਕਰ ਦਿੱਤਾ ਕਿ ਪਦਾਰਥਕ ਦੌਲਤ ਜਾਂ ਵਰਤੋਂ ਕਦਰਾਂ ਦਾ ਇੱਕੋ ਇੱਕ ਸਰੋਤ ਸਧਾਰਨ ਕਿਰਤ ਹੈ ਭਾਵ ਕਿਰਤ ਦਾ ਸਮੁੱਚਾ ਸਮਾਜਿਕ ਪੱਖ ਜਿਵੇਂ ਇਹ **ਕਿਰਤ ਦੀ ਵੰਡ ਦੇ ਦੌਰਾਨ** ਜ਼ਾਹਰ ਹੁੰਦਾ ਹੈ। ਜਦ ਕਿ ਇਸ ਪ੍ਰਸੰਗ ਵਿੱਚ ਉਹ ਕੁਦਰਤੀ ਕਾਰਨ ਨੂੰ ਬਿਲਕੁਲ ਅੱਖੋਂ ਪਰੋਖੇ ਕਰਦਾ ਹੈ, ਪਰ ਜਦ ਉਹ ਨਿਰੀ ਸਮਾਜਿਕ ਦੌਲਤ, ਵਟਾਂਦਰਾ-ਕਦਰ ਦੀ ਪੜਤਾਲ਼ ਕਰਦਾ ਹੈ ਤਾਂ ਇਹ ਕੁਦਰਤੀ ਕਾਰਕ ਉਸ ਦਾ ਪਿੱਛਾ ਕਰਦਾ ਹੈ। ਚਾਹੇ ਐਡਮ ਸਮਿਥ ਜਿਣਸਾਂ ਦੀ ਕਦਰ ਦਾ ਨਿਰਣਾ ਉਹਨਾਂ ਉੱਤੇ ਲੱਗੇ ਕਿਰਤ ਸਮੇਂ ਨਾਲ਼ ਕਰਦਾ ਹੈ ਤਾਂ ਵੀ ਉਹ ਕਦਰ ਦੇ ਇਸ ਨਿਰਣੇ ਨੂੰ ਅਸਲੀਅਤ ਵਿੱਚ ਸਮਿਥ ਤੋਂ ਪਹਿਲੇ ਸਮਿਆਂ ਤੱਕ ਲੈ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਜਿਹੜੀ ਗੱਲ ਨੂੰ ਉਹ ਸਾਦਾ ਜਿਣਸਾਂ ਉੱਤੇ ਵਿਚਾਰ ਕਰਦੇ ਸਮੇਂ ਸਹੀ ਮੰਨਦਾ ਹੈ, ਉਸੇ ਚੀਜ਼ ਬਾਰੇ ਉਹ ਦੁਬਿਧਾ ਵਿੱਚ ਫਸ ਜਾਂਦਾ ਹੈ ਜਦ ਉਹ ਸਰਮਾਏ, ਉਜਰਤੀ-ਕਿਰਤ ਤੇ ਲਗਾਨ ਆਦਿ ਦੇ ਉਚੇਰੇ ਤੇ ਵਧੇਰੇ ਗੁੰਝਲਦਾਰ ਰੂਪਾਂ ਉੱਤੇ ਵਿਚਾਰ ਕਰਦਾ ਹੈ। ਉਹ ਇਸ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦਾ ਹੈ: ਜਿਣਸਾਂ ਦੀ ਕਦਰ ਦਾ ਨਿਰਣਾ ਕਿਰਤ-ਸਮੇਂ ਅਨੁਸਾਰ ਬੁਰਜੂਆਜ਼ੀ ਦੇ ਗੁਆਚੇ ਸਵਰਗਾਂ ਵਿੱਚ ਹੁੰਦਾ ਸੀ, ਜਿੱਥੇ ਲੋਕ ਸਰਮਾਏਦਾਰਾਂ, ਉਜਰਤੀ ਮਜ਼ਦੂਰਾਂ, ਜ਼ਮੀਨ-ਮਾਲਕਾਂ, ਮੁਜ਼ਾਰਾ ਕਿਸਾਨਾਂ, ਸੂਦਖੋਰਾਂ ਆਦਿ ਵਜੋਂ ਇੱਕ ਦੂਜੇ ਦੇ ਸਾਹਮਣੇ ਨਹੀਂ ਸਨ ਆਉਂਦੇ ਸਗੋਂ ਕੇਵਲ ਅਜਿਹੇ ਲੋਕਾਂ ਵਾਂਗ ਸਾਹਮਣੇ ਆਉਂਦੇ ਸਨ ਜਿਹੜੇ ਜਿਣਸਾਂ ਪੈਦਾ ਕਰਦੇ ਸਨ ਅਤੇ ਉਹਨਾਂ ਦਾ ਵਟਾਂਦਰਾ ਕਰਦੇ ਸਨ। ਐਡਮ ਸਮਿਥ ਲਗਾਤਾਰ ਜਿਣਸਾਂ ਦੀ ਕਦਰ ਦੇ ਉਹਨਾਂ ਉੱਤੇ ਲੱਗੇ ਕਿਰਤ ਸਮੇਂ ਅਨੁਸਾਰ ਨਿਰਣੇ ਨੂੰ ਜਿਣਸਾਂ ਵਿੱਚ ਲੱਗੀ ਕਿਰਤ ਦੀ ਕਦਰ ਅਨੁਸਾਰ ਨਿਰਣੇ ਨਾਲ਼ ਰਲਗੱਡ ਕਰਦਾ ਰਹਿੰਦਾ ਹੈ। ਉਹ ਆਪਣੀ ਵਿਆਖਿਆ ਦੇ ਵਿਸਥਾਰ ਵਿੱਚ ਕਈ ਵਾਰ ਉਘੜਾ-ਦੁਘੜਾ ਹੋ ਜਾਂਦਾ ਹੈ ਅਤੇ ਸਮਾਜਿਕ ਕਿਰਿਆ ਰਾਹੀਂ ਜ਼ੋਰ ਜਬਰ ਨਾਲ਼ ਜਿਵੇਂ ਕਿਰਤ ਦੀਆਂ ਨਾ-ਬਰਾਬਰ ਮਾਤਰਾਵਾਂ ਨੂੰ ਬਾਹਰਮੁਖੀ ਤੌਰ 'ਤੇ ਬਰਾਬਰ ਕੀਤਾ ਜਾਂਦਾ ਹੈ, ਉਸਨੂੰ ਵਿਅਕਤੀਆਂ ਦੀਆਂ ਕਿਰਤਾਂ ਦੀ ਅੰਤਰਮੁਖੀ ਬਰਾਬਰੀ

* ਇਸ ਲਈ ਸਟੂਅਰਟ ਐਲਾਨ ਕਰਦਾ ਹੈ ਕਿ ਖੇਤੀਬਾੜੀ ਦਾ ਪਿਤਾ-ਪੁਰਖੀ ਰੂਪ, ਜਿਸ ਦਾ ਸਿੱਧਾ ਉਦੇਸ਼ ਜ਼ਮੀਨ ਦੇ ਮਾਲਕਾਂ ਲਈ ਵਰਤੋਂ ਕਦਰਾਂ ਪੈਦਾ ਕਰਨਾ ਹੈ, ਇੱਕ ਬੁਰਾਈ ਹੈ, ਚਾਹੇ ਸਪਾਰਟਾ ਜਾਂ ਰੋਮ ਜਾਂ ਏਥਨਸ ਵਿੱਚ ਨਹੀਂ, ਪਰ 18ਵੀਂ ਸਦੀ ਦੇ ਸਨਅਤੀ ਦੇਸ਼ਾਂ ਵਿੱਚ ਨਿਸ਼ਚੇ ਹੀ ਇਹ ਇੱਕ ਬੁਰਾਈ ਹੈ। ਇਹ "ਬੁਰਾਈਆਂ ਭਰੀ ਖੇਤੀਬਾੜੀ" "ਵਪਾਰ" ਨਹੀਂ ਸਗੋਂ ਜਿਊਣ ਦਾ ਹੀ ਸਾਧਨ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਬੁਰਜੂਆ ਖੇਤੀ ਜ਼ਮੀਨ ਉੱਤੋਂ ਵਾਧੂ ਮੂੰਹ ਸਾਫ ਕਰ ਦਿੰਦੀ ਹੈ ਇਸੇ ਤਰ੍ਹਾਂ ਬੁਰਜੂਆ ਉਤਪਾਦਨ ਫੈਕਟਰੀ ਨੂੰ ਵਾਧੂ ਹੱਥਾਂ ਤੋਂ ਪਾਕ ਕਰ ਦਿੰਦਾ ਹੈ।

ਸਮਝ ਲੈਂਦਾ ਹੈ।* ਉਹ ਠੋਸ ਕਿਰਤ ਦਾ ਕਿਰਤ ਵਿੱਚ ਰੂਪਾਂਤਰ ਪੂਰਾ ਕਰਨਾ ਚਾਹੁੰਦਾ ਹੈ ਜਿਹੜੀ ਕਿਰਤ ਦੀ ਵੰਡ ਦੇ ਮਾਧਿਅਮ ਰਾਹੀਂ, ਵਟਾਂਦਰਾ-ਕਦਰ ਭਾਵ ਬੁਰਜੂਆ ਕਿਰਤ ਦਾ ਬੁਨਿਆਦੀ ਰੂਪ, ਪੈਦਾ ਕਰਦੀ ਹੈ। ਪਰ ਚਾਹੇ ਇਹ ਕਹਿਣਾ ਸਹੀ ਹੈ ਕਿ ਵਿਅਕਤੀਗਤ ਵਟਾਂਦਰਾ ਕਿਰਤ ਦੀ ਵੰਡ ਦੀ ਪਹਿਲੋਂ ਹੀ ਮੰਗ ਕਰਦਾ ਹੈ, ਤਾਂ ਵੀ ਇਹ ਕਹਿਣਾ ਗਲਤ ਹੈ ਕਿ ਕਿਰਤ ਦੀ ਵੰਡ ਲਈ ਵਿਅਕਤੀਗਤ ਵਟਾਂਦਰਾ ਪਹਿਲਾਂ ਹੀ ਜਾਰੀ ਹੋਣਾ ਚਾਹੀਦਾ ਹੈ। ਉਦਾਹਰਣ ਲਈ ਪੀਰੂ ਦੇ ਲੋਕਾਂ ਵਿੱਚ ਕਿਰਤ ਦੀ ਵੰਡ ਵਿਕਾਸ ਦੇ ਚੋਖੇ ਉੱਚੇ ਪੱਧਰ ’ਤੇ ਪੁੱਜ ਚੁੱਕੀ ਸੀ ਚਾਹੇ ਉਦੋਂ ਅਜੇ ਵਿਅਕਤੀਗਤ ਵਟਾਂਦਰਾ ਉਪਜਾਂ ਦੇ ਜਿਣਸਾਂ ਰੂਪ ਵਿੱਚ ਵਟਾਂਦਰਾ ਸ਼ੁਰੂ ਨਹੀਂ ਸੀ ਹੋਇਆ।

ਐਡਮ ਸਮਿਥ ਤੇ ਉਲਟ ਡੇਵਿਡ ਰਿਕਾਰਡੋ ਬੜੀ ਸਪੱਸ਼ਟਤਾ ਨਾਲ਼ ਇਹ ਗੱਲ ਕਹਿੰਦਾ ਹੈ ਕਿ ਜਿਣਸਾਂ ਦੀ ਕਦਰ ਦਾ ਨਿਰਣਾ ਕਿਰਤ ਸਮੇਂ ਨਾਲ਼ ਹੁੰਦਾ ਹੈ ਅਤੇ ਦਰਸਾਉਂਦਾ ਹੈ ਕਿ ਇਹ ਕਾਨੂੰਨ ਉਤਪਾਦਨ ਦੇ ਅਜਿਹੇ ਬੁਰਜੂਆ ਸਬੰਧਾਂ ਉੱਤੇ ਵੀ ਲਾਗੂ ਹੁੰਦਾ ਹੈ ਜਿਹੜੇ ਵੇਖਣ ਨੂੰ ਸਭ ਤੋਂ ਫੈਸਲਾਕੁਨ ਢੰਗ ਨਾਲ਼ ਇਸ ਨਿਯਮ ਦੀ ਉਲੰਘਣਾ ਕਰਦੇ ਹਨ। ਰਿਕਾਰਡੋ ਦੀ ਪੜਤਾਲ਼ ਕੇਵਲ **ਕਦਰ ਦੇ ਅਕਾਰ** ਨਾਲ਼ ਹੀ ਸਬੰਧਤ ਹੈ ਤੇ ਇਸ ਬਾਰੇ ਉਹ ਘੱਟੋ ਘੱਟ ਇਸ ਗੱਲ ਬਾਰੇ ਚੇਤੰਨ ਹੈ ਕਿ ਇਹ ਕਾਨੂੰਨ ਨਿਸ਼ਚਿਤ ਇਤਿਹਾਸਕ ਅਗਾਊਂ-ਸ਼ਰਤਾਂ ਵਿੱਚ ਹੀ ਲਾਗੂ ਹੁੰਦਾ ਹੈ। ਉਹ ਕਹਿੰਦਾ ਹੈ ਕਿ ਕਦਰ ਦਾ ਕਿਰਤ-ਸਮੇਂ ਅਨੁਸਾਰ ਨਿਰਣਾ ਉਹਨਾਂ ਚੀਜ਼ਾਂ ’ਤੇ ਹੀ ਲਾਗੂ ਹੁੰਦਾ ਹੈ **“ਜਿਨ੍ਹਾਂ ਦੀ ਮਾਤਰਾ ਮਨੁੱਖੀ ਸਨਅਤ ਦੀ ਮਾਤਰਾ ਵਧਾ ਕੇ ਵਧਾਈ ਜਾ ਸਕੇ ਅਤੇ ਜਿਨ੍ਹਾਂ ਦੇ ਉਤਪਾਦਨ ਵਿੱਚ ਮੁਕਾਬਲਾ ਬਿਨਾਂ ਕਿਸੇ ਰੋਕ ਦੇ ਚੱਲ ਰਿਹਾ ਹੈ।”****

ਅਸਲ ਵਿੱਚ ਇਸ ਦਾ ਅਰਥ ਹੈ ਕਿ ਕਦਰ ਦੇ ਕਾਨੂੰਨ ਦੇ ਪੂਰੇ ਵਿਕਾਸ ਲਈ

---

*ਉਦਾਹਰਣ ਲਈ, ਐਡਮ ਸਮਿਥ ਲਿਖਦਾ ਹੈ – “ਮਜ਼ਦੂਰ ਲਈ ਕਿਰਤ ਦੀਆਂ ਬਰਾਬਰ ਮਾਤਰਾਵਾਂ ਹਰ ਸਮੇਂ ਤੇ ਸਥਾਨ ਉੱਤੇ ਬਰਾਬਰ ਕਦਰ ਵਾਲ਼ੀਆਂ ਕਹੀਆਂ ਜਾ ਸਕਦੀਆਂ ਹਨ। ਉਸ ਦੀ ਸਿਹਤ-ਸ਼ਕਤੀ ਅਤੇ ਰੌਂ ਦੇ ਸਧਾਰਨ ਹਾਲਤ ਵਿੱਚ ਹੋਣ, ਜੇ ਉਸ ਦੀ ਮੁਹਾਰਤ ਅਤੇ ਨਿਮਰਤਾ ਸਧਾਰਨ” ਹਾਲਤ ਵਿੱਚ ਹੋਣ ਤਾਂ ਉਸ ਨੂੰ ਆਪਣੇ ਆਰਾਮ, ਅਜ਼ਾਦੀ ਅਤੇ ਖੁਸ਼ੀ ਦੀ ਇੱਕੋ ਜਿੰਨੀ ਮਾਤਰਾ ਹੀ ਲਾਉਣੀ ਚਾਹੀਦੀ ਹੈ। ਜਿਹੜੀ ਕੀਮਤ ਉਹ ਦੇਵੇ ਉਹ ਵੀ ਹਮੇਸ਼ਾ ਇੱਕੋ ਜਿਤਨੀ ਹੋਣੀ ਚਾਹੀਦੀ ਹੈ, ਇਸ ਦੇ ਬਦਲੇ ਵਿੱਚ ਮਿਲਦੀਆਂ ਚੀਜ਼ਾਂ ਦੀ ਮਾਤਰਾ ਕਿੰਨੀ ਵੀ ਕਿਉਂ ਨਾ ਹੋਵੇ। ਨਿਰਸੰਦੇਹ ਇਹ ਕਈ ਵਾਰੀ ਉਹਨਾਂ ਦੀ ਬਹੁਤੀ ਮਾਤਰਾ ਖਰੀਦ ਸਕੇਗੀ ਤੇ ਕਈ ਵਾਰ ਘੱਟ; ਪਰ ਇਹ ਉਹਨਾਂ ਦੀ ਕਦਰ ਹੈ, ਜਿਹੜੀ ਬਦਲਦੀ ਹੈ ਨਾ ਕਿ ਉਹ ਕਿਰਤ ਦੀ ਕਦਰ ਜਿਹੜੀ, ਉਹਨਾਂ ਨੂੰ ਖਰੀਦਦੀ ਹੈ… ਇਸ ਲਈ ਕਿਰਤ ਜਿਸ ਦੀ ਕਦਰ ਦੇ ਬਦਲ ਦੀ ਨਹੀਂ, ਇਹ ਕਿਰਤ ਹੀ ਇੱਕੋ ਇੱਕ ਤੇ ਅੰਤਮ ਸਹੀ ਮਿਆਰ ਹੈ ਜਿਸ ਨਾਲ਼ ਸਾਰੀਆਂ ਜਿਣਸਾਂ ਦੀ ਕਦਰ ਮਿਣੀ ਜਾ ਸਕਦੀ ਹੈ। ਇਹ ਉਹਨਾਂ ਦਾ ਅਸਲ ਮੁੱਲ ਹੈ।” (ਕੌਮਾਂ ਦੀ ਦੌਲਤ, ਜਿਲਦ 1, ਕਾਂਡ 5)।

** ਡੇਵਿਡ ਰਿਕਾਰਡੋ, ਰਾਜਨੀਤਕ ਆਰਥਕਤਾ ਅਤੇ ਟੈਕਸਾਂ ਦੇ ਅਸੂਲਾਂ ਬਾਰੇ, ਲੰਡਨ, 1821, ਪੰਨਾ 3।

ਜ਼ਰੂਰੀ ਹੈ ਅਜਿਹਾ ਸਮਾਜ ਜਿਸ ਵਿੱਚ ਵੱਡੇ ਪੈਮਾਨੇ ਉੱਤੇ ਸਨਅਤੀ ਉਤਪਾਦਨ ਹੋਵੇ ਅਤੇ ਅਜ਼ਾਦ ਮੁਕਾਬਲਾ ਚਾਲੂ ਹੋਵੇ, ਦੂਜੇ ਸ਼ਬਦਾਂ ਵਿੱਚ ਆਧੁਨਿਕ ਬੁਰਜੂਆ ਸਮਾਜੀ ਰਿਕਾਰਡੋ ਦਾ ਪੁਰਾਤਨ ਮਛੇਰਾ ਅਤੇ ਪੁਰਾਤਨ ਸ਼ਿਕਾਰੀ ਆਰੰਭ ਤੋਂ ਹੀ ਜਿਣਸਾਂ ਦੇ ਮਾਲਕ ਹਨ ਜਿਹੜੇ ਆਪਣੀ ਮੱਛੀ ਅਤੇ ਸ਼ਿਕਾਰ ਦਾ ਵਟਾਂਦਰਾ ਇਹਨਾਂ ਵਟਾਂਦਰਾ ਕਦਰਾਂ ਵਿੱਚ ਠੋਸ ਰੂਪ ਧਾਰਨ ਕਰਨ ਵਾਲੀ ਕਿਰਤ ਦੇ ਅਨੁਪਾਤ ਵਿੱਚ ਕਰਦੇ ਹਨ। ਇਸ ਮੌਕੇ ਉੱਤੇ ਉਹ ਇਸ ਇਤਿਹਾਸਕ ਭੁੱਲ ਵਿੱਚ ਫਸ ਜਾਂਦਾ ਕਿ ਉਹ ਪੁਰਾਤਨ ਮਛੇਰੇ ਨੂੰ ਅਤੇ ਸ਼ਿਕਾਰੀ ਨੂੰ ਆਪਣੇ ਔਜ਼ਾਰਾਂ ਦੀ ਕਦਰ ਦਾ ਨਿਰਣਾ ਲੰਡਨ ਦੇ ਹਿੱਸਾ ਬਾਜ਼ਾਰ ਵਿੱਚ 1817 ਵਿੱਚ ਤਿਆਰ ਕੀਤੇ ਗਏ ਸਾਲਾਨਾ ਟੇਵਿਆਂ ਅਨੁਸਾਰ ਲਾਉਣ ਦੀ ਖੁੱਲ੍ਹ ਦਿੰਦਾ ਹੈ। ਬੁਰਜੂਆ ਸਮਾਜ ਤੋਂ ਇਲਾਵਾ ਹੋਰ ਸਮਾਜੀ ਪ੍ਰਬੰਧ, ਜਿਸ ਦੀ ਰਿਕਾਰਡੋ ਨੂੰ ਜਾਣਕਾਰੀ ਹਾਸਲ ਸੀ, ਉਹ ਸ਼੍ਰੀ ਓਵਨ ਦੀਆਂ ਸਮਾਨਾਂਤਰ ਚਕੋਰਾਂ ਹੀ ਹਨ (ਸ਼੍ਰੀ ਓਵਨ ਦੀਆਂ ਚਕੋਰਾਂ ਦਾ ਜ਼ਿਕਰ ਰਿਕਾਰਡੋ ਦੀ ਪੁਸਤਕ "**ਖੇਤੀਬਾੜੀ ਦੀ ਸੁਰੱਖਿਆ ਲਈ**" ਵਿੱਚ ਸਫਾ 21 'ਤੇ ਹੈ। ਸਮਾਜੀ ਸੁਧਾਰ ਲਈ ਆਪਣੀ ਸ਼ੇਖ ਚਿੱਲੀ ਵਾਲ਼ੀਆਂ ਯੋਜਨਾਵਾਂ ਵਿੱਚ ਓਵਨ ਨੇ ਇਹ ਸਿੱਧ ਕਰਨ ਦੇ ਯਤਨ ਕੀਤੇ ਕਿ ਸੰਜਮ ਅਤੇ ਘਰ ਦੋਹਾਂ ਪੱਖਾਂ ਤੋਂ ਸਮਾਨਾਂਤਰ ਚਕੋਰਾਂ ਜਾਂ ਵਰਗਾਂ ਦੀ ਸ਼ਕਲ ਦੀਆਂ ਬਸਤੀਆਂ ਸਭ ਤੋਂ ਢੁੱਕਵੀਆਂ ਰਹਿੰਦੀਆਂ ਹਨ) ਚਾਹੇ ਰਿਕਾਰਡੋ ਅਜਿਹੇ ਬੁਰਜੂਆ ਵਿਚਾਰਾਂ ਵਿੱਚ ਘਿਰਿਆ ਹੋਇਆ ਸੀ ਤਾਂ ਵੀ ਉਸ ਦੀ ਬੁਰਜੂਆ ਅਰਥਚਾਰੇ, ਜਿਸ ਦੀਆਂ ਗਹਿਰੀਆਂ ਤੈਹਾਂ ਇਸ ਦੇ ਦਿੱਸਦੇ ਰੂਪ ਤੋਂ ਬਿਲਕੁਲ ਵੱਖਰੀ ਕਿਸਮ ਦੀਆਂ ਹੁੰਦੀਆਂ ਹਨ, ਦੀ ਅਜਿਹੀ ਵਿਚਾਰਧਾਰਕ ਸਿਆਣਪ ਨਾਲ਼ ਵਿਸ਼ਲੇਸ਼ਣ ਕਲਾ ਹੈ ਕਿ ਕਾਰਡ ਬਰਾਹਮ ਨੂੰ ਉਸ ਬਾਰੇ ਕਹਿਣਾ ਪਿਆ "**ਸ਼੍ਰੀ ਰਿਕਾਰਡੋ ਬਾਰੇ ਲੱਗਦਾ ਹੈ ਕਿ ਜਿਵੇਂ ਉਹ ਕਿਸੇ ਹੋਰ ਗ੍ਰਹਿ ਤੋਂ ਉਤਰਿਆ ਹੋਵੇ।**"

ਰਿਕਾਰਡੋ ਨਾਲ਼ ਸਿੱਧਾ ਵਿਵਾਦ ਕਰਦਿਆਂ ਸਿਸਮਾਂਡੀ ਨਾ ਕੇਵਲ ਕਿਰਤ ਦੀਆਂ ਸਮਾਜਿਕ ਕਦਰਾਂ 'ਤੇ ਜ਼ੋਰ ਦਿੰਦਾ ਹੈ, ਜਿਹੜੀ ਕਿਰਤ ਵਟਾਂਦਰਾ ਕਦਰ ਪੈਦਾ ਕਰਦੀ ਹੈ, ਸਗੋਂ ਇਹ ਵੀ ਕਹਿੰਦਾ ਹੈ ਕਿ ਸਾਡੀ ਆਰਥਿਕ ਪ੍ਰਗਤੀ ਦਾ ਇਹ ਵਿਸ਼ੇਸ਼ ਲੱਛਣ ਹੈ ਕਿ ਇਸ ਨੇ ਕਦਰ ਨੂੰ **ਜ਼ਰੂਰੀ ਕਿਰਤ-ਸਮੇਂ** ਵਿੱਚ ਢਾਲ਼ ਦਿੱਤਾ ਹੈ, ਸਮੁੱਚੇ ਸਮਾਜ ਦੀਆਂ ਜ਼ਰੂਰਤਾਂ ਅਤੇ ਇਹ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਕਿਰਤ ਦੀ ਮਾਤਰਾ ਵਿਚਾਲੇ ਸਬੰਧ ਵਿੱਚ ਬਦਲ ਕੇ ਰੱਖ ਦਿੱਤਾ ਹੈ। (ਸਿਸਮਾਂਡੀ ਹੋਰ ਲਿਖਦਾ ਹੈ ਟਰੇਡ ਸਾਰੀ ਸਮੱਸਿਆ ਨੂੰ ਵਰਤੋਂ ਕਦਰ ਅਤੇ ਵਟਾਂਦਰਾ ਕਦਰ ਵਿਚਾਲੇ ਟੱਕਰ ਵਿੱਚ ਬਦਲ ਕੇ ਰੱਖ ਦਿੰਦਾ ਹੈ।)

ਸਿਸਮਾਂਡੀ ਦੇ ਮਨ ਉੱਤੇ ਉਹ ਬੂਇਸ ਗਿਲਬਰਟ ਦੇ ਇਹ ਸੰਕਲਪ ਭਾਰੂ ਨਹੀਂ ਕਿ ਕਿਰਤ ਜਿਹੜੀ ਵਟਾਂਦਰਾ ਕਦਰ ਪੈਦਾ ਕਰਦੀ ਹੈ ਉਸ ਨੂੰ ਮੁਦਰਾ ਤੋੜ-ਮਰੋੜ ਕੇ ਪੇਸ਼ ਕਰਦੀ ਹੈ। ਪਰ ਜਿਵੇਂ ਬੂਇਸ ਗਿਲਬਰਟ ਮੁਦਰਾ ਦੀ ਨਿੰਦਾ ਕਰਦਾ ਸੀ ਉਸੇ ਤਰ੍ਹਾਂ ਸਿਸਮਾਂਡੀ ਵੱਡੇ ਸਨਅਤੀ ਸਰਮਾਏ ਦੀ ਨਿੰਦਾ ਕਰਦਾ ਹੈ। ਜਦ ਕਿ ਰਿਕਾਰਡੋ ਦੀ ਰਾਜਨੀਤਕ ਆਰਥਕਤਾ ਬੇਕਿਰਕੀ ਨਾਲ਼ ਆਪਣੇ ਅੰਤਮ ਸਿੱਟਿਆਂ 'ਤੇ ਪੁੱਜਦੀ ਹੈ ਤੇ ਇਹਨਾਂ ਸਿੱਟਿਆਂ ਨਾਲ਼ ਇਸ ਦਾ ਅੰਤ ਹੋ ਜਾਂਦਾ ਹੈ। ਸਿਸਮਾਂਡੀ ਇਹਨਾਂ ਸਿੱਟਿਆਂ ਨੂੰ ਸੰਪੂਰਨ ਕਰਦਾ

ਰਾਜਨੀਤਕ ਆਰਥਕਤਾ ਬਾਰੇ ਹੀ ਸ਼ੱਕ ਪ੍ਰਗਟ ਕਰਦਾ ਹੈ।

ਕਿਉਂਕਿ ਵਟਾਂਦਰਾ ਕਦਰ ਦਾ ਕਿਰਤ ਸਮੇਂ ਅਨੁਸਾਰ ਨਿਰਣਾ ਕਰਨ ਦਾ ਸਿਧਾਂਤ ਸਭ ਤੋਂ ਸਪੱਸ਼ਟ ਰੂਪ ਵਿੱਚ ਰਿਕਾਰਡੋ ਨੇ ਹੀ ਬਿਆਨ ਕੀਤਾ ਹੈ, ਜਿਸ ਨੇ ਪ੍ਰਮਾਣੀਕ ਰਾਜਨੀਤਕ ਆਰਥਕਤਾ ਨੂੰ ਇਸ ਦਾ ਅੰਤਮ ਰੂਪ ਦਿੱਤਾ, ਇਸ ਲਈ ਇਹ ਸੁਭਾਵਕ ਹੀ ਹੈ ਕਿ ਅਰਥ ਸ਼ਾਸਤਰੀਆਂ ਵੱਲੋਂ ਦਿੱਤੀਆਂ ਜਾਂਦੀਆਂ ਦਲੀਲਾਂ ਉਸੇ ਵਿਰੁੱਧ ਸੇਧੀਆਂ ਹੋਣ। ਜੇ ਇਸ ਵਾਦਵਿਵਾਦ ਵਿੱਚੋਂ ਇਸ ਦੀਆਂ ਮੁੱਖ ਤੌਰ 'ਤੇ ਘਟੀਆਂ ਗੱਲਾਂ* ਕੱਢ ਦਿੱਤੀਆਂ ਜਾਣ ਤਾਂ ਸੰਖੇਪ ਵਿੱਚ ਇਹ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ:

ਇੱਕ – ਕਿਰਤ ਦੀ ਵੀ ਵਟਾਂਦਰਾ ਕਦਰ ਹੁੰਦੀ ਹੈ ਅਤੇ ਵੱਖ ਵੱਖ ਤਰ੍ਹਾਂ ਦੀ ਕਿਰਤ ਦੀ ਵਟਾਂਦਰਾ ਕਦਰ ਵੱਖ ਵੱਖ ਹੁੰਦੀ ਹੈ। ਜੇ ਕੋਈ ਵਟਾਂਦਰਾ ਕਦਰ ਨੂੰ ਵਟਾਂਦਰਾ ਕਦਰ ਦਾ ਮਾਪ ਬਣਾ ਲਵੇ ਤਾਂ ਉਹ ਅਜੀਬ ਗਧੀ-ਗੇੜ ਵਿੱਚ ਫਸ ਜਾਵੇਗਾ। ਕਿਉਂਕਿ ਜਿਹੜੀ ਵਟਾਂਦਰਾ ਕਦਰ ਮਾਪ ਵਜੋਂ ਵਰਤੀ ਗਈ ਹੈ ਉਸ ਦੇ ਵੀ ਮਾਪ ਦੀ ਜ਼ਰੂਰਤ ਹੈ। ਇਹ ਇਤਰਾਜ਼ ਇਹਨਾਂ ਸਮੱਸਿਆਵਾਂ ਵੱਲ ਲਿਜਾਂਦਾ ਹੈ: ਜੇ ਦਿੱਤਾ ਕਿਰਤ ਸਮਾਂ ਕਦਰ ਦਾ ਮਾਪ ਹੋਵੇ ਤਾਂ ਇਸ ਅਧਾਰ ਉੱਤੇ ਉਜਰਤਾਂ ਕਿਵੇਂ ਨੀਯਤ ਕੀਤੀਆਂ ਜਾ ਸਕਦੀਆਂ ਹਨ। ਉਜਰਤੀ ਕਿਰਤ ਦਾ ਸਿਧਾਂਤ ਇਸ ਦਾ ਜੁਆਬ ਦਿੰਦਾ ਹੈ।

ਦੋ – ਜੇ ਉਪਜ ਦੀ ਵਟਾਂਦਰਾ ਕਦਰ ਇਸ 'ਤੇ ਲੱਗੇ ਕਿਰਤ ਸਮੇਂ ਦੇ ਬਰਾਬਰ ਹੁੰਦੀ ਹੈ ਤਾਂ ਕੰਮ ਦਿਨ ਦੀ ਵਟਾਂਦਰਾ ਕਦਰ ਇਸ ਦਿਨ ਦੀ ਪੈਦਾਵਾਰ ਦੇ ਬਰਾਬਰ ਹੋਵੇਗੀ। ਦੂਜੇ ਸ਼ਬਦਾਂ ਵਿੱਚ ਉਜਰਤਾਂ ਅਵੱਸ਼ ਹੀ ਕਿਰਤ ਦੀ ਉਪਜ ਦੇ ਬਰਾਬਰ ਹੋਣੀਆਂ ਚਾਹੀਦੀਆਂ ਹਨ।** ਪਰ ਹਕੀਕਤ ਵਿੱਚ ਇਸ ਦੇ ਉਲਟ ਗੱਲ ਸਹੀ ਹੈ। ਦੂਜੇ ਸ਼ਬਦਾਂ ਵਿੱਚ ਇਹ

---

* ਸਾਇਦ ਇਸ ਦਾ ਸਭ ਤੋਂ ਤੁੱਛ ਰੂਪ ਜੇ. ਪੀ. ਸੇ. ਵੱਲੋਂ ਰਿਕਾਰਡੋ ਦੀ ਲਿਖਤ ਦੀ ਫ਼ਰਾਂਸੀਸੀ ਐਡੀਸ਼ਨ – ਜਿਹੜਾ ਕਾਨਸਾਂਟਾਂਸਿਓ ਨੇ ਤਿਆਰ ਕੀਤਾ – ਵਿੱਚ ਕੀਤੀਆਂ ਟਿੱਪਣੀਆਂ ਹਨ ਅਤੇ ਸਭ ਤੋਂ ਹੈਂਕੜ ਭਰੀਆਂ ਅਤੇ ਮੂੰਹ ਫੱਟ ਤੁੱਛ ਗੱਲਾਂ ਹਨ – ਮੈਕਲਿਆਡ ਦੀ ਤਾਜ਼ਾ ਛਪੀ ਪੁਸਤਕ **ਵਟਾਂਦਰੇ ਦਾ ਸਿਧਾਂਤ** ਵਿੱਚ ਲਿਖੀਆਂ ਗੱਲਾਂ। (ਐੱਚ. ਡੀ. ਮੈਕਲਿਆਡ ਦੀ ਪੁਸਤਕ **ਰਾਜਨੀਤਕ ਆਰਥਕਤਾ ਦੇ ਤੱਤ** ਦੇ ਚੌਥੇ ਕਾਂਡ ਦਾ ਸਿਰਲੇਖ **ਵਟਾਂਦਰੇ ਦਾ ਸਿਧਾਂਤ** ਹੈ।

** ਇਹ ਇਤਰਾਜ਼ ਜਿਹੜਾ ਬੁਰਜੂਆ ਅਰਥ-ਸ਼ਾਸਤਰੀਆਂ ਨੇ ਰਿਕਾਰਡੋ ਉੱਤੇ ਕੀਤਾ ਸੀ ਬਾਅਦ ਨੂੰ ਸੋਸ਼ਲਿਸਟਾਂ ਨੇ ਵੀ ਚੁੱਕ ਲਿਆ। ਇਹ ਸਮਝ ਕੇ ਕਿ ਇਹ ਫਾਰਮੂਲਾ ਵਿਚਾਰਧਾਰਕ ਤੌਰ 'ਤੇ ਠੀਕ ਹੈ, ਉਹਨਾਂ ਦੋਸ਼ ਲਾਇਆ ਕਿ ਅਮਲ ਵਿੱਚ ਇਸ ਸਿਧਾਂਤ ਦੇ ਉਲਟ ਹੁੰਦਾ ਹੈ। ਉਹਨਾਂ ਮੰਗ ਕੀਤੀ ਕਿ ਬੁਰਜੂਆ ਸਮਾਜ ਨੂੰ ਆਪਣੇ ਵਿਚਾਰਧਾਰਕ ਅਸੂਲਾਂ ਤੋਂ ਪੈਦਾ ਹੁੰਦੇ ਅਮਲੀ ਸਿੱਟੇ ਸਮਝਣੇ ਚਾਹੀਦੇ ਹਨ। ਇਸ ਤਰ੍ਹਾਂ ਘੱਟੋ ਘੱਟ ਇੰਗਲੈਂਡ ਦੇ ਸੋਸ਼ਲਿਸਟਾਂ ਨੇ ਰਿਕਾਰਡੋ ਦਾ ਇਹ ਫਾਰਮੂਲਾ ਰਾਜਨੀਤਕ ਆਰਥਕਤਾ ਵਿਰੁੱਧ ਸੇਧ ਦਿੱਤਾ। ਇਹ ਐਲਾਨ ਕਰਨ ਦਾ ਫਖਰ ਪਰੂਧੋਂ ਲਈ ਰਾਖਵਾਂ ਰਿਹਾ ਕਿ ਨਾ ਕੇਵਲ ਇਹ ਕਿ ਪੁਰਾਣੇ ਸਮਾਜ ਦਾ ਅਸੂਲ ਨਵੇਂ ਸਮਾਜ ਦਾ ਵੀ ਅਸੂਲ ਹੋਵੇਗਾ, ਸਗੋਂ ਉਸ ਨੇ ਇਹ ਵੀ ਵਾਅਦਾ ਕੀਤਾ ਕਿ ਉਸ ਨੇ ਇਸ ਫਾਰਮੂਲੇ ਦੀ ਕਾਢ ਕੀਤੀ ਹੈ। ਜਦ ਕਿ ਰਿਕਾਰਡੋ ਨੇ ਇਹ ਫਾਰਮੂਲਾ ਅੰਗਰੇਜ਼ੀ ਪ੍ਰਮਾਣੀਕ ਰਾਜਨੀਤਕ ਆਰਥਕਤਾ ਦੇ ਅੰਤਮ ਸਿੱਟੇ ⇨

ਇਤਰਾਜ਼ ਇਹ ਸਮੱਸਿਆ ਪੈਦਾ ਕਰਦਾ ਹੈ – ਵਟਾਂਦਰਾ ਕਦਰ ਦੇ ਕੇਵਲ ਕਿਰਤ ਸਮੇਂ ਅਨੁਸਾਰ ਨਿਰਣਾ ਹੋਣ ਦੇ ਆਧਾਰ ’ਤੇ ਹੁੰਦੇ ਉਤਪਾਦਨ ਤੋਂ ਇਹ ਸਿੱਟਾ ਕਿਵੇਂ ਨਿਕਲਦਾ ਹੈ ਕਿ ਕਿਰਤ ਦੀ ਵਟਾਂਦਰਾ–ਕਦਰ ਇਸ ਦੀ ਉਪਜ ਦੀ ਵਟਾਂਦਰਾ–ਕਦਰ ਤੋਂ ਘੱਟ ਹੁੰਦੀ ਹੈ। ਇਹ ਸਮੱਸਿਆ ਸਰਮਾਏ ਦੇ ਸਾਡੇ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਵਿੱਚ ਹੱਲ ਹੋ ਜਾਂਦੀ ਹੈ।

ਤਿੰਨ – ਮੰਗ ਅਤੇ ਪੂਰਤੀ ਦੀਆਂ ਬਦਲਦੀਆਂ ਹਾਲਤਾਂ ਅਨੁਸਾਰ, ਜਿਣਸਾਂ ਦਾ ਮੰਡੀ ਵਿਚਲਾ ਮੁੱਲ ਉਹਨਾਂ ਦੀ ਵਟਾਂਦਰਾ ਕਦਰ ਦੇ ਉੱਤੇ ਜਾਂ ਥੱਲੇ ਚੜ੍ਹਦਾ ਡਿੱਗਦਾ ਰਹਿੰਦਾ ਹੈ। ਸਿੱਟੇ ਵਜੋਂ ਜਿਣਸਾਂ ਦੀ ਵਟਾਂਦਰਾ ਕਦਰ ਦਾ ਨਿਰਣਾ ਉਹਨਾਂ ’ਤੇ ਲੱਗੇ ਕਿਰਤ ਸਮੇਂ ਅਨੁਸਾਰ ਨਹੀਂ ਸਗੋਂ ਮੰਗ ਅਤੇ ਪੂਰਤੀ ਵਿਚਾਲੇ ਸਬੰਧ ਅਨੁਸਾਰ ਹੁੰਦਾ ਹੈ। ਅਸਲੀਅਤ ਵਿੱਚ ਇਹ ਨਿਰਾਲਾ ਸਿੱਟਾ ਕੇਵਲ ਇਹੋ ਸੁਆਲ ਪੈਦਾ ਕਰਦਾ ਹੈ ਕਿ ਵਟਾਂਦਰਾ ਕਦਰ ਦੇ ਅਧਾਰ ਉੱਤੇ ਅਜਿਹੀ ਮੰਡੀ ਦੀ ਕੀਮਤ ਜਿਹੜੀ ਵਟਾਂਦਰਾ ਕਦਰ ਤੋਂ ਵੱਖਰੀ ਹੁੰਦੀ ਹੈ, ਕਿਵੇਂ ਕਾਇਮ ਹੋ ਜਾਂਦੀ ਹੈ ਜਾਂ ਇੰਝ ਕਹਿ ਲਓ ਵਟਾਂਦਰਾ ਕਦਰ ਦਾ ਕਾਨੂੰਨ ਕਿਵੇਂ ਆਪਣੇ ਉਲਟ ਹੀ ਕੰਮ ਕਰਦਾ ਹੈ। ਇਹ ਸਮੱਸਿਆ ਟਾਕਰੇ ਦੇ ਸਿਧਾਂਤ ਵਿੱਚ ਹੱਲ ਕੀਤੀ ਗਈ ਹੈ।

ਚਾਰ – ਆਖਰੀ ਅਤੇ ਵੇਖਣ ਨੂੰ ਫੈਸਲਕੁਨ ਇਤਰਾਜ਼ ਜੇਕਰ ਇਹ ਅਜੀਬ ਉਦਾਹਰਣਾਂ ਦੇ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾਂਦਾ – ਜਿਵੇਂ ਕਿ ਆਮ ਹੁੰਦਾ ਹੈ – ਇਹ ਹੈ: ਜੇ ਵਟਾਂਦਰਾ–ਕਦਰ, ਜਿਣਸਾਂ ਉੱਤੇ ਲੱਗੇ ਕਿਰਤ–ਸਮੇਂ ਤੋਂ ਵੱਧ ਕੁਝ ਨਹੀਂ ਤਾਂ ਉਹਨਾਂ ਚੀਜ਼ਾਂ ਦੀ ਵਟਾਂਦਰਾ–ਕਦਰ ਕਿੱਥੋਂ ਪੈਦਾ ਹੁੰਦੀ ਹੈ, ਜਿਨ੍ਹਾਂ ਉੱਤੇ ਕੋਈ ਕਿਰਤ ਨਹੀਂ ਲੱਗਦੀ, ਦੂਜੇ ਸ਼ਬਦਾਂ ਵਿੱਚ, ਕੁਦਰਤੀ ਸ਼ਕਤੀਆਂ ਦੀ ਵਟਾਂਦਰਾ–ਕਦਰ ਕਿੱਥੋਂ ਪੈਦਾ ਹੁੰਦੀ ਹੈ। ਇਹ ਸਮੱਸਿਆ ਲਗਾਨ ਦੇ ਸਿਧਾਂਤ ਵਿੱਚ ਹੱਲ ਕੀਤੀ ਗਈ ਹੈ।

---

⇨ਸੰਖੇਪ ਵਿੱਚ ਪੇਸ਼ ਕਰਨ ਲਈ ਵਰਤਿਆ ਸੀ। ਇਹ ਦਰਸਾਇਆ ਜਾ ਚੁੱਕਿਆ ਹੈ ਕਿ ਰਿਕਾਰਡੋ ਦੇ ਫਾਰਮੂਲੇ ਦੀ ਸ਼ੇਖਚਿਲੀਆਂ ਵਾਲ਼ੀ ਵਿਆਖਿਆ ਇੰਗਲੈਂਡ ਵਿੱਚ ਮੁਕੰਮਲ ਤੌਰ ’ਤੇ ਭੁੱਲ ਚੁੱਕੀ ਸੀ, ਜਦ ਪਰੂਧੋਂ ਨੇ ਖਾੜੀ ਦੇ ਦੂਜੇ ਪਾਸੇ ਇਸ ਦੀ “ਕਾਢ” ਕੱਢੀ। (ਵੇਖੋ ਕਾਰਲ ਮਾਰਕਸ ਦੀ ਪੁਸਤਕ ‘**ਫਲਸਫੇ ਦੀ ਕੰਗਾਲੀ**’ ਮਾਸਕੋ 1962 ਅੰਗਰੇਜ਼ੀ ਐਡੀਸ਼ਨ ਪੰਨਾ 43–49)।

ਕਾਂਡ ਦੋ

# ਮੁਦਰਾ ਜਾਂ ਸਾਦਾ ਪ੍ਰਚਲਨ

ਗਲੈਡਸਟੋਨ ਨੇ ਸਰ ਰਾਬਰਟ ਪੀਲ ਦਾ ਬੈਂਕ ਐਕਟ 1844 ਅਤੇ 1845, ਉੱਤੇ ਬੋਲਦੇ ਹੋਏ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਇਸ਼ਕ ਨੇ ਵੀ ਇਤਨੇ ਲੋਕਾਂ ਨੂੰ ਪਾਗਲ ਨਹੀਂ ਸੀ ਕੀਤਾ ਜਿੰਨਿਆਂ ਨੂੰ ਮੁਦਰਾ ਦੇ ਖਾਸੇ ਬਾਰੇ ਗਹਿਰੀ ਸੋਚ ਵਿਚਾਰ ਨੇ ਕੀਤਾ ਹੈ। ਉਸਨੇ ਬਰਤਾਨਵੀਆਂ ਸਬੰਧੀ ਬਰਤਾਨਵੀ ਲੋਕਾਂ ਨੂੰ ਦੱਸਿਆ। ਦੂਜੇ ਪਾਸੇ ਡਚਾਂ ਨੇ, ਜਿਨ੍ਹਾਂ ਨੂੰ ਪੈਟੇ ਦੇ ਸ਼ੰਕਿਆਂ ਦੇ ਬਾਵਜੂਦ ਬੜੇ ਪੁਰਾਣੇ ਸਮਿਆਂ ਤੋਂ ਮੁਦਰਾ ਸਬੰਧੀ ਵਿਚਾਰ ਬਾਰੇ ਰੱਬੀ ਗਿਆਨ ਹਾਸਲ ਸੀ, ਕਦੇ ਮੁਦਰਾ ਬਾਰੇ ਵਿਚਾਰ ਕਰਦੇ ਸਮੇਂ ਆਪਣੀ ਹੋਸ਼ ਨਹੀਂ ਗੁਆਈ।

ਮੁਦਰਾ ਦੇ ਵਿਸ਼ਲੇਸ਼ਣ ਬਾਰੇ ਮੁੱਖ ਔਕੜ ਫੌਰਨ ਹੱਲ ਹੋ ਜਾਂਦੀ ਹੈ, ਜਦੋਂ ਇਹ ਗੱਲ ਸਮਝ ਲਈ ਜਾਵੇ ਕਿ ਜਿਣਸ ਤੋਂ ਮੁਦਰਾ ਦਾ ਆਰੰਭ ਹੋਇਆ। ਉਸ ਤੋਂ ਬਾਅਦ ਇਹ ਕੇਵਲ ਮੁਦਰਾ ਦੇ ਲਖਾਇਕ ਨਿਸ਼ਚਿਤ ਰੂਪ ਨੂੰ ਸਪੱਸ਼ਟ ਰੂਪ ਵਿੱਚ ਸਮਝਣ ਦਾ ਹੀ ਮਸਲਾ ਰਹਿ ਜਾਂਦਾ ਹੈ। ਇਹ ਇਤਨਾ ਆਸਾਨ ਨਹੀਂ ਕਿਉਂਕਿ ਸਾਰੇ ਬੁਰਜੂਆ ਸਬੰਧਾਂ ਉੱਤੇ ਮੁਲੰਮਾ ਚੜ੍ਹਿਆ ਨਜ਼ਰ ਆਉਂਦਾ ਹੈ, ਭਾਵ ਉਹ ਸਾਰੇ ਮੁਦਰਾ ਦੇ ਸਬੰਧ ਨਜ਼ਰ ਆਉਂਦੇ ਹਨ ਅਤੇ ਮੁਦਰਾ ਦਾ ਰੂਪ ਇਸ ਲਈ ਅਨੰਤ ਵੱਖ ਵੱਖ ਤੱਤ ਰੱਖਦਾ ਨਜ਼ਰ ਆਉਂਦਾ ਹੈ ਜੋ ਕਿ ਇਸ ਰੂਪ ਤੋਂ ਬਾਹਰੀ ਗੱਲ ਹੈ।

ਹੇਠਲੇ ਵਿਸ਼ਲੇਸ਼ਣ ਦੌਰਾਨ ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਅਸੀਂ ਮੁਦਰਾ ਦੇ ਕੇਵਲ ਉਹਨਾਂ ਰੂਪਾਂ ਨਾਲ਼ ਹੀ ਸਬੰਧਤ ਹਾਂ, ਜਿਹੜੇ ਸਿੱਧੇ ਤੌਰ ’ਤੇ ਜਿਣਸਾਂ ਦੇ ਵਟਾਂਦਰੇ ਵਿੱਚੋਂ ਪੈਦਾ ਹੁੰਦੇ ਹਨ ਤੇ ਮੁਦਰਾ ਦੇ ਅਜਿਹੇ ਰੂਪਾਂ ਨਾਲ਼ ਨਹੀਂ ਜਿਹੜੇ ਉਤਪਾਦਨ ਦੇ ਉਚੇਰੇ ਪੜਾਅ ਨਾਲ਼ ਸਬੰਧ ਰੱਖਦੇ ਹਨ, ਜਿਵੇਂ ਕਰਜ਼ੇ ਦੀ ਮੁਦਰਾ। ਆਸਾਨੀ ਨਾਲ਼ ਗੱਲ ਸਮਝਾਉਣ ਲਈ ਸਾਰੇ ਪਾਠ ਵਿੱਚ ਸੋਨੇ ਨੂੰ ਮੁਦਰਾ ਜਿਣਸ ਮੰਨਿਆ ਗਿਆ ਹੈ।

## 1. ਕਦਰ ਦਾ ਮਾਪ

ਪ੍ਰਚਲਣ ਦਾ ਪਹਿਲਾ ਪੜਾਅ ਵਿਚਾਰਧਾਰਕ ਪੜਾਅ ਹੈ ਜਿਹੜਾ ਅਸਲ ਪ੍ਰਚਲਣ ਦੀ ਤਿਆਰੀ ਲਈ ਹੈ। ਜਿਣਸਾਂ, ਜਿਹੜੀਆਂ ਵਰਤੋਂ ਕਦਰਾਂ ਵਜੋਂ ਹੋਂਦ ਵਿੱਚ ਹਨ, ਉਹਨਾਂ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਇੱਕ ਦੂਜੇ ਨੂੰ ਵਟਾਂਦਰਾ-ਕਦਰਾਂ ਲੱਗਣ, ਠੋਸ ਰੂਪ ਵਿੱਚ ਢਲੇ ਕਿਰਤ ਸਮੇਂ ਦੀ ਨਿਸ਼ਚਿਤ ਮਾਤਰਾ ਲੱਗਣ। ਜਿਵੇਂ ਕਿ ਅਸੀਂ ਵੇਖ ਲਿਆ ਹੈ ਇਸ ਅਮਲ ਵਿੱਚ ਪਹਿਲੀ ਜ਼ਰੂਰੀ ਕਾਰਵਾਈ ਇਹ ਹੁੰਦੀ ਹੈ ਕਿ ਜਿਣਸਾਂ ਇੱਕ ਨਿਸ਼ਚਿਤ

ਜਿਣਸ, ਮੰਨ ਲਓ ਸੋਨੇ ਨੂੰ, ਵੱਖਰਾ ਕੱਢ ਕੇ ਰੱਖ ਦਿੰਦੀਆਂ ਹਨ ਜਿਹੜੀ ਸਰਵ-ਵਿਆਪੀ ਕਿਰਤ ਸਮੇਂ ਦਾ ਸਿੱਧਾ ਮੁਤਬਾਦਲ ਜਾਂ ਸਰਵ-ਵਿਆਪੀ ਸਮਫਲ ਬਣ ਜਾਂਦੀ ਹੈ। ਆਓ ਇੱਕ ਪਲ ਲਈ ਮੁੜ ਉਸ ਰੂਪ ਵੱਲ ਆਈਏ ਜਿਸ ਵਿੱਚ ਸੋਨੇ ਨੂੰ ਜਿਣਸਾਂ ਮੁਦਰਾ ਵਿੱਚ ਬਦਲਦੀਆਂ ਹਨ:

| | |
|---|---|
| 1 ਟਨ ਲੋਹਾ | = 2 ਆਉਂਸ ਸੋਨਾ |
| 1 ਹੰਡਰਡਵੇਟ ਮੋਚਾ ਕੌਫੀ | = 1/4 ਆਉਂਸ ਸੋਨਾ |
| 1/4 ਬੁਸ਼ਲ ਕਣਕ | = 1 ਆਉਂਸ ਸੋਨਾ |
| 1 ਹੰਡਰਡਵੇਟ ਪੋਟਾਸ਼ | = 1/2 ਆਉਂਸ ਸੋਨਾ |
| 1 ਟਨ ਲੱਕੜੀ | = $1\frac{1}{2}$ ਆਉਂਸ ਸੋਨਾ |
| ੳ ਜਿਣਸਾਂ | = ਅ ਆਉਂਸ ਸੋਨਾ |

ਸਮੀਕਰਣਾਂ ਦੀ ਇਸ ਲੜੀ ਵਿੱਚ ਲੋਹਾ, ਕਣਕ, ਕੌਫੀ, ਪੋਟਾਸ਼, ਲੱਕੜ ਆਦਿ ਇੱਕ ਦੂਜੇ ਨੂੰ ਠੋਸ ਵਿੱਚ ਢਲੀ ਇਕਸਾਰ ਕਿਰਤ ਦਿਸਦੀਆਂ ਹਨ, ਭਾਵ ਸੋਨੇ ਵਿੱਚ ਢਲੀ ਕਿਰਤ, ਜਿਸ ਸੋਨੇ ਦੇ ਰੂਪ ਵਿੱਚ ਠੋਸ ਕਿਰਤ ਦੇ ਸਾਰੇ ਨਿੱਖੜਵੇਂ ਪੱਖ, ਜਿਹੜੇ ਵੱਖ ਵੱਖ ਵਰਤੋਂ ਕਦਰਾਂ ਵਿੱਚ ਨਜ਼ਰ ਪੈਂਦੇ ਹਨ ਉਹ ਬਿਲਕੁੱਲ ਮਿਟ ਜਾਂਦੇ ਹਨ। ਉਹ ਕਦਰਾਂ ਵਜੋਂ ਮਿਲਦੀਆਂ ਜੁਲਦੀਆਂ ਹਨ ਭਾਵ ਇੱਕੋ ਕਿਰਤ ਦਾ ਠੋਸ ਰੂਪ ਜਾਂ ਕਿਰਤ ਦਾ ਇੱਕੋ ਜਿਹਾ ਠੋਸ ਰੂਪ – ਸੋਨਾ – ਹਨ। ਕਿਉਂਕਿ ਉਹ ਇੱਕੋ ਕਿਰਤ ਦਾ ਠੋਸ ਰੂਪ ਹਨ ਇਸ ਲਈ ਇਹਨਾਂ ਵਿੱਚ ਇੱਕੋ ਢੰਗ ਦਾ ਫਰਕ ਹੈ ਭਾਵ ਮਾਤਰਾ ਦੇ ਪੱਖੋਂ ਉਹ ਭਿੰਨ ਭਿੰਨ ਹਨ: ਦੂਜੇ ਸ਼ਬਦਾਂ ਵਿੱਚ ਉਹ ਕਦਰ ਦੀਆਂ ਵੱਖ ਵੱਖ ਮਾਤਰਾਵਾਂ ਦਾ ਪ੍ਰਗਟਾਵਾ ਕਰਦੇ ਹਨ ਕਿਉਂਕਿ ਉਹਨਾਂ ਦੀਆਂ ਵਰਤੋਂ ਕਦਰਾਂ ਉੱਤੇ ਕਿਰਤ ਸਮੇਂ ਦੀ ਅਸਮਾਨ ਮਾਤਰਾ ਲੱਗੀ ਹੈ। ਇਹਨਾਂ ਵਿਅਕਤੀਗਤ ਜਿਣਸਾਂ ਦੀ ਇੱਕ ਦੂਜੇ ਨਾਲ਼ ਸਰਵ-ਵਿਆਪੀ ਕਿਰਤ-ਸਮੇਂ ਦੇ ਪੁੰਜਾਂ ਵਜੋਂ ਤੁਲਨਾ ਕੀਤੀ ਜਾ ਸਕਦੀ ਹੈ ਕਿਉਂਕਿ ਬਾਹਰ ਵੱਖਰੀ ਰੱਖੀ ਜਿਣਸ, ਭਾਵ ਸੋਨੇ, ਦੇ ਰੂਪ ਵਿੱਚ ਉਹਨਾਂ ਦੀ ਸਰਵ-ਵਿਆਪੀ ਕਿਰਤ ਸਮੇਂ ਨਾਲ਼ ਤੁਲਨਾ ਕੀਤੀ ਗਈ ਹੈ। ਇਹੋ ਸੰਜੀਵ ਸਬੰਧ, ਜਿਸ ਦੇ ਸਿੱਟੇ ਵਜੋਂ ਜਿਣਸਾਂ ਇੱਕ ਦੂਜੇ ਲਈ ਵਟਾਂਦਰਾ-ਕਦਰਾਂ ਬਣ ਜਾਂਦੀਆਂ ਹਨ, ਸੋਨੇ ਉੱਤੇ ਲੱਗੇ ਕਿਰਤ ਸਮੇਂ ਨੂੰ ਸਰਵ-ਵਿਆਪੀ ਕਿਰਤ-ਸਮਾਂ ਪ੍ਰਗਟ ਕਰਨ ਦੇ ਯੋਗ ਬਣਾ ਦਿੰਦਾ ਹੈ, ਜਿਸ ਦੀ ਇੱਕ ਖਾਸ ਮਾਤਰਾ ਲੋਹੇ, ਕਣਕ, ਕੌਫ਼ੀ ਆਦਿ ਦੀਆਂ ਵੱਖ ਵੱਖ ਮਾਤਰਾਂ ਵਿੱਚ ਪ੍ਰਗਟ ਹੁੰਦੀ ਹੈ; ਸੰਖੇਪ ਵਿੱਚ ਸਾਰੀਆਂ ਜਿਣਸਾਂ ਦੀਆਂ ਵਰਤੋਂ ਕਦਰਾਂ ਵਿੱਚ ਜ਼ਾਹਰ ਹੁੰਦੀ ਹੈ; ਜਾਂ ਇਹ ਸਿੱਧੇ ਤੌਰ ’ਤੇ ਸਮਫਲ ਜਿਣਸਾਂ ਦੀ ਅਨਿਸ਼ਚਿਤ ਲੜੀ ਰਾਹੀਂ ਪ੍ਰਗਟ ਕੀਤੀ ਜਾ ਸਕਦੀ ਹੈ। ਕਿਉਂਕਿ ਸਾਰੀਆਂ ਜਿਣਸਾਂ ਦੀ ਵਟਾਂਦਰਾ-ਕਦਰ ਸੋਨੇ ਵਿੱਚ ਪ੍ਰਗਟ ਕੀਤੀ ਗਈ ਹੈ, ਇਸ ਲਈ ਸੋਨੇ ਦੀ ਵਟਾਂਦਰਾ ਕਦਰ ਸਾਰੀਆਂ ਜਿਣਸਾਂ ਵਿੱਚ ਪ੍ਰਗਟ ਕੀਤੀ ਗਈ ਹੈ। ਕਿਉਂਕਿ ਜਿਣਸਾਂ ਆਪ ਇੱਕ ਦੂਜੇ ਲਈ ਵਟਾਂਦਰਾ ਕਦਰ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਇਸ ਲਈ ਉਹ ਸੋਨੇ ਨੂੰ ਸਰਵ-ਵਿਆਪੀ ਸਮਫਲ ਜਾਂ ਮੁਦਰਾ ਵਿੱਚ ਬਦਲ ਦਿੰਦੀਆਂ ਹਨ।

ਸੋਨਾ **ਕਦਰ ਦਾ ਮਾਪ** ਬਣ ਜਾਂਦਾ ਹੈ ਕਿਉਂਕਿ ਸਭ ਜਿਣਸਾਂ ਦੀ ਕਦਰ ਸੋਨੇ ਵਿੱਚ ਮਾਪੀ ਜਾਂਦੀ ਹੈ, ਸੋਨੇ ਦੀ ਇੱਕ ਨਿਸ਼ਚਿਤ ਮਾਤਰਾ ਅਤੇ ਜਿਣਸ ਦੀ ਇੱਕ ਨਿਸ਼ਚਿਤ ਮਾਤਰਾ ਜਿਨ੍ਹਾਂ ਵਿੱਚ ਕਿਰਤ ਸਮੇਂ ਦੀ ਇਕੋ ਜਿਤਨੀ ਮਾਤਰਾ ਲੱਗੀ ਹੁੰਦੀ ਹੈ, ਦੇ ਸਬੰਧ ਵਿੱਚ ਪ੍ਰਗਟ ਕੀਤੀ ਜਾਂਦੀ ਹੈ। ਆਰੰਭ ਵਿੱਚ ਸੋਨਾ ਸਰਵ-ਵਿਆਪੀ ਸਮਫਲ ਜਾਂ ਮੁਦਰਾ ਇਸ ਲਈ ਬਣ ਗਿਆ ਕਿਉਂਕਿ ਕੇਵਲ ਇਹੋ ਕਦਰ ਦੇ ਮਾਪ ਦਾ ਕੰਮ ਕਰਦਾ ਹੈ ਅਤੇ ਇਸ ਤਰ੍ਹਾਂ ਇਸ ਦੀ ਆਪਣੀ ਕਦਰ ਹੋਰ ਸਭ ਜਿਣਸਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਸ ਬਿਆਨ ਵਿੱਚ ਗੁਣਾਤਮਕ ਅਤੇ ਗਿਣਨਾਤਮਕ ਪੱਖਾਂ ਵਿੱਚ ਫਰਕ ਸਮਝਣਾ ਚਾਹੀਦਾ ਹੈ। ਜਿਣਸ ਦੀ ਵਟਾਂਦਰਾ-ਕਦਰ ਬਰਾਬਰ ਦੇ ਇਕਸਾਰ ਕਿਰਤ-ਸਮੇਂ ਦੇ ਰੂਪ ਵਿੱਚ ਕਾਇਮ ਹੁੰਦੀ ਹੈ, ਇਸ ਤਰ੍ਹਾਂ ਜਿਣਸ ਦੀ ਕਦਰ ਦਾ ਪੂਰਾ ਪ੍ਰਗਟਾਵਾ ਹੁੰਦਾ ਹੈ ਕਿਉਂਕਿ ਜਿਸ ਹੱਦ ਤੱਕ ਜਿਣਸਾਂ ਸੋਨੇ ਨਾਲ਼ ਮਿਣੀਆਂ ਜਾਂਦੀਆਂ ਹਨ, ਉਹ ਇਕ ਦੂਜੀ ਨਾਲ਼ ਵੀ ਮਿਣੀਆਂ ਜਾਂਦੀਆਂ ਹਨ। ਉਹਨਾਂ ਦਾ ਸੁਨਹਿਰੀ ਸਮਫਲ ਇੱਕ ਪਾਸੇ ਉਹਨਾਂ ਵਿੱਚ ਲੱਗੇ ਕਿਰਤ-ਸਮੇਂ ਦੇ ਸਰਵ-ਵਿਆਪੀ ਕਰਦਾਰ ਦਾ ਪ੍ਰਗਟਾਵਾ ਕਰਦਾ ਹੈ ਅਤੇ ਦੂਜੇ ਪਾਸੇ ਇਸ ਦੀ ਮਾਤਰਾ ਦਾ ਪ੍ਰਗਟਾਵਾ ਕਰਦਾ ਹੈ। ਇੱਕ ਜਿਣਸ ਦਾ ਇਸ ਤਰ੍ਹਾਂ ਸਰਵ-ਵਿਆਪੀ ਸਮਫਲ ਵਿੱਚ ਪ੍ਰਗਟ ਕੀਤੀ ਜਾਂਦੀ ਵਟਾਂਦਰਾ ਕਦਰ ਅਤੇ ਨਾਲ਼ ਦੀ ਨਾਲ਼ ਇਸ ਸਮਫਲ ਦੀ ਇੱਕ ਨਿਸ਼ਚਿਤ ਜਿਣਸ ਦੇ ਪ੍ਰਸੰਗ ਵਿੱਚ ਦਰਜਾ ਉਹ ਇੱਕ ਸਮੀਕਰਣ ਹੈ ਜਿਸ ਰਾਹੀਂ ਜਿਣਸਾਂ ਦਾ ਇਕ ਨਿਸ਼ਚਿਤ ਜਿਣਸ ਨਾਲ਼ ਸਮੀਕਰਣ ਕੀਤਾ ਜਾਂਦਾ ਹੈ ਤੇ ਇਹ ਕੀਮਤ ਬਣਦੀ ਹੈ। ਕੀਮਤ ਉਹ ਬਦਲਿਆ ਰੂਪ ਹੈ ਜਿਸ ਵਿੱਚ ਜਿਣਸਾਂ ਦੀ ਵਟਾਂਦਰਾ ਕਦਰ ਪ੍ਰਚਲਣ ਦੀ ਕਿਰਿਆ ਦੇ ਵਿੱਚ ਜ਼ਾਹਰ ਹੁੰਦੀ ਹੈ।

ਜਿਣਸਾਂ ਦੀ ਕਦਰ ਸੋਨੇ ਦੀ ਕੀਮਤ ਵਿੱਚ ਪ੍ਰਗਟ ਕਰਨ ਦੇ ਇਸੇ ਅਮਲ ਦੇ ਸਿੱਟੇ ਵਜੋਂ, ਸੋਨਾ ਕਦਰ ਦੇ ਮਾਪ ਵਿੱਚ ਤੇ ਇਸ ਤਰ੍ਹਾਂ ਮੁਦਰਾ ਵਿੱਚ ਬਦਲ ਜਾਂਦਾ ਹੈ। ਜੇ ਸਾਰੀਆਂ ਜਿਣਸਾਂ ਦੀਆਂ ਕਦਰਾਂ ਚਾਂਦੀ, ਕਣਕ ਜਾਂ ਤਾਂਬੇ ਵਿੱਚ ਮਿਣੀਆਂ ਜਾਂਦੀਆਂ ਅਤੇ ਫਲਸਰੂਪ ਚਾਂਦੀ, ਕਣਕ ਜਾਂ ਤਾਂਬੇ ਵਿੱਚ ਕੀਮਤਾਂ ਰਾਹੀਂ ਪ੍ਰਗਟ ਕੀਤੀਆਂ ਜਾਂਦੀਆਂ ਹਨ ਤਾਂ ਚਾਂਦੀ, ਕਣਕ ਜਾਂ ਤਾਂਬਾ ਕਦਰ ਦਾ ਮਾਪ ਸਿੱਟੇ ਵਜੋਂ ਸਰਵ-ਵਿਆਪੀ ਸਮਫਲ ਬਣ ਜਾਂਦੇ, ਜਿਣਸਾਂ ਪ੍ਰਚਲਣ ਤੋਂ ਪਹਿਲਾਂ ਅਵੱਸ਼ਕ ਤੌਰ ’ਤੇ ਜਿਣਸਾਂ ਬਣਨੀਆਂ ਚਾਹੀਦੀਆਂ ਹਨ ਤਾਂ ਹੀ ਉਹ ਪ੍ਰਚਲਣ ਵਿੱਚ ਕੀਮਤਾਂ ਦੇ ਰੂਪ ਵਿੱਚ ਪ੍ਰਗਟ ਹੋ ਸਕਦੀਆਂ ਹਨ। ਸੋਨਾ ਕਦਰ ਦਾ ਮਾਪ ਇਸੇ ਲਈ ਬਣ ਜਾਂਦਾ ਹੈ ਕਿਉਂਕਿ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਸੋਨੇ ਵਿੱਚ ਪ੍ਰਗਟ ਕੀਤੀ ਜਾਂਦੀ ਹੈ। ਇਸ ਜਾਨਦਾਰ ਸਬੰਧ ਦੀ ਸਰਵ-ਵਿਆਪਕਤਾ, ਜਿਸ ਦੇ ਕਾਰਨ ਹੀ ਸੋਨੇ ਵਿੱਚ ਇੱਕ ਮਾਪ ਵਜੋਂ ਸਾਹਮਣੇ ਆਉਣ ਦੀ ਸਮਰੱਥਾ ਪੈਦਾ ਹੁੰਦੀ ਹੈ, ਉਸ ਦੀ ਪਹਿਲੀ ਸ਼ਰਤ ਇਹ ਹੈ ਕਿ ਹਰ ਇਕੱਲੀ ਜਿਣਸ ਸੋਨੇ ਅਨੁਸਾਰ ਮਾਪੀ ਜਾਂਦੀ ਹੈ, ਦੋਹਾਂ ਵਿੱਚ ਲੱਗੇ ਕਿਰਤ ਸਮੇਂ ਅਨੁਸਾਰ ਮਾਪੀ ਜਾਂਦੀ ਹੈ ਤਾਂ ਜੋ ਦੋਹਾਂ, ਜਿਣਸ ਅਤੇ ਸੋਨੇ, ਦਾ ਅਸਲ ਮਾਪ ਖ਼ੁਦ ਕਿਰਤ ਹੀ ਹੈ। ਇਸ ਦਾ ਭਾਵ ਹੈ ਕਿ ਜਿਣਸ ਅਤੇ ਸੋਨਾ ਦੋਵੇਂ ਵਟਾਂਦਰਾ ਕਦਰ ਵਜੋਂ ਸਿੱਧੇ ਵਟਾਂਦਰੇ ਰਾਹੀਂ ਸਮਾਨ ਕੀਤੇ ਜਾਂਦੇ ਹਨ। ਇਹ ਸਮਾਨੀਕਰਣ ਅਮਲ ਵਿੱਚ ਕਿਵੇਂ

ਕੀਤਾ ਜਾਂਦਾ ਹੈ ਇਹ ਸਾਦਾ ਪ੍ਰਚਲਣ ਦੇ ਪ੍ਰਬੰਧ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਤਾਂ ਵੀ ਇਹ ਪ੍ਰਤੱਖ ਹੈ ਕਿ ਉਹਨਾਂ ਦੇਸ਼ਾਂ ਵਿੱਚ ਜਿੱਥੇ ਸੋਨਾ ਅਤੇ ਚਾਂਦੀ ਪੈਦਾ ਕੀਤੇ ਜਾਂਦੇ ਹਨ, ਕਿਰਤ ਸਮੇਂ ਦੀ ਨਿਸ਼ਚਿਤ ਮਾਤਰਾ ਸੋਨੇ ਅਤੇ ਚਾਂਦੀ ਇੱਕ ਨਿਸ਼ਚਿਤ ਮਾਤਰਾ ਵਿੱਚ ਸਿੱਧੇ ਤੌਰ 'ਤੇ ਲੱਗਦੀ ਹੈ। ਜਦ ਕਿ ਉਹ ਦੇਸ਼ ਜਿੱਥੇ ਸੋਨਾ ਅਤੇ ਚਾਂਦੀ ਪੈਦਾ ਨਹੀਂ ਕੀਤੇ ਜਾਂਦੇ, ਆਪਣੀਆਂ ਘਰੇਲੂ ਵਸਤਾਂ ਨੇ ਸਿੱਧੇ ਜਾਂ ਅਸਿੱਧੇ ਵਟਾਂਦਰੇ ਰਾਹੀਂ ਭਾਵ ਆਪਣੀ ਔਸਤ ਕੌਮੀ ਕਿਰਤ ਦੀ ਨਿਸ਼ਚਿਤ ਮਾਤਰਾ ਦੀ ਖਾਨਾਂ ਵਾਲ਼ੇ ਦੇਸ਼ਾਂ ਦੀ ਸੋਨੇ ਚਾਂਦੀ ਵਿੱਚ ਲੱਗੀ ਕਿਰਤ ਦੀ ਖਾਸ ਮਾਤਰਾ ਨਾਲ਼ ਵਟਾਂਦਰੇ ਰਾਹੀਂ ਵੱਲ਼ ਵਲ਼ੇਵੇਂ ਪਾ ਕੇ ਇਸੇ ਸਿੱਟੇ 'ਤੇ ਪੁੱਜਦੇ ਹਨ। ਸੋਨੇ ਨੇ ਜੇ ਕਦਰ ਦੇ ਮਾਪ ਦਾ ਕਮ ਕਰਨਾ ਹੈ ਤਾਂ ਇਹ ਜ਼ਰੂਰ ਹੀ ਇੱਕ **ਅਸਥਿਰ** ਕਦਰ ਹੋਣੀ ਚਾਹੀਦੀ ਹੈ, ਕਿਉਂਕਿ ਇਹ ਕਿਰਤ-ਸਮੇਂ ਦਾ ਬਦਲ ਬਣ ਕੇ ਹੀ ਸਾਰੀਆਂ ਦੂਸਰੀਆਂ ਜਿਣਸਾਂ ਦਾ ਸਮਫਲ ਬਣ ਸਕਦਾ ਹੈ। ਪਰ ਠੋਸ ਕਿਰਤ ਦੀ ਉਪਜਾਇਕਤਾ ਵਿੱਚ ਤਬਦੀਲੀਆਂ ਦੇ ਸਿੱਟੇ ਵਜੋਂ ਇੱਕੋ ਜਿੰਨਾ ਕਿਰਤ ਸਮਾਂ ਇੱਕੋ ਕਿਸਮ ਦੀਆਂ ਵਰਤੋਂ ਕਦਰਾਂ ਦੀਆਂ ਵੱਖ ਵੱਖ ਮਾਤਰਾਵਾਂ ਉੱਤੇ ਲੱਗਦਾ ਹੈ। ਸਾਰੀਆਂ ਜਿਣਸਾਂ ਦਾ ਸੋਨੇ ਵਿੱਚ ਮੁੱਲ ਪਾਉਣਾ – ਕਿਸੇ ਜਿਣਸ ਦੀ ਵਟਾਂਦਰਾ ਕਦਰ ਕਿਸੇ ਹੋਰ ਜਿਣਸ ਦੀ ਵਰਤੋਂ ਕਦਰ ਦੇ ਰੂਪ ਵਿੱਚ ਪ੍ਰਗਟ ਕਰਨ – ਇਹ ਗੱਲ ਪਹਿਲੋਂ ਹੀ ਮੰਨ ਕੇ ਹੁੰਦਾ ਹੈ ਕਿ ਕਿਸੇ ਦਿੱਤੇ ਸਮੇਂ 'ਤੇ ਸੋਨਾ ਕਿਰਤ-ਸਮੇਂ ਦੀ ਨਿਸ਼ਚਿਤ ਮਾਤਰਾ ਦਾ ਪ੍ਰਗਟਾਵਾ ਕਰਦਾ ਹੈ। ਵਟਾਂਦਰਾ ਕਦਰ ਦਾ ਕਾਨੂੰਨ ਜਿਹੜਾ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਉਹ ਸੋਨੇ ਦੀ ਕਦਰ ਵਿੱਚ ਹੁੰਦੀਆਂ ਤਬਦੀਲੀਆਂ ਉੱਤੇ ਵੀ ਲਾਗੂ ਹੁੰਦਾ ਹੈ। ਜੇ ਜਿਣਸਾਂ ਦੀ ਵਟਾਂਦਰਾ ਕਦਰ ਅਣਬਦਲੀ ਰਹਿੰਦੀ ਹੈ ਤਾਂ ਉਹਨਾਂ ਦੀਆਂ ਕੀਮਤਾਂ ਵਿੱਚ ਸੋਨੇ ਦੇ ਪ੍ਰਸੰਗ ਵਿੱਚ ਆਮ ਵਾਧਾ ਤਾਂ ਹੀ ਹੋ ਸਕਦਾ ਹੈ ਜੇ ਸੋਨੇ ਦੀ ਵਟਾਂਦਰਾ-ਕਦਰ ਘਟ ਜਾਵੇ। ਜੇ ਸੋਨੇ ਦੀ ਵਟਾਂਦਰਾ-ਕਦਰ ਅਣਬਦਲੀ ਰਹੇ ਤਾਂ ਕੀਮਤ ਵਿੱਚ ਆਮ ਵਾਧਾ ਸੋਨੇ ਦੀ ਪ੍ਰਸੰਗ ਵਿੱਚ ਤਾਂ ਹੀ ਸੰਭਵ ਹੈ ਜੇ ਹੋਰ ਸਾਰੀਆਂ ਜਿਣਸਾਂ ਦੀ ਵਟਾਂਦਰਾ ਕਦਰ ਵੱਧ ਜਾਵੇ। ਜਿਣਸਾਂ ਦੀਆਂ ਕੀਮਤਾਂ ਵਿੱਚ ਆਮ ਗਿਰਾਵਟ ਹੋਣ ਦੀ ਸੂਰਤ ਵਿੱਚ ਇਸ ਦੇ ਉਲਟ ਹੁੰਦਾ ਹੈ। ਜੇ ਇੱਕ ਆਉਂਸ ਸੋਨੇ ਦਾ ਭਾਅ, ਇਸਦੇ ਉਤਪਾਦਨ ਲਈ ਲੋੜੀਂਦੇ ਕਿਰਤ ਸਮੇਂ ਦੀ ਮਾਤਰਾ ਵਿੱਚ ਫਰਕ ਪੈਣ ਦੇ ਸਿੱਟੇ ਵਜੋਂ ਘੱਟ ਜਾਂ ਵੱਧ ਜਾਂਦੀ ਹੈ ਤਾਂ ਇਹ ਸਾਰੀਆਂ ਜਿਣਸਾਂ ਦੇ ਪ੍ਰਸੰਗ ਵਿੱਚ **ਇਕਸਾਰ** ਹੀ ਘਟੇ ਜਾਂ ਵਧੇਗੀ ਤੇ ਇਸ ਲਈ ਉਹਨਾਂ ਸਾਰੀਆਂ ਲਈ ਕਿਰਤ ਸਮੇਂ ਦੀ **ਨਿਸ਼ਚਿਤ** ਮਾਤਰਾ ਦਾ ਪ੍ਰਗਟਾਵਾ ਕਰਦੀ ਰਹੇਗੀ। ਇਹੋ ਵਟਾਂਦਰਾ ਕਦਰਾਂ ਹੁਣ ਸੋਨੇ ਦੀਆਂ ਮਾਤਰਾਵਾਂ ਵਿੱਚ ਮਿਣੀਆਂ ਜਾਣਗੀਆਂ, ਜਿਹੜੀਆਂ ਮਾਤਰਾਵਾਂ ਪਹਿਲਾਂ ਨਾਲੋਂ ਘੱਟ ਜਾਂ ਵੱਧ ਹੋਣਗੀਆਂ, ਪਰ ਇਹਨਾਂ ਦਾ ਅੰਦਾਜ਼ਾ ਇਹਨਾਂ ਦੀਆਂ ਕਦਰਾਂ ਅਨੁਸਾਰ ਲਾਇਆ ਜਾਵੇਗਾ ਅਤੇ ਇਸ ਲਈ ਇੱਕ ਦੂਜੇ ਦੇ ਅਨੁਪਾਤ ਵਿੱਚ ਇੱਕ ਜਿਤਨੀ ਕਦਰ ਕਾਇਮ ਰੱਖਣਗੀਆਂ: 2:4:8 ਦਾ ਅਨੁਪਾਤ ਇਕ ਰਹਿੰਦਾ ਹੈ ਚਾਹੇ ਇਹ 1:2:4 ਹੋ ਜਾਵੇ ਜਾਂ 4:8:16 ਹੋ ਜਾਵੇ। ਇਹ ਤੱਥ ਕਿ ਸੋਨੇ ਨੂੰ ਕਦਰ ਦਾ ਮਾਪ ਹੋਣ ਦਾ ਕੰਮ ਕਰਨੋਂ ਰੋਕਦਾ ਨਹੀਂ ਜਿਵੇਂ ਇਹ ਤੱਥ ਕਿ ਚਾਂਦੀ ਦੀ ਕਦਰ ਸੋਨੇ ਦੀ ਕਦਰ ਦਾ ਪੰਦਰ੍ਹਵਾਂ ਹਿੱਸਾ ਹੈ, ਪਰ ਇਹ ਚਾਂਦੀ ਨੂੰ ਸੋਨੇ ਦਾ ਇਹ ਕਾਰਜ ਸੰਭਾਲ ਲੈਣ ਤੋਂ ਨਹੀਂ ਰੋਕ ਸਕਦਾ।

ਕਿਰਤ ਸਮਾਂ ਦੋਹਾਂ ਸੋਨੇ ਅਤੇ ਜਿਣਸਾਂ ਦਾ ਮਾਪ ਹੈ ਅਤੇ ਸੋਨਾ ਕਦਰ ਦਾ ਮਾਪ ਤਾਂ ਹੀ ਬਣਦਾ ਹੈ ਕਿਉਂਕਿ ਸਾਰੀਆਂ ਜਿਣਸਾਂ ਸੋਨੇ ਨਾਲ਼ ਮਾਪੀਆਂ ਜਾਂਦੀਆਂ ਹਨ, ਫਲਸਰੂਪ ਇਹ ਕੇਵਲ ਇੱਕ ਭੁਲੇਖਾ ਹੀ ਹੈ ਕਿ ਕਿਹੜਾ ਪ੍ਰਚਲਣ ਦੀ ਕਿਰਿਆ ਨੇ ਪੈਦਾ ਕੀਤਾ ਹੈ ਕਿ ਮੁਦਰਾ ਜਿਣਸਾਂ ਨੂੰ ਸਮ-ਮਾਪੀ ਬਣਾਉਂਦੀ ਹੈ।* ਇਸ ਦੇ ਉਲਟ ਇਹ ਜਿਣਸਾਂ ਦੀ ਸਮ-ਮਾਪੀ ਬਣਨ ਦੀ ਖ਼ੂਬੀ ਹੈ ਜਿਹੜੀ ਸੋਨੇ ਨੂੰ ਮੁਦਰਾ ਵਿੱਚ ਬਦਲਦੀ ਹੈ।

ਉਹ ਠੋਸ ਜਿਸ ਵਿੱਚ ਜਿਣਸਾਂ ਵਟਾਂਦਰਾ ਦੀ ਕਿਰਿਆ ਵਿੱਚ ਦਾਖਲ ਹੁੰਦੀਆਂ ਹਨ ਉਹ ਇਹਨਾਂ ਦਾ ਵਰਤੋਂ ਕਦਰਾਂ ਦਾ ਰੂਪ ਹੈ। ਜਿਣਸਾਂ ਸਰਵ-ਵਿਆਪੀ ਸਮਫਲ ਆਪਣੇ ਵਿਰਕਤੀ ਦੇ ਸਿੱਟੇ ਵਜੋਂ ਹੀ ਬਣਦੀਆਂ ਹਨ। ਉਹਨਾਂ ਦੀ ਕਿਰਤ ਨਿਰਧਾਰਤ ਕਰਨਾ ਕੇਵਲ ਉਹਨਾਂ ਨੂੰ ਸ਼ਬਦਾਂ ਵਿੱਚ ਸਰਵ-ਵਿਆਪੀ ਸਮਫਲ ਬਣਾਉਣਾ ਹੈ, ਉਹਨਾਂ ਨੂੰ ਸੋਨੇ ਦੇ ਸਮਾਨ ਕਰਨਾ ਹੈ ਜਿਹੜਾ ਅੱਜ ਕੱਲ੍ਹ ਵੀ ਅਮਲ ਵਿੱਚ ਕਰਨਾ ਪੈਂਦਾ ਹੈ। ਪਰ ਕਿਉਂਕਿ ਕੀਮਤਾਂ ਜਿਣਸਾਂ ਨੂੰ ਕੇਵਲ ਨਾਂਅ ਵਿੱਚ ਹੀ ਸੋਨੇ ਵਿੱਚ ਬਦਲਦੀਆਂ ਹਨ ਜਾਂ ਕਾਲਪਨਿਕ ਤੌਰ ’ਤੇ ਹੀ ਸੋਨੇ ਵਿੱਚ ਬਦਲਦੀਆਂ ਹਨ – ਭਾਵ ਜਿਣਸਾਂ ਦੀ ਮੁਦਰਾ ਵਜੋਂ ਹੋਂਦ ਅਜੇ ਉਹਨਾਂ ਦੀ ਅਸਲ ਹੋਂਦ ਤੋਂ ਨਿਖੇੜੀ ਨਹੀਂ ਗਈ – ਇਸ ਲਈ ਸੋਨੇ ਦਾ ਕਾਲਪਨਿਕ

---

* ਨਿਰਸੰਦੇਹ ਅਰਿਸਟਾਟਲ ਸਮਝਦਾ ਹੈ ਕਿ ਜਿਣਸਾਂ ਦਾ ਵਟਾਂਦਰਾ-ਕਦਰ ਜਿਣਸਾਂ ਦੀਆਂ ਕੀਮਤਾਂ ਤੋਂ ਅਗੇਤਰੀ ਹੁੰਦੀ ਹੈ ਜਦ ਕਿ ਮਾਤਰਾ ਦੇ ਹੋਂਦ ਵਿੱਚ ਲਿਆਉਣ ਤੋਂ ਪਹਿਲਾਂ ਵਟਾਂਦਰਾ ਹੁੰਦਾ ਸੀ, ਇਹ ਗੱਲ ਸਾਫ ਹੈ; ਕਿਉਂਕਿ ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ ਕੀ ਇਹ ਪੰਜ ਬਿਸਤਰੇ ਹਨ ਜਿਹੜੇ ਇੱਕ ਘਰ ਲਈ ਬਦਲੇ ਜਾਂਦੇ ਹਨ ਜਾਂ ਪੰਜ ਬਿਸਤਰਿਆਂ ਦੀ ਮੁਦਰਾ ਵਿੱਚ ਕਦਰ।” ਦੂਜੇ ਪਾਸੇ ਕਿਉਂਕਿ ਇਹ ਕੀਮਤਾਂ ਰਾਹੀਂ ਹੀ ਹੈ ਕਿ ਜਿਣਸਾਂ ਇੱਕ ਦੂਜੇ ਦੇ ਪ੍ਰਸੰਗ ਵਿੱਟ ਵਟਾਂਦਰਾ-ਕਦਰਾਂ ਦਾ ਰੂਪ ਗ੍ਰਹਿਣ ਕਰਦੀਆਂ ਹਨ, ਉਹ ਉਹਨਾਂ ਨੂੰ ਮੁਦਰਾ ਨਾਲ਼ ਸਮਮਾਪੀ ਬਣਾਉਂਦਾ ਹੈ। “ਇਹੋ ਕਾਰਨ ਹੈ ਕਿ ਸਾਰੀਆਂ ਚੀਜ਼ਾਂ ਦੀ ਕੀਮਤ ਹੋਣੀ ਚਾਹੀਦੀ ਹੈ; ਕਿਉਂਕਿ ਇਸ ਨਾਲ਼ ਹਮੇਸ਼ਾ ਵਟਾਂਦਰਾ ਚੱਲਦਾ ਰਹੇਗਾ ਅਤੇ ਅਜਿਹਾ ਹੋਵੇਗਾ ਤੇ ਮਨੁੱਖ ਦੂਜੇ ਮਨੁੱਖ ਨਾਲ਼ ਮਿਲਦਾ ਰਹੇਗਾ। ਮੁਦਰਾ, ਇੱਕ ਮਾਪ ਵਜੋਂ ਕੰਮ ਕਰਦੇ ਹੋਏ ਚੀਜ਼ਾਂ ਨੂੰ ਸਮਮਾਪੀ ਅਤੇ ਸਮਾਨ ਬਣਾਉਂਦੀ ਹੈ; ਕਿਉਂਕਿ ਜੇ ਵਟਾਂਦਰਾ ਨਾ ਹੁੰਦਾ ਤਾਂ ਮੇਲ-ਮਿਲਾਪ ਵੀ ਨਾ ਹੁੰਦਾ, ਤੇ ਜੇ ਸਮਾਨਤਾ ਨਾ ਹੁੰਦੀ ਤਾਂ ਵਟਾਂਦਰਾ ਵੀ ਨਾ ਹੁੰਦਾ ਅਤੇ ਜੇ ਸਮਾਂ ਆਮ ਯੋਗਤਾ ਨਾ ਹੁੰਦੀ ਤਾਂ ਸਮਾਨਤਾ ਵੀ ਨਾ ਹੁੰਦੀ।” ਅਰਸਤੂ ਇਹ ਤੱਥ ਸਮਝਦਾ ਹੈ ਕਿ ਵੱਖ ਵੱਖ ਜਿਣਸਾਂ ਜਿਹੜੀਆਂ ਮੁਦਰਾ ਨਾਲ਼ ਮਾਪੀਆਂ ਜਾਂਦੀਆਂ ਹਨ ਬਿਲਕੁਲ ਹੀ ਅਣ-ਸਮਮਾਪੀ ਅਕਾਰਥ ਦੀਆਂ ਹਨ। ਉਹ ਜਿਹੜੀ ਚੀਜ਼ ਲੱਭਦਾ ਹੈ ਉਹ ਹੈ ਵਟਾਂਦਰਾ-ਕਦਰਾਂ ਵਜੋਂ ਜਿਣਸਾਂ ਦਾ ਇੱਕੋ ਜਿਹੀਆਂ ਹੋਣਾ ਅਤੇ ਕਿਉਂਕਿ ਉਹ ਪੁਰਾਤਨ ਯੂਨਾਨ ਵਿੱਚ ਰਹਿੰਦਾ ਸੀ ਇਸ ਲਈ ਉਸ ਲਈ ਇਹ ਗੱਲ ਲੱਭ ਸਕਣਾ ਅਸੰਭਵ ਸੀ। ਉਹ ਮੁਕੰਮਲ ਤੌਰ ’ਤੇ ਅਣ-ਸਮਮਾਪੀ ਚੀਜ਼ਾਂ ਨੂੰ ਮੁਦਰਾ ਰਾਹੀਂ ਸਮਮਾਪੀ ਬਣਾ ਕੇ ਆਪਣੇ ਆਪ ਨੂੰ ਇਸ ਉਲਝਣ ਵਿੱਚੋਂ ਕੱਢਦਾ ਹੈ। “ਇਹ ਗੱਲ ਅਸੰਭਵ ਹੈ ਕਿ ਇਤਨਾ ਫਰਕ ਰੱਖਦੀਆਂ ਚੀਜ਼ਾਂ ਸਮਮਾਪੀ ਬਣ ਜਾਣ, ਪਰ ਮੰਗ ਦੇ ਪ੍ਰਸੰਗ ਵਿੱਚ ਉਹ ਕਾਫੀ ਹੱਦ ਤੱਕ ਅਜਿਹੀਆਂ ਹੋ ਸਕਦੀਆਂ ਹਨ।” (ਅਰਸਤੂ ਦੀ ਐਥਿਲਾ ਨਿਕੋਮਾਸ਼ੀਆ ਜਿਲਦ 25, ਚੈਪਟਰ 8, ਅੰਗਰੇਜ਼ੀ ਅਨੁਵਾਦ ਡਬਲਿਯੂ. ਡੀ. ਰਾਜ ਆਰਕਫਾਰਡ, 1925)।

ਮੁਦਰਾ ਵਿੱਚ ਹੀ ਰੂਪਾਂਤਰ ਕੀਤਾ ਗਿਆ ਹੈ। ਕੇਵਲ ਕਦਰ ਦੇ ਮਾਪ ਵਿੱਚ ਰੂਪਾਂਤਰਣ ਕੀਤਾ ਗਿਆ ਹੈ ਅਤੇ ਸੋਨੇ ਦੀਆਂ ਨਿਸ਼ਚਿਤ ਮਾਤਰਾਵਾਂ ਅਸਲ ਵਿੱਚ ਕੇਵਲ ਕਿਰਤ-ਸਮੇਂ ਦੀਆਂ ਵੱਖ ਵੱਖ ਮਾਤਰਾਵਾਂ ਦੇ ਨਾਵਾਂ ਦਾ ਹੀ ਕੰਮ ਕਰਦੀਆਂ ਹਨ। ਉਹ ਨਿੱਖੜਵਾਂ ਰੂਪ ਜਿਸ ਵਿੱਚ ਸੋਨਾ ਨਿੱਖਰ ਕੇ ਮੁਦਰਾ ਦੇ ਰੂਪ ਵਿੱਚ ਜ਼ਾਹਰ ਹੁੰਦਾ ਹੈ, ਹਰ ਇੱਕ ਮਾਮਲੇ ਵਿੱਚ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜਿਣਸਾਂ ਦੀਆਂ ਵਟਾਂਦਰਾ-ਕਦਰਾਂ ਦਾ ਇੱਕ ਦੂਜੇ ਦੇ ਸਬੰਧ ਵਿੱਚ ਪ੍ਰਗਟਾਵਾ ਕਿਸ ਢੰਗ ਨਾਲ਼ ਹੁੰਦਾ ਹੈ।

ਤਦ ਜਿਣਸਾਂ ਦੂਹਰੇ ਰੂਪ ਵਿੱਚ ਇੱਕ ਦੂਜੇ ਦੇ ਸਾਹਮਣੇ ਆਉਂਦੀਆਂ ਹਨ, ਅਸਲ ਵਿੱਚ ਵਰਤੋਂ ਕਦਰਾਂ ਵਜੋਂ ਤੇ ਨਾਂਅ ਨੂੰ ਵਟਾਂਦਰਾ ਕਦਰਾਂ ਵਜੋਂ। ਉਹ ਇੱਕ ਦੂਜੇ ਲਈ ਕਿਰਤ ਦੇ ਦੂਹਰੇ ਰੂਪ ਦਾ ਪ੍ਰਗਟਾਵਾ ਕਰਦੀਆਂ ਹਨ ਜਿਹੜੀ ਉਹਨਾਂ ਵਿੱਚ ਲੱਗੀ ਹੁੰਦੀ ਹੈ। ਕਿਉਂਕਿ ਖਾਸ ਕਿਸਮ ਦੀ ਠੋਸ ਕਿਰਤ ਉਹਨਾਂ ਦੀ ਵਰਤੋਂ ਕਦਰ ਬਣਦੀ ਹੈ, ਜਦ ਕਿ ਸਰਵ-ਵਿਆਪੀ **ਕਲਪਤ** ਕਿਰਤ ਸਮਾਂ ਕੀਮਤ ਦੇ ਰੂਪ ਵਿੱਚ ਇੱਕ ਕਾਲਪਨਿਕ ਹੋਂਦ ਧਾਰਨ ਕਰਦਾ ਹੈ, ਜਿਸ (ਕੀਮਤ) ਵਜੋਂ ਉਹ ਕਦਰ ਦੇ ਇੱਕ ਤੱਤ ਦਾ ਇੱਕੋ ਤਰ੍ਹਾਂ ਦਾ ਰੂਪ ਹਨ ਤੇ ਫਰਕ ਕੇਵਲ ਮਾਤਰਾ ਦਾ ਹੈ।

ਕੀਮਤ ਅਤੇ ਵਟਾਂਦਰਾ ਕਦਰ ਵਿੱਚ ਫਰਕ ਇੱਕ ਪਾਸੇ ਕੇਵਲ ਨਾਂਅ ਮਾਤਰ ਫਰਕ ਹੈ; ਜਿਵੇਂ ਕਿ ਐਡਮ ਸਮਿਥ ਕਹਿੰਦਾ ਹੈ ਕਿ ਕਿਰਤ ਜਿਣਸਾਂ ਦੀ ਅਸਲ ਕੀਮਤ ਹੁੰਦੀ ਹੈ ਤੇ ਮੁਦਰਾ ਨਾਂਅ ਦੀ ਕੀਮਤ ਹੁੰਦੀ ਹੈ। ਇਹ ਕਹਿਣ ਦੀ ਥਾਂ ਕਿ ਕਣਕ ਦਾ ਇੱਕ ਕੁਇੰਟਲ 30 ਦਿਨ ਦੀ ਕਿਰਤ ਦੀ ਬਰਾਬਰ ਹੈ, ਅੱਜ ਕੱਲ੍ਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਇੱਕ ਔਂਸ ਸੋਨੇ ਦੀ ਬਰਾਬਰ ਹੈ, ਜਦ ਇੱਕ ਔਂਸ ਸੋਨਾ 30 ਦਿਨਾਂ ਦੇ ਕੰਮ ਵਿੱਚ ਪੈਦਾ ਕੀਤਾ ਜਾਂਦਾ ਹੈ। ਦੂਜੇ ਪਾਸੇ ਇਹ ਫਰਕ ਕੇਵਲ ਨਾਂਅ ਮਾਤਰ ਫਰਕ ਹੋਣ ਦੇ ਉਲਟ ਇਤਨਾ ਵੱਡਾ ਫਰਕ ਹੈ ਕਿ ਉਹ ਸਾਰੇ ਤੂਫਾਨ, ਜਿਹੜੇ ਪ੍ਰਚਲਣ ਦੀ ਕਿਰਿਆ ਦੇ ਦੌਰਾਨ ਵਿੱਚ ਜਿਣਸ ਲਈ ਖਤਰੇ ਪੈਦਾ ਕਰਦੇ ਹਨ, ਉਹਨਾਂ ਦਾ ਕੇਂਦਰ ਇਹੋ ਹੈ। ਕਣਕ ਦੀ ਇੱਕ ਕੁਇੰਟਲ ਉੱਤੇ 30 ਦਿਨ ਦੀ ਕਿਰਤ ਲੱਗਦੀ ਹੈ, ਇਸ ਲਈ ਇਸ ਦਾ ਪ੍ਰਗਟਾਵਾ ਕਿਰਤ ਸਮੇਂ ਵਿੱਚ ਕਰਨਾ ਜ਼ਰੂਰੀ ਨਹੀਂ। ਪਰ ਸੋਨਾ ਕਣਕ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਜਿਣਸ ਹੈ ਤੇ ਕੇਵਲ ਪ੍ਰਚਲਣ ਹੀ ਵਿਖਾ ਸਕਦਾ ਹੈ ਕਿ ਕੀ ਅਸਲੀਅਤ ਵਿੱਚ ਇੱਕ ਕੁਇੰਟਲ ਕਣਕ ਨੂੰ 1 ਔਂਸ ਸੋਨੇ ਵਿਚ ਬਦਲਿਆ ਜਾ ਸਕਦਾ ਹੈ ਜਿਵੇਂ ਕਿ ਇਸ ਦੀ ਕੀਮਤ ਵਿੱਚ ਜ਼ਾਹਰ ਕੀਤਾ ਗਿਆ ਹੈ। ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੀ ਕਣਕ ਵਰਤੋਂ-ਕਦਰ ਸਿੱਧ ਹੁੰਦੀ ਹੈ ਜਾਂ ਨਹੀਂ, ਕੀ ਇਸ 'ਤੇ ਲੱਗੇ ਕਿਰਤ ਸਮੇਂ ਦੀ ਮਾਤਰਾ ਕਿਰਤ ਸਮੇਂ ਦੀ ਉਹ ਮਾਤਰਾ ਸਿੱਧ ਹੁੰਦੀ ਹੈ ਜਾਂ ਨਹੀਂ ਜਿਹੜੀ ਮਾਤਰਾ ਸਮਾਜ ਨੂੰ ਇੱਕ ਕੁਇੰਟਲ ਕਣਕ ਪੈਦਾ ਕਰਨ ਲਈ ਲੋੜੀਂਦੀ ਹੈ। ਕਿਰਤ ਆਪਣੇ ਵਜੋਂ ਇੱਕ ਵਟਾਂਦਰਾ-ਕਦਰ ਹੈ, ਇਸ ਦੀ ਕੀਮਤ ਹੈ। ਵਟਾਂਦਰਾ-ਕਦਰ ਤੇ ਕੀਮਤ ਵਿਚਕਾਰ ਇਹ ਫਰਕ ਇਸ ਤੱਥ ਦਾ ਇਜ਼ਹਾਰ ਹੈ ਕਿ ਖਾਸ ਕਿਸਮ ਦੀ ਵਿਅਕਤੀਗਤ, ਕਿਰਤ ਜਿਹੜੀ ਜਿਣਸ ਵਿੱਚ ਲੱਗੀ ਹੈ, ਆਪਣੀ ਵਿਰਕਤੀ, ਆਪਣੇ ਵਿਰੋਧੀ ਰੂਪ ਵਿੱਚ - ਅਣ-ਨਿੱਜੀ, ਸਾਪੇਖ ਤੇ ਸਾਧਾਰਨ ਪ੍ਰਗਟ ਹੋ ਸਕਦੀ ਹੈ ਤੇ ਕੇਵਲ ਇਸੇ

ਰੂਪ ਵਿੱਚ ਸਮਾਜੀ-ਕਿਰਤ ਭਾਵ ਕੀਮਤ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ। ਇਸ ਲਈ ਚਾਹੇ ਕੀਮਤ ਵਟਾਂਦਰਾ ਕਦਰ ਨੂੰ ਹੋਂਦ ਦਾ ਰੂਪ ਬਖਸ਼ਦੀ ਹੈ, ਜਿਹੜਾ ਜਿਣਸ ਤੋਂ ਨਾਂਅ ਨੂੰ ਹੀ ਵੱਖਰਾ ਹੈ, ਅਤੇ ਜਿਣਸ ਵਿੱਚ ਲੱਗੀ ਕਿਰਤ ਦੇ ਦੋ ਪੱਖ ਵੀ ਪ੍ਰਗਟਾਵੇ ਦੇ ਦੋ ਢੰਗਾਂ ਵਜੋਂ ਹੀ ਪ੍ਰਗਟ ਹੁੰਦੇ ਹਨ; ਜਦ ਕਿ ਦੂਜੇ ਪਾਸੇ, ਸੋਨਾ ਜਿਹੜਾ ਕਿ ਸਰਵ-ਵਿਆਪੀ ਕਿਰਤ ਸਮੇਂ ਦੀ ਚਿੰਨ ਹੈ, ਠੋਸ ਜਿਣਸਾਂ ਸਾਹਮਣੇ ਕਦਰ ਦੇ ਕਾਲਪਨਿਕ ਮਾਪ ਵਜੋਂ ਪੇਸ਼ ਹੁੰਦਾ ਹੈ; ਤਾਂ ਵੀ ਕੀਮਤ ਦਾ ਵਟਾਂਦਰਾ ਕਦਰ ਦੇ ਪ੍ਰਗਟਾਵੇ ਵਜੋਂ ਕਾਇਮ ਹੋਣਾ ਜਾਂ ਸੋਨੇ ਦਾ ਕਦਰ ਦੇ ਮਾਪ ਵਜੋਂ ਕਾਇਮ ਹੋਣਾ ਇਹ ਗੱਲ ਜ਼ਰੂਰੀ ਬਣਾਉਂਦਾ ਹੈ ਕਿ ਚੀਜ਼ਾਂ ਦੀ ਚਮਕ ਦੇ ਸੋਨੇ ਦੇ ਬਦਲੇ ਵਿਰਕਤੀ ਕੀਤੀ ਜਾਵੇ ਅਤੇ ਇਸ ਤਰ੍ਹਾਂ ਉਹਨਾਂ ਦੀ ਅਣਵਿਰਕਤੀ ਦੀ ਸੰਭਾਵਨਾ ਬਣੇ। ਸੰਖੇਪ ਵਿੱਚ ਇਹ ਇੱਥੇ ਹੈ ਕਿ ਸਮੁੱਚੀ ਵਿਰੋਧਤਾਈ ਲੁਕਵੇਂ ਰੂਪ ਵਿੱਚ ਕਾਇਮ ਹੈ, ਜਿਹੜੀ ਇਸ ਕਾਰਨ ਪੈਦਾ ਹੁੰਦੀ ਹੈ ਕਿ ਉਪਜ ਜਿਣਸ ਬਣਦੀ ਹੈ, ਜਾਂ ਕਿਉਂਕਿ ਕਿਸੇ ਇਕੱਲੇ ਇਕਹਿਰੇ ਵਿਅਕਤੀ ਦੀ ਵਿਸ਼ੇਸ਼ ਕਿਰਤ ਤਾਂ ਹੀ ਸਮਾਜਿਕ ਤੌਰ 'ਤੇ ਅਸਰਦਾਰ ਬਣ ਸਕਦੀ ਹੈ, ਜੇ ਇਸ ਦਾ ਪ੍ਰਗਟਾਵਾ ਇਸ ਦੇ ਸਿੱਧੇ ਉਲਟੇ ਰੂਪ ਭਾਵ ਨਿਰਪੇਖ ਸਰਵ-ਵਿਆਪੀ ਕਿਰਤ ਵਜੋਂ ਕੀਤਾ ਜਾਵੇ। ਇਸ ਲਈ ਉਹ ਸ਼ੇਖਚਿਲੀ ਜਿਹੜੇ ਜਿਣਸਾਂ ਤਾਂ ਕਾਇਮ ਰੱਖਣੀਆਂ ਚਾਹੁੰਦੇ ਹਨ ਪਰ ਮੁਦਰਾ ਨਹੀਂ, ਨਿੱਜੀ ਵਟਾਂਦਰੇ ਉੱਤੇ ਉਤਪਾਦਨ ਨੂੰ ਇਸ ਤਰ੍ਹਾਂ ਦੇ ਉਤਪਾਦਨ ਦੀਆਂ ਜ਼ਰੂਰੀ ਸ਼ਰਤਾਂ ਤੋਂ ਬਿਨਾਂ ਕਾਇਮ ਰੱਖਣਾ ਚਾਹੁੰਦੇ ਹਨ, ਉਹ ਉਦੋਂ ਤੱਕ ਤਾਂ ਬਿਲਕੁਲ ਸਹੀ ਹਨ ਜਦ ਉਹ ਮੁਦਰਾ ਨੂੰ ਨਾ ਕੇਵਲ ਇਸ ਦੇ ਦਿੱਸਦੇ ਰੂਪ ਵਿੱਚ ਸਗੋਂ ਇਸ ਦੇ ਮਨ-ਘੜ੍ਹਤ ਤੇ ਕਾਲਪਨਿਕ ਰੂਪ ਵਿੱਚ ਵੀ ਖਤਮ ਕਰਨਾ ਚਾਹੁੰਦੇ ਹਨ ਜਿਹੜਾ ਰੂਪ ਇਹ ਕਦਰ ਦੇ ਮਾਪ ਵਜੋਂ ਧਾਰਨ ਕਰਦੀ ਹੈ। ਕਿਉਂਕਿ ਕਦਰ ਦੇ ਨਾ-ਦਿੱਸਦੇ ਮਾਪ ਦੇ ਪਿਛੇ ਠੋਸ ਮੁਦਰਾ ਪਈ ਹੈ।

ਜੇ ਉਸ ਕਿਰਿਆ ਨੂੰ ਲਈਏ ਜਿਸ ਰਾਹੀਂ ਸੋਨੇ ਨੂੰ ਕਦਰ ਦੇ ਮਾਪ ਵਿੱਚ ਅਤੇ ਵਟਾਂਦਰਾ ਕਦਰ ਨੂੰ ਕੀਮਤ ਵਿੱਚ ਬਦਲ ਦਿੱਤਾ ਗਿਆ ਹੈ ਤਾਂ ਸਾਰੀਆਂ ਜਿਣਸਾਂ ਜਦੋਂ ਉਹਨਾਂ ਦਾ ਪ੍ਰਗਟਾਵਾ ਉਹਨਾਂ ਦੀ ਕੀਮਤਾਂ ਰਾਹੀਂ ਕੀਤਾ ਜਾਂਦਾ ਹੈ ਤਾਂ ਇਹ ਭਿੰਨ-ਭਿੰਨ ਮਾਤਰਾ ਦੇ ਸੋਨੇ ਦੀ ਹੀ ਕਾਲਪਨਿਕ ਮਾਤਰਾ ਹਨ। ਕਿਉਂਕਿ ਉਹੋ ਇੱਕੋ ਚੀਜ਼, ਸੋਨੇ, ਦੀਆਂ ਹੀ ਵੱਖ ਵੱਖ ਮਾਤਰਾਵਾਂ ਹਨ, ਇਸ ਲਈ ਉਹ ਮਿਲਦੀਆਂ ਜੁਲਦੀਆਂ, ਇੱਕ ਦੂਜੇ ਨਾਲ਼ ਟਾਕਰਾ ਕਰਨ ਯੋਗ ਅਤੇ ਸਮ-ਮਾਪੀ ਹਨ। ਇਸ ਤਰ੍ਹਾਂ ਉਹਨਾਂ ਨੂੰ **ਮਾਪ ਦੀ ਇਕਾਈ** ਦੇ ਨਾਤੇ ਸੋਨੇ ਦੀ ਨਿਸ਼ਚਿਤ ਮਾਤਰਾ ਨਾਲ਼ ਜੋੜਣ ਦੀ ਤਕਨੀਕੀ ਲੋੜ ਪੈਦਾ ਹੁੰਦੀ ਹੈ। ਮਾਪ ਦੀ ਇਹ ਇਕਾਈ ਬਰਾਬਰ ਹਿੱਸਿਆਂ ਵਿੱਚ ਵੰਡੇ ਜਾਣ ਪਿੱਛੋਂ, ਜਿਹੜੇ ਹਿੱਸੇ ਅੱਗੋਂ ਫੇਰ ਪੂਰਨ ਭਿਵਾਜਕ ਹੁੰਦੇ ਹਨ, **ਮਾਪ ਦਾ ਪੈਮਾਨਾ** ਬਣ ਜਾਂਦੀ ਹੈ। ਪਰ ਸੋਨੇ ਦੀਆਂ ਮਾਤਰਾਵਾਂ ਆਮ ਭਾਰ ਅਨੁਸਾਰ ਹੀ ਮਿਣੀਆਂ ਜਾਂਦੀਆਂ ਹਨ। ਧਾਤਾਂ ਲਈ ਆਮ ਵਰਤੇ ਜਾਂਦੇ ਤੋਲਣ ਦੇ ਵੱਟੇ ਵੀ ਇਸੇ ਤਰ੍ਹਾਂ ਤਿਆਰ-ਬਰ-ਤਿਆਰ ਮਿਆਰੀ ਮਾਪ ਹੀ ਮੁਹੱਈਆ ਕਰਦੇ ਹਨ, ਜਿਹੜੇ ਆਰੰਭ ਵਿੱਚ ਕੀਮਤਾਂ ਦੀ ਮਿਆਰੀ ਮਾਪ ਦਾ ਵੀ ਕੰਮ ਕਰਦੇ ਸਨ ਜਿੱਥੇ ਕਿਤੇ ਵੀ ਧਾਤ ਦਾ ਸਿੱਕਾ ਵਰਤੋਂ ਵਿੱਚ ਸੀ। ਕਿਉਂਕਿ ਅੱਜ ਕੱਲ੍ਹ ਜਿਣਸਾਂ ਦੀ ਤੁਲਨਾ ਵਟਾਂਦਰਾ-

ਕਦਰਾਂ ਵਜੋਂ ਨਹੀਂ ਕੀਤੀ ਜਾਂਦੀ, ਜਿਹੜੀਆਂ ਕਦਰਾਂ ਕਿਰਤ-ਸਮੇਂ ਦੇ ਹਿਸਾਬ ਨਾਲ਼ ਮਾਪੀਆਂ ਜਾਣ, ਸਗੋਂ ਇਕੋ ਜਿੰਨੇ ਮੁੱਲ, ਜਿਹੜਾ ਸੋਨੇ ਵਿੱਚ ਮਾਪਿਆ ਜਾਂਦਾ ਹੈ, ਦੀਆਂ ਵੱਖ ਵੱਖ ਮਾਤਰਾਵਾਂ ਵਿੱਚ ਮਾਪੀ ਜਾਂਦੀ ਹੈ, ਇਸ ਲਈ ਸੋਨਾ ਕੀਮਤਾਂ ਦਾ ਮਾਪ ਬਣ ਜਾਂਦਾ ਹੈ। ਜਿਣਸ-ਕੀਮਤਾਂ ਦੀ ਸੋਨੇ ਦੀਆਂ ਵੱਖ ਵੱਖ ਮਾਤਰਾਵਾਂ ਰਾਹੀਂ ਤੁਲਨਾ ਇਸ ਤਰ੍ਹਾਂ ਅੰਕੜਿਆਂ ਦੇ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਉਂਦੀ ਹੈ ਜਿਹੜੇ ਅੰਕੜੇ ਸੋਨੇ ਦੀਆਂ ਕਾਲਪਨਿਕ ਮਾਤਰਾਵਾਂ ਦਾ ਇਜ਼ਹਾਰ ਕਰਦੇ ਹਨ ਅਤੇ ਸੋਨੇ ਦਾ ਮਿਆਰੀ ਮਾਪ ਵਜੋਂ ਪ੍ਰਗਟਾਵਾ ਕਰਦੇ ਹਨ, ਜਿਹੜਾ ਸਮ-ਵਿਭਾਜਕ ਹਿੱਸਿਆਂ ਵਿੱਚ ਵੰਡਿਆ ਹੁੰਦਾ ਹੈ। ਸੋਨੇ ਦੀ ਕਦਰ ਦੇ ਮਾਪ ਵਜੋਂ ਅਤੇ ਕੀਮਤਾਂ ਦੇ ਮਾਪ-ਦੰਡ ਵਜੋਂ ਬਿਲਕੁਲ ਨਿੱਖੜਵੇਂ ਨਿਸ਼ਚਿਤ ਕਰਤੱਵ ਹਨ ਅਤੇ ਇੱਕ ਦੇ ਦੂਜੇ ਨਾਲ਼ ਘਚੋਲੇ ਦੇ ਸਿੱਟੇ ਵਜੋਂ ਅਤਿਅੰਤ ਬੇਥਵ੍ਹੇ ਸਿਧਾਂਤ ਪੈਦਾ ਹੋਏ ਹਨ। ਪਦਾਰਥਕ ਰੂਪ ਵਿੱਚ ਢਲੇ ਕਿਰਤ-ਸਮੇਂ ਵਜੋਂ ਸੋਨਾ ਕਦਰ ਦਾ ਮਾਪ ਬਣ ਜਾਂਦਾ ਹੈ ਕਿਉਂਕਿ ਇੱਕ ਵਟਾਂਦਰਾ-ਕਦਰ ਵਜੋਂ ਇਸ ਦੀ ਤੁਲਨਾ ਦੂਜੀਆਂ ਜਿਣਸਾਂ ਦੀਆਂ ਵਟਾਂਦਰਾ-ਕਦਰਾਂ ਨਾਲ਼ ਕੀਤੀ ਜਾਂਦੀ ਹੈ; ਕੀਮਤ ਦਾ ਆਮ ਹੋਣ ਦੇ ਪੱਖੋਂ ਸੋਨੇ ਦੀ ਇੱਕ ਨਿਸ਼ਚਿਤ ਮਾਤਰਾ ਸੋਨੇ ਦੀਆਂ ਹੋਰ ਮਾਤਰਾਵਾਂ ਲਈ ਇਕਾਈ ਦਾ ਕੰਮ ਕਰਦੀ ਹੈ। ਸੋਨਾ ਕਦਰ ਦਾ ਮਾਪ ਹੈ ਕਿਉਂਕਿ ਇਸ ਦੀ ਕਦਰ ਬਦਲਣ ਯੋਗ ਹੈ; ਇਹ ਕੀਮਤ ਮਾਪ ਹੈ ਕਿਉਂਕਿ ਇਹ ਭਾਰ ਦੇ ਪੱਖੋਂ ਨਾ ਬਦਲਣ ਯੋਗ ਇਕਾਈ ਸਿੱਧ ਹੋ ਚੁੱਕਿਆ ਹੈ। ਇੱਥੇ ਜਿਵੇਂ ਕਿ ਇੱਕੋ ਨਾਂਅ ਵਾਲੀਆਂ ਮਾਤਰਾਵਾਂ ਮਾਪਣ ਦੇ ਸਬੰਧ ਵਿੱਚ ਹੁੰਦਾ ਹੈ, ਸਥਿਰਤਾ, ਅਤੇ ਤਨਾਸਬਾਂ ਦੀ ਸ਼ੁੱਧਤਾ ਜ਼ਰੂਰੀ ਹੈ। ਸੋਨੇ ਦੀ ਇੱਕ ਮਾਤਰਾ ਨੂੰ ਮਾਪ ਦੀ ਇਕਾਈ ਵਜੋਂ ਸਥਾਪਤ ਕਰਨ ਅਤੇ ਇਸ ਦੇ ਪੂਰਨ ਭਿਵਾਜਕ ਹਿੱਸਿਆਂ ਨੂੰ ਇਸ ਇਕਾਈ ਦੇ ਉਪ-ਵਿਭਾਗਾਂ ਵਜੋਂ ਸਥਾਪਤ ਕਰਨ ਦੀ ਲੋੜ ਨੇ ਇਸ ਵਿਚਾਰ ਨੂੰ ਜਨਮ ਦਿੱਤਾ, ਸੋਨੇ ਦੀ ਨਿਸ਼ਚਿਤ ਮਾਤਰਾ ਜਿਸ ਦੀ ਕਦਰ ਨਿਰਸੰਦੇਹ ਬਦਲਣ ਯੋਗ ਹੈ ਅਤੇ ਜਿਣਸਾਂ ਦੀ ਵਟਾਂਦਰਾ ਕਦਰ ਵਿਚਾਲੇ ਇੱਕ ਸਥਿਰ ਤਨਾਸਬ ਬੰਨ੍ਹ ਲਿਆ ਗਿਆ ਹੈ। ਪਰ ਅਜਿਹਾ ਵਿਚਾਰ ਇਸ ਤੱਥ ਨੂੰ ਅੱਖੋਂ ਪਰੋਖੇ ਕਰਦਾ ਹੈ ਕਿ ਜਿਣਸਾਂ ਦੀਆਂ ਵਟਾਂਦਰਾ-ਕਦਰਾਂ ਹੀ ਕੀਮਤਾਂ ਵਿੱਚ, ਸੋਨੇ ਦੀਆਂ ਮਾਤਰਾਵਾਂ ਵਿੱਚ ਬਦਲਦੀਆਂ ਹਨ ਤੇ ਫੇਰ ਹੀ ਸੋਨਾ ਕੀਮਤ ਦਾ ਮਿਆਰ ਬਣਦਾ ਹੈ। ਸੋਨੇ ਦੀ ਕਦਰ ਵਿੱਚ ਕਿਸੇ ਤਬਦੀਲੀ ਦੀ ਬਿਲਕੁਲ ਪਰਵਾਹ ਨਾ ਕਰਦੇ ਹੋਏ, ਸੋਨੇ ਦੀਆਂ ਵੱਖ ਵੱਖ ਮਾਤਰਾਵਾਂ ਇੱਕ ਦੂਜੇ ਦੇ ਸਬੰਧ ਵਿੱਚ ਕਦਰਾਂ ਦੇ ਇੱਕ ਅਨੁਪਾਤ ਦਾ ਪ੍ਰਗਟਾਵਾ ਕਰਨਗੀਆਂ। ਜੇ ਸੋਨੇ ਦੀ ਕਦਰ 1000 ਫੀਸਦੀ ਘਟ ਜਾਵੇ, ਤਾਂ 12 ਔਂਸ ਸੋਨੇ ਦੀ ਕਦਰ 1 ਔਂਸ ਸੋਨੇ ਨਾਲ਼ੋਂ 12 ਗੁਣਾਂ ਵੱਧ ਹੋਵੇਗੀ ਅਤੇ ਜਿੱਥੋਂ ਤੱਕ ਕੀਮਤਾਂ ਦਾ ਸਬੰਧ ਹੈ, ਜਿਹੜੀ ਗੱਲ ਅਰਥ ਭਰਪੂਰ ਹੈ, ਉਹ ਹੈ ਸੋਨੇ ਦੀਆਂ ਵੱਖ ਵੱਖ ਮਾਤਰਾਵਾਂ ਦਾ ਇੱਕ ਦੂਜੇ ਨਾਲ਼ ਤਨਾਸਬ। ਦੂਜੇ ਪਾਸੇ ਕਿਉਂਕਿ ਸੋਨੇ ਦੀ ਕਦਰ ਵਿੱਚ ਘਾਟਾ ਜਾਂ ਵਾਧਾ ਇਸ ਦੇ ਭਾਰ 'ਤੇ ਕੋਈ ਪ੍ਰਭਾਵ ਨਹੀਂ ਪਾਉਂਦਾ, ਇਸੇ ਤਰ੍ਹਾਂ ਇਸਦੇ ਪੂਰਨ ਵਿਭਾਜਕ ਦੇ ਭਾਰ 'ਤੇ ਵੀ ਕੋਈ ਪ੍ਰਭਾਵ ਨਹੀਂ ਪੈਂਦਾ; ਇਸ ਤਰ੍ਹਾਂ ਸੋਨਾ, ਇਸ ਦੀ ਕਦਰ ਵਿੱਚ ਤਬਦੀਲੀਆਂ ਦੇ ਬਾਵਜੂਦ ਕੀਮਤਾਂ ਦੇ ਸਥਿਰ

ਮਿਆਰ ਦਾ ਕੰਮ ਕਰ ਸਕਦਾ ਹੈ।*

ਇੱਕ ਇਤਿਹਾਸਕ ਕਿਰਿਆ, ਜਿਸ ਦਾ ਨਿਰਣਾ ਧਾਤਾਂ ਦੇ ਸਿੱਕੇ ਦੇ ਖਾਸੇ ਅਨੁਸਾਰ ਹੋਇਆ, ਜਿਸ ਦੀ ਬਾਅਦ ਨੂੰ ਅਸੀਂ ਵਿਆਖਿਆ ਕਰਾਂਗੇ, ਦੇ ਸਿੱਟੇ ਵਜੋਂ ਕੁਝ ਨਿਸ਼ਚਿਤ ਤੋਲਾਂ ਦੇ ਨਾਂਅ ਬਹੁਮੁੱਲੀਆਂ ਧਾਤਾਂ ਦੇ ਲਗਾਤਾਰ ਬਦਲਦੇ ਤੇ ਘਟਦੇ ਤੋਲਾਂ ਲਈ ਕਾਇਮ ਰੱਖੇ ਗਏ, ਜਿਹੜੀਆਂ ਧਾਤਾਂ ਕੀਮਤਾਂ ਦੇ ਮਾਪ ਦਾ ਕੰਮ ਕਰਦੀਆਂ ਸਨ। ਇਸ ਤਰ੍ਹਾਂ ਅੰਗਰੇਜ਼ਾਂ ਦਾ ਪੌਂਡ ਆਪਣੇ ਮੁਢਲੇ ਤੋਲ ਤੋਂ ਇਕ ਤਿਆਹੀ ਤੋਂ ਵੀ ਘੱਟ ਦਾ ਪ੍ਰਗਟਾਵਾ ਕਰਦਾ ਹੈ, ਸਕਾਟਲੈਂਡ ਦਾ ਪੌਂਡ ਇਸ ਦੇ ਯੂਨੀਅਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦੇ 1/36 ਭਾਗ ਦਾ ਪ੍ਰਗਟਾਵਾ ਕਰਦਾ ਸੀ।(1707 ਦਾ ਐਕਟ ਆਫ਼ ਯੂਨੀਅਨ, ਜਿਸ ਦੇ ਸਿੱਟੇ ਵਜੋਂ ਸਕਾਟਲੈਂਡ ਦੀ ਪਾਰਲੀਮੈਂਟ ਦੀ ਹੋਂਦ ਖਤਮ ਹੋ ਗਈ ਅਤੇ ਇੰਗਲੈਂਡ ਤੇ ਸਕਾਟਲੈਂਡ ਵਿਚਾਲੇ ਸਭ ਆਰਥਿਕ ਹੱਦਾਂ ਵੀ ਖਤਮ ਕਰ ਦਿੱਤੀਆਂ ਗਈਆਂ।) ਫ਼ਰਾਂਸ ਦਾ ਲਿਵਰ 1/74 ਭਾਗ ਦਾ, ਸਪੇਨ ਦਾ ਮਾਰਾਵੇਦੀ 1/1000 ਭਾਗਾਂ ਦਾ ਤੇ ਪੁਰਤਗਾਲ ਦਾ ਰੋਈ ਇਸ ਤੋਂ ਵੀ ਘੱਟ ਭਾਗ ਦਾ ਪ੍ਰਗਟਾਵਾ ਕਰਦਾ ਹੈ। ਇਸ ਤਰ੍ਹਾਂ ਇਤਿਹਾਸਕ ਵਿਕਾਸ ਦੇ ਦੌਰਾਨ ਕੁਝ ਧਾਤਾਂ ਦੇ ਮਾਪ ਦਾ ਮੁਦਰਾ ਵਜੋਂ ਨਾਂਅ ਇਹਨਾਂ ਮਾਪਾਂ ਦੇ ਆਮ ਨਾਵਾਂ ਤੋਂ ਵੱਖਰਾ ਹੋ ਗਿਆ। ਕਿਉਂਕਿ ਮਾਪ ਦੀ ਇਕਾਈ ਦਾ ਨਾਂਅ, ਉਸ ਦੇ ਪੂਰਨ ਵਿਭਾਜਕ ਅਤੇ ਉਹਨਾਂ ਦੇ ਨਾਂਅ ਇੱਕ ਪਾਸੇ ਨਿਰੋਲ ਤੌਰ ’ਤੇ ਰਵਾਇਤੀ ਹਨ ਅਤੇ ਦੂਜੇ ਪਾਸੇ ਉਹਨਾਂ ਦੇ ਪ੍ਰਚਲਣ ਦੇ ਘੇਰੇ ਵਿੱਚ ਅਵੱਸ਼ਕ ਤੌਰ ’ਤੇ ਸਰਵ-ਵਿਆਪੀ ਅਤੇ ਅਟੱਲ ਮੰਨੇ ਜਾਂਦੇ ਹਨ, ਇਸ ਲਈ ਇਹਨਾਂ ਨੂੰ ਕਾਨੂੰਨੀ ਸਾਧਨਾਂ ਰਾਹੀਂ ਸਥਾਪਿਤ ਕਰਨਾ ਪਿਆ। ਇਸ ਤਰ੍ਹਾਂ ਨਿਰੋਲ ਤੌਰ ’ਤੇ ਰਸਮੀ ਕਾਨੂੰਨ ਦੀ ਜ਼ਿੰਮੇਵਾਰੀ ਵੀ ਸਰਕਾਰ ਉੱਤੇ ਆ ਪਈ।** ਕਿਹੜੀ ਧਾਤ ਨੇ ਮੁਦਰਾ ਦੇ ਪਦਾਰਥ ਵਜੋਂ ਕੰਮ ਕੀਤਾ ਇਹ

---

* “ਮੁਦਰਾ ਦੀ ਕਦਰ ਚਾਹੇ ਲਗਾਤਾਰ ਬਦਲਦੀ ਜਾਵੇ ਤਾਂ ਵੀ ਇਹ ਕਦਰ ਦਾ ਉਤਨਾ ਹੀ ਚੰਗਾ ਮਾਪ ਰਹਿੰਦੀ ਹੈ ਜਿਵੇਂ ਕਿ ਇਹ ਮੁਕੰਮਲ ਤੌਰ ’ਤੇ ਸਥਿਰ ਰਹੀ ਹੋਵੇ। ਮੰਨ ਲਓ ਕਿ ਇਸ ਦੀ ਕਦਰ ਘਟ ਜਾਂਦੀ ਹੈ.... ਕਟੌਤੀ ਤੋਂ ਪਹਿਲਾਂ ਇੱਕ ਰੁਪੈ ਦੀ 60 ਕਿਲੋ ਕਣਕ ਜਾਂ 6 ਦਿਨ ਦੀ ਕਿਰਤ ਮਿਲਦੀ ਸੀ; ਬਾਅਦ ਨੂੰ ਇਸ ਦੀ ਕੇਵਲ 40 ਕਿਲੋ ਕਣਕ ਜਾਂ 4 ਦਿਨ ਦੀ ਕਿਰਤ ਮਿਲਦੀ ਹੈ। ਦੋਹਾਂ ਹਾਲਤਾਂ ਵਿੱਚ ਕਿਉਂਕਿ ਕਣਕ ਅਤੇ ਕਿਰਤ ਦੇ ਮੁੱਦਰਾ ਨਾਲ਼ ਸਬੰਧ ਦਿੱਤੇ ਹੋਏ ਹਨ, ਇਹਨਾਂ ਦੇ ਆਪਸੀ ਸਬੰਧਾਂ ਦਾ ਵੀ ਪਤਾ ਲਾਇਆ ਜਾ ਸਕਦਾ ਹੈ; ਦੂਜੇ ਸ਼ਬਦਾਂ ਵਿੱਚ ਅਸੀਂ ਇਹ ਨਿਰਣਾ ਕਰ ਸਕਦੇ ਹਾਂ ਕਿ ਦਸ ਕਿਲੋ ਕਣਕ ਇੱਕ ਦਿਨ ਦੀ ਕਿਰਤ ਦੇ ਬਰਾਬਰ ਹੈ। ਇਹ ਗੱਲ, ਜਿਸ ਨੂੰ ਕਦਰ ਦੀ ਮਿਣਤੀ ਕਿਹਾ ਜਾਂਦਾ ਹੈ, ਮੁਦਰਾ ਦੀ ਕਦਰ ਘੱਟਣ ਪਿੱਛੋਂ ਵੀ ਉਤਨੀ ਹੀ ਆਸਾਨੀ ਨਾਲ਼ ਹੋ ਜਾਂਦੀ ਹੈ ਜਿੰਨੀ ਆਸਾਨੀ ਨਾਲ਼ ਕਦਰ ਘੱਟਣ ਤੋਂ ਪਹਿਲਾਂ ਹੁੰਦੀ ਸੀ। ਕਦਰ ਦੇ ਮਾਪ ਵਜੋਂ ਕਿਸੇ ਚੀਜ਼ ਦੀ ਯੋਗਤਾ ਕਦਰ ਵਜੋਂ ਇਸ ਦੀ ਆਪਣੀ ਬਦਲਣ ਯੋਗਤਾ ਤੋਂ ਬਿਲਕੁਲ ਮੁਕਤ ਹੈ।” ਸੈਮੂਅਲ ਬੈਲੇ, **ਮਨੀ ਐਂਡ ਇਟਸ ਵਿਸੀਚੂਡਸ**, ਲੰਡਨ, 1837, ਪੰਨਾ 9-10)।

** ਰੁਮਾਂਸਵਾਦੀ ਐਡਮ ਮੁਲਰ ਕਹਿੰਦਾ ਹੈ, “ਸਾਡੀ ਰਾਏ ਵਿੱਚ ਹਰ ਆਜ਼ਾਦ ਪ੍ਰਭੁਤਾਪੂਰਨ ਰਾਜ ਨੂੰ ਅਧਿਕਾਰ ਹੈ ਕਿ ਉਹ ਧਾਤ ਦਾ ਸਿੱਕਾ ਲਾਗੂ ਕਰੇ ਅਤੇ ਇਸ ਸਿੱਕੇ ਨੂੰ ਇਸ ਦੇ ਨਾਮ ਮਾਤਰ ਸਮਾਜੀ ਕਦਰ, ਦਰਜਾ ਤੇ ਨਾਂ ਦੇਵੇ (ਐਡਮ ਐਚ. ਮੁਲਰ, ਡਾਈ ਐਲੀਮੈਂਤੇ ਦਰ ਸਟਾਟਸਕੁੰਟ, ⇨

ਗੱਲ ਨਿਸ਼ਚਿਤ ਸਮਾਜੀ ਹਾਲਤਾਂ ਉੱਤੇ ਨਿਰਭਰ ਕਰਦੀ ਸੀ। ਨਿਰਸੰਦੇਹ ਵੱਖ ਵੱਖ ਦੇਸ਼ਾਂ ਵਿੱਚ ਮੁਦਰਾ ਦਾ ਮਾਪ ਵੱਖ ਵੱਖ ਹੈ। ਉਦਾਹਰਣ ਲਈ ਇੰਗਲੈਂਡ ਵਿੱਚ ਧਾਤ ਦੇ ਭਾਰ ਵਜੋਂ ਔਂਸ ਨੂੰ ਪੈਨੀਵੇਟ, ਗਰੇਨ ਤੇ ਕੈਰਟ ਵਿੱਚ ਵੰਡਿਆ ਗਿਆ ਹੈ ਪਰ ਮੁਦਰਾ ਦੀ ਇਕਾਈ ਵਜੋਂ ਸੋਨੇ ਦੇ ਔਂਸ ਨੂੰ $3\frac{7}{8}$ ਪੌਂਡਾਂ ਵਿੱਚ ਤੇ ਪੈਂਸ ਨੂੰ 20 ਸ਼ਲਿੰਗਾਂ ਵਿੱਚ ਤੇ ਸ਼ਲਿੰਗ ਨੂੰ 12 ਪੈਂਸਾਂ ਵਿੱਚ ਵੰਡਿਆ ਗਿਆ ਹੈ ਤਾਂ ਜੋ 22 ਕੈਰਟ ਦੇ 100 ਪਾਊਂਡ ਸੋਨਾ (1200 ਔਂਸ ਸੋਨਾ) 4,672 ਪੌਂਡ 10 ਸ਼ਲਿੰਗ ਦੇ ਬਰਾਬਰ ਹੋਵੇ। ਪਰ ਸੰਸਾਰ ਮੰਡੀ ਵਿੱਚ, ਜਿੱਥੇ ਰਿਆਸਤੀ ਸਰਹੱਦਾਂ ਅਲੋਪ ਹੋ ਜਾਂਦੀਆਂ ਹਨ, ਮੁਦਰਾ ਦੇ ਮਿਆਰ ਦੇ ਅਜਿਹੇ ਕੌਮੀ ਪੱਖ ਵੀ ਅਲੋਪ ਹੋ ਜਾਂਦੇ ਹਨ ਤੇ ਇਹਨਾਂ ਦੀ ਥਾਂ ਭਾਰ ਦੇ ਮਾਪ ਲੈ ਲੈਂਦੇ ਹਨ ਜਿਹੜੇ ਆਮ ਤੌਰ ’ਤੇ ਧਾਤਾਂ ਲਈ ਵਰਤੇ ਜਾਂਦੇ ਹਨ।

ਇਸ ਲਈ ਜਿਣਸ ਦੀ ਕੀਮਤ ਜਾਂ ਸੋਨੇ ਦੀ ਮਾਤਰਾ, ਜਿਸ ਵਿੱਚ ਇਹ ਨਾਂਅ ਨੂੰ

---

⇨ ਬਰਲਿਨ, 1809, ਬੈਂਡ–2, ਪੰਨਾ 288) ਬਜ਼ੁਰਗ ਸਲਾਹਕਾਰ ਸਿਰਲੇਖ ਦੇ ਸਬੰਧ ਵਿੱਚ ਤਾਂ ਸਹੀ ਹੈ ਪਰ ਉਹ ਤੱਤ ਨੂੰ ਭੁੱਲ ਜਾਂਦਾ ਹੈ। ਉਦਾਹਰਣ ਲਈ ਹੇਠਲੇ ਪੈਰੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦੇ ਵਿਚਾਰ ਕਿਤਨੇ ਘਚੋਲ਼ੇ ਭਰੇ ਹਨ: “ਹਰ ਕੋਈ ਮਹਿਸੂਸ ਕਰਦਾ ਹੈ ਕਿ ਸਿੱਕਿਆਂ ਦੇ ਮੁੱਲ ਦਾ ਸਹੀ ਨਿਰਣਾ ਕਰਨਾ ਕਿੰਨਾ ਜ਼ਰੂਰੀ ਹੈ, ਖਾਸ ਕਰ ਇੰਗਲੈਂਡ ਜਿਹੇ ਦੇਸ਼ ਵਿੱਚ ਜਿੱਥੇ ਸਰਕਾਰ ਸਾਨਦਾਰ ਦਯਾਲੁਤਾ ਨਾਲ਼ ਮੁਫਤ ਸਿੱਕੇ ਬਣਾਉਂਦੀ ਹੈ”, (ਪ੍ਰਤੱਖ ਹੈ ਕਿ ਸ਼੍ਰੀ ਮੁਲਰ ਸਮਝਦੇ ਹਨ ਕਿ ਬਰਤਾਨੀਆ ਸਰਕਾਰ ਦੇ ਮੈਂਬਰ ਸਿੱਕੇ ਬਣਾਉਣ ਦੇ ਖਰਚੇ ਆਪਣੀ ਜੇਬ ਵਿੱਚੋਂ ਲਾਉਂਦੇ ਹਨ।) ਜਿੱਥੇ ਇਹ ਸਿੱਕੇ ਬਣਾਉਣ ਆਦਿ ਦਾ ਖਰਚਾ ਨਹੀਂ ਲੈਂਦੀ ਅਤੇ ਸਿੱਟੇ ਵਜੋਂ ਜੇ ਇਸ ਨੇ ਸੋਨੇ ਦੇ ਸਿੱਕੇ ਬਣਾਉਣ ਦਾ ਮੁੱਲ ਸੋਨੇ ਦੇ ਬਾਜ਼ਾਰ ਦੇ ਮੁੱਲ ਤੋਂ ਚੋਖਾ ਵੱਧ ਮਿਥਣਾ ਹੁੰਦਾ, ਜੇ ਇਸ ਨੇ ਇੱਕ ਔਂਸ ਸੋਨੇ ਦਾ ਮੁੱਲ ਤਿੰਨ ਪੌਂਡ ਉੱਨੀ ਸ਼ਲਿੰਗ ਮਿੱਥਣ ਦਾ ਫੈਸਲਾ ਕਰ ਲਵੇ ਤਾਂ ਸਾਰੀ ਮੁਦਰਾ ਟਕਸਾਲ ਵਿੱਚ ਚਲੀ ਜਾਵੇਗੀ ਤੇ ਉੱਥੇ ਜਮ੍ਹਾਂ ਹੋਈ ਚਾਂਦੀ ਮੰਡੀ ਵਿਚਲੇ ਸਸਤੇ ਸੋਨੇ ਨਾਲ਼ ਵਟਾਂਦਰਾ ਕੀਤੀ ਜਾਵੇਗੀ। ਫੇਰ ਇਹ ਦੁਬਾਰਾ ਟਕਸਾਲ ਵਿੱਚ ਲਿਜਾਂਦਾ ਜਾਵੇਗਾ ਤੇ ਇਸ ਤਰ੍ਹਾਂ ਸਾਰੀ ਮੁਦਰਾ ਪ੍ਰਣਾਲੀ ਵਿੱਚ ਖਲਬਲੀ ਮੱਚ ਜਾਵੇਗੀ। (ਉੱਪਰ ਦੱਸੀ ਪੁਸਤਕ ਪੰਨਾ 280–81) ਮੁਲਰ ਨੇ ਆਪਣੇ ਵਿਚਾਰਾਂ ਵਿੱਚ ਖਲਬਲੀ ਪੈਦਾ ਕਰ ਦਿੱਤੀ ਹੈ ਤਾਂ ਜੋ ਇੰਗਲੈਂਡ ਦੀ ਟਕਸਾਲ ਵਿੱਚ ਅਮਨ ਚੈਨ ਰੱਖ ਸਕੇ। ਜਦ ਕਿ ਸ਼ਲਿੰਗ ਤੇ ਪੈਂਸ ਕੇਵਲ ਨਾਂਅ ਹੀ ਹਨ, ਭਾਵ ਸੋਨੇ ਦੇ ਇੱਕ ਔਂਸ ਦੀ ਨਿਸ਼ਚਿਤ ਭਿੰਨਾਂ ਦੇ ਨਾਂਅ ਜਿਹੜੀਆਂ ਚਾਂਦੀ ਤੇ ਤਾਂਬੇ ਦੇ ਚਿੰਨ੍ਹਾਂ ਰਾਹੀਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਉਸ ਦਾ ਖਿਆਲ ਹੈ ਕਿ ਇੱਕ ਔਂਸ ਸੋਨੇ ਦਾ ਮੁੱਲ ਸੋਨੇ, ਚਾਂਦੀ ਤੇ ਤਾਂਬੇ ਵਿੱਚ ਲਾਇਆ ਜਾ ਰਿਹਾ ਹੈ ਤੇ ਇਸ ਤਰ੍ਹਾਂ ਉਹ ਅੰਗਰੇਜ਼ਾਂ ਉੱਤੇ ਕਦਰ ਦਾ ਤੀਹਰਾ ਮਾਪ ਮੜ੍ਹ ਦਿੰਦਾ ਹੈ। ਸੋਨੇ ਦੇ ਨਾਲ਼ ਚਾਂਦੀ ਨੂੰ ਮੁਦਰਾ ਦੇ ਮਾਪ ਵਜੋਂ ਵਰਤੋਂ 1816 ਵਿੱਚ 56 ਜਾਰਜ III ਸੀ 68 ਨੇ ਰੋਕਿਆ ਸੀ ਜਦ ਕਿ ਅਮਲ ਵਿੱਚ 14 ਜਾਰਜ II ਸੀ 42 ਨੇ 1734 ਵਿੱਚ ਹੀ ਕਾਨੂੰਨੀ ਤੌਰ ’ਤੇ ਇਹ ਮਨਾਹੀ ਕਰ ਦਿੱਤੀ ਸੀ ਤੇ ਅਮਲ ਵਿੱਚ ਇਸ ਤੋਂ ਵੀ ਪਹਿਲਾਂ ਚਾਂਦੀ ਦੀ ਵਰਤੋਂ ਬੰਦ ਹੋ ਗਈ ਸੀ। ਏ ਮੁਲਰ ਨੂੰ ਦੋ ਪ੍ਰਸਥਿਤੀਆਂ ਨੇ ਖਾਸ ਤੌਰ ’ਤੇ ਰਾਜਨੀਤਿਕ ਆਰਥਕਤਾ ਦੇ ਅਖੌਤੀ ਉਚੇਰੇ ਸੰਕਲਪ ਤੱਕ ਪਹੁੰਚਾਇਆ। ਇਹ ਪ੍ਰਸਥਿਤੀਆਂ ਸਨ: ਆਰਥਕ ਹਕੀਕਤਾਂ ਬਾਰੇ ਉਸ ਦੀ ਘੋਰ ਅਗਿਆਨਤਾ ਅਤੇ ਦੂਜੇ ਫਲਸਫੇ ਨਾਲ਼ ਉਸ ਦਾ ਬਚਕਾਨਾ ਹੇਜ।

ਬਦਲੀ ਜਾਂਦੀ ਹੈ, ਸੋਨੇ ਮਾਪ ਦੇ ਮੁਦਰਾ ਦੇ ਨਾਵਾਂ ਵਿੱਚ ਪ੍ਰਗਟ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ ਕਹਿਣ ਦੀ ਥਾਂ ਕਿ ਕਣਕ ਦਾ ਇੱਕ ਕੁਆਰਟਰ ਇੱਕ ਔਂਸ ਸੋਨੇ ਦੇ ਬਰਾਬਰ ਹੈ, ਇੰਗਲੈਂਡ ਵਿੱਚ ਇਹ ਕਿਹਾ ਜਾਵੇਗਾ ਕਿ ਤਿੰਨ ਪੈਂਸ ਸਤਾਰਾਂ ਸ਼ਲਿੰਗ ਸਾਢੇ ਦਸ ਪੈਂਸ ਦੇ ਬਰਾਬਰ ਹੈ।

ਕਿਸੇ ਜਿਣਸ ਦੀ ਕੀਮਤ, ਜਾਂ ਸੋਨੇ ਦੀ ਮਿਕਦਾਰ, ਜਿਸ ਵਿੱਚ ਇਸ ਨੂੰ ਨਾਂ-ਮਾਤਰ ਲਈ ਬਦਲਿਆ ਜਾਂਦਾ ਹੈ, ਨੂੰ ਇਸ ਲਈ, ਹੁਣ ਸੋਨੇ ਦੇ ਮਿਆਰ ਦੇ ਧਨਵੀ ਨਾਵਾਂ ਵਿੱਚ ਪ੍ਰਗਟ ਕੀਤਾ ਜਾਣ ਲੱਗਦਾ ਹੈ। ਇਸ ਤਰ੍ਹਾਂ ਕਣਕ ਦੇ ਇੱਕ ਕੁਆਰਟਰ ਦੀ ਕੀਮਤ ਇੱਕ ਔਂਸ ਸੋਨਾ ਕਹਿਣ ਦੀ ਥਾਂ, ਹੁਣ ਇੰਗਲੈਂਡ ਅੰਦਰ ਕਿਹਾ ਜਾਂਦਾ ਹੈ - 3 ਪੌਂਡ 17 ਸ਼ਲਿੰਗ $10\frac{1}{2}$ ਪੈਂਸ ਦੀ ਕਣਕ। ਇਸ ਤਰ੍ਹਾਂ ਸਾਰੀਆਂ ਕੀਮਤਾਂ ਹੁਣ ਇੱਕੋ ਸਿੱਕਿਆਂ ਵਿੱਚ ਲਾਈਆਂ ਜਾਂਦੀਆਂ ਹਨ। ਜਿਣਸਾਂ ਦੀ ਤਬਾਦਲਾ ਕਦਰ ਦੇ ਮਿਲੇ ਵਿਸ਼ੇਸ਼ ਰੂਪ ਨੂੰ **ਧਨ ਦੇ ਉਹਨਾਂ ਨਾਵਾਂ (ਸਿੱਕਿਆਂ)** ਵਿੱਚ ਬਦਲਿਆ ਜਾਂਦਾ ਹੈ, ਜਿਹੜੇ ਕਿ ਉਸ ਦੀ ਕਦਰ ਨੂੰ ਪ੍ਰਗਟ ਕਰਦੇ ਹਨ। ਧਨ, ਬਦਲੇ ਵਿੱਚ, **ਲੇਖੇ ਦਾ ਧਨ** ਬਣ ਜਾਂਦਾ ਹੈ।*

ਜਿਣਸਾਂ ਦੀ ਲੇਖਾ ਧਨ ਵਿੱਚ ਤਬਦੀਲੀ, ਮਨ ਵਿੱਚ, ਕਾਗਜ਼ ਤੇ ਜਾਂ ਸ਼ਬਦਾਂ ਵਿੱਚ ਉਦੋਂ ਵਾਪਰਦੀ ਹੈ, ਜਦੋਂ ਕਿ ਤਬਾਦਲਾ-ਕਦਰ ਦਾ ਤੱਥ ਦੌਲਤ ਦੀ ਕਿਸੇ ਖਾਸ ਕਿਸਮ ਵਿੱਚ ਬੱਝ ਜਾਂਦਾ ਹੈ।** ਇਸ ਤਬਦੀਲੀ ਲਈ ਸੋਨਾ-ਪਦਾਰਥ ਦੀ ਲੋੜ ਹੁੰਦੀ ਹੈ, ਪਰ ਕੇਵਲ ਖਿਆਲ ਮਾਤਰ ਵਿੱਚ। ਅਸਲ ਸੋਨੇ ਦਾ ਇੱਕ ਪ੍ਰਮਾਣੂੰ, ਰੂੰ ਦੀਆਂ ਇੱਕ ਹਜ਼ਾਰ ਗੰਢਾਂ ਦੀ ਕਦਰ ਦਾ ਸੋਨੇ ਦੇ ਔਂਸਾਂ ਦੀ ਕਿਸੇ ਖਾਸ ਸੰਖਿਆ ਦੇ ਇਵਜ਼ ਅਤੇ ਫੇਰ ਇਸ ਸੰਖਿਆ ਨੂੰ ਪੌਂਡ, ਸ਼ਲਿੰਗ, ਪੈਂਸਾਂ ਵਿੱਚ, ਜਿਹੜੇ ਕਿ ਅਤੇ ਔਂਸ-ਖਾਤੇ ਦੇ ਨਾਂ ਹੁੰਦੇ ਹਨ, ਵਿੱਚ ਪ੍ਰਗਟਾਵਾ ਕਰਨ ਲਈ ਨਹੀਂ ਵਰਤਿਆ ਜਾਂਦਾ। ਮਿਸਾਲ ਲਈ, ਸਕਾਟਲੈਂਡ ਵਿੱਚ 1845 ਦੇ ਸਰ ਰਾਬਰਟ-ਪੀਲਜ਼ ਬੈਂਕ ਐਕਟ ਬਣਨ ਤੋ ਪਹਿਲਾਂ, ਉੱਥੇ ਸੋਨੇ ਦਾ ਇਕ ਔਂਸ ਵੀ ਚਲਨ ਵਿੱਚ ਨਹੀਂ ਸੀ, ਹਾਲਾਂਕਿ ਸੋਨੇ ਦਾ ਔਂਸ, ਜਿਸ ਨੂੰ ਅੰਗਰੇਜ਼ੀ ਖਾਤਾ-ਮਿਆਰ ਦੇ ਰੂਪ ਵਿੱਚ 3 ਪੌਂਡ, 17 ਸ਼ਲਿੰਗ ਬਟਾ ਬਣਾਓ$10\frac{1}{2}$ਪੈਂਸ ਦਾ ਨਾਂ ਦਿੱਤਾ ਹੋਇਆ ਸੀ, ਬਾਕਾਇਦਾ, ਕੀਮਤ ਦੇ ਕਾਨੂੰਨੀ ਮਿਆਰ ਦੇ ਤੌਰ ’ਤੇ ਕੰਮ ਕਰ ਰਿਹਾ ਸੀ। ਇਸੇ ਤਰ੍ਹਾਂ, ਚਾਂਦੀ, ਸਾਇਬੇਰੀਆ ਅਤੇ ਚੀਨ ਦੇ ਵਿਚਕਾਰ ਜਿਣਸਾਂ ਦੇ ਤਬਾਦਲੇ ਵਿੱਚ, ਕੀਮਤ-ਮਿਆਰ ਦੇ ਤੌਰ ’ਤੇ ਵਰਤੀ

* “ਜਦੋਂ ਆਨਾਕਾਰਸਿਸ ਨੂੰ ਪੁੱਛਿਆ ਗਿਆ ਕਿ ਹੈਲੇਨਜ਼ ਧਨ ਕਿਸ ਲਈ ਵਰਤਦੀ ਸੀ ? ਅੱਗੋਂ ਉਸ ਨੂੰ ਉੱਤਰ ਮਿਲਿਆ - ਗਿਣਤੀ ਕਰਨ ਲਈ” (ਐਥੇਨਾਇਊਜ਼, **ਦੀਪਨੋਸੋਫਿਸਤਾਈ** ਲ. IV, 49, ਵ. II, ਪੰਨਾ 120, ਸੰ. ਸ਼ਵੀਗੌਸੇਰ, 1802)

** ਜ. ਗਾਰਨੀਅਰ, ਜਿਸ ਨੇ ਸਭ ਤੋਂ ਪਹਿਲਾਂ ਐਡਮ ਸਮਿੱਥ ਨੂੰ ਫ਼ਰਾਂਸੀਸੀ ਭਾਸ਼ਾ ਵਿੱਚ ਉਲਥਾਇਆ, ਦਾ ਲੇਖਾ ਧਨ ਦੀ ਵਰਤੋਂ ਅਤੇ ਅਸਲ ਧਨ ਦੀ ਵਰਤੋਂ ਵਿਚਕਾਰ ਅਨੁਪਾਤ ਸਥਾਪਤ ਕਰਨ ਦਾ ਇੱਕ ਵਚਿੱਤਰ ਵਿਚਾਰ ਸੀ। ਉਸ ਦੇ ਅਨੁਸਾਰ ਇਹ ਅਨੁਪਾਤ 10:1 ਹੁੰਦਾ ਹੈ (ਜ. ਗਾਰਨੀਅਰ, **ਹਿਸਤੋਰੀ ਦੇ ਲਾ ਮੋਨੀ ਦੀਪੂਇਜ ਲੰਸ ਤੇਪਸ ਦੇ ਲਾ ਪਲੱਸ ਹੌਤੇ-ਐਂਤੀ ਕਿਯੂਤੇ**, ਤ. I, ਪੰਨਾ 78)।

ਜਾ ਰਹੀ ਹੈ, ਹਾਲਾਂਕਿ ਇਹ ਵਪਾਰ ਉੱਕਾ-ਪੁੱਕਾ ਬਾਰਟਰ ਢੰਗ 'ਤੇ ਹੁੰਦਾ ਹੈ। ਇਸ ਤਰ੍ਹਾਂ, ਸੋਨੇ ਨੂੰ ਖਾਤਾ-ਧਨ ਦੇ ਰੂਪ ਵਿੱਚ, ਭਾਵੇਂ ਇਸ ਦੀ ਮਿਆਰੀ ਇਕਾਈ ਜਾਂ ਇਸ ਦੀਆਂ ਉਪ-ਵੰਡਾਂ ਅੱਗੇ ਸੱਚਮੁੱਚ ਸਿੱਕਾ ਰੂਪ ਲੈ ਚੁੱਕੀਆਂ ਹਨ, ਜਾਂ ਨਹੀਂ - ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ। ਵਿਲੀਅਮ ਜੇਤੂ ਦੀ ਹਕੂਮਤ ਦੇ ਦੌਰਾਨ, ਇੱਕ ਪੌਂਡ ਸਟਰਲਿੰਗ, ਜਿਹੜਾ ਉਸ ਸਮੇਂ ਸ਼ੁੱਧ ਚਾਂਦੀ ਦਾ ਇਕ ਪੌਂਡ ਹੁੰਦਾ ਸੀ ਅਤੇ ਸ਼ਲਿੰਗ, ਪੌਂਡ ਦਾ ਵੀਹਵਾਂ ਹਿੱਸਾ ਦੋਵੇਂ ਇੰਗਲੈਂਡ ਵਿੱਚ ਬਤੌਰ ਲੇਖਾ ਧਨ ਦੇ ਮੌਜੂਦ ਸਨ, ਜਦੋਂ ਕਿ ਪੈਂਸ, ਚਾਂਦੀ ਦੇ ਇੱਕ ਪੌਂਡ ਦਾ 1/240ਵਾਂ ਹਿੱਸਾ, ਚਾਂਦੀ ਦਾ ਸਭ ਤੋਂ ਵੱਧ ਮਾਤਰਾ ਵਿੱਚ ਚੱਲਦਾ ਸਿੱਕਾ ਸੀ। ਦੂਜੇ ਪਾਸੇ, ਇੰਗਲੈਂਡ ਵਿੱਚ ਅੱਜ ਕੋਈ ਸ਼ਲਿੰਗ ਜਾਂ ਪੈਂਸ ਨਹੀਂ ਹਨ, ਭਾਵੇਂ ਉਹ ਸੋਨੇ ਦੇ ਇਕ ਔਂਸ ਦੀਆਂ ਬੱਝੀਆਂ ਕਦਰਾਂ ਲਈ ਲੇਖੇ ਦੇ ਕਾਨੂੰਨੀ ਨਾਵਾਂ ਵਿੱਚ ਮੌਜੂਦ ਹਨ। ਲੇਖਾ-ਧਨ ਦੇ ਰੂਪ ਵਿੱਚ ਧਨ, ਕੇਵਲ ਨਾਂ-ਮਾਤਰ ਲਈ ਰਹਿ ਸਕਦਾ ਹੈ, ਜਦੋਂ ਕਿ ਅਸਲ ਜੀਵਨ ਵਿੱਚ ਮੌਜੂਦ, ਧਨ ਨੂੰ ਇੱਕ ਬਿਲਕੁਲ ਵੱਖਰੇ ਮਿਆਰ ਦੇ ਅਨੁਸਾਰ ਸਿੱਕੇ ਦਾ ਰੂਪ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉੱਤਰੀ ਅਮਰੀਕਾ ਦੀਆਂ ਕਈ ਬਰਤਾਨਵੀ ਬਸਤੀਆਂ ਅੰਦਰ ਸਪੇਨੀ ਅਤੇ ਪੁਰਤਗਾਲੀ ਸਿੱਕਿਆਂ ਦੇ ਰੂਪ ਵਿੱਚ ਧਨ ਅਜੇ ਪਿੱਛੇ ਅਠਾਰ੍ਹਵੀਂ ਸਦੀ ਤੀਕ ਚੱਲਦਾ ਆ ਰਿਹਾ ਸੀ, ਜਦੋਂ ਕਿ ਲੇਖਾ-ਧਨ ਹਰ ਥਾਵੇਂ, ਠੀਕ ਉਵੇਂ ਬਣ ਚੁੱਕਾ ਸੀ, ਜਿਵੇਂ ਕਿ ਉਹ ਇੰਗਲੈਂਡ ਅੰਦਰ ਵਰਤਿਆ ਜਾਂਦਾ ਸੀ।*

ਕਿਉਂਕਿ ਕੀਮਤ-ਮਿਆਰ ਦੇ ਰੂਪ ਵਿੱਚ ਸੋਨਾ ਉਹਨਾਂ ਹੀ ਲੇਖਾ-ਨਾਵਾਂ ਨਾਲ਼ ਦਰਸਾਇਆ ਜਾਂਦਾ ਹੈ, ਜਿਹਨਾਂ ਨਾਲ਼ ਜਿਣਸਾਂ ਦੀਆਂ ਕੀਮਤਾਂ - ਮਿਸਾਲ ਲਈ, 3 ਪੌਂਡ, 17 ਸ਼ਲਿੰਗ ਬਟਾ ਬਣਾਓ$10\frac{1}{2}$ਔਂਸ ਸੋਨੇ ਦੇ ਇੱਕ ਔਂਸ ਨੂੰ ਉਸੇ ਤਰ੍ਹਾਂ ਦਰਸਾ ਸਕਦੇ ਹਨ ਜਿਵੇਂ ਕਿ ਲੋਹੇ ਦੇ ਇੱਕ ਟਨ ਵਜ਼ਨ ਨੂੰ - ਇਸ ਤਰ੍ਹਾਂ ਇਹ ਲੇਖਾ ਨਾਂਅ ਸੋਨੇ ਦੀ **ਟਕਸਾਲੀ ਕੀਮਤ** ਅਖਵਾਉਂਦੇ ਹਨ। ਇਸ ਤੋਂ ਇਹ ਅਜੀਬ ਧਾਰਣਾ ਪੈਦਾ ਹੋ ਗਈ ਕਿ ਸੋਨਾ ਆਪਣੇ ਨਿੱਜ ਦੇ ਪਦਾਰਥ ਵਿੱਚ ਅਨੁਮਾਨਿਆ ਜਾਂਦਾ ਹੈ ਅਤੇ ਕਿ ਹੋਰ ਸਾਰੀਆਂ ਜਿਣਸਾਂ ਤੋਂ ਉਲਟ, ਇਸ ਦੀ ਕੀਮਤ ਰਾਜ ਦੁਆਰਾ **ਨਿਯਤ ਕੀਤੀ ਜਾਂਦੀ** ਹੈ। ਸੋਨੇ ਦੇ ਬੱਝੇ ਵਜ਼ਨਾਂ ਲਈ ਲੇਖਾ-ਨਾਵਾਂ ਦੀ ਸਥਾਪਨਾ ਨੂੰ ਗਲਤੀ ਨਾਲ਼, ਇਹਨਾਂ ਵਜ਼ਨਾਂ ਦੀ ਕਦਰ-ਸਥਾਪਨਾ ਸਮਝ ਲਿਆ ਗਿਆ।** ਸੋਨੇ ਦੀ, ਜਦੋਂ ਉਹ ਕੀਮਤਾਂ ਦੇ ਮਿੱਥਣ ਵਿੱਚ ਇੱਕ ਤੱਥ ਦੇ ਤੌਰ 'ਤੇ ਕੰਮ

---

* 1723 ਦੇ ਮੇਰੀਲੈਂਡ ਐਕਟ, ਜਿਸ ਨੇ ਤੰਬਾਕੂ ਨੂੰ ਕਾਨੂੰਨੀ ਮੁੱਦਰਾ ਬਣਾਇਆ, ਪਰ ਜਿਸ ਨੇ ਇਸ ਦੀ ਕਦਰ ਨੂੰ, ਇੱਕ ਪੌਂਡ ਤੰਬਾਕੂ ਨੂੰ ਇੱਕ ਪੈਨੀ ਦੇ ਬਰਾਬਰ ਐਲਾਨ ਕਰ ਕੇ ਬਰਤਾਨਵੀ ਸੋਨਾ-ਧਨ ਵਿੱਚ ਬਦਲ ਦਿੱਤਾ, **ਲੈਜੇਸ ਬਾਰਬਰੋਰੁਮ** (ਜੰਗਲੀਆਂ ਦੇ ਕਾਨੂੰਨ) ਵਿੱਚ ਵੱਖ ਵੱਖ ਜਰਮਨ ਕਬੀਲਿਆਂ ਦੇ ਪ੍ਰਚਲਿਤ ਜਾਂ ਸਾਂਝੇ ਕਾਨੂੰਨ ਦਰਜ ਹਨ। ਇਸ ਪੁਸਤਕ ਦੀ ਰਚਨਾ ਪੰਜਵੀਂ ਤੋਂ ਨੌਵੀਂ ਸਦੀਆਂ ਦੇ ਵਿਚਕਾਰ ਕੀਤੀ ਗਈ ਸੀ।

** ਇਸ ਤਰ੍ਹਾਂ ਅਸੀਂ, ਮਿਸਾਲ ਵਜੋਂ, **ਮਿ. ਡੈਵਿਡ ਉਰਕੁਰਾਹਟ ਦੇ ਜਾਣੇ ਪਛਾਣੇ ਸ਼ਬਦਾਂ** ਵਿੱਚ ਪੜ੍ਹਦੇ ਹਾਂ - "ਸੋਨੇ ਦੀ ਕਦਰ ਨੇ ਆਪਣੇ ਆਪ ਮਾਪਿਆ ਜਾਣਾ ਹੈ; ਕੋਈ ਵਸਤ ਕਿਵੇਂ ਆਪਣੀ ਖੁਦ ਦੀ ਕੀਮਤ ਨਾਲ਼ ਦੂਜੀਆਂ ਚੀਜ਼ਾਂ ਦਾ ਮਾਪ ਬਣ ਸਕਦੀ ਹੈ ? ਸੋਨੇ ਦੀ ਕੀਮਤ ਆਪਣੇ ਖੁਦ ਦੇ ⇨

ਕਰਦਾ ਹੈ, ਨਾ ਕੋਈ **ਬੱਝੀ** ਕੀਮਤ ਹੁੰਦੀ ਹੈ, ਨਾ ਹੀ ਕੋਈ ਉਂਞ ਕੀਮਤ ਹੁੰਦੀ ਹੈ ਅਤੇ ਇਸ ਲਈ ਉਹ ਲੇਖਾ-ਧਨ ਦੇ ਰੂਪ ਵਿੱਚ ਕੰਮ ਕਰਦਾ ਹੈ। ਕੀਮਤ ਦੇ ਰੱਖਣ ਵਿੱਚ, ਜਾਂ ਦੂਜੇ ਸ਼ਬਦਾਂ ਵਿੱਚ, ਜੇ ਕਿਸੇ **ਖਾਸ** ਜਿਣਸ ਦੇ ਅਰਥਾਂ ਵਿੱਚ ਦਰਸਾਇਆ ਜਾਣਾ ਹੋਵੇ, ਜਿਹੜੀ ਜਿਣਸ ਕਿ **ਵਿਆਪਕ** ਸਮਾਨਕ ਦੇ ਰੂਪ ਵਿੱਚ ਕੰਮ ਕਰਦੀ ਹੈ, ਇਸ ਦੂਜੀ ਜਿਣਸ ਨੂੰ ਵੀ ਚੱਲਣ ਦੇ ਅਮਲ ਵਿੱਚ ਉਹ ਹੀ, ਵਿੱਕੋਲਿੱਤਰਾ ਰੋਲ ਅਦਾ ਕਰਨਾ ਹੋਵੇਗਾ, ਜਿਹੜਾ ਕਿ ਸੋਨਾ ਕਰਦਾ ਹੈ। ਪਰ ਦੋਵੇਂ ਜਿਣਸਾਂ ਜਿਹੜੀਆਂ ਹੋਰ ਸਾਰੀਆਂ ਜਿਣਸਾਂ ਨੂੰ ਇਸ ਮੈਦਾਨ ਵਿੱਚੋਂ ਕੱਢ ਦੇਂਦੀਆਂ ਹਨ, ਅਖੀਰ ਇੱਕ-ਦੂਜੀ ਨਾਲ਼ ਵੀ ਉਹੋ ਸਲੂਕ ਕਰਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਜਿਸ ਥਾਂ 'ਤੇ ਸੋਨਾ ਤੇ ਚਾਂਦੀ ਇੱਕ-ਦੂਜੇ ਦੇ ਨਾਲ਼ੋਂ-ਨਾਲ਼ ਕਾਨੂੰਨੀ ਸਿੱਕੇ ਦੇ ਰੂਪ ਵਿੱਚ ਕੰਮ ਕਰਦੇ ਹਨ, ਭਾਵ ਕਦਰ-ਮਾਪ ਦੇ ਰੂਪ ਵਿੱਚ ਉਥੇ ਉਹਨਾਂ ਦੋਹਾਂ ਨੂੰ **ਇੱਕੋ ਵਸਤ** ਮੰਨ ਕੇ ਚੱਲਣ ਦੀ ਅਸਫਲ ਪ੍ਰਵਿਰਤੀ ਸਦਾ ਬਣੀ ਰਹਿੰਦੀ ਹੈ। ਜੇਕਰ ਕੋਈ ਮੰਨ ਲੈਂਦਾ ਹੈ ਕਿ ਕੋਈ ਖਾਸ ਕਿਰਤ-ਸਮਾਂ, ਅਵੱਸ਼ ਹੀ, ਸੋਨੇ ਅਤੇ ਚਾਂਦੀ ਦਾ ਇੱਕੋ ਮਿਕਦਾਰ ਵਿੱਚ ਮੁੱਲ ਪਾਉਂਦਾ ਹੈ, ਤਾਂ ਅਸਲ ਵਿੱਚ, ਉਹ ਇਹ ਮੰਨਦਾ ਹੈ ਕਿ ਸੋਨਾ ਅਤੇ ਚਾਂਦੀ ਇੱਕੋ ਵਸਤ ਹਨ ਅਤੇ ਕਿ ਚਾਂਦੀ, ਜਿਹੜੀ ਕਿ ਸੋਨੇ ਨਾਲ਼ੋਂ ਘੱਟ ਕੀਮਤੀ ਧਾਤ ਹੈ, ਉਹ ਵੀ ਸੋਨੇ ਦੀ ਇੱਕ ਨਿਰੰਤਰ ਕਸਰ ਦੇ ਰੂਪ ਵਿੱਚ ਪੇਸ਼ ਹੁੰਦੀ ਹੈ। ਇੰਗਲੈਂਡ ਅੰਦਰ ਐਡਵਰਡ ਤੀਜੇ ਤੋਂ ਲੈ ਕੇ ਜਾਰਜ ਦੂਜੇ ਦੇ ਰਾਜ ਤੱਕ ਜੋ ਧਨ ਦੀ ਵਿਵਸਥਾ ਦਾ ਇਤਿਹਾਸ ਹੈ, ਉਹ ਸਾਰੇ ਦਾ ਸਾਰਾ, ਸੋਨੇ ਅਤੇ ਚਾਂਦੀ ਦੀਆਂ ਕਦਰਾਂ ਵਿਚਕਾਰ ਕਾਨੂੰਨੀ ਤੌਰ 'ਤੇ ਬੱਝੀਆਂ ਅਨੁਪਾਤਾਂ ਅਤੇ ਉਹਨਾਂ ਦੀਆਂ ਕਦਰਾਂ ਵਿੱਚ ਆਏ ਅਸਲ ਉਤਾਰ-ਚੜ੍ਹਾਵਾਂ ਵਿਚਕਾਰ ਰਹਿੰਦੇ ਫਰਕਾਂ ਤੋਂ ਪੈਦਾ ਹੋ ਵਿਗਾੜਾਂ ਨਾਲ਼ ਭਰਿਆ ਪਿਆ ਹੈ। ਕਦੇ ਤਾਂ ਸੋਨੇ ਦੀ ਕਦਰ ਬਹੁਤ ਉੱਚੀ ਹੈ ਅਤੇ ਕਦੇ ਚਾਂਦੀ ਦੀ ਉਸ ਤੋਂ ਵੀ ਵੱਧ। ਜਿਸ ਧਾਤ ਦੀ ਕਦਰ, ਬਹੁਤ ਹੀ ਘੱਟ ਦਰ 'ਤੇ ਆਂਕੀ ਜਾਣ ਲੱਗਦੀ ਹੈ, ਉਸ ਨੂੰ ਚੱਲਣ ਵਿੱਚੋਂ ਹਟਾ ਲਿਆ ਜਾਂਦਾ ਹੈ ਅਤੇ ਪਿਘਲਾ ਕੇ ਵਿਦੇਸ਼ਾਂ ਵਿੱਚ ਬਰਾਮਦ ਕਰ ਦਿੱਤਾ ਜਾਂਦਾ ਹੈ। ਕਾਨੂੰਨ ਹੁਣ ਇੱਕ ਵਾਰੀ ਫੇਰ ਦੋਹਾਂ ਧਾਤਾਂ ਦੀ ਕਦਰ-ਨਿਸਬਤ ਨੂੰ ਸਥਿਰ ਕਰਦਾ ਹੈ, ਪਰ ਛੇਤੀ ਹੀ ਫੇਰ ਨਵੀਂ ਨਾਂ-ਮਾਤਰੀ ਕਦਰ, ਆਪਣੀ ਥਾਂ 'ਤੇ ਅਸਲ ਕਦਰ-ਅਨੁਪਾਤ ਨਾਲ਼ ਟਕਰਾਉਣ ਲੱਗਦੀ ਹੈ। ਸਾਡੇ ਆਪਣੇ ਸਮੇਂ ਵਿੱਚ, ਚਾਂਦੀ ਦੇ ਮੁਕਾਬਲੇ ਸੋਨੇ ਦੀ ਕਦਰ ਵਿੱਚ, ਚੀਨ ਅਤੇ ਭਾਰਤ ਵੱਲੋਂ ਚਾਂਦੀ ਲਈ ਵਧੀ ਮੰਗ ਕਾਰਨ ਜੋ ਮਾਮੂਲੀ ਤੇ ਥੋੜ੍ਹੇ ਸਮੇਂ ਦੀ ਗਿਰਾਵਟ ਆਈ, ਉਸ ਨੇ ਫ਼ਰਾਂਸ ਅੰਦਰ ਵੱਡੇ ਪੈਮਾਨੇ 'ਤੇ ਉਸੇ ਵਰਤਾਰੇ ਨੂੰ ਦੁਹਰਾਇਆ। ਭਾਵ ਉੱਥੋਂ ਚਾਂਦੀ ਦੀ ਬਰਾਮਦ ਵਧੀ ਅਤੇ ਸੋਨੇ ਨੇ ਚਾਂਦੀ ਨੂੰ ਚੱਲਣ ਦੇ ਖੇਤਰ ਵਿੱਚੋਂ ਬਾਹਰ ਕੱਢ ਦਿੱਤਾ। 1855, 1856 ਅਤੇ 1857 ਦੇ ਸਾਲਾਂ ਵਿੱਚ ਫ਼ਰਾਂਸ ਦੀਆਂ ਸੋਨੇ ਦੀਆਂ ਬਰਾਮਦਾਂ ਉਸ ਦੀਆਂ ਸੋਨੇ

---

⇨ ਵਜ਼ਨ ਦੁਆਰਾ, ਉਸੇ ਵਜ਼ਨ ਦੇ ਕਿਸੇ ਝੂਠੇ ਨਾਂ ਹੇਠ ਸਥਾਪਤ ਹੋਣੀ ਹੁੰਦੀ ਹੈ – ਭਾਵ, ਕਿ ਇੱਕ ਔਂਸ ਦੀ ਕੀਮਤ ਇਤਨੇ ਪੌਂਡ ਅਤੇ ਪੌਂਡਾਂ ਦੀਆਂ ਇਤਨੀਆਂ ਕਸਰਾਂ ਹੋਵੇਗੀ। ਇਹ ਕਿਸੇ ਮਾਪ ਦਾ ਝੂਠਿਆਂ ਬਣਾਇਆ ਜਾਣਾ ਹੈ, ਨਾ ਕਿ ਕਿਸੇ ਮਿਆਰ ਦਾ ਸਥਾਪਤ ਕੀਤਿਆ ਜਾਣਾ।" (ਪੰਨਾ 104-05)।

ਦੀਆਂ ਦਰਾਮਦਾਂ ਨਾਲ਼ੋਂ 41,580,000 ਪੌਂਡ ਵਧੀਆਂ, ਜਦੋਂ ਕਿ ਚਾਂਦੀ ਦੀਆਂ ਦਰਾਮਦਾਂ ਉੱਪਰ ਚਾਂਦੀ ਦੀਆਂ ਬਰਾਮਦਾਂ ਨਾਲ਼ੋਂ ਇਹੋ ਵਾਧਾ ਕੇਵਲ 34,704,000 ਪੌਂਡ ਹੀ ਸੀ।* ਫ਼ਰਾਂਸ ਵਰਗੇ ਦੇਸ਼ਾਂ ਵਿੱਚ, ਜਿੱਥੇ ਦੋਵੇਂ ਧਾਤਾਂ ਕਾਨੂੰਨੀ ਤੌਰ 'ਤੇ ਕਦਰ ਮਾਪ ਮੰਨੀਆਂ ਗਈਆਂ ਹਨ ਅਤੇ ਦੋਹਾਂ ਨੂੰ ਕਾਨੂੰਨ ਸਿੱਕੇ ਕਰਾਰ ਦਿੱਤਾ ਗਿਆ ਹੋਇਆ ਹੈ ਅਤੇ ਜਿੱਥੇ ਕਿ ਹਰ ਨਾਗਰਿਕ ਇਸ ਗੱਲ ਲਈ ਸੁਤੰਤਰ ਹੈ ਕਿ ਉਹ ਆਪਣੀ ਮਰਜ਼ੀ ਅਨੁਸਾਰ ਦੋਹਾਂ ਵਿੱਚੋਂ ਕਿਸੇ ਵੀ ਧਾਤ ਵਿੱਚ ਅਦਾਇਗੀਆਂ ਕਰ ਸਕਦਾ ਹੈ, ਉੱਥੇ ਜਿਸ ਧਾਤ ਦੀ ਕਦਰ ਚੜ੍ਹ ਜਾਂਦੀ ਹੈ, ਉਹ ਫਾਇਦੇ ਵਿੱਚ ਰਹਿੰਦੀ ਹੈ ਅਤੇ ਉਸ ਦੀ ਕੀਮਤ, ਕਿਸੇ ਵੀ ਹੋਰ ਜਿਣਸ ਵਾਂਗ ਚੜ੍ਹੀ-ਦਰ ਦੀ ਧਾਤ ਵਾਂਗ ਉਸੇ ਤਰ੍ਹਾਂ ਉੱਕੀ ਮਾਪੀ ਜਾਂਦੀ ਹੈ ਅਤੇ ਇਸ ਤਰ੍ਹਾਂ ਉਹ ਇਕੱਲੀ ਹੀ ਕਦਰ-ਮਾਪ ਦੇ ਰੂਪ ਵਿੱਚ ਕੰਮ ਕਰਨ ਲੱਗਦੀ ਹੈ। ਇਸ ਖੇਤਰ ਦਾ ਸਾਰਾ ਇਤਿਹਾਸਕ ਅਨੁਭਵ ਕੇਵਲ ਇਹੋ ਸਿੱਧ ਕਰਦਾ ਹੈ ਕਿ ਜਿੱਥੇ ਦੋ ਜਿਣਸਾਂ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਕਦਰਮਾਪਾਂ ਦੇ ਰੂਪ ਵਿੱਚ ਕੰਮ ਕਰਦੀਆਂ ਹਨ, ਉੱਥੇ ਅੰਤ ਨੂੰ ਕੇਵਲ ਇੱਕ ਹੀ ਬਾਕੀ ਰਹਿ ਜਾਂਦੀ ਹੈ ਜਿਸ ਦੀ ਅਮਲ ਵਿੱਚ ਇਹ ਸਥਿਤੀ ਬਰਕਰਾਰ ਰਹਿੰਦੀ ਹੈ।**

## ਅ. ਧਨ-ਮਿਆਰ ਦੇ ਸਿਧਾਂਤ

ਇਹ ਹਕੀਕਤ ਕਿ ਜਿਣਸਾਂ ਕੇਵਲ ਨਾਂ-ਮਾਤਰ ਲਈ ਕੀਮਤਾਂ ਦੇ ਰੂਪ ਵਿੱਚ ਸੋਨੇ ਨਾਲ਼ ਬਦਲੀਆਂ ਜਾਂਦੀਆਂ ਹਨ ਅਤੇ ਇਸ ਲਈ ਸੋਨਾ ਕੇਵਲ ਨਾਂ-ਮਾਤਰ ਲਈ ਹੀ ਧਨ ਵਿੱਚ ਬਦਲਿਆ ਜਾਂਦਾ ਹੈ, ਇਸ ਤੋਂ ਜੋ ਸਿੱਟਾ ਨਿਕਲਿਆ ਉਸ ਨਾਲ਼ **ਧਨ ਦੇ ਨਾਂ-ਮਾਤਰੀ ਮਿਆਰ** ਦੇ ਸਿਧਾਂਤ ਦਾ ਜਨਮ ਹੋਇਆ। ਕਿਉਂਕਿ ਖਿਆਲੀ ਸੋਨਾ ਜਾਂ ਚਾਂਦੀ ਹੀ, ਭਾਵ ਸੋਨਾ ਅਤੇ ਚਾਂਦੀ ਮਹਿਜ਼ ਲੇਖਾ-ਧਨ ਦੇ ਤੌਰ 'ਤੇ, ਕੀਮਤਾਂ ਦੇ ਮਿੱਥਣ ਲਈ ਵਰਤੇ ਜਾਂਦੇ ਹਨ; ਇਸ ਤੋਂ ਇਹ ਦਾਅਵੇ ਕੀਤੇ ਜਾਣ ਲੱਗੇ ਕਿ ਪੌਂਡ, ਸ਼ਲਿੰਗ, ਪੈਂਸ, ਥੇਲਰ, ਫ਼ਰਾਂਕ ਆਦਿ ਦੇ ਸ਼ਬਦ ਕਦਰ ਦੀਆਂ ਆਦਰਸ਼ ਵਸਤਾਂ ਦੇ ਹੀ ਨਾਂ ਹਨ, ਨਾ ਕਿ ਸੋਨਾ ਜਾਂ ਚਾਂਦੀ ਧਾਤਾਂ ਦੇ ਵਜ਼ਨਾਂ ਜਾਂ ਪਦਾਰਥੀ-ਕ੍ਰਿਤ ਕਿਰਤ ਦੇ ਕਿਸੇ ਰੂਪਾਂ ਦੇ। ਮਿਸਾਲ ਲਈ, ਜੇਕਰ ਚਾਂਦੀ ਦੇ ਇੱਕ ਔਂਸ ਦੀ ਕਦਰ ਵਧਣੀ ਹੈ, ਤਾਂ ਇਹਨਾਂ ਵਸਤਾਂ ਦੀ ਮਾਤਰਾ ਇਸ ਵਿੱਚ ਵੱਧ ਹੋਵੇਗੀ ਅਤੇ ਇਸ ਲਈ ਇਸ ਨੂੰ ਵੱਧ ਸੰਖਿਆ ਦੇ ਸ਼ਲਿੰਗਾਂ ਆਦਿ ਸਿੱਕਿਆਂ ਵਿੱਚ ਵੰਡਣਾ

---

* **ਸਿਆਸੀ ਆਰਥਕਤਾ ਦੀ ਆਲੋਚਨਾ ਵਿੱਚ ਵਾਧਾ** ਦੇ ਇੱਕ ਪਹਿਲੇ ਐਡੀਸ਼ਨ ਵਿੱਚ ਗਲਤੀ ਨਾਲ਼ ਇਹ ਅੰਕੜਾ 704,000 ਪੌਂਡ ਦਿੱਤਾ ਗਿਆ ਸੀ।

** "ਧਨ ਵਪਾਰ ਦਾ ਮਾਪ ਹੈ.... ਅਤੇ ਇਸ ਲਈ, ਇਸ ਨੂੰ ਵੀ (ਜਿਵੇਂ ਕਿ ਹੋਰ ਸਾਰੇ ਮਾਪ ਰੱਖੇ ਜਾਂਦੇ ਹੈ), ਜਿੱਥੋਂ ਤੱਕ ਹੋ ਸਕੇ, ਸਥਿਰ ਅਤੇ ਬੇ-ਬਦਲ ਰੱਖਿਆ ਜਾਣਾ ਚਾਹੀਦਾ ਹੈ। ਪਰ ਇਹ ਹੋ ਨਹੀਂ ਸਕਦਾ, ਜੇਕਰ ਤੁਹਾਡਾ ਧਨ ਦੋ ਧਾਤਾਂ ਤੋਂ ਮਿਲ ਕੇ ਬਣਿਆ ਹੋਵੇ, ਜਿਹਨਾਂ ਦਾ ਅਨੁਪਾਤ ਇੱਕ ਦੂਜੀ ਦੀ ਤੁਲਨਾ ਵਿੱਚ ਲਗਾਤਾਰ ਬਦਲਦਾ ਹੈ।" ਜਾਨ ਲੌਕੇ, **ਵਿਆਜ ਘਟਾਉਣ ਬਾਰੇ ਕੁੱਝ ਵਿਚਾਰ**, 1691, ਉਸ ਦੀਆਂ ਰਚਨਾਵਾਂ ਵਿੱਚ, ਸਤਵਾਂ ਐਡੀਸ਼ਨ, ਲੰਡਨ, 1768, ਪੁਸਤਕ 2, ਪੰਨਾ 65)।

ਜਾਂ ਘੜਨਾ ਹੋਵੇਗਾ। ਇਹ ਸਿਧਾਂਤ, ਜਿਸ ਦਾ ਕਿ ਜਨਮ ਸਤਾਰ੍ਹਵੀਂ ਸਦੀ ਦੀ ਸਮਾਪਤੀ ਦੇ ਸਮੇਂ ਹੋਇਆ ਸੀ, ਇਸੇ ਨੂੰ ਮੁੜ ਇੰਗਲੈਂਡ ਦੇ ਪਿਛਲੇ ਵਪਾਰਕ ਸੰਕਟ ਦੇ ਦੌਰਾਨ ਦੁਹਰਾਇਆ ਜਾਣ ਲੱਗਾ, ਇੱਥੋਂ ਤੱਕ ਕਿ ਪਾਰਲੀਮੈਂਟ ਦੇ ਮੈਂਬਰਾਂ ਨੇ ਵੀ ਇਸ ਦੀ ਵਕਾਲਤ ਦੋ ਵਿਸ਼ੇਸ਼ ਰਿਪੋਰਟਾਂ ਵਿੱਚ ਕੀਤੀ, ਜਿਹੜੀਆਂ ਕਿ ਬੈਂਕ ਐਕਟਾਂ ’ਤੇ ਬਣੀ ਸਿਲੈਕਟ ਕਮੇਟੀ ਦੀ 1858 ਦੀ ਰਿਪੋਰਟ ਦੇ ਨਾਲ਼ ਨੱਥੀ ਕੀਤੀਆਂ ਗਈਆਂ। ਵਿਲੀਅਮ ਤੀਜੇ ਦੇ ਗੱਦੀ ’ਤੇ ਬੈਠਣ ਸਮੇਂ ਇੰਗਲੈਂਡ ਅੰਦਰ, ਚਾਂਦੀ ਦੇ ਇੱਕ ਔਂਸ ਦੀ ਟਕਸਾਲੀ ਕੀਮਤ 5 ਸ਼ਲਿੰਗ 2 ਪੈਂਸ ਸੀ, ਜਿਸ ਦਾ ਅਰਥ ਹੈ ਕਿ ਚਾਂਦੀ ਦੇ ਇੱਕ ਔਂਸ ਦਾ 1/62 ਭਾਗ ਇੱਕ ਪੈਨੀ ਅਖਵਾਉਂਦਾ ਸੀ ਅਤੇ ਅਜਿਹੇ ਬਾਰਾਂ ਪੈਂਸਾਂ ਨੂੰ ਇੱਕ ਸ਼ਲਿੰਗ ਕਿਹਾ ਜਾਂਦਾ ਸੀ। ਚਾਂਦੀ ਦੀ ਇੱਕ ਛੜ, ਜਿਸ ਦਾ ਵਜ਼ਨ ਛੇ ਔਂਸ ਹੈ, ਇਸ ਮਿਆਰ ਦੇ ਅਨੁਸਾਰ 31 ਸਿੱਕਿਆਂ ਵਿੱਚ ਘੜ੍ਹੀ ਜਾਵੇਗੀ, ਜਿਹਨਾਂ ਨੂੰ ਸ਼ਲਿੰਗ ਕਿਹਾ ਜਾਵੇਗਾ। ਪਰ ਜਦੋਂ ਕਿ ਇੱਕ ਔਂਸ ਚਾਂਦੀ ਦੀ ਟਕਸਾਲੀ ਕੀਮਤ 5 ਸ਼ਲਿੰਗ ਤੇ 2 ਪੈਂਸ ਹੈ, ਇਸ ਦੀ **ਬਾਜ਼ਾਰ ਕੀਮਤ** ਵਧ ਕੇ 6 ਸ਼ਲਿੰਗ 3 ਪੈਂਸ ਹੋ ਜਾਵੇਗੀ। ਇਸ ਦਾ ਮਤਲਬ ਹੈ ਕਿ ਇੱਕ ਔਂਸ ਛੜ ਚਾਂਦੀ ਨੂੰ ਮੁੱਲ ਲੈਣ ਵਿੱਚ ਲਈ 6 ਸ਼ਿ3: ਪੈਂ: ਦੇਣੇ ਪੈਣਗੇ। ਇੱਕ ਔਂਸ ਚਾਂਦੀ ਦੀ ਬਾਜ਼ਾਰ ਕੀਮਤ ਦਾ ਆਪਣੀ ਟਕਸਾਲੀ ਕੀਮਤ ਤੋਂ ਉੱਪਰ ਜਾਣ ਦਾ ਕਾਰਨ ਕੀ ਹੋਇਆ, ਜਦੋਂ ਕਿ ਟਕਸਾਲੀ ਕੀਮਤ ਤਾਂ, ਇੱਕ ਔਂਸ ਚਾਂਦੀ ਦੀਆਂ ਕਸਰਾਂ ਲਈ, ਇੱਕ ਲੇਖਾ ਨਾਂ-ਮਾਤਰ ਹੀ ਸੀ ? ਇਸ ਗੁੰਝਲ ਦਾ ਹੱਲ ਕੱਢਣਾ ਬਹੁਤ ਸਰਲ ਸੀ। ਉਸ ਸਮੇਂ ਚਲਨ ਵਿੱਚ ਆਏ ਚਾਂਦੀ ਧਨ ਦੇ 5,600,000 ਪੌਂਡ ਘਿਸ ਚੁੱਕੇ ਸਨ ਜਾਂ ਘੱਟ ਵਜ਼ਨੇ ਹੋ ਗਏ ਸਨ। ਇੱਕ ਜੋਖ ਤੋਂ ਪਤਾ ਲੱਗਾ ਕਿ 57,200 ਪੌਂਡਾਂ ਦੇ ਚਾਂਦੀ ਦੇ ਸਿੱਕੇ ਜਦੋਂ ਤੋਲੇ ਗਏ ਤਾਂ ਉਹਨਾਂ ਦਾ ਵਜ਼ਨ ਜਿਹੜਾ ਕਿ 2,20,000 ਔਂਸ ਹੋਣਾ ਚਾਹੀਦਾ ਸੀ, ਕੇਵਲ 1,41,000 ਔਂਸ ਹੀ ਨਿਕਲਿਆ। ਟਕਸਾਲ ਵਿੱਚੋਂ ਉਸੇ ਮਿਆਰ ’ਤੇ ਚਾਂਦੀ ਦੇ ਸਿੱਕੇ ਬਣ-ਬਣ ਕੇ ਨਿਕਲਦੇ ਰਹੇ। ਪਰ ਹੌਲ਼ੇ ਸਿੱਕੇ, ਜਿਹੜੇ ਕਿ ਅਸਲ ਚਲਨ ਵਿੱਚ ਸਨ, ਉਹ ਇੱਕ ਔਂਸ ਦੀ ਘੱਟ ਕਸਰ ਦੇ ਬਰਾਬਰ ਸਨ ਜਿਹੜੀ ਕਿ ਉਹਨਾਂ ਦੇ ਉੱਪਰ ਉੱਕਰੀ ਹੋਈ ਸੀ। ਨਤੀਜੇ ਵਜੋਂ, ਬਾਜ਼ਾਰ ਵਿੱਚ ਛੜ-ਚਾਂਦੀ ਦੇ ਇੱਕ ਔਂਸ ਲਈ ਇਹਨਾਂ ਘਟੇ ਸ਼ਲਿੰਗਾਂ ਦੀ ਵਡੇਰੀ ਮਿਕਦਾਰ ਨੂੰ ਦੇਣਾ ਪਿਆ। ਜਦੋਂ ਇਸ ਤਰ੍ਹਾਂ ਦੀਆਂ ਦਰਪੇਸ਼ ਕਠਿਨਾਈਆਂ ਨੂੰ ਵੇਖਦਿਆਂ, ਸਾਰੇ ਧਨ ਨੂੰ ਮੁੜ ਸਿੱਕੇ ਬੰਦ ਕਰਨ ਦਾ ਨਿਰਣਾ ਲਿਆ ਗਿਆ ਤਾਂ ਖਜ਼ਾਨੇ ਦੇ ਸੈਕਰੇਟਰੀ, ਲੌਂਡਸ ਨੇ ਦਾਅਵਾ ਕੀਤਾ ਕਿ ਇੱਕ ਔਂਸ ਚਾਂਦੀ ਦੀ ਕਦਰ ਵਧ ਗਈ ਹੈ ਅਤੇ ਇਸ ਲਈ ਇੱਕ ਔਂਸ ਚਾਂਦੀ ਦੇ ਬਦਲੇ, ਪਹਿਲਾਂ ਦੇ 5 ਸ਼ਲਿੰਗ 2 ਪੈਂਸ ਦੀ ਥਾਂ ਹੁਣ ਅੱਗੇ ਨੂੰ 6 ਸ਼ਲਿੰਗ 3 ਪੈਂਸ ਲਏ ਜਾਇਆ ਕਰਨਗੇ। ਅਸਲ ਵਿੱਚ, ਇਸ ਤਰ੍ਹਾਂ ਕਹਿ ਕੇ ਉਸ ਨੇ ਇਹ ਮੰਨਿਆ ਕਿ ਕਿਉਂਕਿ ਚਾਂਦੀ ਦੇ ਇੱਕ ਔਂਸ ਦੀ ਕਦਰ ਉੱਪਰ ਚੜ੍ਹ ਗਈ ਹੈ, ਇਸ ਲਈ ਇਸ ਦੇ ਪੂਰੇ ਵੰਡਵੇਂ ਭਾਗਾਂ ਦੀ ਕਦਰ ਗਿਰ ਗਈ ਹੈ। ਪਰ ਇਹ ਝੂਠ ਸਿਧਾਂਤ ਕੇਵਲ ਇਸ ਲਈ ਘੜ੍ਹਿਆ ਗਿਆ, ਤਾਂ ਜੋ ਇੱਕ ਸਹੀ ਅਮਲੀ ਮਾਪ ਨੂੰ ਤਿਆਰ ਕਰਨ ਵਿੱਚ ਵਧੀਆ ਦਿਖਾਈ ਦੇਵੇ। ਸਰਕਾਰੀ ਕਰਜ਼ਿਆਂ ਦੇ ਸੌਦੇ ਹੌਲ਼ੇ ਸ਼ਲਿੰਗਾਂ ਵਿੱਚ ਕੀਤੇ ਜਾਂਦੇ ਸਨ, ਪਰ ਕੀ ਉਹਨਾਂ ਦੀ ਮੁੜ-ਅਦਾਇਗੀ ਮਿਆਰੀ ਵਜ਼ਨਾਂ ਦੇ ਸਿੱਕਿਆਂ

ਵਿੱਚ ਕੀਤੀ ਜਾਂਦੀ ਸੀ ? ਨਾਂ-ਮਾਤਰ ਲਈ ਲਏ ਹਰ ਪੰਜ ਔਂਸਾਂ ਲਈ, ਪਰ ਅਸਲ ਵਿੱਚ ਜਿਹਨਾਂ ਅੰਦਰ ਚਾਰ ਔਂਸ ਹੀ ਚਾਂਦੀ ਹੁੰਦੀ ਸੀ, ਇਹ ਨਹੀਂ ਸੀ ਕਿਹਾ ਜਾਂਦਾ ਕਿ ਉਹਨਾਂ ਦੇ ਥਾਂ 'ਤੇ ਚਾਰ ਔਂਸ ਚਾਂਦੀ ਵਾਪਸ ਕਰ ਦਿਓ, ਬਲਕਿ ਇਸ ਤੋਂ ਉਲਟ ਇਹ ਕਿਹਾ ਜਾਂਦਾ ਸੀ ਕਿ ਨਾਂ-ਮਾਤਰ ਲਈ ਪੰਜ ਔਂਸ ਹੀ ਦੇ ਦਿਓ, ਪਰ ਉਹਨਾਂ ਦੇ ਧਾਤਵੀ ਤੱਤ ਨੂੰ ਘਟਾ ਕੇ ਚਾਰ ਔਂਸ ਬਣਾ ਦਿਓ ਅਤੇ ਜਿਸ ਰਕਮ ਨੂੰ ਤੁਸੀਂ ਹੁਣ ਤੀਕ ਇੱਕ ਸ਼ਲਿੰਗ ਦਾ 4/5 ਭਾਗ ਕਹਿੰਦੇ ਆ ਰਹੇ ਸੀ, ਹੁਣ ਤੋਂ ਉਸੇ ਨੂੰ ਇੱਕ ਸ਼ਲਿੰਗ ਕਹਿਣਾ ਆਰੰਭ ਕਰੋ। ਇਸ ਤਰ੍ਹਾਂ **ਲੌਂਡਸ** ਦੁਆਰਾ ਕੀਤੀ ਕਾਰਵਾਈ, ਅਸਲ ਵਿੱਚ ਧਾਤਵੀ ਤੱਤ 'ਤੇ ਅਧਾਰਿਤ ਸੀ ਜਦੋਂ ਕਿ ਸਿਧਾਂਤ ਵਿੱਚ ਉਹ ਲੇਖੇ ਦੇ ਨਾਂ ਨਾਲ਼ ਚੰਬੜਿਆ ਰਿਹਾ। ਉਸਦੇ ਵਿਰੋਧੀ, ਦੂਜੇ ਬੰਨੇ, ਜਿਹੜੇ ਕਿ ਸਧਾਰਨ ਤੌਰ 'ਤੇ ਲੇਖੇ ਦੇ ਨਾਂ ਨਾਲ਼ ਜੁੜੇ ਰਹੇ ਅਤੇ ਇਸੇ ਲਈ ਜਿਹਨਾਂ ਨੇ ਐਲਾਨ ਕੀਤਾ ਕਿ ਮਿਆਰੀ ਵਜ਼ਨ ਦਾ ਇੱਕ ਸ਼ਲਿੰਗ ਉਸੇ ਸ਼ਲਿੰਗ ਦੇ ਬਰਾਬਰ ਹੈ, ਜਿਹੜਾ ਕਿ ਵਜ਼ਨ ਵਿੱਚ ਉਸ ਤੋਂ 25 ਤੋਂ ਲੈ ਕੇ 50 ਫੀਸਦੀ ਤੱਕ ਹੌਲ਼ਾ ਹੈ – ਇਹ ਦਾਅਵਾ ਕਰਦੇ ਸਨ ਕਿ ਉਹ ਧਾੜਵੀ-ਤੱਤ ਦੇ ਮੰਨਣ ਵਾਲ਼ੇ ਹਨ। **ਜਾਨ ਲੌਕੇ**, ਜਿਹੜਾ ਕਿ ਨਵੀਂ ਬੁਰਜੂਆਜ਼ੀ ਦਾ ਹਰ ਪੱਖੋਂ ਮੋਹਰੀ ਸੀ – ਉਸ ਨੇ ਮਜ਼ਦੂਰਾਂ ਤੇ ਨੰਗਾ ਦੇ ਖਿਲਾਫ ਫੈਕਟਰੀ ਮਾਲਕਾਂ ਦਾ ਪੱਖ ਲਿਆ, ਪੁਰਾਣੀ ਕਿਸਮ ਦੇ ਸ਼ਾਹੂਕਾਰਾਂ ਦੇ ਮੁਕਾਬਲੇ ਵਪਾਰੀਆਂ ਦਾ, ਉਹਨਾਂ ਸਰਕਾਰਾਂ ਦੇ ਖਿਲਾਫ਼, ਜਿਹੜੀਆਂ ਕਿ ਕਰਜ਼ਿਆਂ ਹੇਠ ਦੱਬੀਆਂ ਹੋਈਆਂ ਸਨ, ਮਾਲੀ ਰਈਸਾਂ ਦਾ ਪੱਖ ਲਿਆ; ਉਸਨੇ ਇੱਕ ਵੱਖਰੀ ਪੁਸਤਕ ਵਿੱਚ ਇਹ ਵੀ ਸਿੱਧ ਕੀਤਾ ਹੈ, ਕਿ ਬੁਰਜੂਆ ਵਿਚਾਰ-ਢੰਗ ਇੱਕ ਸਾਧਾਰਨ ਮਨੁੱਖੀ ਵਿਚਾਰ-ਢੰਗ ਹੈ – ਨੇ ਲੌਂਡਸ ਦੀ ਚੁਣੌਤੀ ਨੂੰ ਕਬੂਲ ਕੀਤਾ। ਜਾਨ ਲੌਕੇ ਨੂੰ ਜਿੱਤ ਪ੍ਰਾਪਤ ਹੋਈ ਅਤੇ ਉਹ ਧਨ, ਜਿਹੜਾ ਕਿ 10 ਤੋਂ 14 ਸ਼ਲਿੰਗਾਂ ਵਾਲ਼ੀਆਂ ਗਿੰਨੀਆਂ ਵਿੱਚ ਉਧਾਰ ਲਿਆ ਗਿਆ ਸੀ, ਉਸ ਨੂੰ 20 ਸ਼ਲਿੰਗਾਂ ਦੀਆਂ ਗਿੰਨੀਆਂ ਵਿੱਚ ਮੋੜਨਾ ਪਿਆ।* ਸਰ **ਜੇਮਜ਼ ਸਟਿਊਆਰਟ** ਨੇ ਇਸ ਕਾਰਵਾਈ ਦਾ ਹੇਠ ਲਿਖਿਆ ਸੰਖੇਪ

* ਲੌਕੇ ਹੋਰ ਗੱਲਾਂ ਦੇ ਨਾਲ਼ ਕਹਿੰਦਾ ਹੈ : "ਉਸ ਨੂੰ ਹੁਣ ਕਰਾਊਨ ਦਾ ਨਾਂ ਦਿਓ, ਜਿਹੜਾ ਕਿ ਪਹਿਲਾਂ.... ਕਰਾਊਨ ਦਾ ਕੇਵਲ ਇੱਕ ਭਾਗ ਹੁੰਦਾ ਸੀ... ਜਿਸ ਵਿੱਚ ਚਾਂਦੀ ਦੀ ਇੱਕ ਬਰਾਬਰ ਦੀ ਮਿਕਦਾਰ, ਹਮੇਸ਼ਾ ਕਦਰ ਵਿੱਚ, ਇੱਕ ਬਰਾਬਰ ਮਿਕਦਾਰ ਦੀ ਚਾਂਦੀ ਦੇ ਬਰਾਬਰ ਹੁੰਦੀ ਹੈ... ਕਿਉਂਕਿ ਜੇਕਰ ਕਿਸੇ ਸਿੱਕੇ ਦੀ ਚਾਂਦੀ ਦੀ ਮਿਕਦਾਰ ਦਾ 1/20 ਘਟਾਅ ਇਸ ਦੀ ਕਦਰ ਨੂੰ ਨਹੀਂ ਘਟਾਉਂਦਾ ਤਾਂ ਕਿਸੇ ਸਿੱਕੇ ਦੀ ਚਾਂਦੀ ਦੀ ਮਿਕਦਾਰ ਦਾ 19/20 ਘਟਾਅ ਇਸ ਦੀ ਕਦਰ ਨੂੰ ਨਹੀਂ...।ਅਤੇ ਇਸ ਤਰ੍ਹਾਂ.... ਇੱਕ ਇਕੱਲਾ ਪੈਂਸ, ਜਿਸ ਨੂੰ ਕਰਾਊਨ ਦਾ ਨਾਂ ਦਿੱਤਾ ਗਿਆ ਹੈ, ਇਤਨੇ ਹੀ ਮਸਾਲੇ, ਜਾਂ ਰੇਸ਼ਮ, ਜਾਂ ਕੋਈ ਹੋਰ ਜਿਣਸ ਖਰੀਦ ਸਕੇਗਾ, ਜਿੰਨੇ ਕਿ ਕੋਈ ਇੱਕ ਕਰਾਊਨ ਦਾ ਸਿੱਕਾ, ਜਿਸ ਵਿੱਚ ਇਸ ਨਾਲੋਂ 20 ਜਾਂ 60 ਗੁਣਾਂ ਵੱਧ ਚਾਂਦੀ ਖਰੀਦ ਸਕਦਾ ਹੈ।" ਇਸ ਲਈ ਤੁਹਾਨੂੰ ਕਰਨਾ ਸਿਰਫ਼ ਇਹ ਪਏਗਾ, "ਆਪਣੇ ਧਨ ਨੂੰ ਵਧਾ ਲਓ... ਕਿਵੇਂ ? ਚਾਂਦੀ ਦੀ ਕਿਸੇ ਘੱਟ ਮਿਕਦਾਰ ਨੂੰ, ਉਸ ਤੋਂ ਕਿਤੇ ਵੱਧ ਮੁੱਲ ਦੇ ਸਿੱਕੇ ਦਾ ਨਾਂ, ਟਕਸਾਲ ਦੀ ਮੁਹਰ ਲਗਾ ਕੇ ਦੇ ਲਓ", ਪਰ "ਇਹ ਤਾਂ ਚਾਂਦੀ ਹੁੰਦੀ ਹੈ ਨਾ ਕਿ ਸਿੱਕਿਆਂ ਦੇ ਨਾਂ ਜਿਹਨਾਂ ਵਿੱਚ ਕਿ ਕਰਜ਼ੇ ਉਤਾਰੇ ਜਾਂਦੇ ਹਨ ਅਤੇ ਜਿਣਸਾਂ ਦੀ ਖਰੀਦ ਕੀਤੀ ਜਾਂਦੀ ਹੈ।" ਵਾਧਾ ਆਪਣੀ ਥਾਂ, ਪਰ ਕਿਸੇ ਸਿੱਕੇ ਦੇ ਪੂਰੇ ➪

ਬਿਓਰਾ ਦਿੱਤਾ:

> "…ਰਾਜ ਨੂੰ ਟੈਕਸਾਂ ਦੀ ਰਕਮ ਵਿੱਚ ਬਹੁਤ ਲਾਭ ਪ੍ਰਾਪਤ ਹੋਇਆ, ਇਸੇ ਤਰ੍ਹਾਂ ਸਾਖਦਾਰਾਂ ਨੂੰ ਉਹਨਾਂ ਦੇ ਸਰਮਾਇਆ ਅਤੇ ਵਿਆਜਾਂ ਉੱਪਰ ਵੀ; ਅਤੇ ਕੌਮ, ਜਿਸ ਦਾ ਕਿ ਪ੍ਰਮੁੱਖ ਤੌਰ 'ਤੇ ਨੁਕਸਾਨ ਹੋਇਆ ਸੀ, ਉਹ ਖੁਸ਼ ਸੀ; ਕਿਉਂਕਿ ਉਹਨਾਂ ਦਾ ਮਿਆਰ (ਉਹਨਾਂ ਦੀ ਆਪਣੀ ਕਦਰ ਦਾ ਮਿਆਰ) ਨਹੀਂ ਘਟਾਇਆ ਗਿਆ ਸੀ।" (ਸਟਿਯੂਆਰਟ, ਓਪ. ਸਿਟ., ਜਿਲਦ-II, ਪੰਨਾ 156)

ਸਟਿਯੂਆਰਟ ਦਾ ਵਿਸ਼ਵਾਸ ਸੀ ਕਿ ਵਪਾਰ ਦਾ ਜਿਵੇਂ ਜਿਵੇਂ ਅੱਗੇ ਵਿਕਾਸ ਹੋਵੇਗਾ, ਕੌਮ ਨੂੰ ਵਧੇਰੇ ਅਕਲ ਆਉਂਦੀ ਜਾਵੇਗੀ। ਪਰ ਉਹ ਗਲਤ ਸਿੱਧ ਹੋਇਆ। ਕੋਈ 120 ਵਰ੍ਹੇ ਪਿੱਛੋਂ ਉਹੋ 'ਛੱਡੋ ਪਰ੍ਹਾਂ, ਕੀ ਲਾਭ' ਦੀ ਮੁਹਾਰਣੀ ਮੁੜ ਦੁਹਰਾਇਆ ਗਿਆ।

ਵਿਸ਼ਪ **ਬਰਕਲੇ**, ਜਿਹੜਾ ਕਿ ਅੰਗਰੇਜ਼ੀ ਫਲਸਫੇ ਵਿੱਚ ਰਹੱਸਵਾਦੀ ਆਦਰਸ਼ਵਾਦ ਦਾ ਵੱਡਾ ਸਮਰਥਕ ਹੋਇਆ ਹੈ, ਜਿਸ ਨੇ ਕਿ ਨਾਂ-ਮਾਤਰੀ ਧਨ-ਮਿਆਰ ਦੇ ਸਿਧਾਂਤ ਨੂੰ ਇੱਕ ਸਿਧਾਂਤਕ ਮੋੜਾ ਦਿੱਤਾ, ਜਿਸ ਨੂੰ ਕਿ ਖਜ਼ਾਨੇ ਦੇ ਅਮਲੀ ਸੈਕਰੇਟਰੀ ਨੇ ਛੱਡ ਦਿੱਤਾ ਸੀ, ਉਸ ਬਰਕਲੇ ਨੇ ਹੇਠ ਲਿਖੇ ਸਵਾਲ ਉਠਾਏ:

---

➾ ਵੰਡਵੇਂ ਭਾਗਾਂ ਨੂੰ ਮਨਮਰਜ਼ੀ ਨਾਲ਼ ਨਾਂ ਦੇ ਲੈਣਾ, ਅਰਥਾਤ ਜਿਵੇਂ ਕਿ ਇੱਥੇ ਇੱਕ ਔਂਸ ਦਾ ਸੱਤਵਾਂ ਭਾਗ ਅਜੇ ਵੀ ਪੈਂਸ ਅਖਵਾਉਂਦਾ ਹੈ, ਜਿੰਨਾ ਵੀ ਚਾਹੋ, ਵਧਾਇਆ ਜਾ ਸਕਦਾ ਹੈ।" ਲੌਂਡਸ ਦੀਆਂ ਦਲੀਲਾਂ ਦਾ ਉੱਤਰ ਦੇਂਦੇ ਹੋਇਆ, ਲੌਕੇ ਐਲਾਨ ਕਰਦਾ ਹੈ ਕਿ ਟਕਸਾਲੀ ਕੀਮਤ ਤੋਂ ਉੱਪਰ, ਬਾਜ਼ਾਰ ਕੀਮਤ ਵਿੱਚ ਵਾਧਾ, ਚਾਂਦੀ ਦੀ ਕਦਰ ਨੂੰ ਵਧਾ ਕੇ ਨਹੀਂ ਕੀਤਾ ਗਿਆ, ਬਲਕਿ ਸਿੱਕਿਆਂ ਦੇ ਵਜ਼ਨ ਨੂੰ ਘਟਾ ਕੇ ਕੀਤਾ ਗਿਆ; 77 ਘਟਾਏ ਵਜ਼ਨ ਦੇ ਸ਼ਲਿੰਗ, ਮਿਆਰੀ ਵਜ਼ਨ ਦੇ 62 ਸ਼ਲਿੰਗਾਂ ਨਾਲ਼ੋਂ ਵੀ ਹੌਲ਼ੇ ਹਨ। ਅਖੀਰ ਵਿੱਚ, ਲੌਕੇ ਇਸ ਗੱਲ 'ਤੇ ਜ਼ੋਰ ਦੇਣ ਵਿੱਚ ਬਿਲਕੁੱਲ ਸਹੀ ਹੈ ਕਿ ਚੱਲਣ ਵਿਚਲੇ ਸਿੱਕਿਆਂ ਰਾਹੀਂ ਭਾਵੇਂ ਚਾਂਦੀ ਵਿੱਚ ਨੁਕਸਾਨ ਉਠਾਉਣਾ ਪਵੇ, ਪਰ ਬੁਲੀਅਨ (ਇੱਟ) ਚਾਂਦੀ ਦੀ ਬਾਜ਼ਾਰ-ਕੀਮਤ, ਇੰਗਲੈਂਡ ਅੰਦਰ, ਟਕਸਾਲੀ ਕੀਮਤ ਨਾਲ਼ੋਂ ਕਿਸੇ ਹੱਦ ਤੀਕ ਉੱਪਰ ਜਾ ਸਕਦੀ ਹੈ, ਕਿਉਂਕਿ ਬੁਲੀਅਨ ਚਾਂਦੀ ਦੀ ਬਰਾਮਦ ਕਰਨ ਦੀ ਆਗਿਆ ਹੈ ਜਦੋਂ ਕਿ ਸਿੱਕਾ ਚਾਂਦੀ ਦੀ ਬਰਾਮਦ ਉੱਪਰ ਰੋਕ ਲੱਗੀ ਹੋਈ ਹੈ। (ਦੇਖੋ ਓਪ. ਸਿਟ ਪੰਨਾ 54-116 ਪਾਸਿਮ)। ਲੌਕੇ ਇਸ ਗੱਲ ਦਾ ਪੂਰਾ ਧਿਆਨ ਰੱਖਦਾ ਹੈ ਕਿ ਕੌਮੀ ਕਰਜ਼ਿਆਂ ਦੇ ਅਹਿਮ ਸਵਾਲ ਨੂੰ ਸਾਹਮਣੇ ਨਾ ਲਿਆਂਦਾ ਜਾਵੇ, ਠੀਕ ਉਵੇਂ, ਜਿਵੇਂ ਕਿ ਉਸ ਨੇ ਬੜੀ ਸਫਾਈ ਨਾਲ਼ ਇੱਕ ਹੋਰ ਟੇਢੇ ਆਰਥਕ ਮਸਲੇ ਨੂੰ ਪਬਲਿਕ ਸਾਹਮਣੇ ਆਉਣੋਂ ਲੁਕਾਈ ਰੱਖਿਆ। ਇਹ ਮਸਲਾ ਹੈ - ਤਬਾਦਲਾ ਦਰ ਅਤੇ ਚਾਂਦੀ ਬੁਲੀਅਨ ਦੀ ਚਾਂਦੀ ਸਿੱਕਾ ਪ੍ਰਤੀ ਨਿਸਬਤ, ਦੋਹਾਂ ਦੀ ਸਾਖੀ ਤੋਂ ਇਹ ਸਿੱਧ ਹੈ ਕਿ ਚਲਨ ਵਿਚਲੇ ਧਨ ਦੀ ਮੁੱਲ-ਘਟਾਈ ਦੀ, ਕਿਸੇ ਪੱਖੋਂ ਵੀ, ਇਸ ਦੁਆਰਾ ਖੋਈ ਚਾਂਦੀ ਦੀ ਮਾਤਰਾ ਨਾਲ਼ ਕੋਈ ਨਿਸਬਤ ਨਹੀਂ ਸੀ। ਅਸੀਂ ਇਸ ਸਵਾਲ ਉੱਪਰ, ਅੱਗੇ ਚੱਲ ਕੇ, ਇਸ ਦੇ ਆਮ ਰੂਪ ਬਾਰੇ, ਚਲਨ-ਮਾਧਿਅਮ ਵਾਲ਼ੇ ਅਧਿਆਏ ਵਿੱਚ ਵਿਚਾਰ ਕਰਾਂਗੇ। ਨਿਕੋਲਸ ਬਾਰਬੋਨ ਨੇ ਲੰਡਨ ਅੰਦਰ ਆਪਣੀ 1696 ਵਿੱਚ ਛਪੀ ਰਚਨਾ - '**ਮਿ. ਲੌਕੇ ਦੇ ਵਿਚਾਰਾਂ ਦੇ ਜੁਆਬ ਵਿੱਚ, ਨਵੇਂ ਹੌਲ਼ੇ ਧਨ ਦੀ ਘੜਾਈ ਬਾਰੇ ਇੱਕ ਪ੍ਰਵਚਨ**' ਵਿੱਚ ਲੌਕੇ ਨੂੰ ਔਖੀਆਂ ਦਲੀਲਾਂ ਵਿੱਚ ਘੜੀਸਣ ਦਾ ਅਸਫਲ ਯਤਨ ਕੀਤਾ।

"ਕੀ, ਕਰਾਊਣ, ਲਿਵਰੇ, ਪੌਂਡ ਸਟਰਲਿੰਗ ਆਦਿ ਨਾਂ, ਉਹਨਾਂ ਹੀ ਨਿਸਬਤਾਂ ਦੇ, ਪ੍ਰਗਟਾਵਾਂ ਜਾਂ ਸਿੱਕਾ-ਨਾਵਾਂ ਦੇ ਰੂਪ ਵਿੱਚ ਨਹੀਂ ਸਮਝੇ ਜਾਣੇ ਚਾਹੀਦੇ ?" (ਅਰਥਾਤ, ਅਸਲ ਅਰੂਪ ਕਦਰ ਦੀਆਂ ਨਿਸਬਤਾਂ)। "ਅਤੇ ਜਾਂ, ਕੀ ਸੋਨਾ, ਚਾਂਦੀ ਅਤੇ ਕਾਗਜ਼, ਗਿਣਤੀ-ਮਿਣਤੀ, ਰਿਕਾਰਡ ਅਤੇ ਉਸ ਦੀ ਬਦਲੀ ਦੇ ਟਿਕਟ ਜਾਂ ਟੋਕਣ ਆਦਿ ਨਹੀਂ ਹਨ ?" (ਕਦਰ-ਨਿਸਬਤ ਦੇ)। "ਕੀ, ਸਨਅਤ ਨੂੰ ਚਲਾਉਣ ਦੀ ਤਾਕਤ" ਦੂਜਿਆਂ ਦੀ (ਸਮਾਜਿਕ-ਕਿਰਤ) ਅਸਲ ਦੌਲਤ ਨਹੀਂ ਹੋਣੀ ਚਾਹੀਦੀ ? ਅਤੇ ਕੀ, ਧਨ, ਸੱਚ ਹੀ, ਉਸ ਤਾਕਤ ਨੂੰ ਲੈ ਕੇ ਜਾਣ ਅਤੇ ਰਿਕਾਰਡ ਕਰਨ ਦੇ ਟਿਕਟ ਜਾਂ ਟੋਕਣ ਨਹੀਂ ਹੋਣਾ ਚਾਹੀਦਾ ਅਤੇ ਕੀ ਇਹ ਗੱਲ ਬਹੁਤ ਅਹਿਮੀਅਤ ਦੀ ਹੈ ਕਿ ਟਿਕਟ ਕਿਹੜੇ ਪਦਾਰਥਾਂ ਦੇ ਬਣੇ ਹੋਏ ਹਨ ?"*

ਇਸ ਪੈਰ੍ਹੇ ਵਿੱਚ, ਲੇਖਕ ਇੱਕ ਬੰਨੇ ਤਾਂ, ਕਦਰ-ਮਾਪ ਨੂੰ ਕੀਮਤ-ਮਿਆਰ ਨਾਲ਼ ਭੁਚਲਾਂਦਾ ਹੈ ਅਤੇ ਦੂਜੇ ਬੰਨੇ, ਸੋਨੇ ਜਾਂ ਚਾਂਦੀ ਨੂੰ ਕਦਰ-ਮਾਪ ਅਤੇ ਚਲਨ-ਵਸੀਲੇ ਦੇ ਰੂਪ ਵਿੱਚ ਭੁਚਲਾਂਦਾ ਹੈ। ਕਿਉਂਕਿ ਟੋਕਣਾਂ ਨੂੰ, ਚਲਨ ਦੇ ਖੇਤਰ ਵਿੱਚ, ਕੀਮਤੀ ਧਾਤਾਂ ਨਾਲ਼ ਬਦਲਿਆ ਜਾ ਸਕਦਾ ਹੈ, ਇਸ ਲਈ ਬਰਕਲੇ ਇਸ ਨਤੀਜੇ 'ਤੇ ਪੁੱਜਦਾ ਹੈ, ਕਿ ਇਹ ਟੋਕਣ ਆਪਣੇ ਆਪ **ਕਿਸੇ ਵੀ ਚੀਜ਼** ਦੇ ਸਰੂਪ ਨਹੀਂ ਹਨ, ਭਾਵ ਕਿ ਇਹ ਕਦਰ ਦੀ ਅਰੂਪ ਧਾਰਣਾ ਹਨ।

ਧਨ ਦੇ ਨਾਂ-ਮਾਤਰੀ ਮਿਆਰ ਦੇ ਸਿਧਾਂਤ ਦੀ ਸਰ **ਜੇਮਜ਼ ਸਟਿਯੂਆਰਟ** ਵੱਲੋਂ ਇਤਨੀ ਸੰਪੂਰਣ ਵਿਆਖਿਆ ਕੀਤੀ ਗਈ ਸੀ, ਕਿ ਉਸ ਦੇ ਅਨੁਯਾਈਆਂ – ਅਨੁਯਾਈਆਂ ਨੂੰ ਨਹੀਂ ਪਤਾ ਕਿ ਉਹ ਅਨੁਯਾਈ ਹਨ, ਕਿਉਂਕਿ ਉਹ ਉਸ ਨੂੰ ਜਾਣਦੇ ਹੀ ਨਹੀਂ – ਨੂੰ ਨਾ ਤਾਂ ਕੋਈ ਨਵੀਂ ਵਿਆਖਿਆ ਸੁੱਝਦੀ ਹੈ, ਨਾ ਹੀ ਕੋਈ ਨਵੀਂ ਮਿਸਾਲ। ਉਹ ਲਿਖਦਾ ਹੈ:

"ਧਨ, ਜਿਸ ਨੂੰ ਕਿ ਮੈਂ ਲੇਖਾ-ਧਨ ਕਹਿੰਦਾ ਹਾਂ, ਉਹਨਾਂ ਬਰਾਬਰ ਭਾਗਾਂ ਦੇ ਕਿਸੇ ਆਪ-ਹੁਦਰੇ ਮਾਪ ਤੋਂ ਵੱਧ ਹੋਰ ਕੁੱਝ ਨਹੀਂ, ਜਿਹਨਾਂ ਦੀ ਕਾਢ ਵਿਕਾਊ ਚੀਜ਼ਾਂ ਦੀ ਕ੍ਰਮਿਕ ਕਦਰ ਨੂੰ ਮਾਪਣ ਲਈ ਕੀਤੀ ਗਈ ਹੈ। ਇਸ ਲਈ, ਲੇਖਾ-ਧਨ, ਸਿੱਕਾ-ਧਨ ਤੋਂ, ਜਿਹੜਾ ਕਿ ਕੀਮਤ ਹੁੰਦਾ ਹੈ, ਬਿਲਕੁਲ ਹੀ ਵੱਖਰੀ ਵਸਤ ਹੈ, (ਇੱਥੇ **ਕੀਮਤ**, ਜਿਵੇਂ ਕਿ ਸਤਾਰ੍ਹਵੀਂ ਸਦੀ ਦੇ ਅੰਗਰੇਜ਼ ਅਰਥ-ਸ਼ਾਸਤਰੀਆਂ ਦੀਆਂ ਰਚਨਾਵਾਂ ਵਿੱਚ ਵੀ ਹੈ, ਇੱਕ ਠੋਸ ਸਮਾਨਕ ਦੇ ਅਰਥਾਂ ਵਿੱਚ ਵਰਤੀ ਗਈ ਹੈ) ਅਤੇ ਇਸੇ ਤਰ੍ਹਾਂ ਬਣੀ ਰਹਿ ਸਕਦੀ ਹੈ, ਭਾਵੇਂ ਕਿ ਸੰਸਾਰ ਵਿੱਚ ਕਦੇ ਵੀ ਅਜਿਹੀ ਕੋਈ ਵਸਤ ਨਹੀਂ ਹੋਈ, ਜਿਹੜੀ ਕਿ ਹਰ ਜਿਣਸ ਲਈ ਇੱਕ ਢੁੱਕਵਾਂ ਅਤੇ ਨਿਸਬਤੀ

---

* **ਦੀ ਕੁਐਰਿਸਟ, ਲਾਕ. ਸਿਤ**. ਇਤਫਾਕ ਨਾਲ਼ **"ਧਨ ਤੇ ਕਿੰਤੂ"** ਵਾਲ਼ਾ ਭਾਗ ਬੜਾ ਹੀ ਚੁਟੀਲਾ ਹੈ। ਹੋਰ ਗੱਲਾਂ ਤੋਂ ਇਲਾਵਾ, ਇਸ ਵਿੱਚ ਇਹ ਸੱਚਾ ਕਥਨ ਵੀ ਦਰਜ ਹੈ ਕਿ ਉੱਤਰੀ ਅਮਰੀਕਾ ਦੀਆਂ ਬਸਤੀਆਂ ਦੇ ਵਿਕਾਸ ਨਾਲ਼ "ਇਹ ਹਕੀਕਤ ਚੜ੍ਹੇ ਸੂਰਜ ਵਾਂਗ ਪ੍ਰਤੱਖ ਹੋ ਗਈ ਕਿ ਸੋਨਾ ਅਤੇ ਚਾਂਦੀ ਕਿਸੇ ਕੌਮ ਦੀ ਦੌਲਤ ਲਈ ਜ਼ਰੂਰੀ ਨਹੀਂ ਹਨ, ਜਿਵੇਂ ਕਿ ਹਰ ਮੰਗੂ ਤੰਗੂ ਇਹਨਾਂ ਬਾਰੇ ਖਿਆਲ ਕਰਦਾ ਹੈ।"

ਸਮਾਨਕ ਬਣ ਸਕਦੀ ਹੈ....। ਲੇਖਾ-ਧਨ ਚੀਜ਼ਾਂ ਦੀ ਕਦਰ ਬਾਰੇ ਉਹੋ ਖ਼ਾਨਾ ਪੂਰਤੀ ਕਰਦਾ ਹੈ, ਜਿਹੜੀ ਕਿ ਕੋਣਾਂ ਦੇ ਲਈ ਅੰਸ਼, ਮਿੰਨਟ, ਸੈਕਿੰਡ ਆਦਿ ਕਰਦੇ ਹਨ, ਜਾਂ ਕਿ ਭੂਗੋਲਿਕ ਮਾਣਚਿੱਤਰਾਂ ਜਾਂ ਕਿਸੇ ਕਿਸਮ ਦੇ ਨਕਸ਼ਿਆਂ ਵਿੱਚ ਸਕੇਲਾਂ ਕਰਦੀਆਂ ਹਨ। ਇਹਨਾਂ ਸਾਰੀਆਂ ਕਾਢਾਂ ਵਿੱਚ, ਇਕਾਈ ਲਈ, ਲਗਾਤਾਰ ਕੋਈ ਨਾ ਕੋਈ ਨਾਂ ਜ਼ਰੂਰ ਦਿੱਤਾ ਗਿਆ ਹੈ... ਇਹਨਾਂ ਸਾਰੀਆਂ ਕਾਢਾਂ ਦਾ ਲਾਭ, ਮਹਿਜ਼ **ਨਿਸਬਤ ਦੀ ਨਿਸ਼ਾਨ ਦੇਹੀ** ਤੱਕ ਹੀ ਸੀਮਤ ਹੈ। ਜਿਵੇਂ ਕਿ ਧਨ ਦੀ ਇਕਾਈ ਦੀ ਕਦਰ ਦੇ ਕਿਸੇ ਭਾਗ ਨਾਲ਼ ਕੋਈ ਪ੍ਰਤੱਖ ਨਿਸ਼ਚੇਕਾਰੀ ਨਿਸਬਤ ਨਹੀਂ ਹੈ, ਜਿਸ ਦਾ ਦੂਜਾ ਮਤਲਬ ਇਹ ਹੈ, ਕਿ ਇਸ ਨੂੰ ਸੋਨੇ, ਚਾਂਦੀ ਜਾਂ ਕਿਸੇ ਵੀ ਹੋਰ ਜਿਣਸ ਦੀ ਕਿਸੇ ਖਾਸ ਮਿਕਦਾਰ ਨਾਲ਼ ਨਹੀਂ ਬੰਨ੍ਹਿਆ ਜਾ ਸਕਦਾ। ਇੱਕ ਵਾਰੀ ਮਿੱਥੀ ਇਕਾਈ, ਅਸੀਂ ਕਹਿ ਸਕਦੇ ਹਾਂ, ਇਸ ਨੂੰ ਗੁਣਾ ਕਰਨ ਨਾਲ਼ ਵੱਡੀ ਤੋਂ ਵੱਡੀ ਕਦਰ ਤੱਕ ਚੜ੍ਹ ਸਕਦੀ ਹੈ...., ਜਿਸ ਦੀ ਕਦਰ, ਇਸ ਲਈ, ਉਹਨਾਂ ਨਾਲ਼ ਸਬੰਧਤ ਹਾਲਤ ਦੇ ਕਿਸੇ ਆਮ ਮੇਲ ’ਤੇ ਨਿਰਭਰ ਕਰਦਿਆਂ, ਇੱਕ-ਦੂਜੀ ਦੇ ਪ੍ਰਤੀ ਹੀ ਬਦਲਦੀ ਸਮਝੀ ਜਾਣੀ ਚਾਹੀਦੀ ਹੈ; ਨਤੀਜੇ ਵਜੋਂ, ਕੋਈ ਚੀਜ਼, ਜਿਹੜੀ ਕਿ ਕਿਸੇ ਆਮ, ਨਿਸ਼ਚੇਕਾਰੀ ਅਤੇ ਪ੍ਰਤੱਖ ਸਕੇਲ ਦੁਆਰਾ ਇਹਨਾਂ ਨਿਸਬਿਤ-ਬਦਲੀਆਂ ਦਾ ਪਤਾ ਲਾਉਣ ਵਿੱਚ, ਕੋਈ ਕਠਿਨਾਈ ਜਾਂ ਪਰੇਸ਼ਾਨੀ ਪੈਦਾ ਕਰਦੀ ਹੈ, ਉਹ ਜ਼ਰੂਰ ਵਪਾਰ ਲਈ ਹਾਨੀਕਾਰਕ ਹੈ...। ਧਨ... ਬਰਾਬਰ ਭਾਗਾਂ ਦਾ ਇੱਕ **ਆਦਰਸ਼ ਸਕੇਲ** ਹੈ। ਜੇਕਰ ਇਹ ਪੁੱਛਿਆ ਜਾਵੇ, ਕਿ ਕਿਸੇ ਇੱਕ ਭਾਗ ਦੀ ਮਿਆਰੀ ਕਦਰ ਕੀ ਹੋਣੀ ਚਾਹੀਦੀ ਹੈ ? ਤਾਂ ਮੈਂ ਇਸ ਦਾ ਜੁਆਬ ਇੱਕ ਹੋਰ ਪ੍ਰਸ਼ਨ ਪੁੱਛ ਕੇ ਦੇਵਾਗਾ: ਕਿਸੇ ਇੱਕ ਅੰਸ਼, ਇੱਕ ਮਿੰਨਟ, ਇੱਕ ਸੈਕਿੰਡ ਦੀ ਮਿਆਰੀ ਲੰਮਾਈ ਕੀ ਹੁੰਦੀ ਹੈ ? ਇਹ ਕੋਈ ਵੀ ਨਹੀਂ ਹੁੰਦੀ... ਜਦੋਂ ਤੀਕ ਕਿ ਕਿਸੇ ਸਕੇਲ ਦੇ ਰਾਹੀਂ ਇੱਕ ਭਾਗ ਦਾ ਨਿਸ਼ਚਾ ਨਹੀਂ ਹੋ ਜਾਂਦਾ ਅਤੇ ਬਾਕੀ ਸਭ ਕੁੱਝ ਉਸੇ ਦੀ ਨਿਸਬਤ ਵਿੱਚ ਨਹੀਂ ਆ ਜਾਂਦਾ। ਇਸ ਪ੍ਰਕਾਰ ਦੇ ਧਨ ਦੀਆਂ ਸਾਡੇ ਕੋਲ ਦੋ ਮਿਸਾਲਾਂ ਹਨ। ਐਮਸਟਰਡਮ ਦਾ ਬੈਂਕ ਸਾਡੇ ਅੱਗੇ ਇੱਕ ਮਿਸਾਲ ਪੇਸ਼ ਕਰਦਾ ਹੈ ਅਤੇ ਅੰਗੋਲਾ ਦਾ ਕੋਸਟ ਦੂਜੀ।”
(ਸਟਿਊਆਰਟ ਓਪ. ਸਿਟ. ਜਿਲਦ-II, ਪੰਨਾ 102-07)

ਸਟਿਊਆਰਟ ਧਨ ਨੂੰ ਕੇਵਲ ਉਂਝ ਹੀ ਸਮਝਦਾ ਹੈ, ਜਿਵੇਂ ਕਿ ਇਹ ਚਲਨ ਦੇ ਖੇਤਰ ਵਿੱਚ **ਦਿਖਾਈ ਦੇਂਦਾ ਹੈ**, ਭਾਵ **ਕੀਮਤ-ਮਿਆਰ** ਦੇ ਰੂਪ ਵਿੱਚ ਅਤੇ **ਲੇਖਾ-ਧਨ** ਦੇ ਰੂਪ ਵਿੱਚ। ਜੇਕਰ ਵੱਖ-ਵੱਖ ਜਿਣਸਾਂ ਦੀ ਕੀਮਤ ਕਿਸੇ ਕੀਮਤ ਸੂਚੀ ਵਿੱਚ ਕ੍ਰਮਵਾਰ 15 ਸ਼ਲਿੰਗ, 20 ਸ਼ਲਿੰਗ ਅਤੇ 36 ਸ਼ਲਿੰਗ ਦਿੱਤੀ ਹੋਈ ਹੈ, ਤਾਂ ਇਹਨਾਂ ਦੀ ਕਦਰ ਦੀ ਤੁਲਨਾ ਵਿੱਚ ਸ਼ਲਿੰਗ ਦਾ ਚਾਂਦੀ ਤੱਤ ਅਤੇ ਇਸ ਦਾ ਨਾਂ, ਦੋਵੇਂ ਬਿਨਾਂ ਸ਼ੱਕ ਬਿਲਕੁਲ ਬੇਤੁਕੇ ਹਨ। ਇੱਥੇ ਹਰ ਵਸਤ 15, 20 ਅਤੇ 36 ਦੇ ਗਿਣਤੀ-ਸਬੰਧਾਂ ਵਿੱਚ ਦਰਸਾਈ ਜਾਂਦੀ ਹੈ ਅਤੇ ਇੱਕ ਦੀ ਗਿਣਤੀ ਮਾਪ ਦੀ ਇੱਕੋ-ਇੱਕ ਇਕਾਈ ਬਣ ਗਈ ਹੈ। ਕਿਸੇ ਨਿਸਬਤ ਦਾ ਸ਼ੁੱਧ

ਅਰੂਪ ਪ੍ਰਗਟਾਅ, ਆਖਰ ਨੂੰ, ਅਰੂਪ ਗਿਣਤੀ ਨਿਸਬਤ ਹੀ ਤਾਂ ਹੈ। ਆਪਣੀ ਗੱਲ ਵਿੱਚ ਸੁਸੰਗਤ ਰਹੇ, ਇਸ ਲਈ ਸਟਿਯੂਆਰਟ ਨੂੰ, ਨਾ ਕੇਵਲ ਸੋਨਾ ਤੇ ਚਾਂਦੀ ਹੀ, ਬਲਕਿ ਉਹਨਾਂ ਦੇ ਕਾਨੂੰਨੀ ਨਾਵਾਂ ਨੂੰ ਵੀ ਛੱਡਣਾ ਪਿਆ। ਪਰ ਕਿਉਂਕਿ ਉਸ ਨੂੰ ਇਸ ਗੱਲ ਦੀ ਸਮਝ ਨਹੀਂ, ਕਿ ਕਦਰ-ਮਾਪ ਨੂੰ ਕਿਵੇਂ ਕੀਮਤ-ਮਿਆਰ ਵਿੱਚ ਬਦਲਿਆ ਜਾਂਦਾ ਹੈ, ਇਸ ਲਈ ਉਹ ਕੁਦਰਤੀ ਤੌਰ 'ਤੇ ਸੋਚਦਾ ਹੈ ਕਿ ਸੋਨੇ ਦੀ ਉਹ ਖਾਸ ਮਿਕਦਾਰ, ਜਿਹੜੀ ਕਿ ਮਾਪ ਦੀ ਕਿਸੇ ਇਕਾਈ ਦੇ ਰੂਪ ਵਿੱਚ ਕੰਮ ਕਰਦੀ ਹੈ, ਉਹ ਹੀ, ਉਸੇ ਤਰ੍ਹਾਂ, ਕਦਰਾਂ ਨਾਲ਼ ਇੱਕ ਮਾਪ ਦੇ ਤੌਰ 'ਤੇ ਸਬੰਧਤ ਹੁੰਦੀ ਹੈ ਅਤੇ ਨਾ ਕਿ ਸੋਨੇ ਦੀਆਂ ਹੋਰ ਮਿਕਦਾਰਾਂ ਨਾਲ਼। ਕਿਉਂਕਿ ਜਿਣਸਾਂ, ਉਹਨਾਂ ਤਬਾਦਲਾ-ਕਦਰਾਂ ਦੇ ਕੀਮਤਾਂ ਵਿੱਚ ਬਦਲੀ ਦੇ ਫਲ-ਰੂਪ, ਉਸੇ ਨਾਂ ਦੀਆਂ ਮਿਕਦਾਰਾਂ ਦੇ ਤੌਰ 'ਤੇ ਦਿਖਾਈ ਦੇਂਦੀਆਂ ਨ, ਇਸ ਲਈ ਸਟਿਯੂਆਰਟ ਉਸ ਮਾਪ ਦੇ ਵਿਸ਼ੇਸ਼ ਪੱਖ ਦੀ ਹੋਂਦ ਤੋਂ ਇਨਕਾਰ ਕਰਦਾ ਹੈ, ਜਿਹੜਾ ਕਿ ਜਿਣਸਾਂ ਨੂੰ ਉਸੇ ਨਾਂ ਵਿੱਚ ਬਦਲ ਦੇਂਦਾ ਹੈ; ਅਤੇ ਕਿਉਂਕਿ ਸੋਨੇ ਦੀਆਂ ਵੱਖ ਵੱਖ ਮਿਕਦਾਰਾਂ ਦੀ ਇਸ ਮੁਕਾਬਲੇਬਾਜ਼ੀ ਵਿੱਚ ਸੋਨੇ ਦੀ ਮਿਆਰ ਦੇ ਰੂਪ ਵਿੱਚ ਕੰਮ ਕਰਨ ਵਾਲ਼ੀ ਮਿਕਦਾਰ ਰਵਾਇਤੀ ਤੌਰ 'ਤੇ ਨਿਸ਼ਚਿਤ ਹੋ ਜਾਂਦੀ ਹੈ, ਇਸ ਲਈ ਉਹ ਇਨਕਾਰ ਕਰਦਾ ਹੈ, ਇਹ ਕਦੇ ਵੀ ਸਥਾਪਤ ਨਹੀਂ ਹੋਈ। ਕਿਸੇ ਚੱਕਰ ਦੇ 360ਵੇਂ ਭਾਗ ਨੂੰ ਇੱਕ ਅੰਸ਼ ਕਹਿਣ ਦੀ ਥਾਂ ਉਹ 180ਵੇਂ ਭਾਗ ਨੂੰ ਇੱਕ ਅੰਸ਼ ਕਹਿਣਾ ਪਸੰਦ ਕਰੇਗਾ, ਇਸ ਤਰ੍ਹਾਂ ਸਮਕੋਣ ਹੁਣ 90 ਅੰਸ਼ ਦਾ ਨਾਂ ਮਾਪ ਕੇ 46 ਅੰਸ ਦਾ ਮਾਪਿਆ ਜਾਵੇਗਾ ਅਤੇ ਇਸੇ ਤਰ੍ਹਾਂ ਨਿਊਣ ਅਤੇ ਅਧਿਕ ਕੋਣਾਂ ਦੇ ਮਾਪ ਵੀ ਆਪਣੇ ਆਪ ਬਦਲ ਜਾਣਗੇ। ਇਹ ਸਭ ਹੋ ਜਾਣ 'ਤੇ ਵੀ, ਕੋਣ ਦਾ ਮਾਪ ਸਭ ਤੋਂ ਪਹਿਲਾਂ, ਕਿਸੇ ਸਿਫਤੀ ਤੌਰ 'ਤੇ ਮਿਥੇ ਗਣਿਤ ਆਕਾਰ, ਭਾਵ ਚੱਕਰ ਦਾ, ਅਤੇ ਦੂਜੇ ਨੰਬਰ, ਚੱਕਰ ਦੇ ਕਿਸੇ ਮਿਕਦਾਰੀ ਤੌਰ 'ਤੇ ਮਿੱਥੇ ਭਾਗ ਦਾ ਹੀ ਹੋਵੇਗਾ। ਸਟਿਯੂਆਰਟ ਨੇ ਜੋ ਆਰਥਿਕ ਮਿਸਾਲਾਂ ਦਿੱਤੀਆਂ ਹਨ, ਉਹਨਾਂ ਵਿੱਚੋਂ ਇੱਕ ਖੁਦ ਉਸ ਦੇ ਕਥਨਾਂ ਦੀ ਕਾਟ ਕਰਦੀ ਹੈ ਅਤੇ ਦੂਜੀ ਤੋਂ ਕੁੱਝ ਵੀ ਸਿੱਧ ਨਹੀਂ ਹੁੰਦਾ। ਐਮਸਟਰਡਮ ਦੇ ਬੈਂਕ ਦਾ ਧਨ, ਅਸਲ ਵਿੱਚ, ਸਪੇਨੀ ਡਬਲੂਨਾਂ ਦੇ ਲੇਖੇ ਦਾ ਨਾਂ ਮਾਤਰ ਸੀ; ਜਿਹਨਾਂ ਦਾ ਮਿਆਰੀ ਵਜ਼ਨ ਇਸ ਕਾਰਨ ਬਰਕਰਾਰ ਰਿਹਾ, ਕਿਉਂਕਿ ਉਹ ਬੈਂਕ ਦੇ ਸੰਦੂਕਚਿਆਂ ਵਿੱਚ ਬੇ-ਵਰਤੇ ਬੇਕਾਰ ਪਏ ਸਨ। ਜਦੋਂ ਕਿ ਜਿਹੜੇ ਸਿੱਕੇ ਪੂਰੇ ਜ਼ੋਰਾਂ 'ਤੇ ਮੰਡੀ ਵਿੱਚ ਆ ਰਹੇ ਸਨ, ਉਹ ਆਪਣੇ ਵਾਤਾਵਰਣ ਦੀ ਭਾਰੀ ਰਗੜ ਕਾਰਨ ਖਾਸਾ ਵਜ਼ਨ ਖੋ ਚੁੱਕੇ ਸਨ। ਅਫ਼ਰੀਕੀ ਆਦਰਸ਼ਵਾਦੀਆਂ ਦਾ ਜਿੱਥੋਂ ਤੱਕ ਸਬੰਧ ਹੈ, ਸਾਨੂੰ ਅਜੇ ਉਹਨਾਂ ਨੂੰ ਉਹਨਾਂ ਦੀ ਕਿਸਮਤ 'ਤੇ ਹੀ ਛੱਡਣਾ ਪਵੇਗਾ, ਜਦੋਂ ਤੀਕ ਯਾਤਰੂਆਂ ਦੇ ਭਰੋਸੇਯੋਗ ਹਿਸਾਬ-ਕਿਤਾਬ, ਉਹਨਾਂ ਬਾਰੇ ਹੋਰ ਵੱਧ ਸੂਚਨਾਵਾਂ ਮੁਹੱਈਆ ਨਹੀਂ ਕਰ ਦੇਂਦੇ।* ਇਹ ਕਿਹਾ ਜਾ ਸਕਦਾ ਹੈ ਕਿ ਫ਼ਰਾਂਸੀਸੀ ਅਸਾਈਨਟ "**ਕੌਮੀ ਜਾਇਦਾਦ**, 100

---

* ਪਿਛਲੇ ਵਪਾਰਕ ਸੰਕਟ ਦੇ ਸਬੰਧ ਵਿੱਚ, ਇੰਗਲੈਂਡ ਦੇ ਇੱਕ ਖਾਸ ਟੋਲੇ ਨੇ ਆਦਰਸ਼ ਅਫਰੀਕੀ ਧਨ ਦੀ ਬੜੀ ਦੱਬ ਕੇ ਪ੍ਰਸੰਸਾ ਕੀਤੀ, ਜਦੋਂ ਕਿ ਇਸ ਨੂੰ, ਇਸ ਮੌਕੇ 'ਤੇ ਇਸ ਦੇ ਅਸਲ ਥਾਂ ਸਮੁੰਦਰੀ ਤੱਟ ਤੋਂ ਬਦਲ ਕੇ **ਬਾਰਬਰੀ** ਦੇ ਅੰਦਰਵਾਰ ਲੈ ਆਂਦਾ। ਇਹ ਐਲਾਨ ਕੀਤਾ ਗਿਆ ਕਿ ਕਿਉਂਕਿ ਉਹਨਾਂ ਦੀਆਂ ਛੜਾਂ ਇਕ ਆਦਰਸ਼ ਮਾਪ ਹਨ ਇਸ ਲਈ **ਬਾਰਬਰਾ** ਵਿੱਚ ਕੋਈ ਵਪਾਰਕ ⇨

**ਫ਼ਰਾਂਕਾਂ ਦਾ ਹੁਕਮਨਾਮਾ**" — ਸਟਿਊਆਰਟ ਦੇ ਅਰਥਾਂ ਵਿੱਚ, ਲਗਭਗ ਆਦਰਸ਼ ਧਨ ਹੈ। ਇਸ ਅਸਾਈਨਟ ਅਨੁਸਾਰ ਜੋ ਇਸਤੇਮਾਲੀ ਕਦਰ, ਭਾਵ ਜ਼ਬਤ ਕੀਤੀ ਜ਼ਮੀਨ ਦਰਸਾਈ ਜਾਣੀ ਮੰਨੀ ਜਾਂਦੀ ਸੀ, ਉਸ ਦਾ ਬੇਸ਼ੱਕ ਜ਼ਿਕਰ ਸੀ, ਪਰੰਤੂ ਮਾਪ-ਇਕਾਈ ਦੀ ਮਿਕਦਾਰੀ ਵਿਆਖਿਆ ਦਾ ਜ਼ਿਕਰ ਨਹੀਂ ਸੀ ਅਤੇ ਇਸ ਲਈ "ਫ਼ਰਾਂਕ" ਇੱਕ ਬੇਕਾਰ ਦਾ ਸ਼ਬਦ ਸੀ। ਇਸ ਫ਼ਰਾਂਕ ਰਾਹੀਂ ਕਿੰਨੀ ਘੱਟ-ਵੱਧ ਜ਼ਮੀਨ ਦਰਸਾਈ ਜਾ ਸਕਦੀ ਹੈ, ਇਸ ਦਾ ਨਿਰਭਰ ਪਬਲਿਕ ਨਿਲਾਮਾਂ ਦੇ ਨਤੀਜਿਆਂ 'ਤੇ ਕਰਦਾ ਸੀ। ਪਰ, ਅਮਲ ਵਿੱਚ ਅਸਾਈਨਟ ਚਾਂਦੀ-ਧਨ ਨੂੰ ਦਰਸਾਉਣ ਵਾਲ਼ੇ ਇੱਕ ਟੋਕਨ ਦੇ ਰੂਪ ਵਿੱਚ ਚੱਲਦਾ ਸੀ ਅਤੇ ਇਸ ਦੀ ਮੁੱਲ-ਘਟਾਈ, ਨਤੀਜੇ ਵਜੋਂ, ਇਸ ਚਾਂਦੀ-ਮਿਆਰ ਦੇ ਅਨੁਸਾਰ ਹੀ ਮਾਪੀ ਜਾਂਦੀ ਸੀ।

ਜਿਸ ਦੌਰ ਵਿੱਚ ਇੰਗਲੈਂਡ ਬੈਂਕ ਨੇ ਨਕਦ ਅਦਾਇਗੀਆਂ ਕਰਨੀਆਂ ਬੰਦ ਕਰ ਰੱਖੀਆਂ ਸਨ, ਉਹ ਸਮਾਂ ਜੰਗੀ ਬੁਲੀਟਨਾਂ ਲਈ, ਧਨਵੀਂ ਸਿਧਾਂਤਾ ਨਾਲ਼ੋਂ ਵੱਧ ਫਲ-ਦੇਊ ਨਹੀਂ ਸੀ ਹੋ ਸਕਦਾ। ਪਿੱਛੋਂ ਜਦੋਂ ਬੈਂਕ ਨੋਟਾਂ ਦੀ ਮੁੱਲ-ਘਟਾਈ ਹੋ ਗਈ ਅਤੇ ਸੋਨੇ ਦੀ ਬਾਜ਼ਾਰ ਕੀਮਤ ਇਸ ਦੀ ਟਕਸਾਲੀ ਕੀਮਤ ਤੋਂ ਉੱਪਰ ਚੜ੍ਹ ਗਈ, ਤਾਂ ਕਿਤੇ ਜਾ ਕੇ ਬੈਂਕ ਦੇ ਕੁੱਝ ਸਮੱਰਥਕਾਂ ਨੂੰ ਧਨ ਦੇ ਆਦਰਸ਼-ਮਾਪ ਦੇ ਸਿਧਾਂਤ ਨੂੰ ਬਹਾਲ ਕਰਨ ਦੀ ਚਿੰਤਾ ਪਈ। ਲਾਰਡ ਕੈਸਲਰੀਗ ਨੂੰ ਇਸ ਭੁਚਲਾਈ ਧਾਰਣਾ ਲਈ ਕਲਾਸੀ ਤੌਰ 'ਤੇ ਭੁਚਲਾਏ ਪ੍ਰਗਟਾਅ ਦਾ ਪਤਾ ਲੱਗਾ, ਜਦੋਂ ਕਿ ਉਸਨੇ ਐਲਾਨ ਕੀਤਾ ਕਿ ਧਨ ਦਾ ਮਿਆਰ, "ਜਿਣਸਾਂ ਦੇ ਮੁਕਾਬਲੇ 'ਤੇ, ਮੁਦਰਾ ਦੇ ਪੱਖੋਂ, ਕਦਰ ਦਾ ਇੱਕ ਭਾਵ ਹੁੰਦਾ ਹੈ।" ਪੈਰਿਸ ਦੀ ਸੰਧੀ ਹੋ ਚੁੱਕਣ ਤੋਂ ਕਈ ਵਰ੍ਹੇ ਪਿੱਛੋਂ, ਜਦੋਂ ਹਾਲਾਤ ਇਸ ਤਰ੍ਹਾਂ ਦੇ ਹੋਏ ਕਿ ਨਕਦ ਅਦਾਇਗੀਆਂ ਮੁੜ ਬਹਾਲ ਕੀਤੀਆਂ ਜਾ ਸਕੀਆਂ, ਤਾਂ ਜਿਸ ਮਸਲੇ ਵੱਲ ਲੌਂਡਸ ਨੇ ਵਿਲੀਅਮ ਤੀਜੇ ਦੇ ਸਮੇਂ ਇਸ਼ਾਰਾ ਕੀਤਾ ਸੀ, ਉਹੋ ਅਮਲੀ ਤੌਰ 'ਤੇ ਬਿਲਕੁਲ ਪਹਿਲੇ ਰੂਪ ਵਿੱਚ ਉੱਠ ਖੜ੍ਹਾ ਹੋਇਆ। ਇੱਕ ਭਾਰੀ ਕੌਮੀ ਕਰਜ਼ਾ ਅਤੇ ਵੱਡੇ ਪੈਮਾਨੇ ਦੇ ਨਿੱਜੀ ਕਰਜ਼ੇ, ਬੱਝੀਆਂ ਦੇਣਦਾਰੀਆਂ ਆਦਿ, ਜਿਹੜੀਆਂ ਕਿ ਵੀਹ ਸਾਲਾਂ ਤੋਂ ਉੱਪਰ ਦੇ ਸਮੇਂ ਵਿੱਚ ਇਕੱਠੀਆਂ ਹੋ ਚੁੱਕੀਆਂ ਸਨ, ਨੂੰ ਘਟੇ-ਮੁੱਲ ਦੇ ਬੈਂਕ-ਨੋਟਾਂ ਵਿੱਚ ਆਪਣੇ ਉੱਪਰ ਲੈਣਾ ਪਿਆ। ਜੇ ਉਹਨਾਂ ਨੂੰ ਮੁੜ ਬੈਂਕ-ਨੋਟਾਂ ਦੇ ਰੂਪ ਵਿੱਚ ਅਦਾ ਕਰਨਾ ਹੁੰਦਾ, ਜਿਹਨਾਂ ਦੀ ਰਕਮ 4672 ਪੌਂਡ 10 ਸ਼ਲਿੰਗ ਬਣਦੀ ਸੀ ਤਾਂ ਉਹਨਾਂ ਲਈ, ਕੇਵਲ ਕਹਿਣ ਨੂੰ ਨਹੀਂ ਬਲਕਿ ਸਿੱਧਿਆਂ ਹੱਥ ਫੜਾਉਣ ਨੂੰ 22 ਕੈਰਟ ਸੋਨੇ ਦਾ ਸੌ ਪੌਂਡ ਵਜ਼ਨ ਬਣਦਾ ਸੀ। ਬਰਮਿੰਘਮ ਦੇ ਇੱਕ ਟਰਮਸ ਆਟਵੁੱਡ ਨਾਂ ਦੇ ਬੈਂਕਰ ਨੇ ਲੌਂਡਸ ਦੀ ਯਾਦ ਨੂੰ ਇਹ ਦਲੀਲ ਦਿੱਤੀ ਕਿ ਸਾਖਦਾਰਾਂ ਨੂੰ ਉਤਨੇ ਹੀ ਸ਼ਲਿੰਗ ਵਾਪਸ ਕਰ ਦੇਣੇ ਚਾਹੀਦੇ ਹਨ, ਜਿਤਨੇ ਕਿ ਉਹਨਾਂ ਨੇ ਨਾਂ ਮਾਤਰ ਲਈ ਕਰਜ਼ ਦਿੱਤੇ ਸਨ, ਪਰ ਇਸ ਤਰ੍ਹਾਂ ਕਿ ਜਿਵੇਂ ਪੁਰਾਣੇ ਧਨ ਵੀ ਮਿਆਰ ਅਨੁਸਾਰ ਸ਼ਾਇਦ ਸੋਨੇ ਦੇ ਔਂਸ ਦਾ 1/78 ਭਾਗ ਇੱਕ ਸ਼ਲਿੰਗ ਹੁੰਦਾ ਸੀ, ਪਰ ਹੁਣ ਸ਼ਾਇਦ ਉਹ ਔਂਸ ਦਾ 1/90 ਭਾਗ ਇੱਕ

[III]⇨ਅਤੇ ਸਨਅਤੀ ਸੰਕਟ ਨਹੀਂ ਹਨ। ਕੀ ਇਹ ਕਹਿਣਾ ਇਸ ਤੋਂ ਵੱਧ ਆਸਾਨ ਨਾ ਹੁੰਦਾ ਕਿ ਵਪਾਰ ਅਤੇ ਸਨਅਤ, ਵਪਾਰਕ ਅਤੇ ਸਨਅਤੀ ਸੰਕਟਾਂ ਲਈ ਲਾਜ਼ਮੀ ਸ਼ਰਤ ਹਨ।

ਸ਼ਲਿੰਗ ਅਖਵਾਏਗਾ। ਆਟਵੁੱਡ ਦੇ ਸਮੱਰਥਕਾਂ ਦਾ ਨਾਂ "ਛੋਟੇ ਸ਼ਲਿੰਗ ਵਾਲ਼ਿਆਂ" ਦਾ ਬਰਮਿੰਘਮ ਸਕੂਲ ਪਿਆ। ਧਨ ਦੇ ਆਦਰਸ਼ ਮਿਆਰ ਦਾ ਝਗੜਾ, ਜਿਹੜਾ ਕਿ 1819 ਵਿੱਚ ਆਰੰਭ ਹੋਇਆ ਸੀ, ਉਹ 1845 ਵਿੱਚ ਵੀ ਸਰ ਰਾਬਿਰਟ ਪੀਲ ਅਤੇ ਆਟਵੁੱਡ ਦੁਆਰਾ ਜਾਰੀ ਰੱਖਿਆ ਗਿਆ, ਜਿਹਨਾਂ ਦੀ ਕੁੱਲ ਦਾਨਸ਼ਮੰਦੀ, ਜਿੱਥੋਂ ਤੱਕ ਇਸ ਦਾ ਸਬੰਧ ਕਿਸੇ ਮਾਪ ਦੇ ਰੂਪ ਵਿੱਚ ਧਨ ਦੇ ਕਾਰਜ ਨਾਲ਼ ਹੈ, ਹੇਠ ਦਿੱਤੇ ਹਵਾਲੇ ਵਿੱਚ ਪੂਰੀ ਤਰ੍ਹਾਂ ਕਲਮਬੰਦ ਹੈ:

> "ਸਰ ਰਾਬਰਟ ਪੀਲ ਅਤੇ ਬਰਮਿੰਘਮ ਚੈਂਬਰ ਆਪਰ ਕਾਮਰਸ ਦੇ ਵਿਚਕਾਰ ਹੋਈ ਹਾਲ ਦੀ ਬਹਿਸ ਦੇ ਦੌਰਾਨ, ਮੰਤਰੀ ਮਹੋਦਯ, ਇਹ ਪ੍ਰਸ਼ਨ ਕਰ ਕੇ ਹੀ ਪੂਰਨ ਸੰਤੁਸ਼ਟ ਹੋ ਗਏ, 'ਤੁਹਾਡਾ ਪੌਂਡ-ਨੋਟ ਕੀ ਮੁੱਲ ਦਰਸਾਏਗਾ?'.... ਕਦਰ ਦੇ ਵਰਤਮਾਨ ਮਿਆਰ ਤੋਂ ਕੀ ਸਮਝਿਆ ਜਾਵੇਗਾ? ਕੀ ਸੋਨੇ ਦਾ, 3 ਪੌਂਡ, 17 ਸ਼ਲਿੰਗ, $10\frac{1}{2}$ ਪੈਂਸ ਦਾ ਇੱਕ **ਔਂਸ**, ਜਾਂ ਕਿ ਇਹ ਕੇਵਲ ਸੋਨੇ ਦੇ ਇੱਕ ਔਂਸ ਦੀ ਕਦਰ ਹੋਵੇਗਾ? ਜੇ 3 ਪੌਂਡ 17 ਸ਼ਲਿੰਗ $10\frac{1}{2}$ ਪੈਂਸ **ਸੋਨੇ ਦਾ ਇੱਕ ਔਂਸ** ਹਨ, ਤਾਂ ਕਿਉਂ ਵਸਤਾਂ ਨੂੰ ਉਹਨਾਂ ਦੇ ਅਸਲ ਨਾਵਾਂ ਨਾਲ਼ ਨਹੀਂ ਬੁਲਾਇਆ ਜਾਂਦਾ ਅਤੇ ਪੌਂਡ, ਸ਼ਲਿੰਗ, ਅਤੇ ਪੈਂਸ ਆਦਿ ਨਾਂ ਛੱਡ ਕੇ ਔਂਸ, ਪੈਨੀਵੇਟ ਅਤੇ ਗਰੇਨ ਆਦਿ ਕਿਉਂ ਨਹੀਂ ਕਿਹਾ ਜਾਂਦਾ?.... ਜੇ ਅਸੀਂ ਆਪਣੀ ਧਨਵੀ ਪ੍ਰਣਾਲੀ ਲਈ ਸੋਨੇ ਦੇ ਔਂਸਾਂ, ਪੈਨੀਵੇਟਾਂ ਅਤੇ ਗਰੇਨਾਂ ਦਾ ਨਾਂ ਅਪਣਾ ਲਈਏ, ਤਾਂ ਸਾਨੂੰ ਬਾਰਟਰ (ਬਦਲ) ਦੀ ਸਿੱਧ ਪ੍ਰਣਾਲੀ ਉੱਪਰ ਆ ਜਾਣਾ ਹੋਵੇਗਾ.... ਪਰ ਜੇ ਸੋਨੇ ਨੂੰ 3 ਪੌਂਡ, 17 ਸ਼ਲਿੰਗ, $10\frac{1}{2}$ ਪੈਂਸ ਪ੍ਰਤੀ ਔਂਸ ਦੀ ਕਦਰ ਦੇ ਤੌਰ 'ਤੇ ਆਂਕਿਆਂ ਜਾਂਦਾ ਹੈ,.... ਤਾਂ ਇਸ ਦਾ ਕੀ ਕਾਰਨ ਹੈ... ਕਿ ਵੱਖ ਵੱਖ ਸਮਿਆਂ 'ਤੇ ਸੋਨੇ ਨੂੰ 5 ਪੌਂਡ, 4 ਸ਼ਲਿੰਗ ਪ੍ਰਤੀ ਔਂਸ ਤੱਕ ਚੜ੍ਹ ਜਾਣ ਤੋਂ ਰੋਕਣ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਸਮੇਂ ਅਸੀਂ ਵੇਖਦੇ ਹਾਂ ਕਿ ਸੋਨੇ ਦਾ ਭਾਅ 3 ਪੌਂਡ, 17 ਸ਼ਲਿੰਗ, 9 ਪੈਂਸ ਪ੍ਰਤੀ ਔਂਸ ਦੱਸਿਆ ਜਾ ਰਿਹਾ ਹੈ? ..... ਸ਼ਬਦ **ਪੌਂਡ** ਕਦਰ ਦਾ ਧਾਰਣੀ ਹੈ, ਪਰ ਕਿਸੇ ਬੱਝੀ ਮਿਆਰੀ ਕਦਰ ਦਾ ਨਹੀਂ.... ਸ਼ਬਦ ਪੌਂਡ ਇੱਕ **ਆਦਰਸ਼ ਇਕਾਈ** ਹੈ....। **ਕਿਰਤ** ਲਾਗਤ ਦੀ ਜਨਮ ਦੇਣੀ ਹੈ ਅਤੇ ਇਹ ਸੋਨੇ ਜਾਂ ਲੋਹੇ ਨੂੰ ਨਿਸਬਤੀ ਕਦਰ ਬਖ਼ਸ਼ਦੀ ਹੈ। ਮਨੁੱਖ ਦੀ ਰੋਜ਼ਾਨਾ ਜਾਂ ਸਪਤਾਹਕ ਕਿਰਤ ਨੂੰ ਪ੍ਰਗਟ ਕਰਨ ਲਈ ਸ਼ਬਦਾਂ ਦਾ ਕੋਈ ਜੜੁੰਦ ਕਿਉਂ ਵੀ ਨਾ ਵਰਤਿਆ ਜਾਵੇ, ਉਹ ਸ਼ਬਦ ਪੈਦਾ ਕੀਤੀ ਜਿਣਸ ਦੀ ਲਾਗਤ ਨੂੰ ਪ੍ਰਗਟ ਕਰਨਗੇ।" **ਮੁਦਰਾ ਦਾ ਸਵਾਲ**, **ਜੈਮਿਨੀ ਪੱਤਰ**, ਲੰਦਨ, 1844, ਪੰਨਾ 266-72 ਪਾਸਿਮ)

ਧਨ ਦੇ ਆਦਰਸ਼ ਮਾਪ ਬਾਰੇ ਧੁੰਦਲੀ ਧਾਰਣਾ ਪਿਛਲੇ ਸ਼ਬਦਾਂ ਵਿੱਚ ਹਵਾ ਬਣ ਕੇ ਉੱਡ ਜਾਂਦੀ ਹੈ ਅਤੇ ਇਸ ਦਾ ਅਸਲ ਬੌਧਿਕ ਸਾਰ-ਤੱਤ ਸਪਸ਼ਟ ਹੋ ਜਾਂਦਾ ਹੈ। ਪੌਂਡ, ਸ਼ਲਿੰਗ ਆਦਿ ਸੋਨੇ ਦੇ ਲੇਖਾ-ਨਾਂ, ਮਹਿਜ਼, ਕਿਰਤ-ਸਮੇਂ ਦੀਆਂ ਖਾਸ ਮਿਕਦਾਰਾਂ ਨੂੰ

ਦਰਸਾਉਣ ਵਾਲ਼ੇ ਨਾਂ ਹੀ ਰਹਿ ਜਾਂਦੇ ਹਨ। ਕਿਉਂਕਿ ਕਿਰਤ-ਸਮਾਂ ਹੀ ਅਸਲ ਚੀਜ਼ ਅਤੇ ਅੰਦਰ ਲੁਕਿਆ ਹੋਇਆ ਕਦਰ-ਮਾਪ ਹੁੰਦਾ ਹੈ, ਇਸ ਲਈ ਇਹ ਨਾ ਆਪਣੇ ਆਪ ਬੇਸ਼ੱਕ ਕਦਰ-ਸਬੰਧਾਂ ਨੂੰ ਹੀ ਪ੍ਰਗਟ ਕਰਦੇ ਹਨ। ਦੂਜੇ ਸ਼ਬਦਾਂ ਵਿੱਚ ਇਹ ਜ਼ੋਰ ਦੇ ਕੇ ਕਿਹਾ ਜਾ ਸਕਦਾ ਹੈ ਕਿਰਤ-ਸਮਾਂ ਹੀ ਧਨ ਦਾ ਅਸਲ ਮਿਆਰ ਹੈ। ਇੱਥੇ ਹੀ ਅਸੀਂ ਬਰਮਿੰਘਮ ਸਕੂਲ ਦਾ ਤਜ਼ਕਰਾ ਛੱਡ ਦੇਂਦੇ ਹਾਂ ਅਤੇ ਚੱਲਦੇ ਹੋਇਆਂ ਕੇਵਲ ਇੰਨੀ ਗੱਲ ਕਹਿੰਦੇ ਹਾਂ ਕਿ ਧਨ ਦੇ ਆਦਰਸ਼ ਮਿਆਰ ਦੇ ਸਿਧਾਂਤ ਨੂੰ ਬੈਂਕ-ਨੋਟਾਂ ਦੀ ਬਦਲ-ਸ਼ਕਤੀ ਜਾਂ ਨਾ-ਬਦਲ-ਸ਼ਕਤੀ ਦੇ ਵਿਵਾਦ ਤੋਂ ਨਵੀਂ ਮਹੱਤਤਾ ਪ੍ਰਾਪਤ ਹੋ ਗਈ। ਜਦੋਂ ਕਿ ਕਾਗਜ਼ ਉੱਤੇ ਨਾਂ ਦਾ ਲਿਖਿਆ ਜਾਣਾ ਸੋਨੇ ਜਾਂ ਚਾਂਦੀ 'ਤੇ ਅਧਾਰਿਤ ਹੁੰਦਾ ਹੈ, ਪਰ ਨੋਟ ਦਾ ਬਦਲੀਕਰਨ ਭਾਵ, ਸੋਨੇ ਜਾਂ ਚਾਂਦੀ ਨਾਲ਼ ਇਸ ਦਾ ਤਬਾਦਲਾ, ਇੱਕ ਆਰਥਿਕ ਕਾਨੂੰਨ ਬਣਿਆ ਰਹਿੰਦਾ ਹੈ। ਇੱਥੇ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ, ਕਿ ਇਸ ਬਾਰੇ ਨਿਆਂ-ਸਬੰਧੀ ਕਾਨੂੰਨ ਕੀ ਕਹਿੰਦਾ ਹੈ। ਮਿਸ਼ਾਲ ਲਈ, ਪਰੂਸ਼ੀਆ ਦਾ ਇੱਕ ਕਾਗਜ਼ੀ ਥੇਲਰ, ਭਾਵੇਂ ਕਾਨੂੰਨੀ ਤੌਰ 'ਤੇ ਬੇ-ਬਦਲ ਹੈ, ਪਰ ਇਹ ਫ਼ੌਰੀ ਤੌਰ 'ਤੇ ਮੁੱਲ ਵਿੱਚ ਘਟ ਜਾਵੇਗਾ, ਜੇਕਰ ਰੋਜ਼ੀਨਾ ਦੇ ਵਪਾਰ ਵਿੱਚ ਇਹ ਚਾਂਦੀ ਦੇ ਥੇਲਰ ਤੋਂ ਕੀਮਤ ਵਿੱਚ ਘੱਟ ਰਹੇਗਾ, ਭਾਵ ਜੇਕਰ ਇਹ ਅਮਲ ਵਿੱਚ ਬਦਲੀ-ਯੋਗ ਵੀ ਨਹੀਂ ਹੋਵੇਗਾ। ਬਰਤਾਨੀਆਂ ਵਿੱਚ ਬੇ-ਬਦਲ ਕਾਗਜ਼ੀ ਧਨ ਦੇ ਜੋ ਨਿਰੰਤਰ ਹਮਾਇਤੀ ਸਨ, ਉਹ ਇਸੇ ਲਈ, ਆਦਰਸ਼ ਧਨ-ਮਿਆਰ ਵੱਲ ਰਜੂਹ ਹੋਏ। ਜੇਕਰ ਧਨ ਦੇ ਪੌਂਡ, ਸ਼ਲਿੰਗ ਆਦਿ ਨੋਟਾਂ ਦੇ ਨਾਂ, ਕਦਰ ਦੇ ਅੰਸ਼ਾਂ ਦੀ ਕਿਸੇ ਨਿਸ਼ਚਈ ਮਿਕਦਾਰ ਦੇ ਹੀ ਨਾਂ ਹਨ, ਜਿਸ ਵਿੱਚੋਂ ਕਦੇ ਬਹੁਤੀ, ਕਦੇ ਥੋੜ੍ਹੀ ਜਾਂ ਤਾਂ ਕਿਸੇ ਜਿਣਸ ਦੁਆਰਾ ਜਜ਼ਬ ਕਰ ਲਈ ਜਾਂਦੀ ਹੈ, ਜਾਂ ਖਤਮ ਹੋ ਜਾਂਦੀ ਹੈ, ਤਾਂ ਕਿਸੇ ਬਰਤਾਨਵੀ ਪੰਜ ਪੌਂਡੇ ਨੋਟ ਦੀ ਕਦਰ, ਮਿਸਾਲ ਲਈ, ਇਸ ਦੇ ਸੋਨੇ ਪ੍ਰਤੀ ਸਬੰਧ ਵਿੱਚ ਇਤਨੀ ਹੀ ਘੱਟ ਪ੍ਰਭਾਵਿਤ ਹੁੰਦੀ ਹੈ, ਜਿੰਨੀ ਕਿ ਲੋਹੇ ਅਤੇ ਰੂੰ ਪ੍ਰਤੀ ਇਸ ਦਾ ਸਬੰਧ ਹੁੰਦਾ ਹੈ। ਕਿਉਂਕਿ ਇਸ ਦਾ ਨਾਂ, ਸਿਧਾਂਤ ਵਿੱਚ, ਹੁਣ ਬੈਂਕ-ਨੋਟ, ਸੋਨੇ ਜਾਂ ਕਿਸੇ ਹੋਰ ਜਿਣਸ ਦੀ ਕਿਸੇ ਨਿਸਚਈ ਮਿਕਦਾਰ ਦੀ ਬਰਾਬਰੀ ਵਿੱਚ ਨਹੀਂ ਹੋਵੇਗਾ, ਇਸ ਦੀ ਆਪਣੀ ਖੁਦ ਦੀ ਧਾਰਣਾ, ਇਸ ਦੀ ਬਦਲ-ਸ਼ਕਤੀ ਦੀ ਮੰਗ ਤੋਂ ਮੁਨਕਰ ਹੋ ਜਾਵੇਗੀ, ਭਾਵ ਅਮਲ ਵਿੱਚ, ਇਸ ਦੀ ਕਿਸੇ ਖਾਸ ਵਸਤ ਦੀ ਕਿਸੇ ਨਿਸਚਈ ਮਿਕਦਾਰ ਨਾਲ਼ ਬਰਾਬਰੀ ਦੀ ਮੰਗ ਨਹੀਂ ਕਰੇਗੀ।

ਜਾਨ ਗਰੇ ਪਹਿਲਾ ਵਿਅਕਤੀ ਸੀ, ਜਿਸ ਨੇ ਇਹ ਸਿਧਾਂਤ ਸਾਹਮਣੇ ਲਿਆਂਦਾ ਕਿ ਕਿਸੇ ਸਿਲਸਿਲੇਵਾਰ ਤਰੀਕੇ ਵਿੱਚ ਕਿਰਤ ਸਮਾਂ ਹੀ ਉਹ ਚੀਜ਼ ਹੈ, ਜਿਹੜਾ ਕਿ ਧਨ ਦਾ ਸਿੱਧਾ ਮਾਪ ਬਣਦਾ ਹੈ।* ਉਸ ਨੇ ਸੁਝਾਅ ਦਿੱਤਾ ਕਿ ਕੋਈ ਕੌਮੀ ਕੇਂਦਰੀ ਬੈਂਕ ਆਪਣੀਆਂ

---

* **ਜਾਨ ਗਰੇ, ਸਮਾਜਿਕ ਪ੍ਰਣਾਲੀ, ਤਬਾਦਲਾ ਸਿਧਾਂਤ ਤੇ ਇੱਕ ਪ੍ਰਵਚਨ**, ਈਡਨਬਰਗ, 1831, ਸੀ. ਐਫ. ਇਸੇ ਲੇਖਕ ਦੇ **ਧਨ ਦੇ ਖਾਸੇ ਅਤੇ ਉਸ ਦੀ ਵਰਤੋਂ ਬਾਰੇ ਲੈਕਚਰ**. ਈਡਰਬਰਗ, 1848। ਫਰਵਰੀ ਇਨਕਲਾਬ ਤੋਂ ਪਿੱਛੋਂ, ਗਰੇ ਨੇ ਫ਼ਰਾਂਸ ਦੀ ਅਸਥਾਈ ਸਰਕਾਰ ਨੂੰ ਇੱਕ ਯਾਦ-ਪੱਤਰ ਭੇਜਿਆ, ਜਿਸ ਵਿੱਚ ਉਸ ਨੇ ਇਹ ਸਮਝਾਉਣ ਦਾ ਯਤਨ ਕੀਤਾ ਕਿ ਫ਼ਰਾਂਸ ਨੇ "ਕਿਰਤ ਦੀ ਕਿਸੇ ਜੱਥੇਬੰਦੀ" ਦੀ ਕਾਢ ਕੱਢੀ ਅਤੇ ਉਸ ਵਿੱਚ ਇਸ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ।⇨

ਬਰਾਂਚਾਂ ਰਾਹੀਂ ਇਸ ਗੱਲ ਦੀ ਜਾਂਚ-ਪੜਤਾਲ਼ ਕਰਾਵੇ ਕਿ ਵੱਖ ਵੱਖ ਜਿਣਸਾਂ ਦੇ ਉਤਪਾਦਨ ਵਿੱਚ ਕਿੰਨਾ ਕਿਰਤ-ਸਮਾਂ ਖਰਚ ਹੋਇਆ। ਜਿਣਸ ਦੇ ਤਬਾਦਲੇ ਵਿੱਚ, ਉਤਪਾਦਕ, ਇਸ ਦੀ ਕਦਰ ਦਾ ਇੱਕ ਸਰਕਾਰੀ ਪ੍ਰਮਾਣ-ਪੱਤਰ ਪ੍ਰਾਪਤ ਕਰੇਗਾ, ਅਰਥਾਤ ਉਸ ਦੀ ਜਿਣਸ ਵਿੱਚ ਜਿੰਨਾ ਕਿਰਤ-ਸਮਾਂ ਲੱਗਾ ਹੈ, ਉਸ ਦੀ ਰਸੀਦ ਲਵੇਗਾ।* ਅਤੇ ਇੱਕ ਕਿਰਤ-ਦਿਨ, ਇੱਕ ਕਿਰਤ-ਘੰਟੇ ਆਦਿ ਦਾ ਇਹ ਬੈਂਕ ਨੋਟ, ਨਾਲ਼ ਹੀ ਬੈਂਕ ਲਈ ਇੱਕ ਆਦੇਸ਼ ਹੋਵੇਗਾ ਕਿ ਉਹ ਇਸ ਦੇ ਇਵਜ਼ ਆਪਣੇ ਗੋਦਾਮਾਂ ਵਿੱਚ ਮੌਜੂਦ, ਹੋਰ ਜਿਣਸਾਂ ਵਿੱਚੋਂ ਕਿਸੇ ਇੱਕ ਦਾ ਕੋਈ ਸਮਾਨਕ ਨੋਟ ਦੇਣ ਵਾਲ਼ੇ ਨੂੰ ਦੇਵੇ।** ਇਹ ਬੁਨਿਆਦੀ ਅਸੂਲ ਹੈ, ਜਿਸ ਨੂੰ ਕਿ ਬਹੁਤ ਧਿਆਨ ਅਤੇ ਵਿਸਥਾਰ ਨਾਲ਼ ਬਿਆਨਿਆ ਗਿਆ ਅਤੇ ਉਸ ਸਮੇਂ ਦੀਆਂ ਮੌਜੂਦ ਬਰਤਾਨਵੀ ਸੰਸਥਾਵਾਂ ਲਈ ਢਾਲ ਦਿੱਤਾ ਗਿਆ। ਗਰੇ ਕਹਿੰਦਾ ਹੈ ਕਿ ਇਸ ਪ੍ਰਣਾਲੀ ਵਿੱਚ:

> "ਧਨ ਦੁਆਰਾ ਵੇਚਣਾ, ਹਰ ਸਮਿਆਂ 'ਤੇ ਸੰਭਵ ਹੋ ਗਿਆ ਹੈ, ਠੀਕ ਉਸੇ ਤਰ੍ਹਾਂ ਸੌਖ ਨਾਲ਼, ਜਿਵੇਂ ਕਿ ਧਨ ਦੁਆਰਾ ਖਰੀਦ ਕਰਨਾ....। ਪੈਦਾਵਾਰ, ਹੁਣ ਤੋਂ ਮੰਗ ਦਾ ਇੱਕ ਸਾਵਾਂ ਅਤੇ ਕਦੇ ਨਾ ਚੁੱਕਣ ਵਾਲ਼ਾ ਕਾਰਨ ਬਣ ਜਾਵੇਗੀ।"***

ਕੀਮਤੀ ਧਾਤਾਂ ਨੂੰ ਦੂਜੀਆਂ ਜਿਣਸਾਂ ਦੇ ਮੁਕਾਬਲੇ, ਜੋ "ਵਿਸ਼ੇਸ਼ ਅਧਿਕਾਰੀ" ਪੋਜ਼ੀਸ਼ਨ ਪ੍ਰਾਪਤ ਸੀ, ਉਹ ਹੁਣ ਜਾਂਦੀ ਰਹੇਗੀ ਅਤੇ

> "ਉਹ ਵੀ ਮੱਖਣ ਅਤੇ ਆਂਡਿਆਂ ਅਤੇ ਕੱਪੜਾ ਅਤੇ ਛੀਂਟਾਂ ਦੇ ਨਾਲ਼ੋਂ-ਨਾਲ਼ ਬਾਜ਼ਾਰ ਵਿੱਚ ਆਪਣੀ ਥਾਂ ਲੈਣਗੀਆਂ ਅਤੇ ਫੇਰ ਕੀਮਤੀ ਧਾਤਾਂ ਦੀ ਕਦਰ ਸਾਡੇ ਲਈ ਇਤਨੀ ਹੀ ਮਾਮੂਲੀ ਹੋ ਜਾਵੇਗੀ..... ਜਿਤਨੀ ਕਿ ਹੀਰੇ ਦੀ।" (ਗਰੇ, **ਧਨ**

---

ਮਹਾਸ਼ਯ ਜਾਨ ਨੂੰ ਇਸ ਗੱਲ ਦਾ ਕੋਈ ਸ਼ਾਨ-ਗੁਮਾਨ ਨਹੀਂ ਸੀ ਕਿ **ਸਮਾਜਿਕ ਪ੍ਰਣਾਲੀ** ਦੇ ਪ੍ਰਕਾਸ਼ਨ ਤੋਂ ਸੋਲ੍ਹਾਂ ਸਾਲ ਪਿੱਛੋਂ ਇੱਕ ਵਿਦਵਾਨ ਪਰੂਧੋਂ ਆਉਣਗੇ ਅਤੇ ਉਸ ਦੀ ਇਸ ਕਾਢ ਦਾ ਆਪਣੇ ਨਾਂ ਨਾਲ਼ ਪੇਟੈਂਟ ਕਰਾ ਲੈਣਗੇ।

* ਗਰੇ, **ਸਮਾਜਿਕ ਪ੍ਰਣਾਲੀ**, ਪੰਨਾ 63. "ਧਨ ਕੇਵਲ ਇੱਕ ਰਸੀਦ ਹੋਣਾ ਚਾਹੀਦਾ ਹੈ, ਇੱਕ ਸਬੂਤ ਕਿ ਜਿਸ ਕੋਲ ਇਹ ਹੈ, ਉਸ ਵਿਅਕਤੀ ਨੇ, ਜਾਂ ਤਾਂ ਦੌਲਤ ਦੇ ਕੌਮੀ ਭੰਡਾਰ ਵਿੱਚ ਕਿਸੇ ਖਾਸ ਕਦਰ ਦਾ ਹਿੱਸਾ ਪਾਇਆ ਹੈ, ਜਾਂ ਫਿਰ ਉਸ ਨੂੰ ਇਸ ਕਦਰ ਲਈ ਕਿਸੇ ਦੂਜੇ ਕੋਲ਼ੋਂ ਹੱਕ ਪ੍ਰਾਪਤ ਹੋਇਆ ਹੈ।"

** "ਪੈਦਾਵਾਰ ਉੱਪਰ, ਪਹਿਲਾਂ ਤੋਂ ਹੀ ਅਨੁਮਾਨੀ ਹੋਈ ਕਦਰ ਲਾਈ ਜਾਵੇਗੀ, ਫੇਰ ਇਸ ਨੂੰ ਬੈਂਕ ਅੰਦਰ ਰੱਖ ਦਿੱਤਾ ਜਾਵੇਗਾ ਅਤੇ ਜਦੋਂ ਲੋੜ ਹੋਵੇਗੀ, ਇਸ ਨੂੰ ਮੁੜ ਕੱਢ ਲਿਆ ਜਾਵੇਗਾ। ਆਮ ਰਾਏ ਨਾਲ਼ ਕੇਵਲ ਇਹ ਲਿਖਿਆ ਹੋਵੇਗਾ, ਕਿ ਜੋ ਵੀ ਆਪਣੀ ਕੋਈ ਵਸਤ ਕੌਮੀ ਬੈਂਕ ਦੇ ਅੰਦਰ ਰੱਖੇਗਾ, ਉਸ ਨੂੰ ਇਹ ਆਗਿਆ ਹੋਵੇਗੀ ਕਿ ਬੈਂਕ ਅੰਦਰ ਪਈਆਂ ਚੀਜ਼ਾਂ ਵਿੱਚੋਂ ਉਹ, ਕੋਈ ਵੀ ਅਜਿਹੀ ਚੀਜ਼ ਲੈ ਸਕੇਗਾ ਜਿਸ ਦੀ ਕਦਰ ਉਸ ਦੀ ਆਪਣੀ ਰੱਖੀ ਚੀਜ਼ ਦੇ ਬਰਾਬਰ ਹੋਵੇਗੀ।" ਓਪ. ਸਿਟ. ਪੰਨਾ 67-68।

*** ਓਪ. ਸਿਟ. ਪੰਨਾ 16।

**’ਤੇ ਲੈਕਚਰ**, ਪੰਨਾ 182)

"ਕੀ ਅਸੀਂ ਕਦਰ ਦੇ ਆਪਣੇ ਝੂਠੇ ਮਿਆਰ, ਸੋਨੇ ਨੂੰ ਬਣਾਈ ਰੱਖੀਏ ਅਤੇ ਇਸ ਤਰ੍ਹਾਂ ਦੇਸ਼ ਦੇ ਉਤਪਾਦਕੀ ਵਸੀਲਿਆਂ ਨੂੰ ਨਰੜੀ ਰੱਖੀਏ ? ਜਾਂ ਕਿ ਅਸੀਂ ਕਦਰ ਦੇ ਕੁਦਰਤੀ ਮਿਆਰ, ਕਿਰਤ ਨੂੰ ਆਪਣਾ ਲਈਏ ਅਤੇ ਇਸ ਤਰ੍ਹਾਂ ਆਪਣੇ ਉਤਪਾਦਕੀ ਵਸੀਲਿਆਂ ਦੀਆਂ ਵਾਗਾਂ ਖੋਲ੍ਹੀ ਰੱਖੀਏ ? (ਓਪ. ਸਿਟ. ਪੰਨਾ 169)

ਕਿਉਂਕਿ ਕਿਰਤ-ਸਮਾਂ, ਕਦਰ ਦਾ ਆਪਣੇ ਅੰਦਰਲਾ ਮਾਪ ਹੁੰਦਾ ਹੈ, ਇਸ ਲਈ ਹੋਰ ਕਿਸੇ ਬਾਹਰੀ ਮਿਆਰ ਨੂੰ ਕਿਉਂ ਵਰਤਿਆ ਜਾਵੇ ? ਤਬਾਦਲਾ-ਕਦਰ ਨੂੰ ਕਿਉਂ ਕੀਮਤ ਵਿੱਚ ਬਦਲਿਆ ਜਾਂਦਾ ਹੈ ? ਸਾਰੀਆਂ ਜਿਣਸਾਂ ਦੀ ਕਦਰ ਨੂੰ ਕਿਉਂ ਇੱਕੋ ਇੱਕ ਜਿਣਸ ਦੇ ਰੂਪ ਵਿੱਚ ਗਿਣਿਆ ਜਾਵੇ ? ਜਿਹੜੀ ਕਿ ਇਸ ਤਰ੍ਹਾਂ ਤਬਾਦਲਾ-ਕਦਰ ਦਾ ਇੱਕ ਢੁਕਵਾਂ ਰੂਪ, ਭਾਵ ਧਨ, ਬਣ ਜਾਂਦੀ ਹੈ। ਇਹ ਸੀ ਮਸਲਾ, ਜਿਸ ਨੂੰ ਕਿ ਗਰੇ ਨੇ ਹੱਲ ਕਰਨਾ ਸੀ। ਪਰ ਇਸ ਨੂੰ ਹੱਲ ਕਰਨ ਦੀ ਥਾਂ ਉਸਨੇ ਇਹ ਫ਼ਰਜ਼ ਕਰ ਲਿਆ ਕਿ ਜਿਣਸਾਂ ਨੂੰ ਇੱਕ-ਦੂਜੀ ਦੇ ਨਾਲ਼, ਸਮਾਜਿਕ-ਕਿਰਤ ਦੀਆਂ ਉਤਪਾਦਾਂ ਦੇ ਰੂਪ ਵਿੱਚ, ਸਿੱਧਿਆਂ ਹਾੜ੍ਹਿਆ ਜਾ ਸਕਦਾ ਹੈ। ਪਰ ਉਹ, ਜਿੱਥੋਂ ਤੱਕ ਵਸਤਾਂ ਹੁੰਦੀਆਂ ਹਨ, ਉੱਥੋਂ ਤੱਕ ਹੀ ਹਾੜ੍ਹਨ-ਯੋਗ ਹੁੰਦੀਆਂ ਹਨ। ਜਿਣਸਾਂ, ਕਿਰਤ ਦੀਆਂ ਵਿਕੋਲਿੱਤਰੀਆਂ ਸੁਤੰਤਰ ਵੱਖ ਵੱਖ ਕਿਸਮਾਂ ਦੀਆਂ ਸਿੱਧੀਆਂ ਉਤਪਾਦਾਂ ਹੁੰਦੀਆਂ ਹਨ ਅਤੇ ਨਿੱਜੀ ਤਬਾਦਲੇ ਦੇ ਦੌਰਾਨ, ਆਪਣੇ ਅੱਡਰੇਪਣ ਕਰ ਕੇ ਉਹਨਾਂ ਨੂੰ ਇਹ ਸਿੱਧ ਕਰਨਾ ਪੈਂਦਾ ਹੈ ਕਿ ਉਹ ਆਮ ਸਮਾਜਿਕ ਕਿਰਤ ਹਨ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜਿਣਸ ਪੈਦਾਵਾਰ ਦੇ ਆਧਾਰ ’ਤੇ, ਕਿਰਤ, ਸਮਾਜਿਕ ਕਿਰਤ, ਕੇਵਲ ਉਦੋਂ ਹੀ ਬਣਦੀ ਹੈ, ਜਦੋਂ ਕਿ ਕਿਰਤ ਦੀਆਂ ਇੱਕਾ-ਦੁੱਕਾ ਕਿਸਮਾਂ ਦਾ ਵਿਆਪਕ ਪੈਮਾਨੇ ’ਤੇ ਅੱਡਰਾਪਣ ਹੋ ਜਾਂਦਾ ਹੈ। ਪਰ ਜਿਵੇਂ ਗਰੇ ਪਹਿਲਾਂ ਹੀ ਫ਼ਰਜ਼ ਕਰ ਲੈਂਦਾ ਹੈ ਕਿ ਜਿਣਸ ਅੰਦਰਲਾ ਕਿਰਤ-ਸਮਾਂ, **ਤੁਰੰਤ ਹੀ**, ਸਮਾਜਿਕ ਕਿਰਤ-ਸਮਾਂ ਹੁੰਦਾ ਹੈ, ਉਵੇਂ ਹੀ ਉਹ ਇਹ ਵੀ ਪਹਿਲਾਂ ਤੋਂ ਮੰਨ ਲੈਂਦਾ ਹੈ, ਕਿ ਇਹ ਸਾਂਝਾ ਕਿਰਤ-ਸਮਾਂ ਜਾਂ ਕਿ ਸਿੱਧਿਆਂ ਤੌਰ ’ਤੇ ਜੁੜੇ ਵਿਅਕਤੀਆਂ ਦਾ ਕਿਰਤ-ਸਮਾਂ ਹੁੰਦਾ ਹੈ। ਉਸ ਸੂਰਤ ਵਿੱਚ, ਕਿਸੇ ਵੀ ਸੋਨੇ ਜਾਂ ਚਾਂਦੀ ਵਰਗੀ ਖਾਸ ਜਿਣਸ ਲਈ, ਇਹ ਬੇਸ਼ੱਕ ਨਾ-ਮੁਮਕਿਨ ਹੋਵੇਗਾ ਕਿ ਉਹ ਵਿਆਪਕ ਕਿਰਤ ਦੇ ਅਵਤਾਰ ਰੂਪ ਵਿੱਚ ਦੂਜੀਆਂ ਜਿਣਸਾਂ ਦਾ ਸਾਹਮਣਾ ਕਰ ਸਕੇ ਅਤੇ ਤਬਾਦਲਾ-ਕਦਰ ਨੂੰ ਵੀ ਕੀਮਤ ਵਿੱਚ ਬਦਲਿਆ ਜਾ ਸਕੇਗਾ। ਪਰ ਨਾ ਹੀ ਇਸਤੇਮਾਲੀ ਕਦਰ ਨੂੰ ਤਬਾਦਲਾ ਕਦਰ ਵਿੱਚ ਅਤੇ ਉਤਪਾਦ ਨੂੰ ਜਿਣਸ ਰੂਪ ਵਿੱਚ ਬਦਲਿਆ ਜਾ ਸਕੇਗਾ ਅਤੇ ਇਸ ਤਰ੍ਹਾਂ ਬੁਰਜੂਆ ਉਤਪਾਦਨ ਦੀ ਬੁਨਿਆਦ ਹੀ ਮਿੱਟ ਜਾਵੇਗੀ ਪਰ ਇਹ ਗੱਲ ਉਹ ਨਹੀਂ ਜਿਹੜੀ ਕਿ ਗਰੇ ਚਾਹੁੰਦਾ ਹੈ, ਭਾਵ, **ਵਸਤਾਂ, ਜਿਣਸਾਂ ਦੇ ਰੂਪ ਵਿੱਚ ਪੈਦਾ ਤਾਂ ਕੀਤੀਆਂ ਜਾਣ, ਪਰ ਜਿਣਸਾਂ ਦੇ ਤੌਰ ’ਤੇ ਬਦਲੀਆਂ ਨਾ ਜਾਣ।** ਗਰੇ ਆਪਣੀ ਇਸ ਨਿਮਾਣੀ ਹੀ ਇੱਛਾ ਨੂੰ ਪੂਰਿਆਂ ਕਰਾਉਣ ਦਾ ਜ਼ੁੰਮਾ ਇੱਕ ਕੌਮੀ ਬੈਂਕ ਨੂੰ ਦੇ ਦਿੰਦਾ ਹੈ। ਇੱਕ ਪਾਸੇ ਤਾਂ ਸਮਾਜ ਬੈਂਕ ਦੇ ਰੂਪ ਵਿੱਚ, ਵਿਅਕਤੀਆਂ ਨੂੰ ਨਿੱਜੀ ਤਬਾਦਲੇ ਦੀਆਂ ਸ਼ਰਤਾਂ ਤੋਂ

ਅਜ਼ਾਦ ਕਰਾ ਦੇਂਦਾ ਹੈ ਅਤੇ ਦੂਜੇ ਪਾਸੇ, ਉਹ ਉਹਨਾਂ ਤੋਂ ਨਿੱਜੀ ਤਬਾਦਲੇ ਦੇ ਅਧਾਰ 'ਤੇ ਮਾਲ ਪੈਦਾ ਕਰਾਉਂਦਾ ਰਹਿੰਦਾ ਹੈ। ਹਾਲਾਂਕਿ ਗਰੇ ਦੀ ਮਨਸ਼ਾ, ਕੇਵਲ ਜਿਣਸ-ਤਬਾਦਲੇ ਵਿੱਚ ਲੱਗੇ ਧਨ ਦਾ "ਸੁਧਾਰ ਕਰਨ" ਦੀ ਹੀ ਹੈ, ਪਰ ਉਹ ਵਿਸ਼ੇ-ਵਸਤੂ ਦੇ ਅੰਦਰਲੇ ਮਨਤਕ ਨਾਲ਼ ਬੱਝਾ, ਬੁਰਜੂਆ ਉਤਪਾਦਨ ਦੀ ਇੱਕ ਤੋਂ ਬਾਅਦ ਦੂਜੀ ਸ਼ਰਤ ਨੂੰ ਤਿਆਗਣ 'ਤੇ ਮਜਬੂਰ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਸਰਮਾਏ ਨੂੰ ਕੌਮੀ ਸਰਮਾਏ ਵਿੱਚ ਬਦਲਦਾ ਹੈ ("ਹਰ ਕੌਮ ਦਾ ਕਾਰੋਬਾਰ, ਕੌਮੀ ਸਰਮਾਏ ਦੇ ਰਾਹੀਂ ਕੀਤਾ ਜਾਣਾ ਚਾਹੀਦਾ ਹੈ" - ਜਾਨ ਗਰੇ, **ਸਮਾਜਿਕ ਪ੍ਰਣਾਲੀ**, ਪੰਨਾ 171) ਅਤੇ ਜ਼ਮੀਨ ਨੂੰ ਉਹ ਕੌਮੀ ਜਾਇਦਾਦ ਵਿੱਚ ਬਦਲ ਦੇਣਾ ਚਾਹੀਦਾ ਹੈ" — ਓਪ. ਸਿਟ. ਪੰਨਾ 298) ਅਤੇ ਜੇਕਰ ਇਸ ਦੇ ਬੈਂਕ ਦੀ ਵੀ ਧਿਆਨ ਪੂਰਵਕ ਜਾਂਚ ਕੀਤੀ ਜਾਵੇ, ਤਾਂ ਪਤਾ ਲੱਗ ਜਾਵੇਗਾ ਕਿ ਉਹ ਨਾ ਕੇਵਲ ਇੱਕ ਹੱਥ ਨਾਲ਼, ਜਿਣਸਾਂ ਹੀ ਵਸੂਲ ਨਹੀਂ ਕਰਦਾ ਤੇ ਦੂਜੇ ਨਾਲ਼ ਮੁਹੱਈਆ ਕੀਤੀ ਕਿਰਤ ਦੇ ਸਰਟੀਫਿਕੇਟ ਹੀ ਜਾਰੀ ਨਹੀਂ ਕਰਦਾ, ਬਲਕਿ ਉਹ ਇਹਨਾਂ ਦੇ ਨਾਲ਼ੋਂ-ਨਾਲ਼ ਉਤਪਾਦਨ ਦੀ ਵੀ ਨਿਗਰਾਨੀ ਕਰਦਾ ਹੈ। ਆਪਣੀ ਆਖਰੀ ਰਚਨਾ **ਧਨ 'ਤੇ ਲੈਕਚਰ**, ਜਿਸ ਵਿੱਚ ਗਰੇ, ਬੜਾ ਡਰਦਾ ਡਰਦਾ ਆਪਣੇ ਕਿਰਤ-ਧਨ ਨੂੰ ਇੱਕ ਸ਼ੁੱਧ ਬੁਰਜੂਆ ਸੁਧਾਰ ਦੇ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ, ਉੱਥੇ ਉਹ ਬਲਕਿ ਹੋਰ ਵੀ ਭੱਦੀ ਬੇਹੂਦਗੀਆਂ ਵਿੱਚ ਉਲਝ ਜਾਂਦਾ ਹੈ।

ਹਰ ਜਿਣਸ ਫੌਰੀ ਧਨ ਹੁੰਦੀ ਹੈ: ਇਹ ਹੈ, ਗਰੇ ਦਾ ਥੀਸਿਸ, ਜਿਸ ਨੂੰ ਉਹ ਆਪਣੇ ਅਧੂਰੇ ਅਤੇ ਇਸੇ ਕਾਰਨ ਗਲਤ, ਜਿਣਸਾਂ ਦੇ ਵਿਸ਼ਲੇਸ਼ਣ ਵਿੱਚੋਂ ਕੱਢ ਕੇ ਲਿਆਉਂਦਾ ਹੈ। "ਕਿਰਤ ਧਨ" ਅਤੇ "ਕੌਮੀ ਬੈਂਕ" ਅਤੇ "ਮਾਲ ਗੋਦਾਮਾਂ" ਦਾ "ਆਰਗਨੀ" ਪ੍ਰੋਜੈਕਟ ਮਹਿਜ਼ ਇੱਕ ਖਾਮ-ਖਿਆਲੀ ਹੈ, ਜਿਸ ਵਿੱਚ, ਇੱਕ ਡਾਗਮੇ ਨੂੰ ਵਿਆਪਕ ਪ੍ਰਮਾਣਿਕਤਾਂ ਦੇ ਕਾਨੂੰਨੀ ਰੂਪ ਵਿੱਚ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਇਹ ਡਾਗਮਾ ਕਿ ਹਰ ਜਿਣਸ ਫੌਰੀ ਧਨ ਹੁੰਦੀ ਹੈ, ਜਾਂ ਕਿ ਇਹ ਕਿ ਕਿਸੇ ਪ੍ਰਾਈਵੇਟ ਵਿਅਕਤੀ ਦੀ ਇੱਸ ਵਿੱਚ ਲੱਗੀ ਖਾਸ ਕਿਰਤ, ਫੌਰੀ ਤੌਰ 'ਤੇ ਸਮਾਜਿਕ ਕਿਰਤ ਹੁੰਦੀ ਹੈ, ਇਹ ਇਸੇ ਕਰ ਕੇ ਸੱਚ ਗੱਲਾਂ ਨਹੀਂ ਬਣ ਜਾਂਦੀਆਂ ਕਿਉਂਕਿ ਕੋਈ ਬੈਂਕ ਇਹਨਾਂ ਵਿੱਚ ਵਿਸ਼ਵਾਸ ਕਰਦਾ ਹੈ ਅਤੇ ਆਪਣੇ ਸਾਰੇ ਕਾਰੋਬਾਰ ਇਸੇ ਡਾਗਮੇ ਦੇ ਅਨੁਸਾਰ ਚਲਾਉਂਦਾ ਹੈ। ਇਸ ਤੋਂ ਉਲਟ, ਜਦੋਂ ਅਜਿਹੇ ਕੇਸ ਵਿੱਚ ਦਿਵਾਲਾ ਨਿਕਲਦਾ ਹੈ, ਤਾਂ ਉਹ ਆਪਣੇ ਆਪ ਅਮਲੀ ਪੜਚੋਲ ਦੇ ਕਾਰਜ ਨੂੰ ਪੂਰਿਆਂ ਕਰ ਦੇਂਦਾ ਹੈ। ਇਹ ਤੱਥ, ਕਿ ਕਿਰਤ-ਧਨ ਇੱਕ ਦਿਖਾਵਟੀ ਆਰਥਿਕ ਸ਼ਬਦ ਹੈ, ਜਿਹੜਾ ਕਿ ਧਨ ਤੋਂ ਛੁਟਕਾਰਾ ਪਾਉਣ ਦੀ ਨਿਗੂਣੀ ਇੱਛਾ ਦਾ ਪ੍ਰਤੀਕ ਹੈ ਅਤੇ ਧਨ ਦੇ ਨਾਲ਼ੋਂ-ਨਾਲ਼, ਤਬਾਦਲਾ-ਕਦਰ ਤੋਂ ਛੁਟਕਾਰਾ ਪਾਉਣ ਦਾ, ਅਤੇ ਤਬਾਦਲਾ ਕਦਰ ਦੇ ਨਾਲ਼ੋਂ ਨਾਲ਼ ਬੁਰਜੂਆ ਉਪਜ-ਢੰਗ ਤੋਂ ਛੁਟਕਾਰਾ ਪਾਉਣ ਦਾ ਵੀ - ਇਹ ਤੱਥ, ਜਿਹੜਾ ਕਿ ਗਰੇ ਦੀ ਰਚਨਾ ਵਿੱਚ ਲੁਕਿਆ ਪਿਆ ਹੈ, ਅਤੇ ਜਿਸ ਬਾਰੇ, ਗਰੇ ਆਪ ਖੁਦ ਵੀ ਨਹੀਂ ਜਾਣਦਾ, ਬੜੇ ਐਲਾਨੀਆ ਤੌਰ 'ਤੇ, ਕਈ ਬਰਤਾਨਵੀ ਸੋਸ਼ਲਿਸਟਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ, ਜਿਹਨਾਂ ਵਿੱਚੋਂ ਕਈਆਂ ਨੇ ਗਰੇ ਤੋਂ ਵੀ ਪਹਿਲਾਂ ਲਿਖਿਆ ਅਤੇ ਦੂਜਿਆਂ ਨੇ ਉਸ

ਤੋਂ ਪਿੱਛੋਂ।* ਪਰ ਇਹ ਗੁਣਾ **ਮ. ਪਰੂਧੋਂ** ਅਤੇ ਉਸ ਦੇ ਸਕੂਲ ਦੇ ਹੱਥੇ ਪਿਆ ਕਿ ਉਹ ਪੂਰੀ ਸੰਜੀਦਗੀ ਨਾਲ਼ ਐਲਾਨ ਕਰਨ, ਕਿ **ਧਨ ਜਿਣਸਾਂ** ਦਾ ਉਠਾਣ ਸੋਸ਼ਲਿਜ਼ਮ ਦਾ ਸਾਰਤੱਤ ਹੈ ਅਤੇ ਇਸੇ ਕਰਕੇ, ਸੋਸ਼ਲਿਜ਼ਮ ਨੂੰ, ਜਿਣਸਾਂ ਅਤੇ ਧਨ ਵਿਚਕਾਰ ਮੌਜੂਦਾ, ਲਾਜ਼ਮੀ ਸਰਮਾਏ ਦੀ ਇੱਕ ਮੁੱਢਲੀ ਗਲਤ-ਫਹਿਮੀ ਤੱਕ ਘਟਾ ਕੇ ਲੈ ਆਉਣ ਦਾ ਕੰਮ ਵੀ ਇਹਨਾਂ ਲੋਕਾਂ ਦੇ ਹੀ ਜ਼ੁੰਮੇ ਪਿਆ।**

## 2. ਤਬਾਦਲਾ-ਮਾਧਿਅਮ

ਜਦੋਂ ਕਿ ਕੀਮਤਾਂ ਦੀ ਕਾਇਮੀ ਹੋ ਜਾਣ ਦੇ ਕਾਰਨ, ਜਿਣਸਾਂ ਨੂੰ ਉਹ ਰੂਪ ਪ੍ਰਾਪਤ ਹੋ ਗਿਆ, ਜਿਸ ਨਾਲ਼ ਉਹ ਚਲਨ ਦੇ ਅੰਦਰ ਦਾਖਲ ਹੋਣ ਦੇ ਯੋਗ ਹੋ ਗਈਆਂ ਅਤੇ ਸੋਨੇ ਨੇ ਧਨ ਦੇ ਰੂਪ ਵਿੱਚ ਆਪਣਾ ਕਾਰਜ ਸੰਭਾਲ ਲਿਆ, ਉਦੋਂ ਤੋਂ ਜਿਣਸਾਂ ਦੇ ਤਬਾਦਲੇ ਵਿੱਚ ਜੋ ਵਿਰੋਧਤਾਈਆਂ ਅੰਦਰ-ਖਾਨੇ ਲੁਕੀਆਂ ਪਈਆਂ ਸਨ, ਉਹ ਨੰਗੀਆਂ ਵੀ ਹੋ ਗਈਆਂ ਅਤੇ ਚਲਨ ਨੇ ਉਹਨਾਂ ਨੂੰ ਹੱਲ ਵੀ ਕਰ ਦਿੱਤਾ। ਜਿਣਸਾਂ ਦਾ ਅਸਲ ਤਬਾਦਲਾ, ਅਰਥਾਤ, ਸਮਾਜਿਕ ਹਾਜ਼ਮਾ-ਅਮਲ ਇੱਕ ਤਬਦੀਲੀ ਹੈ ਜਿਸ ਵਿੱਚ ਜਿਣਸ ਦਾ ਦੂਹਰਾ ਖਾਸਾ – ਜਿਣਸ ਇਸਤੇਮਾਲੀ ਕਦਰ ਦੇ ਰੂਪ ਵਿੱਚ ਅਤੇ ਜਿਣਸ ਤਬਾਦਲਾ ਕਦਰ ਦੇ ਰੂਪ ਵਿੱਚ – ਆਪਣੇ ਆਪ ਨੂੰ ਜ਼ਾਹਰ ਕਰਨ ਲੱਗਦਾ ਹੈ; ਅਤੇ ਇਸ ਦੇ ਨਾਲ਼ ਹੀ, ਧਨ ਦੇ ਕੁੱਝ ਖਾਸ ਰੂਪਾਂ ਦਾ ਪ੍ਰਤੀਕ ਬਣ ਜਾਂਦਾ ਹੈ। ਇਸ ਤਬਦੀਲੀ ਨੂੰ ਖੋਲ੍ਹ ਕੇ ਦੱਸਣਾ, ਚਲਨ ਨੂੰ ਖੋਲ੍ਹ ਕੇ ਦੱਸਣਾ ਹੈ। ਜਿਣਸਾਂ, ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਪੂਰਨ ਤੌਰ ’ਤੇ ਵਿਕਸਿਤ ਤਬਾਦਲਾ ਕਦਰ ਉਦੋਂ ਹੀ ਬਣਦੀਆਂ ਹਨ, ਜਦੋਂ ਕਿ ਜਿਣਸਾਂ ਦੀ ਦੁਨੀਆਂ ਅਤੇ ਨਤੀਜੇ ਵਜੋਂ, ਕਿਰਤ-ਵੰਡ ਦੀ ਇੱਕ ਸੱਚਮੁੱਚ ਵਿਕਸਿਤ ਹੋਈ ਪ੍ਰਣਾਲੀ ਦਾ ਤਸੱਵਰ ਆ ਜਾਂਦਾ ਹੈ; ਇਸੇ ਤਰ੍ਹਾਂ ਚਲਨ ਵੀ ਇਹ ਪਹਿਲਾਂ ਮੰਨ ਕੇ ਚੱਲਦਾ ਹੈ ਕਿ ਤਬਾਦਲੇ ਦੇ ਕਾਰ-ਵਿਹਾਰ ਹਰ ਥਾਂ ਚਲ ਰਹੇ ਹਨ ਅਤੇ ਕਿ ਉਹ ਲਗਾਤਾਰ ਨਵਾਂ ਰੂਪ ਧਾਰ ਰਹੇ ਹਨ। ਇਹ ਇਸ ਗੱਲ ਨੂੰ ਵੀ ਪਹਿਲਾਂ ਤੋਂ ਮੰਨਦਾ ਹੈ ਕਿ ਜਿਣਸਾਂ ਤਬਾਦਲੇ ਦੇ ਅਮਲ ਵਿੱਚ ਇੱਕ **ਨਿਸਚਈ ਕੀਮਤ** ਨਾਲ਼ ਦਾਖਲ ਹੁੰਦੀਆਂ ਹਨ। ਦੂਜੇ ਸ਼ਬਦਾਂ ਵਿੱਚ ਇੰਝ ਕਿਹਾ ਜਾ ਸਕਦਾ ਹੈ ਕਿ ਤਬਾਦਲੇ ਦੇ ਦੌਰਾਨ, ਉਹ ਇੱਕ ਦੂਹਰੇ ਰੂਪ ਵਿੱਚ ਇੱਕ ਦੂਜੀ ਦਾ ਸਾਹਮਣਾ **ਪ੍ਰਤੀਤ ਹੁੰਦੀਆਂ** ਹਨ, ਭਾਵ, ਅਸਲੀਅਤ ਵਿੱਚ ਅਤੇ ਨਾਂ-ਮਾਤਰ ਲਈ (ਕੀਮਤ ਵਿੱਚ) ਤਬਾਦਲਾ-ਕਦਰਾਂ ਦੇ ਰੂਪ ਵਿੱਚ।

ਲੰਦਨ ਦੇ ਅੱਤ ਕਾਰੋਬਾਰੀ ਬਾਜ਼ਾਰ ਉਹਨਾਂ ਦੁਕਾਨਾਂ ਨਾਲ਼ ਭਰੇ ਹੋਏ ਹਨ, ਜਿਹਨਾਂ ਦੇ ਸ਼ੋ ਕੇਸਾਂ ਵਿੱਚ ਦੁਨੀਆਂ ਭਰ ਦੀ ਦੌਲਤ ਦੀ ਨੁਮਾਇਸ਼ ਕੀਤੀ ਹੁੰਦੀ ਹੈ, ਭਾਰਤੀ ਸ਼ਾਲਾਂ,

---

* ਦੇਖੋ, ਜਿਵੇਂ ਵ. ਥਾਮਸਨ, **ਦੌਲਤ ਦੀ ਤਕਸੀਮ ਬਾਰੇ ਇੱਕ ਪੜਤਾਲ਼**, ਲੰਡਨ, 1824; ਬਰੇ, **ਕਿਰਤ ਦੀਆਂ ਭੁੱਲਾਂ ਤੇ ਕਿਰਤ ਦੀਆਂ ਸੋਧਾਂ**, ਲੀਡਜ਼, 1839।

** ਐਲਫਰਡ ਡਾਰੀਮੋਨ, **ਦੇ ਲਾ ਰਿਫਾਰਮੀ ਦੇਸ ਬੈਨਕਿਯੂਸ**, ਪੈਰਿਸ 1856, ਨੂੰ ਇਸ ਉਤੇਜਨਾਪੂਰਨ ਧਨਵੀ ਸਿਧਾਂਤ ਦਾ ਇੱਕ ਸਾਰਾਂਸ਼ ਸਮਝਿਆ ਜਾ ਸਕਦਾ ਹੈ।

ਅਮਰੀਕੀ ਰਿਵਾਲਵਰ, ਚੀਨੀ ਦੇ ਬਰਤਨ, ਪੈਰਿਸ ਦੀਆਂ ਅੰਗੀਆਂ, ਰੂਸ ਤੋਂ ਫਰ ਅਤੇ ਗਰਮ ਦੇਸ਼ਾਂ ਤੋਂ ਮਸਾਲੇ ਆਦਿ। ਪਰ ਇਹਨਾਂ ਸਭ ਸੰਸਾਰਕ ਵਸਤਾਂ ਉੱਪਰ ਚਮਕੀਲੇ, ਸਫੈਦ ਕਾਗਜ਼ਾਂ ਦੇ ਅਰਬੀ ਹਿੰਦਸਿਆਂ ਵਾਲ਼ੇ ਲੇਬਲ ਲੱਗੇ ਹੋਏ ਹਨ ਅਤੇ ਫੇਰ ਇਹ ਸੰਖੇਪ ਚਿੰਨ੍ਹ ਪੌਂਡ, ਸ਼ਲਿੰਗ, ਪੈਂਸ। ਇਹ ਹੈ ਤਰੀਕਾ ਜਿਸ ਨਾਲ਼ ਜਿਣਸਾਂ ਨੂੰ ਚਲਨ ਵਿੱਚ ਪੇਸ਼ ਕੀਤਾ ਜਾਂਦਾ ਹੈ।

## ੳ. ਜਿਣਸਾਂ ਦਾ ਰੂਪ-ਬਦਲ

ਡੂੰਘੀ ਪੜਤਾਲ਼ ਤੋਂ ਪਤਾ ਲੱਗਦਾ ਹੈ ਕਿ ਚਲਨ–ਅਮਲ, ਚੱਕਰ ਦੇ ਦੋ ਵਖਰਿਆਵੇਂ ਪ੍ਰਕਾਰਾਂ ਤੋਂ ਮਿਲ ਕੇ ਬਣਦਾ ਹੈ। ਜੇਕਰ ਜਿਣਸਾਂ ਨੂੰ ਜ ਮੰਨ ਲਈਏ ਅਤੇ ਧਨ ਨੂੰ ਧ, ਤਾਂ ਦੋ ਚੱਕਰਾਂ ਨੂੰ ਹੇਠ ਲਿਖੇ ਦੋ ਤਰੀਕਿਆਂ ਨਾਲ਼ ਦਿਖਾਇਆ ਜਾ ਸਕਦਾ ਹੈ:

**ਜ—ਧ—ਜ**

**ਧ—ਜ—ਧ**

ਇਸ ਭਾਗ ਵਿੱਚ ਅਸੀਂ ਕੇਵਲ ਪਹਿਲੇ ਚੱਕਰ ’ਤੇ ਹੀ ਵਿਚਾਰ ਕਰਾਂਗੇ, ਅਰਥਾਤ ਉਸ ’ਤੇ ਜਿਹੜਾ ਕਿ ਸਿੱਧਿਆਂ ਤੌਰ ’ਤੇ ਜਿਣਸ ਚਲਨ ਨੂੰ ਪ੍ਰਗਟਾਂਦਾ ਹੈ।

ਚੱਕਰ ਜ–ਧ–ਜ ਨੂੰ ਹਰਕਤ ਜ–ਧ ਵਿੱਚ ਵੰਡਿਆ ਜਾ ਸਕਦਾ ਹੈ, ਮਤਲਬ, ਜਿਣਸਾਂ ਦਾ ਧਨ ਲਈ ਤਬਾਦਲਾ, ਅਰਥਾਤ, **ਵੇਚ**; ਵਿਰੋਧੀ ਹਰਕਤ ਧ–ਜ; ਧਨ ਦਾ ਜਿਣਸਾਂ ਲਈ ਤਬਾਦਲਾ, ਜਾਂ **ਖਰੀਦ** ਅਤੇ ਦੋਹਾਂ ਹਰਕਤਾਂ ਦਾ ਏਕਾ ਜ–ਧ–ਜ ਧਨ ਲਈ ਜਿਣਸਾਂ ਦਾ ਤਬਾਦਲਾ, ਤਾਂ ਜੋ ਧਨ ਨੂੰ ਜਿਣਸਾਂ ਲਈ ਬਦਲ ਲਿਆ ਜਾਵੇ, ਜਾਂ ਇਉਂ ਕਹੋ **ਖਰੀਦਣ** ਦੇ **ਲਈ ਵੇਚਣਾ।** ਉਹ ਅੰਤਮ ਪਰਿਣਾਮ ਜਿਸ ਵਿੱਚ, ਸੌਦਾ ਜ–ਜ ਵਿੱਚ ਮੁੱਕ ਜਾਂਦਾ ਹੈ, ਭਾਵ ਇੱਕ ਜਿਣਸ ਦਾ ਦੂਜੀ ਕਿਸੇ ਨਾਲ਼ ਤਬਾਦਲਾ, ਪਦਾਰਥ ਦਾ ਅਸਲ ਤਬਾਦਲਾ।

ਜ–ਧ–ਜ, ਨੂੰ ਜਦੋਂ ਪਹਿਲੀ ਜਿਣਸ ਦੇ ਨਿਖੇੜ ਨੁਕਤੇ ਤੋਂ ਵਿਚਾਰਿਆ ਜਾਂਦਾ ਹੈ, ਤਾਂ ਇਹ, ਸੋਨੇ ਵਿੱਚ ਆਪਣੀ ਤਬਦੀਲੀ ਨੂੰ ਅਤੇ ਸੋਨੇ ਤੋਂ ਜਿਣਸ ਵਿੱਚ ਆਪਣੀ ਮੁੜ–ਤਬਦੀਲੀ ਨੂੰ ਦਰਸਾਉਣ ਲੱਗਦਾ ਹੈ ਜਿਸ ਦਾ ਅਰਥ ਉਹ ਹਰਕਤ ਨਿਕਲਦਾ ਹੈ, ਜਿਸ ਰਾਹੀਂ, ਆਰੰਭ ਵਿੱਚ ਜਿਣਸ ਇੱਕ ਖਾਸ ਇਸਤੇਮਾਲੀ–ਕਦਰ ਦੇ ਰੂਪ ਵਿੱਚ ਦਿਖਾਈ ਦੇਂਦੀ ਹੈ, ਫੇਰ ਉਹ ਆਪਣੀ ਹੋਂਦ ਦੇ ਇਸ ਰੂਪ ਨੂੰ ਛੱਡ ਦੇਂਦੀ ਹੈ ਅਤੇ ਇਸਤੇਮਾਲੀ–ਕਦਰ ਦੇ ਜਾਂ ਵਿਆਪਕ ਸਮਾਨਕ ਦੇ ਰੂਪ ਨੂੰ ਆਪਣਾ ਲੈਂਦੀ ਹੈ – ਜਿਹੜਾ ਕਿ ਆਪਣੇ ਕੁਦਰਤੀ ਰੂਪ ਨਾਲ਼ੋਂ ਬਿਲਕੁਲ ਹੀ ਵੱਖਰਾ ਹੁੰਦਾ ਹੈ – ਅੰਤ ਵਿੱਚ ਉਹ ਇਸ ਰੂਪ ਨੂੰ ਵੀ ਛੱਡ ਦੇਂਦੀ ਹੈ ਅਤੇ ਇੱਕ ਅਸਲੀ ਇਸਤੇਮਾਲੀ–ਕਦਰ ਦੇ ਰੂਪ ਵਿੱਚ ਉਗਮਦੀ ਹੈ, ਜਿਹੜਾ ਕਿ ਖਾਸ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰ ਸਕਦਾ ਹੈ। ਇਸ ਆਪਣੇ ਆਖਰੀ ਰੂਪ ਵਿੱਚ ਇਹ ਚਲਨ ਦੇ ਖੇਤਰ ਨੂੰ ਛੱਡ ਦੇਂਦੀ ਹੈ ਅਤੇ ਖਪਤ ਦੇ ਖੇਤਰ ਵਿੱਚ ਦਾਖਲ ਹੋ ਜਾਂਦੀ ਹੈ। ਇਸ ਤਰ੍ਹਾਂ, ਪਹਿਲੀ ਗੱਲ ਜੋ ਸਿੱਧ ਹੋਈ ਉਹ ਇਹ ਹੈ ਕਿ ਜ–ਧ–ਜ ਦਾ ਸੰਪੂਰਨ ਚੱਕਰ, ਰੂਪ–ਬਦਲਾਂ ਦੇ

ਉਸ ਸਾਰੇ ਸਿਲਸਿਲੇ ਦੀ ਤਰਜਮਾਨੀ ਕਰਦਾ ਹੈ, ਜਿਸ ਦੇ ਵਿੱਚੋਂ ਦੀ ਹੋ ਕੇ, ਹਰ ਇੱਕ ਜਿਣਸ ਨੂੰ ਆਪਣੇ ਮਾਲਕ ਦੇ ਲਈ ਕੋਈ ਸਿੱਧੀ ਇਸਤੇਮਾਲੀ-ਕਦਰ ਬਣਨ ਖਾਤਰ, ਲੰਘਣਾ ਪੈਂਦਾ ਹੈ। ਪਹਿਲਾ ਰੂਪ ਬਦਲ ਜ-ਧ, ਜਿਹੜਾ ਕਿ ਚੱਕਰ ਦਾ ਪਹਿਲਾ ਪੜਾਅ ਹੈ, ਹੋਂਦ ਵਿੱਚ ਆਉਂਦਾ ਹੈ; ਦੂਜਾ ਧ-ਜ ਦੇ ਦੂਜੇ ਪੜਾਅ ਵਿੱਚ ਆਉਂਦਾ ਹੈ ਅਤੇ ਸੰਪੂਰਨ ਚੱਕਰ, ਜਿਣਸ ਦਾ.....। ਪਰ ਚੱਕਰ ਜ-ਧ-ਜ, ਕੇਵਲ ਕਿਸੇ ਇੱਕੋ ਜਿਣਸ ਦੇ ਸੰਪੂਰਨ ਰੂਪ-ਬਦਲ ਨੂੰ ਹੀ ਦਰਸਾਉਂਦਾ ਹੈ, ਕਿਉਂਕਿ ਇਹ, ਇਸ ਦੇ ਨਾਲ਼ੋਂ-ਨਾਲ਼ ਹੋਰ ਜਿਣਸਾਂ ਦੇ ਖਾਸ ਅੰਸ਼ਕ ਰੂਪ-ਬਦਲਾਂ ਦਾ ਕੁੱਲ ਜੋੜ ਵੀ ਰਹਿੰਦਾ ਹੈ। ਕਿਉਂਕਿ ਪਹਿਲੀ ਜਿਣਸ ਦਾ ਹਰ ਰੂਪ-ਬਦਲ, ਇਸ ਦਾ ਦੂਜੀ ਜਿਣਸ ਵਿੱਚ ਬਦਲ ਜਾਣਾ ਹੈ ਅਤੇ ਇਸ ਲਈ, ਦੂਜੀ ਜਿਣਸ ਦਾ ਪਹਿਲੀ ਵਿੱਚ ਬਦਲ ਜਾਣਾ। ਇਸ ਤੋਂ ਸਪੱਸ਼ਟ ਹੈ ਕਿ ਇਹ ਬਦਲੀ ਦੂਹਰੀ ਹੁੰਦੀ ਹੈ ਜਿਹੜੀ ਕਿ ਚੱਕਰ ਦੇ ਪਹਿਲੇ ਪੜਾਅ ਦੇ ਦੌਰਾਨ ਅਮਲ ਵਿੱਚ ਆਉਂਦੀ ਹੈ। ਆਰੰਭ ਵਿੱਚ, ਅਸੀਂ ਤਬਾਦਲੇ ਦੇ ਦੋਹਾਂ ਪੜਾਆਂ ਦੀ ਵਾਰੋ-ਵਾਰੀ ਪੜਤਾਲ਼ ਕਰਾਂਗੇ, ਜਿਹਨਾਂ ਵਿੱਚ ਚੱਕਰ ਜ-ਧ-ਜ ਪੂਰਾ ਹੁੰਦਾ ਹੈ।

ਜ-ਧ, ਕਿ **ਵੇਚ**; ਜ, ਜਿਣਸ ਚਲਨ-ਖੇਤਰ ਵਿੱਚ ਕਿਸੇ ਖਾਸ ਇਸਤੇਮਾਲੀ ਕਦਰ ਦੇ ਰੂਪ ਵਿੱਚ, ਭਾਵ ਇੱਕ ਟਨ ਲੋਹਾ ਦੇ ਤੌਰ 'ਤੇ ਨਹੀਂ ਦਾਖਲ ਹੁੰਦਾ, ਬਲਿਕ ਇੱਕ ਖਾਸ ਕੀਮਤ ਵਾਲ਼ੀ, ਜਿਵੇਂ 3 ਪੌਂਡ, 17 ਸਲਿੰਗ, $10\frac{1}{2}$ ਪੈਂਸ ਜਾਂ ਫੇਰ ਇੱਕ ਔਂਸ ਸੋਨੇ ਦੀ ਇਸਤੇਮਾਲੀ ਕਦਰ ਦੇ ਤੌਰ 'ਤੇ ਦਾਖਲ ਹੁੰਦੀ ਹੈ। ਕੀਮਤ, ਜਿਹੜੀ ਕਿ ਇੱਕ ਪਾਸੇ ਤਾਂ ਲੋਹੇ ਵਿੱਚ ਮੌਜੂਦ ਕਿਰਤ-ਸਮੇਂ ਦੀ ਮਾਤਰਾ, ਇਸ ਦੀ ਕਦਰ ਨੂੰ ਜ਼ਾਹਰ ਕਰਦੀ ਹੈ, ਦੂਜੇ ਪਾਸੇ ਲੋਹੇ ਨੂੰ ਸੋਨੇ ਵਿੱਚ ਬਦਲਣ ਦੀ ਨਿਗੂਣੀ ਇੱਛਾ ਨੂੰ ਵੀ ਜ਼ਾਹਰ ਕਰਦੀ ਹੈ, ਜਿਸ ਦਾ ਮਤਲਬ ਹੈ ਕਿ ਲੋਹੇ ਵਿੱਚ ਲੱਗੇ ਕਿਰਤ-ਸਮੇਂ ਨੂੰ ਵਿਆਪਕ ਸਮਾਜਿਕ ਕਿਰਤ-ਸਮੇਂ ਦਾ ਰੂਪ ਦੇ ਦੇਣ ਦੀ ਇੱਛਾ ਦਾ। ਜੇਕਰ ਇਹ ਤਬਦੀਲੀ ਹੋਂਦ ਵਿੱਚ ਹੀ ਨਾ ਆਵੇ, ਤਾਂ ਇੱਕ ਟਨ ਲੋਹਾ ਕੇਵਲ ਜਿਣਸ ਹੋਣੋਂ ਹੀ ਨਹੀਂ ਰਹਿ ਜਾਂਦਾ, ਬਲਕਿ ਇੱਕ ਉਤਪਾਦ ਹੋਣੋਂ ਵੀ ਰਹਿ ਜਾਂਦਾ ਹੈ। ਕਿਉਂਕਿ ਇਹ ਜਿਣਸ ਉਦੋਂ ਹੀ ਹੁੰਦਾ ਹੈ, ਜਦੋਂ ਕਿ ਇਹ ਆਪਣੇ ਮਾਲਿਕ ਲਈ ਕੋਈ ਇਸਤੇਮਾਲੀ ਕਦਰ ਨਹੀਂ ਹੁੰਦਾ। ਜਿਸ ਦਾ ਮਤਲਬ ਹੈ ਕਿ ਉਸ ਦੀ ਕਿਰਤ ਉਦੋਂ ਹੀ ਅਸਲ ਕਿਰਤ ਹੁੰਦੀ ਹੈ ਜਦੋਂ ਕਿ ਇਹ ਦੂਜਿਆਂ ਲਈ ਲਾਭਕਾਰੀ ਕਿਰਤ ਹੁੰਦੀ ਹੈ। ਇਹ ਉਸ ਦੇ ਲਈ ਕੇਵਲ ਤਾਂ ਹੀ ਲਾਭਦਾਇਕ ਕਿਰਤ ਹੋ ਸਕਦੀ ਹੈ ਜੇਕਰ ਇਹ ਅਰੂਪ ਆਮ ਕਿਰਤ ਹੋਵੇ। ਇਸ ਲਈ ਇਹ ਲੋਹੇ ਦਾ ਜਾਂ ਉਸ ਦੇ ਮਾਲਿਕ ਦਾ ਕੰਮ ਹੈ ਕਿ ਉਹ ਜਿਣਸਾਂ ਦੇ ਸੰਸਾਰ ਨੂੰ ਆਪਣੇ ਵੱਲ ਖਿੱਚ ਸਕਦਾ ਹੈ। ਪਰ, ਜੇਕਰ ਵੇਚ ਸੱਚਮੁੱਚ ਸਿਰੇ ਚੜ੍ਹ ਜਾਂਦੀ ਹੈ, ਜਿਵੇਂ ਕਿ ਅਸੀਂ, ਸਾਧਾਰਨ ਚਲਨ ਦੇ ਇਸ ਵਿਸ਼ਲੇਸ਼ਣ ਵਿੱਚ ਮੰਨ ਕੇ ਚੱਲੇ ਹਾਂ, ਤਾਂ ਫੇਰ ਇਹ ਕਠਿਨਾਈ ਜਿਹੜੀ ਕਿ ਜਿਣਸ ਦੀ ਸਾਲ ਤੋਂ ਮਾਰਤੇਲ ਹੁੰਦੀ ਹੈ ਉੱਤੇ ਕਾਬੂ ਪੈ ਜਾਂਦਾ ਹੈ। ਇਸ ਅੱਡਰੇ ਹੋਣ ਦੀ ਕਿਰਿਆ ਦੇ ਫਲਸਰੂਪ – ਭਾਵ ਇਸ ਦੀ ਉਸ ਆਦਮੀ ਪਾਸੋਂ, ਜਿਸ ਲਈ ਕਿ ਇਹ ਇਸਤੇਮਾਲੀ-ਕਦਰ ਨਹੀਂ ਹੈ, ਉਸ ਆਦਮੀ ਕੋਲ਼, ਜਿਸ ਲਈ ਕਿ ਇਹ ਇਸਤੇਮਾਲੀ-ਕਦਰ ਹੈ, ਤਬਦੀਲੀ – ਇੱਕ ਟਨ ਲੋਹਾ ਸਚਮੁੱਚ ਇੱਕ ਇਸਤੇਮਾਲੀ ਕਦਰ ਹੋ ਨਿੱਬੜਦਾ ਹੈ

ਅਤੇ ਇਸ ਦੀ ਕੀਮਤ ਨਾਲ਼ੋਂ ਨਾਲ਼ ਵਸੂਲ ਹੋ ਜਾਂਦੀ ਹੈ ਅਤੇ ਮਹਿਜ਼ ਖਿਆਲੀ ਸੋਨੇ ਨੂੰ ਅਸਲ ਸੋਨੇ ਵਿੱਚ ਬਦਲ ਲਿਆ ਜਾਂਦਾ ਹੈ। "ਇੱਕ ਔਂਸ ਸੋਨਾ" ਜਾਂ 3 ਪੌਂਡ, 17 ਸ਼ਲਿੰਗ,ਬਟਾ ਸੈੱਟ ਕਰੋਬਹਬਹਹ $10\frac{1}{2}$ ਪੈਂਸ ਦੇ ਸ਼ਬਦ ਕਹਿਣ ਦੀ ਥਾਂ ਹੁਣ ਅਸਲ ਸੋਨਾ ਇੱਕ ਔਂਸ ਕਿਹਾ ਜਾਣ ਲੱਗਦਾ ਹੈ ਪਰ ਟਨ ਭਰ ਲੋਹਾ ਕਹਿਣਾ ਬੰਦ ਹੋ ਜਾਂਦਾ ਹੈ। ਵੇਚ, ਜ-ਧ ਕੇਵਲ ਜਿਣਸ ਨੂੰ ਹੀ ਜਿਹੜੀ ਕਿ ਕੀਮਤ ਦੇ ਦੁਆਰਾ ਹੁਣ ਤਾਈਂ ਨਾਂ-ਮਾਤਰ ਲਈ ਸੋਨੇ ਵਿੱਚ ਬਦਲ ਗਈ ਹੁੰਦੀ ਹੈ, ਸੱਚਮੁੱਚ ਸੋਨੇ ਵਿੱਚ ਤਬਦੀਲ ਨਹੀਂ ਕਰ ਦੇਂਦੀ ਬਲਕਿ ਸੋਨੇ ਨੂੰ ਵੀ, ਜਿਹੜਾ ਕਿ ਕਦਰ ਦੇ ਮਾਪ ਰੂਪ ਵਿੱਚ ਅਜੇ ਤੀਕ ਕੇਵਲ ਨਾਂ-ਮਾਤਰ ਲਈ ਸੋਨਾ ਸੀ ਅਤੇ ਅਸਲ ਵਿੱਚ ਜਿਣਸਾਂ ਦੇ ਧਨਵੀ ਨਾਂ ਰੂਪ 'ਚ ਹੀ ਕੰਮ ਕਰਦਾ ਸੀ, ਉਸ ਨੂੰ ਵੀ, ਇਸੇ ਅਮਲ ਨਾਲ਼ ਅਸਲ ਧਨ ਵਿੱਚ ਤਬਦੀਲ ਕਰ ਦੇਂਦੀ ਹੈ।* ਜਦੋਂ ਤੋਂ ਸੋਨਾ, ਨਾਂ-ਮਾਤਰ ਲਈ, ਵਿਆਪਕ ਸਮਾਨਕ ਬਣ ਗਿਆ ਹੈ, ਕਾਰਨ ਕਿ ਸਾਰੀਆਂ ਜਿਣਸਾਂ ਦੀਆਂ ਕਦਰਾਂ ਸੋਨੇ ਵਿੱਚ ਹੀ ਮਾਪੀਆਂ ਜਾਂਦੀਆਂ ਹਨ, ਇਸ ਲਈ, ਹੁਣ ਜਿਣਸਾਂ ਦੇ, ਇਸ ਦੇ ਬਦਲੇ ਵਿੱਚ ਹੋਏ ਵਿਆਪਕ ਅੱਡਰੇਪਣ ਕਾਰਨ – ਅਤੇ ਵੇਚ ਜ-ਧ ਉਹ ਤਰੀਕਾ ਹੈ ਜਿਸ ਨਾਲ਼ ਇਹ ਵਿਆਪਕ ਅੱਡਰਾਪਣ ਪੂਰਿਆਂ ਕੀਤਾ ਜਾਂਦਾ ਹੈ – ਇਹ ਮੁਕੰਮਲ ਤੌਰ 'ਤੇ ਇੱਕ ਅੱਡਰੀ ਕੀਤੀ ਹੋਈ ਜਿਣਸ ਬਣ ਜਾਂਦੀ ਹੈ ਅਰਥਾਤ ਅਸਲ ਧਨ। ਪਰ ਸੋਨਾ, ਵੇਚ ਰਾਹੀਂ, ਅਸਲ ਧਨ ਇਸ ਲਈ ਬਣਦਾ ਹੈ ਕਿਉਂਕਿ ਜਿਣਸਾਂ ਦੀਆਂ ਕੀਮਤਾਂ ਵਿੱਚ ਪ੍ਰਗਟਾਈਆਂ ਤਬਾਦਲਾ-ਕਦਰਾਂ ਪਹਿਲਾਂ ਹੀ ਨਾਂ-ਮਾਤਰੀ ਸੋਨੇ ਵਿੱਚ ਤਬਦੀਲੀ ਕੀਤੀਆਂ ਹੋਈਆਂ ਸਨ।

ਵੇਚ, ਜ-ਧ ਦੇ ਦੌਰਾਨ ਅਤੇ ਇਸੇ ਤਰ੍ਹਾਂ ਖਰੀਦ, ਧ-ਜ ਦੇ ਦੌਰਾਨ, ਦੋ ਜਿਣਸਾਂ, ਅਰਥਾਤ, ਤਬਾਦਲਾ ਕਦਰ ਅਤੇ ਇਸਤੇਮਾਲੀ ਕਦਰ ਦੀਆਂ ਇਕਾਈਆਂ, ਇੱਕ ਦੂਜੀ ਦੇ ਮੁਕਾਬਲੇ ਆ ਖੜੀਆਂ ਹੁੰਦੀਆਂ ਹਨ। ਪਰ ਜਿਣਸ ਦੀ ਸੂਰਤ ਵਿੱਚ, ਤਬਾਦਲਾ ਕਦਰ, ਇਸ ਦੀ ਕੀਮਤ ਦੇ ਰੂਪ ਵਿੱਚ ਕੇਵਲ ਨਾਂ-ਮਾਤਰ ਲਈ ਹੀ ਮੌਜੂਦ ਹੁੰਦੀ ਹੈ। ਜਦੋਂ ਕਿ ਸੋਨੇ ਦੀ ਸੂਰਤ ਵਿੱਚ, ਭਾਵੇਂ ਇਸ ਦੀ ਅਸਲ ਇਸਤੇਮਾਲੀ ਕਦਰ ਹੁੰਦੀ ਹੈ, ਇਸ ਦੀ ਇਸਤੇਮਾਲੀ ਕਦਰ ਮਹਿਜ਼ ਤਬਾਦਲਾ ਕਦਰ ਨੂੰ ਦਰਸਾਉਂਦੀ ਹੈ ਅਤੇ ਇਸ ਲਈ ਇਹ ਕੇਵਲ ਕਹਿਣ ਨੂੰ ਹੀ ਇਸਤੇਮਾਲੀ ਕਦਰ ਹੁੰਦੀ ਹੈ, ਜਿਹੜੀ ਕਿ ਕਿਸੇ ਅਸਲ ਇੱਕਾ-ਦੁੱਕਾ ਲੋੜ ਨਾਲ਼ ਸਬੰਧਤ ਨਹੀਂ ਹੁੰਦੀ। ਇਸਤੇਮਾਲੀ ਕਦਰ ਅਤੇ ਤਬਾਦਲਾ ਕਦਰ ਦੀ ਵਿਰੋਧਤਾਈ, ਇਸ ਤਰ੍ਹਾਂ ਜ-ਧ ਦੇ ਦੋ ਸਿਰੇ ਦੇ ਨੁਕਤਿਆਂ 'ਤੇ ਜਾ ਜਮ੍ਹਾਂ ਹੁੰਦੀ ਹੈ, ਤਾਂ ਜੋ ਸੋਨੇ ਦੀ ਖਾਤਰ, ਜਿਣਸ

---

* "ਧਨ ਦੋ ਪ੍ਰਕਾਰ ਦੇ ਹਨਃ ਨਾਂ-ਮਾਤਰੀ ਅਤੇ ਅਸਲ; ਅਤੇ ਧਨ ਨੂੰ ਦੋ ਵੱਖਰੇ ਢੰਗਾਂ ਨਾਲ਼ ਵਰਤਿਆ ਜਾ ਸਕਦਾ ਹੈ, ਵਸਤਾਂ ਦੀ ਕਦਰ ਮਾਪਣ ਲਈ ਅਤੇ ਵਸਤਾਂ ਨੂੰ ਖਰੀਦਣ ਲਈ। ਨਾਂ-ਮਾਤਰੀ ਧਨ ਵਸਤਾਂ ਦੀ ਕਦਰ ਲਾਉਣ ਲਈ ਇਸੇ ਤਰ੍ਹਾਂ ਲਾਭਦਾਈ ਹੈ, ਜਿਵੇਂ ਕਿ ਅਸਲ ਧਨ। ਬਲਕਿ ਇੱਕ ਤਰ੍ਹਾਂ ਨਾਲ਼ ਇਹ ਉਸ ਤੋਂ ਵੀ ਚੰਗਾ ਹੈ। ਧਨ ਨੂੰ ਉਹਨਾਂ ਵਸਤਾਂ ਦੇ ਖਰੀਦਣ ਲਈ ਵੀ ਵਰਤਿਆ ਜਾਂਦਾ ਹੈ ਜਿਹਨਾਂ ਦੀ ਕਦਰ ਆਂਕੀ ਹੁੰਦੀ ਹੈ.... ਕੀਮਤਾਂ ਅਤੇ ਠੇਕੇ ਨਾਂ-ਮਾਤਰੀ ਧਨ ਵਿੱਚ ਗਿਣੇ ਜਾਂਦੇ ਹਨ ਜਦੋਂ ਕਿ ਉਹਨਾਂ ਦੀ ਅਦਾਇਗੀ ਅਸਲ ਧਨ ਵਿੱਚ ਹੁੰਦੀ ਹੈ।" (ਗਾਲਿਆਨੀ, ਓਪ. ਸਿਟ. ਪੰਨਾ 112 ਏਤ ਸੇਕ)।

ਇਸਤੇਮਾਲੀ ਕਦਰ ਦਾ ਰੂਪ ਧਾਰਦੀ ਹੈ ਜਿਸ ਨਾਂ-ਮਾਤਰੀ ਤਬਾਦਲਾ ਕਦਰ, ਕੀਮਤ, ਅਜੇ ਸੋਨੇ ਵਿੱਚ ਵਸੂਲ ਕਰਨਾ ਹੁੰਦੀ ਹੈ। ਜਿਣਸ ਦੀ ਖਾਤਰ, ਦੂਜੇ ਪਾਸੇ, ਸੋਨਾ ਇਸਤੇਮਾਲੀ ਕਦਰ ਨੇ ਅਜੇ ਜਿਣਸ ਵਿੱਚ ਕੋਈ ਪਦਾਰਥਕ ਰੂਪ ਪ੍ਰਾਪਤ ਕਰਨਾ ਹੁੰਦਾ ਹੈ। ਜਿਣਸਾਂ ਦੇ ਤਬਾਦਲੇ ਵਿੱਚ ਲੁਕੀਆਂ ਵਿਰੋਧਤਾਈਆਂ, ਜਿਣਸਾਂ ਦੇ ਇਸ ਦੁਹਰੇਪਣ ਦੇ ਕਾਰਨ, ਹੱਲ ਹੋ ਜਾਂਦੀਆਂ ਹਨ, ਜਿਸ ਨਾਲ਼ ਕਿ ਇਹ ਜਿਣਸ ਦੇ ਰੂਪ ਵਿੱਚ ਦਿੱਸਣ ਲੱਗਦੀ ਹੈ ਅਤੇ ਸੋਨਾ ਅਤੇ ਫੇਰ ਦੂਹਰੇ ਅਤੇ ਵਿਰੋਧੀ ਸਬੰਧ ਦੇ ਕਾਰਨ, ਜਿਸ ਵਿੱਚ ਹਰ-ਧਿਰਾ ਨਾਂ-ਮਾਤਰੀ ਹੁੰਦਾ ਅਤੇ ਉਸ ਦਾ ਵਿਰੋਧੀ ਅਸਲੀ, ਅਤੇ ਅਸਲੀ ਜਦੋਂ ਕਿ ਇਸ ਦਾ ਵਿਰੋਧੀ ਨਾਂ-ਮਾਤਰੀ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਉਹ ਜਿਣਸਾਂ ਨੂੰ, ਦੋ ਪਾਸੇ ਸਿਰਿਆਂ ਵਾਲ਼ੇ ਵਿਰੋਧੀਆਂ ਦੇ ਤੌਰ ’ਤੇ ਪੇਸ਼ ਕਰ ਕੇ ਹੀ ਹੱਲ ਹੁੰਦੀਆਂ ਹਨ।

ਹੁਣ ਤੱਕ ਅਸੀਂ ਜ-ਧ ਨੂੰ ਇੱਕ ਵੇਚ ਦੇ ਤੌਰ ’ਤੇ ਹੀ ਕਿਸੇ ਜਿਣਸ ਦੇ ਧਨ ਵਿੱਚ ਤਬਦੀਲੀ ਦੇ ਤੌਰ ’ਤੇ ਹੀ ਵਿਚਾਰਦੇ ਆਏ ਹਾਂ। ਪਰ ਜੇ ਅਸੀਂ ਇਸ ਨੂੰ ਦੂਜੇ ਪਾਸੇ ਤੋਂ ਵਿਚਾਰੀਏ, ਤਾਂ ਉਹੋ ਸੌਦਾ, ਉਲਟ ਤੌਰ ’ਤੇ ਦਿਖਾਈ ਦੇਣ ਲੱਗਦਾ ਹੈ ਜਿਵੇਂ ਧ-ਜ, ਇੱਕ ਖਰੀਦ ਅਤੇ ਧਨ ਦੀ ਤਬਦੀਲੀ ਜਿਣਸ ਵਿੱਚ। ਹਰ ਵੇਚ, ਲਾਜ਼ਮੀ ਤੌਰ ’ਤੇ ਅਤੇ ਨਾਲ਼ੋਂ ਨਾਲ਼, ਹਰ ਖਰੀਦ ਦੀ ਵਿਰੋਧੀ ਰਹਿੰਦੀ ਹੈ। ਇਹ ਵੇਚ ਹੁੰਦੀ ਹੈ ਜੇਕਰ ਸੌਦੇ ਨੂੰ ਇਕ ਪਾਸੇ ਤੋਂ ਵੇਖਿਆ ਜਾਵੇ ਅਤੇ ਖਰੀਦ ਹੁੰਦੀ ਹੈ, ਜਦੋਂ ਦੂਜੇ ਪਾਸੇ ਤੋਂ ਵੇਖਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਸੌਦਿਆਂ ਵਿੱਚ ਜੋ ਫਰਕ ਹੁੰਦਾ ਹੈ, ਉਹ ਅਸਲ ਵਿੱਚ ਕੇਵਲ ਜ-ਧ ਵਿੱਚ ਹੁੰਦਾ ਹੈ ਜਦੋਂ ਕਿ ਪਹਿਲ ਜਿਣਸ ਦੇ ਪੱਖੋਂ ਆਉਂਦੀ ਹੈ, ਜਾਂ ਫੇਰ ਵੇਚ ਕਰਤਾ ਦੇ ਪੱਖੋਂ, ਜਦੋਂ ਕਿ ਇਹ ਧ-ਜ ਵਿੱਚ, ਧਨ ਦੇ ਪਾਸਿਓਂ ਆਉਂਦੀ ਹੈ ਜਾਂ ਫੇਰ ਖਰੀਦ-ਕਰਤਾ ਵੱਲੋਂ। ਜਦੋਂ ਅਸੀਂ ਜਿਣਸ ਦੇ ਪਹਿਲੇ ਰੂਪ-ਬਦਲ ਦੀ ਗੱਲ ਕਰਦੇ ਹਾਂ, ਧਨ ਵਿੱਚ ਇਸ ਦਾ ਸੌਦਾ ਚੱਕਰ ਦੇ ਪਹਿਲੇ ਪੜਾਅ ਦੇ ਫਲ-ਰੂਪ, ਅਸੀਂ ਉਸੇ ਸਮੇਂ ਮੰਨ ਲੈਂਦੇ ਹਾਂ ਕਿ ਇੱਕ ਹੋਰ ਜਿਣਸ ਧਨ ਵਿੱਚ ਬਦਲੀ ਜਾ ਚੁੱਕੀ ਹੈ ਅਤੇ ਇਸ ਲਈ ਹੁਣ ਚੱਕਰ, ਧ-ਜ ਦੇ ਦੂਜੇ ਪੜਾਅ ਵਿੱਚ ਹੈ। ਇਸ ਤਰ੍ਹਾਂ ਅਸੀਂ ਪੂਰਬ-ਮਨੌਤਾਂ ਦੇ ਨਾਗ-ਜਾਲ਼ ਵਿੱਚ ਫਸ ਕੇ ਰਹਿ ਜਾਂਦੇ ਹਾਂ। ਇਹੋ ਨਾਗ-ਜਾਲ਼, ਨਿਰਸੰਦੇਹ, ਚਲਨ ਆਪ ਹੁੰਦਾ ਹੈ। ਜੇਕਰ ਅਸੀਂ ਜ-ਧ ਅੰਦਰ ਧ ਨੂੰ ਕਿਸੇ ਹੋਰ ਜਿਣਸ ਦੇ ਰੂਪ-ਬਦਲ ਦੇ ਤੌਰ ’ਤੇ ਨਹੀਂ ਮੰਨਦੇ, ਤਾਂ ਅਸੀਂ, ਤਬਾਦਲੇ ਦੇ ਕਾਰਜ ਨੂੰ, ਚਲਨ ਦੇ ਅਮਲ ਵਿੱਚੋਂ ਨਿਖੇੜ ਲੈਂਦੇ ਹਾਂ। ਪਰ ਜੇ ਇਹ ਇਸ ਅਮਲ ਵਿੱਚੋਂ ਅੱਡਰਾ ਹੋ ਜਾਂਦਾ ਹੈ, ਤਾਂ ਪੜਾਅ ਜ-ਧ ਲੁਪਤ ਹੋ ਜਾਂਦਾ ਹੈ ਅਤੇ ਮੈਦਾਨ ਵਿੱਚ ਇੱਕ-ਦੂਜੇ ਦਾ ਸਾਹਮਣਾ ਕਰਨ ਵਾਲ਼ੀਆਂ ਕੇਵਲ ਦੋ ਜਿਣਸਾਂ ਰਹਿ ਜਾਂਦੀਆਂ ਹਨ, ਮਿਸਾਲ ਵਜੋਂ, ਲੋਹਾ ਤੇ ਸੋਨਾ, ਜਿਹਨਾਂ ਦਾ ਤਬਾਦਲਾ, ਚੱਕਰ ਦਾ ਕੋਈ ਦੂਰ ਦਾ ਭਾਗ ਨਹੀਂ ਹੁੰਦਾ, ਬਲਕਿ ਸਿੱਧਾ ਬਾਰਟਰ ਹੁੰਦਾ ਹੈ, ਸੋਨਾ, ਜਿਸ ਥਾਂ ’ਤੇ ਪੈਦਾ ਹੁੰਦਾ ਹੈ, ਉਥੇ ਇਹ ਕਿਸੇ ਵੀ ਹੋਰ ਜਿਣਸ ਵਾਂਗ, ਜਿਣਸ ਹੁੰਦਾ ਹੈ। ਇਸ ਦੀ ਨਿਸਬਤੀ ਕਦਰ ਅਤੇ ਲੋਹੇ ਦੀ ਜਾਂ ਕਿਸੇ ਵੀ ਹੋਰ ਜਿਣਸ ਦੀ, ਉੱਥੇ ਤਾਂ ਉਹਨਾਂ ਮਿਕਦਾਰਾਂ ਵਿੱਚ ਜ਼ਾਹਰ ਹੁੰਦੀ ਹੈ, ਜਿਹਨਾਂ ਵਿੱਚ ਉਹ ਇੱਕ ਦੂਜੀ ਨਾਲ਼ ਬਦਲੀਆਂ ਜਾਂਦੀਆਂ ਹਨ। ਪਰ ਇਹ ਸੌਦਾ ਚੱਕਰ ਦੇ ਅਮਲ ਵਿੱਚ ਪਹਿਲਾਂ ਤੋਂ ਮੰਨਿਆਂ ਹੁੰਦਾ ਹੈ, ਸੋਨੇ ਦੀ ਕਦਰ

ਜਿਣਸਾਂ ਦੀ ਕੀਮਤ ਵਿੱਚ ਪਹਿਲਾਂ ਤੋਂ ਦਿੱਤੀ ਹੁੰਦੀ ਹੈ। ਇਸ ਲਈ ਇਹ ਫ਼ਰਜ਼ ਕਰ ਲੈਣਾ ਬਿਲਕੁਲ ਗਲਤ ਹੋਵੇਗਾ ਕਿ **ਚਲਨ ਦੇ ਢਾਂਚੇ ਦੇ ਅੰਦਰਵਾਰ**, ਸੋਨੇ ਅਤੇ ਜਿਣਸਾਂ ਦਾ ਸਬੰਧ, ਸਿੱਧੇ ਬਾਰਟਰ ਵਾਲ਼ਾ ਸਬੰਧ ਹੁੰਦਾ ਹੈ ਅਤੇ ਇਸ ਕਾਰਨ ਉਹਨਾਂ ਦੀ ਨਿਸਬਤੀ ਕਦਰ, ਸਾਧਾਰਨ ਜਿਣਸਾਂ ਵਾਂਗ ਉਹਨਾਂ ਦੇ ਤਬਾਦਲੇ ਰਾਹੀਂ ਨਿਸ਼ਚਿਤ ਹੋ ਜਾਂਦੀ ਹੈ। ਇੰਝ ਲੱਗਦਾ ਹੈ ਜਿਵੇਂ ਕਿ ਚਲਨ ਦੇ ਅਮਲ ਵਿੱਚ, ਸੋਨਾ ਕੇਵਲ ਕਿਸੇ ਵੀ ਜਿਣਸ ਵਾਂਗ, ਹੋਰਾਂ ਜਿਣਸਾਂ ਨਾਲ਼, ਬਦਲਿਆ ਗਿਆ ਹੈ, ਪਰ ਇਹ ਭਰਮ ਕੇਵਲ ਇਸ ਲਈ ਪੈਦਾ ਹੁੰਦਾ ਹੈ, ਕਿਉਂਕਿ ਕਿਸੇ ਖਾਸ ਜਿਣਸ ਦੀ ਇਕ ਖਾਸ ਮਿਕਦਾਰ, ਕੀਮਤਾਂ ਰਾਹੀਂ ਸੋਨੇ ਦੀ ਇੱਕ ਖਾਸ ਮਿਕਦਾਰ ਨਾਲ਼ ਬਰਾਬਰ ਕੀਤੀ ਜਾਂਦੀ ਹੈ। ਜਿਸ ਦਾ ਅਰਥ ਹੈ ਕਿ ਇਸ ਨੂੰ ਧਨ ਦੇ ਰੂਪ ਵਿੱਚ ਸੋਨੇ ਨਾਲ਼, ਜਿਹੜਾ ਕਿ ਵਿਆਪਕ ਸਮਾਨਕ ਹੈ, ਹਾੜਿਆ ਜਾਂਦਾ ਹੈ **ਅਤੇ ਇਸ ਕਾਰਨ** ਇਸ ਨੂੰ ਸਿੱਧਿਆਂ ਸੋਨੇ ਲਈ ਬਦਲਿਆ ਜਾ ਸਕਦਾ ਹੈ। ਜਿੱਥੋਂ ਤੱਕ ਕਿਸੇ ਜਿਣਸ ਦੀ ਕੀਮਤ ਦਾ ਸੋਨੇ ਵਿੱਚ **ਵਸੂਲੇ ਜਾਣ** ਦਾ ਸਵਾਲ ਹੈ, ਜਿਣਸ ਨੂੰ ਸੋਨੇ ਲਈ ਬਤੌਰ ਇੱਕ ਜਿਣਸ ਦੇ ਹੀ ਬਦਲਿਆ ਜਾਂਦਾ ਹੈ, ਬਤੌਰ ਕਿਰਤ-ਸਮੇਂ ਦੇ ਇੱਕ ਖਾਸ ਪਦਾਰਥੀਕਰਨ ਦੇ। ਪਰ ਜਿੱਥੋਂ ਤੀਕ ਇਹ ਜਿਣਸ ਦੀ **ਕੀਮਤ** ਹੁੰਦੀ ਹੈ, ਜਿਹੜੀ ਕਿ ਸੋਨੇ ਵਿੱਚ ਵਸੂਲੀ ਜਾਂਦੀ ਹੈ, ਉੱਥੇ ਜਿਣਸ ਨੂੰ ਸੋਨੇ ਲਈ ਬਤੌਰ ਧਨ ਦੇ ਬਦਲਿਆ ਜਾਂਦਾ ਹੈ, ਨਾ ਕਿ ਜਿਣਸ ਦੇ ਤੌਰ 'ਤੇ, ਅਰਥਾਤ ਸੋਨੇ ਲਈ ਬਤੌਰ ਆਮ ਕਿਰਤ-ਸਮੇਂ ਦੇ ਪਦਾਰਥੀਕਰਨ ਦੇ। ਪਰੰਤੂ ਸੋਨੇ ਦੀ ਮਿਕਦਾਰ, ਜਿਸ ਲਈ, ਜਿਣਸ ਚਲਨ ਦੇ ਅਮਲ ਵਿੱਚ ਬਦਲੀ ਜਾਂਦੀ ਹੈ, ਦੋਹਾਂ ਸੂਰਤਾਂ ਵਿੱਚ ਤਬਾਦਲੇ ਦੇ ਰਾਹੀਂ ਨਹੀਂ ਨਿਸ਼ਚਿਤ ਕੀਤਾ ਜਾਂਦਾ ਹੈ, ਸੋਨੇ ਵਿੱਚ ਗਿਣੀ ਹੋਈ ਇਸ ਦੀ ਤਬਾਦਲਾ ਕਦਰ ਰਾਹੀਂ ਕੀਤਾ ਜਾਂਦਾ ਹੈ।*

ਚਲਨ-ਅਮਲ ਦੇ ਅੰਦਰ, ਸੋਨਾ, ਸਦਾ ਹੀ, ਜ-ਧ ਦੀ ਵੇਚ, ਕਾਰਨ ਮਿਲਿਆ ਪ੍ਰਤੀਤ ਹੁੰਦਾ ਹੈ। ਪਰ ਕਿਉਂਕਿ ਵਿੱਚ ਜ-ਧ, ਨਾਲ਼ੋਂ ਨਾਲ਼ ਇੱਕ ਖਰੀਦ ਧ-ਜ ਵੀ ਹੁੰਦੀ ਹੈ, ਇਹ ਗੱਲ ਪ੍ਰਤੱਖ ਹੈ ਕਿ ਜਦੋਂ ਜਿਣਸ ਜ, ਜਿਹੜੀ ਕਿ ਅਮਲ ਨੂੰ ਸ਼ੁਰੂ ਕਰਦੀ ਹੈ, ਉਹ ਹੀ ਆਪਣਾ ਪਹਿਲਾ ਰੂਪ-ਬਦਲ ਕਰਦੀ ਹੈ। ਦੂਜੀ ਜਿਣਸ, ਜਿਹੜੀ ਕਿ ਧ ਦੇ ਰੂਪ ਵਿੱਚ ਵਿਰੋਧੀ ਅੰਤਲੇ ਸਿਰੇ ਤੋਂ ਇਸ ਸਾਹਮਣੇ ਆਉਂਦੀ ਹੈ, ਇਸ ਦਾ ਦੂਜਾ ਰੂਪ-ਬਦਲ ਕਰਦੀ ਹੈ ਅਤੇ ਇਸ ਤਰ੍ਹਾਂ, ਚੱਕਰ ਦੇ ਦੂਜੇ ਖੇਤਰ ਵਿੱਚੋਂ ਦੀ ਲੰਘਦੀ ਹੈ, ਜਦੋਂ ਕਿ ਪਹਿਲੀ ਜਿਣਸ, ਅਜੇ ਆਪਣੇ ਚੱਕਰ ਦੇ ਪਹਿਲੇ ਪੜਾਅ ਵਿੱਚ ਹੀ ਹੁੰਦੀ ਹੈ।

ਚਲਨ ਦੀ ਪਹਿਲੀ ਮੰਜ਼ਲ, ਵੇਚ ਦੇ ਨਤੀਜੇ ਵਜੋਂ, ਧਨ ਦੀ ਪ੍ਰਾਪਤੀ ਕਰਦੀ ਹੈ, ਜਿਹੜਾ ਕਿ ਦੂਜੀ ਮੰਜ਼ਲ ਦਾ ਨਿਖੇੜ-ਨੁਕਤਾ ਬਣਦਾ ਹੈ। ਜਿਣਸ ਦਾ ਪਹਿਲਾ ਰੂਪ ਹੁਣ

---

* ਪਰ ਇਹ ਕਿਸੇ ਤਰ੍ਹਾਂ ਵੀ ਜਿਣਸਾਂ ਦੀ ਬਾਜ਼ਾਰ ਕੀਮਤ ਨੂੰ, ਉਹਨਾਂ ਦੀ ਕਦਰ ਤੋਂ ਹੇਠਾਂ ਗਿਰਨੋਂ ਜਾਂ ਉੱਪਰ ਚੜ੍ਹਨੋਂ ਨਹੀਂ ਰੋਕ ਸਕਦੀ ਪਰ ਇਹ ਵਿਚਾਰ ਸਾਧਾਰਨ ਚਲਨ ਦੇ ਖੇਤਰ ਤੋਂ ਬਾਹਰ ਪੈਦਾ ਹੁੰਦਾ ਹੈ ਅਤੇ ਇਸ ਦਾ ਸਬੰਧ ਵੀ ਵੱਖਰੇ ਖੇਤਰ ਨਾਲ਼ ਹੈ, ਜਿਸ ਦੀ ਕਿ ਅੱਗੇ ਚੱਲ ਕੇ ਪੜਤਾਲ਼ ਕੀਤੀ ਜਾਵੇਗੀ। ਜਿਸ ਦੇ ਪ੍ਰਸੰਗ ਵਿੱਚ ਅਸੀਂ ਕਦਰ ਅਤੇ ਬਾਜ਼ਾਰ ਕੀਮਤ ਦੀ ਵਸੂਲੀ ਉੱਪਰ ਵਿਚਾਰਾਂ ਕਰਾਂਗੇ।

ਇਸ ਦੇ ਸੋਨੇ ਦੇ ਸਮਾਨਕ ਨਾਲ਼ ਬਦਲ ਗਿਆ ਹੁੰਦਾ ਹੈ। ਆਰੰਭ ਵਿੱਚ ਇਸ ਨਤੀਜੇ ਕਾਰਨ ਕੁਝ ਥੋੜ੍ਹਾ ਸਕਤਾ ਆ ਸਕਦਾ ਹੈ, ਕਿਉਂਕਿ ਜਿਣਸ ਨੂੰ ਹੁਣ ਇੱਕ ਖਾਸ ਪਾਏਦਾਰ ਰੂਪ ਮਿਲ ਗਿਆ ਹੁੰਦਾ ਹੈ। ਜਿਣਸ ਜਿਹੜੀ ਕਿ ਆਪਣੇ ਮਾਲਕ ਦੇ ਕੋਲ਼ ਕੋਈ ਇਸਤੇਮਾਲੀ ਕਦਰ ਨਹੀਂ ਸੀ, ਹੁਣ ਉਸ ਰੂਪ ਵਿੱਚ ਮੌਜੂਦ ਹੁੰਦੀ ਹੈ, ਜਿਸ ਵਿੱਚ ਉਹ ਹਰ ਸਮੇਂ ਲਾਭਦਾਈ ਹੁੰਦੀ ਹੈ, ਕਿਉਂਕਿ ਹੁਣ ਉਸ ਨੂੰ ਕਦੇ ਵੀ ਬਦਲਿਆ ਜਾ ਸਕਦਾ ਹੈ ਅਤੇ ਇਹ ਹਾਲਾਤ ’ਤੇ ਨਿਰਭਰ ਕਰਦਾ ਹੈ ਕਿ ਕਦੋਂ ਤੇ ਕਿਸ ਨੁਕਤੇ ’ਤੇ, ਜਿਣਸਾਂ ਦੇ ਸੰਸਾਰ ਅੰਦਰ ਇਸ ਨੂੰ ਮੁੜ ਚਲਨ ਵਿੱਚ ਸੁੱਟ ਦਿੱਤਾ ਜਾਵੇਗਾ। ਸੋਨੇ ਦੀ ਭਵੰਕੜੀ ਹਾਲਤ ਜਿਣਸ ਦੇ ਜੀਵਨ ਵਿੱਚ ਇੱਕ ਸੁਤੰਤਰ ਪੜਾਅ ਬਣ ਜਾਂਦੀ ਹੈ, ਜਿਸ ਵਿੱਚ ਇਹ ਵੱਧ ਜਾਂ ਘੱਟ ਸਮੇਂ ਤੱਕ ਟਿਕੀ ਰਹਿ ਸਕਦੀ ਹੈ। ਖਰੀਦ ਅਤੇ ਵੇਚ ਦੇ ਕਾਰਜਾਂ ਦਾ ਅੱਡਰਾਪਣ ਤੇ ਸੁਤੰਤਰਤਾ ਕਿਰਤ ਦੀ ਇੱਕ ਵਿਸ਼ੇਸ਼ਤਾਈ ਹੈ, ਜਿਹੜੀ ਕਿ ਤਬਾਦਲਾ ਕਦਰ ਨੂੰ ਜਨਮ ਦੇਂਦੀ ਹੈ, ਜਦੋਂ ਕਿ ਬਾਰਟਰ ਅੰਦਰ ਕਿਸੇ ਵੱਖਰੀ ਇਸਤੇਮਾਲੀ ਕਦਰ ਦਾ ਤਬਾਦਲਾ, ਸਿੱਧਿਆਂ ਤੌਰ ’ਤੇ ਕਿਸੇ ਹੋਰ ਅੱਡਰੀ ਇਸਤੇਮਾਲੀ ਕਦਰ ਦੇ ਤਬਾਦਲੇ ਨਾਲ਼ ਬੱਝਾ ਹੁੰਦਾ ਹੈ।

**ਖਰੀਦ**, ਧ-ਜ, ਜ-ਧ ਦੀ ਉਲਟੀ ਹਰਕਤ ਹੁੰਦੀ ਹੈ ਅਤੇ ਨਾਲ਼ ਹੀ ਜਿਣਸ ਦਾ ਦੂਜਾ ਤੇ ਅੰਤਮ ਰੂਪ-ਬਦਲ ਵੀ। ਸੋਨੇ ਜਾਂ ਕਿ ਆਮ ਸਮਾਨਕ ਦੇ ਰੂਪ ਵਿੱਚ ਰੱਖ ਕੇ, ਜਿਣਸ ਨੂੰ, ਹੋਰ ਸਾਰੀਆਂ ਜਿਣਸਾਂ ਦੀਆਂ ਇਸਤੇਮਾਲੀ ਕਦਰਾਂ ਦੇ ਤੌਰ ’ਤੇ ਸਿੱਧਿਆਂ ਪ੍ਰਗਟ ਕੀਤਾ ਜਾ ਸਕਦਾ ਹੈ। ਜਿਹਨਾਂ ਵਿੱਚੋਂ ਸਾਰੀਆਂ ਸੋਨੇ ਨੂੰ ਆਪਣੀਆਂ ਕੀਮਤਾਂ ਦੇ ਰਾਹੀਂ, ਆਪਣਾ ਅਗਲਾ ਰੂਪ ਭਾਲ਼ਦੀਆਂ ਹਨ ਅਤੇ ਨਾਲ਼ੋਂ ਨਾਲ਼ ਉਹ ਉਸ ਜੜ੍ਹ ਸੋਮੇ ਵੱਲ ਵੀ ਸੰਕੇਤ ਕਰਦੀਆਂ ਹਨ, ਜਿਸ ਦਾ ਪਤਾ ਕੱਢਿਆ ਜਾਵੇ ਤਾਂ ਜੋ ਉਹਨਾਂ ਦੇ ਆਕਾਰ, ਇਸਤੇਮਾਲੀ ਕਦਰਾਂ, ਧਨਪੱਖ ਵੱਲ ਬਦਲ ਜਾਣ ਅਤੇ ਉਹਨਾਂ ਦੀ ਰੂਹ, ਤਬਾਦਲਾ ਕਦਰ ਸੋਨੇ ਵਿੱਚ ਬਦਲ ਜਾਂਦੀ ਹੈ। ਜਿਣਸਾਂ ਦੇ ਅਲਗਾਵ ਦਾ ਆਮ ਨਤੀਜਾ ਸੰਪੂਰਨ ਤੌਰ ’ਤੇ ਅਲਗਾਈ ਜਿਣਸ ਹੁੰਦਾ ਹੈ। ਜਿਣਸਾਂ ਵਿੱਚ ਸੋਨੇ ਦੀ ਬਦਲੀ ਦੀ ਕੋਈ ਸਿਫਤੀ ਸੀਮਾ ਰਹਿੰਦੀ, ਕੇਵਲ ਮਿਕਦਾਰੀ ਸੀਮਾ ਹੀ ਰਹਿੰਦੀ ਹੈ; ਕੇਵਲ ਇਹ ਹਕੀਕਤ ਕਿ ਸੋਨੇ ਦੀ ਮਿਕਦਾਰ ਜਾਂ ਕਿ ਜਿਸ ਕਦਰ ਨੂੰ ਇਹ ਦਰਸਾਂਦੀ ਹੈ, ਉਹ ਸੀਮਤ ਹੁੰਦੀ ਹੈ। ਹਾਜ਼ਰ ਧਨ ਨਾਲ਼ ਕੁੱਝ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦੋਂ ਕਿ ਜਿਣਸ ਹਰਕਤ ਜ-ਧ ਅੰਦਰ, ਇੱਕ ਇਸਤੇਮਾਲੀ ਕਦਰ ਦੇ ਰੂਪ ਵਿੱਚ ਆਪਣੇ ਅਲਗਾਵ ਰਾਹੀਂ ਆਪਣੀ ਖੁਦ ਦੀ ਕੀਮਤ ਅਤੇ ਕਿਸੇ ਦੂਜੀ ਦੇ ਧਨ ਦੀ ਇਸਤੇਮਾਲੀ ਕਦਰ ਨੂੰ ਵਸੂਲ ਕਰਦੀ ਹੈ, ਉੱਥੇ ਹਰਕਤ ਧ-ਜ ਅੰਦਰ ਇੱਕ ਤਬਾਦਲਾ ਕਦਰ ਦੇ ਰੂਪ ਵਿੱਚ ਆਪਣੇ ਅਲਗਾਵ ਰਾਹੀਂ, ਆਪਣੀ ਖੁਦ ਦੀ ਇਸਤੇਮਾਲੀ ਕਦਰ ਅਤੇ ਦੂਜੀ ਜਿਣਸ ਦੀ ਕੀਮਤ ਨੂੰ ਵਸੂਲ ਕਰਦੀ ਹੈ। ਜਿਵੇਂ ਕਿ ਆਪਣੀ ਕੀਮਤ ਦੀ ਵਸੂਲੀ ਰਾਹੀਂ, ਜਿਣਸ, ਨਾਲ਼ੋਂ ਨਾਲ਼ ਸੋਨੇ ਨੂੰ ਅਸਲ ਧਨ ਵਿੱਚ ਬਦਲਦੀ ਜਾਂਦੀ ਹੈ, ਇਸੇ ਤਰ੍ਹਾਂ ਆਪਣੀ ਮੁੜ-ਤਬਦੀਲੀ ਰਾਹੀਂ, ਇਹ ਸੋਨੇ ਨੂੰ ਆਪਣੇ (ਜਿਣਸ ਦੇ) ਖੁਦ ਦੇ ਕੇਵਲ ਵਿਚਕਾਰਲੇ ਧਨਵੀ ਰੂਪ ਵਿੱਚ ਬਦਲਦੀ ਜਾਂਦੀ ਹੈ। ਕਿਉਂਕਿ ਜਿਣਸ-ਚਲਨ ਦੀ ਪਹਿਲੀ ਸ਼ਰਤ ਇੱਕ ਵਿਕਸਿਤ ਕਿਰਤ-ਵੰਡ ਦਾ ਮੌਜੂਦ ਹੋਣਾ ਹੈ ਅਤੇ ਇਸੇ ਕਰਕੇ ਵਿਅਕਤੀ ਦੇ

ਪੱਖੋਂ ਲੋੜਾਂ ਦੀ ਭਾਰੀ ਭਿੰਨਤਾ ਦਾ ਹੋਣਾ ਵੀ, ਭਾਵ ਅਜਿਹੀ ਭਿੰਨਤਾ ਦਾ ਹੋਣਾ ਜਿਸ ਦਾ ਕਿ ਉਸ ਦੀ ਆਪਣੀ ਉਪਜ ਦੇ ਤੰਗ ਦਾਇਰੇ ਨਾਲ਼ ਇੱਕ ਸੁਲਟਾ ਸਬੰਧ ਹੁੰਦਾ ਹੈ, ਖਰੀਦ ਧ-ਜ, ਕਦੇ ਕਦੇ ਇੱਕ ਜਿਣਸ ਨਾਲ਼ ਬਤੌਰ ਸਮਾਨਕ ਦੇ ਇੱਕ ਸਮੀਕਰਣ ਬਣਾਉਂਦੀ ਹੈ ਅਤੇ ਕਦੇ ਜਿਣਸ ਸਮਾਨਕਾਂ ਦੇ ਇੱਕ ਸਿਲਸਿਲੇ ਦੇ, ਜਿਹਨਾਂ ਨੂੰ ਕਿ ਖਰੀਦ-ਕਰਤਾ ਦੀਆਂ ਲੋੜਾਂ ਅਤੇ ਉਸ ਦੇ ਪੱਲੇ ਦੀ ਧਨ-ਰਕਮ ਨਿਸ਼ਚਿਤ ਕਰਦੀ ਹੈ। ਜਿਵੇਂ ਕਿ ਕਿਸੇ ਵੇਚ ਲਈ, ਉਸੇ ਸਮੇਂ, ਇੱਕ ਖਰੀਦ ਵੀ ਹੋਣਾ ਜ਼ਰੂਰੀ ਹੈ, ਉਵੇਂ ਖਰੀਦ ਨੂੰ ਵੀ ਉਸੇ ਤਰ੍ਹਾਂ ਇੱਕ ਵੇਚ ਹੋਣਾ ਲਾਜ਼ਮੀ ਹੈ। ਧ-ਜ, ਨਾਲ਼ੋਂ ਨਾਲ਼ ਜ-ਧ ਵੀ ਹੁੰਦਾ ਹੈ, ਪਰ ਇਸ ਮੌਕੇ ’ਤੇ ਪਹਿਲ, ਸੋਨੇ ਜਾਂ ਖਰੀਦ ਕਰਤਾ ਵੱਲੋਂ ਹੁੰਦੀ ਹੈ।

ਪੂਰੇ ਚੱਕਰ ਜ-ਧ-ਜ ਨੂੰ ਪਰਤਦੇ ਹੋਇਆਂ ਅਸੀਂ ਸਾਫ ਦੇਖ ਸਕਦੇ ਹਾਂ ਕਿ ਇਸ ਵਿੱਚ, ਇੱਕ ਜਿਣਸ, ਆਪਣੇ ਰੂਪ-ਬਦਲ ਦੇ ਸਾਰੇ ਸਿਲਸਿਲੇ ਵਿੱਚੋਂ ਦੀ ਗੁਜ਼ਰਦੀ ਹੈ। ਪਰ ਇਸ ਦੇ ਨਾਲ਼ ਹੀ, ਇਹ ਜਿਣਸ ਜਿਵੇਂ ਹੀ ਆਪਣੇ ਚੱਕਰ ਦੇ ਪਹਿਲੇ ਪੜਾਅ ਨੂੰ ਸ਼ੁਰੂ ਕਰਦੀ ਹੈ ਅਤੇ ਪਹਿਲੇ ਰੂਪ-ਬਦਲ ਨੂੰ ਪੂਰਿਆਂ ਕਰਦੀ ਹੈ, ਇੱਕ ਹੋਰ ਜਿਣਸ ਚੱਕਰ ਦਾ ਦੂਜਾ ਪੜਾਅ ਸ਼ੁਰੂ ਕਰ ਦੇਂਦੀ ਹੈ, ਆਪਣੇ ਦੂਜੇ ਰੂਪ ਬਦਲ ਵਿਚੋਂ ਦੀ ਲੰਘਦੀ ਹੈ ਅਤੇ ਚਲਨ ਦੇ ਵਿੱਚੋਂ ਬਾਹਰ ਜਾ ਡਿੱਗਦੀ ਹੈ। ਪਹਿਲੀ ਜਿਣਸ, ਦੂਜੇ ਬੰਨੇ, ਚੱਕਰ ਦੇ ਦੂਜੇ ਪੜਾਅ ਵਿੱਚ ਦਾਖਲ ਹੁੰਦੀ ਹੈ, ਦੂਜੇ ਰੂਪ-ਬਦਲ ਵਿੱਚੋਂ ਦੀ ਲੰਘਦੀ ਹੈ ਅਤੇ ਚਲਣ ਵਿੱਚੋਂ ਬਾਹਰ ਜਾ ਖੜੋਂਦੀ ਹੈ। ਹੁਣ ਤੋਂ ਇੱਕ ਤੀਜੀ ਜਿਣਸ ਚਲਣ ਚੱਕਰ ਵਿੱਚ ਆ ਦਾਖਲ ਹੁੰਦੀ ਹੈ; ਆਪਣੇ ਚੱਕਰ ਦੇ ਪਹਿਲੇ ਪੜਾਅ ਵਿੱਚੋਂ ਦੀ ਲੰਘਦੀ ਹੈ ਅਤੇ ਪਹਿਲਾ ਰੂਪ-ਬਦਲ ਪੂਰਿਆਂ ਕਰ ਲੈਂਦੀ ਹੈ। ਇਸ ਤਰ੍ਹਾਂ ਜ-ਧ-ਜ ਦਾ ਕੁੱਲ ਚੱਕਰ, ਜਿਹੜਾ ਕਿ ਇੱਕ ਜਿਣਸ ਦੇ ਸੰਪੂਰਨ ਰੂਪ-ਬਦਲ ਨੂੰ ਦਰਸਾਉਂਦਾ ਹੈ, ਉਹ ਨਾਲੋਂ ਨਾਲ਼ ਇੱਕ ਦੂਜੀ ਜਿਣਸ ਦੇ ਇੱਕ ਸੰਪੂਰਨ ਰੂਪ ਬਦਲ ਦਾ ਅੰਤ ਹੁੰਦਾ ਹੈ ਅਤੇ ਕਿਸੇ ਤੀਜੀ ਜਿਣਸ ਦੇ ਸੰਪੂਰਨ ਰੂਪ ਬਦਲ ਦਾ ਆਰੰਭ। ਇਸ ਤਰ੍ਹਾਂ ਇਹ ਇੱਕ ਅਜਿਹਾ ਸਿਲਸਿਲਾ ਹੈ ਜਿਸ ਦਾ ਕੋਈ ਆਰੰਭ ਹੈ, ਨਾ ਅੰਤ। ਇਸ ਨੂੰ ਸਪਸ਼ਟ ਕਰਨ ਲਈ ਅਤੇ ਜਿਣਸਾਂ ਨੂੰ ਵੱਖਰਿਆਂ ਵੱਖਰਿਆਂ ਜਾਣਨ ਲਈ ਅਸੀਂ ਜ ਨੂੰ ਦੋ ਅਖਰੀਲੇ ਸਿਰਿਆਂ ਦੇ ਦਿਖਾਉਣ ਲਈ ਵੱਖ ਵੱਖ ਚਿੰਨ੍ਹਾਂ ਦੀ ਵਰਤੋਂ ਕਰਾਂਗੇ, ਜਿਵੇਂ ਕਿ ਜ´-ਧ-ਜ´´। ਨਿਰਸੰਦੇਹ, ਪਹਿਲਾ ਜੋੜਾ ਜ´-ਧ ਪਹਿਲਾਂ ਹੀ ਮੰਨਦਾ ਹੈ, ਕਿ ਧ ਇੱਕ ਹੋਰ ਜ-ਧ ਦਾ ਨਤੀਜਾ ਹੈ ਅਤੇ ਇਸਤਰ੍ਹਾਂ ਆਮ ਖੁਦ ਚੱਕਰ ਜ-ਧ-ਜ´ ਦਾ ਆਖਰੀ ਜੋੜਾ ਹੀ ਹੈ, ਜਦੋਂ ਕਿ ਦੂਜੇ ਜੋੜੇ ਧ-ਜ´´ ਦਾ ਇਹ ਮਤਲਬ ਹੈ ਕਿ ਇਸ ਦਾ ਨਤੀਜਾ ਜ´´-ਧ ਹੋਵੇਗਾ ਅਤੇ ਚੱਕਰ ਦੇ ਪਹਿਲੇ ਸ਼ਬਦ ਜ´´-ਧ-ਜ´´´ ਬਣ ਜਾਵੇਗਾ ਅਤੇ ਇਸੇ ਤਰ੍ਹਾਂ ਅੱਗੇ ਅੱਗੇ ਅਤੇ ਇਹ ਵੀ ਪ੍ਰੱਤਖ ਹੈ ਕਿ ਭਾਵੇਂ ਧ ਕਿਸੇ **ਇੱਕੋ** ਵੇਚ ਦਾ ਨਤੀਜਾ ਹੁੰਦਾ ਹੈ, ਪਰ ਆਖਰੀ ਜੋੜਾ ਧ-ਜ, ਧ-ਜ´+ਧ-ਜ´´+ਧ-ਜ´´´ ਅਤੇ ਇਸੇ ਤਰ੍ਹਾਂ ਅੱਗੇ ਅੱਗੇ ਦਾ ਰੂਪ ਲੈ ਸਕਦਾ ਹੈ। ਦੂਜੇ ਸ਼ਬਦਾਂ ਵਿੱਚ, ਇਸ ਨੂੰ ਕਿੰਨੀਆਂ ਹੀ ਖਰੀਦਾਂ ਵਿੱਚ ਵੰਡਿਆ ਜਾ ਸਕਦਾ ਹੈ, ਅਰਥਾਤ ਕਿੰਨੀਆਂ ਹੀ ਵੇਚਾਂ ਵਿੱਚ ਅਤੇ ਇਸ ਲਈ, ਜਿਣਸਾਂ ਦੇ ਨਵੇਂ ਸੰਪੂਰਨ ਰੂਪ-ਬਦਲਾਂ ਦੀਆਂ ਅਨੇਕ ਪਹਿਲੀਆਂ ਸ਼ਕਲਾਂ ਵਿੱਚ। ਇਸ ਤਰੀਕੇ ਨਾਲ਼, ਜਦੋਂ ਕਿਸੇ ਇੱਕੋ

ਜਿਣਸ ਦਾ ਸੰਪੂਰਨ ਰੂਪ-ਬਦਲ, ਬਿਨਾਂ ਆਰੰਭ ਅੰਤ ਦੇ ਰੂਪ-ਬਦਲਾਂ ਦੇ ਕੇਵਲ ਇੱਕੋ ਸਿਲਸਿਲੇ ਦੀ ਹੀ ਇੱਕ ਕੜੀ ਨਹੀਂ ਬਣਾਉਂਦਾ, ਬਲਕਿ ਅਜਿਹੇ ਕਈ ਸਿਲਸਿਲਿਆਂ ਦੀ ਇੱਕ ਕੜੀ ਬਣਾਉਂਦਾ ਹੈ ਤਾਂ ਜਿਣਸ-ਸੰਸਾਰ ਦਾ ਚਲਨ – ਕਿਉਂਕਿ ਹਰ ਇੱਕਲੀ ਜਿਣਸ ਨੂੰ ਜ-ਧ-ਜ ਦੇ ਚੱਕਰ ਵਿੱਚੋਂ ਦੀ ਲੰਘਣਾ ਪੈਂਦਾ ਹੈ – ਅਜਿਹੀਆਂ ਹਰਕਤਾਂ ਦੇ ਸਿਲਸਿਲਿਆਂ ਦਾ ਇੱਕ ਨਾ-ਮੁੱਕਣ ਵਾਲ਼ਾ ਗੁੰਝਲਦਾਰ ਨਾਗ-ਫਾਂਸ ਬਣ ਜਾਂਦਾ ਹੈ, ਜਿਹੜਾ ਕਿ ਅਣਗਿਣਤ ਵੱਖ ਵੱਖ ਨੁਕਤਿਆਂ ਤੇ ਨਿਰੰਤਰ ਮੁੱਕਦਾ ਤੇ ਨਿਰੰਤਰ ਤਰੋ-ਤਾਜ਼ਾ, ਆਰੰਭ ਹੁੰਦਾ ਹੈ। ਪਰ ਹਰ ਇੱਕਾ-ਦੁੱਕਾ ਵੇਚ ਜਾਂ ਖਰੀਦ ਬਤੌਰ ਇੱਕ ਸੁਤੰਤਰ ਅਲੱਗ ਪਏ ਸੌਦੇ ਦੇ ਪਈ ਰਹਿੰਦੀ ਹੈ, ਜਿਸ ਦਾ ਅਗਲਾ ਪੂਰਕ ਸੌਦਾ, ਜਿਹੜਾ ਕਿ ਇਸ ਦਾ ਸਿਲਸਿਲਾ ਬਣਦਾ ਹੈ, ਉਸ ਨੂੰ ਫੌਰੀ ਤੌਰ ’ਤੇ ਇਸ ਦਾ ਲੜ ਫੜਣ ਦੀ ਕੋਈ ਲੋੜ ਨਹੀਂ ਪੈਂਦੀ, ਉਹ ਇਸ ਤੋਂ ਦਿਨਾਂ ਤੱਕ ਅਲੱਗ ਪਿਆ ਰਹਿ ਸਕਦਾ ਹੈ ਜਾਂ ਵਰ੍ਹਿਆਂ ਤੀਕ। ਕਿਉਂਕਿ ਹਰ ਖਾਸ ਚੱਕਰ ਜ-ਧ ਜਾਂ ਧ-ਜ, ਜਿਹੜਾ ਕਿ ਇੱਕ ਜਿਣਸ ਦੀ, ਇਸਤੇਮਾਲੀ ਕਦਰ ਵਿੱਚ ਅਤੇ ਕਿਸੇ ਹੋਰ ਦੀ, ਧਨ ਵਿੱਚ ਤਬਦੀਲੀ ਨੂੰ ਦਰਸਾਉਂਦਾ ਹੈ, ਭਾਵ ਕਿ ਚੱਕਰ ਦਾ ਪਹਿਲਾ ਅਤੇ ਦੂਜਾ ਪੜਾਅ, ਉਹ ਦੋਹਾਂ ਪੱਖਾਂ ਲਈ ਇੱਕ ਅਲੱਗ ਵਕਫਾ ਬਣਦਾ ਹੈ ਅਤੇ ਕਿਉਂਕਿ, ਦੂਜੇ ਬੰਨੇ, ਸਾਰੀਆਂ ਜਿਣਸਾਂ ਆਪਣੇ ਦੂਜੇ ਰੂਪ-ਬਦਲ ਆਰੰਭ ਕਰਦੀਆਂ ਹਨ, ਅਰਥਾਤ, ਚੱਕਰ ਦੇ ਦੂਜੇ ਪੜਾਅ ਦੇ ਆਰੰਭ ਨੁਕਤੇ ਤੇ ਸੋਨੇ ਦੇ ਰੂਪ ਵਿੱਚ ਆ ਬਹੁੜਦੀਆਂ ਹਨ; ਆਮ ਸਮਾਨਕ ਜਿਹੜਾ ਕਿ ਉਹਨਾਂ ਸਾਰੀਆਂ ਦਾ ਇੱਕ ਸਾਂਝਾ ਰੂਪ ਹੁੰਦਾ ਹੈ, ਚਲਣ ਦੇ ਅਸਲ ਅਮਲ ਵਿੱਚ ਕੋਈ ਧ-ਜ ਕਿਸੇ ਖਾਸ ਜ-ਧ ਦੇ ਪਿੱਛੇ ਚੱਲ ਸਕਦਾ ਹੈ, ਭਾਵ ਕਿ ਕਿਸੇ ਜਿਣਸ ਦੇ ਜੀਵਨ-ਚੱਕਰ ਦਾ ਦੂਜਾ ਭਾਗ, ਕਿਸੇ ਹੋਰ ਜਿਣਸ ਦੇ ਜੀਵਨ-ਚੱਕਰ ਦੇ ਪਹਿਲੇ ਭਾਗ ਦਾ ਲੜ ਫੜ ਸਕਦਾ ਹੈ। ਮਿਸਾਲ ਲਈ, ੳ 2 ਪੌਂਡ ਲਈ ਲੋਹਾ ਵੇਚਦਾ ਹੈ ਅਤੇ ਇਸ ਤਰ੍ਹਾਂ ਜ-ਧ ਜਾਂ ਲੋਹਾ ਨਾਮੀ ਜਿਣਸ ਦਾ ਪਹਿਲਾ ਰੂਪ-ਬਦਲ ਵਜੂਦ ਵਿੱਚ ਆਉਂਦਾ ਹੈ। ਪਰ ਇਸੇ ਵੇਲ਼ੇ ੳ ਹੋਰ ਕੋਈ ਵਸਤ ਨਹੀਂ ਖਰੀਦਦਾ। ਉਸੇ ਵੇਲ਼ੇ ਅ, ਜਿਸ ਨੇ ਦੋ ਹਫ਼ਤੇ ਪਹਿਲਾਂ ਕਣਕ ਦੇ ਦੋ ਕੁਆਰਟਰ ਛੇ ਪੌਂਡਾਂ ਲਈ ਵੇਚ ਰੱਖੇ ਸਨ, ਆਪਣੇ ਉਹਨਾਂ ਹੀ ਛੇ ਪੌਂਡਾਂ ਦੇ ਮੌਜ਼ਿਜ ਐਂਡ ਸਨਜ਼ ਪਾਸੋਂ ਇੱਕ ਕੋਟ ਤੇ ਇੱਕ ਪੈਂਟ ਖਰੀਦ ਲੈਂਦਾ ਹੈ ਅਤੇ ਇਸ ਤਰ੍ਹਾਂ ਧ-ਜ ਜਾਂ ਕਿ ਕਣਕ ਜਿਣਸ ਦਾ ਦੂਜਾ ਰੂਪ-ਬਦਲ ਪੂਰਾ ਹੋ ਜਾਂਦਾ ਹੈ। ਧ-ਜ ਅਤੇ ਜ-ਧ ਦੇ ਦੋ ਸੌਦੇ ਇੱਕੋ ਸਿਲਸਿਲੇ ਦੇ ਭਾਗ ਇਸ ਲਈ ਪ੍ਰਤੀਤ ਹੁੰਦੇ ਹਨ ਕਿਉਂਕਿ ਧ (ਧਨ ਜਾਂ) ਸੋਨੇ ਦੇ ਰੂਪ ਵਿੱਚ ਸਾਰੀਆਂ ਜਿਣਸਾਂ ਇੱਕੋ ਜਿਹੀਆਂ ਲੱਗਦੀਆਂ ਹਨ ਅਤੇ ਸੋਨਾ, ਭਾਵੇਂ ਇਹ ਬਦਲੇ ਹੋਏ ਲੋਹੇ ਦੀ ਥਾਂ ਪੂਰਦਾ ਹੈ, ਜਾਂ ਕਿ ਬਦਲੀ ਹੋਈ ਕਣਕ ਦਾ, ਕਿਸੇ ਤਰ੍ਹਾਂ ਵੱਖਰਾ ਦਿਖਾਈ ਨਹੀਂ ਦੇਂਦਾ। ਚਲਨ ਦੇ ਅਸਲ ਅਮਲ ਵਿੱਚ, ਇਸ ਲਈ, ਜ-ਧ-ਜ, ਵੱਖ ਵੱਖ ਸੰਪੂਰਨ ਰੂਪ-ਬਦਲਾਂ ਦੇ ਪਚਮੇਲੇ ਪੜਾਵਾਂ ਦਾ ਬੇਹੱਦ ਊਟ-ਪਟਾਂਗ ਵਰਤਾਰਾ ਅਤੇ ਅਦਲ-ਬਦਲ ਦਾ ਦ੍ਰਿਸ਼ ਪੇਸ਼ ਕਰਦਾ ਹੈ। ਚਲਨ ਦਾ ਅਸਲ ਅਮਲ ਇਸ ਲਈ, ਜਿਣਸ ਦੇ ਕਿਸੇ ਸੰਪੂਰਨ ਰੂਪ-ਬਦਲ ਦੇ ਤੌਰ ’ਤੇ ਨਹੀਂ **ਦਿਖਾਈ ਦੇਂਦਾ**, ਭਾਵ ਵਿਰੋਧੀ ਪੜਾਵਾਂ ਵਿੱਚੋਂ ਦੀ ਇਸ ਦੀ ਹਰਕਤ ਦੇ ਰੂਪ ਵਿੱਚ ਨਹੀਂ, ਬਲਕਿ ਇਹ ਅਨੇਕ ਖਰੀਦਾਂ ਅਤੇ ਵੇਚਾਂ ਦੇ ਹੀ ਕਿਸੇ ਮਾਤਰ ਸੰਗ੍ਰਹਿ ਦੇ

ਰੂਪ ਵਿੱਚ ਦਿੱਸਦਾ ਹੈ, ਜਿਹੜੀਆਂ ਕਿ ਇੱਕ-ਦੂਜੇ ਦੇ ਨਾਲ਼ੋਂ ਨਾਲ਼ ਜਾਂ ਅੱਗੜ-ਪਿੱਛੜ ਹੁੰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਅਮਲ ਦਾ ਆਪਣਾ ਵੱਖਰਿਆਵਾਂ ਰੂਪ ਮਿਟ ਜਾਂਦਾ ਹੈ, ਖਾਸ ਕਰਕੇ, ਬਤੌਰ ਵੱਖਰੇ ਵੱਖਰੇ ਸੌਦੇ ਦੇ ਜਿਵੇਂ ਕਿ ਕੋਈ ਵੇਚ, ਉਸੇ ਸਮੇਂ, ਉਸ ਦੀ ਵਿਰੋਧੀ, ਕੋਈ ਖਰੀਦ ਵੀ ਹੁੰਦੀ ਹੈ ਅਤੇ ਇਸੇ ਤਰ੍ਹਾਂ ਇਸ ਦਾ ਉਲਟ ਵੀ। ਦੂਜੇ ਪਾਸੇ, ਜਿਣਸ ਸੰਸਾਰ ਵਿੱਚ ਰੂਪ-ਬਦਲੀ ਹੀ ਚਲਨ ਦਾ ਅਮਲ **ਬਣਾਉਂਦੀਆਂ ਹਨ** ਅਤੇ ਇਸੇ ਕਾਰਨ ਇਹ ਹੀ, ਚਲਨ ਦੀ ਸੰਪੂਰਨ ਹਰਕਤ ਵਿੱਚ, ਝਲਕਦੀਆਂ ਰਹਿਣੀਆਂ ਚਾਹੀਦੀਆਂ ਹਨ। ਝਲਕਾਅ ਦੀ ਇਸ ਕਿਰਿਆ ਦੀ ਅਗਲੇ ਭਾਗ ਵਿੱਚ ਪੜਤਾਲ਼ ਕੀਤੀ ਜਾਵੇਗੀ। ਇਥੇ ਤਾਂ ਅਸੀਂ ਬੱਸ ਇਹ ਹੀ ਵੇਖਾਂਗੇ ਕਿ ਜ-ਧ-ਜ ਚੱਕਰ ਦੇ ਦੋ ਅਖੀਰਲੇ ਸਿਰਿਆਂ 'ਤੇ ਹਰੇਕ ਉੱਪਰ, ਜ ਦਾ ਧ ਨਾਲ਼ ਇੱਕ ਵੱਖਰਾ ਦਿਖਾਵਟੀ ਸਬੰਧ ਹੁੰਦਾ ਹੈ। ਪਹਿਲੀ ਜ ਇੱਕ ਖਾਸ ਜਿਣਸ ਹੈ, ਜਿਸ ਨੂੰ ਧਨ ਨਾਲ਼ ਬਤੌਰ ਵਿਆਪਕ ਜਿਣਸ ਦੇ, ਕਿਸੇ ਇਕੱਲੀ ਜਿਣਸ ਨਾਲ਼ ਹਾੜਿਆ ਜਾਂਦਾ ਹੈ। ਇਸ ਲਈ ਜ-ਧ-ਜ ਦੇ ਫਾਰਮੂਲੇ ਨੂੰ ਅਰੂਪ ਮਨਤਕੀ ਜੁਗਤੀ, ਵਿਸ਼ੇਸ਼ਤਾ-ਵਿਆਪਕਤਾ-ਨਿੱਜਤਾ ਵਿੱਚ ਬਦਲਿਆ ਜਾ ਸਕਦਾ ਹੈ ਜਿੱਥੇ ਵਿਸ਼ੇਸ਼ਤਾ ਪਹਿਲਾ ਸਿਰਾ ਬਣਦੀ ਹੈ, ਵਿਆਪਕਤਾ ਸਾਂਝਾ ਵਿਚਕਾਰਲਾ ਮੱਧ ਬਣਦੀ ਹੈ ਅਤੇ ਨਿੱਜਤਾ ਆਖਰੀ ਸਿਰੇ ਨੂੰ ਜ਼ਾਹਰ ਕਰਦੀ ਹੈ।

ਜਿਣਸ ਮਾਲਕ ਚਲਨ ਦੇ ਖੇਤਰ ਵਿੱਚ, ਕੇਵਲ ਜਿਣਸਾਂ ਦੇ ਰਾਖਿਆਂ ਦੇ ਤੌਰ 'ਤੇ ਦਾਖਲ ਹੁੰਦੇ ਹਨ। ਇਸ ਖੇਤਰ ਦੇ ਅੰਦਰਵਾਰ ਉਹ ਇੱਕ-ਦੂਜੇ ਦੇ ਸਾਹਮਣੇ ਬਤੌਰ ਖਰੀਦ-ਕਰਤਾ ਅਤੇ ਵੇਚ-ਕਰਤਾ ਦੇ ਇੱਕ ਦੂਜੇ ਤੋਂ ਵਿਰੋਧੀ ਰੋਲਾਂ ਵਿੱਚ ਆਉਂਦੇ ਹਨ। ਇੱਕ ਕਿਸੇ ਚੀਨੀ-ਟੋਟੇ ਦਾ ਵਪਾਰੀ ਹੈ ਅਤੇ ਦੂਜਾ ਸੋਨੇ ਦੀਆਂ ਮੁਹਰਾਂ ਦਾ ਮਾਲਕ। ਜਿਵੇਂ ਕਿ ਚੀਨੀ-ਟੋਟਾ ਸੋਨੇ ਦੀਆਂ ਮੁਹਰਾਂ ਬਣ ਜਾਂਦਾ ਹੈ, ਉਵੇਂ ਵੇਚ-ਕਰਤਾ, ਇੱਕ ਖਰੀਦ-ਕਰਤਾ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਵੱਖਰਿਆਵੇਂ ਸਮਾਜਿਕ ਸੁਭਾਅ ਕਿਸੇ ਨਿੱਜੀ ਮਨੁੱਖੀ ਪ੍ਰਕਿਰਤੀ ਕਾਰਨ ਨਹੀਂ ਹੁੰਦੇ, ਬਲਕਿ ਵਿਅਕਤੀਆਂ ਦੇ ਤਬਾਦਲਾ-ਸਬੰਧਾਂ ਕਾਰਨ ਹੁੰਦੇ ਹਨ, ਵਿਅਕਤੀ, ਜਿਹੜੇ ਕਿ ਆਪਣੇ ਮਾਲਾਂ ਨੂੰ, ਜਿਣਸਾਂ ਦੇ ਵਿਸ਼ੇਸ਼ ਰੂਪਾਂ ਵਿੱਚ ਤਿਆਰ ਕਰਦੇ ਹਨ। ਖਰੀਦ-ਕਰਤਾ ਅਤੇ ਵੇਚ-ਕਰਤਾ ਦਾ ਸਬੰਧ, ਇਤਨਾ ਘੱਟ, ਕਿਸੇ ਨਿਰੋਲ ਨਿੱਜੀ ਸਬੰਧ ਦੀ ਤਰਜਮਾਨੀ ਕਰਦਾ ਹੈ ਕਿ ਉਹ ਕੇਵਲ ਉਤਨੇ ਸਮੇਂ ਲਈ ਹੀ ਇਸ ਵਿੱਚ ਦਾਖਲ ਹੁੰਦੇ ਹਨ, ਜਿੰਨੇ ਵਿੱਚ ਉਹਨਾਂ ਦੀ ਨਿੱਜੀ ਕਿਰਤ ਦਾ ਨਿਖੇਧ ਹੁੰਦਾ ਹੈ, ਭਾਵ ਕਿ ਜਿਤਨਾ ਸਮਾਂ ਉਹਨਾਂ ਨੂੰ ਬਤੌਰ **ਗੈਰ** ਨਿੱਜੀ ਕਿਰਤ ਦੇ ਧਨ ਵਿੱਚ ਬਦਲਣ ਨੂੰ ਲੱਗਦਾ ਹੈ। ਇਸ ਲਈ ਖਰੀਦ-ਕਰਤਾ ਅਤੇ ਵੇਚ-ਕਰਤਾ, ਜਿਹੜੇ ਕਿ ਬੁਰਜੂਆ ਆਰਥਿਕ ਟਾਈਪ ਹਨ, ਨੂੰ ਮਨੁੱਖੀ ਨਿੱਜਤਾ ਦੇ ਸਦੀਵੀ ਸਮਾਜਿਕ ਰੂਪ ਮੰਨਣਾ ਇਤਨੀ ਹੀ ਸਮਝੀ-ਭਰੀ ਗੱਲ ਹੈ, ਜਿਤਨਾ ਕਿ ਇਹਨਾਂ ਦੇ ਨਾ-ਰਹਿਣ 'ਤੇ, ਇਹ ਕਹਿ ਕੇ ਰੋਣਾ ਕਿ ਬੱਸ, ਨਿੱਜਤਾ ਨੂੰ ਮਲੀਆਮੇਟ ਕਰ ਦਿੱਤਾ ਗਿਆ ਹੈ, ਬੇਕਾਰ ਦਾ ਕਲਾਪ ਹੈ।* ਉਹ ਤਾਂ ਪੈਦਾਵਾਰ ਦੇ ਸਮਾਜਿਕ ਅਮਲ ਦੀ

* ਮ. ਇੱਸਾਕ ਪਿਰੇਰੇ ਦੀ ਪੁਸਤਕ **ਲਿਕੋਨਜ਼ ਸੁਰ ਲ' ਇੰਦਸਤਰੀ ਏਤ ਲੇਸ ਫਿਨਾਨਸਿਜ਼**, ਪੈਰਿਸ, 1832 ਤੋਂ ਲਿਆ, ਹੇਠ ਲਿਖਿਆ ਗਿਆ ਹਵਾਲਾ ਇਹ ਸਿੱਧ ਕਰਦਾ ਹੈ ਕਿ ਨਾਜ਼ੁਕ ⇨

ਇੱਕ ਖਾਸ ਮੰਜ਼ਲ 'ਤੇ ਉੱਠਣ ਵਾਲ਼ੀ ਨਿੱਜਤਾ ਦਾ ਇੱਕ ਜ਼ਰੂਰੀ ਪ੍ਰਗਟਾਅ ਹਨ। ਬੁਰਜੂਆ ਉਤਪਾਦਨ ਦੀ ਵਿਰੋਧਤਾਈਆਂ ਭਰੀ ਖਸਲਤ ਦਾ ਇਜ਼ਹਾਰ, ਅੱਗੇ ਚਲ ਕੇ ਖਰੀਦ-ਕਰਤਾ ਅਤੇ ਵੇਚ-ਕਰਤਾ ਦੇ ਆਪਸੀ ਵਿਰੋਧ ਦੇ ਅਜਿਹੇ ਦਿਖਾਵਟੀ ਅਤੇ ਓਪਰੀ ਤਰੀਕੇ ਨਾਲ਼ ਹੁੰਦਾ ਹੈ ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਇਸ ਵਿਰੋਧਤਾਈ ਦਾ ਵਜੂਦ ਤਾਂ ਬੁਰਜੂਆ ਪਹਿਲੋਂ ਦੀਆਂ ਸਮਾਜਿਕ ਬਣਤਰਾਂ ਵਿੱਚ ਵੀ ਸੀ। ਕਿਉਂਕਿ ਇਹ ਤਾਂ ਕੇਵਲ ਇਹੋ ਭਾਲ਼ਦਾ ਹੈ ਕਿ ਵਿਅਕਤੀਆਂ ਦੇ ਇੱਕ-ਦੂਜੇ ਪ੍ਰਤੀ ਜੋ ਵੀ ਸਬੰਧ ਹੋਣ, ਉਹ ਜਿਣਸ-ਮਾਲਕਾਂ ਦੇ ਹੀ ਹੋਣੇ ਚਾਹੀਦੇ ਹਨ।

ਚੱਕਰ ਜ-ਧ-ਜ ਦਾ ਅੰਤਮ ਨਤੀਜਾ ਇਹ ਸਿੱਧ ਕਰਦਾ ਹੈ ਕਿ ਇਹ ਜ-ਜ ਦੇ ਤਬਾਦਲੇ ਵਿੱਚ ਆਪਣਾ ਵਜੂਦ ਮਿਟਾ ਦੇਂਦਾ ਹੈ। ਜਿਣਸ, ਜਿਣਸ ਬਦਲੇ ਬਦਲ ਗਈ ਹੈ,

---

ਤਬੀਅਤਾਂ ਨੂੰ ਵਿਰੋਧਤਾਈਆਂ ਦੇ ਬਿਲਕੁੱਲ ਉੱਪਰਲੇ ਪੱਖ ਤੋਂ ਵੀ ਤਕਲੀਫ ਪੁੱਜ ਸਕਦੀ ਹੈ। ਅਤੇ ਇਹ ਹਕੀਕਤ, ਕਿ ਇਹੋ ਇੱਸਾਕ '**ਕਰੈਦਿਤ ਮੋਬੀਲਾਇਰ**' ਦਾ ਮੋਢੀ ਅਤੇ ਡਿਕਟੇਟਰ ਹੈ ਅਤੇ ਇਸੇ ਕਰ ਕੇ ਪੈਰਿਸ ਸੱਟੇ ਬਾਜ਼ਾਰਾਂ ਦਾ ਬਦਨਾਮ ਬਘਿਆੜ ਵੀ, ਸਿੱਧ ਕਰ ਦੇਂਦੀ ਹੈ ਇਸ ਤਰ੍ਹਾਂ ਦੀ ਅਰਥ-ਸ਼ਾਸਤਰ ਦੀ ਜਜ਼ਬਾਤੀ ਆਲੋਚਨਾ ਦੇ ਪਿੱਛੇ ਅਸਲ ਗੱਲ ਕੀ ਹੈ। (**ਸੋਸਾਇਤੀ ਜਨਰੇਲ ਦਿ ਕਰੈਦਿਤ ਮੋਬੀਲਾਇਰ**, ਇੱਕ ਵੱਡੀ ਫ਼ਰਾਂਸੀਸੀ ਸਾਂਝੇ ਸਟਾਕ ਦੀ ਕੰਪਨੀ ਸੀ, ਜਿਸ ਨੂੰ 1852 ਵਿੱਚ ਪਿਰੇਰੇ ਭਰਾਵਾਂ ਨੇ ਬਣਾਇਆ ਸੀ। ਇਸ ਦਾ ਮੁੱਖ ਮੰਤਵ, ਸ਼ਾਖ-ਕਾਰਜਾਂ ਵਿੱਚ ਬਤੌਰ ਵਿਚੋਲੀਏ ਦਾ ਕੰਮ ਕਰਨਾ ਅਤੇ ਸਨਅਤੀ ਲਿਮਟਿਡ ਕੰਪਨੀਆਂ ਦੀ ਸਥਾਪਨਾ ਦੇ ਕਾਰਜ ਨੂੰ ਅੱਗੇ ਵਧਾਉਣਾ ਸੀ। ਕੰਪਨੀ ਦੀ ਆਮਦਨ ਦਾ ਮੁੱਖ ਭਾਗ, ਸੱਟਾ ਬਾਜ਼ਾਰ ਦੇ ਦਾਅ-ਲਾਏ ਸੌਦਿਆਂ ਤੋਂ ਨਿਕਲਦਾ ਸੀ। **ਕਰੈਦਿਤ ਮੋਬੀਲਾਇਰ** ਦਾ 1867 ਵਿੱਚ ਦਿਵਾਲਾ ਨਿਕਲ ਗਿਆ ਅਤੇ 1871 ਵਿੱਚ ਇਸ ਦਾ ਫਾਤੀਹਾ ਪੜ੍ਹ ਦਿੱਤਾ ਗਿਆ। 1850ਵਿਆਂ ਵਿੱਚ ਜੋ ਇਸ ਨਵੇਂ ਕਿਸਮ ਦੇ ਮਾਲਿਆਤੀ ਧੰਦੇ ਦਾ ਉਦੈ ਹੋਇਆ, ਉਹ ਪਿਛਾਖੜ ਦੇ ਇਸ ਦੌਰ ਦੀ ਆਵੰਦ ਦਾ ਪੇਸ਼ ਰੂ ਸੀ, ਜਿਸ ਦਾ ਅੱਗੇ ਚੱਲ ਕੇ ਸਟਾਕਾਂ ਵਿੱਚ ਬੇਪਨਾਹ ਸੱਟੇਬਾਜ਼ੀ ਹੋਣੀ ਸੀ।) ਮਿ. ਪਿਰੇਰੇ, ਜਿਹੜਾ ਕਿ ਉਸ ਸਮੇਂ ਸੇਂਟ ਸਾਈਮਨ ਦਾ ਇੱਕ ਮਿਸ਼ਨਰੀ ਸੀ, ਨੇ ਕਿਹਾ, "ਕਿਉਂਕਿ ਵਿਅਕਤੀ ਇੱਗੜ-ਦੁੱਗੜ ਹਨ ਅਤੇ ਆਪਸ ਵਿੱਚ ਫਟੇ ਪਏ ਹਨ, ਭਾਵੇਂ ਸਵਾਲ ਉਹਨਾਂ ਦੀ ਕਿਰਤ ਦਾ ਹੈ ਜਾਂ ਕਿ ਉਹਨਾਂ ਦੀ ਖਪਤ ਦਾ, ਉਹ ਆਪਣੇ ਆਪਣੇ ਧੰਦਿਆਂ ਦੇ ਮਾਲਾਂ ਦਾ ਤਬਾਦਲਾ ਅਵੱਸ਼ ਕਰਦੇ ਹਨ। ਵਸਤਾਂ ਦੇ ਤਬਾਦਲਾ ਕਰਨ ਦੀ ਲੋੜ ਤੋਂ ਉਹਨਾਂ ਦੀ ਅਨੁਪਾਤੀ ਕਦਰ ਨੂੰ ਅੰਕਣ ਦੀ ਲੋੜ ਪੈਦਾ ਹੁੰਦੀ ਹੈ। ਇਸ ਤਰ੍ਹਾਂ ਕਦਰ ਅਤੇ ਤਬਾਦਲਾ ਬਾਰੇ ਵਿਚਾਰ ਇੱਕ ਦੂਜੇ ਨਾਲ਼ ਨੇੜਿਓਂ ਜੁੜੇ ਹੋਏ ਹਨ ਅਤੇ ਆਪਣੇ ਵਰਤਮਾਨ ਰੂਪ ਵਿੱਚ, ਦੋਵੇਂ, ਨਿੱਜਤਾ ਅਤੇ ਵਿਰੋਧਤਾ ਦੇ ਪ੍ਰਗਟਾਅ ਹਨ...। ਉਤਪਾਦਾਂ ਦੀ ਕਦਰ ਇਸ ਲਈ ਆਂਕੀ ਜਾਂਦੀ ਹੈ, ਕਿਉਂਕਿ ਵੇਚ ਅਤੇ ਖਰੀਦ ਮੌਜੂਦ ਹਨ; ਦੂਜੇ ਸ਼ਬਦਾਂ ਵਿੱਚ, ਕਿਉਂਕਿ ਸਮਾਜ ਦੇ ਵੱਖ ਵੱਖ ਮੈਂਬਰਾਂ ਦੇ ਵਿਚਕਾਰ ਵਿਰੋਧਤਾਈ ਮੌਜੂਦ ਹੈ। ਕੀਮਤ ਅਤੇ ਕਦਰ ਵਿੱਚ ਆਪਸੀ ਰਿਸ਼ਤਾ ਇਸ ਕਰਕੇ ਹੈ, ਕਿਉਂਕਿ ਵੇਚ ਅਤੇ ਖਰੀਦ ਮੌਜੂਦ ਹਨ, ਅਰਥਾਤ ਉਹ ਥਾਂ ਹੈ; ਜਿੱਥੇ ਰਹਿੰਦਿਆਂ ਹਰ ਵਿਅਕਤੀ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਲੁੜੀਂਦੀਆਂ ਵਸਤਾਂ ਪ੍ਰਾਪਤ ਕਰਨ ਲਈ **ਲੜਨ** 'ਤੇ ਮਜਬੂਰ ਹੋਣਾ ਪੈਂਦਾ ਹੈ।" (ਓਪ. ਸਿਟ., ਪੰਨਾ 2-3 ਪਾਸਿਮ)।

ਇਸਤੇਮਾਲੀ ਕਦਰ, ਇਸਤੇਮਾਲੀ ਕਦਰ ਨਾਲ਼ ਅਤੇ ਜਿਣਸ ਦੀ ਧਨ ਵਿੱਚ ਤਬਦੀਲੀ ਜਾਂ ਕਿ ਜਿਣਸ ਦਾ ਧਨ ਰੂਪ ਹੋ ਜਾਣਾ, ਇਹ ਮਹਿਜ਼ ਇੱਕ ਵਿਚਕਾਰਲੀ ਮੰਜ਼ਲ ਹੈ ਜਿਹੜੀ ਕਿ ਇਸ ਰੂਪ-ਬਦਲ ਨੂੰ ਲਿਆਉਣ ਵਿੱਚ ਸਹਾਈ ਹੁੰਦੀ ਹੈ। ਧਨ, ਇਸ ਤਰ੍ਹਾਂ, ਕੇਵਲ ਜਿਣਸਾਂ ਦੇ ਤਬਾਦਲੇ ਦੇ ਮਾਧਿਅਮ ਰੂਪ ਵਿੱਚ ਉਗਮਦਾ ਹੈ, ਪਰ ਤਬਾਦਲੇ ਦੇ ਆਮ ਮਾਧਿਅਮ ਦੇ ਰੂਪ ਵਿੱਚ ਨਹੀਂ, ਬਲਕਿ ਤਬਾਦਲੇ ਦੇ ਉਸ ਮਾਧਿਅਮ ਦੇ ਰੂਪ ਵਿੱਚ, ਜਿਹੜਾ ਕਿ ਚਲਨ-ਅਮਲ ਨੂੰ ਅਪਣਾ ਲੈਂਦਾ ਹੈ, ਭਾਵ ਕਿ ਚਲਨ ਦਾ ਇਕ ਮਾਧਿਅਮ ਬਣ ਜਾਂਦਾ ਹੈ।*

ਜੇਕਰ, ਕਿਉਂਕਿ ਜਿਣਸਾਂ ਦੇ ਚਲਨ-ਅਮਲ ਦਾ ਅੰਤ ਜ-ਜ ਵਿੱਚ ਹੋ ਜਾਂਦਾ ਹੈ ਅਤੇ ਇਸ ਲਈ ਇਹ ਤਾਂ ਸਿਰਫ਼ ਬਾਰਟਰ ਜਿਹਾ ਲੱਗਦਾ ਹੈ, ਜਿਸ ਨੂੰ ਧਨ ਨੇ ਸਿਰੇ ਚਾੜ੍ਹਿਆ ਹੈ; ਜਾਂ ਫੇਰ, ਕਿਉਂਕਿ ਜ-ਧ-ਜ ਆਮ ਕਰਕੇ ਦੋ ਇਕੱਲਵੰਜੇ ਚੱਕਰਾਂ ਵਿੱਚ ਕੇਵਲ ਟੁੱਟਦਾ ਹੀ ਨਹੀਂ ਬਲਕਿ ਇਹ ਨਾਲ਼ੋਂ ਨਾਲ਼, ਉਹਨਾਂ ਦੋਹਾਂ ਦਾ ਗਤੀਸ਼ੀਲ ਏਕਾ ਵੀ ਹੈ, ਤਾਂ ਫੇਰ ਨਤੀਜਾ ਇਹ ਕੱਢਿਆ ਜਾਣਾ ਚਾਹੀਦਾ ਹੈ ਕਿ ਖਰੀਦ ਅਤੇ ਵੇਚ ਦਾ ਕੇਵਲ ਏਕਾ ਹੀ ਏਕਾ ਮੌਜੂਦ ਹੈ, ਅਲਗਾਵ ਮੌਜੂਦ ਹੀ ਨਹੀਂ। ਇੰਞ ਕਹਿਣਾ ਵਿਚਾਰ ਦੀ ਉਸ ਪ੍ਰਣਾਲੀ ਨੂੰ ਅਪਨਾਉਣਾ ਹੋਵੇਗੀ, ਜਿਸ ਦੀ ਆਲੋਚਨਾ, ਮਨਤਕ ਦੇ ਖੇਤਰ ਵਿੱਚ ਤਾਂ ਆਉਂਦੀ ਹੈ, ਪਰ ਅਰਥ-ਸ਼ਾਸਤਰ ਦੇ ਖੇਤਰ ਵਿੱਚ ਨਹੀਂ। ਤਬਾਦਲੇ ਨੂੰ ਖਰੀਦ ਅਤੇ ਵੇਚ ਵਿੱਚ ਵੰਡਣਾ ਨਾ ਕੇਵਲ, ਸਥਾਨਕ ਤੌਰ 'ਤੇ ਪੈਦਾ ਹੋਈਆਂ ਆਮ, ਰਵਾਇਤੀ ਤੌਰ 'ਤੇ ਸ਼ੁੱਧ ਅਤੇ ਜਜ਼ਬਾਤੀ ਤੌਰ 'ਤੇ ਬੇਹੂਦਾ ਰੁਕਾਵਟਾਂ ਨੂੰ ਸਮਾਜਿਕ-ਰੂਪ-ਬਦਲ-ਕਰਮ ਦੇ ਰਾਹ ਵਿੱਚ ਖੜ੍ਹਾ ਕਰਨਾ ਹੋਵੇਗਾ ਅਤੇ ਇਸ ਦੇ ਕਾਰਨ ਇਸ ਅਮਲ ਦੇ ਜੁੜਵੇਂ ਤੱਥਾਂ ਦਾ ਆਮ ਅਣ-ਖੰਡਣ ਅਤੇ ਉਹਨਾਂ ਵਿਚਕਾਰ ਨਿਰੰਤਰ ਝੜਪਾਂ ਵੀ ਹੋਣਗੀਆਂ। ਥੋੜ੍ਹੇ ਵਿੱਚ ਇਸ ਦਾ ਨਤੀਜਾ, ਵਪਾਰਕ ਸੰਕਟਾਂ ਦੀ ਆਮ ਸੰਭਾਵਨਾ ਵਿੱਚ ਦਿਖਾਈ ਦੇਵੇਗਾ। ਇਹ ਹੋਣਾ ਲਾਜ਼ਮੀ ਹੈ, ਕਿਉਂਕਿ ਜਿਣਸ ਅਤੇ ਧਨ ਦੀ ਵਿਰੋਧਤਾਈ ਉਹਨਾਂ ਸਾਰੀਆਂ ਵਿਰੋਧੀਆਂ ਦਾ ਅਰੂਪ ਤੇ ਆਮ ਰੂਪ ਹੈ ਜਿਹੜੀਆਂ ਕਿ ਬੁਰਜੂਆ ਕਿਰਤ-ਢੰਗ ਛਿਪੀਆਂ ਹੋਈਆਂ ਹਨ। ਭਾਵੇਂ ਕਿ ਧਨ ਦਾ ਚਲਨ, ਇਸ ਲਈ ਬਿਨਾਂ ਸੰਕਟਾਂ ਤੋਂ ਜਾਰੀ ਰਹਿ ਸਕਦਾ ਹੈ, ਪਰੰਤੂ ਸੰਕਟ ਬਿਨਾਂ ਧਨ ਦੇ ਚਲਨ ਤੋਂ ਨਹੀਂ ਵਾਪਰ ਸਕਦੇ। ਇਸ ਦਾ ਸਾਫ ਅਰਥ ਹੈ ਕਿ ਜਿੱਥੇ ਕਿਰਤ ਨੇ, ਜਿਹੜੀ ਕਿ ਨਿੱਜੀ ਤਬਾਦਲੇ 'ਤੇ ਅਧਾਰਿਤ ਹੈ, ਅਜੇ ਧਨਵੀ ਪ੍ਰਣਾਲੀ ਨੂੰ ਨਹੀਂ ਵਿਕਸਾਇਆ ਹੈ। ਪਰ ਇਹ ਕੋਈ ਇਸ ਤਰ੍ਹਾਂ ਦਾ ਵਰਤਾਰਾ ਹੋਂਦ ਵਿੱਚ ਲਿਆਉਣ ਤੋਂ ਉੱਕਾ ਅਸਮੱਰਥ ਹੈ, ਜਿਹੜਾ ਕਿ ਬੁਰਜੂਆ ਉਪਜ-ਢੰਗ ਦਾ ਪੂਰਾ ਵਿਕਾਸ ਕਰ ਸਕੇ। ਇਸ ਤੋਂ ਉਸ ਆਲੋਚਨਾ ਦੀ ਗੂੜ੍ਹਤਾ ਨੂੰ ਬਲ ਮਿਲਦਾ ਹੈ ਜਿਹੜੀ ਕਿ ਇਹ ਸੁਝਾਅ ਦੇਂਦੀ ਹੈ ਕਿ ਜੇਕਰ ਬੁਰਜੂਆ ਉਪਜ-ਪ੍ਰਣਾਲੀ ਦੀਆਂ "ਘਾਟਾ" ਉੱਪਰ ਕਾਬੂ ਪਾਉਣ ਦੀ ਇੱਛਾ ਹੈ, ਤਾਂ ਇੱਕ ਤਾਂ

* "ਧਨ ਤਾਂ ਕੇਵਲ ਮਾਧਿਅਮ ਤੇ ਏਜੰਸੀ ਹੈ, ਜਦੋਂ ਕਿ ਜਿਣਸਾਂ, ਜਿਹੜੀਆਂ ਕਿ ਜੀਵਨ ਦੇ ਕੰਮ ਆਉਂਦੀਆਂ ਹਨ, ਉਹ ਅਸਲ ਮਨੋਰਥ ਅਤੇ ਮੰਤਵ ਹਨ।" ਬੋਇਸ ਗਿਲੀਬਰਟ, **ਲੇ ਦਿਤੇਲ ਦੇ ਲਾ ਫ਼ਰਾਂਸ**, 1697, ਇਯੂਨੇ ਡੈਰੇਸ ਦੀ ਪੁਸਤਕ **ਇਕੋਨੋਮਿਸਤੇਸ ਫਿਨਾਨਸਰਜ਼ ਦੂ** XVIII **ਈ ਸੀਕਲ**, ਜਿਲਦ I, ਪੈਰਿਸ, 1843, ਪੰਨਾ-210।

ਕੀਮਤੀ ਧਾਤਾਂ ਦੇ "ਵਿਸ਼ੇਸ਼-ਅਧਿਕਾਰਾਂ" ਦਾ ਖਾਤਮਾ ਕਰ ਦੇਵੋ ਅਤੇ ਦੂਜੇ ਇਹ ਕਿ, ਅਖੌਤੀ ਸੂਝ-ਭਰੀ ਧਨਵੀ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਦੂਜੇ ਪਾਸੇ, ਇੱਕ ਬਹੁਤ ਹੀ ਚਾਲਾਕੀ ਭਰੇ ਮੰਨੇ ਹੋਏ ਕਥਨ ਵੱਲੋਂ ਵੀ ਆਰਥਿਕ-ਢੰਡੋਰਚੀਆਂ ਨੂੰ ਅੱਖਾਂ ਨਹੀਂ ਮੀਟ ਲੈਣੀਆਂ ਚਾਹੀਦੀਆਂ। ਮੰਨੇ-ਪ੍ਰਮੰਨੇ, ਅੰਗਰੇਜ਼ ਅਰਥ-ਸ਼ਾਸਤਰੀ, ਜਾਨ ਸਟਿਯੂਆਰਟ ਮਿਲ ਦੇ ਪਿਤਾ **ਜੇਮਜ਼ ਮਿਲ** ਨੇ ਕਹਿ ਰੱਖਿਆ ਹੈ:

> "ਸਾਲਾਨਾ ਪੈਦਾਵਾਰ ਦੀ ਮਿਕਦਾਰ.... ਕਿੰਨੀ ਵੀ ਵੱਧ ਜਾਵੇ, ਪਰ ਇਹ ਸਾਲਾਨਾ ਮੰਗ ਤੋਂ ਕਦੇ ਵੀ ਨਹੀਂ ਵੱਧ ਸਕਦੀ...। ਦੋ ਵਿਅਕਤੀ, ਜਿਹੜੇ ਕਿ ਕੋਈ ਤਬਾਦਲੇ ਦਾ ਕਾਰਜ ਕਰਦੇ ਹਨ, ਉਹਨਾਂ ਵਿੱਚੋਂ ਇੱਕ ਕੇਵਲ ਸਪਲਾਈ, (ਮਾਲ) ਲੈ ਕੇ ਹੀ ਨਹੀਂ ਆਉਂਦਾ ਅਤੇ ਦੂਜਾ ਕੇਵਲ ਮੰਗ ਨੂੰ ਲੈ ਕੇ ਹੀ ਬਾਜ਼ਾਰਾਂ ਵਿੱਚ ਨਹੀਂ ਆ ਖੜ੍ਹਾ ਹੁੰਦਾ। ਇਹ ਦੋਵੇਂ ਦੇ ਦੋਵੇਂ ਮੰਗ ਅਤੇ ਸਪਲਾਈ, ਦੋਨੋਂ ਲੈ ਕੇ ਆਉਂਦੇ ਹਨ....। ਸਪਲਾਈ, ਜਿਹੜੀ ਇੱਕ ਦੁਆਰਾ ਲਿਆਂਦੀ ਜਾਂਦੀ ਹੈ, ਉਹ ਉਸ ਦੀ ਮੰਗ ਦਾ ਸਾਧਨ ਹੁੰਦੀ ਹੈ ਅਤੇ ਉਸ ਦੀ ਮੰਗ ਅਤੇ ਉਸ ਦੀ ਸਪਲਾਈ, ਦੋਵੇਂ ਠੀਕ ਇੱਕ-ਦੂਜੀ ਦੇ ਬਰਾਬਰ ਹੁੰਦੀਆਂ ਹਨ। ਇਸ ਲਈ ਇਹ ਹੋਣਾ ਨਾ-ਮੁਮਕਿਨ ਹੈ, ਕਿ ਕਿਸੇ ਦੇਸ਼ ਅੰਦਰ ਕੋਈ ਇੱਕ ਜਿਣਸ, ਜਾਂ ਅਨੇਕ ਜਿਣਸਾਂ, ਮਿਕਦਾਰ ਵਿੱਚ, ਉਸ ਦੀ ਮੰਗ ਤੋਂ ਵੱਧ ਹੋਣ, ਜਦੋਂ ਤੀਕ ਕਿ ਕਿਸੇ ਹੋਰ ਜਿਣਸ ਜਾਂ ਜਿਣਸਾਂ ਦੀ ਬਰਾਬਰ ਦੀ ਮਿਕਦਾਰ ਨਾ ਹੋਵੇਗੀ, ਜਿਹੜੀ ਕਿ ਉਸ ਦੀ ਮੰਗ ਤੋਂ, ਮਿਕਦਾਰ ਵਿੱਚ ਘੱਟ ਹੋਵੇਗੀ।*

---

* ਵਿਲੀਅਮ ਸਪੈਨਸ ਨੇ, ਨਵੰਬਰ 1807 ਵਿੱਚ, ਲੰਡਨ ਵਿੱਚੋਂ ਇੱਕ **'ਵਪਾਰ ਤੋਂ ਮੁਕਤ ਇੰਗਲੈਂਡ'** ਨਾਂ ਦੀ ਕਿਤਾਬਚੀ ਪ੍ਰਕਾਸ਼ਤ ਕੀਤੀ, ਉਸ ਦੇ ਹੀ ਥੀਸਿਸ ਨੂੰ ਵਿਲੀਅਮ ਕੋਬੈੱਟ ਨੇ ਆਪਣੇ **ਸਿਆਸੀ ਰਜਿਸਟਰ** ਵਿੱਚ, ਇੱਕ ਵੱਧ ਖਾੜਕੂ ਸਿਰਲੇਖ "ਵਪਾਰ ਬਰਬਾਦ" ਲਾ ਕੇ, ਅੱਗੇ ਵਧਾਇਆ। ਇਸ (ਦੂਜੇ) ਦੇ ਖਿਲਾਫ ਜੇਮਜ਼ ਮਿਲ ਨੇ ਆਪਣੀ ਰਚਨਾ **"ਵਪਾਰ ਦਾ ਬਚਾਅ"** ਲਿਖੀ, ਜਿਹੜੀ ਕਿ 1808 ਵਿੱਚ ਛਪੀ। ਇਸ ਪੁਸਤਕ ਵਿੱਚ ਉਹ ਆਪਣੀ ਦਲੀਲ, ਜਿਸ ਨੂੰ ਕਿ ਅਸੀਂ ਉਸ ਦੀ ਪਿੱਛੋਂ ਲਿਖੀ ਪੁਸਤਕ **'ਸਿਆਸੀ ਆਰਥਕਤਾ ਦੇ ਅਨਸਰਾਂ'** ਵਿੱਚੋਂ ਲੈ ਕੇ ਉੱਪਰਲਾ ਹਵਾਲਾ ਦਿੱਤਾ ਹੈ, ਪਹਿਲਾਂ ਹੀ ਸਾਹਮਣੇ ਲਿਆ ਚੁੱਕਾ ਸੀ। ਇਸੇ ਸਰਲ ਕਾਢ ਨੂੰ ਅੱਗੇ ਜ. ਬ. ਸੇ ਨੇ ਆਪਣੀ ਮਾਲਕੀ ਬਣਾਇਆ ਅਤੇ ਇਸ ਨੂੰ, ਵਪਾਰਕ ਸੰਕਟਾਂ ਦੇ ਪ੍ਰਸ਼ਨ 'ਤੇ, ਸਿਸਮੋਂਡੀ ਅਤੇ ਮਾਲਥਸ ਦੇ ਖਿਲਾਫ਼ ਆਪਣੀਆਂ ਬਹਿਸਾਂ ਵਿੱਚ ਵਰਤਿਆ ਅਤੇ ਕਿਉਂਕਿ ਇਹ ਸਪੱਸ਼ਟ ਨਹੀਂ ਸੀ, ਕਿ ਇਸ ਕੌਮਿਕੀ **'ਪ੍ਰਿੰਸ ਦੇ ਲਾ ਸਾਇੰਸ'** ਨੇ – ਜਿਸ ਦਾ ਗੁਣ ਕੇਵਲ ਉਸ ਦੀ ਪੂਰੀ ਨਿਰਪੱਖਤਾ ਹੀ ਹੋ ਸਕਦਾ ਹੈ, ਜਿਸ ਨਾਲ਼ ਉਸ ਨੇ ਲਗਾਤਾਰ ਆਪਣੇ ਸਮਕਾਲੀਆਂ, ਮਾਲਥਸ, ਸਿਸਮੋਂਡੀ ਅਤੇ ਰਿਕਾਰਡੋ ਨੂੰ ਗਲਤ ਪੇਸ਼ ਕੀਤਾ – ਸਿਆਸੀ ਆਰਥਕਤਾ ਵਿੱਚ ਕਿਹੜੇ ਨਵੇਂ ਵਿਚਾਰ ਦਾ ਵਾਧਾ ਕੀਤਾ, ਇਸ ਲਈ ਉਸ ਦੇ ਕਾਂਟੀਨੈਂਟਲ ਉਪਾਸ਼ਕਾਂ ਨੇ ਉਸ ਨੂੰ, ਖਰੀਦਾਂ ਅਤੇ ਵੇਚਾਂ ਦੇ ਇੱਕ ਅਧਿਆਤਮਕ ਸਮਤੋਲ ਬਾਰੇ ਬੇਸ਼ਕੀਮਤ ਕਥਨੀ ਦਾ ਕਾਢੂ ਦੱਸ ਕੇ ਸਿਰ 'ਤੇ ਚੜ੍ਹਾਈ ਰੱਖਿਆ।

ਮਿਲ, ਚਲਨ ਦੇ ਅਮਲ ਨੂੰ, ਸਿੱਧੇ ਬਾਰਟਰ ਵਿੱਚ ਘਟਾ ਕੇ ਸਮਤੋਲ ਸਥਾਪਿਤ ਕਰਦਾ ਹੈ, ਪਰ ਦੂਜੇ ਬੰਨੇ, ਉਹ ਖਰੀਦ-ਕਰਤਾ ਅਤੇ ਵੇਚ-ਕਰਤਾ ਨੂੰ, ਚਲਨ-ਅਮਲ ਵਿੱਚੋਂ ਕੱਢੀਆਂ ਤੇ ਸਿੱਧੇ ਬਾਰਟਰ ਵਿੱਚ ਲਿਆਂਦੀਆਂ ਮੂਰਤੀਆਂ ਦੱਸ ਕੇ ਚਿੜਾਉਂਦਾ ਹੈ। ਮਿਲ ਦੀ ਭਰਮ-ਪਾਊ ਭਾਸ਼ਾ ਨੂੰ ਲੈ ਕੇ ਕਿਹਾ ਜਾ ਸਕਦਾ ਹੈ ਕਿ ਅਜਿਹੇ ਸਮੇਂ ਵੀ ਆਉਂਦੇ ਹਨ, ਜਦੋਂ ਕਿ ਸਾਰੀਆਂ ਜਿਣਸਾਂ ਨਹੀਂ ਵੇਚੀਆਂ ਜਾ ਸਕਦੀਆਂ, ਮਿਸਾਲ ਲਈ, 1857/58 ਦੇ ਵਪਾਰਕ ਸੰਕਟ ਦੀਆਂ ਖਾਸ ਮੰਜ਼ਲਾਂ ਦੇ ਦੌਰਾਨ ਲੰਦਨ ਅਤੇ ਹੈਂਬਰਗ ਵਿੱਚ, **ਇੱਕ ਜਿਣਸ**, ਭਾਵ **ਧਨ** ਦੇ ਖਰੀਦ ਦੇ ਵੇਚ-ਕਰਤਾਵਾਂ ਨਾਲ਼ੋਂ ਵੱਧ ਖਰੀਦ-ਕਰਤਾ ਧਨ ਅਤੇ ਧਨ ਦੇ ਹੋਰ ਸਾਰੇ ਰੂਪਾਂ, ਭਾਵ ਜਿਣਸਾਂ ਦੇ ਖਰੀਦ-ਕਰਤਾਵਾਂ ਨਾਲ਼ੋਂ, ਵੇਚ-ਕਰਤਾ ਵੱਧ ਸਨ। ਖਰੀਦਾਂ ਅਤੇ ਵੇਚਾਂ ਦਾ ਅਧਿਆਤਮਵਾਦੀ ਸਮਤੋਲ ਕੇਵਲ ਇੱਥੋਂ ਤੀਕ ਹੀ ਸੀਮਤ ਹੈ ਕਿ ਹਰ ਖਰੀਦ ਕੋਈ ਵੇਚ ਹੁੰਦੀ ਹੈ ਅਤੇ ਹਰ ਵੇਚ ਕੋਈ ਖਰੀਦ। ਪਰ ਇਸ ਤੋਂ ਜਿਣਸਾਂ ਦੇ ਮਾਲਕਾਂ ਨੂੰ, ਜਿਹੜੇ ਕਿ ਕੋਈ ਵੇਚ ਨਾ ਕਰ ਸਕਣ ਦੇ ਕਾਰਨ, ਕੋਈ ਖਰੀਦ ਵੀ ਤਾਂ ਨਹੀਂ ਕਰ ਸਕਦੇ, ਕੀ ਨਘਾਸ ਪਹੁੰਚਦਾ ਹੈ।*

ਵੇਚ ਅਤੇ ਖਰੀਦ ਨੂੰ ਅਲੱਗ ਅਲੱਗ ਕਰਨ ਨਾਲ਼, ਨਾ ਕੇਵਲ ਵਪਾਰ-ਖੁਦ ਦੀ ਸੰਭਾਵਨਾ ਹੋ ਜਾਂਦੀ ਹੈ, ਬਲਕਿ ਕਈ ਚਿਤਵੇ (ਪਰੋਫਾਰਮਾਂ) ਸੌਦਿਆਂ ਦੀ ਵੀ; ਫੇਰ ਕਿਤੇ ਜਾ ਕੇ, ਉਤਪਾਦਕ ਅਤੇ ਖਪਤਕਾਰ ਵਿਚਕਾਰ ਜਿਣਸਾਂ ਦਾ ਆਖਰੀ ਤਬਾਦਲਾ ਸਿਰੇ ਚੜ੍ਹਦਾ ਹੈ। ਇਸ ਤਰ੍ਹਾਂ ਇੱਕ ਖੂਨ-ਚੂਸੂਆਂ ਦੀ ਬੜੀ ਸੰਖਿਆ ਨੂੰ ਉਤਪਾਦਨ ਦੇ ਅਮਲ 'ਤੇ ਹੱਲਾ

---

* ਜਿਸ ਢੰਗ ਨਾਲ਼ ਅਰਥ-ਸ਼ਾਸਤਰੀ ਜਿਣਸ ਦੇ ਵੱਖ ਵੱਖ ਪੱਖਾਂ ਨੂੰ ਬਿਆਨ ਕਰਦੇ ਹਨ ਉਸ ਦਾ ਇੱਕ ਅਨੁਮਾਨ ਹੇਠ ਲਿਖੀਆਂ ਮਿਸਾਲਾਂ ਤੋਂ ਲਾਇਆ ਜਾ ਸਕਦਾ ਹੈ:

"ਜਦੋਂ ਧਨ ਪੱਲੇ ਹੈ, ਸਾਡੇ ਕੋਲ਼ ਆਪਣੀ ਇੱਛਾ ਦੇ ਮੁੱਦੇ ਨੂੰ ਪੂਰਿਆਂ ਕਰਨ ਲਈ ਕੇਵਲ ਇੱਕ ਤਬਾਦਲੇ ਦਾ ਸਹਾਰਾ ਹੁੰਦਾ ਹੈ, ਪਰ ਜਦੋਂ ਹੋਰ ਵਾਫਰ ਉਤਪਾਦਾਂ ਹੁੰਦੀਆਂ ਹਨ, ਤਾਂ ਦੋ ਦਾ ਹੁੰਦਾ ਹੈ। ਜਿਹਨਾਂ ਵਿੱਚੋਂ ਪਹਿਲਾ (ਧਨ ਪ੍ਰਾਪਤ ਕਰਨਾ) ਦੂਜੇ ਨਾਲ਼ ਕਿਤੇ ਵੱਧ ਕਠਿਨ ਹੁੰਦਾ ਹੈ" (ਜ. ਓਪਦਾਇਕੇ, **ਸਿਆਸੀ ਆਰਥਕਤਾ ਤੇ ਇੱਕ ਪ੍ਰਵਚਨ**, ਨਿਊਯਾਰਕ, 1851, ਪੰਨਾ 287-88)

"ਧਨ ਦੀ ਉੱਚੀ ਵੇਚ-ਕੁਸ਼ਲਤਾ, ਜਿਣਸਾਂ ਦੀ ਨੀਵੀਂ ਵੇਚ-ਕੁਸ਼ਲਤਾ ਦਾ ਸਿੱਧਾ ਅਸਰ ਜਾਂ ਕੁਦਰਤੀ ਨਤੀਜਾ ਹੁੰਦੀ ਹੈ।" (ਥਾਮਸ ਕੋਰਬਟ, **ਵਿਅਕਤੀਆਂ ਦੀ ਦੌਲਤ ਦੇ ਕਾਰਨਾਂ ਅਤੇ ਢੰਗਾਂ ਬਾਰੇ ਇੱਕ ਪੜਤਾਲ਼**, ਲੰਡਨ, 1841, ਪੰਨਾ 117)

"ਧਨ ਦਾ ਇਹ.... ਸਦਾ ਗੁਣ ਹੈ ਕਿ ਇਹ ਆਪਣੇ ਮਾਪ ਦੇ ਅਨੁਸਾਰ ਸਦਾ ਤਬਾਦਲੇ-ਯੋਗ ਹੁੰਦਾ ਹੈ।" (ਬੋਸ਼ਾਨਕਿਯੂ, **ਧਾਤਵੀ, ਕਾਗਜ਼ੀ ਅਤੇ ਸ਼ਾਖ ਮੁਦਰਾ ਆਦਿ**, ਲੰਡਨ, 1842, ਪੰਨਾ 100)।

"ਧਨ ਸਦਾ ਹੋਰ ਜਿਣਸਾਂ ਖਰੀਦ ਸਕਦਾ ਹੈ, ਜਦੋਂ ਕਿ ਹੋਰ ਜਿਣਸਾਂ ਲਈ ਹਰ ਸਮੇਂ ਧਨ ਖਰੀਦ ਸਕਣਾ ਸੰਭਵ ਨਹੀਂ।" (ਥਾਮਸ ਟੂਕੇ, **ਮੁਦਰਾ ਸਿਧਾਂਤ ਦੀ ਇੱਕ ਜਾਂਚ**, ਦੂਜਾ ਸੰਸਕਰਨ, ਲੰਡਨ, 1844, ਪੰਨਾ 10)।

ਬੋਲਣ ਅਤੇ ਇਸ ਅੱਡਰੇਪਣ ਤੋਂ ਲਾਭ ਉਠਾਉਣ ਦੀ ਸਮੱਰਥਾ ਬਖਸ਼ਦਾ ਹੈ। ਪਰ ਇਸ ਦਾ ਫੇਰ ਇਹੋ ਮਤਲਬ ਨਿਕਲਦਾ ਹੈ ਕਿ, ਬੁਰਜੂਆ ਸਮਾਜ ਅੰਦਰ, ਕਿਰਤ ਦਾ ਵਿਆਪਕ ਰੂਪ, ਅੰਦਰਲੀਆਂ ਲੁਕੀਆਂ ਵਿਰੋਧਤਾਈਆਂ ਦੇ ਵਿਕਾਸ ਦੀ **ਸੰਭਾਵਨਾ ਨੂੰ** ਪੈਦਾ ਕਰਦਾ ਹੈ।

## ਅ. ਧਨ ਦਾ ਚਲਨ

ਸਭ ਤੋਂ ਪਹਿਲਾਂ, ਅਸਲ ਚਲਨ, ਉਹਨਾਂ ਇੱਥੋਂ ਉੱਥੋਂ ਦੀਆਂ ਅੰਨ੍ਹੇਵਾਹ ਕੀਤੀਆਂ ਖਰੀਦਾਂ ਅਤੇ ਵੇਚਾਂ ਤੋਂ ਮਿਲ ਕੇ ਬਣਦਾ ਹੈ, ਜਿਹੜੀਆਂ ਇੱਕੋ-ਸਮੇਂ ਅਮਲ ਵਿੱਚ ਆਉਂਦੀਆਂ ਹਨ। ਖਰੀਦ ਅਤੇ ਵੇਚ, ਦੋਹਾਂ ਸੂਰਤਾਂ ਵਿੱਚ ਜਿਣਸਾਂ ਅਤੇ ਧਨ, ਇੱਕੋ ਤਰ੍ਹਾਂ ਇੱਕ-ਦੂਜੇ ਦੇ ਸਾਹਮਣੇ ਆਉਂਦੇ ਹਨ; ਵੇਚ-ਕਰਤਾ ਜਿਣਸਾਂ ਦਾ ਨੁਮਾਇੰਦਾ ਹੁੰਦਾ ਹੈ ਅਤੇ ਖਰੀਦ-ਕਰਤਾ ਧਨ ਦਾ। ਇਸ ਲਈ ਚਲਨ-ਵਸੀਲੇ ਦੇ ਰੂਪ ਵਿੱਚ ਧਨ ਸਦਾ, **ਖਰੀਦ-ਵਸੀਲੇ** ਦੇ ਤੌਰ 'ਤੇ ਆਉਂਦਾ ਹੈ ਅਤੇ ਇਹ ਇਸ ਹਕੀਕਤ ਨੂੰ ਢੱਕ ਲੈਂਦਾ ਹੈ, ਕਿ ਇਹ ਜਿਣਸਾਂ ਦੇ ਰੂਪ-ਬਦਲ ਦੇ ਵਿਰੋਧੀ ਪੜਾਵਾਂ ਵਿੱਚ ਵੱਖ ਵੱਖ ਕਾਰਜਾਂ ਨੂੰ ਪੂਰਦਾ ਹੈ।

ਧਨ ਵੇਚ-ਕਰਤਾ ਦੇ ਹੱਥਾਂ ਵਿੱਚ, ਉਸੇ ਸੌਦੇ ਅੰਦਰ ਪਹੁੰਚ ਜਾਂਦਾ ਹੈ, ਜਿਸ ਵਿੱਚ ਜਿਣਸ ਹੱਥ-ਬਦਲ ਕੇ ਖਰੀਦ-ਕਰਤਾ ਕੋਲ਼ ਪਹੁੰਚਦੀ ਹੈ। ਜਿਣਸ ਅਤੇ ਧਨ, ਇਸ ਤਰ੍ਹਾਂ ਇੱਕ ਦੂਜੇ ਤੋਂ ਉਲਟ ਦਿਸ਼ਾ ਨੂੰ ਜਾਂਦੇ ਹਨ ਅਤੇ ਸਥਾਨਾਂ ਦੀ ਇਹ ਬਦਲੀ – ਜਿਸ ਦੇ ਦੌਰਾਨ ਜਿਣਸ ਟੱਪ ਕੇ ਇੱਕ ਪਾਸੇ ਅਤੇ ਧਨ ਦੂਜੇ ਪਾਸੇ ਚਲੇ ਜਾਂਦੇ ਹਨ – ਬੁਰਜੂਆ ਸਮਾਜ ਦੀ ਪੂਰੀ ਹਿੱਕ ਉੱਤੇ, ਅਣਗਿਣਤ ਨੁਕਤਿਆਂ ਤੇ ਇੱਕੋ ਸਮੇਂ ਵਾਪਰਦੀ ਹੈ। ਪਰੰਤੂ ਜਿਣਸ ਦਾ ਚਲਨ-ਖੇਤਰ ਵਿੱਚ ਪਹਿਲਾ ਦਾਖਲਾ ਇਸ ਦਾ ਆਖਰੀ ਦਾਖਲਾ ਵੀ ਹੁੰਦਾ ਹੈ।* ਭਾਵੇਂ ਕਿ ਜਿਣਸ ਇਸ ਲਈ ਆਪਣੀ ਥਾਂ ਬਦਲਦੀ ਹੈ ਕਿਉਂਕਿ ਸੋਨੇ ਦੀ ਇਸ ਵੱਲ ਖਿੱਚ ਹੋਈ ਹੈ (ਜ-ਧ) ਜਾਂ ਕਿ ਸੋਨੇ ਨੇ ਇਸ ਨੂੰ ਆਪਣੇ ਵੱਲ ਖਿੱਚ ਲਿਆ ਹੈ (ਧ-ਜ) ਇੱਕੋ ਹਰਕਤ ਦੇ ਨਤੀਜੇ ਵਜੋਂ ਥਾਂ ਦੀ ਇੱਕੋ ਬਦਲੀ ਕਾਰਨ, ਇਹ ਚਲਨ ਦੇ ਖੇਤਰ ਵਿੱਚੋਂ ਨਿਕਲ ਕੇ, ਖਪਤ ਦੇ ਖੇਤਰ ਵਿੱਚ ਆ ਦਾਖਲ ਹੁੰਦੀ ਹੈ। ਚਲਨ, ਜਿਣਸਾਂ ਦੀ ਇੱਕ ਨਿਰੰਤਰ ਹਰਕਤ ਹੈ, ਭਾਵੇਂ ਸਦਾ ਵੱਖ ਵੱਖ ਜਿਣਸਾਂ ਦੀ ਅਤੇ ਇੱਕ ਜਿਣਸ ਇੱਕੋਂ ਹਰਕਤ ਕਰਦੀ ਹੈ। ਹਰ ਜਿਣਸ, ਆਪਣੇ ਚੱਕਰ ਦਾ ਦੂਜਾ ਪੜਾਅ, ਪਹਿਲੀ ਜਿਣਸ ਦੇ ਰੂਪ ਵਿੱਚ ਸ਼ੁਰੂ ਨਹੀਂ ਕਰਦੀ, ਬਲਕਿ ਇੱਕ ਵੱਖਰੀ ਜਿਣਸ ਦੇ ਰੂਪ ਵਿੱਚ, ਭਾਵ ਸੋਨੇ ਦੇ ਰੂਪ ਵਿੱਚੋਂ ਇਸ ਤਰ੍ਹਾਂ, ਰੂਪ-ਬਦਲੀ ਜਿਣਸ ਦੀ ਹਰਕਤ, ਸੋਨੇ ਦੀ ਹਰਕਤ ਹੁੰਦੀ ਹੈ। ਇੱਕੋ ਸਿੱਕੇ, ਜਾਂ ਸੋਨੇ ਦੇ ਉਸੇ ਤਰ੍ਹਾਂ ਦੇ ਇੱਕ ਟੁਕੜੇ, ਜਿਸ ਨ ਕਿ (**ਜ-ਧ**) ਦੇ ਸੌਦੇ ਵਿੱਚ ਕਿਸੇ ਜਿਣਸ ਨਾਲ਼ ਥਾਵਾਂ ਬਦਲੀਆਂ ਸਨ, ਉਹ

---

* ਇਕ ਜਿਣਸ, ਪਿੱਛੋਂ, ਕਿੰਨੀ ਵਾਰ ਵੀ ਖਰੀਦੀ ਜਾਂ ਵੇਚੀ ਜਾ ਸਕਦੀ ਹੈ। ਇਸ ਸੂਰਤ ਵਿੱਚ, ਇਹ ਨਿਰੋਲ ਜਿਣਸ-ਰੂਪ ਵਿੱਚ ਹੀ ਚਾਲਿਤ ਨਹੀਂ ਹੁੰਦੀ, ਬਲਕਿ ਇੱਕ ਹੋਰ ਕਾਰਜ ਵੀ ਸਾਧਦੀ ਹੈ, ਜਿਹੜਾ ਹੁਣ ਤੀਕ ਸਧਾਰਨ ਚਲਨ ਦੀ ਦ੍ਰਿਸ਼ਟੀ ਤੋਂ ਅਤੇ ਜਿਣਸ ਤੇ ਧਨ ਦੇ ਸਾਧਾਰਨ ਵਿਰੋਧ ਦੀ ਦ੍ਰਿਸ਼ਟੀ ਤੋਂ ਵਜੂਦ ਵਿੱਚ ਨਹੀਂ ਆਇਆ ਹੁੰਦਾ।

ਹੁਣ, ਬਦਲੇ ਵਿੱਚ, **ਧ-ਜ** ਦਾ ਆਰੰਭ–ਨੁਕਤਾ ਬਣ ਜਾਂਦਾ ਹੈ ਅਤੇ ਇਸ ਤਰ੍ਹਾਂ, ਦੂਜੀ ਵੇਰ ਜਦੋਂ ਥਾਵਾਂ ਬਦਲਦਾ ਹੈ; ਤਾਂ ਹੋਰ ਕਿਸੇ ਜਿਣਸ ਨਾਲ਼ ਬਦਲਦਾ ਹੈ। ਜਿਵੇਂ ਕਿ ਇਹ **ਅ**, ਖਰੀਦ–ਕਰਤਾ ਦੇ ਹੱਥਾਂ ਵਿੱਚੋਂ ਦੀ ਲੰਘ ਕੇ, **ੳ**, ਵਿਕਰੇਤਾ – ਦੇ ਹੱਥਾਂ ਵਿੱਚ ਆਇਆ ਸੀ, ਉਸੇ ਤਰ੍ਹਾਂ ਹੁਣ ਉਹ **ੳ** ਦੇ ਹੱਥਾਂ ਵਿੱਚੋਂ ਦੀ ਲੰਘ ਕੇ, ਜਿਹੜਾ ਕਿ ਖਰੀਦ–ਕਰਤਾ ਬਣ ਚੁੱਕਾ ਹੈ, **ੲ** ਦੇ ਹੱਥਾਂ ਵਿੱਚ ਚਲਾ ਜਾਂਦਾ ਹੈ। ਕਿਸੇ ਜਿਣਸ ਦੇ ਰੂਪ ਵਿੱਚ ਤਬਦੀਲੀਆਂ, ਇਸ ਦਾ ਧਨ ਦੇ ਰੂਪ ਵਿੱਚ ਬਦਲ ਜਾਣਾ ਅਤੇ ਧਨ ਤੋਂ ਇਸ ਦੇ ਮੁੜ–ਬਦਲੀ, ਜਾਂ ਦੂਜੇ ਸ਼ਬਦਾਂ ਵਿੱਚ, ਕਿਸੇ ਜਿਣਸ ਦੀ ਸੰਪੂਰਨ ਰੂਪ–ਬਦਲੀ ਦੀ ਹਰਕਤ, ਇਸ ਤਰ੍ਹਾਂ ਲੱਗਦੀ ਹੈ, ਜਿਵੇਂ ਕਿ ਇਹ ਕਿਸੇ ਇੱਕੋ ਸਿੱਕੇ ਦੀ ਆਪਣੇ ਤੋਂ ਬਾਹਰਲੀ ਹਰਕਤ ਹੈ, ਜਿਹੜੀ ਕਿ ਦੋ ਵੱਖ ਵੱਖ ਜਿਣਸਾਂ ਨਾਲ਼, ਦੋ ਵਾਰ ਥਾਵਾਂ ਬਦਲਦੀ ਹੈ। ਇੱਕੋ ਸਮੇਂ ਹੋਣ ਵਾਲ਼ੀਆਂ ਖਰੀਦਾਂ ਅਤੇ ਵੇਚਾਂ, ਕਿੰਨੀਆਂ ਵੀ ਬਿਖਰੀਆਂ ਅਤੇ ਇਤਫਾਕੀਆਂ ਕਿਉਂ ਨਾ ਹੋਣ, ਇੱਕ ਖਰੀਦ–ਕਰਤਾ ਤਾਂ ਅਸਲ ਚਲਨ, ਅੰਦਰ, ਇੱਕੋ ਵੇਚ–ਕਰਤਾ ਨਾਲ਼ ਮੱਥਾ ਡਾਹੁੰਦਾ ਹੈ ਅਤੇ ਧਨ, ਜਿਹੜਾ ਕਿ ਵੇਚੀ ਜਿਣਸ ਦੀ ਥਾਂ ਲੈਂਦਾ ਹੈ, ਉਹ, ਉਹ ਹੈ ਜਿਹੜਾ ਖਰੀਦ–ਕਰਤਾ ਦੇ ਹੱਥਾਂ ਵਿੱਚ ਪਹੁੰਚਣ ਤੋਂ ਪਹਿਲਾਂ ਜ਼ਰੂਰ ਇੱਕ ਵਾਰ ਇਹ ਹੋਰ ਜਿਣਸ ਨਾਲ਼, ਥਾਵਾਂ ਬਦਲ ਬੈਠਾ ਹੈ। ਦੂਜੇ ਪਾਸੇ, ਦੇਰ ਜਾਂ ਸਵੇਰ, ਧਨ, ਵੇਚ–ਕਰਤਾ ਦੇ ਹੱਥਾਂ ਵਿੱਚੋਂ ਨਿਕਲ ਕੇ ਜਿਹੜਾ ਕਿ ਹੁਣ ਇੱਕ ਖਰੀਦ–ਕਰਤਾ ਬਣ ਚੁੱਕਾ ਹੈ, ਕਿਸੇ ਨਵੇਂ ਵੇਚ–ਸਰਤਾ ਦੇ ਹੱਥਾਂ ਵਿੱਚ ਜਾ ਅੱਪੜੇਗਾ ਅਤੇ ਇਸ ਦੀਆਂ ਲਗਾਤਾਰ ਦੀਆਂ ਥਾਂ–ਬਦਲੀਆਂ ਜਿਣਸਾਂ ਦੀਆਂ ਰੂਪ–ਬਦਲੀਆਂ ਦੀਆਂ ਅੰਤਰ–ਸੰਗਲੀਆਂ ਨੂੰ ਪ੍ਰਗਟ ਕਰਦੀਆਂ ਹਨ। ਉਹੋ ਸਿੱਕੇ, ਇਸ ਲਈ, ਚੱਕਰ ਦੇ ਇੱਕੋ ਨੁਕਤੇ ਤੋਂ ਦੂਜੇ ਨੁਕਤੇ ਵੱਲ, ਪਰ ਸਦਾ ਹਰਕਤ ਵਿੱਚ ਆਈਆਂ ਜਿਣਸਾਂ ਤੋਂ ਵਿਰੋਧੀ ਦਿਸ਼ਾ ਵੱਲ ਵੱਧਦੇ ਹਨ; ਕੁਝ ਸਿੱਕੇ ਜ਼ਿਆਦਾ ਵਾਰ ਆਉਂਦੇ ਹਨ, ਕੁਝ ਘੱਟ ਵਾਰ, ਇਸ ਤਰ੍ਹਾਂ ਉਹਨਾਂ ਦੀ ਗਰਾਫ਼–ਰੇਖਾ ਕਦੇ ਲੰਮੀ ਤੇ ਕਦੇ ਛੋਟੀ ਬਣਦੀ ਹੈ। ਇੱਕੋ ਸਿੱਕੇ ਦੀਆਂ ਵੱਖ ਵੱਖ ਹਰਕਤਾਂ ਘੱਟ ਹੀ, ਇੱਕ ਦੂਜੀ ਦੀਆਂ ਪੈੜ ਫੜ ਸਕਦੀਆਂ ਹਨ, ਜਿਵੇਂ ਕਿ ਉਲਟੇ ਪਾਸਿਓਂ ਲਈਏ, ਤਾਂ ਖਰੀਦਾਂ ਅਤੇ ਵੇਚਾਂ ਦੇ ਗੁਣੇ ਜਾਂ ਟੋਟੇ, ਇੱਕੋ ਸਮੇਂ ਅਤੇ ਸਥਾਨਕ ਤੌਰ 'ਤੇ ਵੀ ਨਾਲ਼ੋਂ ਨਾਲ਼ ਹੋਣ ਵਾਲ਼ੀਆਂ ਜਿਣਸ ਅਤੇ ਧਨ ਦੀਆਂ ਥਾਂ–ਬਦਲੀਆਂ, ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ।

ਜਿਣਸ–ਚਲਨ ਦਾ ਸਧਾਰਨ ਰੂਪ, **ਜ-ਧ-ਜ**, ਉਦੋਂ ਵਜੂਦ ਵਿੱਚ ਆਉਂਦਾ ਹੈ, ਜਦੋਂ ਧਨ, ਖਰੀਦ–ਕਰਤਾ ਦੇ ਹੱਥਾਂ ਵਿੱਚੋਂ ਨਿਕਲ ਕੇ ਵੇਚ–ਕਰਤਾ ਦੇ ਹੱਥਾਂ ਵਿੱਚ ਪੁੱਜਦਾ ਹੈ, ਅਤੇ ਵੇਚ–ਕਰਤਾ, ਜਿਹੜਾ ਕਿ ਹੁਣ ਖਰੀਦ–ਕਰਤਾ ਬਣ ਗਿਆ ਹੈ, ਦੇ ਹੱਥਾਂ ਵਿੱਚੋਂ ਨਿਕਲ ਕੇ ਇੱਕ ਨਵੇਂ ਵੇਚ–ਕਰਤਾ ਦੇ ਹੱਥਾਂ ਵਿੱਚ। ਇਸ ਨਾਲ਼ ਜਿਣਸ ਦੀ ਰੂਪ–ਬਦਲੀ ਸੰਪੂਰਨ ਹੋ ਜਾਂਦੀ ਹੈ ਅਤੇ ਇਸੇ ਤਰ੍ਹਾਂ, ਧਨ ਦੀ ਹਰਕਤ ਵੀ, ਜਿੱਥੋਂ ਤੀਕ ਕਿ ਇਹ ਇਸ ਰੂਪ–ਬਦਲੀ ਦਾ ਪ੍ਰਗਟਾਅ ਕਰਦੀ ਆ ਰਹੀ ਸੀ। ਪਰ, ਕਿਉਂਕਿ ਜਿਣਸਾਂ ਦੇ ਰੂਪ ਵਿੱਚ ਲਗਾਤਾਰ, ਨਵੀਂਆਂ ਇਸਤੇਮਾਲੀ ਕਦਰਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਜਿਹੜੀਆਂ ਕਿ ਲਾਜ਼ਮੀ ਤੌਰ 'ਤੇ, ਲਗਾਤਾਰ, ਨਵੇਂ ਸਿਰਿਓਂ, ਚਲਨ ਦੇ ਖੇਤਰ ਵਿੱਚ ਘੱਲੀਆਂ ਜਾਣੀਆਂ ਹਨ, ਇਸ ਲਈ, ਚੱਕਰ, **ਜ-ਧ-ਜ** ਨਵੇਂ ਸਿਰਿਓਂ ਬਣਦਾ ਹੈ ਅਤੇ ਉਹਨਾਂ ਹੀ ਜਿਣਸ

ਮਾਲਕਾਂ ਦੁਆਰਾ ਦੁਹਰਾਇਆ ਜਾਂਦਾ ਹੈ। ਖਰੀਦ-ਕਰਤਾਵਾਂ ਦੇ ਤੌਰ 'ਤੇ ਜੋ ਧਨ ਉਹਨਾਂ ਨੇ ਖਰਚਿਆ ਸੀ, ਉਹ ਉਹਨਾਂ ਪਾਸ ਮੁੜ ਆ ਜਾਂਦਾ ਹੈ, ਜਦੋਂ ਕਿ ਉਹ ਇੱਕ ਵਾਰੀ ਫੇਰ ਜਿਣਸਾਂ ਦੇ ਵੇਚ-ਕਰਤਾ ਬਣ ਜਾਂਦੇ ਹਨ। ਜਿਣਸ-ਚਲਨ ਦੇ ਲਗਾਤਾਰ ਨਵੀਂਕਰਨ ਹੁੰਦਿਆਂ ਰਹਿਣ ਦਾ ਪ੍ਰਗਟਾਅ ਇਸ ਗੱਲ ਤੋਂ ਸਾਫ ਹੋ ਜਾਂਦਾ ਹੈ, ਕਿ ਬੁਰਜੂਆ ਸਮਾਜ ਦੀ ਸੰਪੂਰਨ ਹਿੱਕ 'ਤੇ ਧਨ ਨਾ ਕੇਵਲ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਕੋਲ਼ ਪਹੁੰਚਦਾ ਰਹਿੰਦਾ ਹੈ, ਬਲਕਿ, ਉਹ ਉਸੇ ਸਮੇਂ, ਕਈ ਹੋਰ ਵੀ, ਵੱਖਰਿਆਵੇਂ ਛੋਟੇ ਚੱਕਰ ਘੜ੍ਹਦਾ ਰਹਿੰਦਾ ਹੈ, ਅਣਗਿਣਤ ਕਿਸਮ ਦੇ ਨੁਕਤਿਆਂ ਤੋਂ ਆਰੰਭ ਕਰਦਾ ਹੈ ਅਤੇ ਉਹਨਾਂ 'ਤੇ ਹੀ ਮੁੜ ਆਉਂਦਾ ਹੈ, ਤਾਂ ਜੋ ਉਹ ਮੁੜ ਉਸੇ ਹਰਕਤ ਨੂੰ ਫਿਰ ਦੁਹਰਾ ਸਕੇ।

ਜਿਵੇਂ ਜਿਣਸ ਦੀ ਰੂਪ-ਬਦਲੀ, ਕੇਵਲ-ਮਾਤਰ ਧਨ ਦੀ ਸਥਾਨ-ਬਦਲੀ ਜਿਹੀ ਪ੍ਰਤੀਤ ਹੁੰਦੀ ਹੈ, ਅਤੇ ਚਲਨ-ਹਰਕਤ ਦੀ ਨਿਰੰਤਰਤਾ, ਕੁੱਲੋ-ਕੁੱਲ ਧਨਵੀ ਪੱਖ ਨਾਲ਼ ਸਬੰਧਤ ਰਹਿੰਦੀ ਹੈ – ਕਾਰਨ, ਕਿ ਜਿਣਸ, ਸਦਾ ਹੀ ਇੱਕ ਕਦਮ, ਧਨ ਤੋਂ ਉਲਟੀ ਦਿਸ਼ਾ ਵੱਲ, ਪੁੱਟਦੀ ਹੈ, ਪਰ, ਧਨ, ਹਰ ਵਾਰੀ, ਜਿਣਸ ਦੁਆਰਾ ਸ਼ੁਰੂ ਕੀਤੀ ਹਰਕਤ ਨੂੰ ਪੂਰਿਆਂ ਕਰਨ ਲਈ, ਦੂਜਾ ਕਦਮ ਪੁੱਟਦਾ ਹੈ – ਇਸ ਤਰ੍ਹਾਂ ਸਾਰੀ ਹਰਕਤ ਧਨ ਦੁਆਰਾ ਆਰੰਭ ਕੀਤੀ ਪ੍ਰਤੀਤ ਹੁੰਦੀ ਹੈ। ਹਾਲਾਂਕਿ ਵੇਚ ਦੇ ਦੌਰਾਨ, ਇਹ ਜਿਣਸ ਹੁੰਦੀ ਹੈ ਜਿਹੜੀ ਕਿ ਧਨ ਨੂੰ ਹਰਕਤ ਵਿੱਚ ਲਿਆਉਣ ਦਾ ਕਾਰਨ ਬਣਦੀ ਹੈ, ਇਸ ਤਰ੍ਹਾਂ, ਉਹ ਧਨ ਨੂੰ ਉਸੇ ਤਰ੍ਹਾਂ ਚਲਨ ਵਿੱਚ ਲਿਆਉਂਦੀ ਹੈ, ਜਿਵੇਂ ਕਿ ਖਰੀਦ ਦੇ ਦੌਰਾਨ ਧਨ, ਜਿਣਸ ਨੂੰ ਚਲਨ ਵਿੱਚ ਲਿਆਉਂਦਾ ਹੈ। ਇਸ ਤੋਂ ਵੀ ਅੱਗੇ, ਕਿਉਂਕਿ, ਧਨ ਦਾ, ਜਿਣਸਾਂ ਨਾਲ਼ ਵਾਹ ਸਦਾ, ਖਰੀਦ-ਵਸੀਲੇ ਦੇ ਰੂਪ ਵਿੱਚ ਪੈਂਦਾ ਹੈ ਅਤੇ ਇਸ ਤਰ੍ਹਾਂ ਕਰਦਿਆਂ, ਉਹ ਕੇਵਲ ਜਿਣਸਾਂ ਦੀਆਂ ਕੀਮਤਾਂ ਵਸੂਲ ਕਰਨ ਨਾਲ਼ ਹੀ; ਉਹਨਾਂ ਨੂੰ ਹਰਕਤ ਵਿੱਚ ਲਿਆਉਣ ਦਾ ਕਾਰਨ ਬਣ ਜਾਂਦਾ ਹੈ; ਚਲਨ ਦੀ ਸਾਰੀ ਦੀ ਸਾਰੀ ਹਰਕਤ ਇੰਝ ਲੱਗਦੀ ਹੈ, ਜਿਵੇਂ ਕਿ ਧਨ, ਜਿਣਸਾਂ ਦੀਆਂ ਥਾਵਾਂ ਬਦਲੀ ਜਾ ਰਿਹਾ ਹੈ, ਭਾਵੇਂ ਉਹ ਆਪਣਾ ਕੰਮ, ਅਲੱਗ ਅਲੱਗ ਸੌਦਿਆਂ ਵਿੱਚ, ਜਿਹੜੀ ਕਿ ਨਾਲ਼ੋਂ ਨਾਲ਼ ਹੋਈ ਜਾਂਦੇ ਹਨ, ਉਹਨਾਂ ਦੀਆਂ ਕੀਮਤਾਂ, ਵਸੂਲ ਕਰ ਕੇ ਕਰਦਾ ਹੈ, ਜਾਂ ਕਿ ਪਿੱਛੋਂ, ਜਦੋਂ ਕਿ ਇੱਕੋ ਸਿੱਕਾ, ਵਾਰੋ-ਵਾਰੀ ਵੱਖ ਵੱਖ ਜਿਣਸਾਂ ਦੀ ਕੀਮਤਾਂ ਨੂੰ ਉਗਰਾਹੁੰਦਾ ਹੈ। ਮਿਸਾਲ ਲਈ ਜੇ, ਕੋਈ **ਜ-ਧ-ਜ´-ਧ-ਜ´´-ਧ-ਜ´´´**, ਆਦਿ ਦੀ ਪੜਤਾਲ਼ ਕਰਦਾ ਹੈ, ਅਤੇ ਗੁਣਾਤਮਕ ਪੱਖਾਂ ਦਾ ਧਿਆਨ ਨਹੀਂ ਕਰਦਾ, ਜਿਹੜੇ ਕਿ ਅਸਲ ਚਲਨ ਵਿੱਚ ਬੇ-ਪਛਾਣੇ ਰਹਿੰਦੇ ਹਨ, ਤਾਂ ਉਸੇ ਤਰ੍ਹਾਂ ਦਾ ਅਬਦਲ ਜਿਹਾ ਕਾਰਜ ਵਾਰ-ਵਾਰ ਆਈ ਜਾਂਦਾ ਹੈ। **ਜ** ਦੀ ਕੀਮਤ ਵਸੂਲ ਕਰਨ ਤੋਂ ਬਾਅਦ, **ਧ** ਫੇਰ ਵਾਰੋ-ਵਾਰੀ **ਜ´**, **ਜ´´**, ਆਦਿ ਦੀਆਂ ਕੀਮਤਾਂ ਵਸੂਲ ਕਰਦਾ ਹੈ ਅਤੇ **ਜ´**, **ਜ´´**, **ਜ´´´**, ਆਦਿ ਜਿਣਸਾਂ ਧਨ ਦੁਆਰਾ ਖਾਲੀ ਕੀਤੀ ਥਾਂ, ਆਪਣੇ ਆਪ ਲਈ ਜਾਂਦੀਆਂ ਹਨ। ਇਸ ਤਰ੍ਹਾਂ ਇਹ ਸਾਫ ਦਿੱਸਣ ਲੱਗਦਾ ਹੈ ਕਿ ਧਨ, ਜਿਣਸਾਂ ਦੀਆਂ ਕੀਮਤਾਂ ਵਸੂਲ ਕਰਨ ਨਾਲ਼, ਉਹਨਾਂ ਦੇ ਚਲਨ ਦਾ ਕਾਰਨ ਬਣਦਾ ਹੈ। ਜਦੋਂ ਇਹ ਕੀਮਤਾਂ ਨੂੰ ਵਸੂਲ ਕਰਨ ਦਾ ਕੰਮ ਕਰਦਾ ਹੈ, ਧਨ ਆਪ ਵੀ, ਲਗਾਤਾਰ ਚਾਲਿਤ ਰਹਿੰਦਾ ਹੈ, ਕਦੇ ਕਦੇ ਇੱਕ ਗਰਾਫ਼-ਰੇਖਾ ਬਣਾਉਂਦਾ ਜਾਂ

ਇੱਕ ਛੋਟਾ ਚੱਕਰ ਕੱਟਦਾ ਹੈ, ਜਿਸ ਵਿੱਚ, ਵਿਛੋੜ-ਬਿੰਦੂ ਤੇ ਪਰਤਣ-ਬਿੰਦੂ ਇੱਕੋ ਜਿਹੇ ਹੁੰਦੇ ਹਨ। ਚਲਨ-ਮਾਧਿਅਮ ਦੇ ਤੌਰ 'ਤੇ ਕੰਮ ਕਰਦਿਆਂ ਇਸ ਦਾ ਆਪਣਾ ਚਲਨ ਵੀ ਹੁੰਦਾ ਹੈ। ਚਾਲਿਤ ਜਿਣਸਾਂ ਦੀ ਹਰਕਤ ਅਤੇ ਉਹਨਾਂ ਦੇ ਬਦਲਦੇ ਰੂਪ, ਇਸ ਤਰ੍ਹਾਂ, ਇੰਝ ਪ੍ਰਤੀਤ ਹੁੰਦੇ ਹਨ, ਜਿਵੇਂ ਕਿ ਧਨ ਦੀ ਹਰਕਤ ਜਿਣਸਾਂ ਦੇ ਤਬਾਦਲੇ ਵਿੱਚ ਵਿਚੋਲੀਏ ਦਾ ਕੰਮ ਕਰਦੀ ਹੈ, ਜਿਹੜੀਆਂ ਕਿ ਆਪ ਤਾਂ ਇੱਕੋ ਥਾਂ ਟਿਕੀਆਂ ਹੋਈਆਂ ਹਨ। ਇਸ ਲਈ, ਜਿਣਸਾਂ ਦੇ ਚਲਨ-ਅਮਲ ਦੀ ਹਰਕਤ, ਧਨ ਦੀ ਬਤੌਰ ਚਲਨ-ਮਾਧਿਅਮ, ਦੀ ਹਰਕਤ ਦੁਆਰਾ ਭਾਵ **ਧਨ ਦੇ ਚਲਨ** ਦੁਆਰਾ, ਦਰਸਾਈ ਜਾਂਦੀ ਹੈ।

ਜਿਵੇਂ ਕਿ ਜਿਣਸ-ਮਾਲਕ ਨਿੱਜੀ ਕਿਰਤ ਦੀਆਂ ਉਤਪਾਦਾਂ ਨੂੰ ਇੱਕ ਚੀਜ਼, ਭਾਵ ਸੋਨੇ ਨੂੰ ਆਮ ਕਿਰਤ-ਸਮੇਂ ਦੇ ਸਿੱਧੇ ਸਾਕਾਰ ਵਿੱਚ ਅਤੇ ਇਸ ਲਈ ਧਨ ਵਿੱਚ, ਬਦਲ ਕੇ, ਉਹਨਾਂ ਨੂੰ ਸਮਾਜਿਕ-ਕਿਰਤ ਦੀਆਂ ਉਤਪਾਦਾਂ ਦੇ ਰੂਪ ਵਿੱਚ ਪੇਸ਼ ਕਰਦੇ ਸਨ, ਉਸੇ ਤਰ੍ਹਾਂ ਹੁਣ, ਉਹਨਾਂ ਦੀ ਆਪਣੀ ਵਿਆਪਕ ਹਰਕਤ, ਜਿਸ ਰਾਹੀਂ, ਉਹ ਆਪਣੀ ਕਿਰਤ ਦੇ ਪਦਾਰਥਕ ਅਨਸਰਾਂ ਦੇ ਤਬਾਦਲੇ ਕੀਤਾ ਕਰਦੇ ਸਨ, ਉਹੋ ਹੁਣ ਉਹਨਾਂ ਦੇ ਸਾਹਮਣੇ, ਇੱਕ ਚੀਜ਼ ਦੀ ਖਾਸ ਹਰਕਤ ਦੇ ਰੂਪ ਵਿੱਚ, ਭਾਵ ਸੋਨੇ ਦੇ ਚਲਨ ਦੇ ਰੂਪ ਵਿੱਚ ਆ ਖੜ੍ਹੋਂਦੀ ਹੈ। ਸਮਾਜਿਕ ਤਹਿਰੀਕ, ਜਿਣਸ-ਮਾਲਕਾਂ ਲਈ, ਇੱਕ ਪਾਸੇ ਤਾਂ, ਇੱਕ ਬਾਹਰੀ ਲੋੜ ਹੈ ਅਤੇ ਦੂਜੇ ਪਾਸੇ, ਇੱਕ ਰਸਮੀ ਵਿਚੋਲੀਆਂ ਅਮਲ ਹੈ ਜਿਹੜਾ ਕਿ ਹਰ ਵਿਅਕਤੀ ਨੂੰ, ਉਸੇ ਕਦਰ ਦੀਆਂ ਵੱਖ ਵੱਖ ਇਸਤੇਮਾਲੀ ਕਦਰਾਂ ਹਾਸਲ ਕਰਨ ਦੀ ਸਮਰਥਾ ਦੇਂਦਾ ਹੈ, ਜਿਸ (ਕਦਰ) ਦੀਆਂ ਜਿਣਸਾਂ ਉਸ ਨੇ ਚਲਨ ਵਿੱਚ ਸੁੱਟੀਆਂ ਹਨ। ਜਿਣਸ ਉਸੇ ਸਮੇਂ ਤੋਂ ਇਸਤੇਮਾਲੀ ਕਦਰ ਦੇ ਰੂਪ ਵਿੱਚ ਕਾਰਜ ਕਰਨਾ ਸ਼ੁਰੂ ਕਰ ਦੇਂਦੀ ਹੈ, ਜਦੋਂ ਤੋਂ ਇਹ ਚਲਨ ਦੇ ਖੇਤਰ ਨੂੰ ਵਿਦਾ ਕਹਿ ਦੇਂਦੀ ਹੈ, ਜਦੋਂ ਕਿ ਧਨ ਦੀ ਇਸਤੇਮਾਲੀ ਕਦਰ, ਬਤੌਰ ਚਲਨ-ਵਸੀਲੇ ਦੇ ਹੁੰਦੀ ਹੀ ਇਸ ਕਰ ਕੇ ਹੀ, ਕਿਉਂਕਿ ਇਹ ਚਲਨ ਵਿੱਚ ਹੈ। ਜਿਣਸ ਦੀ ਚਲਨ-ਖੇਤਰ ਵਿੱਚ ਤਹਿਰੀਕ ਇੱਕ ਬੇ-ਮਲੂਮਾ ਜਿਹਾ ਕੰਮ ਹੈ, ਜਦੋਂ ਕਿ ਇਸ ਖੇਤਰ ਦੇ ਅੰਦਰ ਲਗਾਤਾਰ ਹਰਕਤ ਵਿੱਚ ਬਣੇ ਰਹਿਣ ਦਾ ਕੰਮ, ਧਨ ਦਾ ਬਣ ਜਾਂਦਾ ਹੈ। ਧਨ ਦੇ ਵਿਸ਼ੇਸ਼ ਕਾਰਜ ਤੋਂ, ਜਿਸ ਨੂੰ ਕਿ ਇਹ ਚਲਨ ਦੇ ਅੰਦਰ-ਅੰਦਰ, ਪੂਰਿਆਂ ਕਰਦਾ ਹੈ, ਇਸ ਨੂੰ, ਬਤੌਰ ਚਲਨ-ਮਾਧਿਅਮ ਦੇ, ਇੱਕ ਨਵਾਂ ਅਤੇ ਵੱਖਰਿਆਵਾਂ ਪੱਖ ਮਿਲ ਜਾਂਦਾ ਹੈ, ਜਿਸ ਦੀ ਹੁਣ ਅਸੀਂ ਇੱਥੇ, ਹੋਰ ਵੀ ਵਿਸਥਾਰ ਨਾਲ਼, ਪੁਣ-ਛਾਣ ਕਰਾਂਗੇ।

ਸਭ ਤੋਂ ਪਹਿਲਾਂ, ਇਹ ਸਪੱਸ਼ਟ ਹੈ ਕਿ ਧਨ ਦਾ ਚਲਨ ਇੱਕ ਬੇ-ਹਿਸਾਬਾ, ਵੰਡਵਾਂ ਕਾਰੋਬਾਰ ਹੈ, ਕਿਉਂਕਿ ਇਸ ਤੋਂ ਖਰੀਦਾਂ ਅਤੇ ਵੇਚਾਂ ਵਿੱਚ, ਚਲਨ ਦੇ ਅਮਲ ਦੀ ਬੇਹਿਸਾਬੀ ਅਦਲ-ਬਦਲ ਅਤੇ ਜਿਣਸਾਂ ਦੇ ਰੂਪ-ਬਦਲ ਦੇ ਪੂਰਕ ਪੜਾਵਾਂ ਦੀ ਸੰਪੂਰਨ ਅਲਹਿਦਗੀ, ਜ਼ਾਹਰ ਹੋ ਜਾਂਦੀ ਹੈ। ਇਹ ਸੱਚ ਹੈ ਕਿ ਮੁੜ-ਸ਼ੁਰੂ ਹੋਈ ਤਹਿਰੀਕ, ਇੱਕ ਅਸਲ ਚੱਕਰਦਾਰ ਗਤੀ, ਧਨ ਦੇ ਛੋਟੇ ਚੱਕਰਾਂ ਵਿੱਚ ਪੈਦਾ ਹੁੰਦੀ ਹੈ, ਜਿਹਨਾਂ ਵਿੱਚ ਵਿਛੋੜ-ਬਿੰਦੂ ਅਤੇ ਪਰਤਣ-ਬਿੰਦੂ ਇੱਕੋ-ਸਮਾਨ ਹੁੰਦੇ ਹਨ, ਪਰ ਸਭ ਤੋਂ ਪਹਿਲੀ ਗੱਲ, ਵਿਛੋੜ-ਬਿੰਦੂ ਉੱਨੀ ਹੀ ਸੰਖਿਆ ਵਿੱਚ ਹੁੰਦੇ ਹਨ ਜਿੰਨੀ ਦੀਆਂ ਜਿਣਸਾਂ ਹੁੰਦੀਆਂ ਹਨ ਅਤੇ ਉਹਨਾਂ

ਦੀ ਬੇਹਿਸਾਬੀ ਗਿਣਤੀ ਉਹਨਾਂ ਨੂੰ ਗਿਣਨ, ਮਿਣਨ ਅਤੇ ਇਹਨਾਂ ਚੱਕਰਾਂ ਦਾ ਹਿਸਾਬ ਰੱਖਣ ਦੇ ਰਾਹ ਵਿੱਚ ਰੋੜਾ ਬਣਦੀ ਹੈ। ਉਹ ਸਮਾਂ, ਜਿਹੜਾ ਕਿ ਵਿਛੋੜਨ ਅਤੇ ਆਰੰਭ-ਨੁਕਤੇ 'ਤੇ ਮੁੜ ਪਰਤਣ ਦੇ ਵਿਚਕਾਰ ਦਾ ਹੁੰਦਾ ਹੈ, ਇਸ ਬਾਰੇ ਵੀ ਕੋਈ ਗਾਰੰਟੀ ਨਹੀਂ ਹੋ ਸਕਦੀ। ਇਸਤੋਂ ਵੀ ਅੱਗੇ, ਇਹ ਜਾਂਚ ਬਿਲਕੁਲ ਹੀ ਬੇਤੁਕੀ ਹੋਵੇਗੀ, ਕਿ ਕੀ ਕਿਸੇ ਖਾਸ ਮਾਮਲੇ ਵਿੱਚ ਇਹ ਚੱਕਰ ਚੱਲ ਰਿਹਾ ਹੈ, ਜਾਂ ਨਹੀਂ। ਇਸ ਤੋਂ ਵੱਧ ਜਾਣਿਆਂ-ਮਾਣਿਆਂ ਕੋਈ ਆਰਥਿਕ ਤੱਥ ਨਹੀਂ ਕਿ ਕੋਈ ਵੀ ਧਨ ਨੂੰ, ਇਸ ਨੂੰ ਪਿੱਛੋਂ, ਪ੍ਰਾਪਤ ਕਰਨ ਤੋਂ ਬਿਨਾਂ, ਖਰਚ ਕਰ ਸਕਦਾ ਹੈ। ਧਨ ਆਪਣਾ ਚੱਕਰ, ਅੰਤਹੀਨ ਨੁਕਤਿਆਂ ਦੇ ਸਮੂਹ ਵਿੱਚੋਂ ਆਰੰਭ ਕਰਦਾ ਹੈ ਅਤੇ ਇੱਕ ਅੰਤਹੀਨ ਨੁਕਤਿਆਂ ਦੇ ਸਮੂਹ ਵਿੱਚ ਹੀ ਪਰਤ ਆਉਂਦਾ ਹੈ। ਪਰ ਵਿਛੋੜਾ-ਬਿੰਦੂ ਅਤੇ ਪਰਤਣ-ਬਿੰਦੂ ਦਾ ਇੱਕ ਸਾਰ ਹੋ ਜਾਣਾ ਇਤਫਾਕੀਆ ਗੱਲ ਹੈ, ਕਿਉਂਕਿ **ਜ-ਧ-ਜ** ਤਹਿਰੀਕ ਦੀ ਇਹ ਲਾਜ਼ਮੀ ਸ਼ਰਤ ਨਹੀਂ, ਕਿ ਖਰੀਦ-ਕਰਤਾ ਮੁੜ ਵੇਚ-ਕਰਤਾ ਬਣ ਹੀ ਜਾਵੇਗੀ। ਇਸ ਤੋਂ ਵੀ ਘੱਟ ਠੀਕ ਧਨ-ਚਲਨ ਦਾ ਇੱਕ ਤਹਿਰੀਕ ਦੇ ਤੌਰ 'ਤੇ ਅੰਦਾਜ਼ਾ ਲਾਉਣਾ ਹੋਵੇਗਾ, ਕਿਉਂਕਿ ਧਨ ਤਾਂ, ਇੱਕ ਕੇਂਦਰ ਤੋਂ ਗੁਲਾਈ ਦੇ ਸਾਰੇ ਨੁਕਤਿਆਂ ਤੋਂ ਮੁੜ ਉਸੇ ਕੇਂਦਰ ਨੂੰ ਪਰਤ ਆਉਂਦਾ ਹੈ। ਧਨ ਦਾ ਅਖੌਤੀ ਚੱਕਰ, ਜਿਵੇਂ ਕਿ ਲੋਕ ਇਸ ਨੂੰ ਸਮਝਦੇ ਹਨ, ਕੁੱਲ ਮਿਲਾ ਕੇ ਇੰਨੀ ਗੱਲ ਹੈ, ਕਿ ਧਨ ਆ ਜਾਂਦਾ ਹੈ, ਧਨ ਚਲਿਆ ਜਾਂਦਾ ਹੈ; ਇਸ ਦਾ ਇੱਕ ਥਾਂ ਤੋਂ ਦੂਜੀ ਥਾਂ ਆਉਣ ਜਾਣ ਲੱਗਿਆ ਰਹਿੰਦਾ ਹੈ, ਇਹ ਸਭ ਨੂੰ ਦਿਖਦਾ ਹੈ। ਜਦੋਂ ਅਸੀਂ, ਚਲਨ-ਮਾਧਿਅਮ ਦੇ ਰੂਪ ਵਰਤੀਂਦੀ ਧਨ ਦੀ ਅਧਿਕ ਉੱਨਤ ਸ਼ਕਲ, ਭਾਵ ਬੈਂਕ-ਨੋਟਾਂ 'ਤੇ ਵਿਚਾਰ ਕਰਾਂਗੇ, ਤਾਂ ਅਸੀਂ ਦੇਖਾਂਗੇ, ਕਿ ਧਨ ਦੇ ਇਜਰਾ ਨੂੰ ਚਲਾਉਣ ਵਾਲ਼ੀਆਂ ਹਾਲਤਾਂ, ਇਸ ਦੇ ਮੁੜ ਵਹਿਣ ਨੂੰ ਵੀ ਨਿਸ਼ਚਿਤ ਕਰਦੀਆਂ ਹਨ। ਪਰ ਜਿੱਥੋਂ ਤੱਕ ਸਾਧਾਰਨ ਧਨ-ਚਲਨ ਦਾ ਸਬੰਧ ਹੈ, ਇਹ ਕੇਵਲ ਚਾਨਸ ਦੀ ਹੀ ਗੱਲ ਹੈ ਕਿ ਕੋਈ ਖਾਸ ਖਰੀਦ-ਕਰਤਾ, ਮੁੜ ਇੱਕ ਵਾਰੀ ਫੇਰ ਵੇਚ-ਕਰਤਾ ਬਣਦਾ ਹੈ। ਜਿੱਥੇ ਕਿਤੇ ਸਾਧਾਰਨ ਧਨ-ਚਲਨ ਦੇ ਖੇਤਰ ਵਿੱਚ, ਸੱਚਮੁੱਚ ਦੀਆਂ ਚੱਕਰਦਾਰ ਗਤੀਆਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ, ਉਹ ਉੱਥੇ ਕੇਵਲ-ਮਾਤਰ ਪੈਦਾਵਾਰ ਦੇ ਵੱਧ ਬੁਨਿਆਦੀ ਅਮਲਾਂ ਨੂੰ ਹੀ ਜ਼ਾਹਰ ਕਰਦੇ ਹਨ। ਮਿਸਾਲ ਵਜੋਂ ਜਦੋਂ ਕੋਈ ਕਾਰਖਾਨੇਦਾਰ ਆਪਣੇ ਬੈਂਕਰ ਪਾਸੋਂ **ਸ਼ੁੱਕਰਵਾਰ** ਨੂੰ ਧਨ ਪ੍ਰਾਪਤ ਕਰਦਾ ਹੈ, ਉਹ ਉਸ ਧਨ ਨੂੰ ਆਪਣੇ ਮਜ਼ਦੂਰਾਂ ਨੂੰ **ਸ਼ਨੀਵਾਰ** ਨੂੰ ਦੇਂਦਾ ਹੈ, ਮਜ਼ਦੂਰ ਅੱਗੇ, ਉਸ ਦਾ ਵੱਡਾ ਭਾਗ, ਫੌਰੀ ਤੌਰ 'ਤੇ ਪਰਚੂਨੀਆਂ ਨੂੰ ਦੇ ਦੇਂਦੇ ਹਨ ਅਤੇ ਪਰਚੂਨੀਏ **ਸੋਮਵਾਰ** ਨੂੰ ਇਸੇ ਧਨ ਨੂੰ ਬੈਂਕ ਵਿੱਚ ਮੁੜ ਪਹੁੰਚਾ ਦੇਂਦੇ ਹਨ।

ਅਸੀਂ ਦੇਖਿਆ ਹੈ ਕਿ ਧਨ ਇੱਕੋ ਸਮੇਂ, ਇੱਕੋ ਥਾਂ ਹੋਣ ਵਾਲ਼ੀਆਂ ਨਿੱਕ-ਸੁੱਕ ਖਰੀਦਾਂ ਅਤੇ ਵੇਚਾਂ ਤੋਂ ਮਿਲ ਕੇ ਬਣੀਆਂ ਕੀਮਤਾਂ ਦੀ ਮਿਥੀ ਰਕਮ, ਵਸੂਲ ਕਰਦਾ ਹੈ, ਅਤੇ ਕਿ ਇਹ ਹਰ ਜਿਣਸ ਨਾਲ਼ ਕੇਵਲ ਇੱਕੋ ਵਾਰ ਥਾਵਾਂ-ਬਦਲ ਕਰਦਾ ਹੈ। ਪਰ ਦੂਜੇ ਪਾਸੇ, ਜਿੱਥੋਂ ਤੱਕ, ਜਿਣਸਾਂ ਦੇ ਸੰਪੂਰਨ ਰੂਪ-ਬਦਲਾਂ ਦੀਆਂ ਹਰਕਤਾਂ ਦੇ ਤੌਰ 'ਤੇ ਅਤੇ ਇਹਨਾਂ ਰੂਪ-ਬਦਲਾਂ ਦਾ ਸਿਲਸਿਲਾ ਧਨ ਦੀ ਹਰਕਤ ਵਿੱਚ ਨਜ਼ਰੀਂ ਪੈਂਦਾ ਹੈ, ਇੱਕੋ ਸਿੱਕਾ ਵੱਖ ਵੱਖ ਜਿਣਸਾਂ ਦੀਆਂ ਕੀਮਤਾਂ ਵਸੂਲਦਾ ਹੈ ਅਤੇ ਇਸ ਤਰ੍ਹਾਂ ਵਡੇਰੇ-ਛੁਟੇਰੇ ਕਈ ਚੱਕਰ ਬਣਾਉਂਦਾ

ਹੈ। ਇਸ ਲਈ, ਜੇ ਅਸੀਂ ਕਿਸੇ ਦੇਸ਼ ਅੰਦਰਲੇ, ਕਿਸੇ ਖਾਸ ਸਮੇਂ ਦੇ ਚਲਨ–ਅਮਲ 'ਤੇ ਵਿਚਾਰ ਕਰੀਏ, ਮਿਸਾਲ ਲਈ, ਇੱਕ ਦਿਨ ਦੇ, ਤਾਂ ਕੀਮਤਾਂ ਦੀ ਵਸੂਲੀ ਅਤੇ ਉਸੇ ਅਨੁਸਾਰ ਜਿਣਸਾਂ ਦੇ ਚਲਨ ਲਈ ਲੁੜੀਂਦੀ, ਸੋਨੇ ਦੀ ਰਕਮ ਦਾ ਨਿਰਣਾ ਦੋ ਗੱਲਾਂ ਤੋਂ ਹੋਵੇਗਾ: ਇੱਕ ਤਾਂ ਕੀਮਤਾਂ ਦੀ ਕੁੱਲ ਰਕਮ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਦੂਜੇ, ਚੱਕਰਾਂ ਦੀ ਔਸਤ ਸੰਖਿਆ ਦਾ, ਜਿੰਨੇ ਚੱਕਰ ਹਰ ਸੋਨੇ ਦਾ ਸਿੱਕਾ ਕੱਟਦਾ ਹੈ। ਚੱਕਰਾਂ ਦੀ ਗਿਣਤੀ ਜਾਂ ਧਨ–ਚਲਨ ਦੀ ਰਫ਼ਤਾਰ, ਆਪਣੀ ਥਾਂ 'ਤੇ ਨਿਸ਼ਚਿਤ ਹੁੰਦੀ ਹੈ, ਜਾਂ ਕਿ ਸੌਖਿਆਂ ਹੀ ਇਹਨਾਂ ਗੱਲਾਂ ਤੋਂ ਜ਼ਾਹਰ ਹੋ ਜਾਂਦੀ ਹੈ: ਜਿਣਸਾਂ ਦੀ ਆਪਣੇ ਰੂਪ–ਬਦਲ ਦੇ ਵੱਖ ਵੱਖ ਪੜਾਵਾਂ ਵਿੱਚੋਂ ਦੀ ਲੰਘਦਿਆਂ ਔਸਤ ਰਫ਼ਤਾਰ, ਉਹ ਰਫ਼ਤਾਰ, ਜਿਸ ਨਾਲ਼, ਇੱਕ ਬਣਾਉਂਦੇ ਰੂਪ–ਬਦਲ ਇੱਕ–ਦੂਜੇ ਦਾ ਪਿੱਛਾ ਕਰਦੇ ਹਨ ਅਤੇ ਉਹ ਰਫ਼ਤਾਰ, ਜਿਸ ਨਾਲ਼ ਨਵੀਂਆਂ ਜਿਣਸਾਂ, ਉਹਨਾਂ ਨੂੰ ਬਦਲਣ ਲਈ, ਚਲਨ ਵਿੱਚ ਸੁੱਟੀਆਂ ਜਾਂਦੀਆਂ ਹਨ, ਜਿਹੜੀਆਂ ਕਿ ਆਪਣੇ ਰੂਪ–ਬਦਲ ਮੁਕਾ ਚੁੱਕੀਆਂ ਹਨ। ਜਿੱਥੇ ਕਿ, ਕੀਮਤਾਂ ਦਾ ਨਿਸਚਾ ਕਰਨ ਦੇ ਦੌਰਾਨ, ਸਾਰੀਆਂ ਜਿਣਸਾਂ ਦੀ ਤਬਾਦਲਾ–ਕਦਰ ਨੂੰ, ਨਾਂ–ਮਾਤਰ ਲਈ, ਉਸੇ ਕਦਰ ਦੇ ਸੋਨੇ ਦੀ ਕਿਸੇ ਮਿਕਦਾਰ ਵਿੱਚ ਬਦਲ ਲਿਆ ਜਾਂਦਾ ਹੈ, ਅਤੇ **ਧ-ਜ** ਅਤੇ **ਜ-ਧ** ਦੇ ਦੋ ਅੱਡਰੇ ਸੌਦਿਆਂ ਦੇ ਵਿੱਚ ਉਹੋ ਕਦਰ ਦੋ ਵਾਰ ਮੌਜੂਦ ਹੋਵੇ – ਇੱਕ ਵਾਰ ਤਾਂ ਜਿਣਸਾਂ ਦੇ ਰੂਪ ਵਿੱਚ ਅਤੇ ਦੂਜੀ ਵਾਰ ਸੋਨੇ ਦੇ ਰੂਪ ਵਿੱਚ; ਤਾਂ ਵੀ, ਸੋਨਾ, ਬਤੌਰ ਚਲਨ–ਮਾਧਿਅਮ ਦੇ, ਇੱਕਾ–ਦੁੱਕਾ ਸਥਿਰ ਜਿਣਸਾਂ ਦੇ ਨਾਲ਼ ਇਸ ਦੇ ਇਕੱਲਵੰਜੇ ਸਬੰਧ ਨਾਲ਼ ਨਹੀਂ ਆਂਕਿਆ ਜਾਵੇਗਾ, ਬਲਕਿ, ਜਿਣਸਾਂ ਦੇ ਤਰਲ ਸੰਸਾਰ ਵਿੱਚ ਇਸ ਦੇ ਗਤੀਸ਼ੀਲ ਵਜੂਦ ਰਾਹੀਂ ਆਂਕਿਆ ਜਾਵੇਗਾ। ਸੋਨੇ ਦਾ ਕੰਮ, ਆਪਣੀਆਂ ਥਾਂ–ਬਦਲੀਆਂ ਰਾਹੀਂ, ਜਿਣਸਾਂ ਦੇ ਤਬਾਦਲੇ ਨੂੰ ਦਰਸਾਉਣਾ ਹੈ, ਜਾਂ ਦੂਜੇ ਸ਼ਬਦਾਂ ਵਿੱਚ, ਉਸ ਰਫ਼ਤਾਰ ਰਾਹੀਂ, ਜਿਸ ਨਾਲ਼, ਇਹ ਇੱਕ ਥਾਂ ਤੋਂ ਦੂਜੀ ਥਾਂ ਪੁੱਜਦਾ ਹੈ, ਉਹਨਾਂ (ਜਿਣਸਾਂ) ਦੇ ਤਬਾਦਲੇ ਦੀ ਰਫ਼ਤਾਰ ਦਾ ਪਤਾ ਦੇਣਾ। ਸਾਰੇ ਅਮਲ ਵਿੱਚ ਇਸ ਤਰ੍ਹਾਂ ਉਸ ਦੀ ਕੀਮਤ ਤੋਂ, ਚਲਨ ਵਿਚਲੇ ਸੋਨੇ ਦੀ ਅਸਲ ਮਾਤਰਾ ਦਾ ਪਤਾ ਲੱਗ ਜਾਂਦਾ ਹੈ ਜਾਂ ਅਸਲ ਮਿਕਦਾਰ ਨਿਸ਼ਚਿਤ ਹੋ ਜਾਂਦੀ ਹੈ, ਜਿਹੜੀ ਕਿ ਚਲਨ ਵਿੱਚ ਹੁੰਦੀ ਹੈ।

ਜਿਣਸ–ਚਲਨ ਦਾ ਹੋਣਾ, ਧਨ–ਚਲਨ ਦੇ ਹੋਣ ਦੀ ਪਹਿਲੀ ਸ਼ਰਤ ਹੈ; ਇਸ ਤੋਂ ਵੀ ਅੱਗੇ, ਧਨ ਉਹਨਾਂ ਜਿਣਸਾਂ ਨੂੰ ਚਾਲਿਤ ਕਰਦਾ ਹੈ, ਜਿਹਨਾਂ ਦੀਆਂ ਕੀਮਤਾਂ ਹੁੰਦੀਆਂ ਹਨ, ਅਰਥਾਤ ਉਹ ਜਿਣਸਾਂ, ਜਿਹੜੀਆਂ ਨਾਂ–ਮਾਤਰ ਲਈ, ਪਹਿਲਾਂ ਹੀ ਸੋਨੇ ਦੀਆਂ ਨਿਸ਼ਚਿਤ ਮਿਕਦਾਰਾਂ ਨਾਲ਼ ਹਾੜੀਆਂ ਜਾ ਚੁੱਕੀਆਂ ਹਨ। ਜਿਣਸਾਂ ਦੀਆਂ ਕੀਮਤਾਂ ਦਾ ਨਿਸ਼ਚੈਣ ਪਹਿਲਾਂ ਹੀ ਮੰਨ ਕੇ ਚਲਦਾ ਹੈ ਕਿ ਸੋਨੇ ਦੀ ਮਿਕਦਾਰ ਦੀ ਕਦਰ, ਜਿਹੜਾ ਕਿ ਸਟੈਂਡਰਡ ਮਾਪ ਦਾ ਕੰਮ ਦੇਂਦਾ ਹੈ, ਜਾਂ ਕਿ ਸੋਨੇ ਦੀ ਕਦਰ ਦਿੱਤੀ ਹੋਈ ਹੈ। ਇਸ ਮਾਨਤਾ ਦੇ ਅਨੁਸਾਰ, ਚਲਨ ਲਈ ਲੁੜੀਂਦੀ ਸੋਨੇ ਦੀ ਮਿਕਦਾਰ, ਇਸ ਲਈ ਸਭ ਤੋਂ ਪਹਿਲਾਂ ਤਾਂ, ਜਿਣਸ–ਕੀਮਤਾਂ ਦੀ ਉਸ ਰਕਮ ਤੋਂ ਨਿਸ਼ਚਿਤ ਹੁੰਦੀ ਹੈ, ਜਿਹੜੀ ਕਿ ਵਸੂਲ ਕਰਨੀ ਹੁੰਦੀ ਹੈ। ਪਰ ਇਹ ਰਕਮ, ਆਪਣੀ ਥਾਂ, ਹੇਠ ਲਿਖੀਆਂ ਗੱਲਾਂ ਤੋਂ ਨਿਸ਼ਚਿਤ ਹੁੰਦੀ ਹੈ: 1. ਕੀਮਤਾਂ ਦਾ ਪੱਧਰ, ਸੋਨੇ ਦੀ ਸ਼ਕਲ ਵਿੱਚ, ਜਿਣਸਾਂ ਦੀਆਂ ਤਬਾਦਲਾ–ਕਦਰਾਂ ਦੀ ਸਾਪੇਖੀ ਮਿਕਦਾਰ

ਅਤੇ 2. ਨਿਸ਼ਚਿਤ ਕੀਮਤਾਂ ਤੇ ਚਾਲਿਤ ਜਿਣਸਾਂ ਦੀ ਮਿਕਦਾਰ, ਭਾਵ ਨਿਸ਼ਚਿਤ ਕੀਮਤਾਂ ਤੇ ਖਰੀਦਾਂ ਤੇ ਵੇਚਾਂ ਦੀ ਸੰਖਿਆ।* ਜੇਕਰ ਇੱਕ ਕੁਆਰਟਰ ਕਣਕ ਦੀ ਕੀਮਤ 60 ਸ਼ਲਿੰਗ ਹੈ, ਤਾਂ ਇਸ ਤੋਂ ਦੁੱਗਣੇ ਸੋਨੇ ਦੀ ਇਸ ਨੂੰ ਚਾਲਿਤ ਕਰਨ ਲਈ ਲੋੜ ਪੈਂਦੀ, ਜੇਕਰ ਇਸ ਦੀ ਕੀਮਤ ਕੇਵਲ 30 ਸ਼ਲਿੰਗ ਹੁੰਦੀ। 500 ਕੁਆਰਟਰਾਂ ਨੂੰ 60 ਸ਼ਲਿੰਗ ਦੀਆਂ ਕੀਮਤਾਂ 'ਤੇ ਚਾਲਿਤ ਕਰਨ ਲਈ ਉਤਨੇ ਸੋਨੇ ਤੋਂ ਦੁੱਗਣੇ ਦੀ ਲੋੜ ਪਵੇਗੀ, ਜਿੰਨੇ ਦੀ 250 ਕੁਆਰਟਰਾਂ ਨੂੰ 60 ਸ਼ਲਿੰਗ ਦੀ ਕੀਮਤ 'ਤੇ ਚਾਲਿਤ ਕਰਨ ਦੀ ਲੋੜ ਪੈਂਦੀ ਹੈ। ਅੰਤਮ ਗੱਲ, 10 ਕੁਆਰਟਰਾਂ ਨੂੰ 100 ਸ਼ਲਿੰਗਾਂ ਦੀ ਕੀਮਤ 'ਤੇ ਚਾਲਿਤ ਕਰਨ ਲਈ ਉਸ ਤੋਂ ਅੱਧੇ ਸੋਨੇ ਦੀ ਲੋੜ ਪਵੇਗੀ, ਜਿੰਨੇ ਦੀ 40 ਕੁਆਰਟਰਾਂ ਨੂੰ 50 ਸ਼ਲਿੰਗਾਂ ਦੀ ਕੀਮਤ ਤੇ ਚਾਲਿਤ ਕਰਨ ਦੀ ਲੋੜ ਪੈਂਦੀ ਹੈ। ਇਸ ਤੋਂ ਇਸ ਲਈ ਇਹ ਸਿੱਟਾ ਨਿਕਲਦਾ ਹੈ ਕਿ ਜਿਣਸਾਂ ਨੂੰ ਚਾਲਿਤ ਕਰਨ ਲਈ ਲੁੜੀਂਦੀ ਸੋਨੇ ਦੀ ਮਿਕਦਾਰ, ਕੀਮਤਾਂ ਦੇ ਚੜ੍ਹਨ ਦੇ ਬਾਵਜੂਦ ਹੇਠਾਂ ਡਿੱਗ ਸਕਦੀ ਹੈ, ਜੇਕਰ ਚਲਨ ਵਿੱਚ ਆਈਆਂ ਸਮੂਹ ਜਿਣਸਾਂ, ਉਸ ਤੋਂ ਵੱਧ ਤੇਜ਼ੀ ਨਾਲ਼ ਘੱਟਦੀਆਂ ਹਨ, ਜਿਸ ਨਾਲ਼ ਕਿ ਕੀਮਤਾਂ ਦਾ ਕੁੱਲ ਮੀਜ਼ਾਨ ਵੱਧਦਾ ਹੈ, ਅਤੇ ਪੁੱਠੇ ਪਾਸਿਓਂ ਲਿਆਂ, ਚਲਨ-ਵਸੀਲਿਆਂ ਦੀ ਰਕਮ ਵੱਧ ਸਕਦੀ ਹੈ, ਜੇਕਰ ਚਲਨ ਵਿਚਲੀਆਂ ਸਮੂਹ ਜਿਣਸਾਂ ਘੱਟਦੀਆਂ ਹਨ, ਪਰ ਸ਼ਰਤ ਇਹ ਹੈ ਕਿ ਉਹਨਾਂ ਦੀਆਂ ਕੁਲੀ ਮੀਜ਼ਾਨੀ ਕੀਮਤਾਂ ਪਹਿਲਾਂ ਤੋਂ ਵੀ ਵੱਧ ਤੇਜ਼ੀ ਨਾਲ਼ ਵੱਧਦੀਆਂ ਹਨ। ਇਸ ਤਰ੍ਹਾਂ ਅੰਗਰੇਜ਼ਾਂ ਦੁਆਰਾ ਬੜੀ ਤਫਸੀਲ ਨਾਲ਼ ਕੀਤੀਆਂ ਸ਼ਾਨਦਾਰ ਪੜਤਾਲ਼ਾਂ ਨੇ ਇਹ ਸਿੱਧ ਕੀਤਾ ਹੈ ਕਿ ਮਿਸਾਲ ਵਜੋਂ ਇੰਗਲੈਂਡ ਅੰਦਰ, ਚਲਨ ਵਿਚਲੇ ਧਨ ਦੀ ਰਕਮ, ਕਿਸੇ ਅਨਾਜੀ ਕਮੀ ਦੇ ਪਹਿਲੇ ਪੜਾਵਾਂ ਵਿੱਚ ਵੱਧਦੀ ਹੈ, ਕਿਉਂਕਿ ਅਨਾਜ ਦੀ ਛੁਟੇਰੀ ਸਪਲਾਈ ਦੀ ਕੁੱਲ ਮੀਜ਼ਾਨੀ ਕੀਮਤ, ਅਨਾਜ ਦੀ ਮੁਕਾਬਲੇ ਦੀ ਵਡੇਰੀ ਸਪਲਾਈ ਦੀ ਕੁੱਲ ਮੀਜ਼ਾਨੀ ਕੀਮਤ ਨਾਲ਼ੋਂ ਵੱਡੀ ਹੈ ਅਤੇ ਕੁਝ ਸਮੇਂ ਤੱਕ, ਹੋਰ ਜਿਣਸਾਂ, ਪਹਿਲਾਂ ਵਾਂਗ ਹੀ ਆਪਣੀਆਂ ਕੀਮਤਾਂ 'ਤੇ ਚੱਲਦੀਆਂ ਰਹਿੰਦੀਆਂ ਹਨ। ਪਰ, ਅਨਾਜ ਕਮੀ ਦੇ ਬਾਅਦ ਦੇ ਪੜਾਅ ਵਿੱਚ ਚਲਨ ਵਿਚਲੇ ਧਨ ਦੀ ਰਕਮ ਘੱਟ ਜਾਂਦੀ ਹੈ, ਕਿਉਂਕਿ ਅਨਾਜ ਦੇ ਨਾਲ਼ੋਂ ਨਾਲ਼, ਜਾਂ ਤਾਂ ਘੱਟ ਜਿਣਸਾਂ ਆਪਣੀਆਂ ਪੁਰਾਣੀਆਂ ਕੀਮਤਾਂ 'ਤੇ ਵੇਚੀਆਂ ਜਾਂਦੀਆਂ ਹਨ, ਜਾਂ ਕਿ ਜਿਣਸਾਂ ਦੀ ਉਹੋ ਮਿਕਦਾਰ

---

* ਧਨ ਦੀ ਮਿਕਦਾਰ ਇੱਕ ਬੇ-ਪਰਵਾਹੀ ਦਾ ਮਾਮਲਾ ਹੈ, "ਬਸ਼ਰਤੇ ਕਿ ਇਹ ਜਿਣਸਾਂ ਦੁਆਰਾ ਨਿਸ਼ਚਿਤ ਕੀਤੀਆਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਕਾਫੀ ਹੋਵੇ।" ਬੋਇਸਗਿਲੇਬਰਟ **'ਲੇ ਦਿਤੇਲ ਦੇ ਲਾ ਫ਼ਰਾਂਸ'**, ਪੰਨਾ 209.

"ਜੇਕਰ ਚਾਰ ਸੌ ਮਿਲੀਅਨ ਦੀਆਂ ਜਿਣਸਾਂ ਦੇ ਚਲਨ ਲਈ ਚਾਲ੍ਹੀ ਮਿਲੀਅਨ ਦੀ ਕਿਸੇ ਮੁਦਰਾ ਦੀ ਲੋੜ ਪੈਂਦੀ ਹੈ ਅਤੇ ... ਦਸਵੇਂ ਹਿੱਸੇ ਦੀ ਇਹ ਨਿਸਬਤ ਸਹੀ ਪੱਧਰ ਸੀ, ਤਾਂ ਜੇਕਰ, ਚਾਲਿਤ ਕੀਤੀਆਂ ਜਾਣ ਵਾਲੀਆਂ ਜਿਣਸਾਂ ਦੀ ਕਦਰ ਕੁਦਰਤੀ ਕਾਰਨਾਂ ਕਰਕੇ, 450 ਮਿਲੀਅਨ ਤੱਕ ਵੱਧ ਜਾਂਦੀ ਹੈ.... ਤਾਂ ਮੁਦਰਾ ਨੂੰ ਇਸ ਦੇ ਆਪਣੇ ਪੱਧਰ 'ਤੇ ਰੱਖਣ ਲਈ, 45 ਮਿਲੀਅਨ ਤੱਕ ਵਧਾਉਣਾ ਪਵੇਗਾ।" ਵਿਲੀਅਮ ਬਲੇਕ, **'ਸਰਕਾਰੀ ਖਰਚਾਂ ਤੋਂ ਪੈਦਾ ਹੋਏ ਅਸਰਾਂ ਬਾਰੇ ਵਿਚਾਰ ਆਦਿ'**, ਲੰਡਨ, 1823, ਪੰਨਾ 80-81।

ਪਹਿਲਾਂ ਤੋਂ ਘੱਟ ਕੀਮਤਾਂ ’ਤੇ ਵਿਕਦੀ ਹੈ।

ਪਰ, ਚਲਨ ਵਿਚਲੀ ਧਨ ਦੀ ਮਿਕਦਾਰ, ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਕੇਵਲ ਵਸੂਲ ਕੀਤੀਆਂ ਜਾਣ ਵਾਲੀਆਂ ਜਿਣਸ-ਕੀਮਤਾਂ ਦੀ ਰਕਮ ਤੋਂ ਹੀ ਨਿਸ਼ਚਿਤ ਨਹੀਂ ਹੁੰਦੀ, ਬਲਕਿ ਧਨ-ਚਲਨ ਦੀ ਰਫਤਾਰ, ਭਾਵ ਜਿਸ ਰਫਤਾਰ ਨਾਲ਼ ਇੱਕ ਦਿੱਤੇ ਸਮੇਂ ਵਿੱਚ ਕੀਮਤਾਂ ਦੀ ਵਸੂਲੀ ਸਿਰੇ ਚੜ੍ਹ ਜਾਂਦੀ ਹੈ, ਤੋਂ ਵੀ ਹੁੰਦੀ ਹੈ। ਜੇਕਰ ਇੱਕ ਦਿਨ ਵਿੱਚ ਇੱਕੋ ‘ਸਾਵਰੇਨ’ ਦਸ ਖਰੀਦਾਂ ਕਰਦਾ ਹੈ ਤੇ ਹਰ ਜਿਣਸ ਦੀ ਕੀਮਤ ਇੱਕ ਹੀ ‘ਸਾਵਰੇਨ’ ਸੀ, ਜਿਸ ਦਾ ਅਰਥ ਹੈ ਕਿ ਉਸ ‘ਸਾਵਰੇਨ’ ਨੇ ਦਸ ਹੱਥ ਬਦਲੇ। ਮਤਲਬ ਉਸ ਨੇ ਉਤਨਾ ਹੀ ਸੌਦਾ ਕੀਤਾ, ਜਿੰਨਾ ਕਿ ਦਸ ਸਾਵਰੇਨ ਕਰਦੇ, ਜਿਨ੍ਹਾਂ ਵਿੱਚੋਂ ਹਰ ਕੋਈ ਇੱਕ ਦਿਨ ਵਿੱਚ, ਇੱਕ ਹੀ ਚੱਕਰ ਲਾਉਂਦਾ।* ਸੋਨੇ ਦੀ ਚਲਨ ਦੀ ਰਫਤਾਰ, ਇਸ ਤਰ੍ਹਾਂ ਉਸ ਦੀ ਮਿਕਦਾਰ ਦੀ ਕਮੀ ਨੂੰ ਪੂਰਿਆਂ ਕਰ ਸਕਦੀ ਹੈ, ਦੂਜੇ ਸ਼ਬਦਾਂ ਵਿੱਚ, ਚਲਨ ਵਿਚਲੇ ਸੋਨੇ ਦੇ ਭੰਡਾਰ ਦਾ ਅੰਦਾਜ਼ਾ, ਜਿਣਸਾਂ ਦੇ ਮੁਕਾਬਲੇ ਇੱਕ ਸਮਾਨ-ਬਦਲ ਦੇ ਤੌਰ ’ਤੇ ਇਸ ਦੇ ਕਾਰਜ ਨੂੰ ਵੇਖ ਕੇ ਹੀ ਨਹੀਂ ਲਾਇਆ ਜਾ ਸਕਦਾ, ਬਲਕਿ ਉਸ ਦੇ ਉਸ ਕਾਰਜ ਨੂੰ ਵੀ ਵੇਖਣਾ ਪੈਂਦਾ ਹੈ, ਜਿਸ ਨੂੰ ਕਿ ਉਹ ਜਿਣਸਾਂ ਦੇ ਰੂਪ-ਬਦਲਾਂ ਦੀ ਹਰਕਤ ਦੇ ਦੌਰਾਨ ਪੂਰਿਆਂ ਕਰਦਾ ਹੈ। ਪਰ ਮੁਦਰਾ ਦੀ ਰਫਤਾਰ, ਇੱਕ ਖ਼ਾਸ ਹੱਦ ਤੱਕ ਹੀ ਮਿਕਦਾਰ ਦੀ ਕਮੀ ਨੂੰ ਪੂਰਿਆਂ ਕਰ ਸਕਦੀ ਹੈ, ਕਿਉਂਕਿ ਅਲੱਗ ਅਲੱਗ ਖਰੀਦਾਂ ਅਤੇ ਵੇਚਾਂ ਦਾ ਇੱਕ ਅੰਤਹੀਨ ਸਿਲਸਿਲਾ, ਕਿਸੇ ਮੌਕੇ ’ਤੇ, ਨਾਲ਼ੋਂ ਨਾਲ਼ ਜਾਰੀ ਰਹਿੰਦਾ ਹੈ।

ਜੇਕਰ ਚਲਨ ਵਿਚਲੀਆਂ ਜਿਣਸਾਂ ਦੀਆਂ ਕੁੱਲ ਮੀਜ਼ਾਨੀ-ਕੀਮਤਾਂ ਚੜ੍ਹ ਜਾਂਦੀਆਂ ਹਨ, ਪਰ ਉਸ ਤੋਂ ਘੱਟ ਹੱਦ ਤੱਕ ਜਿੱਥੋਂ ਤੱਕ ਮੁੱਦਰਾ ਦੀ ਰਫਤਾਰ ਵਧਦੀ ਹੈ, ਇਸ ਸੂਰਤ ਵਿੱਚ ਚਲਨ ਵਿਚਲੇ ਧਨ ਦੀ ਮਿਕਦਾਰ ਗਿਰ ਜਾਵੇਗੀ। ਜੇਕਰ, ਇਸ ਤੋਂ ਉਲਟ, ਚਲਨ ਦੀ ਰਫਤਾਰ, ਚਲਨ ਵਿਚਲੀਆਂ ਜਿਣਸਾਂ ਦੀ ਕੁੱਲ ਕੀਮਤ ਤੋਂ ਜ਼ਿਆਦਾ ਤੇਜ਼ੀ ਨਾਲ਼ ਗਿਰਦੀ ਹੈ, ਤਾਂ ਚਲਨ ਵਿਚਲੇ ਧਨ ਦੀ ਮਾਤਰਾ ਵਧੇਗੀ। ਕੀਮਤਾਂ ਵਿੱਚ ਆਮ ਗਿਰਾਵਟ ਜਦੋਂ ਕਿ ਚਲਨ-ਮਾਧਿਅਮ ਦੀ ਮਿਕਦਾਰ ਵਿੱਚ ਵਾਧਾ ਹੁੰਦਾ ਹੈ ਅਤੇ ਕੀਮਤਾਂ ਵਿੱਚ ਆਮ ਵਾਧਾ ਜਦੋਂ ਕਿ ਚਲਨ-ਮਾਧਿਅਮ ਦੀ ਮਿਕਦਾਰ ਵਿੱਚ ਕਮੀ ਹੁੰਦੀ ਹੈ, ਇਹ ਵਰਤਾਰਾ ਕੀਮਤਾਂ ਦੇ ਇਤਿਹਾਸ ਵਿੱਚ ਸਭ ਤੋਂ ਚੰਗੀ ਤਰ੍ਹਾਂ ਨਿਸ਼ਚਿਤ ਹੋਇਆ ਵਰਤਾਰਾ ਹੈ। ਪਰੰਤੂ ਕੀਮਤਾਂ ਦੇ ਪੱਧਰ ਵਿੱਚ ਵਾਧਾ ਲਿਆਉਣ ਵਾਲੇ ਕਾਰਨ ਕੀ ਹਨ ਅਤੇ ਉਸ ਦੇ ਨਾਲ਼ ਹੀ ਮੁਦਰਾ ਦੀ ਰਫਤਾਰ ਵਿੱਚ ਤੋਂ ਵੀ ਵੱਡਾ ਵਾਧਾ ਕਿਉਂ ਹੁੰਦਾ ਹੈ, ਜਾਂ ਇਸ ਤੋਂ ਉਲਟ ਪ੍ਰਸਥਿਤੀ ਕਿਹੜੇ ਕਾਰਨ ਕਰਕੇ ਵਾਪਰਦੀ ਹੈ, ਇਸ ਦੀ ਕੋਈ ਜਾਂਚ ਹੋ ਸਕਣਾ, ਸਾਧਾਰਨ ਚਲਨ ਦੇ ਖੇਤਰ ਤੋਂ ਬਾਹਰ ਦੀ ਗੱਲ ਹੈ। ਅਸੀਂ ਇਸ ਦੀ ਵਿਆਖਿਆ ਦੇ ਤੌਰ ’ਤੇ ਕਹਿ ਸਕਦੇ ਹਾਂ ਕਿ ਸ਼ਾਖ ਦੇ ਫੈਲਣ ਦੇ ਸਮਿਆਂ ਵਿੱਚ, ਮੁਦਰਾ ਦੀ ਰਫਤਾਰ, ਜਿਣਸਾਂ ਦੀ ਕੀਮਤਾਂ ਨਾਲ਼ੋਂ ਵੱਧ ਤੇਜ਼ੀ ਨਾਲ਼ ਵਧਦੀ ਹੈ, ਜਦੋਂ ਕਿ ਸ਼ਾਖ ਦੇ ਸੁੰਗੜਨ ਦੇ ਸਮਿਆਂ ਵਿੱਚ, ਮੁਦਰਾ ਦੀ

---

* “ਬਹੁਤੇ ਜਾਂ ਥੋੜ੍ਹੇ ਧਨ ਦਾ ਮਿਲਦੇ ਰਹਿਣਾ, ਧਾਤ ਦੀ ਮਿਕਦਾਰ ’ਤੇ ਨਹੀਂ, ਬਲਕਿ ਧਨ-ਚਲਨ ਦੀ ਰਫਤਾਰ ’ਤੇ ਨਿਰਭਰ ਕਰਦਾ ਹੈ।” (ਗਾਲਿਆਨੀ, ਓਪ. ਸਿਟ. ਪੰਨਾ 99)।

ਰਫਤਾਰ, ਜਿਣਸਾਂ ਦੀ ਕੀਮਤਾਂ ਨਾਲ਼ੋਂ ਵੱਧ ਤੇਜ਼ੀ ਨਾਲ਼ ਹੇਠਾਂ ਡਿੱਗਦੀ ਹੈ। ਸਾਧਾਰਨ ਧਨ ਚਲਨ ਦੇ ਦਿਖਾਵਟੀ ਤੇ ਰਸਮੀ ਖਾਸੇ ਦੀ ਇਹ ਨਿਸ਼ਾਨੀ ਹੈ, ਕਿ ਚਲਨ-ਵਸੀਲੇ ਦੀ ਮਿਕਦਾਰ ਇਹਨਾਂ ਗੱਲਾਂ ਤੋਂ ਨਿਸ਼ਚਿਤ ਹੁੰਦੀ ਹੈ, ਜਿਵੇਂ ਕਿ ਚਲਨ ਵਿਚਲੀਆਂ ਜਿਣਸਾਂ ਦੀ ਮਿਕਦਾਰ, ਕੀਮਤਾਂ, ਕੀਮਤਾਂ ਵਿਚਲੇ ਵਾਧੇ-ਘਾਟੇ, ਇੱਕੋਂ ਸਮੇਂ ਹੋਣ ਵਾਲੀਆਂ ਖਰੀਦਾਂ ਅਤੇ ਵੇਚਾਂ ਦੀ ਸੰਖਿਆਂ; ਜਿਹੜੀਆਂ ਕਿ, ਸਾਰੀਆਂ ਦੀਆਂ ਸਾਰੀਆਂ ਜਿਣਸ-ਜਗਤ ਵਿੱਚ ਹੋਣ ਵਾਲ਼ੇ ਰੂਪ-ਬਦਲ ਦੀਆਂ ਮੁਥਾਜ ਹਨ, ਜਿਹੜਾ ਕਿ ਆਪ, ਉਪਜ-ਢੰਗ ਦੀ ਆਮ-ਖਾਸੀਅਤ, ਅਬਾਦੀ ਦੇ ਵਿਸਥਾਰ, ਸ਼ਹਿਰਾਂ ਅਤੇ ਪੇਂਡੂ ਇਲਾਕਿਆਂ ਦੇ ਸਬੰਧ, ਆਵਾਜਾਈ ਦੇ ਸਾਧਨਾਂ ਦੇ ਵਿਕਾਸ, ਕਿਰਤ-ਵੰਡ, ਸ਼ਾਖ ਦੀ ਘੱਟ ਵੱਧ ਹੋਏ ਵਿਕਾਸ ਆਦਿ ਦੀਆਂ ਮੁਥਾਜ ਹਨ, ਸੰਖੇਪ ਵਿੱਚ ਉਹਨਾਂ ਪ੍ਰਸਥਿਤੀਆਂ ਦੀਆਂ ਜਿਹੜੀਆਂ ਕਿ ਸਾਧਾਰਨ ਧਨ ਚਲਨ ਦੇ ਢਾਂਚੇ ਤੋਂ **ਬਾਹਰ** ਪੈਂਦੀਆਂ ਹਨ ਅਤੇ ਜਿਹਨਾਂ ਦੀ ਐਵੇਂ ਇਸ ਵਿੱਚ ਝਲਕ ਜਿਹੀ ਪੈਂਦੀ ਹੈ। ਜੇਕਰ ਚਲਨ ਦੀ ਰਫਤਾਰ ਦਿੱਤੀ ਹੋਈ ਹੈ, ਤਾਂ ਚਲਨ-ਵਸੀਲੇ ਦੀ ਮਿਕਦਾਰ ਨੂੰ ਸੌਖਿਆਂ ਹੀ, ਜਿਣਸਾਂ ਦੀਆਂ ਕੀਮਤਾਂ ਰਾਹੀਂ ਨਿਸ਼ਚਿਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ, ਕੀਮਤਾਂ ਇਸ ਕਰਕੇ, ਉੱਚੀਆਂ ਜਾਂ ਨੀਵੀਆਂ ਨਹੀਂ ਹਨ, ਕਿਉਂਕਿ ਚਲਨ, ਵਿਚਲਾ ਧਨ ਵੱਧ ਘੱਟ ਹੈ, ਬਲਕਿ ਚਲਨ ਵਿਚਲਾ ਧਨ, ਇਸ ਲਈ ਘੱਟ ਵੱਧ ਹੈ ਕਿਉਂਕਿ ਕੀਮਤਾਂ ਉੱਚੀਆਂ ਜਾਂ ਨੀਵੀਆਂ ਹਨ। ਇਹ ਪ੍ਰਧਾਨ ਆਰਥਕ ਨਿਯਮਾਂ ਵਿੱਚੋਂ ਇੱਕ ਨਿਯਮ ਹੈ ਅਤੇ ਕੀਮਤਾਂ ਦੇ ਇਤਿਹਾਸ 'ਤੇ ਅਧਾਰਿਤ, ਇਸ ਦੀ ਤਫਸੀਲੀ ਤਸਦੀਕ ਸ਼ਾਇਦ, ਰਿਕਾਰਡੋ ਪਿੱਛੋਂ ਦੇ ਅੰਗਰੇਜ਼ ਅਰਥ ਸ਼ਾਸਤਰੀਆਂ ਦੀ ਇੱਕੋ ਇੱਕ ਪ੍ਰਾਪਤੀ ਹੈ। ਅਨੁਭਵਵਾਦੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਸਥਾਈ ਉਤਾਰ-ਚੜ੍ਹਾਵਾਂ ਦੇ ਰਹਿੰਦਿਆਂ ਵੀ, ਜਿਹੜੇ ਕਿ ਕਦੀ ਕਦੀ ਬਹੁਤ ਜ਼ੋਰਦਾਰ ਵੀ ਹੋ ਸਕਦੇ ਹਨ, ਚੰਗੇ ਲੰਮੇਂ ਸਮੇਂ ਤੱਕ, ਧਾਤਵੀ-ਮੁਦਰਾ ਦਾ ਪੱਧਰ, ਜਾਂ ਕਿ ਕਿਸ ਦੇਸ਼ ਅੰਦਰਲੇ ਚਲਨ ਵਿੱਚ ਆਏ ਸੋਨਾ ਚਾਂਦੀ ਦੀ ਮਿਕਦਾਰ ਕੁੱਲ ਮਿਲਾ ਕੇ, ਟਿਕੀ ਰਹਿੰਦੀ ਹੈ।* ਔਸਤ ਪੱਧਰ ਤੋਂ ਜੋ ਹੇਠਾਂ-ਉੱਪਰ ਹੁੰਦਾ ਦਿੱਸਦਾ ਹੈ, ਉਹ ਮਾਮੂਲੀ

---

* ਧਾਤਵੀ ਮੁਦਰਾ ਦੇ ਬਹੁਤ ਬੜੀ ਮਾਤਰਾ ਵਿੱਚ, ਆਪਣੇ ਔਸਤ ਪੱਧਰ ਤੋਂ ਹੇਠਾਂ ਜਾਣ ਦੀ ਇੱਕ ਮਿਸਾਲ, 1858 ਦੇ ਇੰਗਲੈਂਡ ਦੀ ਹੈ, ਜਿਵੇਂ ਕਿ ਲੰਡਨ '**ਇਕਾਨੋਮਿਸਟ**' ਦੇ ਹੇਠ ਦਿੱਤੇ ਪੈਰ੍ਹੇ ਤੋਂ ਪਤਾ ਲੱਗਦਾ ਹੈ: "ਜਿਸ ਤਰ੍ਹਾਂ ਦਾ ਇਹ ਕੇਸ ਹੈ (ਭਾਵ ਸਾਧਾਰਨ ਚਲਨ ਦੀ ਵਖੇਰ ਦੇ ਕਾਰਨ) ਨਕਦ ਧਨ ਦੀ ਰਕਮ ਬਾਰੇ ਬਿਲਕੁਲ ਠੀਕ-ਠੀਕ ਅੰਕੜੇ ਤਾਂ ਨਹੀਂ ਲੱਭੇ ਜਾ ਸਕਦੇ, ਜਿਹੜਾ ਕਿ ਬਾਜ਼ਾਰ ਅੰਦਰ ਅਤੇ ਗੈਰ ਸ਼ਾਹੂਕਾਰਾ (ਬੈਂਕਿੰਗ) ਜਮਾਤਾਂ ਦੇ ਹੱਥ ਵਿੱਚ ਉਤਾਂਹ-ਹੇਠਾਂ ਹੁੰਦਾ ਰਹਿੰਦਾ ਹੈ। ਪਰ, ਵੱਡੀਆਂ ਵਪਾਰਕ ਕੌਮਾਂ ਦੀਆਂ ਟਕਸਾਲਾਂ ਦੀ ਸਰਗਰਮੀ ਜਾਂ ਗੈਰ-ਸਰਗਰਮੀ, ਸ਼ਾਇਦ ਇਸ ਰਕਮ ਵਿੱਚ ਆਉਣ ਵੀਲੌਂ ਤਬਦੀਲੀਆਂ ਤੇ ਸਭ ਤੋਂ ਵੱਧ ਠੀਕ ਠੀਕ ਰੌਸ਼ਨੀ ਪਾ ਸਕੇ। ਜਦੋਂ ਵੱਧ ਮੁਦਰਾ ਦੀ ਲੋੜ ਹੋਵੇਗੀ, ਤਾਂ ਉਹ ਵੱਧ ਬਣਾਈ ਜਾਵੇਗੀ ਅਤੇ ਜਦੋਂ ਲੋੜ ਘੱਟ ਜਾਵੇਗੀ, ਤਾਂ ਟਕਸਾਲਾਂ ਵੀ ਉਤਨੀ ਘੱਟ ਮੁਦਰਾ ਬਣਾਉਣਗੀਆਂ। ਇੰਗਲੈਂਡ ਦੀ ਟਕਸਾਲ ਵਿੱਚ 1855 ਅੰਦਰ, 92,45,000 ਪੌਂਡ, 1856 ਵਿੱਚ 64,76,000 ਪੌਂਡ, 1857 ਵਿੱਚ 52,93,858 ਪੌਂਡ ਦੇ ਸਿੱਕੇ ਬਣਾਏ ਗਏ। 1858 ਦੇ ਦੌਰਾਨ ਟਕਸਾਲ ਕੋਲ ਬਣਾਉਣ ਨੂੰ ਕੋਈ ਕੰਮ ਨਹੀਂ ⇨

ਪ੍ਰਕਾਰ ਦਾ ਹੀ ਹੁੰਦਾ ਹੈ। ਇਸ ਵਰਤਾਰੇ ਦੇ ਹੋਣ ਦਾ ਸਾਧਾਰਨ ਕਾਰਨ ਚਲਨ ਵਿਚਲੀ ਧਨ ਦੀ ਮਿਕਦਾਰ ਨੂੰ ਨਿਸ਼ਚਿਤ ਕਰਨ ਵਾਲੀਆਂ ਗੱਲਾਂ ਦੇ ਖਾਸੇ ਦਾ ਇੱਕ-ਦੂਜੀ ਤੋਂ ਵਿਰੋਧੀ ਹੋਣਾ ਹੈ। ਇਹਨਾਂ ਤੱਥਾਂ ਵਿਚਕਾਰ ਜੋ ਇੱਕੋ-ਸਮੇਂ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਉਹ ਇਹਨਾਂ ਦੇ ਪ੍ਰਭਾਵਾਂ ਨੂੰ ਨਕਾਰ ਦੇਂਦੀਆਂ ਹਨ ਅਤੇ ਸਭ ਕੁੱਝ ਪਹਿਲਾਂ ਵਾਂਗ ਹੀ ਰਹਿੰਦਾ ਹੈ।

ਇਹ ਨਿਯਮ, ਕਿ ਜੇ ਧਨ-ਚਲਨ ਦੀ ਰਫਤਾਰ ਅਤੇ ਜਿਣਸ-ਕੀਮਤਾਂ ਦੀ ਕੁੱਲ ਮੀਜ਼ਾਨ ਦਿੱਤੀ ਹੋਵੇ, ਤਾਂ ਚਲਨ-ਮਾਧਿਅਮ ਦੀ ਮਿਕਦਾਰ ਨਿਸ਼ਚਿਤ ਕੀਤੀ ਜਾ ਸਕਦੀ ਹੈ, ਇਸ ਨੂੰ ਦੂਜੇ ਢੰਗ ਵਿੱਚ ਹੀ ਬਿਆਨਿਆ ਜਾ ਸਕਦਾ ਹੈ: ਜੇਕਰ ਜਿਣਸਾਂ ਦੀਆਂ ਤਬਾਦਲਾ-ਕਦਰਾਂ ਅਤੇ ਉਹਨਾਂ ਦੇ ਰੂਪ-ਬਦਲਾਂ ਦੀ ਔਸਤ ਰਫਤਾਰ ਦਿੱਤੀ ਗਈ ਹੋਵੇ, ਤਾਂ ਚਲਨ ਵਿਚਲੇ ਸੋਨੇ ਦੀ ਮਿਕਦਾਰ, ਆਪਣੀ ਨਿੱਜੀ ਕਦਰ 'ਤੇ ਨਿਰਭਰ ਕਰੇਗੀ। ਇਸ ਤਰ੍ਹਾਂ, ਜੇਕਰ ਸੋਨੇ ਦੀ ਕਦਰ, ਭਾਵ, ਇਸ ਦੀ ਉਪਜ ਲਈ ਲੁੜੀਂਦਾ ਕਿਰਤ-ਸਮਾਂ, ਵੱਧਦਾ ਜਾਂ ਘੱਟਦਾ ਹੈ, ਤਾਂ ਜਿਣਸਾਂ ਦੀਆਂ ਕੀਮਤਾਂ ਵਿੱਚ ਉਹਨਾਂ ਤੋਂ ਉਲਟ ਨਿਸਬਤ, ਮੰਦੀ ਜਾਂ ਤੇਜ਼ੀ ਆਵੇਗੀ, ਅਤੇ ਬਸ਼ਰਤੇ ਕਿ ਰਫਤਾਰ ਇੱਕੋ ਥਾਂ ਟਿਕੀ ਰਹਿੰਦੀ ਹੈ, ਤਾਂ ਕੀਮਤਾਂ ਵਿੱਚ ਆਈ ਇਹ ਆਮ ਮੰਦੀ-ਤੇਜ਼ੀ, ਉਸੇ ਅਨੁਸਾਰ, ਜਿਣਸਾਂ ਦੀ ਉਤਨੀ ਹੀ ਮਿਕਦਾਰ ਨੂੰ ਚਲਨ ਵਿੱਚ ਰੱਖਣ ਲਈ, ਸੋਨੇ ਦੀ ਵੱਧ ਜਾਂ ਘੱਟ ਮਿਕਦਾਰ ਦੀ ਮੰਗ ਕਰੇਗੀ। ਨਤੀਜਾ ਉਹੋ ਹੋਵੇਗਾ, ਜਿਵੇਂ ਕਿ ਕਦਰ ਦੇ ਪਿਛਲੇ ਮਿਆਰਾਂ ਨੂੰ ਵੱਧ ਕੀਮਤੀ ਜਾਂ ਘੱਟ ਕੀਮਤੀ ਧਾਤ ਨਾਲ਼ ਬਦਲਣਾ ਹੋਵੇ। ਮਿਸਾਲ ਲਈ, ਜਦੋਂ ਹਾਲੈਂਡ ਨੇ ਆਪਣੇ ਸ਼ਾਹੂਕਾਰਾਂ ਦੀ ਮੰਗ ਅੱਗੇ ਸਿਰ ਝੁਕਾਉਂਦਿਆਂ ਅਤੇ ਕੈਲੇਫੋਰਨੀਆ ਅਤੇ ਆਸਟਰੇਲੀਆ ਵਿੱਚ ਹੋਈਆਂ ਸੋਨੇ ਦੀਆਂ ਖੋਜਾਂ ਦੇ ਪੈਣ ਵਾਲੇ ਅਸਰਾਂ ਤੋਂ ਡਰਦਿਆਂ ਆਪਣੀ ਸੋਨੇ ਦੀ ਮੁਦਰਾ ਨੂੰ ਚਾਂਦੀ ਦੀ ਮੁਦਰਾ ਨਾਲ਼ ਬਦਲਿਆ, ਤਾਂ ਉਸ ਦਾ ਕੀ ਸਿੱਟਾ ਨਿਕਲਿਆ ? ਕਿ ਜਿਣਸਾਂ ਦੀ ਜਿੰਨੀ ਮਿਕਦਾਰ ਨੂੰ ਚਲਨ ਵਿੱਚ ਰੱਖਣ ਲਈ ਸੋਨੇ ਦੀ ਪਹਿਲਾਂ ਜੋ ਲੋੜ ਪੈਂਦੀ ਸੀ, ਹੁਣ, ਉਸੇ ਲਈ 14 ਤੋਂ 15 ਗੁਣਾ ਚਾਂਦੀ ਦੀ ਲੋੜ ਪੈਣ ਲੱਗੀ।

ਕਿਉਂਕਿ, ਚਲਨ ਵਿਚਲੇ ਸੋਨੇ ਦੀ ਕਦਰ, ਦਾ ਨਿਰਭਰ ਦੋ ਬਦਲਵੀਆਂ ਗੱਲਾਂ ਉੱਪਰ ਹੁੰਦਾ ਹੈ, ਭਾਵ ਜਿਣਸ ਕੀਮਤਾਂ ਦੀ ਕੁੱਲ ਰਕਮ ਅਤੇ ਚਲਨ ਦੀ ਰਫਤਾਰ, ਇਸ ਤੋਂ ਇਹ ਸਿੱਧ ਹੋਇਆ ਕਿ ਧਾਤਵੀ ਮੁਦਰਾ ਦੀ ਮਿਕਦਾਰ ਨੂੰ ਘਟਾਉਣਾ ਜਾਂ ਵਧਾਉਣਾ ਸੰਭਵ ਹੈ। ਥੋੜ੍ਹੇ ਵਿੱਚ, ਕਹਿ ਸਕਦੇ ਹਾਂ ਕਿ ਅਮਲ ਦੀਆਂ ਲੋੜਾਂ ਅਨੁਸਾਰ, ਸੋਨੇ ਨੂੰ ਕਦੇ ਤਾਂ ਚਲਨ ਵਿੱਚ ਸੁੱਟਣਾ ਪੈਂਦਾ ਹੈ। ਅੱਗੇ ਚੱਲ ਕੇ ਅਸੀਂ ਵੇਖਾਂਗੇ, ਕਿ ਚਲਨ ਦੇ ਅਮਲ ਵਿੱਚ ਕਿਸ ਤਰ੍ਹਾਂ ਇਹ ਸ਼ਰਤਾਂ ਅਮਲ ਵਿੱਚ ਲਿਆਂਦੀਆਂ ਜਾਂਦੀਆਂ ਹਨ।

---

⇨ਸੀ।" **ਇਕਾਨੋਮਿਸਟ** 10 ਜੁਲਾਈ, 1858। ਪਰ ਉਸ ਸਮੇਂ 18 ਮਿਲੀਅਨ ਪੌਂਡ ਸਟਰਲਿੰਗ ਬੈਂਕਾਂ ਦੀਆਂ ਤਿਜੌਰੀਆਂ ਵਿੱਚ ਬੰਦ ਪਏ ਸਨ।

## ੲ. ਸਿੱਕੇ ਅਤੇ ਕਦਰ-ਟੋਕਣ

ਚਲਨ-ਮਾਧਿਅਮ ਦੇ ਰੂਪ ਵਿੱਚ ਕਾਰਜ ਕਰਦਾ ਸੋਨਾ ਇੱਕ ਖਾਸ ਸ਼ਕਲ ਧਾਰ ਲੈਂਦਾ ਹੈ, ਇਹ ਇੱਕ **ਸਿੱਕਾ** ਬਣ ਜਾਂਦਾ ਹੈ। ਇਸ ਦੇ ਚਲਨ ਵਿੱਚ ਤਕਨੀਕੀ ਔਖਾਂ ਕਰਕੇ ਕੋਈ ਰੁਕਾਵਟ ਨਾ ਆਵੇ, ਇਸ ਲਈ ਸੋਨੇ ਨੂੰ ਲੇਖਾ-ਧਨ ਦੇ ਮਿਆਰ ਅਨੁਸਾਰ ਟਕਸਾਲ ਵਿੱਚ ਢਾਲ਼ਿਆ ਜਾਂਦਾ ਹੈ। ਸਿੱਕੇ, ਸੋਨੇ ਦੇ ਉਹ ਟੁਕੜੇ ਹੁੰਦੇ ਹਨ, ਜਿਹਨਾਂ ਦੀ ਸ਼ਕਲ ਅਤੇ ਛਾਪਾ ਇਸ ਗੱਲ ਦਾ ਸਬੂਤ ਹੁੰਦੇ ਹਨ ਕਿ ਉਹਨਾਂ ਵਿੱਚ ਲੇਖਾ-ਧਨ ਦੇ ਨਾਵਾਂ ਅੰਦਰ ਦਰਸਾਈ ਸੋਨੇ ਦੀ ਮਾਤਰਾ ਹੁੰਦੀ ਹੈ, ਜਿਵੇਂ ਕਿ ਪੌਂਡ, ਸਟਰਲਿੰਗ, ਸ਼ਲਿੰਗ ਆਦਿ। ਟਕਸਾਲੀ ਕੀਮਤ ਨੂੰ ਨਿਰਧਾਰਤ ਕਰਨ ਅਤੇ ਟਕਸਾਲ ਦੇ ਤਕਨੀਕੀ ਕੰਮ ਨੂੰ ਚਲਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ। ਸਿੱਕੇ-ਬੰਦ ਧਨ **ਸਥਾਨਕ** ਅਤੇ **ਸਿਆਸੀ** ਕਿਰਦਾਰ ਧਾਰਨ ਕਰ ਲੈਂਦਾ ਹੈ। ਇਹ ਵੱਖ ਵੱਖ ਕੌਮੀ ਜ਼ਬਾਨਾਂ ਨੂੰ ਵਰਤੋਂ ਵਿੱਚ ਲਿਆਉਂਦਾ ਹੈ ਅਤੇ ਵੱਖ ਵੱਖ ਪ੍ਰਕਾਰ ਦੀਆਂ ਕੌਮੀ ਪੌਸ਼ਾਕਾਂ ਪਹਿਨਦਾ ਹੈ, ਜਿਵੇਂ ਕਿ ਲੇਖਾ-ਧਨ ਕਰਦਾ ਹੈ। ਸਿੱਕੇ ਬੰਦ ਧਨ, ਇਸ ਲਈ, ਜਿਣਸ-ਚਲਨ ਦੇ **ਅੰਦਰੂਨੀ** ਖੇਤਰ ਵਿੱਚ ਚੱਕਰ ਲਾਉਂਦਾ ਹੈ, ਜਿਸ ਦੀ ਹੱਦਬੰਦੀ ਕਿਸੇ ਖਾਸ ਭਾਈਚਾਰੇ ਦੀਆਂ ਹੱਦਾਂ ਦੁਆਰਾ ਕੀਤੀ ਹੁੰਦੀ ਹੈ ਅਤੇ ਜਿਹੜੀ ਕਿ ਜਿਣਸ ਸੰਸਾਰ ਦੇ **ਵਿਆਪਕ** ਚਲਨ ਤੋਂ ਅਲੱਗ ਹੁੰਦੀ ਹੈ।

ਪਰ, ਬੁਲੀਅਨ ਦੀ ਸ਼ਕਲ ਵਿਚਲੇ ਸੋਨੇ ਅਤੇ ਸਿੱਕੇ ਦਾ ਰੂਪ-ਧਾਰੇ ਸੋਨੇ ਵਿਚਕਾਰਲਾ ਫਰਕ ਉਸ ਦੇ ਸਿੱਕੇ ਦੇ ਨਾਂ ਅਤੇ ਉਸ ਦੇ ਧਾਤਵੀ ਵਜ਼ਨ ਦੇ ਨਾਂ ਹੀ ਹੁੰਦਾ ਹੈ। ਪਿਛਲੀ ਸੂਰਤ ਵਿੱਚ ਨਾਂ-ਅੰਤਰ ਰੂਪ ਵਿੱਚ ਜੋ ਦਿਖਾਈ ਦੇਂਦਾ ਹੈ, ਉਹੋ ਪਹਿਲੀ ਵਿੱਚ, ਸ਼ਕਲ-ਅੰਤਰ ਰੂਪ ਵਿੱਚ ਦਿੱਸਦਾ ਹੈ। ਸੋਨੇ ਦੇ ਸਿੱਕਿਆਂ ਨੂੰ ਭੱਠੀ 'ਤੇ ਰੱਖ ਕੇ ਪਿਘਲਾ ਲਓ ਅਤੇ ਉਹ ਨਵਾਂ ਨਕੋਰ ਮੁੜ ਸੋਨਾ ਬਣ ਜਾਣਗੇ, ਠੀਕ ਜਿਵੇਂ, ਇਸ ਤੋਂ ਉਲਟ ਸੋਨੇ ਦੀਆਂ ਛੜਾਂ ਨੂੰ ਸਿੱਕਿਆਂ ਵਿੱਚ ਬਦਲਣ ਵੇਲੇ ਇਹਨਾਂ ਨੂੰ ਟਕਸਾਲ ਵਿੱਚ ਭੇਜ ਦੇਣਾ ਹੋਵੇਗਾ। ਉਹ ਸਿੱਕੇ ਬਣ ਜਾਣਗੀਆਂ। ਇਕ ਸ਼ਕਲ ਤੋਂ ਦੂਜੀ ਸ਼ਕਲ ਵਿੱਚ ਬਦਲਣਾ, ਇੱਕ ਨਰੋਲ ਤਕਨੀਕੀ ਕਾਰਜ ਜਿਹਾ ਪ੍ਰਤੀਤ ਹੋਵੇਗਾ।

100 ਪੌਂਡਾਂ ਜਾਂ 22 ਕੈਰੇਟ ਗੋਲਡ ਦੇ 1200 ਔਂਸ ਟਰਾਏ ਦੇ ਬਦਲੇ, ਕਿਸੇ ਨੂੰ $4672\frac{1}{2}$ ਪੌਂਡ ਜਾਂ ਅੰਗਰੇਜ਼ੀ ਟਕਸਾਲ ਤੋਂ $4672\frac{1}{2}$ ਸੋਨੇ ਦੇ ਸਾਵਰੇਨ ਮਿਲ ਜਾਂਦੇ ਹਨ। ਅਤੇ ਜੇ ਹੁਣ ਇਹਨਾਂ ਸਾਵਰੇਨਾਂ ਨੂੰ ਤੱਕੜੀ ਦੇ ਇੱਕ ਪੱਲੜੇ ਪਾਇਆ ਜਾਵੇ, ਅਤੇ 100 ਪੌਂਡ ਸੋਨੇ ਦੀਆਂ ਛੜਾਂ ਨੂੰ ਦੂਜੇ ਪੱਲੜੇ ਵਿੱਚ ਤਾਂ ਦੋਹਾਂ ਦਾ ਤੋਲ ਬਰਾਬਰ ਹੋਵੇਗਾ। ਇਸ ਤੋਂ ਸਿੱਧ ਹੁੰਦਾ ਹੈ ਕਿ ਸਾਵਰੇਨ ਸੋਨੇ ਦੀ ਇੱਕ ਸਾਧਾਰਨ ਮਿਕਦਾਰ ਤੋਂ ਛੁੱਟ ਹੋਰ ਕੁੱਝ ਨਹੀਂ, ਜਿਸ ਦਾ ਵਜ਼ਨ ਅੰਗਰੇਜ਼ੀ ਧਨਵੀ-ਮਾਪ ਵਿੱਚ ਇਸੇ ਨਾਂ ਹੇਠਾਂ ਦਰਸਾਇਆ ਹੁੰਦਾ ਹੈ। $4672\frac{1}{2}$ ਸੋਨੇ ਦੇ ਸਾਵਰੇਨ, ਵੱਖ ਵੱਖ ਥਾਵਾਂ ਦੇ ਚਲਨ ਵਿੱਚ ਦਾਖਲ ਕੀਤੇ ਜਾਂਦੇ ਹਨ ਅਤੇ ਇੱਕ ਵਾਰੀ ਧਾਰਾ ਵਿੱਚ ਆ ਜਾਣ ਪਿੱਛੋਂ, ਉਹ ਪ੍ਰਤੀ ਦਿਨ ਕਈ ਚੱਕਰਾਂ ਵਿੱਚ ਜਾਂਦੇ ਹਨ, ਕੁੱਝ ਥੋੜ੍ਹਿਆਂ ਵਿੱਚ, ਕੁੱਝ ਬਹੁਤਿਆਂ ਵਿੱਚ। ਜੇਕਰ, ਇੱਕ ਔਂਸ ਸੋਨੇ ਦੁਆਰਾ ਪ੍ਰਤੀ ਦਿਨ ਲਾਏ

ਚੱਕਰਾਂ ਦੀ ਔਸਤ ਗਿਣਤੀ ਦਸ ਹੋਵੇ, ਤਾਂ 1200 ਔਂਸਾਂ ਸੋਨਾ 12,000 ਔਂਸ ਜਾਂ 46725 ਸਾਵਰੇਨਾਂ ਜਿੰਨੇ ਮੁੱਲਾਂ ਦੀਆਂ ਜਿਣਸ ਕੀਮਤਾਂ ਵਸੂਲ ਕਰ ਸਕੇਗਾ। ਸੋਨੇ ਦਾ ਇਹ ਔਂਸ, ਭਾਵੇਂ ਕਿੰਨੇ ਵੀ ਟੇਢ-ਵਿੰਗ ਖਾਵੇ, ਕਦੇ ਵੀ ਤੋਲ ਵਿੱਚ ਦਸ ਔਂਸ ਨਹੀਂ ਬਣ ਸਕਦਾ। ਪਰ ਇੱਥੇ ਚਲਨ ਦੇ ਅਮਲ ਵਿੱਚ, ਇੱਕ ਔਂਸ ਜ਼ਰੂਰ ਦਸ ਔਂਸਾਂ ਦਾ ਮੁੱਲ ਰੱਖਦਾ ਹੈ। ਚਲਨ ਦੇ ਅਮਲ ਵਿੱਚ ਆਇਆ ਹਰ ਸਿੱਕਾ, ਇਸ ਵਿਚਲੀ ਸੋਨੇ ਦੀ ਮਿਕਦਾਰ ਨੂੰ ਇਸ ਦੁਆਰਾ ਲਾਏ ਚੱਕਰਾਂ ਦੀ ਸੰਖਿਆ ਨਾਲ਼ ਕੀਤੇ ਗੁਣੇ ਦੇ ਬਰਾਬਰ ਹੁੰਦਾ ਹੈ। ਸੋਨੇ ਦੇ ਇੱਕ ਵਿਸ਼ੇਸ਼ ਵਜ਼ਨ ਦੇ ਟੁੱਕੜੇ ਹੋਣ ਦੇ ਨਾਤੇ ਜੋ ਕਿਸੇ ਸਿੱਕੇ ਦੀ ਹੋਂਦ ਹੁੰਦੀ ਹੈ, ਉਸ ਤੋਂ ਇਲਾਵਾ, ਇੱਕ ਨਾਂ-ਮਾਤਰ ਦੀ ਹੋਂਦ ਉਸ ਦੀ ਹੋਰ ਹੋ ਜਾਂਦੀ ਹੈ, ਜਿਹੜੀ ਕਿ ਇਸ ਦੁਆਰਾ ਕੀਤੇ ਕਾਰਜ ਦੇ ਵਿੱਚੋਂ ਉਗਮਦੀ ਹੈ। ਪਰ ਭਾਵੇਂ ਇਹ ਸਾਵਰੇਨ ਇੱਕ ਚੱਕਰ ਲਾਵੇ, ਜਾਂ ਦਸ, ਪਰ ਹਰ ਖਾਸ ਖਰੀਦ ਜਾਂ ਵੇਚ ਦੇ ਮੌਕੇ ’ਤੇ, ਇਹ ਲਗਾਤਾਰ ਇੱਕੋ ਸਾਵਰੇਨ ਦਾ ਸਾਵਰੇਨ ਰਹਿੰਦਾ ਹੈ। ਇਸ ਦਾ ਅਸਰ ਠੀਕ ਉਸੇ ਤਰ੍ਹਾਂ ਦਾ ਹੈ, ਜਿਵੇਂ ਕਿ ਕੋਈ ਜਰਨੈਲ, ਜਿਸ ਦੀ ਲੜਾਈ ਵਿੱਚ ਡਿਊਟੀ ਲੱਗੀ ਹੋਈ ਹੈ, ਪਰ ਉਹ ਲੋੜ ਦੇ ਵੇਲ਼ੇ ਦਸ ਵੱਖ ਵੱਖ ਥਾਵਾਂ ’ਤੇ ਜਾ ਕੇ, ਦਸ ਜਰਨੈਲਾਂ ਦਾ ਕੰਮ ਸਾਰਦਾ ਹੈ, ਪਰ ਰਹਿੰਦਾ ਹਰ ਥਾਂ ’ਤੇ ਇੱਕੋ ਦਾ ਇੱਕ ਜਰਨੈਲ ਹੈ। ਚਲਨ-ਮਾਧਿਅਮ ਦਾ ਨਾਂ-ਮਾਤਰੀਕਰਨ, ਜਿਹੜਾ ਕਿ ਮਿਕਦਾਰ ਨਾਲ਼ ਰਫਤਾਰ ਨੂੰ ਬਦਲਣ ਦੇ ਫਲਰੂਪ ਵਜੂਦ ਵਿੱਚ ਆਉਂਦਾ ਹੈ, ਚਲਨ-ਅਮਲ ਦੇ ਅੰਦਰ-ਅੰਦਰ ਸਿੱਕਿਆਂ ਦੇ ਕਾਰਜ ਨਾਲ਼ ਹੀ ਸਬੰਧਤ ਹੁੰਦਾ ਹੈ, ਪਰ ਉਸ ਦਾ ਪ੍ਰਭਾਵ ਇੱਕਾ-ਦੁੱਕਾ ਸਿੱਕਿਆਂ ਦੇ ਦਰਜੇ ’ਤੇ ਨਹੀਂ ਪੈਂਦਾ।

ਪਰ ਧਨ ਦਾ ਚਲਨ, ਇੱਕ ਬਾਹਰੀ ਚੱਕਰ ਹੈ ਅਤੇ ਸਾਵਰੇਨ, ਭਾਵੇਂ ਲੱਗਦਾ ਨਹੀਂ, ਦੋਸਤੀਆਂ ਵੀ ਪਾਲ਼ਦਾ ਹੈ। ਸਿੱਕਾ ਜਿਹੜਾ ਕਿ ਸਭ ਤਰ੍ਹਾਂ ਦੇ ਵਿਅਕਤੀਆਂ, ਥੈਲੀਆਂ, ਪਰਸਾ, ਤਿਜੌਰੀਆਂ, ਬਕਸਾਂ ਆਦਿ ਵਿੱਚ ਆਉਂਦਾ ਜਾਂਦਾ ਹੈ, ਇਸ ਤਰ੍ਹਾਂ ਆਪਣੇ ਅੰਦਰਲਾ ਬਹੁਤ ਸਾਰਾ ਮਾਲ, ਘਿਸਾਈ-ਪੁਛਾਈ ਦੇ ਆਪਣੇ ਸੰਸਾਰਕ ਧੰਦੇ ਦੇ ਦੌਰਾਨ, ਖੋਂਹਦਾ ਰਹਿੰਦਾ ਹੈ। ਵਰਤੋਂ ਵਿੱਚ ਆਇਆ, ਆਪ ਵੀ ਕੁੱਝ-ਕੁੱਝ ਵਰਤਿਆ ਜਾਂਦਾ ਹੈ। ਆਓ ਅਸੀਂ ਇੱਕ ਸਾਵਰੇਨ ਬਾਰੇ ਉਸ ਸਮੇਂ ਵਿਚਾਰ ਕਰੀਏ, ਜਦੋਂ ਕਿ ਇਸ ਦੇ ਮੂਲ, ਠੋਸ ਚਿਹਨ-ਚੱਕਰ ਅਜੇ ਪੂਰੀ ਤਰ੍ਹਾਂ ਸਾਲਿਮ ਹਨ।

> “ਇੱਕ ਨਾਨਵਾਈ, ਇੱਕ ਦਿਨ ਇੱਕ ਸਾਵਰੇਨ ਲੈਂਦਾ ਹੈ ਅਤੇ ਦੂਜੇ ਦਿਨ ਉਸ ਨੂੰ ਆਪਣੇ ਚੱਕੀ ਵਾਲ਼ੇ ਨੂੰ ਦੇ ਦਿੰਦਾ ਹੈ, ਪਰ ਇਹ ਉਹੋ ਪਹਿਲੇ ਦਿਨ ਵਾਲ਼ਾ ਨਵਾਂ-ਨਕੋਰ ਸਾਵਰੇਨ ਨਹੀਂ ਹੈ, ਬਲਕਿ ਇਹ ਉਸ ਤੋਂ ਕੁੱਝ ਕੁ ਹਲਕਾ ਹੈ, ਜਦੋਂ ਕਿ ਇਹ ਉਸ ਦੇ ਕੋਲ਼ ਆਇਆ ਸੀ...।*
>
> “ਇਹ ਗੱਲ ਸਾਫ ਹੋ ਜਾਣ ਪਿੱਛੋਂ ਕਿ ਸਿੱਕੇ, ਲਾਜ਼ਮੀ ਤੌਰ ’ਤੇ, ਇੱਕ ਇੱਕ ਕਰਕੇ, ਭਾਵੇਂ ਮਾਮੂਲੀ ਤੇ ਵਸੋਂ-ਬਹਾਰੀ ਘਿਸਰ ਕਰ ਕੇ ਹੀ ਸਹੀ, ਘਿਸਾਈ ਵਿੱਚ ਆਉਂਦੇ ਰਹਿੰਦੇ ਹਨ... ਇਹ ਹਰ ਸਮੇਂ ਦੀ ਭੌਤਕੀ ਅਰੋਕਤਾ ਹੈ, ਕਿ ਚਲਨ ਵਿੱਚ

---

* ਡਾਡ, **‘ਸਨਅਤ ਦੀਆਂ ਚਿੰਤਾਵਾਂ’**, ਲੰਡਨ, 1854, ਪੰਨਾ 16।

ਆਏ ਸਿੱਕਿਆਂ ਦਾ ਹਲਕਿਆਂ ਹੋਣਾ, ਇੱਕ ਦਿਨ ਲਈ ਵੀ ਨਹੀਂ ਰੋਕਿਆ ਜਾ ਸਕਦਾ।"*

ਜੈਕਬ ਨੇ ਅਨੁਮਾਨ ਲਾਇਆ ਹੈ, ਕਿ 220 ਮਿਲੀਅਨ ਪੌਂਡ, ਜਿਹੜੇ ਕਿ ਯੂਰਪ ਅੰਦਰ 1809 ਵਿੱਚ ਮੌਜੂਦ ਸਨ, 1829 ਨੂੰ ਪੁੱਜਦਿਆਂ 19 ਮਿਲੀਅਨ ਪੌਂਡ, ਘਿਸਾਈ ਦੇ ਕਾਰਨ, ਬਿਲਕੁਲ ਗਾਇਬ ਹੋ ਗਏ ਹਨ, ਜਿਸ ਦਾ ਅਰਥ ਹੈ ਕੇਵਲ ਵੀਹ ਸਾਲਾਂ ਵਿੱਚ,** ਜਦੋਂ ਕਿ ਜਿਣਸ ਆਪਣਾ ਪਹਿਲਾ ਕਦਮ ਪੁੱਟ ਕੇ, ਆਪਣੇ ਆਪ ਨੂੰ ਚਲਨ ਦੇ ਖੇਤਰ ਵਿੱਚ ਲਿਆਉਂਦੀ ਹੈ ਅਤੇ ਮੁੜ ਬਾਹਰ ਚਲੀ ਜਾਂਦੀ ਹੈ, ਸਿੱਕਾ, ਚਲਨ ਦੇ ਖੇਤਰ ਅੰਦਰ, ਕੁੱਝ ਕੁੱਝ ਕਦਮ ਪੁੱਟ ਕੇ ਆਪਣੀ ਥਾਂ ਬਣਾਉਂਦਾ ਹੈ, ਤਾਂ ਇਹ, ਆਪਣੇ ਵਿਚਲੀ ਧਾਤ ਤੋਂ ਵਡੇਰੀ ਧਾਤ ਦੇ ਤੱਤ ਦੀ ਥਾਂ ਪੂਰਨ ਲੱਗਦਾ ਹੈ। ਇੱਕ ਬੱਝੀ ਰਫਤਾਰ ਤੇ ਇੱਕ ਸਿੱਕਾ, ਜਿੰਨੇ ਵੀ ਵੱਧ ਸਮੇਂ ਤੀਕ ਚਲਨ ਵਿੱਚ ਰਹਿੰਦਾ ਹੈ, ਜਾਂ ਕਿ ਇੱਕ ਬੱਝੇ ਸਮੇਂ ਅੰਦਰ ਜਿੰਨੀ ਵੱਧ ਤੇਜ਼ੀ ਨਾਲ਼ ਉਹ ਚੱਕਰ ਲਾਉਂਦਾ ਹੈ, ਉੱਨਾ ਹੀ ਵੱਧ ਅੰਤਰ, ਉਸ ਦੀ ਸਿੱਕੇ ਦੇ ਤੌਰ 'ਤੇ ਹੋਂਦ, ਅਤੇ ਸੋਨੇ ਜਾਂ ਚਾਂਦੀ ਦੇ ਟੁੱਕੜੇ ਦੇ ਤੌਰ 'ਤੇ ਉਸ ਦੀ ਹੋਂਦ ਵਿਚਕਾਰ ਆ ਜਾਂਦਾ ਹੈ। ਬਾਕੀ ਜੋ ਬੱਚਦਾ ਹੈ, ਉਹ ਕੇਵਲ ਉਸ ਦੀ ਉਪ ਛਾਇਆ ਹੁੰਦਾ ਹੈ, ਸਿੱਕੇ ਦਾ ਆਕਾਰ ਤਾਂ ਕੇਵਲ ਪਰਛਾਈ ਮਾਤਰ ਰਹਿ ਜਾਂਦਾ ਹੈ। ਜਦੋਂ ਕਿ ਮੁੱਢ ਵਿੱਚ, ਚਲਨ ਸਿੱਕੇ ਨੂੰ ਵੱਧ ਭਾਰੀ ਬਣਾਇਆ ਕਰਦਾ ਸੀ, ਉਹ ਹੁਣ ਇਸ ਨੂੰ ਵੱਧ ਹਲਕਾ ਬਣਾਉਂਦਾ ਜਾਂਦਾ ਹੈ, ਭਾਵੇਂ ਅਜੇ ਵੀ, ਹਰ ਇੱਕਾ-ਦੁੱਕਾ ਖਰੀਦ ਜਾਂ ਵੇਚ ਵਿੱਚ, ਇਹ ਸੋਨੇ ਦੀ ਮੂਲ ਮਿਕਦਾਰ ਦੇ ਰੂਪ ਵਿੱਚ ਹੀ ਚੱਲਦਾ ਰਹਿੰਦਾ ਹੈ। ਦਿਖਾਵਟੀ ਸਾਵਰੇਨ ਜਾਂ ਦਿਖਾਵਟੀ ਸੋਨੇ ਦੇ ਤੌਰ 'ਤੇ, ਸਾਵਰੇਨ, ਕਾਨੂੰਨੀ ਸੋਨੇ ਦੇ ਸਿੱਕੇ ਦੇ ਕਾਰਜ ਨੂੰ ਕਰੀ ਜਾਂਦਾ ਹੈ। ਭਾਵੇਂ ਬਾਹਰੀ ਦੁਨੀਆਂ ਨਾਲ਼ ਰਗੜ-ਘੱਸ ਦਾ ਨਤੀਜਾ ਜਿੱਥੇ ਹੋਰ ਵਸਤਾਂ ਲਈ, ਆਪਣੇ ਆਦਰਸ਼ਵਾਦ ਨੂੰ ਤਿਲਾਂਜਲੀ ਦੇਣ ਵਿੱਚ ਨਿਕਲਦਾ ਹੈ, ਉੱਥੇ ਸਿੱਕਾ, ਆਪਣੇ ਚਲਨ ਦੇ ਨਤੀਜੇ ਵਜੋਂ ਵੱਧ ਆਦਰਸ਼ ਖੱਟੀ ਜਾਂਦਾ ਹੈ, ਭਾਵੇਂ ਇਸ ਦੇ ਸੋਨੇ ਜਾਂ ਚਾਂਦੀ ਦਾ ਅਨਸਰ, ਘੱਟ ਘੱਟ ਕੇ, ਕੇਵਲ ਨਾਂ-ਮਾਤਰ ਹੋਂਦ ਦਾ ਹੀ ਰਹਿ ਜਾਂਦਾ ਹੈ। ਧਾਤਵੀ ਮੁਦਰਾ ਦਾ ਇਹ ਦੂਜਾ ਆਦਰਸ਼ੀਕਰਨ, ਭਾਵ ਇਸ ਦੇ ਨਾਂ-ਮਾਤਰ ਤੱਤ ਅਤੇ ਇਸ ਦੇ ਅਸਲ ਤੱਤ ਵਿਚਲੀ ਨਾ-ਬਰਾਬਰੀ, ਜਿਸ ਨੂੰ ਲਿਆਉਣ ਦੀ ਜ਼ਿੰਮੇਵਾਰੀ ਖੁਦ ਚਲਨ ਦੀ ਆਪਣੀ ਹੈ, ਦਾ ਲਾਭ ਸਰਕਾਰਾਂ ਅਤੇ ਨਿੱਜੀ ਮਾਅਰਕੇਬਾਜ਼, ਜਿਹੜੇ ਕਿ ਕਈ ਵੱਖ ਵੱਖ ਤਰੀਕਿਆਂ ਨਾਲ਼ ਸਿੱਕਿਆਂ ਦੀ ਮਾਲ-ਘਟਾਈ ਕਰਨ ਦਾ ਕੰਮ ਕਰਦੇ ਹਨ, ਦੋਵੇਂ ਉਠਾਉਂਦੇ

---

* **'ਸਿੱਕਾ ਸਿਧਾਂਤ ਮੁੜ ਜਾਂਚਿਆਂ'**.... ਈਡਨਬਰਗ ਦੇ ਇੱਕ ਬੈਂਕਰ ਰਾਹੀਂ, 1845, ਪੰਨਾ 69। "ਜੇਕਰ ਮਾਮੂਲੀ ਘਿਸੇ ਸਿੱਕੇ ਨੂੰ ਵੀ ਬਿਲਕੁੱਲ ਨਵੇਂ ਸਿੱਕੇ ਦੇ ਮੁਕਾਬਲੇ ਬਿਲਕੁੱਲ ਬੇਕਾਰ ਮੰਨਿਆ ਜਾਵੇਗਾ, ਤਾਂ ਚਲਨ ਲਗਾਤਾਰ ਰੁੱਕਦਾ ਰਹੇਗਾ ਅਤੇ ਕੋਈ ਵੀ ਭੁਗਤਾਨ ਬਿਨਾਂ ਦਲੀਲਬਾਜ਼ੀ ਤੋਂ ਨਹੀਂ ਹੋ ਸਕੇਗਾ।" ਜੀ. ਗਾਰਨੀਅਰ, **ਹਿਸਤੋਰੀ ਦੇ ਲਾ ਮੋਨੀ, ਤੋਮ 1, ਪੰਨਾ 24।**

** ਵਿਲੀਅਮ ਜੈਕਬ, **ਕੀਮਤੀ ਧਾਤਾਂ ਦੀ ਉਪਜ ਅਤੇ ਖਪਤ ਦੀ ਇੱਕ ਇਤਿਹਾਸਕ ਪੜਤਾਲ਼,** ਲੰਡਨ, 1831, ਜਿਲਦ 2, ਅਧਿਆਏ 26, ਪੰਨਾ 322।

ਹਨ। ਧਨਵੀ ਪ੍ਰਣਾਲੀ ਦਾ ਸਾਰਾ ਇਤਿਹਾਸ, ਅਰੰਭਕ ਮੱਧਕਾਲ ਤੋਂ ਲੈ ਕੇ, ਠੀਕ ਅਠਾਰ੍ਹਵੀਂ ਸਦੀ ਦੇ ਵਿਚਕਾਰ ਤੱਕ ਦਾ ਅਜਿਹਾ ਦੁ-ਪੱਖਾਂ ਅਤੇ ਇੱਕ-ਦੂਜੇ ਤੋਂ ਵਿਰੋਧੀ ਨਕਲੀ ਸਿੱਕੇ ਬਣਾਉਣ ਦਾ ਇਤਿਹਾਸ ਹੈ, ਕਿ ਇਤਾਲਵੀ ਅਰਥ-ਸ਼ਾਸਤਰੀਆਂ ਦੀਆਂ, ਕੁਸਤੋਦੀ ਦੀਆਂ ਵੱਡੀਆਂ ਵੱਡੀਆਂ ਪੁਸਤਕਾਂ ਦਾ ਪ੍ਰਮੁੱਖ ਵਿਸ਼ਾ ਇਸੇ ਦੀ ਜਾਂਚ-ਪੜਤਾਲ਼ ਨਾਲ਼ ਸਬੰਧਤ ਹੈ।

ਪਰੰਤੂ ਸੋਨੇ ਦੀ ਆਪਣੇ ਕਾਰਜ ਦੀਆਂ ਹੱਦਾਂ ਅੰਦਰ, ਆਪਣੀ "ਆਦਰਸ਼" ਹੋਂਦ ਦੀ ਆਪਣੀ ਅਸਲ ਹੋਂਦ ਨਾਲ਼ ਟੱਕਰ ਹੁੰਦੀ ਹੈ। ਚਲਨ ਦੇ ਦੌਰਾਨ ਸੋਨੇ ਦੇ ਕਿੰਨੇ ਸਿੱਕਿਆਂ ਨੇ ਆਪਣੇ ਧਾਤਵੀ ਤੱਤ ਨੂੰ ਵੱਧ ਗੁਆਇਆ ਹੁੰਦਾ ਹੈ ਅਤੇ ਕਈਆਂ ਨੇ ਬਹੁਤ ਘੱਟ ਅਤੇ ਹੁਣ ਇੱਕ ਸਾਵਰੇਨ, ਅਸਲ ਵਿੱਚ, ਦੂਜੇ ਨਾਲ਼ੋਂ ਵੱਧ ਮੁੱਲ ਦਾ ਹੁੰਦਾ ਹੈ। ਪਰ ਕਿਉਂਕਿ, ਉਹ ਸਿੱਕੇ ਦੇ ਤੌਰ 'ਤੇ ਕੰਮ ਕਰਦਿਆਂ ਸਾਰੇ ਦੇ ਸਾਰੇ ਕਾਨੂੰਨੀ ਤੌਰ 'ਤੇ ਬਰਾਬਰ ਹੁੰਦੇ ਹਨ, ਭਾਵ, ਜਿਹੜਾ ਸਾਵਰੇਨ ਵਜ਼ਨ ਵਿੱਚ ਇੱਕ ਔਂਸ ਦਾ ਇੱਕ ਚੌਥਾਈ ਹੈ, ਉਸ ਦੀ ਕਦਰ ਕੋਈ ਉਸ ਸਾਵਰੇਨ ਨਾਲ਼ੋਂ ਵੱਧ ਨਹੀਂ ਹੁੰਦੀ, ਜਿਹੜਾ ਕਿ ਕੇਵਲ ਇੱਕ ਔਂਸ ਦੀ ਇੱਕ ਚੌਥਾਈ ਦੀ ਥਾਂ ਪੂਰਦਾ ਹੈ; ਅਜਿਹੇ ਮੌਕੇ 'ਤੇ, ਕਈ ਬੇ-ਕਿਰਕੇ ਮਾਲਕ, ਠੀਕ ਵਜ਼ਨ ਦੇ ਸਾਵਰੇਨਾਂ ਉੱਪਰ ਸਰਜੀਕਲ ਅਪਰੇਸ਼ਨਾਂ ਰਾਹੀਂ ਮਸਨੂਈ ਤੌਰ 'ਤੇ, ਉਹੋ ਨਤੀਜੇ ਵਸੂਲ ਕਰ ਲੈਂਦੇ ਹਨ, ਜਿਹੜੇ ਕਿ ਚਲਨ ਨੇ ਹਲਕੇ ਸਿੱਕਿਆਂ ਦੀ ਸੂਰਤ ਵਿੱਚ ਆਪ-ਮੁਹਾਰੇ ਕੀਤੇ ਹੁੰਦੇ ਹਨ। ਸਾਵਰੇਨਾਂ ਨੂੰ ਘਿਸਾ-ਤਰਾਸ਼ ਲਿਆ ਜਾਂਦਾ ਹੈ ਅਤੇ ਵਾਧੂ ਸੋਨਾ ਪਿਘਲਾਈ ਕੁਠਾਲੀ ਵਿੱਚ ਚੱਲਿਆ ਜਾਂਦਾ ਹੈ। ਜਦੋਂ $4672\frac{1}{2}$ ਸੋਨੇ ਦੇ ਸਾਵਰੇਨ ਤੋਲ-ਕਾਂਟੇ 'ਤੇ ਰੱਖਿਆ 1200 ਦੇ ਬਜਾਏ ਔਸਤਨ 800 ਔਂਸ ਸੋਨਾ ਹੀ ਤੋਲਣ, ਤਾਂ ਉਹ ਸੱਰਾਫਾ ਬਾਜ਼ਾਰ ਵਿੱਚੋਂ ਸਿਰਫ਼ 800 ਔਂਸ ਸੋਨਾ ਹੀ ਵਸੂਲਣਗੇ। ਇਸ ਦਾ ਇਹ ਅਰਥ ਹੋਇਆ ਕਿ ਸੋਨੇ ਦੀ ਬਾਜ਼ਾਰ-ਕੀਮਤ ਟਕਸਾਲੀ ਕੀਮਤ ਨਾਲ਼ੋਂ ਉੱਪਰ ਚਲੀ ਗਈ ਹੈ। ਸਾਰੇ ਸਾਵਰੇਨ, ਜਿਨ੍ਹਾਂ ਵਿੱਚ ਮਿਆਰੀ ਤੋਲ ਦੇ ਵੀ ਸ਼ਾਮਲ ਹਨ, ਸਿੱਕੇ ਦੇ ਤੌਰ 'ਤੇ ਉਹਨਾਂ ਦੀ ਕੀਮਤ, ਛੜਾਂ ਦੀ ਸ਼ਕਲ ਵਾਲ਼ੀ ਕੀਮਤ ਨਾਲ਼ੋਂ ਘੱਟ ਹੋਵੇਗੀ। ਨਤੀਜੇ ਵਜੋਂ, ਮਿਆਰੀ ਵਜ਼ਨ ਦੇ ਸਾਵਰੇਨ, ਮੁੜ ਛੜਾਂ ਵਿੱਚ ਬਦਲ ਲਏ ਜਾਣਗੇ, ਕਿਉਂਕਿ ਇਸ ਸ਼ਕਲ ਵਿੱਚ, ਸੋਨੇ ਦੀ ਵਡੇਰੀ ਮਿਕਦਾਰ ਦੀ ਛੁਟੇਰੀ ਮਿਕਦਾਰ ਨਾਲ਼ੋਂ ਵੱਧ ਕਦਰ ਮਿਲਦੀ ਹੈ। ਜਦੋਂ ਧਾਤਵੀ-ਤੱਤ ਦੇ ਘਾਟੇ ਵਜੋਂ ਇੰਨੇ ਵੱਧ ਸਾਵਰੇਨ ਪ੍ਰਭਾਵਿਤ ਹੋ ਜਾਣ ਕਿ ਸੋਨੇ ਦੀ ਬਾਜ਼ਾਰ-ਕੀਮਤ, ਸਥਾਈ ਤੌਰ 'ਤੇ ਇਸ ਦੀ ਟਕਸਾਲੀ ਕੀਮਤ ਨਾਲ਼ੋਂ ਉਪਰ ਰਹਿਣ ਲੱਗੇ, ਤਾਂ ਸਿੱਕਿਆਂ ਦਾ ਭਾਵੇਂ ਲੇਖਾ-ਨਾਂ ਉਹੋ ਬਣਿਆ ਰਹੇਗਾ, ਪਰ ਅੱਗੋਂ ਤੋਂ ਉਹਨਾਂ ਬਦਲੇ ਸੋਨੇ ਦੀ ਘੱਟ ਮਿਕਦਾਰ ਮਿਲਿਆ ਕਰੇਗੀ। ਦੂਜੇ ਸ਼ਬਦਾਂ ਵਿੱਚ, ਧਨ ਦਾ ਮਿਆਰ ਬਦਲ ਜਾਵੇਗਾ ਅਤੇ ਅੱਗੋਂ ਲਈ, ਸੋਨੇ ਦੇ ਸਿੱਕੇ, ਇਸ ਨਵੇਂ ਮਿਆਰ ਅਨੁਸਾਰ ਬਣਨੇ ਸ਼ੁਰੂ ਹੋ ਜਾਣਗੇ। ਇਸ ਤਰ੍ਹਾਂ, ਸੋਨੇ ਨੇ ਚਲਨ-ਮਾਧਿਅਮ ਦੇ ਤੌਰ 'ਤੇ, ਆਪਣੇ ਆਦਰਸ਼ੀਕਰਨ ਦੇ ਸਿੱਟੇ ਵਜੋਂ, ਆਪਣੇ ਕਾਨੂੰਨ ਦੁਆਰਾ ਸਥਾਪਤ ਸਬੰਧ ਨੂੰ ਬਦਲ ਲਿਆ ਹੋਵੇਗਾ, ਜਿਸ ਵਿੱਚ ਕਿ ਉਹ ਕੀਮਤ-ਮਿਆਰ ਦੇ ਤੌਰ 'ਤੇ ਕੰਮ ਕਰਦਾ ਆ ਰਿਹਾ ਸੀ। ਇਸੇ ਤਰ੍ਹਾਂ ਦੀ ਤਬਦੀਲੀ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ, ਵਾਪਰਦੀ ਰਹੇਗੀ; ਸੋਨਾ, ਇਸ ਤਰ੍ਹਾਂ, ਕੀਮਤ-ਮਿਆਰ ਅਤੇ ਚਲਨ-ਮਾਧਿਅਮ ਦੋਹਾਂ ਦੇ ਤੌਰ 'ਤੇ, ਲਗਾਤਾਰ ਬਦਲਦਾ

ਰਹੇਗਾ, ਜਿਸ ਨਾਲ਼, ਇੱਕ ਪੱਖ ਦੀ ਤਬਦੀਲੀ, ਦੂਜੇ ਪੱਖ ਦੀ ਤਬਦੀਲੀ ਦਾ ਕਾਰਨ ਬਣੇਗੀ ਅਤੇ ਇਸੇ ਤਰ੍ਹਾਂ ਇਸ ਤੋਂ ਉਲਟ ਵੀ ਹੋਵੇਗਾ। ਇਹ ਹੈ ਕਾਰਨ, ਉਸ ਵਰਤਾਰੇ ਦਾ, ਜਿਸ ਦਾ ਜ਼ਿਕਰ ਪਿੱਛੇ ਆਇਆ ਹੈ, ਭਾਵ ਕਿ, ਜਿਵੇਂ ਸਾਰੀਆਂ ਆਧੁਨਿਕ ਕੌਮਾਂ ਦਾ ਇਤਿਹਾਸ ਸਿੱਧ ਕਰਦਾ ਹੈ, ਕਿ ਲਗਾਤਾਰ ਘੱਟਦੇ-ਜਾਂਦੇ ਧਾਤਵੀ-ਤੱਤ ਦੇ ਬਾਵਜੂਦ ਸਿੱਕਿਆਂ ਦੇ ਧਨਵੀ-ਨਾਂ ਉਹੋ ਦੇ ਉਹੋ ਬਣੇ ਰਹਿੰਦੇ ਹਨ। ਸੋਨੇ ਦੀ, ਸਿੱਕੇ ਦੇ ਰੂਪ ਅਤੇ ਸੋਨੇ ਦੀ, ਕੀਮਤ-ਮਿਆਰ ਦੇ ਰੂਪ ਵਿਚਲੀ ਵਿਰੋਧਤਾਈ, ਅੱਗੇ ਚਲ ਕੇ, ਸੋਨੇ ਦੀ ਸਿੱਕੇ ਦੇ ਰੂਪ, ਅਤੇ ਸੋਨੇ ਦੇ ਵਿਆਪਕ ਸਮਤੋਲ ਦੇ ਰੂਪ, ਵਿਚਲੀ ਵਿਰੋਧਤਾਈ ਵੀ ਬਣ ਜਾਂਦੀ ਹੈ। ਸੋਨੇ ਦਾ ਇਹ ਅੰਤਲਾ ਰੂਪ, ਕੇਵਲ ਕਿਸੇ ਖਾਸ ਇਲਾਕੇ ਤੱਕ ਹੀ ਸੀਮਿਤ ਨਹੀਂ ਹੁੰਦਾ, ਬਲਕਿ ਇਸ ਦਾ ਪਸਾਰ ਤਾਂ ਸੰਸਾਰ-ਬਾਜ਼ਾਰ ਹੁੰਦਾ ਹੈ। ਕਦਰ-ਮਾਪ ਦੇ ਤੌਰ 'ਤੇ, ਸੋਨੇ ਨੇ ਆਪਣਾ ਪੂਰਾ ਵਜ਼ਨ ਬਹਾਲ ਰੱਖਿਆ ਹੈ, ਕਿਉਂਕਿ ਸੋਨੇ ਦੇ ਤੌਰ 'ਤੇ ਤਾਂ ਇਹ ਨਾਂ-ਮਾਤਰ ਲਈ ਹੀ ਰਿਹਾ ਹੈ। ਜਦੋਂ ਸੋਨਾ, ਇੱਕ ਅਲੱਗ ਸੌਦੇ **ਜ-ਧ** ਦੇ ਸਮਤੋਲ ਦੇ ਰੂਪ ਵਿੱਚ ਕੰਮ ਕਰਨ ਲੱਗਦਾ ਹੈ, ਤਾਂ ਇਹ ਫੌਰਨ, ਚੱਕਰ ਦੀ ਹਾਲਤ ਵਿੱਚੋਂ ਟਿਕਾਅ ਦੀ ਹਾਲਤ ਵਿੱਚ ਪਰਤ ਆਉਂਦਾ ਹੈ: ਪਰ ਜਦੋਂ ਇਹ ਸਿੱਕੇ ਦੇ ਰੂਪ ਵਿੱਚ ਕੰਮ ਕਰਦਾ ਹੈ, ਇਸ ਦਾ ਕੁਦਰਤੀ ਤੱਤ, ਲਗਾਤਾਰ, ਇਸ ਦੇ ਕਾਰਜ ਨਾਲ਼ ਟੱਕਰ ਵਿੱਚ ਆਉਣ ਲੱਗਦਾ ਹੈ। ਸੋਨੇ ਦੇ ਸਾਵਰੇਨਾਂ ਦੀ, ਨਾਂ-ਮਾਤਰ ਸੋਨੇ ਵਿੱਚ ਬਦਲੀ ਹੋਣ ਨੂੰ, ਪੂਰੇ ਦਾ ਪੂਰਾ, ਤਾਂ ਨਹੀਂ ਰੋਕਿਆ ਜਾ ਸਕਦਾ, ਪਰ ਕਾਨੂੰਨ, ਨਾਂ-ਮਾਤਰ ਸੋਨੇ ਨੂੰ ਸਿੱਕੇ ਦੇ ਰੂਪ ਵਿੱਚ ਸਥਾਪਤ ਹੋਣ ਤੋਂ ਰੋਕਣ ਲਈ, ਉਸ ਸਮੇਂ, ਇਸ ਨੂੰ ਚਲਨ ਵਿੱਚੋਂ ਹਟਾ ਕੇ, ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ, ਜਦੋਂ ਕਿ ਕਿਸੇ ਖਾਸ ਸਿੱਕਿਆਂ ਨੇ ਆਪਣੇ ਤੱਤ ਦੀ ਇਕ ਮਿਥੀ ਫੀਸਦੀ ਤੱਕ ਨੂੰ ਖੋ ਲਿਆ ਹੋਵੇ। ਮਿਸਾਲ ਵਜੋਂ, ਅੰਗਰੇਜ਼ੀ ਕਾਨੂੰਨ ਦੇ ਅਨੁਸਾਰ, ਜੇ ਕੋਈ ਸਾਵਰੇਨ 0.747 ਗਰੇਨ ਤੋਂ ਵੱਧ ਵਜ਼ਨ ਨੂੰ ਗੁਆ ਬੈਠਦਾ ਹੈ, ਉਹ ਅੱਗੇ ਲਈ ਕਾਨੂੰਨੀ ਸਿੱਕਾ ਨਹੀਂ ਰਹਿੰਦਾ। 1844 ਅਤੇ 1848 ਦੇ ਵਿਚਕਾਰ, ਬੈਂਕ ਆਫ ਇੰਗਲੈਂਡ ਨੇ 48 ਮਿਲੀਅਨ ਸੋਨੇ ਦੇ ਸਾਵਰੇਨਾਂ ਨੂੰ ਤੋਲਿਆ। ਜਿਹੜੇ ਕਾਂਟਿਆਂ ਦੁਆਰਾ ਇਹ ਤੋਲ ਹੋਇਆ, ਉਹਨਾਂ ਦਾ ਆਵਿਸ਼ਕਾਰ ਮਿ: ਕਾਟਨ ਨੇ ਕੀਤਾ ਸੀ। ਇਸ ਮਸ਼ੀਨ ਦੀ ਇਹ ਖੂਬੀ ਸੀ ਕਿ ਇਹ ਨਾ ਕੇਵਲ, ਦੋ ਸਾਵਰੇਨਾਂ ਵਿਚਕਾਰਲੇ ਇੱਕ ਗਰੇਨ ਦੇ ਸੌਵੇਂ ਭਾਗ ਤੱਕ ਦੇ ਅੰਤਰ ਨੂੰ ਹਾੜ ਸਕਦੀ ਸੀ, ਬਲਕਿ ਇੱਕ ਸੂਝਵਾਨ ਪ੍ਰਾਣੀ ਵਾਂਗ, ਹਲਕੇ-ਵਜ਼ਨ ਵਾਲ਼ੇ ਸਿੱਕੇ ਨੂੰ ਆਪਣੇ ਪਲੜੇ ਵਿੱਚੋਂ ਚੁੱਕ ਕੇ ਇੱਕ ਹੋਰ ਮਸ਼ੀਨ ਦੇ ਅੰਦਰ ਵੀ ਸੁੱਟ ਦੇਂਦੀ ਸੀ, ਜਿਹੜੀ ਕਿ ਇਸ ਨੂੰ ਏਸ਼ੀਆਈ ਬੇ-ਕਿਰਕੀ ਨਾਲ਼ ਦੋ ਟੁਕੜਿਆਂ ਵਿੱਚ ਨਾਲ਼ੋਂ ਨਾਲ਼ ਚੀਰ ਦੇਂਦੀ ਸੀ।

ਇਹਨਾਂ ਹਾਲਾਤ ਵਿੱਚ, ਪਰ ਸੋਨੇ ਦੇ ਸਿੱਕੇ ਉਸ ਸਮੇਂ ਤੱਕ ਉੱਕਾ ਹੀ ਚਲਨ ਵਿੱਚ ਜਾਣ ਦੇ ਯੋਗ ਨਹੀਂ ਹੋ ਸਕਦੇ, ਜਦੋਂ ਤੀਕ ਕਿ ਉਹਨਾਂ ਨੂੰ ਚਲਨ ਦੇ ਵਿਸ਼ੇਸ਼ ਖੇਤਰ ਤੱਕ ਹੀ ਸੀਮਤ ਨਹੀਂ ਰੱਖਿਆ ਜਾਂਦਾ, ਜਿੱਥੇ ਕਿ ਉਹਨਾਂ ਦੀ ਘਟਾਈ ਘੱਟ ਰਫਤਾਰ ਨਾਲ਼ ਹੁੰਦੀ ਹੈ। ਜਿੱਥੋਂ ਤੀਕ ਕਿ ਚਲਨ ਵਿਚਲਾ ਸੋਨੇ ਦਾ ਇੱਕ ਸਿੱਕਾ, ਇੱਕ ਔਂਸ ਦੇ ਚੌਥਾਈ ਮੁੱਲ ਤੱਕ ਦਾ ਰਹਿੰਦਾ ਹੈ, ਜਦ ਕਿ ਇਸ ਦਾ ਵਜ਼ਨ ਇੱਕ ਔਂਸ ਦਾ ਪੰਜਵਾਂ ਹਿੱਸਾ ਹੀ ਹੁੰਦਾ ਹੈ, ਇਸ ਸਮੇਂ

ਅਵੱਸ਼ ਹੀ, ਸੋਨੇ ਦੇ ਇੱਕ ਔਂਸ ਦੇ ਵੀਹਵੇਂ ਹਿੱਸੇ ਲਈ, ਇਹ ਇੱਕ ਟੋਕਣ ਜਾਂ ਚਿੰਨ੍ਹ-ਮਾਤਰ ਬਣ ਚੁੱਕਿਆ ਹੁੰਦਾ ਹੈ ਅਤੇ ਇਸ ਤਰੀਕੇ ਨਾਲ਼, ਚਲਨ ਦਾ ਅਮਲ, ਸਾਰੇ ਦੇ ਸਾਰੇ ਸੋਨੇ ਦੇ ਸਿੱਕਿਆਂ ਨੂੰ, ਕਿਸੇ ਨਾ ਕਿਸੇ ਹੱਦ ਤੱਕ, ਕੇਵਲ-ਮਾਤਰ ਟੋਕਣਾਂ ਜਾਂ ਚਿੰਨ੍ਹਾਂ ਵਿੱਚ ਬਦਲਦਾ ਰਹਿੰਦਾ ਹੈ, ਜਿਹੜੇ ਕਿ ਉਹਨਾਂ ਦੇ ਤੱਤ ਦੀ ਥਾਂ ਪੂਰਦੇ ਰਹਿੰਦੇ ਹਨ। ਪਰ ਕੋਈ ਵਸਤ ਖ਼ੁਦ ਆਪਣੇ-ਆਪ ਦਾ ਚਿੰਨ੍ਹ ਨਹੀਂ ਹੋ ਸਕਦੀ। ਚਿੱਤਰਕਾਰੀ ਦੇ ਅੰਗੂਰ, ਅਸਲ ਅੰਗੂਰਾਂ ਦਾ ਕੋਈ ਚਿੰਨ੍ਹ ਨਹੀਂ ਹੁੰਦੇ, ਬਲਕਿ ਕੇਵਲ ਖਿਆਲੀ ਅੰਗੂਰ ਹੁੰਦੇ ਹਨ। ਇਸੇ ਤਰ੍ਹਾਂ, ਕਿਸੇ ਹਲਕੇ-ਵਜ਼ਨ ਦੇ ਸਾਵਰੇਨ ਲਈ, ਕਿਸੇ ਮਿਆਰੀ ਵਜ਼ਨ ਦੇ ਸਾਵਰੇਨ ਦਾ ਚਿੰਨ੍ਹ ਹੋ ਸਕਣਾ ਹੋਰ ਵੀ ਘੱਟ ਸੰਭਵ ਹੈ, ਜਿਵੇਂ ਕਿ ਇੱਕ ਕਾਗਜ਼ੀ ਘੋੜਾ ਕਿਸੇ ਮੋਟੇ-ਤਾਜ਼ੇ ਘੋੜੇ ਦਾ ਕੋਈ ਚਿੰਨ੍ਹ ਨਹੀਂ ਹੋ ਸਕਦਾ। ਕਿਉਂਕਿ ਸੋਨਾ, ਇਸ ਤਰ੍ਹਾਂ ਖ਼ੁਦ ਆਪਣੇ-ਆਪ ਦਾ ਇੱਕ ਚਿੰਨ੍ਹ ਬਣ ਜਾਂਦਾ ਹੈ, ਪਰ ਇਹ ਇਸ ਤਰ੍ਹਾਂ ਇੱਕ ਚਿੰਨ੍ਹ ਦੇ ਤੌਰ ’ਤੇ ਕੰਮ ਨਹੀਂ ਕਰ ਸਕਦਾ, ਇਹ ਇੱਕ ਚਿੰਨ੍ਹਾਤਮਕ ਹੋਂਦ ਉਸਾਰ ਲੈਂਦਾ ਹੈ, ਜਿਹੜੀ ਕਿ ਇਸ ਦੀ ਆਪਣੀ ਹੋਂਦ ਨਾਲ਼ੋਂ ਬਿਲਕੁੱਲ ਵੱਖਰੀ ਹੁੰਦੀ ਹੈ; ਚਾਂਦੀ ਜਾਂ ਤਾਂਬੇ ਦੀ ਭੰਨਕੜ ਦੀ ਸ਼ਕਲ ਵਿੱਚ, ਉਹਨਾਂ ਚਲਨ-ਖੇਤਰਾਂ ਅੰਦਰ, ਜਿੱਥੇ ਕਿ ਇਸ ਦੀ ਘਿਸਾਈ, ਸਭ ਤੋਂ ਵੱਧ ਤੇਜ਼ੀ ਨਾਲ਼ ਹੁੰਦੀ ਹੈ, ਅਰਥਾਤ, ਉਹਨਾਂ ਥਾਵਾਂ ’ਤੇ ਜਿੱਥੇ ਛੋਟੀਆਂ ਮਿਕਦਾਰਾਂ ਦੀਆਂ ਖਰੀਦਾਂ-ਵੇਚਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਸੋਨੇ ਦੇ ਕੁੱਲ ਸਿੱਕਿਆਂ ਦੀ ਇੱਕ ਛੋਟੀ ਗਿਣਤੀ, ਭਾਵੇਂ ਹਰ ਸਮੇਂ ਇੱਕੋ ਸਿੱਕਿਆਂ ਦੀ ਨਹੀਂ ਹੁੰਦੀ, ਇਹਨਾਂ ਖੇਤਰਾਂ ਵਿੱਚ ਲਗਾਤਾਰ ਚੱਕਰ ਲਾਉਂਦੀ ਰਹਿੰਦੀ ਹੈ। ਸੋਨੇ ਦੇ ਸਿੱਕਿਆਂ ਦੀ ਇਸ ਗਿਣਤੀ ਨੂੰ ਚਾਂਦੀ ਜਾਂ ਤਾਂਬੇ ਦੇ ਟੋਕਣਾਂ ਨਾਲ਼ ਬਦਲ ਲਿਆ ਜਾਂਦਾ ਹੈ। ਇਸ ਤਰ੍ਹਾਂ ਰੰਗ-ਬਰੰਗੀਆਂ ਜਿਣਸਾਂ, ਸੋਨੇ ਦੇ ਨਾਲ਼ੋਂ ਨਾਲ਼ ਸਿੱਕੇ ਦੇ ਰੂਪ ਵਿੱਚ ਕੰਮ ਕਰਨ ਲੱਗਦੀਆਂ ਹਨ, ਭਾਵੇਂ ਕਿਸੇ ਖਾਸ ਦੇਸ਼ ਦੇ ਅੰਦਰ-ਅੰਦਰ, ਕੋਈ ਇੱਕ ਜਿਣਸ ਹੀ, ਕਦਰ-ਮਾਪ ਦੇ ਰੂਪ ਵਿੱਚ ਅਤੇ ਇਸੇ ਕਰਕੇ, ਧਨ ਰੂਪ ਵਿੱਚ ਕੰਮ ਕਰਦੀ ਹੋਵੇਗੀ। ਚਲਨ ਦੇ ਇਹ ਸਹਾਇਕ ਵਸੀਲੇ, ਮਿਸਾਲ ਵਜੋਂ, ਚਾਂਦੀ ਜਾਂ ਤਾਂਬੇ ਦੇ ਟੋਕਣ, ਚਲਨ ਦੇ ਦਾਇਰੇ ਦੇ ਅੰਦਰ, ਸੋਨੇ ਦੇ ਸਿੱਕਿਆਂ ਦੇ ਇੱਕ ਖਾਸ ਭਾਗ ਦੀ ਹੀ ਥਾਂ ਪੂਰਦੇ ਹਨ। ਇਸੇ ਲਈ, ਚਾਂਦੀ ਜਾਂ ਤਾਂਬੇ ਦੀ ਇਹਨਾਂ ਟੋਕਣਾਂ ਦੇ ਆਪਣੇ ਅੰਦਰ, ਅਸਲ ਮਾਤਰਾ ਦਾ ਨਿਸ਼ਚਾ, ਸੋਨੇ ਦੀ, ਚਾਂਦੀ ਜਾਂ ਤਾਂਬੇ ਦੀ ਕਦਰ ਪ੍ਰਤੀ ਨਿਸਬਤ, ਨਾਲ਼ ਨਹੀਂ ਕੀਤਾ ਜਾਂਦਾ, ਬਲਕਿ ਇਸ ਨੂੰ ਕਾਨੂੰਨ ਦੇ ਡੰਡੇ ਨਾਲ਼ ਸਥਾਪਿਤ ਕਰ ਦਿੱਤਾ ਜਾਂਦਾ ਹੈ। ਇਹਨਾਂ ਨੂੰ ਗਿਣਤੀ ਵਿੱਚ, ਉਸ ਤੋਂ ਵੱਧ ਨਹੀਂ ਜਾਰੀ ਕੀਤਾ ਜਾਂਦਾ, ਜਿਸ ਵਿੱਚ ਉਹਨਾਂ ਦੀ ਥਾਂ-ਪੂਰਤੀ ਦੇ ਸੋਨੇ ਦੇ ਛੋਟੀ ਛੋਟੀ ਰਕਮ ਦੇ ਸਿੱਕੇ, ਚਲਨ ਅੰਦਰ ਲਗਾਤਾਰ ਮੌਜੂਦ ਰਹਿੰਦੇ ਹਨ – ਭਾਵੇਂ ਉਹ ਉੱਚੀ ਰਕਮ ਦੇ ਸੋਨੇ ਸਿੱਕਿਆਂ ਲਈ ਛੋਟੀ ਭੰਨਕੜ ਦਾ ਕੰਮ ਦੇਂਦੇ ਹੋਣ, ਜਾਂ ਕਿ ਉਹ, ਜਿਣਸਾਂ ਦੀਆਂ ਮੁਕਾਬਲੇ ਦੀਆਂ ਘੱਟ ਕੀਮਤਾਂ ਦੀ ਵਸੂਲੀ ਕਰਦੇ ਹੋਣ। ਚਾਂਦੀ-ਟੋਕਣ ਅਤੇ ਤਾਂਬਾ-ਟੋਕਣ ਪਰਚੂਨ ਵਪਾਰ ਦੇ ਅਲੱਗ-ਅਲੱਗ ਖੇਤਰਾਂ ਨਾਲ਼ ਸਬੰਧਤ ਹੋਣਗੇ। ਇਹ ਖ਼ੁਦ ਸਪੱਸ਼ਟ ਹੈ ਕਿ ਉਹਨਾਂ ਦੀ ਚਲਨ-ਰਫਤਾਰ ਉਸ ਕੀਮਤ ਦੀ ਸਿੱਧੀ ਨਿਸਬਤ ਵਿੱਚ ਚੱਲੇਗੀ, ਜਿਸ ਨੂੰ ਉਹ ਹਰ ਇੱਕਾ-ਦੁੱਕਾ ਖਰੀਦ-ਵੇਚ ਵਿਚ ਵਸੂਲ ਕਰਦੇ ਹਨ, ਜਾਂ ਫੇਰ, ਇਹ ਉਸ ਸੋਨੇ ਦੇ ਸਿੱਕੇ ਦੇ ਕਿਸੇ

ਭਾਗ ਦੀ ਕਦਰ ਦੀ ਸਿੱਧੀ ਨਿਸਬਤ ਵਿੱਚ ਹੋਵੇਗੀ, ਜਿਸ ਦਾ ਇਕ ਇਹ ਥਾਂ ਪੂਰਦੇ ਹਨ। ਚਲਨ ਵਿੱਚ ਆਈ, ਸਹਾਇਕ ਸਿੱਕਿਆਂ ਦੀ ਨਿਸਬਤਨ ਬਹੁਤ ਮਾਮੂਲੀ ਰਕਮ, ਉਸ ਰਫਤਾਰ ਦਾ ਸੰਕੇਤ ਦੇਂਦੀ ਹੈ, ਜਿਸ ਨਾਲ਼ ਉਹ ਲਗਾਤਾਰ ਚਲਨ ਵਿੱਚ ਰਹਿੰਦੇ ਹਨ, ਜਦੋਂ ਕਿ ਇਹ ਗੱਲ ਅੱਖਾਂ ਦੇ ਸਾਹਮਣੇ ਹੋਵੇ ਕਿ ਇੰਗਲੈਂਡ ਵਰਗੇ ਦੇਸ਼ ਅੰਦਰ ਕਿੰਨਾ ਵੱਡਾ ਪਰਚੂਨ ਵਪਾਰ ਰਾਤ-ਦਿਨ ਹੁੰਦਾ ਰਹਿੰਦਾ ਹੈ। ਮਿਸਾਲ ਵਜੋਂ, ਹਾਲ ਵਿੱਚ ਛਪੀ ਇੱਕ ਪਾਰਲੀਮੈਂਟਰੀ ਰਿਪੋਰਟ ਤੋਂ ਪਤਾ ਲੱਗਦਾ ਹੈ, ਕਿ 1847 ਵਿੱਚ ਇੰਗਲੈਂਡ ਦੀ ਟਕਸਾਲ ਨੇ 48,59,000 ਪੌਂਡ ਦੀ ਰਕਮ ਦੇ ਸੋਨੇ ਦੇ ਸਿੱਕੇ, 7,33,000 ਪੌਂਡ ਦੀ ਨਾਂ-ਮਾਤਰੀ ਕਦਰ ਰੱਖਣ ਵਾਲ਼ੇ ਚਾਂਦੀ ਦੇ ਸਿਕੇ ਅਤੇ 3,63,000 ਪੌਂਡ ਦੀ ਧਾਤਵੀ ਕਦਰ ਵਾਲ਼ੇ ਸਿੱਕੇ ਢਾਲੇ। 31 ਦਸੰਬਰ, 1857 ਨੂੰ ਖਤਮ ਹੋਣ ਵਾਲੇ ਦਸ ਸਾਲਾਂ ਦੇ ਸਮੇਂ ਵਿੱਚ ਸੋਨੇ ਦੇ ਸਿੱਕਿਆਂ ਦੀ ਕੁੱਲ ਰਕਮ 5,52,39,000 ਪੌਂਡ ਤੱਕ ਪੁੱਜ ਗਈ ਅਤੇ ਚਾਂਦੀ ਦੇ ਸਿੱਕਿਆਂ ਦੀ ਕੁੱਲ 24,34,000 ਪੌਂਡ ਤੱਕ ਹੀ ਆਈ। 1857 ਵਿੱਚ ਤਾਂਬੇ ਦੇ ਜੋ ਸਿੱਕੇ ਜਾਰੀ ਕੀਤੇ ਗਏ, ਉਹਨਾਂ ਦੀ ਨਾਂ-ਮਾਤਰੀ ਕਦਰ ਕੇਵਲ 6,720 ਪੌਂਡ ਤੱਕ ਹੀ ਪੁੱਜੀ, ਜਦੋਂ ਕਿ ਤਾਂਬੇ ਦੀ ਆਪਣੀ ਕਦਰ, ਜੋ ਉਹਨਾਂ ਅੰਦਰ ਮੌਜੂਦ ਸੀ, ਕੇਵਲ 3,492 ਪੌਂਡ ਸੀ। ਇਸ ਵਿੱਚ ਕੁੱਲ 3,136 ਪੌਂਡ ਪਿੰਨਸਾਂ ਦੇ ਤੌਰ ’ਤੇ, 2,464 ਪੌਂਡ, ਅੱਧੇ ਪਿਨਸਾਂ ਦੇ, ਅਤੇ 1,120 ਪੌਂਡ, ਫਾਰਦਿੰਗਾ ਦੇ ਤੌਰ ’ਤੇ ਜਾਰੀ ਕੀਤੇ ਗਏ। ਤਾਂਬੇ ਦੇ ਸਿੱਕਿਆਂ ਦੀ ਕੁੱਲ ਨਾਂ-ਮਾਤਰੀ ਕਦਰ, ਜਿਹੜੀ ਪਿਛਲੇ ਦਸ ਸਾਲਾਂ ਵਿੱਚ ਬਣੀ, ਉਹ 1,41,477 ਪੌਂਡ ਸੀ ਅਤੇ ਉਹਨਾਂ ਦੀ ਧਾਤਵੀ ਕਦਰ 73,503 ਪੌਂਡ ਦੇ ਬਰਾਬਰ। ਜਿਵੇਂ ਸੋਨੇ ਦੇ ਸਿੱਕੇ ਨੂੰ ਕਾਨੂੰਨੀ ਵਿਵਸਥਾ ਰਾਹੀਂ, ਸਿੱਕੇ ਦੇ ਤੌਰ ’ਤੇ ਲਗਾਤਾਰ ਕਾਰਜ ਕਰਨੋਂ ਰੋਕਿਆ ਜਾਂਦਾ ਹੈ, ਕਿ ਜਦੋਂ ਉਹ ਧਾਤ ਦੀ ਇੱਕ ਖਾਸ ਮਿਕਦਾਰ ਨੂੰ ਆਪਣੇ ਵਿੱਚੋਂ ਗੁਆ ਲਵੇਗਾ, ਤਾਂ ਉਹ ਧਨ ਦੇ ਮੈਦਾਨ ਵਿੱਚੋਂ ਨਿਕਲ ਜਾਵੇਗਾ; ਇਸੇ ਤਰ੍ਹਾਂ ਇਸ ਤੋਂ ਉਲਟ, ਕੀਮਤ-ਪੱਧਰ ਨੂੰ ਨਿਸ਼ਚਿਤ ਕਰਕੇ, ਜਿਸ ਨੂੰ ਕਾਨੂੰਨੀ ਤੌਰ ’ਤੇ ਵਸੂਲ ਕੀਤਾ ਜਾ ਸਕਦਾ ਹੈ, ਚਾਂਦੀ ਅਤੇ ਤਾਂਬੇ ਦੀ ਭੰਨਕੜ ਨੂੰ ਸੋਨੇ ਦੇ ਸਿੱਕੇ ਦੇ ਖੇਤਰ ਵਿੱਚ ਘੁੰਮਣੋਂ ਅਤੇ ਆਪਣੇ ਆਪ ਨੂੰ ਬਤੌਰ ਧਨ ਦੇ ਸਥਾਪਤ ਕਰਨੋਂ ਰੋਕਿਆ ਜਾ ਸਕਦਾ ਹੈ।

ਇਸ ਤਰ੍ਹਾਂ, ਮਿਸਾਲ ਲਈ, ਤਾਂਬਾ ਇੰਗਲੈਂਡ ਅੰਦਰ 6 ਪਿੰਨਸ ਦੀਆਂ ਰਕਮਾਂ ਲਈ ਕਾਨੂੰਨੀ ਸਿੱਕਾ ਹੈ, ਅਤੇ ਚਾਂਦੀ 40 ਸ਼ਲਿੰਗ ਦੀਆਂ ਰਕਮਾਂ ਤੱਕ ਲਈ। ਜੇਕਰ ਚਾਂਦੀ ਅਤੇ ਤਾਂਬੇ ਦੇ ਟੋਕਨਾਂ ਨੂੰ ਉਹਨਾਂ ਦੇ ਚਲਨ-ਖੇਤਰਾਂ ਦੀਆਂ ਲੋੜਾਂ ਤੋਂ ਵੱਧ ਮਿਕਦਾਰਾਂ ਵਿੱਚ ਜਾਰੀ ਕਰ ਦਿੱਤਾ ਜਾਵੇ, ਤਾਂ ਇਸ ਨਾਲ਼ ਜਿਣਸ-ਕੀਮਤਾਂ ਵਿੱਚ ਕੋਈ ਵਾਧਾ ਨਹੀਂ ਆਵੇਗਾ, ਬਲਕਿ ਪਰਚੂਨ ਵਪਾਰੀਆਂ ਦੇ ਹੱਥਾਂ ਵਿੱਚ ਇਹਨਾਂ ਟੋਕਨਾਂ ਦਾ ਸੰਗ੍ਰਹਿ ਵੱਧ ਜਾਵੇਗਾ, ਜਿਸ ਦੇ ਸਿੱਟੇ ਵਜੋਂ ਇਹਨਾਂ ਨੂੰ ਧਾਤ ਦੇ ਰੂਪ ਵਿਚ ਵੇਚਣ ਨੂੰ ਮਜਬੂਰ ਹੋਣਾ ਪਵੇਗਾ। 1798 ਵਿੱਚ, ਮਿਸਾਲ ਲਈ, ਅੰਗਰੇਜ਼ੀ, ਤਾਂਬੇ ਦੇ ਸਿੱਕੇ, ਜਿਹੜੇ ਕਿ ਆਮ ਲੋਕਾਂ ਰਾਹੀਂ 20, 30 ਅਤੇ 50 ਪੌਂਡਾਂ ਦੀਆਂ ਰਕਮਾਂ ਤੱਕ ਖਰਚ ਕੀਤੇ ਗਏ, ਉਹ ਸਾਰੇ ਦੇ ਸਾਰੇ, ਦੁਕਾਨਦਾਰਾਂ ਦੇ ਗੱਲਿਆਂ ਵਿੱਚ ਜਮ੍ਹਾਂ ਹੁੰਦੇ ਗਏ ਅਤੇ ਕਿਉਂਕਿ ਉਹ ਉਹਨਾਂ ਸਿੱਕਿਆਂ ਨੂੰ ਮੁੜ ਚਲਨ ਵਿੱਚ

ਪਾਉਣੋਂ ਅਸਮੱਰਥ ਰਹੇ, ਇਸ ਲਈ ਅਖੀਰ ਨੂੰ ਉਹਨਾਂ ਨੂੰ ਇਹ ਸਿੱਕੇ ਤਾਂਬੇ-ਬਾਜ਼ਾਰ ਅੰਦਰ ਬਤੌਰ ਧਾਤ ਦੇ ਵੇਚਣੇ ਪਏ।*

ਚਾਂਦੀ ਅਤੇ ਤਾਂਬੇ ਦੇ ਸਿੱਕਿਆਂ ਦਾ ਧਾਤਵੀ ਤੱਤ, ਜਿਹੜੇ ਕਿ ਘਰੇਲੂ ਚਲਨ ਦੇ ਖਾਸ ਖੇਤਰਾਂ ਅੰਦਰ ਸੋਨੇ ਦੇ ਸਿੱਕਿਆਂ ਦੀ ਥਾਂ ਪੂਰਦੇ ਹਨ, ਕਾਨੂੰਨ ਦੁਆਰਾ ਨਿਯਤ ਕੀਤਾ ਜਾਂਦਾ ਹੈ। ਪਰ ਜਦੋਂ ਉਹ ਚੱਲਦੇ ਚੱਲਦੇ ਘਿਸ ਜਾਂਦੇ ਹਨ, ਜਿਵੇਂ ਕਿ ਸੋਨੇ ਦੇ ਸਿੱਕੇ ਘਿਸਦੇ ਹਨ ਅਤੇ ਕਿਉਂਕਿ ਉਹਨਾਂ ਦੇ ਚਲਨ ਦੀ ਰਫਤਾਰ ਤੇਜ਼ ਅਤੇ ਨਿਰੰਤਰ ਰਹਿੰਦੀ ਹੈ, ਇਸ ਲਈ ਉਹ ਹੋਰ ਵੀ ਵੱਧ ਤੇਜ਼ੀ ਨਾਲ਼, ਆਪਣੀ ਕੇਵਲ-ਮਾਤਰ ਖਿਆਲੀ ਜਾਂ ਪਰਛਾਈਂ ਜਿਹੀ ਹੋਂਦ ਨੂੰ ਪੁੱਜ ਜਾਂਦੇ ਹਨ। ਜੇ ਇਹ ਬੰਨ੍ਹ ਦਿੱਤਾ ਜਾਵੇ ਕਿ ਚਾਂਦੀ ਅਤੇ ਤਾਂਬੇ ਦੇ ਟੋਕਣਾਂ ਨੂੰ ਵੀ, ਧਾਤ ਦੀ ਇੱਕ ਖਾਸ ਮਾਤਰਾ ਗੁਆ ਦੇਣ ਪਿੱਛੋਂ, ਬਤੌਰ ਸਿੱਕਿਆਂ ਦੇ ਕਾਰਜ ਕਰਨੋਂ ਰੋਕ ਦਿੱਤਾ ਜਾਵੇਗਾ, ਤਾਂ ਉਹਨਾਂ ਦੀ ਥਾਂ ’ਤੇ, ਚਲਨ ਦੇ ਉਹਨਾਂ ਦੇ ਆਪਣੇ ਖਾਸ ਖੇਤਰ ਦੇ ਕੁੱਝ ਭਾਗਾਂ ਵਿੱਚ, ਕਿਸੇ ਹੋਰ ਚਿੰਨ੍ਹਵੀ ਧਨ ਨੂੰ ਬਦਲਣਾ ਹੋਵੇਗਾ, ਮਿਸਾਲ ਵਜੋਂ, ਲੋਹੇ ਜਾਂ ਲੈੱਡ ਆਦਿ ਤੋਂ ਬਣੇ ਨੂੰ ਅਤੇ ਇਸ ਤਰ੍ਹਾਂ ਚਿੰਨ੍ਹ ਵੀ ਧਨ ਦੇ ਇੱਕ ਪ੍ਰਕਾਰ ਦੀ ਚਿੰਨ੍ਹਵੀ ਧਨ ਦੇ ਦੂਜੇ ਕਈ ਪ੍ਰਕਾਰਾਂ ਰਾਹੀਂ ਥਾਂ-ਪੂਰਤੀ ਦਾ ਸਿਲਸਿਲਾ ਸਦਾ-ਸਦਾ ਲਈ ਚੱਲਦਾ ਰਹੇਗਾ। ਮੁਦਰਾ ਚਲਨ ਦੀਆਂ ਆਪਣੀਆਂ ਲੋੜਾਂ, ਇਸ ਅਨੁਸਾਰ, ਉੱਨਤ ਚਲਨ ਵਾਲ਼ੇ ਸਾਰੇ ਦੇਸ਼ਾਂ ਨੂੰ ਇਸ ਗੱਲ ਦੀ ਜ਼ਾਮਨੀ ਲੈਣ ਲਈ ਮਜ਼ਬੂਰ ਕਰਨਗੀਆਂ ਕਿ ਚਾਂਦੀ ਅਤੇ ਤਾਂਬੇ ਦੇ ਟੋਕਣ, ਧਾਤ ਦੀ ਆਪਣੀ ਘਟਦੀ ਫੀਸਦੀ ਮਾਤਰਾ ਦੇ ਬਾਵਜੂਦ ਵੀ, ਬਤੌਰ ਸਿੱਕਿਆਂ ਦੇ ਕਾਰਜ ਕਰਦੇ ਰਹਿਣ। ਇਸ ਤੋਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਉਹ, ਆਪਣੇ ਖਾਸੇ ਤੋਂ, ਸੋਨੇ ਦੇ ਸਿੱਕਿਆਂ ਦੇ ਚਿੰਨ੍ਹ ਹਨ, ਇਸ ਲਈ ਨਹੀਂ, ਕਿ ਉਹਨਾਂ ਅੰਦਰ ਕਦਰ ਹੈ, ਬਲਕਿ ਇਸ ਲਈ ਕਿ ਉਹਨਾਂ ਅੰਦਰ ਕੋਈ ਕਦਰ ਨਹੀਂ।

ਮੁਕਾਬਲੇ ’ਤੇ, ਬਿਲਕੁਲ ਹੀ ਉਹ ਵਸਤਾਂ, ਜਿਹਨਾਂ ਦੀ ਕੋਈ ਕੀਮਤ ਨਹੀਂ, ਜਿਵੇਂ ਕਿ **ਕਾਗਜ਼**, ਸੋਨੇ ਦੇ ਸਿੱਕਿਆਂ ਦੇ ਚਿੰਨ੍ਹਾਂ ਦੇ ਤੌਰ ’ਤੇ ਕਾਰਜ ਕਰ ਸਕਦੇ ਹਨ। ਸਹਾਇਕ ਸਿੱਕੇ, ਜਿਹੜੇ ਕਿ ਚਾਂਦੀ, ਤਾਂਬਾ ਆਦਿ ਧਾਤਾਂ ਦੇ ਬਣੇ ਹੁੰਦੇ ਸਨ, ਟੋਕਨਾਂ ਦੇ ਤੌਰ ’ਤੇ ਕੰਮ ਕਰਦੇ ਸਨ, ਮੁੱਖ ਤੌਰ ’ਤੇ ਇਸ ਲਈ, ਕਿਉਂਕਿ ਬਹੁਤ ਸਾਰੇ ਦੇਸ਼ਾਂ ਅੰਦਰ ਘੱਟ ਕੀਮਤੀ ਧਾਤਾਂ ਬਤੌਰ ਧਨ ਦੇ ਚਾਲੂ ਸਨ, ਜਿਵੇਂ ਕਿ ਇੰਗਲੈਂਡ ਅੰਦਰ ਚਾਂਦੀ, ਪ੍ਰਾਚੀਨ ਰੋਮ ਰਿਪਬਲਿਕ, ਸਵੀਡਨ ਸਕਾਟਲੈਂਡ ਆਦਿ ਵਿੱਚ ਤਾਂਬਾ ਅਤੇ ਇਹ ਸਿਲਸਿਲਾ ਉਦੋਂ ਤੱਕ ਚਾਲੂ ਰਿਹਾ, ਜਦੋਂ ਤੱਕ ਚਲਨ ਦੇ ਅਮਲ ਨੇ ਉਹਨਾਂ ਨੂੰ ਛੋਟੇ ਸਿੱਕਿਆਂ ਦੇ ਦਰਜੇ ਨੂੰ ਨਹੀਂ ਪਹੁੰਚਾ ਦਿੱਤਾ ਅਤੇ ਉਹਨਾਂ ਦੀ ਥਾਂ ’ਤੇ ਕਿਸੇ ਵੱਧ ਕੀਮਤੀ ਧਾਤ ਨੂੰ ਨਹੀਂ ਲੈ ਆਂਦਾ। ਹੋਰ ਵੀ, ਇਹ ਨਿਯਮ ਹੈ ਕਿ ਧਾਤਵੀ ਚਿੰਨ੍ਹ ਜਿਹੜਾ ਕਿ ਸਿੱਧਾ ਧਾਤਵੀ ਮੁਦਰਾ ਤੋਂ ਉਗਮਦਾ ਹੈ, ਸਭ ਤੋਂ ਪਹਿਲਾਂ, ਮੁੜ ਇੱਕ ਵਾਰ ਧਾਤ ਹੋ ਜਾਣਾ ਚਾਹੀਦਾ ਹੈ। ਜਿਵੇਂ ਕਿ ਸੋਨੇ ਦਾ ਉਹ

---

* ਡੈਵਿਡ ਬੁਚਨਨ, ‘**ਡਾ. ਸਮਿੱਥ ਦੁਆਰਾ ਕੌਮਾਂ ਦੀ ਦੌਲਤ ਦੇ ਖਾਸੇ ਅਤੇ ਕਾਰਨਾਂ ਬਾਰੇ ਕੀਤੀ ਜਾਂਚ ਅੰਦਰ ਵਿਚਾਰੇ ਵਿਸ਼ਿਆਂ ਉੱਪਰ ਰਾਵਾਂ**’, ਈਡਨਬਰਗ, 1814, ਪੰਨਾ 31।

ਟੋਟਾ, ਜਿਹੜਾ ਕਿ ਛੋਟੀ ਭੰਨਕੜ ਦੇ ਰੂਪ ਵਿੱਚ ਲਗਾਤਾਰ ਚੱਕਰ ਲਾ ਰਿਹਾ ਹੁੰਦਾ ਹੈ, ਧਾਤਵੀ ਟੋਕਨਾਂ ਉਸ ਦੀ ਥਾਂ ਲੈ ਲੈਂਦੀਆਂ ਹਨ। ਇਸ ਤਰ੍ਹਾਂ, ਸੋਨੇ ਦਾ ਟੋਟਾ, ਜਿਸ ਨੇ ਸਿੱਕੇ ਦੇ ਰੂਪ ਵਿੱਚ ਸਦਾ ਘਰੇਲੂ-ਚਲਨ ਦੇ ਖੇਤਰ ਵਿੱਚ ਹੀ ਰਹਿਣਾ ਹੈ ਅਤੇ ਜਿਸ ਨੇ ਇਸ ਕਰਕੇ ਲਗਾਤਾਰ ਚੱਕਰ ਲਾਉਂਦਿਆਂ ਰਹਿਣਾ ਹੈ, ਉਸ ਨੂੰ ਬਿਨਾਂ ਅੰਦਰਲੀ ਕਦਰ ਵਾਲ਼ੇ ਟੋਕਨਾਂ ਨਾਲ਼ ਬਦਲਿਆ ਜਾ ਸਕਦਾ ਹੈ। ਉਹ ਪੱਧਰ, ਜਿਸ ਤੋਂ ਹੇਠਾਂ ਮੁਦਰਾ ਦੀ ਮਿਕਦਾਰ ਕਦੇ ਨਹੀਂ ਜਾਂਦੀ, ਹਰ ਦੇਸ਼ ਦੇ ਆਪਣੇ ਆਪਣੇ ਤਜ਼ਰਬੇ ਤੋਂ ਮਿੱਥੀ ਜਾਂਦੀ ਹੈ। ਅਰੰਭ ਵਿੱਚ ਜੋ ਧਾਤਵੀ ਮੁਦਰਾ ਦੇ ਅਸਲ ਧਾਤਵੀ ਤੱਤ ਨਾਲ਼ੋਂ, ਨਾਂ-ਮਾਤਰ ਤੱਤ ਦਾ ਬਿਲਕੁਲ ਮਾਮੂਲੀ ਜਿਹਾ ਫਰਕ ਸੀ, ਉਹ ਹੁਣ ਇਤਨਾ ਵੱਧ ਗਿਆ ਹੈ ਕਿ ਦੋਹਾਂ ਵਿਚਕਾਰ ਸੰਪੂਰਨ ਤੋੜ-ਵਿਛੋੜਾ ਹੋ ਗਿਆ ਹੈ। ਇਸ ਤਰ੍ਹਾਂ ਸਿੱਕਿਆਂ ਦੇ ਨਾਂ ਧਨ ਦੇ ਤੱਤ ਨਾਲ਼ੋਂ ਕੱਟ ਜਾਂਦੇ ਹਨ ਅਤੇ ਇਸ ਤੋਂ ਨਿਆਰਿਆਂ ਹੋ ਕੇ, ਕਾਗਜ਼ ਦੇ ਗੈਰ ਜ਼ਰੂਰੀ ਪੁਰਜ਼ਿਆ ਦਾ ਰੂਪ ਲੈ ਲੈਂਦੇ ਹਨ। ਇਹ ਸਭ ਉਸੇ ਤਰ੍ਹਾਂ ਹੁੰਦਾ ਹੈ, ਜਿਵੇਂ ਕਿ ਜਿਣਸਾਂ ਦੀ ਤਬਾਦਲਾ-ਕਦਰ, ਤਬਾਦਲੇ ਦੇ ਫਲ-ਰੂਪ, ਸੋਨਾ-ਧਨ ਵਿੱਚ ਨਿੱਖਰ ਜਾਂਦੀ ਹੈ, ਉਸੇ ਤਰ੍ਹਾਂ ਚਲਨ ਵਿਚਲਾ ਸੋਨਾ-ਧਨ, ਖ਼ੁਦ ਆਪਣੇ ਚਿੰਨ੍ਹ ਵਿੱਚ ਸੂਖਮ ਪਦਵੀ ਧਾਰਦਾ ਹੈ, ਸਭ ਤੋਂ ਪਹਿਲਾਂ, ਘਿਸੇ ਹੋਏ ਸੋਨੇ ਦੇ ਸਿੱਕੇ ਦੇ ਰੂਪ ਵਿੱਚ, ਫੇਰ ਸਹਾਇਕ ਧਾਤਵੀ ਸਿੱਕੇ ਦੀ ਸ਼ਕਲ ਲੈ ਕੇ ਅਤੇ ਅੰਤ ਨੂੰ ਬੇਕਾਰ ਦੀਆਂ ਭੰਨਕੜਾਂ, ਕਾਗਜ਼ ਦੀਆਂ ਪੁਰਜ਼ੀਆਂ, ਨਰੋਲ **ਕਦਰ ਦੀਆਂ ਟੋਕਨਾਂ** ਦੇ ਰੂਪ ਵਿੱਚ।

ਪਰ ਸੋਨੇ ਦੇ ਸਿੱਕੇ ਨੇ ਧਾਤਵੀ ਅਤੇ ਪਿਛੋਂ ਕਾਗਜ਼ੀ ਬਦਲਾਂ ਨੂੰ ਇਸ ਲਈ ਜਨਮ ਦਿੱਤਾ, ਕਿਉਂਕਿ ਇਹ ਆਪਣੇ ਵਿੱਚ ਹੋਣ ਵਾਲ਼ੀ ਧਾਤ ਦੀ ਘਾਟ ਦੇ ਬਾਵਜੂਦ ਸਿੱਕੇ ਦੇ ਰੂਪ ਵਿੱਚ ਕਾਰਜ ਕਰਦਾ ਰਿਹਾ। ਇਹ ਇਸ ਕਾਰਨ ਚਲਨ ਵਿੱਚ ਨਹੀਂ ਸੀ ਕਿਉਂਕਿ ਇਹ ਘਿਸ-ਪਿਟ ਗਿਆ ਸੀ ਬਲਕਿ ਇਹ ਘਿਸ-ਪਿਟ ਕੇ ਇਕ ਚਿੰਨ੍ਹ-ਮਾਤਰ ਇਸ ਲਈ ਰਹਿ ਗਿਆ ਸੀ, ਕਿਉਂਕਿ ਇਹ ਲਗਾਤਾਰ ਚਲਨ ਵਿੱਚ ਰਹਿ ਰਿਹਾ ਸੀ। ਕੇਵਲ ਉੱਥੋਂ ਤੀਕ ਹੀ, ਜਿੱਥੋਂ ਤੀਕ, ਚਲਨ-ਅਮਲ ਦੇ ਦੌਰਾਨ, ਸੋਨਾ-ਮੁਦਰਾ, ਆਪਣੀ ਖ਼ੁਦ ਦੀ ਕਦਰ ਦਾ, ਕੇਵਲ-ਮਾਤਰ ਇੱਕ ਟੋਕਨ ਬਣ ਜਾਂਦੀ ਹੈ, ਇਸ ਦੇ ਥਾਂ 'ਤੇ ਕੇਵਲ-ਮਾਤਰ, ਕਦਰ ਟੋਕਨਾਂ ਨੂੰ ਬਦਲਿਆ ਜਾ ਸਕਦਾ ਹੈ।

ਜਿੱਥੋਂ ਤੀਕ, **ਜ-ਧ-ਜ** ਚੱਕਰ, **ਜ-ਧ** ਅਤੇ **ਧ-ਜ** ਦੋ ਪੱਖਾਂ ਦਾ ਗਤੀਸ਼ੀਲ ਏਕਾ ਬਣਿਆ ਰਹਿੰਦਾ ਹੈ, ਜਿਹੜੇ ਪੱਖੋਂ ਕਿ ਸਿੱਧੇ ਤੌਰ 'ਤੇ ਇੱਕ ਦੂਜੇ ਵਿੱਚ ਬਦਲਦੇ ਰਹਿੰਦੇ ਹਨ, ਜਾਂ ਜਿੱਥੋਂ ਤੀਕ ਕਿ ਜਿਣਸ ਸੰਪੂਰਨ ਰੂਪ-ਬਦਲ ਦੇ ਚੱਕਰ ਵਿੱਚੋਂ ਦੀ ਲੰਘਦੀ ਹੈ, ਇਹ ਆਪਣੀ ਤਬਾਦਲਾ ਕਦਰ ਨੂੰ ਕੀਮਤ ਵਿੱਚ ਅਤੇ ਧਨ ਵਿੱਚ ਵਿਕਾਸਦੀ ਰਹਿੰਦੀ ਹੈ, ਪਰ ਫੌਰਨ ਹੀ, ਇਹ ਮੁੜ ਇਹਨਾਂ ਰੂਪਾਂ ਦੀ ਕੁੰਜ ਲਾਹ ਦੇਂਦੀ ਹੈ ਅਤੇ ਇੱਕ ਵਾਰੀ ਫੇਰ ਇੱਕ ਜਿਣਸ ਜਾਂ ਸਿਰਫ਼ ਇੱਕ ਇਸਤੇਮਾਲੀ ਕਦਰ ਇੱਕ **ਦਿਖਾਵੇ ਦੀ ਸੁਤੰਤਰ ਹੋਂਦ** ਨੂੰ ਹੀ ਪ੍ਰਾਪਤ ਕਰਦੀ ਹੈ। ਦੂਜੇ ਪਾਸੇ ਅਸੀਂ ਦੇਖ ਚੁੱਕੇ ਹਾਂ, ਕਿ ਸੋਨਾ ਜਦੋਂ ਕੇਵਲ ਮੁਦਰਾ ਦੇ ਰੂਪ ਵਿੱਚ ਕਾਰਜ ਕਰਦਾ ਹੈ; ਭਾਵ, ਜਦੋਂ ਕਿ ਇਹ, ਨਿਰੰਤਰ ਚਲਨ ਵਿੱਚ ਹੀ ਰਹਿੰਦਾ ਹੈ, ਉਦੋਂ ਅਸਲ ਵਿੱਚ, ਇਹ ਜਿਣਸਾਂ ਦੇ ਰੂਪ-ਬਦਲ ਅਤੇ **ਉਹਨਾਂ ਦੀ ਧਨ ਦੇ ਰੂਪ ਵਿੱਚ ਅਰੂਪ ਹੋਂਦ** ਦਾ

ਜੋੜਕ-ਮਾਤਰ ਹੁੰਦਾ ਹੈ। ਸੋਨਾ ਇੱਕ ਜਿਣਸ ਦੀ ਕੀਮਤ ਨੂੰ ਇਸ ਲਈ ਹੀ ਵਸੂਲਦਾ ਹੈ ਤਾਂ ਜੋ ਇੱਕ ਹੋਰ ਦੀ ਕੀਮਤ ਵਸੂਲ ਸਕੇ, ਪਰ ਇਹ ਟਿਕੀ ਸੂਰਤ ਵਿੱਚ ਪਈ ਤਬਾਦਲਾ-ਕਦਰ ਦੇ ਰੂਪ ਵਿੱਚ, ਜਾਂ ਕਿ ਟਿਕੀ ਸੂਰਤ ਵਿੱਚ ਪਈ, ਕਿਸੇ ਜਿਣਸ ਦੇ ਰੂਪ ਵਿੱਚ, ਕਦੇ ਨਹੀਂ ਦਿਖਦਾ। ਇਸ ਅਮਲ ਦੇ ਦੌਰਾਨ, ਜਿਣਸਾਂ ਦੀ ਤਬਾਦਲਾ-ਕਦਰ ਨੂੰ ਜੋ ਅਸਲੀਅਤ ਪ੍ਰਾਪਤ ਹੁੰਦੀ ਹੈ ਅਤੇ ਜਿਹੜੀ ਕਿ ਚਲਨ ਵਿਚਲੇ ਸੋਨੇ ਦੁਆਰਾ ਪ੍ਰਗਟਾਈ ਜਾਂਦੀ ਹੈ, ਉਹ ਕੇਵਲ-ਮਾਤਰ, ਇੱਕ ਬਿਜਲੀ ਦੀ ਚਿੰਗਿਆੜੀ ਵਾਲ਼ੀ ਅਸਲੀਅਤ ਹੁੰਦੀ ਹੈ। ਹਾਲਾਂਕਿ ਇਹ ਅਸਲੀ ਸੋਨਾ ਹੁੰਦਾ ਹੈ, ਪਰ ਇਹ ਕੇਵਲ ਦਿਖਾਵੇ ਦੇ ਸੋਨੇ ਵਾਂਗ ਕਾਰਜ ਕਰਦਾ ਹੈ ਅਤੇ ਇਸ ਕਾਰਜ ਦੇ ਦੌਰਾਨ, ਇਸੇ ਕਰਕੇ, ਇਸ ਦਾ ਆਪਣਾ ਹੀ ਇੱਕ ਟੋਕਣ, ਇਸ ਦੇ ਬਦਲੇ ਬਦਲਿਆ ਜਾ ਸਕਦਾ ਹੈ।

ਕਦਰ-ਟੋਕਨ, ਮੰਨ ਲਓ ਕਾਗਜ਼ ਦਾ ਇੱਕ ਪੁਰਜਾ, ਜਿਹੜਾ ਕਿ ਸਿੱਕੇ-ਰੂਪ ਵਿੱਚ ਕਾਰਜ ਕਰਦਾ ਹੈ, ਸੋਨੇ ਦੀ ਉਤਨੀ ਹੀ ਮਿਕਦਾਰ ਦੀ ਥਾਂ ਪੂਰਦਾ ਹੈ ਜਿੰਨੀ ਕਿ ਸਿੱਕੇ ਦੇ ਨਾਂ ਦੁਆਰਾ ਸੰਕੇਤੀ ਹੁੰਦੀ ਹੈ ਅਤੇ ਇਸ ਤਰ੍ਹਾਂ ਇਹ **ਸੋਨੇ ਦਾ ਇੱਕ ਟੋਕਨ** ਹੈ। ਇਸ ਤਰ੍ਹਾਂ ਦੀ ਸੋਨੇ ਦੀ ਕੋਈ ਖਾਸ ਮਿਕਦਾਰ, ਕਿਸੇ ਕਦਰ-ਸਬੰਧ ਨੂੰ ਨਹੀਂ ਪ੍ਰਗਟਾਉਂਦੀ, ਨਾ ਹੀ ਉਹ ਟੋਕਨ, ਜਿਹੜਾ ਕਿ ਇਸ ਦੀ ਥਾਂ ਲੈਂਦਾ ਹੈ, ਉਹ ਪ੍ਰਗਟਾਉਂਦਾ ਹੈ। ਸੋਨੇ ਦਾ ਟੋਕਨ, ਸੋਨੇ ਦੀ ਇੱਕ ਖਾਸ ਮਿਕਦਾਰ ਜਿੰਨੀ ਹੀ ਕਦਰ ਦੀ ਥਾਂ-ਪੂਰਦਾ ਹੈ, ਕਿਉਂਕਿ ਇਹ ਠੋਸ-ਬਣਿਆ ਕਿਰਤ-ਸਮਾਂ ਹੁੰਦਾ ਹੈ ਅਤੇ ਇਹ ਇੱਕ ਖਾਸ ਕਦਰ ਦਾ ਮਾਲਕ ਹੁੰਦਾ ਹੈ। ਪਰ ਟੋਕਨ, ਕਦਰ ਦੀ ਜਿਸ ਮਾਤਰਾ ਦਾ ਧਾਰਣੀ ਹੁੰਦਾ ਹੈ, ਉਸ ਦਾ ਨਿਰਭਰ, ਹਰ ਕੇਸ ਅੰਦਰ, ਸੋਨੇ ਦੀ ਮਿਕਦਾਰ ਦੀ ਕਦਰ ਉੱਪਰ ਹੋਵੇਗਾ, ਜਿਸ ਦੀ ਕਿ ਉਹ ਥਾਂ-ਪੂਰਦਾ ਹੈ। ਜਿਣਸਾਂ ਦੀ ਸੂਰਤ ਵਿੱਚ, ਕਦਰ-ਟੋਕਨ; ਉਹਨਾਂ ਦੀ **ਕੀਮਤ ਦੀ ਅਸਲੀਅਤ** ਦਾ ਧਾਰਣੀ ਹੁੰਦਾ ਹੈ ਅਤੇ ਉਹਨਾਂ ਦੀ ਕੀਮਤ ਅਤੇ ਉਹਨਾਂ ਦੀ ਕਦਰ ਦਾ ਟੋਕਨ ਇਸ ਲਈ ਹੁੰਦਾ ਹੈ ਕਿਉਂਕਿ ਉਹਨਾਂ ਦੀ ਕਦਰ, ਉਹਨਾਂ ਦੀ ਕੀਮਤ ਵਿੱਚ ਪ੍ਰਗਟਾਈ ਹੁੰਦੀ ਹੈ। ਚੱਕਰ **ਜ-ਧ-ਜ** ਵਿੱਚ, ਜਿੱਥੋਂ ਤੀਕ ਇਹ ਕੇਵਲ ਦੋ ਰੂਪ-ਬਦਲ ਦੀ ਦੂਜੇ ਵਿੱਚ ਸਿੱਧੀ ਬਦਲੀ ਨੂੰ ਹੀ ਪ੍ਰਗਟ ਕਰਦਾ ਹੈ – ਅਤੇ ਇਸੇ ਤਰ੍ਹਾਂ ਇਹ ਚਲਨ ਦੇ ਖੇਤਰ ਵਿੱਚ ਦਿਖਾਈ ਦੇਂਦਾ ਹੈ, ਜਿਸ ਦੇ ਅੰਦਰ ਹੀ ਕਦਰ-ਟੋਕਨ ਕਾਰਜ ਕਰਦਾ ਹੈ – ਉੱਥੇ ਜਿਣਸਾਂ ਦੀ ਤਬਾਦਲਾ-ਕਦਰ, ਕੀਮਤ ਅੰਦਰ, ਕੇਵਲ ਇੱਕ ਨਾਂ-ਮਾਤਰੀ ਹੋਂਦ ਅਖਤਿਆਰ ਕਰ ਜਾਂਦੀ ਹੈ ਅਤੇ ਧਨ ਵਿੱਚ ਕੇਵਲ ਇੱਕ ਖਿਆਲੀ ਜਾਂ ਚਿੰਨ੍ਹਵੀ ਹੋਂਦ। ਤਬਾਦਲਾ ਕਦਰ ਇਸ ਤਰ੍ਹਾਂ ਕੁੱਝ ਕੁੱਝ **ਸ਼ੁੱਧ** ਕਲਪਨਿਕ ਜਾਂ ਇੱਕ ਖਿਆਲੀ ਵਸਤ ਪ੍ਰਤੀਤ ਦੇਣ ਲੱਗਦੀ ਹੈ, ਪਰ ਜਿਸ ਅੰਦਰ, ਸਿਵਾਏ ਜਿਣਸਾਂ ਵਿੱਚ ਤੋਂ, ਹੋਰ ਕੋਈ **ਅਸਲੀਅਤ** ਨਹੀਂ ਹੁੰਦੀ, ਉਹ ਵੀ ਉੱਥੋਂ ਤੀਕ, ਜਿੱਥੇ ਉਹਨਾਂ ਅੰਦਰ ਕਿਰਤ-ਸਮੇਂ ਦੀ ਇੱਕ ਖਾਸ ਮਿਕਦਾਰ ਠੋਸ ਰੂਪ ਧਾਰੀ ਹੁੰਦੀ ਹੈ। ਇਸ ਲਈ ਟੋਕਨ ਦੀ ਕਦਰ, **ਸਿੱਧਿਆਂ ਤੌਰ** 'ਤੇ ਜਿਣਸਾਂ ਦੀ ਕਦਰ ਦੀ ਥਾਂ-ਪੂਰਦੀ **ਦਿਖਾਈ ਦੇਂਦੀ ਹੈ**, ਕਿਉਂਕਿ ਇਹ ਸੋਨੇ ਦਾ ਕੋਈ ਟੋਕਨ ਨਹੀਂ ਪ੍ਰਤੀਤ ਹੁੰਦੀ ਬਲਕਿ ਤਬਾਦਲਾ ਕਦਰ ਦਾ ਹੀ ਟੋਕਨ ਲੱਗਦੀ ਹੈ, ਜਿਹੜੀ ਕਿ ਇਕੱਲਿਆਂ ਜਿਣਸ ਅੰਦਰ ਹੀ ਮੌਜੂਦ ਹੁੰਦੀ ਹੈ ਅਤੇ ਜਿਹੜੀ ਕੇਵਲ ਕੀਮਤ ਅੰਦਰ ਹੀ

ਦਰਸਾਈ ਜਾਂਦੀ ਹੈ। ਪਰ ਦਿਖਾਈ ਦੇਣਾ ਹੀ ਭਰਮ ਪੈਦਾ ਕਰਦਾ ਹੈ। ਕਦਰ-ਟੋਕਨ, ਸਿੱਧਿਆਂ ਤੌਰ 'ਤੇ ਕੇਵਲ ਇੱਕ **ਕੀਮਤ ਟੋਕਨ** ਹੈ, ਭਾਵ **ਸੋਨੇ ਦਾ ਇੱਕ ਟੋਕਨ** ਅਤੇ ਡਿੰਗੇ ਤੌਰ 'ਤੇ ਜਿਣਸ ਦੀ ਕਦਰ ਦਾ ਇੱਕ ਟੋਕਨ, ਸੋਨੇ ਨੇ, ਸ਼ਲੇਮੀਹਲ ਤੋਂ ਉਲਟ ਆਪਣਾ ਪਰਛਾਵਾਂ ਨਹੀਂ ਵੇਚਿਆ ਹੈ, ਬਲਕਿ ਇਹ ਤਾਂ ਉਹ ਹੈ ਜਿਹੜਾ ਕਿ ਆਪਣੇ ਪਰਛਾਵੇਂ ਨੂੰ ਖਰੀਦ-ਵਸੀਲੇ ਦੇ ਰੂਪ ਵਿੱਚ ਵਰਤਦਾ ਹੈ। (ਪੀਟਰ ਸ਼ਲੇਮੀਹਲ ਚਮੀਧੋ ਦੀ ਕਹਾਣੀ **ਪੀਟਰ ਸੁਲੇਮੀਹਲਸ ਵੰਡਰਸੇਮ ਗੈਸ਼ਿਸ਼ਤੇ** ਦਾ ਨਾਇਕ ਜਿਹੜਾ ਕਿ ਇੱਕ ਜਾਦੂ ਦੇ ਬਟੂਏ ਲਈ ਆਪਣਾ ਪਰਛਾਵਾਂ ਵੇਚ ਛੱਡਦਾ ਹੈ)। ਇਸ ਤਰ੍ਹਾਂ ਕਦਰ-ਟੋਕਨ ਉਸ ਸਮੇਂ ਹੀ ਪ੍ਰਭਾਵੀ ਹੁੰਦਾ ਹੈ, ਜਦੋਂ ਕਿ ਤਬਾਦਲੇ ਦੇ ਅਮਲ ਦੇ ਦੌਰਾਨ, ਇਹ ਕਿਸੇ ਇੱਕ ਜਿਣਸ ਦੀ ਕੀਮਤ ਨੂੰ, ਕਿਸੇ ਦੂਜੀ ਜਿਣਸ ਦੇ ਮੁਕਾਬਲੇ 'ਤੇ ਦਰਸਾਉਂਦਾ ਹੈ, ਜਾਂ ਕਿ ਜਦੋਂ ਇਹ ਹਰ ਜਿਣਸ-ਮਾਲਕ ਦੇ ਲਈ ਸੋਨੇ ਦੀ **ਥਾਂ ਨੂੰ ਪੂਰਦਾ** ਹੈ। ਸਭ ਤੋਂ ਪਹਿਲਾ ਰਿਵਾਜ, ਇੱਕ ਖਾਸ, ਨਿਸਬਤਨ ਬੇਕੀਮਤੀ ਜਿਹੀ ਕਿਸੇ ਵਸਤ, ਚਮੜੇ ਦੇ ਕਿਸੇ ਟੁਕੜੇ, ਕਾਗਜ਼ ਦੇ ਕਿਸੇ ਪੁਰਜ਼ੇ ਆਦਿ ਨੂੰ ਕਿਸੇ ਉਸ ਪਦਾਰਥ ਤੋਂ ਬਣੇ ਟੋਕਨ ਵਿੱਚ ਬਦਲ ਦੇਂਦਾ ਹੈ, ਜਿਸ ਤੋਂ ਕਿ ਧਨ ਬਣਦਾ ਹੈ, ਪਰ ਇਹ ਇਸ ਸਥਿਤੀ ਨੂੰ ਉਦੋਂ ਤੱਕ ਹੀ ਬਰਕਰਾਰ ਰੱਖ ਸਕਦਾ ਹੈ, ਜਦੋਂ ਤੱਕ ਇਹ ਇੱਕ ਚਿੰਨ੍ਹ ਦੇ ਰੂਪ ਵਿੱਚ ਕਾਰਜ ਕਰਦਾ ਹੈ, ਜਿਣਸ-ਮਾਲਕਾਂ ਦੀ ਆਮ ਇੱਛਾ ਤੋਂ ਜ਼ਾਮਨੀ-ਪ੍ਰਾਪਤ ਹੁੰਦਾ ਹੈ, ਦੂਜੇ ਸ਼ਬਦਾਂ ਵਿੱਚ, ਜਦੋਂ ਤੱਕ ਕਿ ਇਸ ਨੂੰ ਇੱਕ ਕਾਨੂੰਨੀ ਰਵਾਇਤੀ ਹੋਂਦ ਪ੍ਰਾਪਤ ਰਹਿੰਦੀ ਹੈ ਅਤੇ ਇਸੇ ਕਾਰਨ, ਜਦੋਂ ਕਿ ਇਸ ਦੀ ਕਾਨੂੰਨੀ ਤਬਾਦਲਾ-ਦਰ ਰਹਿੰਦੀ ਹੈ। ਕਾਗਜ਼ੀ ਧਨ, ਜਿਸ ਨੂੰ ਕਿ ਰਾਜ ਜਾਰੀ ਕਰਦਾ ਹੈ ਅਤੇ ਜਿਸ ਨੂੰ ਇੱਕ ਕਾਨੂੰਨੀ ਦਰ ਮਿਲੀ ਹੁੰਦੀ ਹੈ, ਉਹ **ਕਦਰ-ਟੋਕਨ** ਦਾ ਇਕ ਉੱਨਤ ਰੂਪ ਹੈ ਅਤੇ ਇਹ ਇੱਕੋ ਇੱਕ ਕਾਗਜ਼ੀ ਧਨ ਦੀ ਕਿਸਮ ਹੁੰਦਾ ਹੈ, ਜਿਹੜਾ ਸਿੱਧਿਆਂ ਤੌਰ 'ਤੇ, ਧਾਤਵੀ ਮੁਦਰਾ ਤੋਂ, ਜਾਂ ਕਿ ਖੁਦ ਸਾਧਾਰਣ ਜਿਣਸ ਚਲਨ ਤੋਂ ਹੀ ਪੈਦਾ ਹੁੰਦਾ ਹੈ। **ਸਾਖੀ ਧਨ** ਉਤਪਾਦਨ ਦੇ ਸਮਾਜਿਕ ਅਮਲ ਦੀ ਇੱਕ ਹੋਰ ਉੱਨਤ ਮੰਜ਼ਲ ਹੈ ਅਤੇ ਉਸ ਦਾ ਸਬੰਧ ਬਿਲਕੁਲ ਹੀ ਵੱਖਰੇ ਨਿਯਮਾਂ ਨਾਲ਼ ਹੈ। ਚਿੰਨ੍ਹਵੀ ਕਾਗਜ਼ੀ ਧਨ ਦਾ ਸਹਾਇਕ ਧਾਤਵੀ ਸਿੱਕੇ ਨਾਲ਼ੋਂ ਬਿਲਕੁਲ ਹੀ ਕੋਈ ਫਰਕ ਨਹੀਂ ਹੁੰਦਾ, ਛੁੱਟ ਇਸ ਤੋਂ ਕਿ ਉਸ ਦੇ ਚਲਨ ਦਾ ਖੇਤਰ ਵਡੇਰਾ ਹੁੰਦਾ ਹੈ। ਕੀਮਤ-ਮਿਆਰ ਦੇ ਜਾਂ ਟਕਸਾਲੀ ਕੀਮਤ ਦੇ ਕਿਸੇ ਤਕਨੀਕੀ ਵਿਕਾਸ ਦੇ ਹੋ ਜਾਣ 'ਤੇ ਅਤੇ ਅੱਗੇ ਚੱਲ ਕੇ, ਸੋਨੇ ਦੀਆਂ ਛੜਾਂ ਨੂੰ ਸੋਨੇ ਦੇ ਸਿੱਕਿਆਂ ਵਿੱਚ ਬਾਹਰੀ ਤੌਰ 'ਤੇ ਬਦਲ ਲੈਣ 'ਤੇ, ਰਾਜ ਫੌਰਨ ਅੱਗੇ ਆਉਂਦਾ ਹੈ ਅਤੇ ਉਸ ਦੇ ਸਿੱਟੇ ਵਜੋਂ, ਅੰਦਰੂਨੀ ਚਲਨ ਦਾ ਜਿਣਸਾਂ ਦੇ ਆਮ ਚਲਨ ਨਾਲ਼ੋਂ ਇੱਕ ਪ੍ਰਤੱਖ ਨਬੇੜਾ ਹੋ ਜਾਂਦਾ ਹੈ। ਇਸ ਵੰਡ ਦੀ ਪੂਰਤੀ ਸਿੱਕੇ ਨੂੰ, ਕਦਰ-ਟੋਕਨ ਵਿੱਚ ਬਦਲਣ ਨਾਲ਼ ਹੋ ਜਾਂਦੀ ਹੈ। ਇੱਕ ਸਾਧਾਰਣ ਚਲਨ-ਮਾਧਿਅਮ ਦੇ ਰੂਪ ਵਿੱਚ ਧਨ ਨੂੰ, ਇੱਕ ਸੁਤੰਤਰ ਹੋਂਦ, ਆਖਰ ਅੰਦਰੂਨੀ ਚਲਨ-ਖੇਤਰ ਵਿੱਚ ਹੀ ਪ੍ਰਾਪਤ ਹੋ ਸਕਦੀ ਹੈ।

ਸਾਡੀ ਵਿਆਖਿਆ ਤੋਂ ਸਪੱਸ਼ਟ ਹੈ ਕਿ ਸਿੱਕੇ ਦੀ ਸ਼ਕਲ ਵਿੱਚ ਸੋਨਾ, ਭਾਵ, ਖੁਦ ਸੋਨਵੀ ਤੱਤ ਤੋਂ ਨਿੱਖੜੇ ਕਦਰ-ਟੋਕਨਾਂ ਦਾ ਜਨਮ, ਚਲਨ-ਅਮਲ ਦੇ ਦੌਰਾਨ ਹੀ ਹੋ ਜਾਂਦਾ ਹੈ ਅਤੇ ਇਸ ਦੇ ਲਈ ਰਾਜ ਨੂੰ ਪ੍ਰਬੰਧ ਜਾਂ ਦਖਲਾਂ ਨਹੀਂ ਕਰਨੀਆਂ ਪੈਂਦੀਆਂ। ਰੂਸ ਅੰਦਰ,

ਆਪਣੇ ਆਪ ਜਨਮੇ ਕਦਰ-ਟੋਕਨ ਦੀ ਇੱਕ ਪ੍ਰਤੱਖ ਮਿਸਾਲ ਵੇਖਣ ਨੂੰ ਮਿਲਦੀ ਹੈ। ਉਸ ਦੇਸ਼ ਅੰਦਰ ਜਿਸ ਸਮੇਂ, ਖੱਲ੍ਹਾਂ ਤੇ ਫਰ, ਧਨ ਦਾ ਕੰਮ ਦੇਂਦੇ ਸਨ, ਉੱਥੇ ਜੋ ਖਰਾਬ ਹੋਣ ਵਾਲ਼ੇ ਅਤੇ ਬੇ-ਕਾਬੂ ਪਦਾਰਥ ਵਿਚਕਾਰ ਅਤੇ ਚਲਨ-ਮਾਧਿਅਮ ਦੇ ਰੂਪ ਵਿੱਚ ਇਸ ਦੇ ਕਾਰਜ ਅੰਦਰ ਜੋ ਵਿਰੋਧਤਾਈ ਪੈਦਾ ਹੋਈ, ਉਸ ਨੂੰ ਹੱਲ ਕਰਨ ਲਈ ਇਸ ਦੇ ਥਾਂ 'ਤੇ, ਮੁਹਰ-ਲੱਗੇ ਚਮੜੇ ਦੇ ਛੋਟੇ-ਛੋਟੇ ਟੋਟਿਆਂ ਦਾ ਰਿਵਾਜ ਪੈ ਗਿਆ; ਇਹ ਟੋਟੇ ਇਸ ਤਰ੍ਹਾਂ ਖੱਲ੍ਹਾਂ ਅਤੇ ਫਰਾਂ ਵਿੱਚ ਅਦਾ ਕੀਤੇ ਜਾਣ ਵਾਲ਼ੇ ਧਨ-ਆਦੇਸ਼ ਬਣ ਗਏ। ਅੱਗੇ ਚੱਲ ਕੇ ਇਹ ਕੋਪਿਕ ਅਖਵਾਣ ਲੱਗੇ ਅਤੇ ਚਾਂਦੀ-ਰੂਬਲ ਦੀਆਂ ਕਸਰਾਂ ਦੀ ਥਾਂ-ਪੂਰਨ ਵਾਲ਼ੇ ਕੇਵਲ ਟੋਕਨ ਜਿਹੇ ਰਹਿ ਗਏ ਅਤੇ 1700 ਤੱਕ ਇਸੇ ਤਰ੍ਹਾਂ ਥਾਂ-ਥਾਂ ਵਰਤੀਂਦੇ ਰਹੇ, ਉਸ ਤੋਂ ਪਿੱਛੋਂ ਜਾ ਕੇ ਕਿਤੇ ਪੀਟਰ-ਮਹਾਨ ਦੇ ਆਦੇਸ਼ ਅਨੁਸਾਰ, ਰਾਜ ਦੁਆਰਾ ਜਾਰੀ ਕੀਤੇ ਛੋਟੇ-ਛੋਟੇ ਤਾਂਬੇ ਦੇ ਸਿੱਕਿਆਂ ਨੇ ਉਹਨਾਂ ਦੀ ਥਾਂ ਲਈ।* ਪ੍ਰਾਚੀਨ ਕਾਲ ਦੇ ਲੇਖਕਾਂ, ਜਿਹੜੇ ਕਿ ਕੇਵਲ ਧਾਤਵੀ ਮੁਦਰਾ ਦੇ ਵਰਤਾਰੇ ਤੋਂ ਹੀ, ਵਾਕਿਫ ਸਨ, ਉਹਨਾਂ ਵਿੱਚ ਪਲਾਟੋ** ਅਤੇ ਅਰਸਤੂ*** ਵੀ ਸ਼ਾਮਲ

---

* ਹੈਨਰੀ ਸਟਾਰਚ, '**ਕੋਰਸ ਦਾ ਇਕਾਨੋਮੀ ਪਾਲਿਟੀਕ**'.... ਅਵੇਕ ਦੇਸ ਨੋਟਸ ਪਾਰ ਜੇ. ਬੀ. ਸੇ, ਪੈਰਿਸ, 1823, ਤੋਮ IV, ਪੰਨਾ 79। ਸਟਾਰਚ ਨੇ ਸੇਂਟ ਪੀਟਸਬਰਗ ਅੰਦਰ ਆਪਣੀ ਪੁਸਤਕ ਫ਼ਰਾਂਸੀਸੀ ਭਾਸ਼ਾ ਵਿੱਚ ਛਪਵਾਈ। ਜੇ. ਬੀ. ਸੇ. ਨੇ ਫੌਰਨ ਪਿੱਛੋਂ ਉਸੇ ਦੀ ਪੈਰਿਸ ਅੰਦਰ ਮੁੜ-ਛਪਾਈ ਕਰਾਈ ਅਤੇ ਨਾਲ਼ ਹੀ ਉਸ ਦੇ ਅਖੌਤੀ ਨੋਟ ਵੀ ਲਾਏ, ਜਿਹੜੇ ਕਿ ਅਸਲ ਵਿੱਚ, ਬੇਕਾਰ ਦੀਆਂ ਗੱਲਾਂ ਤੋਂ ਬਿਨਾਂ, ਹੋਰ ਕੁਝ ਵੀ ਨਹੀਂ ਸਨ। ਸਟਾਰਚ ਉੱਪਰ ਆਪਣੀ ਪੁਸਤਕ ਅੰਦਰ ਕੀਤੇ ਵਾਧਿਆਂ ਦੀ ਬੜੀ ਕਠੋਰ ਪ੍ਰਤੀਕ੍ਰਿਆ ਹੋਈ (ਦੇਖੋ, ਉਸ ਦੀ ਪੁਸਤਕ '**ਕਨਸਿਡਰੇਸ਼ਨਜ਼ ਸੁਰ ਲਾ ਨੇਚੁਰ ਰੇਵਿਨੂ ਨੇਸ਼ਨਲ**', ਪੈਰਿਸ, 1824)।

** ਪਲਾਟੋ, '**ਦੇ ਰਿਪਬਲਿਕਾ**', ਐੱਲ. II "ਸਿੱਕਾ ਤਬਾਦਲੇ ਦਾ ਟੋਕਨ ਹੈ" (**ਓਪੇਰਾ ਓਮਨਿਆ** ਆਦਿ, ਐਡ. ਜੀ. ਸਟਾਲਬੌਮੀਅਸ, ਲੰਡਨ, 1850, ਪੰਨਾ 304)। ਪਲਾਟੋ ਧਨ ਦੇ ਕੇਵਲ ਦੋ ਪੱਖਾਂ ਦੀ ਪੁਣ-ਛਾਣ ਕਰਦਾ ਹੈ, ਅਰਥਾਤ ਕਦਰ-ਮਾਪ ਦੇ ਤੌਰ 'ਤੇ ਅਤੇ ਕਦਰ-ਟੋਕਨ ਦੇ ਰੂਪ ਵਿੱਚ; ਦੇਸ਼ ਦੇ ਅੰਦਰ ਚੱਕਰ ਲਾਉਂਦੇ ਕਦਰ-ਟੋਕਨ ਤੋਂ ਇਲਾਵਾ ਉਹ ਇੱਕ ਹੋਰ ਕਦਰ ਟੋਕਨ ਦਾ ਵੀ ਜ਼ਿਕਰ ਕਰਦਾ ਹੈ, ਜਿਹੜਾ ਯੂਨਾਨ ਦੇ ਦੂਜੇ ਦੇਸ਼ਾਂ ਨਾਲ਼ ਕਾਰੋਬਾਰ ਦੇ ਕੰਮ ਆਉਂਦਾ ਹੈ (ਸੀ. ਐਫ. ਉਸਦੇ '**ਨਿਯਮਾਂ**' ਦੀ ਪੰਜਵੀਂ ਪੁਸਤਕ)।

*** ਅਰਸਤੂ, '**ਐਥਿਕਾ ਨਿਕੋਮੈਸ਼ਿਆ**', ਐਲ 5, ਸੀ. 8, ਪੰਨਾ 98। "ਪਰ ਧਨ ਰਵਾਇਤ ਅਨੁਸਾਰ ਧਨ ਦਾ ਇੱਕ ਤਰ੍ਹਾਂ ਦਾ ਥਾਂ-ਪੂਰਕ ਜਿਹਾ ਧਨ ਬਣ ਗਿਆ ਹੈ ਅਤੇ ਇਹੋ ਕਾਰਨ ਹੈ ਕਿ ਇਸ ਦਾ ਨਾਂ 'ਧਨ' ਪਿਆ ਹੈ, ਕਾਰਨ ਕਿ ਇਸ ਦੀ ਹੋਂਦ ਕੁਦਰਤੀ ਨਾ ਹੋ ਕੇ 'ਕਾਨੂੰਨ' ਦੁਆਰਾ ਉਸਾਰੀ ਹੋਈ ਹੈ ਅਤੇ ਇਹ ਸਾਡੇ ਵੱਸ ਵਿੱਚ ਹੈ ਕਿ ਇਸ ਨੂੰ ਬਦਲ ਦੇਈਏ ਅਤੇ ਇਸ ਨੂੰ ਬਿਲਕੁਲ ਨਾਕਾਰਾ ਕਰ ਦੇਈਏ।" (ਅੰਗਰੇਜ਼ੀ ਉਲੱਥਾ, ਅਰਸਤੂ ਪੁਸਤਕ '**ਐਥਿਕਾ ਨਿਕੋਮੈਸੀਆ**', ਆਕਸਫੋਰਡ, 1925, 1133 ਏ ਤੋਂ ਹੈ)। ਅਰਸਤੂ ਦੀ ਧਨ ਦੀ ਅਵਧਾਰਣ, ਪਲਾਟੋ ਦੇ ਮੁਕਾਬਲੇ, ਬਹੁਤ ਹੀ ਅਧਿਕ ਗੁੰਝਲਦਾਰ ਅਤੇ ਸੰਪੂਰਨ ਹੈ। ਹੇਠਾਂ ਦੇ ਪੈਰ੍ਹੇ ਵਿਚ ਬਹੁਤ ਹੀ ਚੰਗੀ ਤਰ੍ਹਾਂ ਬਿਆਨ ਕਰਦਾ ਹੈ ਕਿ ਕਿਵੇਂ ਵੱਖ ਵੱਖ ਬਰਾਦਰੀਆਂ ਵਿਚਕਾਰ ਤਬਾਦਲੇ (ਬਾਰਟਰ) ਦੇ ਕਾਰਨ ਕਿਸੇ ਖਾਸ ਜਿਣਸ ਨੂੰ ਧਨ ਵਿੱਚ ਬਦਲਣ ਦੀ ਲੋੜ ਪੈਦਾ ਹੁੰਦੀ ਹੈ, ਅਰਥਾਤ ਉਸ ਨੂੰ ਜਿਸ ਵਿਚ ਆਪਣੀ ਕਦਰ ⇨

ਹਨ, ਨੇ ਪਹਿਲਾਂ ਹੀ ਸਮਝ ਲਿਆ ਸੀ ਕਿ ਸੋਨੇ ਦਾ ਸਿੱਕਾ, ਕਦਰ ਦਾ ਇੱਕ ਚਿੰਨ੍ਹ ਜਾਂ ਟੋਕਨ ਹੈ। ਕਾਨੂੰਨੀ ਤਬਾਦਲਾ-ਦਰ ਵਾਲ਼ਾ ਕਾਗਜ਼ੀ ਧਨ ਚੀਨ ਜਿਹੇ ਦੇਸ਼ਾਂ ਵਿੱਚ ਪਹਿਲਾਂ ਪੈਦਾ ਹੁੰਦਾ ਹੈ, ਜਿੱਥੇ ਕੋਈ ਸ਼ਾਖ-ਪ੍ਰਣਾਲੀ ਨਹੀਂ ਵਿਕਸਤ ਹੋਈ ਹੁੰਦੀ* ਪਿੱਛੋਂ ਕਾਗਜ਼ੀ ਧਨ ਦੇ ਪ੍ਰਚਾਰਕ ਵੀ, ਧਾਤਵੀ ਸਿੱਕਿਆਂ ਦੀ ਕਦਰ-ਟੋਕਨ ਵਿੱਚ ਬਦਲੀ ਦਾ ਜ਼ੋਰਦਾਰ ਹਵਾਲਾ ਦੇਂਦੇ ਹਨ, ਜਿਸ ਨੂੰ ਚਲਨ-ਅਮਲ ਖੁਦ ਵਜੂਦ ਵਿੱਚ ਲੈ ਆਇਆ ਹੈ। ਇਸ ਤਰ੍ਹਾਂ ਦੇ

---

⇨ਹੁੰਦੀ ਹੈ: "ਜਦੋਂ ਕਿਸੇ ਇੱਕ ਦੇਸ਼ ਦੇ ਨਿਵਾਸੀ, ਕਿਸੇ ਦੂਜੇ ਦੇਸ਼ ਦੇ ਨਿਵਾਸੀਆਂ ਉੱਪਰ ਵੱਧ ਨਿਰਭਰ ਹੋ ਗਏ ਅਤੇ ਉਹ ਆਪਣੀਆਂ ਲੋੜ ਦੀਆਂ ਵਸਤਾਂ ਨੂੰ ਬਾਹਰੋਂ ਮੰਗਵਾਉਣ ਲੱਗੇ ਅਤੇ ਜੋ ਉਹਨਾਂ ਕੋਲ ਵਾਧੂ ਹੁੰਦੀਆਂ ਸਨ, ਉਹਨਾਂ ਨੂੰ ਬਾਹਰ ਭੇਜਣ ਲੱਗੇ, ਤਾਂ ਧਨ ਦੀ **ਲਾਜ਼ਮੀ ਤੌਰ** 'ਤੇ ਵਰਤੋਂ ਹੋਣ ਲੱਗੀ.... ਅਤੇ ਇਸ ਤਰ੍ਹਾਂ ਵਿਅਕਤੀ ਦੂਜੇ ਲੋਕਾਂ ਨਾਲ਼ ਆਪਣੇ ਵਪਾਰਾਂ ਵਿੱਚ ਇਸ ਤਰ੍ਹਾਂ ਦੀ ਵਸਤ ਦੀ ਵਰਤੋਂ ਕਰਨ ਲੱਗੇ, ਜਿਹੜੀ ਕਿ **ਅੰਦਰਖਾਨੇ ਲਾਭਦਾਇਕ** ਅਤੇ ਜੀਵਨ ਦੇ ਮਨੋਰਥਾਂ ਲਈ ਸੌਖਿਆਂ ਲਾਗੂ ਹੋਣ ਵਾਲ਼ੀ ਸੀ। ਮਿਸਾਲ ਲਈ, ਲੋਹਾ, ਚਾਂਦੀ ਅਤੇ ਇਸੇ ਤਰ੍ਹਾਂ ਦੀ ਹੋਰ ਕੋਈ।" (ਅਰਸਤੂ, ਦਿ ਰਿਪਬਲਿਕਾ, ਐੱਲ. 1, ਸੀ. 9, ਲਾਕ ਸਿਟ ਪੰਨਾ 14) – ਅੰਗਰੇਜ਼ੀ ਉਲੱਥਾ ਬੈਂਜਾਮਿਨ ਜੋਵੇਟ, ਅਰਸਤੂ ਦੀ **'ਪੋਲਿਤੀਕਾ'** ਆਕਸਫੋਰਡ, 1966, 1257 ਏ ਵਿੱਚੋਂ ਹੈ।

ਮਿਚਲ ਸ਼ਿਵੈਲੀਅਰ, ਜਿਸ ਨੇ ਜਾਂ ਤਾਂ ਅਰਸਤੂ ਨੂੰ ਪੜ੍ਹਿਆ ਨਹੀਂ, ਜਾਂ ਸਮਝਿਆ ਨਹੀਂ, ਉਹ ਇਸ ਪੈਰੇ ਦਾ, ਇਹ ਦਿਖਾਉਣ ਲਈ ਹਵਾਲਾ ਦੇਂਦਾ ਹੈ ਕਿ ਅਰਸਤੂ ਦੇ ਅਨੁਸਾਰ ਚਲਨ-ਮਾਧਿਅਮ ਉਹ ਵਸਤ ਹੋਣੀ ਚਾਹੀਦੀ ਹੈ, ਜਿਹੜੀ ਕਿ ਖੁਦ ਕੀਮਤਵਰ ਹੈ। ਪਰ ਅਰਸਤੂ ਆਪ ਖੁਦ, ਬਹੁਤ ਸਾਫ ਤੌਰ 'ਤੇ ਕਹਿੰਦਾ ਹੈ ਕਿ ਚਲਨ-ਮਾਧਿਅਮ ਦੇ ਤੌਰ 'ਤੇ ਹੀ ਮੰਨਿਆ ਜਾਣ ਵਾਲਾ ਧਨ, ਸਿਰਫ਼ ਇੱਕ ਰਵਾਇਤੀ ਜਾਂ ਕਾਨੂੰਨੀ ਵਸਤ ਹੁੰਦੀ ਹੈ, ਜਿਵੇਂ ਕਿ ਇਸ ਦਾ ਨਾਂ ਹੀ ਜ਼ਾਹਿਰ ਕਰਦਾ ਹੈ ਅਤੇ ਮੁੱਦਰਾ ਦੇ ਤੌਰ 'ਤੇ ਇਸ ਦੀ ਇਸਤੇਮਾਲੀ ਕਦਰ, ਅਸਲ ਵਿੱਚ ਇਸ ਦੇ ਕਾਰਜਾਂ ਕਰਕੇ ਹੀ ਹੈ ਨਾ ਕਿ ਇਸ ਦੇ ਅੰਦਰਲੀ ਇਸਤੇਮਾਲੀ ਕਦਰ ਕਰਕੇ। "ਹੋਰਾਂ ਦਾ ਕਹਿਣਾ ਹੈ ਕਿ ਸਿੱਕਾ-ਧਨ, ਇੱਕ ਦਿਖਾਵਟੀ ਜਾਂ ਗੈਰ-ਕੁਦਰਤੀ ਸ਼ੈਅ ਹੈ, ਇਹ ਕੇਵਲ ਰਵਾਇਤ ਕਰਕੇ ਹੀ ਇੰਝ ਹੈ, ਕਿਉਂਕਿ ਜੇ ਇਸ ਨੂੰ ਵਰਤਣ ਵਾਲ਼ੇ ਇਸ ਦੀ ਥਾਂ 'ਤੇ ਕਿਸੇ ਹੋਰ ਜਿਣਸ ਦੀ ਵਰਤੋਂ ਕਰਨ ਲੱਗ ਜਾਣ, ਤਾਂ ਇਹ ਬੇਕਾਰ ਹੋ ਜਾਵੇਗੀ; ਕਾਰਨ ਕਿ ਕਿਸੇ ਸਾਧਨ ਦੇ ਰੂਪ ਵਿੱਚ ਜੀਵਨ ਦੀਆਂ ਕਿਸੇ ਲੋੜਾਂ ਲਈ ਲਾਹੇਵੰਦ ਨਹੀਂ। (ਅਰਸਤੂ, **ਦਿ ਰਿਪਬਲਿਕਾ** ਪੰਨਾ 15, – ਅੰਗਰੇਜ਼ੀ ਉਲੱਥਾ, ਅਰਸਤੂ ਦੀ **'ਪੋਲਿਤੀਕਾ'** ਵਿੱਚੋਂ ਹੈ 1257 ਬੀ)।

* ਸਰ ਜਾਨ ਮੈਂਡਵਿਲੇ, **'ਸਫਰ ਤੇ ਯਾਤਰਾਵਾਂ'**, ਲੰਡਨ, 1705, ਪੰਨਾ 105, "ਕੈਤੇ ਜਾਂ ਚੀਨ ਦਾ ਇਹ ਬਾਦਸ਼ਾਹ, ਆਪਣੀ ਇੱਛਾ ਅਨੁਸਾਰ, ਬਿਨਾਂ ਹਿਸਾਬ ਲਾਇਆ, ਖਰਚ ਕਰ ਸਕਦਾ ਸੀ। ਕਿਉਂਕਿ ਨਾ ਉਹ ਖਰਚ ਕਰਦਾ ਸੀ, ਨਾ ਹੀ ਕੋਈ ਧਨ ਕਮਾਉਂਦਾ ਸੀ ਬਲਕਿ ਚਮੜੇ ਦੇ ਟੋਟੇ ਜਾਂ ਕਾਗਜ਼ ਦੇ ਟੋਟੇ ਦੇਂਦਾ ਸੀ। ਅਤੇ ਜਦੋਂ ਉਹ ਧਨ ਲੰਮੇਂ ਸਮੇਂ ਤੱਕ ਪਏ ਰਹਿਣ ਮਗਰੋਂ ਸੜਨ ਲੱਗਦਾ ਸੀ, ਤਾਂ ਲੋਕ ਇਸ ਨੂੰ ਮੁੜ ਬਾਦਸ਼ਾਹ ਦੇ ਖਜ਼ਾਨੇ ਵਿੱਚ ਲੈ ਆਉਂਦੇ ਸਨ ਅਤੇ ਉੱਥੋਂ ਉਹ ਪੁਰਾਣੇ ਧਨ ਦੇ ਥਾਂ ਨਵਾਂ ਧਨ ਵਸੂਲ ਕਰ ਲੈਂਦੇ ਸਨ। ਅਤੇ ਇਹ ਧਨ ਸਾਰੇ ਦੇਸ਼ ਅੰਦਰ ਚੱਲਦਾ ਸੀ ਅਤੇ ਸਾਰੇ ਸੂਬਿਆਂ ਵਿੱਚ ਚੱਲਦਾ ਸੀ। ਉਹ ਸੋਨੇ ਜਾਂ ਚਾਂਦੀ ਤੋਂ ਕੋਈ ਧਨ ਨਹੀਂ ਬਣਾਉਂਦੇ ਸਨ", ਅਤੇ ਮੈਂਡਵਿਲੇ ਅੱਗੇ ਦੱਸਦਾ ਹੈ, "ਇਸੇ ਲਈ ਉਹ ਜ਼ੋਰ ਲਾ ਕੇ ਬੇ-ਕਿਰਕੇ ਖਰਚ ਕਰ ਸਕਦਾ ਸੀ।"

ਹਵਾਲੇ ਬੈਂਜਾਮਿਨ ਫ਼ਰੈਕਲਿਨ* ਅਤੇ ਬਿਸ਼ਪ ਬਰਕਲੇ** ਦੀਆਂ ਰਚਨਾਵਾਂ ਵਿੱਚ ਮਿਲਦੇ ਹਨ।

ਕਾਗਜ਼ ਦੇ ਟੁੱਕੜਿਆਂ ਵਿੱਚ ਕੱਟੇ ਕਿੰਨੇ ਰਿਮ, ਧਨ ਦੇ ਰੂਪ ਵਿੱਚ ਚਲਨ ਅੰਦਰ ਜਾ ਸਕਦੇ ਹਨ ? ਇਸ ਤਰ੍ਹਾਂ ਪ੍ਰਸ਼ਨ ਨੂੰ ਰੱਖਣਾ ਬੇਹੂਦਾ ਲੱਗੇਗਾ। ਬੇਕੀਮਤੇ ਟੋਕਨ ਉਦੋਂ ਹੀ ਕਦਰ-ਟੋਕਨ ਬਣਦੇ ਹਨ, ਜਦੋਂ ਕਿ ਚਲਨ-ਅਮਲ ਅੰਦਰ ਉਹ ਸੋਨੇ ਦਾ ਥਾਂ ਪੂਰਦੇ ਹਨ; ਅਤੇ ਉਹ ਉੱਨੇ ਸੋਨੇ ਦੀ ਮਿਕਦਾਰ ਦਾ ਹੀ ਥਾਂ-ਪੂਰ ਸਕਦੇ ਹਨ, ਜਿੰਨੀ ਕਿ ਸਿੱਕੇ ਰੂਪ ਵਿੱਚ ਚਲਨ ਵਿੱਚ ਆ ਗਈ ਹੁੰਦੀ ਹੈ ਅਤੇ ਇਹ ਮਿਕਦਾਰ ਕਿੰਨੀ ਹੋਵੇਗੀ ? ਇਸ ਦਾ ਨਿਰਭਰ ਸੋਨੇ ਦੀ ਕਦਰ 'ਤੇ ਹੈ, ਜਦੋਂ ਕਿ ਜਿਣਸਾਂ ਦੀ ਤਬਾਦਲਾ-ਕਦਰ ਅਤੇ ਉਹਨਾਂ ਦੇ ਰੂਪ-ਬਦਲਾਂ ਦੀ ਰਫਤਾਰ, ਦਿੱਤੀ ਹੋਈ ਹੈ। **ਪੰਜ ਪੌਂਡ** ਦੀ ਰਕਮ-ਲਿਖੇ ਕਾਗਜ਼ ਦੇ ਟੁਕੜੇ, ਜਿਹੜੇ ਕਿ ਚਲਨ ਦੇ ਅੰਦਰ ਵਰਤੇ ਜਾ ਸਕਦੇ ਹਨ, ਉਹ ਉਹਨਾਂ ਕਾਗਜ਼ ਦੇ ਟੁਕੜਿਆਂ ਦੀ ਗਿਣਤੀ ਦਾ ਪੰਜਵਾਂ ਭਾਗ ਹੋਣਗੇ, ਜਿਹਨਾਂ ਉੱਪਰ **ਇੱਕ ਪੌਂਡ** ਦੀ ਰਕਮ ਲਿਖੀ ਹੋਵੇਗੀ ਅਤੇ ਜੇਕਰ ਸਾਰੇ ਭੁਗਤਾਨ ਸ਼ਲਿੰਗ-ਨੋਟਾਂ ਵਿੱਚ ਕਰਨੇ ਹੋਣ, ਤਾਂ ਇਹ ਨੋਟ ਪੌਂਡ-ਨੋਟਾਂ ਨਾਲ਼ੋਂ ਵੀਹ ਗੁਣਾਂ, ਚਲਨ ਵਿੱਚ ਘੱਲਣੇ ਪੈਣਗੇ। ਜੇਕਰ ਸੋਨੇ ਦੇ ਸਿੱਕਿਆਂ ਦੀ ਥਾਂ-ਪੂਰਤੀ ਵੱਖ ਵੱਖ ਰਕਮਾਂ ਵਾਲ਼ੇ ਜਿਵੇਂ ਕਿ ਪੰਜ-ਪੌਂਡੇ ਨੋਟ, ਇੱਕ-ਪੌਂਡੇ ਨੋਟ ਅਤੇ ਦਸ-ਸ਼ਲਿੰਗੇ ਨੋਟ ਕਰਦੇ ਹੋਣ, ਤਾਂ ਵੱਖ ਵੱਖ ਕਿਸਮਾਂ ਦੇ ਲੁੜੀਂਦੇ ਕਦਰ-ਟੋਕਨਾਂ ਦੀ ਗਿਣਤੀ ਦਾ ਅੰਦਾਜ਼ਾ, ਕੁੱਲ ਚਲਨ-ਖੇਤਰ ਵਿੱਚ ਲੁੜੀਂਦੀ ਸੋਨੇ ਦੀ ਮਿਕਦਾਰ ਤੋਂ ਨਹੀਂ ਲਾਇਆ ਜਾ ਸਕਦਾ, ਬਲਕਿ ਚਲਨ-ਖੇਤਰ ਵਿਚਲੇ ਹਰ ਕਿਸਮ ਦੇ ਨੋਟ ਲਈ ਲੁੜੀਂਦੀ ਮਿਕਦਾਰ ਤੋਂ ਹੀ ਲਾਇਆ ਜਾ ਸਕੇਗਾ। ਜੇਕਰ 14 ਮਿਲੀਅਨ ਪੌਂਡਾਂ ਦੀ ਸੀਮਾ ਸੀ ਜਿਸ ਤੋਂ ਹੇਠਾਂ ਕਿਸੇ ਦੇਸ਼ ਦਾ ਚਲਨ ਕਦੇ ਨਹੀਂ ਜਾਂਦਾ ਸੀ (ਇਹ ਅੰਗਰੇਜ਼ੀ ਬੈਂਕ ਕਾਨੂੰਨ ਦੀ ਪੂਰਵ-ਮਨੌਤ ਸੀ, ਪਰ ਇਹ

---

* ਬੈਂਜਾਮਿਨ ਫ਼ਰੈਂਕਲਿਨ, **'ਅਮਰੀਕੀ ਕਾਗਜ਼ੀ ਧਨ ਬਾਰੇ ਕੁੱਝ ਕਥਨ ਤੇ ਤੱਤ'**, 1764, ਓਪ. ਸਿਟ. ਪੰਨਾ 348, "ਇਸੇ ਵੇਲੇ ਵੀ, ਚਾਂਦੀ ਧਨ, ਇੰਗਲੈਂਡ ਅੰਦਰ, ਆਪਣੀ ਕਦਰ ਦੇ ਇੱਕ ਭਾਗ ਲਈ, ਕਾਨੂੰਨੀ ਸਿੱਕੇ ਦਾ ਮੁਥਾਜ ਹੈ, ਉਹ ਭਾਗ ਜਿਹੜਾ ਕਿ ਇਸ ਦੇ ਅਸਲ ਵਜ਼ਨ ਅਤੇ ਇਸ ਉੱਪਰ ਲਿਖੀ ਰਕਮ ਦੇ ਵਿਚਕਾਰਲਾ ਫ਼ਰਕ ਹੁੰਦਾ ਹੈ। ਸ਼ਲਿੰਗ ਅਤੇ ਛੇ ਪੈਂਨਸੀਆਂ ਦਾ ਵੱਡਾ ਭਾਗ, ਜਿਹੜਾ ਕਿ ਅੱਜ ਕੱਲ੍ਹ ਚਾਲੂ ਹੈ, ਘਿਸਣ ਕਰਕੇ 5, 10, 20 ਅਤੇ ਕਈ ਛੇ ਪੈਂਨਸੀਆਂ ਦਾ ਤਾਂ 50 ਫੀਸਦੀ ਤੱਕ ਘੱਟ ਭਾਰ ਹੋ ਜਾਂਦਾ ਹੈ। **'ਅਸਲ'** ਅਤੇ **'ਨਾਂ-ਮਾਤਰ'** ਦਿਆਂ ਵਿਚਕਾਰਲੇ ਫ਼ਰਕ ਦੀ ਤੁਹਾਡੇ ਕੋਲ਼ ਕੋਈ ਅੰਦਰਲੀ ਕਦਰ ਨਹੀਂ ਹੁੰਦੀ, ਤੁਹਾਡੇ ਕੋਲ ਕਾਗਜ਼ ਜਿੰਨੀ ਵੀ ਨਹੀਂ। ਕੁਝ ਵੀ ਨਹੀਂ ਇਹ ਇੱਕ ਕਾਨੂੰਨੀ ਸਿੱਕਾ ਹੈ, ਜਿਸ ਬਾਰੇ ਪਤਾ ਹੈ ਕਿ ਇਸ ਨੂੰ ਸੌਖਿਆਂ ਹੀ ਉਸੇ ਕਦਰ ਤੇ ਮੁੜ ਲੰਘਾਇਆ ਜਾ ਸਕਦਾ ਹੈ, ਜਿਸ 'ਤੇ ਤਿੰਨ ਪੈਂਸ ਮੁੱਲ ਦੀ ਚਾਂਦੀ ਨੂੰ ਇੱਕ ਛੇ ਪੈਂਨਸੀ ਦੇ ਤੌਰ 'ਤੇ ਲੰਘਾਇਆ ਜਾਂਦਾ ਹੈ।"

** ਬਰਕਲੇ ਓਪ. ਸਿਟ., ਪੰਨਾ 3, "ਭਾਵੇਂ, ਬੁਲੀਅਨ (ਠੋਸ ਧਾਤ) ਵਿੱਚੋਂ ਚਲਾ ਵੀ ਗਿਆ ਹੈ, ਤਾਂ ਕੀ ਉੱਪਰ ਲਿਖੀਆਂ ਰਕਮਾਂ ਬਰਕਰਾਰ ਰੱਖੀਆਂ ਜਾਣਗੀਆਂ..... ਹਰ ਸੂਰਤ ਵਿੱਚ, ਕੀ ਵਪਾਰ ਦਾ ਚੱਕਰ ਨਹੀਂ ਚੱਲਦਾ ਰਹਿਣਾ ਚਾਹੀਦਾ ?"

ਸਿੱਕਿਆਂ ਲਈ ਨਹੀਂ, ਬਲਕਿ ਸ਼ਾਖ-ਧਨ ਲਈ ਸੀ) ਤਾਂ ਇਸ ਦਾ ਮਤਲਬ ਹੈ ਕਿ ਕਾਗਜ਼ ਦੇ 14 ਮਿਲੀਅਨ ਟੁਕੜੇ, ਜਿਹਨਾਂ ਵਿੱਚੋਂ ਹਰ ਕੋਈ ਇੱਕ ਪੌਂਡ ਦੀ ਥਾਂ-ਪੂਰਨ ਵਾਲ਼ਾ ਕਦਰ-ਟੋਕਨ ਸੀ, ਚਲਨ ਵਿੱਚ ਰਹਿ ਸਕਦੇ ਸਨ। ਜੇਕਰ ਸੋਨੇ ਦੀ ਕਦਰ, ਇਸ ਦੇ ਉਤਪਾਦਨ ਲਈ ਲੁੜੀਂਦੇ ਕਿਰਤ-ਸਮੇਂ, ਦੇ ਵੱਧ-ਘੱਟ ਹੋ ਜਾਣ ਕਾਰਨ ਉੱਪਰ-ਥੱਲੇ ਚਲੀ ਗਈ, ਤਾਂ ਚਲਨ ਵਿਚਲੇ ਪੌਂਡ-ਨੋਟਾਂ ਦੀ ਸੰਖਿਆ ਵੀ ਸੋਨੇ ਦੀ ਕਦਰ ਵਿੱਚ ਆਈ ਤਬਦੀਲੀ ਦੀ ਸਿੱਧੀ ਨਿਸਬਤ ਵਿੱਚ ਵੱਧ-ਘੱਟ ਜਾਵੇਗੀ। ਪਰ ਸ਼ਰਤ ਇਹ ਹੈ ਕਿ ਇੱਕੋ ਪ੍ਰਕਾਰ ਦੀਆਂ ਸਮੂਹ ਜਿਣਸਾਂ ਦੀ ਤਬਾਦਲਾ-ਕਦਰ ਇੱਕੋ ਥਾਂ ਟਿੱਕੀ ਰਹਿੰਦੀ ਹੈ। ਮੰਨ ਲਓ ਸੋਨੇ ਦੀ ਥਾਂ ਕਦਰ-ਮਾਪ ਦੇ ਰੂਪ ਵਿੱਚ ਚਾਂਦੀ ਨੇ ਲੈ ਲਿਆ ਹੈ ਅਤੇ ਸੋਨੇ ਅਤੇ ਚਾਂਦੀ ਦੀ ਸਾਪੇਖੀ ਕਦਰ 1 : 15 ਦੀ ਹੈ, ਤਾਂ ਉਸ ਸੂਰਤ ਵਿੱਚ, ਹੁਣ ਤੀਕ ਚੱਲ ਰਹੇ 14 ਮਿਲੀਅਨ ਪੌਂਡ-ਨੋਟਾਂ ਦੇ ਥਾਂ 210 ਮਿਲੀਅਨ ਪੌਂਡ ਨੋਟ ਚਲਨ ਵਿੱਚ ਰੱਖਣੇ ਹੋਣਗੇ; ਇਹ ਵੀ ਤਾਂ, ਜੇਕਰ ਹੁਣ ਤੋਂ, ਕਾਗਜ਼ਾਂ ਦਾ ਹਰ ਟੁਕੜਾ ਚਾਂਦੀ ਦੀ ਓਨੀ ਹੀ ਮਿਕਦਾਰ ਦੀ ਥਾਂ-ਪੂਰੇਗਾ, ਜਿੰਨੀ ਕਿ ਪਹਿਲਾਂ ਉਹ ਸੋਨੇ ਦੀ ਪੂਰਦਾ ਸੀ। ਕਾਗਜ਼ ਦੇ ਟੁਕੜਿਆਂ ਦੀ ਸੰਖਿਆ ਜਾ ਨਿਰਣਾ, ਇਸ ਤਰ੍ਹਾਂ ਸੋਨਾ-ਮੁਦਰਾ ਦੀ ਮਾਤਰਾ ਤੋਂ ਹੋਇਆ, ਜਿਸ ਦੀ ਕਿ ਉਹ ਚਲਨ ਅੰਦਰ ਥਾਂ-ਪੂਰਦੇ ਹਨ ਅਤੇ, ਕਿਉਂਕਿ ਉਹ ਉਦੋਂ ਤੀਕ ਹੀ ਕਦਰ-ਟੋਕਨ ਹਨ, ਜਦੋਂ ਤੀਕ ਉਹ ਸੋਨਾ-ਮੁਦਰਾ ਦੀ ਥਾਂ ਲੈਂਦੇ ਰਹਿੰਦੇ ਹਨ, ਇਸ ਲਈ ਉਹਨਾਂ ਦੀ ਕਦਰ ਦਾ ਨਿਸ਼ਚਾ, ਬਿਲਕੁਲ ਸਿੱਧਿਆਂ ਤੌਰ ’ਤੇ, ਉਹਨਾਂ ਦੀ **ਮਿਕਦਾਰ** ਤੋਂ ਹੁੰਦਾ ਹੈ। ਇਸੇ ਲਈ, ਚਲਨ ਵਿਚਲੇ ਸੋਨੇ ਦੀ ਮਿਕਦਾਰ, ਜਦੋਂ ਕਿ ਜਿਣਸਾਂ ਦੀਆਂ ਕੀਮਤਾਂ ’ਤੇ ਨਿਰਭਰ ਕਰਦੀ ਹੈ, ਇਸ ਤੋਂ ਉਲਟ, ਚਲਨ ਵਿਚਲੇ ਕਾਗਜ਼ ਦੀ ਕਦਰ, ਇਨ-ਬਿਨ ਇਸ ਦੀ ਆਪਣੀ ਮਿਕਦਾਰ ’ਤੇ ਟਿਕੀ ਰਹਿੰਦੀ ਹੈ।

ਰਾਜ ਜਿਹੜਾ ਕਿ ਕਾਗਜ਼ੀ ਧਨ ਨੂੰ ਤਬਾਦਲੇ ਦੀ ਇੱਕ ਕਾਨੂੰਨੀ ਦਰ ਲਾ ਕੇ, ਜਾਰੀ ਕਰਦਾ ਹੈ ਅਤੇ ਅਸੀਂ ਨਰੋਲ ਇਸੇ ਕਿਸਮ ਦੇ ਕਾਗਜ਼ੀ ਧਨ ਦੀ ਗੱਲ ਕਰਦੇ ਹਾਂ - ਜਦੋਂ ਦਖਲਅੰਦਾਜ਼ੀ ਕਰਦਾ ਹੈ, ਤਾਂ ਉਹ ਆਰਥਕ ਨਿਯਮਾਂ ਦੀ ਉਲੰਘਣਾ ਕਰਦਾ ਪ੍ਰਤੀਤ ਹੁੰਦਾ ਹੈ। ਰਾਜ, ਜਿਸ ਦੀ ਟਕਸਾਲੀ ਕੀਮਤ ਨੇ ਸੋਨੇ ਦੇ ਇੱਕ ਖਾਸ ਵਜ਼ਨ, ਕੇਵਲ-ਮਾਤਰ ਇੱਕ ਨਾਂ ਦਿੱਤਾ ਸੀ ਅਤੇ ਜਿਸ ਦੀ ਟਕਸਾਲ ਨੇ ਸੋਨੇ ਉੱਪਰ ਆਪਣੀ ਸਿਰਫ਼ ਮੁਹਰ ਛਾਪੀ ਸੀ, ਹੁਣ ਆਪਣੀ ਛਾਪ ਦੇ ਜਾਦੂ ਨਾਲ਼ ਕਾਗਜ਼ ਨੂੰ ਸੋਨੇ ਵਿੱਚ ਬਦਲਦਾ ਪ੍ਰਤੀਤ ਹੁੰਦਾ ਹੈ। ਕਿਉਂਕਿ ਕਾਗਜ਼ੀ ਟੋਟਿਆਂ ਨੂੰ ਤਬਾਦਲੇ ਦੀ ਇੱਕ ਕਾਨੂੰਨੀ ਦਰ ਮਿਲੀ ਹੋਈ ਹੈ, ਇਸ ਲਈ ਸਰਕਾਰ ਨੂੰ, ਆਪਣੀ ਮਨ-ਮਰਜ਼ੀ ਨਾਲ, ਚਲਨ ਵਿੱਚ ਉਹਨਾਂ ਦੀ ਕਿਤਨੀ ਹੀ ਸੰਖਿਆ ਸੁੱਟ ਦੇਣ ਅਤੇ ਉਹਨਾਂ ਉੱਪਰ ਕੋਈਓ ਰਕਮ ਛਾਪ ਦੇਣ, ਜਿਵੇਂ ਕਿ ਇੱਕ-ਪੌਂਡ, ਪੰਜ-ਪੌਂਡ ਜਾਂ ਵੀਹ-ਪੌਂਡ ਆਦਿ ਤੋਂ ਕੋਈ ਨਹੀਂ ਰੋਕ ਸਕਦਾ। ਨੋਟ ਜਦੋਂ ਇੱਕ ਵਾਰੀ, ਚਲਨ ਵਿੱਚ ਆ ਗਏ, ਤਾਂ ਇਹਨਾਂ ਨੂੰ ਬਾਹਰ ਕੱਢ ਸਕਣਾ ਨਾਮੁਮਕਿਨ ਹੈ, ਕਿਉਂਕਿ ਦੇਸ਼ਾਂ ਦੀਆਂ ਸਰਹੱਦਾਂ, ਇੱਕ ਪਾਸੇ, ਤਾਂ ਇਹਨਾਂ ਦੇ ਚੱਕਰ ਨੂੰ ਰੋਕਦੀਆਂ ਹਨ ਅਤੇ ਦੂਜੇ ਪਾਸੇ, ਉਹ ਜੇ ਚਲਨ ਤੋਂ **ਬਾਹਰ ਚਲੇ ਜਾਣ**, ਤਾਂ ਕੱਲ੍ਹ ਕਦਰ, ਭਾਵੇਂ ਇਸਤੇਮਾਲੀ ਜਾਂ ਤਬਾਦਲਾ, ਦੋਹਾਂ ਨੂੰ ਉਹ ਖੋ ਬੈਠਦੇ ਹਨ। ਆਪਣੇ ਕਾਰਜ ਤੋਂ ਬਿਨਾਂ, ਉਹ ਛੁੱਟ ਕਾਗਜ਼ ਦੇ ਸਾਧਾਰਨ ਟੋਟਿਆਂ ਤੋਂ ਹੋਰ ਹੈ

ਹੀ ਕੀ ? ਪਰ ਰਾਜ ਦੀ ਇਹ ਸ਼ਕਤੀ ਕੇਵਲ ਭੁਲੇਖਾ ਹੈ। ਰਾਜ ਕਾਗਜ਼ੀ-ਨੋਟਾਂ ਦੀ ਕੋਈ ਸੰਖਿਆ ਅਤੇ ਉਹਨਾਂ ਦੇ ਕੋਈ ਨਾਂ, ਚਲਨ ਵਿੱਚ ਪਾ ਤਾਂ ਸਕਦਾ ਹੈ, ਪਰ ਇਸ ਮਸ਼ੀਨੀ ਕਾਰਵਾਈ ਕਾਰਨ ਇਸ ਦਾ ਕੰਟਰੋਲ ਵੀ ਮੁੱਕ ਜਾਂਦਾ ਹੈ। ਜਿਵੇਂ ਹੀ ਕਦਰ-ਟੋਕਨ ਜਾਂ ਕਾਗਜ਼ੀ ਧਨ, ਚਲਨ ਦੇ ਖੇਤਰ ਵਿੱਚ ਦਾਖਲ ਹੋ ਜਾਂਦਾ ਹੈ, ਤਾਂ ਇਹ ਇਸ ਖੇਤਰ ਦੇ ਆਪਣੇ ਨਿਯਮਾਂ ਦੇ ਚੱਕਰ ਵਿੱਚ ਕੱਸਿਆ ਜਾਂਦਾ ਹੈ।

ਆਓ ਅਸੀਂ ਮੰਨ ਲਈਏ, ਕਿ ਜਿਣਸਾਂ ਦੇ ਚਲਨ ਲਈ ਲੁੜੀਂਦੀ ਸੋਨੇ ਦੀ ਮਾਤਰਾ 14 ਮਿਲੀਅਨ ਪੌਂਡ ਹੈ ਅਤੇ ਕਿ ਰਾਜ, ਇੱਕ ਪੌਂਡ ਦਾ ਨਾਂ ਧਰਾਉਣ ਵਾਲ਼ੇ 210 ਮਿਲੀਅਨ ਨੋਟਾਂ ਨੂੰ ਚਲਨ ਵਿੱਚ ਸੁੱਟਦਾ ਹੈ। ਹੁਣ ਇਹ 210 ਮਿਲੀਅਨ ਦੇ ਨੋਟ 14 ਮਿਲੀਅਨ ਪੌਂਡਾਂ ਦੀ ਕੀਮਤ ਦੇ ਕੁੱਲ ਸੋਨੇ ਦੀ ਥਾਂ-ਪੂਰਨਗੇ। ਇਸ ਦਾ ਪ੍ਰਭਾਵ, ਉਹੋ ਹੀ ਹੋਵੇਗਾ, ਜਿਵੇਂ ਕਿ ਰਾਜ ਦੁਆਰਾ ਜਾਰੀ ਕੀਤੇ ਨੋਟ ਉਸ ਧਾਤ ਦੀ ਥਾਂ-ਪੂਰਤੀ ਲਈ ਹੀ ਹੋਣਗੇ, ਜਿਸ ਦੀ ਕਦਰ, ਸੋਨੇ ਦੀ ਕਦਰ ਦੀ ਪੰਦਰ੍ਹਵਾਂ ਭਾਗ ਹੋਵੇਗੀ, ਜਾਂ ਕਿ ਅਜਿਹਾ ਨੋਟ ਬਣਾਉਣ ਦੀ ਮਨਸ਼ਾ, ਪਹਿਲਾਂ ਦੇ ਸੋਨੇ ਦੇ ਵਜ਼ਨ ਦੇ ਪੰਦਰ੍ਹਵੇਂ ਭਾਗ ਦੀ ਥਾਂ-ਪੂਰਨਾ ਹੋਵੇਗਾ। ਇਸ ਤੋਂ ਕੀਮਤ-ਮਾਪ ਦੀ ਨਾਂਵਾਵਲੀ ਤੋਂ ਛੁੱਟ ਹੋਰ ਕੁੱਝ ਵੀ ਨਹੀਂ ਬਦਲਿਆ ਜਿਹੜੀ ਕਿ ਖੁਦ ਆਪ, ਨਰੋਲ ਰਵਾਇਤੀ ਹੁੰਦੀ ਹੈ, ਜਿਸ ਲਈ ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ, ਕਿ ਇਸ ਨੂੰ, ਸਿੱਧਿਆਂ ਤੌਰ 'ਤੇ ਧਨਵੀ-ਮਾਪ ਵਿੱਚ ਕੋਈ ਤਬਦੀਲੀ ਲਿਆ ਕੇ ਲਿਆਂਦਾ ਗਿਆ ਹੈ, ਜਾਂ ਕਿ, ਅਸਿੱਧਿਆਂ ਤੌਰ ਦੇ ਕਿਸੇ ਨਵੇਂ, ਨੀਵੇਂ ਮਾਪ ਦੇ ਅਨੁਸਾਰ ਜਾਰੀ ਕੀਤੇ ਕਾਗਜ਼ੀ ਨੋਟਾਂ ਦੀ ਸੰਖਿਆ ਵਿੱਚ ਕੋਈ ਵਾਧਾ ਲਿਆ ਕੇ ਲਿਆਂਦਾ ਗਿਆ ਹੈ। ਜਿਵੇਂ ਕਿ ਨਾਂ, ਪੌਂਡ ਸਟਰਲਿੰਗ, ਹੁਣ ਤੋਂ, ਪਹਿਲਾਂ ਦੇ ਸੋਨੇ ਦੀ ਮਿਕਦਾਰ ਦੇ ਪੰਦਰ੍ਹਵੇਂ ਭਾਗ ਨੂੰ ਜ਼ਾਹਿਰ ਕੀਤਾ ਕਰੇਗਾ, ਸਾਰੀਆਂ ਜਿਣਸ-ਕੀਮਤਾਂ ਪੰਦਰਾਂ ਗੁਣਾਂ ਉੱਚੀਆਂ ਹੋ ਜਾਣਗੀਆਂ ਅਤੇ 210 ਮਿਲੀਅਨ ਪੌਂਡ ਨੋਟ, ਹੁਣ ਤੋਂ ਅਵੱਸ਼ ਹੀ ਉੱਨੇ ਜ਼ਰੂਰੀ ਹੋਣਗੇ, ਜਿੰਨੇ ਕਿ ਪਹਿਲਾਂ ਦੇ 14 ਮਿਲੀਅਨ ਦੇ ਸਨ। ਸੋਨੇ ਦੀ ਮਿਕਦਾਰ ਵਿੱਚ ਕਮੀ, ਜਿਸ ਦੀ ਥਾਂ-ਪੂਰਤੀ ਕਦਰ ਦਾ ਹਰ ਟੋਕਨ ਕਰੇਗਾ, ਉਹ ਇਹਨਾਂ ਟੋਕਨਾਂ ਦੀ ਵਧੀ ਕੁੱਲ-ਮੀਜ਼ਾਨੀ ਕਦਰ ਦੇ ਅਨੁਪਾਤ ਦੀ ਹੋਵੇਗੀ। ਕੀਮਤਾਂ ਦਾ ਵਾਧਾ ਤਾਂ ਕੇਵਲ, ਚਲਨ-ਅਮਲ ਦੀ ਇੱਕ ਪ੍ਰਤੀਕ੍ਰਿਆ ਹੀ ਹੋਵੇਗਾ, ਜਿਸ ਨੇ ਕਿ ਜਬਰੀ ਤੌਰ 'ਤੇ ਕਦਰ ਦੇ ਟੋਕਨਾਂ ਨੂੰ ਸੋਨੇ ਦੀ ਮਿਕਦਾਰ ਦੇ ਬਰਾਬਰ ਲਿਆ ਖੜ੍ਹਾ ਕੀਤਾ ਹੈ, ਜਿਸ ਨੂੰ ਚਲਨ-ਖੇਤਰ ਵਿੱਚ ਬਦਲਣ ਦਾ ਕੰਮ ਉਹਨਾਂ ਨੂੰ ਸੌਂਪਿਆ ਗਿਆ ਹੈ।

ਅੰਗਰੇਜ਼ੀ ਅਤੇ ਫ਼ਰਾਂਸੀਸੀ ਸਰਕਾਰਾਂ ਨੇ ਮੁਦਰਾ ਦੇ ਮੁੱਲ ਨੂੰ ਕਿੰਨੀ ਵਾਰ ਘਟਾਇਆ, ਇਸ ਦੇ ਇਤਿਹਾਸ ਵਿੱਚ ਕਈ ਉਦਾਹਰਣ ਮਿਲਦੇ ਹਨ, ਜਦੋਂ ਕਿ ਕੀਮਤਾਂ ਵਿੱਚ ਹੋਏ ਵਾਧੇ, ਚਾਂਦੀ ਦੇ ਸਿੱਕਿਆਂ ਦੀ ਮੁੱਲ-ਘਟਾਈ ਦੇ ਅਨੁਪਾਤ ਵਿੱਚ ਨਹੀਂ ਸਨ। ਕਾਰਨ ਸਪੱਸ਼ਟ ਸੀ, ਕਿ ਮੁੱਦਰਾ ਦੀ ਮਿਕਦਾਰ ਵਿੱਚ ਵਾਧਾ, ਇਸ ਦੀ ਮੁੱਲ-ਘਟਾਈ ਦੀ ਨਿਸਬਤ ਨਾਲ਼ੋਂ ਉੱਪਰ-ਥੱਲੇ ਸੀ। ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਜੇਕਰ ਜਿਣਸਾਂ ਦੀ ਤਬਾਦਲਾ-ਕਦਰ, ਦੇ ਨੀਵੇਂ ਮਾਪ ਦੇ ਅਨੁਸਾਰ, ਭਵਿੱਖ ਵਿੱਚ ਉੱਚੀ ਉਠਾਈ ਜਾਣੀ ਹੈ, ਅਤੇ ਕਿ ਉਸ

ਨੂੰ ਸਿੱਕਿਆਂ ਵਿੱਚ ਇਸ ਨੀਵੇਂ ਮਾਪ ਦੇ ਅਨੁਸਾਰ ਵਸੂਲਿਆ ਜਾਣਾ ਹੈ। ਤਾਂ, ਇਸ ਦਾ ਇਹ ਮਤਲਬ ਹੈ, ਕਿ ਘੱਟ ਧਾਤਵੀ ਤੱਤ ਵਾਲ਼ੇ ਘੱਟ ਵੱਧ ਸੰਖਿਆ ਦੇ ਸਿੱਕੇ ਜਾਰੀ ਕੀਤੇ ਗਏ ਹਨ। ਇਹ ਉਸ ਮੁਸ਼ਕਿਲ ਦਾ ਹੱਲ ਹੈ, ਜਿਸ ਨੂੰ ਕਿ ਲੌਕੇ ਅਤੇ ਲੌਂਡੇਸ ਵਿਚਕਾਰ ਉੱਠੀ ਬਹਿਸ ਰਾਹੀਂ ਸੁਲਝਾਇਆ ਜਾ ਸਕਿਆ ਸੀ। ਜਿਸ ਦਰ 'ਤੇ ਕੋਈ ਕਦਰ-ਟੋਕਨ - ਭਾਵੇਂ ਕਿ ਉਹ ਕਾਗਜ਼ ਦਾ ਬਣਿਆ ਹੋਇਆ ਹੈ, ਝੂਠੇ ਸੋਨੇ ਦਾ ਹੈ ਜਾਂ ਕਿ ਚਾਂਦੀ ਦਾ, ਇਹ ਗੱਲ ਬਿਲਕੁੱਲ ਗੈਰ-ਜ਼ਰੂਰੀ ਹੈ - ਸੋਨੇ ਅਤੇ ਚਾਂਦੀ ਦੀਆਂ ਟਕਸਾਲੀ ਕੀਮਤ ਦੇ ਅਨੁਸਾਰ ਆਂਕੀਆਂ ਖਾਸ ਮਿਕਦਾਰਾਂ ਦੀ ਥਾਂ ਲੈ ਸਕਦਾ ਹੈ, ਉਸ ਦਾ ਨਿਰਭਰ ਉਹਨਾਂ ਟੋਕਨਾਂ ਦੀ ਸੰਖਿਆ 'ਤੇ ਹੁੰਦਾ ਹੈ, ਜਿਹੜੇ ਕਿ ਚਲਨ ਵਿੱਚ ਹਨ, ਨਾ ਕਿ ਉਸ ਵਸਤ 'ਤੇ ਜਿਸ ਦੇ ਕਿ ਉਹ ਬਣੇ ਹੁੰਦੇ ਹਨ। ਇਸ ਸਬੰਧ ਨੂੰ ਠੀਕ ਤਰ੍ਹਾਂ ਸਮਝਣ ਵਿੱਚ ਜੋ ਕਠਿਨਾਈ ਆਉਂਦੀ ਹੈ, ਉਸ ਦਾ ਕਾਰਨ ਇਹ ਹੈ ਕਿ ਧਨ ਦੇ ਦੋ ਕਾਰਜ ਭਾਵ ਕਦਰ-ਮਾਪ ਦੇ ਤੌਰ 'ਤੇ ਅਤੇ ਚਲਨ-ਮਾਧਿਅਮ ਦੇ ਤੌਰ 'ਤੇ, ਨਾ ਕੇਵਲ ਉਹਨਾਂ ਨਿਯਮਾਂ ਤੋਂ ਹੀ ਚਾਲਿਤ ਹੁੰਦੇ ਹਨ, ਜਿਹੜੇ ਕਿ ਇੱਕ-ਦੂਜੇ ਦੇ ਵਿਰੋਧੀ ਹੁੰਦੇ ਹਨ, ਬਲਕਿ ਉਹਨਾਂ ਨਿਯਮਾਂ ਤੋਂ ਵੀ, ਜਿਹੜੇ ਕਿ ਦੋਹਾਂ ਕਾਰਜਾਂ ਦੇ ਇੱਕ-ਦੂਜੇ ਤੋਂ ਵਿਰੋਧੀ ਖਾਸਿਆਂ ਨਾਲ਼ੋਂ ਵੱਖਰੇ ਦਿਖਾਈ ਦੇਂਦੇ ਹਨ। ਕਦਰ-ਮਾਪ ਦੇ ਰੂਪ ਵਿੱਚ ਕਾਰਜ ਕਰਦਿਆਂ, ਜਦੋਂ ਧਨ ਨਿਰੋਲ ਲੇਖਾ-ਧਨ ਦੇ ਰੂਪ ਵਿੱਚ ਅਤੇ ਸੋਨਾ, ਕੇਵਲ ਨਾਂ-ਮਾਤਰੀ ਸੋਨੇ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ, ਤਾਂ ਉਸ ਸਮੇਂ ਨਿਰਣੇਈ ਚੀਜ਼, ਵਰਤਿਆ ਗਿਆ ਭੌਤਕੀ ਪਦਾਰਥ ਹੁੰਦਾ ਹੈ। ਚਾਂਦੀ ਦੇ ਰੂਪ ਵਿੱਚ ਜਾਂ ਕਿ ਚਾਂਦੀ-ਕੀਮਤਾਂ ਦੇ ਤੌਰ 'ਤੇ ਪ੍ਰਗਟਾਈਆਂ ਤਬਾਦਲਾ-ਕਦਰਾਂ, ਅਵੱਸ਼, ਸੋਨੇ ਦੇ ਰੂਪ ਵਿੱਚ ਜਾਂ ਕਿ ਸੋਨਾ-ਕੀਮਤਾਂ ਦੇ ਤੌਰ 'ਤੇ ਪ੍ਰਗਟਾਈਆਂ ਤਬਾਦਲਾ-ਕਦਰਾਂ ਤੋਂ ਬਿਲਕੁੱਲ ਵੱਖਰੀਆਂ ਦਿਖਾਈ ਦੇਣਗੀਆਂ। ਦੂਜੇ ਪਾਸੇ, ਜਦੋਂ ਧਨ ਚਲਨ-ਮਾਧਿਅਮ ਦੇ ਰੂਪ ਵਿੱਚ ਕਾਰਜ ਕਰਦਾ ਹੈ, ਮਤਲਬ ਜਦੋਂ ਕਿ ਉਹ ਸਿਰਫ਼ ਖਿਆਲੀ ਵਸਤ ਨਾ ਹੋ ਕੇ, ਹੋਰਾਂ ਜਿਣਸਾਂ ਦੇ ਨਾਲ਼ੋਂ ਨਾਲ਼ ਇੱਕ ਅਸਲ ਚੀਜ਼ ਦੇ ਰੂਪ ਵਿੱਚ ਮੌਜੂਦ ਹੁੰਦਾ ਹੈ, ਉਸ ਸਮੇਂ ਇਸ ਦਾ ਪਦਾਰਥ ਗੈਰ-ਜ਼ਰੂਰੀ ਹੋ ਜਾਂਦਾ ਹੈ ਅਤੇ ਇਸ ਦੀ ਮਿਕਦਾਰ ਨਿਰਣੇਈ ਵਸਤੂ ਬਣ ਜਾਂਦੀ ਹੈ। ਭਾਵੇਂ, ਪੌਂਡ ਸੋਨੇ ਦਾ ਹੈ, ਚਾਂਦੀ ਦਾ ਹੈ, ਜਾਂ ਕਿ ਤਾਂਬੇ ਦਾ ਹੈ, ਇਹ ਮਿਆਰੀ ਮਾਪ ਲਈ ਨਿਰਣੇਈ ਹੁੰਦਾ ਹੈ, ਸੰਖਿਆ ਤਾਂ ਸਿਰਫ਼ ਸਿੱਕਿਆਂ ਨੂੰ, ਇਹਨਾਂ ਦੇ ਆਪਣੇ ਪਦਾਰਥ ਤੋਂ ਬੇ-ਲਾਗ, ਇਹਨਾਂ ਮਿਆਰੀ ਮਾਪਾਂ ਵਿੱਚੋਂ ਕਿਸੇ ਇੱਕ ਦਾ, ਇੱਕ ਢੁੱਕਵਾਂ ਜਿਹਾ ਸਾਕਾਰ ਬਣਾ ਦੇਂਦੀ ਹੈ। ਪਰ ਇਹ ਗੱਲ ਆਮ ਸਮਝ ਦੀ ਪਕੜ ਤੋਂ ਬਾਹਰ ਦੀ ਹੈ ਕਿ ਜਦੋਂ ਕਿ ਧਨ ਨਰੋਲ ਖਿਆਲੀ ਹੈ, ਤਾਂ ਹਰ ਗੱਲ ਭੌਤਕੀ ਵਸਤ ਉੱਪਰ ਕਿਉਂ ਨਿਰਭਰ ਕਰਦੀ ਹੈ, ਜਦੋਂ ਕਿ ਪਦਾਰਥਕ ਸਿੱਕਿਆਂ ਦੀ ਸੂਰਤ ਵਿੱਚ, ਹਰ ਚੀਜ਼ ਗਿਣਤੀ ਸਬੰਧ ਦੀ ਮੁਥਾਜ ਹੁੰਦੀ ਹੈ ਜਿਹੜਾ ਕਿ ਨਾਂ-ਮਾਤਰੀ ਹੈ। ਕਾਗਜ਼ੀ ਨੋਟਾਂ ਦੀ ਮਿਕਦਾਰ ਵਿੱਚ ਵਾਧੇ ਜਾਂ ਘਾਟੇ ਦੇ ਅਨੁਸਾਰ ਜਿਣਸ-ਕੀਮਤਾਂ ਦਾ ਚੜ੍ਹਨਾ ਜਾਂ ਡਿੱਗਣਾ - ਪਿਛਲੀ ਸੂਰਤ ਉੱਥੇ, ਜਿੱਥੇ ਕਿ ਕਾਗਜ਼ੀ ਨੋਟ ਚਲਨ ਦਾ ਇੱਕੋ-ਇੱਕ ਮਾਧਿਅਮ ਹਨ - ਇਸ ਲਈ, ਉਸ ਨਿਯਮ ਦੇ ਚਲਨ-ਅਮਲ ਦਾ, ਆਪਣੇ ਆਪ ਨੂੰ ਜਬਰੀ ਜਮਾਉਣਾ ਹੀ ਹੁੰਦਾ ਹੈ, ਜਿਸ ਨੂੰ ਕਿ ਅਸੰਗਤ ਕਾਰਵਾਈ ਦੁਆਰਾ ਮਸ਼ੀਨੀ ਤੌਰ 'ਤੇ

ਤੋੜਿਆ ਜਾਂਦਾ ਹੈ; ਭਾਵ, ਇਹ ਨਿਯਮ ਕਿ ਚਲਨ ਵਿਚਲੇ ਸੋਨੇ ਦੀ ਮਿਕਦਾਰ ਜਿਣਸਾਂ ਦੀਆਂ ਕੀਮਤਾਂ ਨਾਲ਼ ਨਿਸ਼ਚਿਤ ਹੁੰਦੀ ਹੈ ਅਤੇ ਕਿ ਚਲਨ ਵਿਚਲੇ ਕਦਰ-ਟੋਕਨਾਂ ਦੀ ਮਿਕਦਾਰ ਨੂੰ ਸੋਨਾ-ਮੁਦਰਾ ਦੀ ਉਹ ਮਾਤਰਾ ਨਿਸ਼ਚਿਤ ਕਰਦੀ ਹੈ, ਜਿਸ ਨੂੰ ਕਿ ਉਹ ਚਲਨ ਦੇ ਦੌਰਾਨ ਬਦਲਦੇ ਰਹਿੰਦੇ ਹਨ। ਚਲਨ-ਅਮਲ, ਦੂਜੇ ਪਾਸੇ, ਜਿਵੇਂ ਇਸ ਨੇ ਕਾਗਜ਼ੀ ਨੋਟਾਂ ਦੀ ਕਿੰਨੀ ਹੀ ਗਿਣਤੀ ਨੂੰ ਹਜ਼ਮ ਕੀਤਾ ਸੀ, ਇਸ ਨੂੰ ਵੀ ਚੱਟ ਕਰ ਜਾਵੇਗਾ; ਕਿਉਂਕਿ ਕਦਰ-ਟੋਕਨ ਨੇ ਚਲਨ ਵਿੱਚ ਦਾਖਲ ਹੁੰਦੇ ਸਮੇਂ ਆਪਣੇ ਸਿਰ ’ਤੇ ਸੋਨੇ ਦਾ ਕੋਈ ਨਾਂ ਵੀ ਕਿਉਂ ਨਾ ਧਾਰਨ ਕੀਤਾ ਹੋਵੇ, ਇਸ ਨੂੰ ਦੱਬ-ਘੁੱਟ ਕੇ, ਸੋਨੇ ਦੀ ਉਸ ਮਿਕਦਾਰ ਦਾ ਟੋਕਨ ਬਣਾ ਦਿੱਤਾ ਜਾਂਦਾ ਹੈ, ਜਿਸ ਲਈ ਕਿ ਉਹ ਉਸ ਦੇ ਥਾਂ ’ਤੇ ਚੱਕਰ ਲਾ ਸਕਦਾ ਹੈ।

ਕਦਰ-ਟੋਕਨਾਂ ਦੇ ਚਲਨ ਵਿੱਚ, ਅਸਲ ਧਨ ਦੇ ਚਲਨ ਨੂੰ ਚਲਾਉਣ ਵਾਲੇ ਸਾਰੇ ਨਿਯਮ, ਉਲਟੇ ਪੈ ਗਏ ਪ੍ਰਤੀਤ ਹੁੰਦੇ ਹਨ ਅਤੇ ਲੱਗਦਾ ਹੈ ਜਿਵੇਂ ਕਿ ਉਹਨਾਂ ਦੇ ਸਿਰ ਹੇਠਾਂ ਅਤੇ ਪੈਰ ਉੱਪਰ ਹੋ ਗਏ ਹੋਣ। ਸੋਨਾ ਇਸ ਲਈ ਚਲਨ ਵਿੱਚ ਹੁੰਦਾ ਹੈ, ਕਿਉਂਕਿ ਇਹ ਕਦਰ ਦਾ ਮਾਲਕ ਹੈ, ਜਦੋਂ ਕਿ ਕਾਗਜ਼ ਕੋਲ ਇਸ ਲਈ ਕਦਰ ਹੈ, ਕਿਉਂਕਿ ਇਹ ਚੱਕਰ ਲਾਉਂਦਾ ਹੈ। ਜੇਕਰ ਜਿਣਸਾਂ ਦੀ ਤਬਾਦਲਾ-ਕਦਰ ਦਿੱਤੀ ਹੋਈ ਹੈ, ਤਾਂ ਚਲਨ ਵਿਚਲੇ ਸੋਨੇ ਦੀ ਮਿਕਦਾਰ ਇਸ ਦੀ ਕਦਰ ’ਤੇ ਨਿਰਭਰ ਕਰਦੀ ਹੈ, ਜਦੋਂ ਕਿ, ਕਦਰ-ਟੋਕਨ, ਆਪਣੀ ਕਦਰ ਲਈ, ਚਲਨ-ਚੱਕਰ ਵਿੱਚ ਆਪਣੀ ਗਿਣਤੀ ਦੇ ਮੁਥਾਜ ਹਨ। ਜਿਣਸਾਂ ਦੀਆਂ ਕੀਮਤਾਂ ਵਿੱਚ ਆਈ ਮੰਦੀ-ਤੇਜ਼ੀ ਚਲਨ ਵਿਚਲੇ ਸੋਨੇ ਦੀ ਮਿਕਦਾਰ ਨੂੰ ਘਟਾਉਂਦੀਆਂ-ਵਧਾਉਂਦੀਆਂ ਰਹਿੰਦੀਆਂ ਹਨ ਜਦੋਂ ਕਿ ਜਿਣਸਾਂ ਦੀਆਂ ਕੀਮਤਾਂ ਵਿੱਚ ਆਈ ਮੰਦੀ-ਤੇਜ਼ੀ, ਚਲਨ ਵਿਚਲੇ ਕਾਗਜ਼ ਦੀ ਬਦਲਦੀ ਮਿਕਦਾਰ ਕਾਰਨ ਆਈ ਪ੍ਰਤੀਤ ਹੁੰਦੀ ਹੈ। ਜਿਣਸਾਂ ਦਾ ਚਲਨ ਸੋਨਾ-ਮੁੱਦਰਾ ਦੀ ਇੱਕ ਖਾਸ ਮਿਕਦਾਰ ਨੂੰ ਹੀ ਹਜ਼ਮ ਕਰ ਸਕਦਾ ਹੈ, ਉਸ ਦੀ ਥਾਂ ’ਤੇ ਚਲਨ ਵਿਚਲੇ ਧਨ ਦੀ ਮਿਕਦਾਰ ਦਾ ਪਸਰਨਾ ਜਾਂ ਸੁਕੜਨਾ, ਇੱਕ ਲਾਜ਼ਮੀ ਨਿਯਮ ਦੇ ਅਨੁਸਾਰ ਆਪਣੇ ਆਪ ਨੂੰ ਜ਼ਾਹਿਰ ਕਰਨਾ ਹੈ, ਜਦੋਂ ਕਿ ਕਾਗਜ਼ੀ ਧਨ ਦੀ ਹਰ ਮਾਤਰਾ ਚਲਨ ਰਾਹੀਂ ਹੜੱਪੀ ਗਈ ਪ੍ਰਤੀਤ ਹੁੰਦੀ ਹੈ। ਰਾਜ, ਜਿਹੜਾ ਕਿ ਸਿੱਕਿਆਂ ਨੂੰ, ਮਿਆਰੀ ਵਜ਼ਨ ਤੋਂ ਇੱਕ ਗਰੇਨ ਦੇ ਸੌਵੇਂ ਹਿੱਸੇ ਜਿੰਨਾ ਵੀ ਘੱਟ ਬਣਾ ਕੇ ਜਾਰੀ ਕਰਦਾ ਹੈ, ਉਹ ਸੋਨਾ ਅਤੇ ਚਾਂਦੀ ਮੁਦਰਾ ਦੀ ਮੁੱਲ-ਘਟਾਈ ਕਰ ਦੇਂਦਾ ਹੈ ਅਤੇ ਇਸ ਲਈ, ਇਸ ਦੇ ਚਲਨ-ਮਾਧਿਅਮ ਦੇ ਰੂਪ ਵਿਚਲੇ ਕਾਰਜ ਨੂੰ ਵਿਗਾੜ ਦੇਂਦਾ ਹੈ, ਜਦੋਂ ਕਿ ਬੇ-ਮੁੱਲੇ ਕਾਗਜ਼ ਦੇ ਟੁਕੜਿਆਂ ਦਾ ਇਜਰਾ, ਜਿਹਨਾਂ ਦਾ ਕਿ ਧਾਤ ਨਾਲ਼ ਕੋਈ ਵੀ ਰਿਸ਼ਤਾ ਨਹੀਂ, ਛੁੱਟ ਇਸ ਤੋਂ ਕਿ ਇਸ ਉੱਪਰ ਸਿੱਕਿਆਂ ਦੀ ਰਕਮ ’ਤੇ ਨਾਂ ਛਪੇ ਹੋਏ ਹਨ, ਬਿਲਕੁਲ ਇੱਕ ਸਹੀ ਕਾਰਵਾਈ ਹੈ। ਸੋਨੇ ਦਾ ਸਿੱਕਾ, ਸਪੱਸ਼ਟ ਹੀ, ਜਿਣਸਾਂ ਦੀ ਕਦਰ ਦਾ ਉਦੋਂ ਹੀ ਧਾਰਣੀ ਬਣਦਾ ਹੈ, ਜਦੋਂ ਕਿ ਕਦਰ ਨੂੰ ਸੋਨੇ ਵਿੱਚ ਆਂਕ ਲਿਆ ਹੁੰਦਾ ਹੈ ਅਤੇ ਕੀਮਤ-ਰੂਪ ਵਿੱਚ ਪ੍ਰਗਟਾਇਆ ਹੁੰਦਾ ਹੈ। ਪਰ ਕਦਰ-ਟੋਕਨ, ਜਿਣਸਾਂ ਦੀ ਕਦਰ ਨੂੰ ਸਿੱਧਿਆਂ ਦਰਸਾਉਂਦਾ ਪ੍ਰਤੀਤ ਹੁੰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਜੋ ਵਿਅਕਤੀ ਧਨਵੀ ਚਲਨ ਦੇ ਆਪਣੇ ਅਧਿਅਨਾਂ ਨੂੰ, ਤਬਾਦਲੇ ਦੀ ਕਾਨੂੰਨੀ ਦਰ ਵਾਲ਼ੇ ਕਾਗਜ਼ੀ ਧਨ ਦੇ ਚਲਨ ਦੀ ਪੁਣ-ਛਾਣ ਤੱਕ ਹੀ

ਸੀਮਿਤ ਰੱਖੇਗਾ, ਉਹ ਜ਼ਰੂਰ, ਧਨਵੀ ਚਲਨ ਦੇ ਵਿਚਲੇ ਲੁਕੇ ਨਿਯਮਾਂ ਨੂੰ ਗਲਤ ਸਮਝੇਗਾ। ਇਹ ਨਿਯਮ, ਸੱਚ ਹੀ, ਕਦਰ-ਟੋਕਨਾਂ ਦੇ ਚਲਨ ਮਾਮਲੇ ਵਿੱਚ ਕੇਵਲ ਪੁੱਠੇ-ਖੜ੍ਹੇ ਹੀ ਪ੍ਰਤੀਤ ਨਹੀਂ ਹੁੰਦੇ, ਬਲਕਿ ਸਿਰਿਓਂ ਹੀ ਮਿਟ ਚੁੱਕੇ ਲੱਗਦੇ ਹਨ। ਕਾਰਨ ਇਹ ਹੈ ਕਿ ਕਾਗਜ਼ੀ ਧਨ ਦੇ ਚੱਕਰਾਂ ਦੀਆਂ, ਜਦੋਂ ਕਿ ਇਸ ਨੂੰ ਚੰਗੀ ਖਾਸੀ ਮਾਤਰਾ ਵਿੱਚ ਜਾਰੀ ਕੀਤਾ ਜਾਂਦਾ ਹੈ, ਵਿਸ਼ੇਸ਼ਤਾਈਆਂ ਕਦਰ-ਟੋਕਨ ਦੇ ਰੂਪ ਵਿੱਚ ਇਸ ਵਰਗੀਆਂ ਨਹੀਂ ਹੁੰਦੀਆਂ; ਜਦੋਂ ਕਿ ਇਸ ਦੇ ਖਾਸ ਚੱਕਰ ਸੋਨੇ ਦੀ ਇਸ ਦੀ ਸਹੀ ਨਿਸਬਤ ਦੀਆਂ ਉਲੰਘਨਾਵਾਂ ਦੇ ਕਾਰਨ ਹੁੰਦੇ ਹਨ ਅਤੇ ਉਹ ਜਿਣਸਾਂ ਦੇ ਰੂਪ-ਬਦਲ ਵਿੱਚੋਂ ਸਿੱਧਿਆਂ ਜਨਮ ਨਹੀਂ ਲੈਂਦੇ।

## 3. ਧਨ

ਧਨ, ਸਿੱਕੇ ਤੋਂ ਵੱਖਰੇ ਰੂਪ ਵਿੱਚ, ਜਿਣਸ-ਧਨ-ਜਿਣਸ (ਜ. ਧ. ਜ) ਚੱਕਰ ਦਾ ਪਰਿਣਾਮ ਹੁੰਦਾ ਹੈ ਅਤੇ ਧਨ-ਜਿਣਸ-ਧਨ (ਧ. ਜ. ਧ) ਚੱਕਰ ਦਾ ਆਰੰਭਕ ਨੁਕਤਾ ਬਣਦਾ ਹੈ, ਜਿਸ ਦਾ ਭਾਵ ਹੈ, ਜਿਣਸਾਂ ਨਾਲ਼ ਧਨ ਦਾ ਤਬਾਦਲਾ, ਤਾਂ ਜੋ ਧਨ ਲਈ ਜਿਣਸਾਂ ਬਦਲ ਲਈਆਂ ਜਾਣ। ਜ. ਧ. ਜ. ਰੂਪ ਵਿੱਚ ਜਿਣਸ ਹੀ ਸੌਦੇ ਦਾ ਆਰੰਭ ਤੇ ਅੰਤ ਹੁੰਦੀ ਹੈ; ਜਦੋਂ ਕਿ ਧ. ਜ. ਧ. ਰੂਪ ਵਿੱਚ ਇਹ ਥਾਂ ਧਨ ਦਾ ਹੁੰਦਾ ਹੈ। ਪਹਿਲੇ ਚੱਕਰ ਵਿੱਚ ਧਨ ਜਿਣਸਾਂ ਦੇ ਤਬਾਦਲੇ ਵਿੱਚ ਵਿਚੋਲੀਏ ਦਾ ਕੰਮ ਕਰਦਾ ਹੈ, ਦੂਜੇ ਵਿੱਚ ਜਿਣਸ ਹੁੰਦੀ ਹੈ ਜਿਹੜੀ ਧਨ ਨੂੰ ਧਨ ਵਿੱਚ ਵਿਕਸਾਣ ਦੀ ਵਿਚੋਲਗੀਰੀ ਕਰਦੀ ਹੈ। ਧਨ ਜਿਹੜਾ ਕਿ ਪਹਿਲੇ ਚੱਕਰ ਵਿੱਚ ਇਕੱਲਾ ਵਿਚੋਲਾ ਹੁੰਦਾ ਹੈ, ਦੂਜੇ ਵਿੱਚ ਪੁੱਜ ਕੇ ਇਹ ਚਲਨ ਦੀ ਅੰਤਮ ਮੰਜ਼ਲ ਆਈ ਲੱਗਦਾ ਹੈ; ਜਦੋਂ ਕਿ ਜਿਣਸ, ਜਿਹੜੀ ਕਿ ਪਹਿਲੇ ਚੱਕਰ ਵਿੱਚ ਅੰਤਮ ਮੰਜ਼ਲ ਸੀ, ਉਹ ਦੂਜੇ ਵਿੱਚ ਪੁੱਜ ਕੇ ਮਸਾਂ ਸਾਧਨ-ਮਾਤਰ ਲੱਗਦੀ ਹੈ। ਕਿਉਂਕਿ, ਧਨ ਆਪ ਪਹਿਲਾਂ ਜ. ਧ. ਜ. ਦਾ ਨਤੀਜਾ ਸੀ, ਇਸ ਲਈ ਧ. ਜ. ਧ. ਰੂਪ ਵਿੱਚ ਪੁੱਜਣ ਨਾਲ਼ ਚਲਨ ਦੇ ਸਿੱਟੇ ਵਜੋਂ ਇਹ, ਇਸ ਦਾ ਅੰਤਲਾ ਸਿਰਾ ਵੀ ਦਿਖਾਈ ਦੇਣ ਲੱਗਦਾ ਹੈ। ਪਦਾਰਥ ਦਾ ਤਬਾਦਲਾ ਜ. ਧ. ਜ. ਦਾ ਸਾਰਤੱਤ ਹੈ, ਜਦੋਂ ਕਿ ਦੂਜੇ ਚੱਕਰ ਧ. ਜ. ਧ. ਦਾ ਅਸਲ ਸਾਰਤੱਤ ਜਿਣਸ, ਆਪਣੇ ਉਸ ਰੂਪ ਵਿੱਚ ਹੁੰਦੀ ਹੈ, ਜਿਸ ਵਿੱਚ ਇਹ ਪਹਿਲੇ ਚੱਕਰ ਵਿੱਚੋਂ ਉਗਮਦੀ ਹੈ।

ਜ. ਧ. ਜ. ਦੇ ਫਾਰਮੂਲੇ ਵਿੱਚ ਦੋ ਅੱਤਾਂ, ਇੱਕੋ ਕਦਰ ਦਾ ਜਿਣਸਾਂ ਹਨ, ਪਰ ਜਿਹੜੀਆਂ ਇਸ ਦੇ ਨਾਲ਼ ਹੀ ਸਿਫਤੀ ਤੌਰ ’ਤੇ ਵੱਖਰੀਆਂ ਇਸਤੇਮਾਲੀ ਕਦਰਾਂ ਹਨ। ਉਹਨਾਂ ਦਾ ਤਬਾਦਲਾ ਜ-ਜ, ਪਦਾਰਥ ਦਾ ਅਸਲੀ ਤਬਾਦਲਾ ਹੈ। ਦੂਜੇ ਪਾਸੇ, ਫਾਰਮੂਲੇ ਧ. ਜ. ਧ. ਵਿੱਚ ਦੋਵੇਂ ਅੱਤਾਂ ਸੋਨਾ ਹਨ ਅਤੇ ਸੋਨਾ ਵੀ ਇੱਕੋ ਕਦਰ ਦਾ। ਪਰ ਇਹ ਕਿੰਨੀ ਮੂਰਖਤਾ ਲੱਗਦੀ ਹੈ ਕਿ ਸੋਨੇ ਦਾ ਜਿਣਸਾਂ ਨਾਲ਼ ਇਸ ਲਈ ਤਬਾਦਲਾ ਕੀਤਾ ਜਾਵੇ, ਤਾਂ ਜੋ ਜਿਣਸਾਂ ਨੂੰ ਮੁੜ ਸੋਨੇ ਨਾਲ਼ ਬਦਲਿਆ ਜਾਵੇ; ਜਾਂ ਜੇ ਕੋਈ ਅੰਤਮ ਪਰਿਣਾਮ ’ਤੇ ਝਾਤ ਪਾਵੇ, ਮਤਲਬ, ਧ-ਧ, ਸੋਨੇ ਨੂੰ ਸੋਨਾ ਨਾਲ਼ ਬਦਲਿਆ। ਪਰ ਜੇ ਕੋਈ ਧ-ਜ-ਧ ਨੂੰ ਫਾਰਮੂਲੇ ਦਾ ਰੂਪ ਦੇਂਦਾ ਹੈ ਭਾਵ **ਖਰੀਦਣਾ** ਕਿਉਂ ਹੈ ? ਕਿਉਂ ਜੋ **ਵੇਚਣਾ** ਹੈ, ਜਿਸ ਦਾ ਸਿੱਧਾ ਅਰਥ ਹੈ ਕਿ ਇੱਕ ਵਿਚੋਲੀਆ ਤਹਿਰੀਕ ਦੇ ਰਾਹੀਂ ਸੋਨੇ ਨੂੰ ਸੋਨੇ ਨਾਲ਼ ਬਦਲ ਲਿਆ ਗਿਆ, ਤਾਂ ਝੱਟ

ਹੀ, ਬੁਰਜੂਆ ਪੈਦਾਵਾਰ ਦੇ ਗਾਲਬ ਰੂਪ ਦੀ ਪਛਾਣ ਹੋ ਜਾਵੇਗੀ।

ਪਰ, ਅਸਲ ਜੀਵਨ ਵਿੱਚ ਲੋਕ ਇਸ ਲਈ ਨਹੀਂ ਖਰੀਦਦੇ, ਤਾਂ ਜੋ ਉਹ ਵੇਚਣ, ਬਲਕਿ ਉਹ ਘੱਟ ਕੀਮਤ ਉੱਪਰ ਖਰੀਦਦੇ ਹਨ, ਜਿਸ ਕਰਕੇ ਉਹ ਉੱਚੀ ਕੀਮਤ ’ਤੇ ਵੇਚ ਸਕਣ। ਉਹ ਧਨ ਨੂੰ ਜਿਣਸਾਂ ਨਾਲ਼ ਇਸ ਲਈ ਬਦਲਦੇ ਹਨ, ਤਾਂ ਜੋ ਉਹ ਇਹਨਾਂ ਨੂੰ ਧਨ ਦੀ ਪਹਿਲਾਂ ਨਾਲ਼ੋਂ ਵੱਡੀ ਰਕਮ ਨਾਲ਼ ਬਦਲ ਸਕਣ; ਤਾਂ ਜੋ, ਅੱਤਾਂ ਧ-ਧ ਮਿਕਦਾਰੀ ਤੌਰ ’ਤੇ ਫਰਕ ਵਾਲ਼ੀਆਂ ਹੋ ਜਾਣ, ਭਾਵੇਂ ਸਿਫਤੀ ਤੌਰ ’ਤੇ ਨਾ ਵੀ ਹੋਣ। ਇਹ ਮਿਕਦਾਰੀ ਫਰਕ ਪਹਿਲਾਂ ਹੀ **ਗੈਰ-ਬਰਾਬਰਾਂ ਦੇ ਤਬਾਦਲੇ** ਨੂੰ ਮੰਨ ਕੇ ਚੱਲਦਾ ਹੈ; ਜਦੋਂ ਕਿ, ਜਿਣਸ ਅਤੇ ਧਨ, ਆਪਣੇ ਆਪਣੇ ਰੂਪ ਵਿੱਚ ਜਿਣਸ ਦੇ ਹੀ ਇੱਕ ਦੂਜੇ ਦੇ ਵਿਰੋਧੀ ਰੂਪ ਮਾਤਰ ਹੁੰਦੇ ਹਨ; ਦੂਜੇ ਸ਼ਬਦਾਂ ਵਿੱਚ, ਇੱਕੋ ਕਦਰ ਦੀ ਹੋਂਦ ਦੇ ਵੱਖ ਵੱਖ ਰੂਪ। ਇਸ ਲਈ ਚੱਕਰ, ਧ-ਜ-ਧ ਵਿੱਚ, ਧਨ ਅਤੇ ਜਿਣਸ, ਵੱਧ ਉੱਨਤ ਉਪਜ-ਸਬੰਧਾਂ ਦੇ ਸੂਚਕ ਹਨ ਅਤੇ ਸਾਧਾਰਣ ਚਲਨ ਵਿੱਚ, ਚੱਕਰ ਕੀ ਹੈ ? ਕੇਵਲ ਮਾਤਰ, ਵੱਧ ਗੁੰਝਲਦਾਰ ਖਾਸੇ ਦੀ ਤਹਿਰੀਕ ਦੀ ਇੱਕ ਝਲਕ। ਇਸ ਤਰ੍ਹਾਂ ਚਲਨ-ਮਾਧਿਅਮ ਤੋਂ ਨਵੇਕਲਾ ਧਨ, ਜ਼ਰੂਰੀ ਤੌਰ ’ਤੇ ਜ-ਧ-ਜ ਵਿੱਚੋਂ ਨਿਕਲਦਾ ਹੈ, ਜਿਹੜਾ ਕਿ ਜਿਣਸ-ਚਲਨ ਦਾ ਫੌਰੀ ਰੂਪ ਹੈ।

ਸੋਨਾ, ਭਾਵ, ਉਹ ਖਾਸ ਜਿਣਸ, ਜਿਹੜੀ ਕਿ ਕਦਰ-ਮਾਪ ਅਤੇ ਚਲਨ-ਮਾਧਿਅਮ ਦਾ ਕੰਮ ਦੇਂਦੀ ਹੈ, ਝੱਟ ਹੀ, ਬਿਨਾਂ ਸਮਾਜ ਵੱਲੋਂ ਲਾਏ ਕਿਸੇ ਖਾਸ ਯਤਨ ਦੇ, **ਧਨ** ਬਣ ਜਾਂਦਾ ਹੈ। ਚਾਂਦੀ ਇੰਗਲੈਂਡ ਅੰਦਰ ਧਨ ਨਹੀਂ ਬਣੀ, ਕਿਉਂਕਿ ਨਾ ਤਾਂ ਇਹ ਕਦਰ-ਮਾਪ ਹੈ, ਨਾ ਹੀ ਇਹ ਚਲਨ ਦਾ ਪ੍ਰਮੁੱਖ ਮਾਧਿਅਮ ਹੈ। ਇਸੇ ਤਰ੍ਹਾਂ, ਹਾਲੈਂਡ ਅੰਦਰ ਸੋਨਾ, ਉਸੇ ਵੇਲ਼ੇ, ਧਨ ਹੋਣੋਂ ਹੱਟ ਗਿਆ, ਜਦੋਂ ਹੀ ਇਸ ਨੂੰ ਕਦਰ-ਮਾਪ ਦੀ ਪੁਜ਼ੀਸ਼ਨ ਤੋਂ ਹੇਠਾਂ ਧਰੂਹ ਦਿੱਤਾ ਗਿਆ, ਪਹਿਲੀ ਗੱਲ ਤਾਂ ਇਹ ਹੋਈ, ਕਿ ਜਿਸ ਜਿਣਸ ਵਿੱਚ ਕਦਰ-ਮਾਪ ਅਤੇ ਚਲਨ-ਮਾਧਿਅਮ ਦੇ ਸਾਂਝੇ ਗੁਣ ਵਿਦਮਾਨ ਹੁੰਦੇ ਹਨ ਅਤੇ ਇਹ ਉਹਨਾਂ ਅਨੁਸਾਰ ਕਾਰਜ ਕਰਦੀ ਹੈ, ਉਹ ਧਨ ਬਣ ਜਾਂਦੀ ਹੈ। ਜਾਂ ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਧਨ, ਕਦਰ-ਮਾਪ ਅਤੇ ਚਲਨ-ਮਾਧਿਅਮ ਦੇ ਏਕੇ ਦਾ ਨਾਂ ਹੈ। ਪਰ, ਕਿਉਂਕਿ ਅਜਿਹੇ ਏਕਾ-ਸੋਨੇ ਦਾ, ਆਪਣੇ ਵੱਲੋਂ ਵੀ, ਇੱਕ ਸੁਤੰਤਰ ਵਜੂਦ ਹੁੰਦਾ ਹੈ, ਜਿਹੜਾ ਕਿ ਇਹਨਾਂ ਦੋਹਾਂ ਕਾਰਜਾਂ ਤੋਂ ਭਿੰਨ ਹੁੰਦਾ ਹੈ, ਕਿਉਂਕਿ ਕਦਰ-ਮਾਪ ਸੋਨਾ, ਕੇਵਲ ਨਾਂ-ਮਾਤਰ ਦਾ ਧਨ ਹੁੰਦਾ ਹੈ ਅਤੇ ਨਾਂ-ਮਾਤਰ ਦਾ ਸੋਨਾ; ਕੇਵਲ-ਮਾਤਰ, ਚਲਨ-ਮਾਧਿਅਮ ਦੇ ਰੂਪ ਵਿੱਚ ਇਹ ਸਿਰਫ਼ ਨਿਸ਼ਾਨੀ ਧਨ ਹੁੰਦਾ ਹੈ ਅਤੇ ਨਿਸ਼ਾਨੀ ਸੋਨਾ; ਪਰ ਇਸ ਦੇ ਸਾਧਾਰਣ ਧਾਤਵੀ ਨਿਗਮਤ-ਸੱਚ ਰੂਪ ਵਿੱਚ ਸੋਨਾ ਧਨ ਹੁੰਦਾ ਹੈ, ਜਾਂ ਅਸਲ ਧਨ ਹੁੰਦਾ ਹੈ।

ਜ਼ਰਾ ਇੱਕ ਪਲ ਲਈ ਆਓ, ਅਸੀਂ ਜਿਣਸ ਸੋਨੇ, ਭਾਵ ਧਨ ਉੱਪਰ ਇਸ ਦੇ ਸਥਿਰ ਰੂਪ ਵਿੱਚ ਅਤੇ ਇਸ ਦੇ ਹੋਰ ਜਿਣਸਾਂ ਨਾਲ਼ ਸਬੰਧਾਂ ਬਾਰੇ ਵਿਚਾਰ ਕਰੀਏ। ਜਿਣਸਾਂ ਦੀਆਂ ਸਾਰੀਆਂ ਕੀਮਤਾਂ, ਸੋਨੇ ਦੀਆਂ ਖਾਸ-ਖਾਸ ਮਿਕਦਾਰਾਂ ਨੂੰ ਜ਼ਾਹਿਰ ਕਰਦੀਆਂ ਹਨ; ਇਸ ਤਰ੍ਹਾਂ ਇਹ ਕੇਵਲ-ਮਾਤਰ, ਧਾਰਨਾ ਵਜੋਂ ਸੋਨਾ ਹੈ, ਜਾਂ ਧਾਰਨਾਂ ਵਜੋਂ ਧਨ, ਭਾਵ ਸੋਨੇ ਦੀਆਂ **ਨਿਸ਼ਾਨੀਆਂ**, ਜਿਵੇਂ ਕਿ ਦੂਜੇ ਪਾਸੇ, ਧਨ ਨੂੰ ਕਦਰ ਦੀ ਇੱਕ ਨਿਸ਼ਾਨੀ ਗਿਣਦਿਆਂ,

ਉਹ ਕੇਵਲ-ਮਾਤਰ, ਜਿਣਸਾਂ ਦੀਆਂ ਕੀਮਤਾਂ ਦੀ ਇੱਕ ਨਿਸ਼ਾਨੀ-ਤੁੱਲ ਹੀ ਲੱਗਦਾ ਹੈ।* ਕਿਉਂਕਿ ਸਾਰੀਆਂ ਜਿਣਸਾਂ ਇਸ ਲਈ, ਕੇਵਲ ਧਾਰਨਾਂ ਵਜੋਂ ਧਨ ਹਨ, ਇਸ ਲਈ ਧਨ ਹੀ ਕੇਵਲ ਅਸਲ ਜਿਣਸ ਹੈ। ਸੋਨਾ, ਜਿਣਸਾਂ ਦੇ ਵਿਰੋਧ-ਵਖਰੇਵੇਂ ਵਿੱਚ **ਅਰੂਪ ਦੌਲਤ ਦਾ ਪਦਾਰਥਕ ਪੱਖ ਹੈ**, ਜਿਹੜੀਆਂ ਕਿ ਤਬਾਦਲਾ-ਕਦਰ, ਵਿਆਪਕ ਸਮਾਜਿਕ ਕਿਰਤ ਅਤੇ ਅਰੂਪ ਦੌਲਤ ਦੇ ਸੁਤੰਤਰ ਰੂਪ ਦੀ ਨੁਮਾਇੰਦਗੀ ਕਰਦੀਆਂ ਹਨ। ਇਸਤੇਮਾਲੀ ਕਦਰ ਦੇ ਮਾਮਲੇ ਵਿੱਚ, ਹਰ ਜਿਣਸ, ਕਿਸੇ ਖਾਸ ਲੋੜ ਪ੍ਰਤੀ ਆਪਣੇ ਸਬੰਧ ਰਾਹੀਂ, ਭੌਤਿਕ ਦੌਲਤ ਦੇ ਕੇਵਲ ਇੱਕੋ ਨਿਵੇਕਲੇ ਚਿਹਰੇ ਦੀ ਨੁਮਾਇੰਦਗੀ ਕਰਦੀ ਹੈ। ਪਰ ਧਨ ਕਿਸੇ ਵੀ ਲੋੜ ਦੀ ਪੂਰਤੀ ਕਰ ਦੇਂਦਾ ਹੈ, ਕਿਉਂਕਿ ਇਸ ਨੂੰ ਫੌਰੀ ਤੌਰ ’ਤੇ ਕਿਸੇ ਵੀ ਲੋੜ ਦੇ ਮੁਦੱਏ (Objects) ਰੂਪ ਵਿੱਚ ਬਦਲਿਆ ਜਾ ਸਕਦਾ ਹੈ। ਇਸ ਦੀ ਆਪਣੀ ਇਸਤੇਮਾਲੀ ਕਦਰ, ਇਸਤੇਮਾਲੀ ਕਦਰਾਂ, ਜਿਹੜੀਆਂ ਕਿ ਇਸ ਦੀਆਂ ਬਰਾਬਰ-ਵਸਤਾਂ ਦਾ ਰੂਪ ਧਾਰਦੀਆਂ ਹਨ, ਦੀ ਅੰਤਹੀਨ ਕੜੀ ਵਿੱਚ ਵਸੂਲ ਹੁੰਦੀ ਹੈ। ਜਿਣਸਾਂ ਦੀ ਦੁਨੀਆਂ ਵਿੱਚੋਂ ਵਿਕਸਿਤ ਹੋਈ ਸਾਰੀ ਭੌਤਿਕ ਦੌਲਤ, ਇਸ ਠੋਸ ਧਾਤਵੀ ਟੁੱਕੜੇ ਅੰਦਰ ਸੁੱਤੀ ਹਾਲਤ ਵਿੱਚ ਬੰਦ ਰਹਿੰਦੀ ਹੈ। ਇਸ ਪ੍ਰਕਾਰ, ਜਿੱਥੇ ਜਿਣਸਾਂ ਦੀਆਂ ਕੀਮਤਾਂ ਸੋਨੇ, ਭਾਵ ਵਿਆਪਕ ਬਰਾਬਰ-ਵਸਤ ਜਾਂ ਅਰੂਪ ਦੌਲਤ ਦੇ ਥਾਂ ’ਤੇ ਆਉਂਦੀਆਂ ਹਨ, ਉੱਥੇ ਸੋਨੇ ਦੀ ਇਸਤੇਮਾਲੀ ਕਦਰ, ਸਾਰੀਆਂ ਜਿਣਸਾਂ ਦੀ ਇਸਤੇਮਾਲੀ-ਕਦਰਾਂ ਦੀ ਥਾਂ ’ਤੇ ਆਉਂਦੀ ਹੈ। ਸੋਨਾ, ਇਸ ਪ੍ਰਕਾਰ, **ਭੌਤਿਕ ਦੌਲਤ ਦਾ ਪਦਾਰਥਕ ਚਿੰਨ੍ਹ ਹੁੰਦਾ ਹੈ।** ਇਹ ‘‘ਸਾਰੀਆਂ ਵਸਤਾਂ ਦਾ ਪ੍ਰਤੀਕ ਹੁੰਦਾ ਹੈ। (ਬੋਇਸਗੁਇਲੇਬਰਤ), ਸਮਾਜਿਕ ਦੌਲਤ ਦਾ ਸਾਰਾਂਸ਼ ਹੈ। ਇਸ ਦਾ ਰੂਪ ਕੀ ਹੈ? ਇਹ ਵਿਆਪਕ ਕਿਰਤ ਦਾ ਸਪੱਸ਼ਟ ਅਵਤਾਰ ਹੈ ਅਤੇ ਇਸ ਦਾ ਸਾਰ-ਤੱਤ ਕੀ ਹੈ? ਸਾਰੀ ਠੋਸ ਕਿਰਤ ਦਾ ਸਭ ਤੋਂ ਸ਼ੁੱਧ ਰੂਪ। ਕਿਸੇ ਨਿੱਜੀ ਰੂਪ ਵਿੱਚ, ਇਹ ਵਿਆਪਕ ਦੌਲਤ ਹੈ।** ਚਲਨ-ਮਾਧਿਅਮ ਦੇ ਰੂਪ ਵਿੱਚ ਕਾਰਜ ਕਰਦੇ ਸੋਨੇ ਨੂੰ ਸਭ ਪ੍ਰਕਾਰ ਦੀਆਂ ਚੋਟਾਂ ਸਹਿਣੀਆਂ ਪਈਆਂ ਹਨ, ਇਸ ਦੀ ਕਾਂਟ-ਛਾਂਟ ਹੋਈ ਹੈ। ਇਥੋਂ ਤੀਕ ਕਿ ਇਸ ਨੂੰ ਕਾਗਜ਼ ਦੇ ਕੇਵਲ-ਮਾਤਰ ਨਿਸ਼ਾਨੀ-ਪੁਰਜ਼ੇ ਦੇ ਰੂਪ ਵਿੱਚ ਬਦਲਿਆ ਗਿਆ ਹੈ। ਇਸ ਦੀ ਸੋਨਵੀ ਸ਼ਾਨ-ਸ਼ੌਕਤ ਮੁੜ-ਬਹਾਲ ਹੁੰਦੀ ਹੈ, ਜਦੋਂ ਇਹ ਧਨ ਰੂਪ ਵਿੱਚ ਕੰਮ ਕਰਦਾ ਹੈ। ਨੌਕਰ, ਮਾਲਕ ਬਣ ਜਾਂਦਾ ਹੈ।*** ਇੱਕ ਮਾਮੂਲੀ ਘਸਿਆਰਾ ਜਿਣਸਾਂ ਦੇ ਦੇਵਤਾ ਦੀ ਪਦਵੀ ਪਾ ਜਾਂਦਾ

* ‘‘ਨਾ ਕੇਵਲ, ਕੀਮਤੀ ਧਾਤਾਂ ਹੀ ਵਸਤਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ.... ਬਲਕਿ ਇਸ ਦੇ ਮੁਕਾਬਲੇ ’ਤੇ, ਵਸਤਾਂ... ਵੀ ਸੋਨੇ ਅਤੇ ਚਾਂਦੀ ਦੀਆਂ ਨਿਸ਼ਾਨੀਆਂ ਹੀ ਹੁੰਦੀਆਂ ਹਨ।’’ ਏ. ਜੈਨੋਵੇਸੀ, **ਲੈਜ਼ਿਓਨੀ ਦੀ ਇਕਾਨੋਮਿਆ ਸਿਵੇਲ**, 1765 ਕਸਤੋਦੀ ਦੇ **ਪਾਰਤੇ ਮੌਦੇਰਨਾ** ਵਿੱਚ, **t. VIII.** ਪੰਨਾ 281।

** ਸੋਨਾ ਅਤੇ ਚਾਂਦੀ ‘‘ਵਿਆਪਕ ਦੌਲਤ ਹਨ।’’ ਪੇਤੀ, **ਪੋਲੀਟੀਕਲ ਅਰਥਿਮੈਟਿਕ**, ਪੰਨਾ 242।

*** ਈ. ਮਿਸੇਲਦੇਨ, **ਸੁਤੰਤਰ ਵਪਾਰ, ਜਾਂ ਵਪਾਰ ਨੂੰ ਵਧਾਉਣ-ਫੁਲਾਉਣ ਦੇ ਵਸੀਲੇ’**, ਲੰਡਨ, 1622।‘‘ਤਜਾਰਤ ਦਾ ਕੁਦਰਤੀ ਮਸਾਲਾ ਵਪਾਰ ਸਮੱਗਰੀ ਹੁੰਦਾ ਹੈ, ਜਿਸ ਨੂੰ ਵਪਾਰੀ, ਵਪਾਰ ਦੇ ਅੰਤ ਤੋਂ ਜਿਣਸਾਂ ਦਾ ਨਾਂ ਦਿੰਦੇ ਆ ਰਹੇ ਹਨ। ਤਜਾਰਤ ਦਾ ਬਨਾਉਟੀ ਮਸਾਲਾ ਧਨ ਹੈ ⇒

ਹੈ।*

## ੳ. ਜ਼ਖ਼ੀਰੇਬਾਜ਼ੀ

ਧਨ ਦੇ ਰੂਪ ਵਿੱਚ ਸੋਨਾ, ਸਭ ਤੋਂ ਪਹਿਲਾਂ ਚਲਨ–ਮਾਧਿਅਮ ਵਿੱਚੋਂ ਕੱਟਿਆ ਗਿਆ, ਕਿਉਂਕਿ ਜਿਣਸ ਦੇ ਕਾਇਆ–ਪਲਟ ਨੂੰ ਛੇੜਿਆ ਗਿਆ ਅਤੇ ਜਿਣਸ ਸੋਨੇ ਦੇ ਰੂਪ ਵਿੱਚ ਬਣੀ ਰਹੀ। ਇਹ ਉਦੋਂ ਹੁੰਦਾ ਹੈ, ਜਦੋਂ ਕਿਸੇ ਵਿਕਰੀ ਨੂੰ ਫੌਰਨ ਕਿਸੇ ਖਰੀਦ ਵਿੱਚ ਨਹੀਂ ਬਦਲ ਲਿਆ ਜਾਂਦਾ। ਇਹ ਹਕੀਕਤ, ਕਿ ਸੋਨੇ ਨੂੰ ਧਨ ਰੂਪ ਵਿੱਚ ਇੱਕ ਸੁਤੰਤਰ ਹੋਂਦ ਪ੍ਰਾਪਤ ਹੋ ਜਾਂਦੀ ਹੈ, ਇਸ ਗੱਲ ਦਾ, ਸਭ ਤੋਂ ਪਹਿਲਾਂ, ਇੱਕ ਪ੍ਰਤੱਖ ਪ੍ਰਗਟਾਅ ਹੈ ਕਿ ਚਲਨ ਦਾ ਅਮਲ ਜਾਂ ਜਿਣਸਾਂ ਦੀ ਕਾਇਆ–ਪਲਟ ਦੇ ਵੰਡਵੇਂ ਅਤੇ ਅਲੱਗ ਅਲੱਗ ਸੌਦਿਆਂ ਵਿੱਚ ਵੱਟ ਚੁੱਕਾ ਹੈ ਜਿਹੜੇ ਕਿ ਨਾਲ਼ੋਂ ਨਾਲ਼ ਚਲਦੇ ਰਹਿੰਦੇ ਹਨ। ਸਿੱਕਾ, ਖ਼ੁਦ ਵੀ, ਉਸੇ ਸਮੇਂ ਧਨ ਦਾ ਰੂਪ ਲੈ ਲੈਂਦਾ ਹੈ ਜਦੋਂ ਕਿ ਇਸ ਦੀ ਤਹਿਰੀਕ ਵਿੱਚ ਅੜਿੱਕਾ ਪੈ ਜਾਂਦਾ ਹੈ। ਵਿਕਰੇਤਾ ਦੇ ਹੱਥਾਂ ਵਿੱਚ ਜਿਹੜਾ ਕਿ ਇਸ ਨੂੰ ਕਿਸੇ ਜਿਣਸ ਦੇ ਬਦਲੇ ਕਬੂਲਦਾ ਹੈ, ਉੱਥੇ ਇਹ ਧਨ ਹੁੰਦਾ ਹੈ ਨਾ ਕਿ ਸਿੱਕਾ; ਪਰ ਜਦੋਂ ਇਹ ਉਸ ਦੇ ਹੱਥਾਂ ਵਿੱਚੋਂ ਨਿਕਲ ਆਉਂਦਾ ਹੈ, ਇਹ ਇੱਕ ਵਾਰੀ ਫੇਰ, ਸਿੱਕਾ ਬਣ ਜਾਂਦਾ ਹੈ। ਹਰ ਕੋਈ ਉਸ ਖਾਸ ਜਿਣਸ ਨੂੰ ਵੇਚਦਾ ਹੈ ਜਿਸ ਨੂੰ ਉਹ ਪੈਦਾ ਕਰਦਾ ਹੈ। ਪਰ ਉਹ ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ, ਉਹਨਾਂ ਹੋਰ

---

⇨ ਜਿਸ ਨੂੰ ਵਾਰੇ ਦੀਆਂ ਅਤੇ ਰਾਜ ਦੀਆਂ ਕੁਹਣੀਆਂ ਦਾ ਖਿਤਾਬ ਮਿਲ ਗਿਆ ਹੈ....। ਧਨ, ਭਾਵੇਂ ਇਹ ਕੁਦਰਤੀ ਹੈ, ਅਤੇ ਸਮਾਂ ਪਿੱਛੋਂ, ਭਾਵੇਂ ਵਪਾਰ–ਸਮੱਗਰੀ ਹੈ, ਪਰ ਜਿਵੇਂ ਅੱਜ ਕੱਲ੍ਹ ਇਸ ਦੀ ਵਰਤੋਂ ਹੋ ਰਹੀ ਹੈ, ਇਹ ਸ਼ੈਮਣੀ ਹੈ।" (ਪੰਨਾ 7)। ਜਿਣਸ ਅਤੇ ਧਨ ਦੀ ਸਥਿਤੀ ਦਾ ਮੁਕਾਬਲਾ ਕਰਦਾ ਹੋਇਆ ਉਹ "ਬਜ਼ੁਰਗ ਜੈਕੋਬ" ਦੀ ਸੰਤਾਨ ਦੀ ਮਿਸਾਲ ਦੇਂਦਾ ਹੈ ਜਿਸ ਨੇ ਕਿ "ਆਪਣੇ ਪੋਤਿਆਂ ਨੂੰ ਅਸ਼ੀਰਵਾਦ ਦੇਂਦੇ ਹੋਇਆ ਆਪਣੇ ਦੋਹਾਂ ਹੱਥਾਂ ਨੂੰ ਕਰਾਸ ਵਾਂਗ ਰੱਖਿਆ ਤੇ ਸੱਜਾ ਹੱਥ ਛੋਟੇ ਦੇ ਸਿਰ ਅਤੇ ਖੱਬਾ ਹੱਥ ਵੱਡੇ ਦੇ ਸਿਰ 'ਤੇ ਰੱਖ ਦਿੱਤਾ।" (ਐਲ. ਸੀ.) ਬੋਇਸਗੁਇਲੇਬਰਤ, **ਡਿਜ਼ਰਟੇਸ਼ਨ ਸੁਰ ਲਾ ਨੇਚੁਰ ਦੇਸ ਰਿਚੈਸੇਸ।** "ਇਸ ਪ੍ਰਕਾਰ ਤਿਜਾਰਤ ਦਾ ਗੁਲਾਮ ਉਸ ਦਾ ਮਾਲਿਕ ਬਣ ਗਿਆ ਹੈ...। ਲੋਕਾਂ ਦੀ ਮੁਸੀਬਤ ਦਾ ਕਾਰਨ ਇਹ ਹੈ ਕਿ ਗੁਲਾਮ ਨੇ ਮਾਲਿਕ ਦੀ ਗੱਦੀ ਸਾਂਭ ਲਈ ਹੈ, ਬਲਕਿ ਗੁਲਾਮ ਇੱਕ ਜਾਬਰ ਬਣ ਗਿਆ ਹੈ। (ਪੰਨਾ 395, 399)।

* "ਇਹ ਧਾਤਾਂ (ਸੋਨਾ ਅਤੇ ਚਾਂਦੀ) ਦੇਵ–ਮੂਰਤੀਆਂ ਵਿੱਚ ਬਦਲ ਦਿੱਤੀਆਂ ਗਈਆਂ ਹਨ। ਅੰਤਮ ਮੰਜ਼ਲ ਅਤੇ ਮੰਤਵ ਦਾ ਖਿਆਲ ਕੀਤੇ ਬਿਨਾਂ, ਉਹਨਾਂ ਨੂੰ ਤਜਾਰਤ ਅੰਦਰ ਦਾਖਲ ਕਰ ਦਿੱਤਾ ਗਿਆ ਹੈ, ਜਿਸ ਦਾ ਅਰਥ ਹੈ ਕਿ ਉਹ ਤਬਾਦਲੇ ਦੇ ਚਿੰਨ੍ਹਾਂ–ਰੂਪਾਂ ਵਿੱਚ ਅਤੇ ਅਨੁਸਾਰੀ–ਬਦਲਾਂ ਦੇ ਤੌਰ 'ਤੇ ਕੰਮ ਦੇਣ। ਉਹਨਾਂ ਨੂੰ ਇਹ ਸੇਵਾ, ਸੰਪੂਰਨ ਤੌਰ 'ਤੇ ਛੱਡਣ ਦੀ ਆਗਿਆ ਦੇ ਦਿੱਤੀ ਗਈ, ਤਾਂ ਜੋ ਉਹ **ਦੇਵਤਿਆਂ** ਦੇ ਰੂਪ ਵਿੱਚ ਬਦਲ ਜਾਣ। ਜਿਨ੍ਹਾਂ ਨੂੰ ਵੱਧ ਮਾਲਾਂ, ਅਹਿਮ ਲੋੜਾਂ ਅਤੇ ਮਨੁੱਖੀ ਜੀਵਾਂ ਤੱਕ ਦੀਆਂ ਬਲ਼ੀਆਂ ਚੜ੍ਹਾਈਆਂ ਗਈਆਂ ਅਤੇ ਅਜੇ ਤੱਕ ਇਹ ਬਲ਼ੀਆਂ ਜਾਰੀ ਹਨ ਅਤੇ ਇਤਨੀ ਸੰਖਿਆ ਵਿੱਚ, ਜਿਤਨੀ ਵਿੱਚ ਕਦੇ ਵੀ ਪਰਾ–ਇਤਿਹਾਸ ਦੇ ਅੰਨ੍ਹੇ ਯੁੱਗ ਵਿੱਚ ਝੂਠੇ ਦੇਵੀ–ਦੇਵਤਿਆਂ ਨੂੰ ਨਹੀਂ ਚੜ੍ਹਾਈਆਂ ਗਈਆਂ ਸਨ....।" (ਬੋਇਸੇਗੁਇਲੇਬਰਤ ਆਪ. ਸਿਟ. ਪੰਨਾ 395)।

ਸਾਰੀਆਂ ਜਿਣਸਾਂ ਨੂੰ ਖਰੀਦਦਾ ਹੈ, ਜਿਨ੍ਹਾਂ ਦੀ ਉਸ ਨੂੰ ਲੋੜ ਹੁੰਦੀ ਹੈ। ਬਾਜ਼ਾਰ ਦੇ ਵਿੱਚ ਉਹ ਕਿੰਨੀ ਵਾਰ ਵਿਕਰੇਤਾ ਬਣ ਕੇ ਆਵੇ, ਇਸ ਦਾ ਨਿਰਭਰ ਉਸ ਕਿਰਤ-ਸਮੇਂ 'ਤੇ ਹੁੰਦਾ ਹੈ, ਜਿੰਨਾ ਉਸ ਦੀ ਜਿਣਸ ਨੂੰ ਤਿਆਰ ਕਰਨ ਲਈ ਚਾਹੀਦਾ ਹੁੰਦਾ ਹੈ। ਜਦੋਂ ਕਿ ਉਹ ਬਾਜ਼ਾਰ ਵਿੱਚ ਖਰੀਦਦਾਰ ਬਣ ਕੇ ਕਿੰਨੀ ਵਾਰ ਆਵੇਗਾ, ਇਸ ਦਾ ਨਿਸ਼ਚਾ ਉਸ ਦੀਆਂ ਅਹਿਮ ਲੋੜਾਂ ਦੇ ਲਗਾਤਾਰ ਨਵੀਂਕਰਨ ਕਰਦੇ ਰਹਿਣ ਤੋਂ ਹੋਵੇਗਾ। ਜੇ ਉਸ ਨੇ ਬਿਨਾਂ ਵੇਚਿਆਂ, ਕੁੱਝ ਖਰੀਦਣ ਦੇ ਯੋਗ ਹੋਣਾ ਹੈ, ਤਾਂ ਉਸ ਨੂੰ, ਬਿਨਾਂ ਕੁੱਝ ਖਰੀਦਿਆਂ, ਕੁੱਝ ਵੇਚਣਾ ਹੋਵੇਗਾ। ਜ-ਧ-ਜ ਦਾ ਚੱਕਰ, ਹਰ ਸੂਰਤ ਵਿੱਚ, ਤਾਂ ਵੇਚ ਅਤੇ ਖਰੀਦ ਦੀ ਗਤੀਸ਼ੀਲ ਏਕਤਾ ਰਹੇਗਾ, ਜਦੋਂ ਕਿ ਉਹ, ਨਾਲ਼ੋਂ ਨਾਲ਼ ਉਹਨਾਂ ਦੇ ਅੱਡਰੇ ਹੋਣ ਦਾ ਵੀ ਲਗਾਤਾਰ ਅਮਲ ਰਹੇਗਾ। ਸਿੱਕਾ, ਧਨ ਦੇ ਰੂਪ ਵਿੱਚ ਲਗਾਤਾਰ ਵਗਦਾ ਰਹੇ, ਇਸ ਲਈ ਜ਼ਰੂਰੀ ਹੈ, ਕਿ ਸਿੱਕਾ, ਲਗਾਤਾਰ, ਧਨ ਵਿੱਚ ਠੋਸ ਰੂਪ ਗ੍ਰਹਿਣ ਕਰਦਾ ਰਹੇ। ਸਿੱਕੇ ਦੀ ਲਗਾਤਾਰ ਹਰਕਤ ਬਣਾਈ ਰੱਖਣ ਲਈ, ਜ਼ਰੂਰੀ ਸ਼ਰਤ ਇਹ ਹੈ, ਕਿ ਉਹ ਸਿੱਕਿਆਂ ਦੇ ਰਿਜ਼ਰਵ ਫੰਡ ਵਿੱਚ, ਵੱਡੀ ਜਾਂ ਛੋਟੀ ਮਾਤਰਾ ਵਿੱਚ, ਖੁਦ ਨੂੰ ਲਗਾਤਾਰ ਖੜ੍ਹੋਤ ਵਿੱਚ ਰੱਖੇ। ਇਹ ਫੰਡ, ਚਲਨ-ਢਾਂਚੇ ਦੇ ਅੰਦਰ, ਹਰ ਥਾਂ ਬਣਦੇ ਰਹਿੰਦੇ ਹਨ ਅਤੇ ਇਹ, ਨਾਲ਼ ਹੀ, ਚਲਨ ਦੀ ਸ਼ਰਤ ਹਨ। ਇਹਨਾਂ ਫੰਡਾਂ ਦਾ ਬਣਨਾ, ਤਕਸੀਮ ਹੋਣਾ, ਵਿਖਰਣਾ ਅਤੇ ਮੁੜ-ਬਣਨਾ ਲਗਾਤਾਰ ਤਬਦੀਲੀ ਵਿੱਚ ਰਹਿੰਦਾ ਹੈ; ਮੌਜੂਦ ਫੰਡ ਲਗਾਤਾਰ ਸਮਾਪਤ ਹੁੰਦੇ ਰਹਿੰਦੇ ਹਨ ਅਤੇ ਉਹਨਾਂ ਦਾ ਗਾਇਬ ਹੁੰਦੇ ਰਹਿਣਾ ਵਿਆਪਕ ਨਿਰੰਤਰ ਸੱਚਾਈ ਹੈ। ਸਿੱਕੇ ਦੇ ਇਸ ਅਰੋਕ ਰੂਪ ਵਿੱਚ, ਧਨ ਅੰਦਰ ਅਤੇ ਧਨ ਦੇ ਸਿੱਕੇ ਰੂਪ ਵਿੱਚ ਬਦਲਦੇ ਰਹਿਣ ਨੂੰ ਐਡਮ ਸਮਿੱਥ ਨੇ ਪ੍ਰਗਟ ਕੀਤਾ ਸੀ, ਜਦੋਂ ਉਸ ਨੇ ਕਿਹਾ ਸੀ ਕਿ ਹਰ ਜਿਣਸ-ਮਾਲਕ ਨੂੰ, ਉਸ ਖਾਸ ਜਿਣਸ ਤੋਂ ਇਲਾਵਾ ਜਿਸ ਨੂੰ ਉਹ ਵੇਚਦਾ ਹੈ, ਆਪਣੇ ਪਾਸ, ਉਸ ਆਮ ਜਿਣਸ ਦੀ ਇੱਕ ਚੰਗੀ ਮਾਤਰਾ ਨੂੰ ਆਪਣੇ ਜ਼ਖੀਰੇ ਵਿੱਚ ਰੱਖਣਾ ਜ਼ਰੂਰੀ ਹੈ, ਜਿਸ ਨਾਲ਼ ਉਹ ਖਰੀਦਦਾ ਹੈ।

ਅਸੀਂ ਵੇਖਿਆ ਹੈ ਕਿ **ਧ-ਜ**, ਚੱਕਰ **ਜ-ਧ-ਜ** ਦਾ ਦੂਜਾ ਅੰਗ ਖਰੀਦਾਂ ਦੀ ਇੱਕ ਕੜੀ ਵਿੱਚ ਟੁੱਟ-ਫੁੱਟ ਜਾਂਦਾ ਹੈ, ਜਿਹੜੀਆਂ ਕਿ ਸਾਰੀ ਦੀਆਂ ਸਾਰੀਆਂ ਇੱਕੋਂ ਸਮੇਂ ਵਿੱਚ ਨਹੀਂ ਕੀਤੀਆਂ ਜਾਂਦੀਆਂ, ਬਲਕਿ ਵਾਰੋ ਵਾਰੀ ਇਅਕ ਲੰਮੇ ਸਮੇਂ ਵਿੱਚ, ਤਾਂ ਜੋ, **ਧ** ਦਾ ਇੱਕ ਭਾਗ ਸਿੱਕੇ ਦੇ ਰੂਪ ਵਿੱਚ ਚੱਲਦਾ ਰਹਿੰਦਾ ਹੈ, ਜਦੋਂ ਕਿ ਦੂਜਾ ਧਨ ਰੂਪ ਵਿੱਚ ਆਰਾਮ ਪਿਆ ਕਰਦਾ ਹੈ। ਇਸ ਸੂਰਤ ਵਿੱਚ, ਧਨ, ਅਸਲ ਵਿੱਚ, ਕੇਵਲ **ਨਿਲੰਬਤ ਸਿੱਕਾ** ਹੁੰਦਾ ਹੈ ਅਤੇ ਚਲਨ ਵਿੱਚੋਂ ਆਏ ਸਿੱਕਿਆਂ ਦੇ ਵੱਖ ਵੱਖ ਬਣਾਊ ਭਾਗ ਰੂਪ ਧਾਰਦੇ ਅਤੇ ਲਗਾਤਾਰ ਬਦਲਦੇ ਰਹਿੰਦੇ ਹਨ, ਕਦੇ ਇੱਕ ਪ੍ਰਕਾਰ ਦੇ, ਕਦੇ ਦੂਜੀ ਦੇ। ਇਸ ਤਰ੍ਹਾਂ, ਚਲਨ-ਮਾਧਿਅਮ ਦੀ ਧਨ ਵਿੱਚ ਪਹਿਲੀ ਬਦਲੀ, ਧਨ-ਚਲਨ ਦਾ ਕੇਵਲ ਮਾਤਰ ਇੱਕ ਤਕਨੀਕੀ ਪੱਖ ਹੁੰਦਾ ਹੈ।*

---

* ਬੋਇਸਗੁਇਲੇਬਰਤ ਨੂੰ ਸ਼ੱਕ ਹੈ, ਕਿ **ਲਗਾਤਾਰ ਗਤੀਸ਼ੀਲਤਾ** ਤੋਂ ਇਸ ਦੀ ਪਹਿਲੀ ਅਗਤੀਸ਼ੀਲਤਾ, ਅਰਥਾਤ, ਚਲਨ-ਮਾਧਿਅਮ ਦੇ ਰੂਪ ਵਿੱਚ ਇਸ ਦੇ ਕਾਰਜ ਦੀ ਨਕਾਰਤਾ, ਇਸ ਨੂੰ ਫੌਰੀ ਤੌਰ 'ਤੇ ਜਿਣਸਾਂ ਨਾਲ਼ੋਂ ਸੁਤੰਤਰ ਕਰਾ ਦੇਵੇਗੀ। ਉਹ ਕਹਿੰਦਾ ਹੈ, ਧਨ "ਸਦਾ ਗਤੀਸ਼ੀਲ ਰਹਿਣਾ ⇨

ਧਨ ਦਾ ਪਹਿਲਾ ਆਪਣੇ ਆਪ ਉਗਮਿਆ ਰੂਪ, ਉਤਪਾਦਾਂ ਦੇ ਫਾਲਤੂ ਜਾਂ ਵਾਧੇ ਤੋਂ ਮਿਲ ਕੇ ਬਣਦਾ ਹੈ, ਜਿਸ ਤੋਂ ਭਾਵ ਉਹਨਾਂ ਉਤਪਾਦਾਂ ਦਾ ਹਿੱਸਾ ਹੁੰਦਾ ਹੈ, ਜਿਹੜੀਆਂ ਕਿ ਸਿੱਧੇ ਤੌਰ 'ਤੇ ਇਸਤੇਮਾਲੀ ਕਦਰਾਂ ਦੇ ਰੂਪ ਵਿੱਚ ਨਹੀਂ ਲੋੜੀਂਦੀਆਂ, ਜਿਹਨਾਂ ਦੀ ਇਸਤੇਮਾਲੀ ਕਦਰ, ਕੇਵਲ ਮਾਤਰ, ਲੋੜ ਦੇ ਦਾਇਰੇ ਤੋਂ ਬਾਹਰ ਰਹਿੰਦੀ ਹੈ। ਜਿਣਸ ਤੋਂ ਧਨ ਤੱਕ ਬਦਲੀ ਬਾਰੇ ਵਿਚਾਰ ਕਰਦੇ ਹੋਇਆਂ ਅਸੀਂ ਵੇਖਿਆ ਹੈ ਕਿ ਪੈਦਾਵਾਰ ਦੇ ਆਦਮ ਪੜਾਅ ਤੋਂ ਉਤਪਾਦਾਂ ਦਾ ਇਹ ਫਾਲਤੂ ਜਾਂ ਵਾਧਾ ਹੁੰਦਾ ਹੈ, ਜਿਹੜਾ ਕਿ ਸੱਚਮੁੱਚ ਜਿਣਸ ਤਬਾਦਲੇ ਦੇ ਖੇਤਰ ਨੂੰ ਬਣਾਉਂਦਾ ਹੈ। ਵਾਧੂ ਉਤਪਾਦਾਂ, ਤਬਾਦਲੇ ਯੋਗ ਉਤਪਾਦ ਜਾਂ ਜਿਣਸ ਬਣ ਜਾਂਦੀਆਂ ਹਨ। ਇਸ ਵਾਫਰ ਦਾ ਮੁਨਾਸਬ ਰੂਪ ਸੋਨਾ ਅਤੇ ਚਾਂਦੀ ਹੁੰਦਾ ਹੈ। ਇਸੇ ਪਹਿਲੇ ਰੂਪ ਵਿੱਚ ਦੌਲਤ ਨੂੰ ਅਰੂਪ ਸਮਾਜਿਕ ਦੌਲਤ ਦੇ ਰੂਪ ਵਿੱਚ ਰੱਖਿਆ ਜਾਂਦਾ ਹੈ। ਜਿਣਸਾਂ ਨੂੰ ਸੋਨੇ ਅਤੇ ਚਾਂਦੀ ਦੇ ਰੂਪ ਵਿੱਚ ਭਾਵ ਧਨ ਦੀ ਪਦਾਰਥਕ ਸ਼ਕਲ ਵਿੱਚ ਭੰਡਾਰ ਕਰ ਕੇ ਰੱਖਣਾ ਸੰਭਵ ਹੀ ਨਹੀਂ, ਬਲਕਿ ਸੋਨਾ ਅਤੇ ਚਾਂਦੀ ਹੀ ਸੰਭਾਲੇ ਰੂਪ ਵਿੱਚ ਦੌਲਤ ਬਣਦੇ ਹਨ। ਹਰ ਇਸਤੇਮਾਲੀ ਕਦਰ ਆਪਣਾ ਕਾਰਜ ਉਦੋਂ ਪੂਰਾ ਕਰਦੀ ਹੈ, ਜਦੋਂ ਕਿ ਇਸ ਦੀ ਖਪਤ ਹੋ ਜਾਂਦੀ ਹੈ, ਭਾਵ ਜਦੋਂ ਕਿ ਇਹ ਮਿਟ ਚੁੱਕਦੀ ਹੈ, ਪਰ ਧਨ ਰੂਪ ਵਿੱਚ ਸੋਨੇ ਦੀ ਇਸਤੇਮਾਲੀ ਕਦਰ ਨੂੰ ਤਬਾਦਲਾ-ਕਦਰ ਦੇ ਤੌਰ 'ਤੇ ਹਾਜ਼ਰ ਰਹਿਣਾ ਹੁੰਦਾ ਹੈ, ਉਸ ਨੂੰ ਬੇਢੰਗੀ ਕੱਚੀ ਸਮੱਗਰੀ ਦੇ ਰੂਪ ਵਿੱਚ ਵਿਆਪਕ ਕਿਰਤ-ਸਮੇਂ ਦਾ ਸਾਕਾਰਤਾ ਪ੍ਰਦਰਸ਼ਤ ਕਰਨੀ ਹੁੰਦੀ ਹੈ। ਕਿਉਂਕਿ ਬੇ-ਢੰਗੀ ਧਾਤਵੀ ਤਬਾਦਲਾ-ਕਦਰ ਦਾ ਇੱਕ ਨਾ-ਨਸ਼ਟ ਹੋਣ ਵਾਲ਼ਾ ਰੂਪ ਹੁੰਦਾ ਹੈ, ਇਸ ਲਈ ਧਨ ਰੂਪ ਵਿੱਚ ਸੋਨਾ ਜਾਂ ਚਾਂਦੀ ਨੂੰ ਜਦੋਂ ਅਗਤੀਸ਼ੀਲ ਕਰ ਦਿੱਤਾ ਜਾਂਦਾ ਹੈ, ਤਾਂ ਉਹ **ਇੱਕ ਜ਼ਖੀਰਾ** ਬਣ ਜਾਂਦਾ ਹੈ। ਜਿਹੜੀਆਂ ਕੌਮਾਂ ਅੰਦਰ ਕੇਵਲ-ਮਾਤਰ ਧਾਤਵੀ ਸਿੱਕੇ ਦਾ ਚਲਨ ਹੁੰਦਾ ਹੈ, ਜਿਵੇਂ ਕਿ ਪੁਰਾਤਨ ਸਮੇਂ ਦੇ ਲੋਕ, ਉੱਥੇ ਜ਼ਖੀਰੇਬਾਜ਼ੀ ਇੱਕ ਵਿਆਪਕ ਰਿਵਾਜ ਹੋ ਜਾਂਦਾ ਹੈ; ਉਸ ਤੋਂ ਨਾ ਕੋਈ ਵਿਅਕਤੀ ਬੱਚਦਾ ਹੈ, ਨਾ ਕੋਈ ਰਾਜ। ਰਾਜ ਆਪਣੇ ਰਾਜਕੀ ਜ਼ਖੀਰੇ ਦੀ ਰੱਖਿਆ ਕਰਦਾ ਹੈ। ਏਸ਼ੀਆ ਅਤੇ ਮਿਸਰ ਤੇ ਪੁਰਾਤਨ ਸਮਿਆਂ ਵਿੱਚ, ਇਸ ਤਰ੍ਹਾਂ ਦੇ ਜ਼ਖੀਰੇ ਰਾਜਿਆਂ ਅਤੇ ਪੁਰੋਹਿਤਾਂ ਦੇ ਕਬਜ਼ੇ ਵਿੱਚ ਰਹਿੰਦੇ ਸਨ ਅਤੇ ਇਹਨਾਂ ਦੁਆਰਾ ਹੀ ਉਹਨਾਂ ਦੀ ਸੱਤ੍ਹਾ ਦਾ ਇਜ਼ਹਾਰ ਹੁੰਦਾ ਸੀ। ਯੂਨਾਨ ਅਤੇ ਰੋਮ ਵਿੱਚ, ਰਾਜਕੀ ਜ਼ਖੀਰਿਆਂ ਦੀ ਉਸਾਰੀ, ਪਬਲਿਕ ਪਾਲਿਸੀ ਦਾ ਇੱਕ ਅਸੂਲ ਬਣ ਗਿਆ ਸੀ। ਕਾਰਨ ਕਿ ਇਸ ਰੂਪ ਵਿੱਚ ਵਾਧੂ ਦੌਲਤ ਸਦਾ ਸੁਰੱਖਿਅਤ ਰਹਿੰਦੀ ਸੀ ਅਤੇ ਕਿਤੇ ਕਦੇ ਵੀ ਉਸ ਦੀ ਵਰਤੋਂ ਕੀਤੀ ਜਾ ਸਕਦੀ ਸੀ। ਜੇਤੂਆਂ ਦੁਆਰਾ ਅਜਿਹੇ

⇨ ਚਾਹੀਦਾ ਹੈ, ਪਰ ਇਹ ਤਾਂ ਹੀ ਹੋ ਸਕਦਾ ਹੈ, ਜੇ ਇਹ ਚਲਨ ਵਿੱਚ ਬਣਿਆ ਰਹੇ, ਜਿਵੇਂ ਕਿ ਇਹ ਅਗਤੀਸ਼ੀਲ ਹੋਵੇਗਾ, ਸਭ ਕੁੱਝ ਨਸ਼ਟ ਹੋ ਜਾਵੇਗਾ।" (ਬੋਇਸਗੁਇਲੇਬਰਤ, **ਲੇ ਦਿਤੇਲ ਦੇ ਲਾ ਫ਼ਰਾਂਸ**, ਪੰਨਾ 213)। ਜਿਸ ਚੀਜ਼ ਨੂੰ ਉਹ ਵੇਖਣੋਂ ਚੁੱਕ ਜਾਂਦਾ ਹੈ, ਉਹ ਇਹ ਹੈ ਕਿ ਇਹ ਗੈਰ-ਸਰਗਰਮੀ ਉਸ ਦੀ ਹਰਕਤ ਦੀ ਪੂਰਵ-ਸ਼ਰਤ ਹੈ। ਅਸਲ ਵਿੱਚ ਜੋ ਉਹ ਚਾਹੁੰਦਾ ਹੈ, ਉਹ ਇਹ ਹੈ ਕਿ ਜਿਣਸਾਂ ਦਾ ਕਦਰ-ਰੂਪ ਉਹਨਾਂ ਦੇ.... ਦਾ ਇੱਕ ਨਾ-ਹੋਇਆ ਜਿਹਾ ਪੱਖ ਹੋਣਾ ਚਾਹੀਦਾ ਹੈ, ਪਰੰਤੂ ਖੁਦ ਆਪਣੇ ਆਪ ਵਿੱਚ ਪ੍ਰਾਪਤੀ ਕਦੇ ਵੀ ਨਹੀਂ ਬਣਨਾ ਚਾਹੀਦਾ।

ਜ਼ਖੀਰਿਆਂ ਨੂੰ ਝੱਟ-ਪੱਠ ਇੱਕ ਦੇਸ਼ ਤੋਂ ਦੂਜੇ ਵਿੱਚ ਬਦਲ ਲੈਣਾ ਅਤੇ ਝੱਟ-ਪੱਟ ਉਹਨਾਂ ਨੂੰ ਹਿੱਸਿਆਂ ਵਿੱਚ, ਚਲਨ-ਖੇਤਰ ਅੰਦਰ, ਚਾਲੂ ਕਰ ਲੈਣਾ ਪੁਰਾਤਨ ਕਾਲ ਦੀ ਆਰਥਕਤਾ ਦੇ ਗੁਣ ਹਨ।

ਪਦਾਰਥ ਕਿਰਤ ਸਮੇਂ ਰੂਪ ਵਿੱਚ ਸੋਨਾ, ਇਸ ਦੀ ਆਪਣੀ ਕਦਰ ਦੀ ਮਿਕਦਾਰ ਲਈ ਇੱਕ ਵਚਨ ਹੁੰਦਾ ਹੈ ਅਤੇ ਕਿਉਂਕਿ ਇਹ **ਵਿਆਪਕ** ਕਿਰਤ-ਸਮੇਂ ਦਾ ਸਾਕਾਰ ਰੂਪ ਹੁੰਦਾ ਹੈ, ਇਸ ਦਾ ਤਬਾਦਲਾ-ਕਦਰ ਦੇ ਰੂਪ ਵਿੱਚ ਲਗਾਤਾਰ ਕਾਰਜ, ਚਲਨ-ਅਮਲ ਦੁਆਰਾ ਸਿੱਧ ਹੁੰਦਾ ਹੈ। ਇੱਕ ਸਾਧਾਰਨ ਹਕੀਕਤ, ਕਿ ਜਿਣਸਾਂ ਦਾ ਮਾਲਕ, ਆਪਣੀਆਂ ਜਿਣਸਾਂ ਨੂੰ ਤਬਾਦਲਾ-ਕਦਰ ਦੇ ਰੂਪ ਵਿੱਚ ਬਹਾਲ ਰੱਖ ਸਕਦਾ ਹੈ, ਜਿਣਸ ਦੇ ਤਬਾਦਲੇ ਨੂੰ ਚੱਲਦਿਆਂ ਰੱਖਦੀ ਹੈ, ਤਾਂ ਜੋ, ਉਹ ਚਲਨ ਦੇ ਖਾਸ ਮੰਤਵ, ਸੋਨੇ ਵਿੱਚ ਉਹਨਾਂ ਦੇ ਬਦਲ ਨੂੰ ਬਹਾਲ ਰੱਖ ਸਕਣ। ਜਿਣਸਾਂ ਦੀ ਕਾਇਆ-ਪਲਟ **ਜ-ਧ**, ਉਹਨਾਂ ਦੇ ਕਾਇਆ-ਪਲਟ ਦੇ ਲਈ ਵਾਪਰਦਾ ਹੈ, ਤਾਂ ਜੋ ਕਿਸੇ ਖਾਸ ਭੌਤਿਕ ਦੌਲਤ ਨੂੰ ਆਮ ਸਮਾਜਿਕ ਦੌਲਤ ਵਿੱਚ ਬਦਲਿਆ ਜਾ ਸਕੇ। ਪਦਾਰਥ ਦੇ ਤਬਾਦਲੇ ਦੀ ਬਜਾਏ, ਰੂਪ ਵਿੱਚ ਬਦਲ, ਆਪਣੇ ਆਪ ਵਿੱਚ ਇੱਕ ਪ੍ਰਾਪਤੀ ਬਣ ਜਾਂਦਾ ਹੈ। ਤਬਾਦਲਾ-ਕਦਰ ਜਿਹੜੀ ਕਿ ਕੇਵਲ-ਮਾਤਰ ਇੱਕ ਰੂਪ ਸੀ, ਹਰਕਤ ਦੇ ਸਾਰਤੱਤ ਵਿੱਚ ਬਦਲ ਜਾਂਦੀ ਹੈ। ਜਿਣਸਾਂ ਦੌਲਤ ਰਹਿੰਦੀਆਂ ਹਨ, ਭਾਵ ਜਿਣਸਾਂ ਉਦੋਂ ਤੱਕ, ਜਦੋਂ ਤੱਕ ਉਹ ਆਪਣੇ ਆਪ ਨੂੰ ਚਲਨ-ਖੇਤਰ ਵਿੱਚ ਰੱਖਦੀਆਂ ਹਨ ਅਤੇ ਉਹ ਇਸ ਤਰਲ ਸਥਿਤੀ ਵਿੱਚ ਉਦੋਂ ਤੀਕ ਰਹਿੰਦੀਆਂ ਹਨ, ਜਦੋਂ ਤੱਕ ਉਹ ਚਾਂਦੀ ਅਤੇ ਸੋਨੇ ਵਿੱਚ ਠੋਸ ਨਹੀਂ ਹੋ ਜਾਂਦੀਆਂ। ਉਹ ਚਲਨ-ਅਮਲ ਦੇ ਨਿਖਾਰ-ਰੂਪ ਵਿੱਚ ਤਰਲ ਬਣੀਆਂ ਰਹਿੰਦੀਆਂ ਹਨ। ਪਰ ਸੋਨਾ ਅਤੇ ਚਾਂਦੀ ਆਪਣੇ ਆਪ ਨੂੰ ਉਥੋਂ ਤੱਕ ਹੀ ਧਨ ਰੂਪ ਵਿੱਚ ਸਥਾਪਤ ਕਰਦੇ ਹਨ, ਜਿੱਥੋਂ ਤੀਕ ਉਹ ਚਲਨ-ਵਸੀਲੇ ਦੇ ਰੂਪ ਵਿੱਚ ਕਾਰਜ ਨਹੀਂ ਕਰਦੇ। **ਉਹ ਚਲਨ ਦੇ ਗੈਰ-ਵਸੀਲੇ ਰੂਪ ਵਿੱਚ ਹੀ ਧਨ ਬਣਦੇ ਹਨ।** ਸੋਨੇ ਦੇ ਰੂਪ ਵਿੱਚ, ਜਿਣਸਾਂ ਨੂੰ ਚਲਨ ਵਿੱਚੋਂ ਕੱਢਣਾ, ਇਸ ਤਰ੍ਹਾਂ, ਉਹਨਾਂ ਨੂੰ ਚਲਨ ਵਿੱਚ ਲਗਾਤਾਰ ਬਰਕਾਰਾਰ ਰੱਖਣ ਦਾ ਹੀ ਇੱਕ ਵਸੀਲਾ ਹੈ।

ਜਿਣਸਾਂ ਦਾ ਮਾਲਕ, ਚਲਨ ਵਿੱਚੋਂ ਕੇਵਲ ਉਤਨਾ ਧਨ ਹੀ ਵਸੂਲ ਕਰ ਸਕਦਾ ਹੈ, ਜਿਤਨਾ ਕਿ ਉਹ ਜਿਣਸਾਂ ਦੇ ਰੂਪ ਵਿੱਚ ਇਸ ਅੰਦਰ ਪਾਉਂਦਾ ਹੈ। ਜਿਣਸਾਂ ਦੇ ਚਲਨ ਦੀ ਦ੍ਰਿਸ਼ਟੀ ਤੋਂ ਦੇਖਿਆਂ, ਜ਼ਖੀਰੇਬਾਜ਼ੀ ਦੀ ਪਹਿਲੀ ਸ਼ਰਤ ਲਗਾਤਾਰ ਵੇਚਦੇ ਰਹਿਣਾ ਬਣਦੀ ਹੈ, ਭਾਵ ਜਿਣਸਾਂ ਨੂੰ ਬਿਨਾਂ ਰੁਕਿਆਂ ਚਲਨ ਵਿੱਚ ਸੁੱਟਦਿਆਂ ਜਾਣਾ। ਦੂਜੇ ਪਾਸੇ, ਧਨ, ਚਲਨ-ਮਾਧਿਅਮ ਦੇ ਰੂਪ ਵਿੱਚ, ਖੁਦ ਚਲਨ-ਅਮਲ ਵਿੱਚੋਂ ਲਗਾਤਾਰ ਅਲੋਪ ਹੁੰਦਾ ਰਹਿੰਦਾ ਹੈ, ਕਿਉਂਕਿ ਇਹ ਸਾਰਾ ਸਮਾਂ, ਇਸਤੇਮਾਲੀ ਕਦਰਾਂ ਵਿੱਚ ਵਸੂਲ ਹੁੰਦਾ ਰਹਿੰਦਾ ਹੈ ਅਤੇ ਵਕਤੀ ਅੱਯਾਸ਼ੀਆਂ ਵਿੱਚ ਮਿੱਟਦਾ ਜਾਂਦਾ ਹੈ। ਇਸ ਲਈ ਇਸ ਨੂੰ ਚਲਨ-ਧਾਰੇ ਵਿੱਚੋਂ ਕੱਢ ਲੈਣਾ ਹੀ ਠੀਕ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਜਿਣਸਾਂ ਨੂੰ ਇਹਨਾਂ ਦੇ ਰੂਪ ਬਦਲ ਦੀ ਪਹਿਲੀ ਮੰਜ਼ਲ ਵਿੱਚ ਬਣਿਆ ਰਹਿਣ ਦੇਣਾ ਚਾਹੀਦਾ ਹੈ, ਤਾਂ ਜੋ ਧਨ ਨੂੰ ਖਰੀਦ-ਵਸੀਲੇ ਦੇ ਰੂਪ ਵਿੱਚ ਕਾਰਜ ਕਰਨੋਂ ਰੋਕਿਆ ਜਾ ਸਕੇ। ਜਿਣਸਾਂ ਦੇ ਮਾਲਕ ਨੂੰ, ਜਿਹੜਾ ਕਿ ਹੁਣ

ਧਨ ਦਾ ਜ਼ਖੀਰੇਬਾਜ਼ ਬਣ ਗਿਆ ਹੈ, ਵੱਧ ਤੋਂ ਵੱਧ ਵੇਚਣਾ ਚਾਹੀਦਾ ਹੈ ਤੇ ਘੱਟ ਤੋਂ ਘੱਟ ਖਰੀਦਣਾ ਚਾਹੀਦਾ ਹੈ, ਜਿਵੇਂ ਕਿ ਵਡਾਰੂ ਸਾਟੋ ਦੀ ਵੀ ਸਿੱਖਿਆ ਹੈ ਪਰਿਵਾਰ ਦੇ ਮੁਖੀਆਂ ਨੂੰ ਵੇਚਣ ਲਈ ਕਾਹਲਾ ਪੈਣਾ ਚਾਹੀਦਾ ਹੈ, ਨਾ ਕਿ ਖਰੀਦਣ ਲਈ (**ਸਾਟੋ ਦਿ ਐਲਡਰ, ਦੇ ਰੇ ਰੁਸਤੀਕਾ - ਸੰ.**) ਕੰਜੂਸੀ ਜ਼ਖੀਰੇਬਾਜ਼ੀ ਦੀ ਇਸੇ ਤਰ੍ਹਾਂ ਦੀ ਨਾਂਹ-ਪੱਖੀ ਪੂਰਵ-ਸ਼ਰਤ ਹੈ, ਜਿਵੇਂ ਕਿ ਸਨਅਤ ਇਸ ਦੀ ਹਾਂ-ਪੱਖੀ ਪੂਰਵ-ਸ਼ਰਤ ਹੁੰਦੀ ਹੈ। ਖਾਸ ਜਿਣਸਾਂ ਜਾਂ ਇਸਤੇਮਾਲੀ ਕਦਰਾਂ ਤੋਂ ਬਣਿਆ, (ਇਸ ਵਿੱਚ ਸੁੱਟੀਆਂ) ਜਿਣਸਾਂ ਦੇ ਸਮਾਨਕਾਰੀ ਰੂਪ ਵਿੱਚ, ਜਿੰਨਾ ਛੋਟਾ ਭਾਗ, ਚਲਨ ਵਿੱਚੋਂ ਹਟਾ ਲਿਆ ਜਾਂਦਾ ਹੈ, ਧਨ ਜਾਂ ਤਬਾਦਲਾ-ਕਦਰ ਤੋਂ ਬਣਿਆ ਭਾਗ ਉੱਨਾ ਹੀ ਬੜਾ ਹੋ ਜਾਂਦਾ ਹੈ।* ਦੌਲਤ ਦੀ ਇਸ ਦੇ ਸਧਾਰਨ ਰੂਪ ਵਿੱਚ ਮਾਲਕੀ ਦੀ ਸ਼ਰਤ ਇਹ ਹੈ ਕਿ ਦੌਲਤ ਦੀ ਪਦਾਰਥਕ ਯਥਾਰਤਕਤਾ ਦਾ ਤਿਆਗ ਕੀਤਾ ਜਾਵੇ। ਇਸ ਲਈ ਜ਼ਖੀਰੇਬਾਜ਼ੀ ਦੀ ਚਾਲਕ-ਸ਼ਕਤੀ ਹੈ, ਤਮ੍ਹਾਂ ਜਿਹੜੀ ਕਿ ਜਿਣਸਾਂ ਦੀ ਇਸਤੇਮਾਲੀ ਕਦਰਾਂ ਦੇ ਰੂਪ ਵਿੱਚ ਚਾਹਵਾਨ ਨਹੀਂ ਹੈ, ਬਲਕਿ ਤਬਾਦਲਾ-ਕਦਰ ਦੀ ਜਿਣਸ ਰੂਪ ਵਿੱਚ ਹੈ। ਇਸ ਲਈ, ਦਿਖਾਵਟੀ ਦੌਲਤ ਨੂੰ ਇਸ ਦੇ ਆਮ ਰੂਪ ਵਿੱਚ ਕਬਜ਼ੇ ਵਿੱਚ ਲੈਣ ਲਈ ਖਾਸ ਲੋੜਾਂ ਨੂੰ ਸੁਖ-ਸਾਧਨ ਅਤੇ ਸ਼ਾਨਾਂ ਸਮਝਣਾ ਜ਼ਰੂਰੀ ਹੈ। ਮਿਸਾਲ ਵਜੋਂ, 1593 ਵਿੱਚ, ਕੋਰਟੇਸ ਨੇ ਫਿਲਿਪ ਦੂਜੇ ਨੂੰ ਇੱਕ ਦਰਖਾਸਤ ਭੇਜੀ, ਜਿਸ ਵਿੱਚ ਹੋਰ ਗੱਲਾਂ ਦੇ ਨਾਲ਼ ਹੇਠ ਲਿਖਿਆ ਪੈਰ੍ਹਾ ਵੀ ਦਰਜ ਹੈ:

> "ਵੱਲਾਡੋਲੀਡ ਦੇ ਕੋਰਟੇਸ ਨੇ ਬਾਦਸ਼ਾਹ ਸਲਾਮਤ ਨੂੰ 1586 ਵਿੱਚ ਇੱਕ ਦਰਖਾਸਤ ਭੇਜੀ ਸੀ, ਕਿ ਇਸ ਸਲਤਨਤ ਵਿੱਚ ਵਿਦੇਸ਼ਾਂ ਤੋਂ ਮੋਮਬੱਤੀਆਂ, ਸ਼ੀਸ਼ੇ ਦਾ ਸਾਮਾਨ, ਗਹਿਣੇ, ਚਾਕੂ ਅਤੇ ਇਸੇ ਤਰ੍ਹਾਂ ਦੀਆਂ ਹੋਰ ਵਸਤਾਂ ਨਾ ਮੰਗਾਈਆਂ ਜਾਣ, ਜਿਹੜੀਆਂ ਕਿ ਭਾਵੇਂ ਮਨੁੱਖੀ ਜੀਵਨ ਦੇ ਕਿਸੇ ਕੰਮ ਦੀਆਂ ਨਹੀਂ ਹਨ, ਪਰ ਉਹਨਾਂ ਨੂੰ ਸੋਨੇ ਦੇ ਬਦਲੇ ਲੈਣਾ ਪੈਂਦਾ ਹੈ, ਜਿਵੇਂ ਕਿ ਸਪੇਨ ਵਾਸੀ **ਇੰਡੀਅਨ** ਹੋਣ।" (ਸੰਪੀਰੇ ਦੀ ਸਪੇਨੀ ਸਲਤਨਤ ਦੇ ਉਠਾਨ ਦੇ ਪਤਨ ਦੇ ਕਾਰਨਾਂ ਬਾਰੇ ਕੁਝ ਵਿਚਾਰ - ਜਿਲਦ ਪਹਿਲੀ ਪੰਨਾ 275-76. - ਸੰ.)

ਧਨ ਦਾ ਜਖੀਰੇਬਾਜ਼ ਸੰਸਾਰਕ, ਮਾਇਕ ਅਤੇ ਆਰਜ਼ੀ ਐਸ਼-ਆਰਾਮ ਉੱਪਰ ਨੱਕ ਚਾੜ੍ਹਦਾ ਹੈ, ਤਾਂ ਜੋ ਉਸ ਸਦੀਵੀ ਖਜ਼ਾਨੇ ਦੀ ਭਾਲ ਕੀਤੀ ਜਾਵੇ, ਜਿਸ ਨੂੰ ਨਾ ਤਾਂ ਦੀਮਕ ਖਾਂਦੀ ਹੈ, ਨਾ ਹੀ ਜਿਸ ਨੂੰ ਜ਼ੰਗ ਲੱਗਦਾ ਹੈ; ਅਤੇ ਜਿਹੜਾ ਕਿ ਸੰਪੂਰਨ ਪਰਲੋਕਿਕ ਹੈ ਅਤੇ ਸੰਪੂਰਨ ਸੰਸਾਰਕ।

> ਉੱਪਰ ਦੱਸੀ ਰਚਨਾ ਅੰਦਰ ਮਿਸੇਲਦੇਨ ਲਿਖਦਾ ਹੈ: "ਦੌਲਤ ਲਈ ਸਾਡੀ ਤਮ੍ਹਾਂ ਦਾ ਆਮ ਤੇ ਦੂਰ ਦਾ ਕਾਰਨ ਇਹ ਵੀ ਹੈ ਕਿ ਇਹ ਸਲਤਨਤ ਵਿਦੇਸ਼ਾਂ ਦੀਆਂ

* "ਗੋਦਾਮਾਂ ਵਿੱਚ ਜਿੰਨਾ ਮਾਲ ਵੱਧਦਾ ਜਾਂਦਾ ਹੈ, ਉੱਨਾ ਹੀ ਖਜ਼ਾਨੇ ਵਿੱਚ ਘੱਟ ਜਾਂਦਾ ਹੈ।" (ਈ. ਮਿਸੇਲਦੇਨ, ਆਪ. ਸਿਟ, ਪੰਨਾ 23)।

ਜਿਣਸਾਂ ਨੂੰ ਬਹੁਤ ਵੱਡੇ ਪੈਮਾਨੇ 'ਤੇ ਖਪਾਣ ਲੱਗੀ ਹੈ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਬਹੁਤ ਸਾਰੀਆਂ ਗੈਰ-ਜਿਣਸਾਂ ਖਰੀਦਦੇ ਹਾਂ ਅਤੇ ਬਹੁਤ ਸਾਰੇ ਖਜ਼ਾਨੇ ਤੋਂ ਸੱਖਣੇ ਹੋ ਜਾਂਦੇ ਹਨ; ਖਜ਼ਾਨਾ, ਜਿਹੜਾ ਕਿ ਨਹੀਂ ਤਾਂ ਸਾਨੂੰ ਇਹਨਾਂ ਖਿਡੌਣਿਆਂ ਦੀ ਥਾਂ 'ਤੇ, ਜਿਹਨਾਂ ਦੀ ਅਸੀਂ ਆਪਣੇ ਵਿਚਕਾਰ ਵਰਤੋਂ ਕਰਦੇ ਹਾਂ, ਉਹਨਾਂ ਸ਼ਰਾਬਾਂ ਦੀ ਥਾਂ 'ਤੇ, ਜਿਹੜੀਆਂ ਕਿ ਅਸੀਂ ਸਪੇਨ, ਫ਼ਰਾਂਸ, ਰਹੇਨ, ਲੇਵਾਂਤ ਤੋਂ ਮੰਗਾਉਂਦੇ ਹਾਂ ਅਤੇ ਸਪੇਨ ਤੋਂ ਮੰਗਾਈਆਂ ਰੈਸਨਾਂ, ਲੇਵਾਂਤ ਤੋਂ ਮੰਗਾਈਆਂ ਕੋਰਿੰਟਾਂ, ਹੈਨਾਉਲਟਸ ਤੋਂ ਮੰਗਾਏ ਲਾਅਨਿਆਂ ਅਤੇ ਕੈਂਬਰਿਕਾਂ ਦੀ ਥਾਂ 'ਤੇ,.... ਇਟਲੀ ਤੋਂ ਆਏ ਰੇਸ਼ਮ, ਵੈਸਟ ਇੰਡੀਜ਼ ਤੋਂ ਆਈ ਚੀਨੀ ਅਤੇ ਤੰਬਾਕੂ, ਈਸਟ ਇੰਡੀਜ਼ ਤੋਂ ਆਏ ਮਸਾਲਿਆਂ ਦੀ ਥਾਂ 'ਤੇ - ਸਾਨੂੰ ਮਿਲ ਸਕਦਾ ਹੈ। ਉਸ ਦੀ ਥਾਂ ਤੇ ਇਹ ਸਭ ਆਇਆ ਨਿੱਕ-ਸੁੱਕ ਸਾਡੇ ਲਈ **ਬੇਕਾਰ ਹੈ**, ਅਤੇ ਇਸ ਉੱਪਰ ਸਾਨੂੰ ਨਕਦ-ਨਾਮਾ ਖਰਚ ਕਰਨਾ ਪਿਆ ਹੈ।" (ਈ. ਮਿਸੇਲਦੇਨ **ਓਪ. ਸਿਟ**. ਪੰਨਾ 11-13 ਪਾਸਿਮ)

ਸੋਨੇ ਅਤੇ ਚਾਂਦੀ ਦੇ ਰੂਪ ਵਿੱਚ ਮਿਲੀ ਦੌਲਤ ਨਾ-ਨਸ਼ਟ ਹੋਣ ਵਾਲ਼ੀ ਹੈ, ਕਾਰਨ ਕਿ ਤਬਾਦਲਾ-ਕਦਰ ਇੱਕ ਨਾ-ਬਰਬਾਦ ਹੋਣ ਵਾਲੀ ਧਾਤ ਰਾਹੀਂ ਆਂਕੀ ਜਾਂਦੀ ਹੈ ਅਤੇ ਖਾਸ ਕਰਕੇ ਇਸ ਲਈ ਕਿਉਂਕਿ ਸੋਨਾ ਅਤੇ ਚਾਂਦੀ ਨੂੰ ਚਲਨ-ਵਸੀਲੇ ਦੇ ਰੂਪ ਵਿੱਚ ਕੰਮ ਕਰਨੋਂ ਰੋਕਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਉਹ ਜਿਣਸਾਂ ਦੇ ਕੇਵਲ-ਮਾਤਰ ਡੰਗ-ਟਪਾਊ ਧਨਵੀ ਪੱਖ ਬਣਨੋਂ, ਬਚ ਜਾਂਦੇ ਹਨ। ਇਸ ਤਰ੍ਹਾਂ ਨਾਸ਼ਵਾਨ ਸਾਰਤੱਤ ਨੂੰ ਨਾ-ਨਾਸ਼ਵਾਨ ਰੂਪ 'ਤੇ ਕੁਰਬਾਨ ਕਰ ਦਿੱਤਾ ਜਾਂਦਾ ਹੈ।

"ਫਰਜ਼ ਕਰੋ ਕਿ (ਟੈਕਸਾਂ ਰਾਹੀਂ) ਕਿਸੇ ਅਜਿਹੇ ਪਾਸੋਂ ਧਨ ਲਿਆ ਜਾਂਦਾ ਹੈ, ਜਿਹੜਾ ਕਿ ਉਸ ਨੂੰ ਬੇਕਾਰ ਦੇ ਖਾਣ-ਪੀਣ ਜਾਂ ਇਸੇ ਤਰ੍ਹਾਂ ਦੀਆਂ ਹੋਰ ਬਰਬਾਦ ਹੋਣ ਵਾਲ਼ੀਆਂ ਵਸਤਾਂ ਉੱਪਰ ਖਰਚ ਕਰਨ ਵਾਲ਼ਾ ਹੈ; ਅਤੇ ਉਸ ਧਨ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਦੇ ਦਿੱਤਾ ਜਾਂਦਾ ਹੈ, ਜਿਹੜਾ ਕਿ ਇਸ ਨੂੰ ਕੱਪੜਿਆਂ ਉੱਪਰ ਖਰਚ ਕਰਦਾ ਹੈ; ਮੇਰੇ ਵਿਚਾਰ ਵਿੱਚ ਇਸ ਦੂਜੀ ਸੂਰਤ ਦਾ ਸਾਂਝੀ ਦੌਲਤ ਨੂੰ ਕੁਝ ਨਾ ਕੁਝ ਲਾਭ ਹੈ; ਕਿਉਂਕਿ ਕੱਪੜੇ ਕੁਝ ਦੇਰ ਤਾਂ ਟਿਕਦੇ ਹੀ ਹਨ, ਇਤਨੀ ਛੇਤੀ ਤਾਂ ਉਡੰਤਰ ਨਹੀਂ ਹੋ ਜਾਂਦੇ; ਜਿਤਨੀ ਕਿ ਗੋਸ਼ਤ ਅਤੇ ਸ਼ਰਾਬਾਂ। ਪਰ ਜੇ ਕਿਤੇ, ਇਸੇ ਧਨ ਨੂੰ ਘਰਾਂ ਦੇ ਫਰਨੀਚਰਾਂ ਉੱਪਰ ਖਰਚਿਆ ਜਾਵੇ, ਤਾਂ ਲਾਭ ਹੋਰ ਵੀ ਵੱਧ ਹੋ ਸਕਦਾ ਹੈ; ਅਤੇ ਜੇ ਮਕਾਨਾਂ ਦੀ ਉਸਾਰੀ ਉੱਪਰ ਖਰਚਿਆ ਜਾਵੇ, ਤਾਂ ਲਾਭ ਇਸ ਤੋਂ ਵੀ ਵੱਧ ਅਤੇ ਜੇ ਕਿਤੇ ਇਸ ਨੂੰ ਜ਼ਮੀਨਾਂ ਦੇ ਸੁਧਾਰ, ਖਾਣਾਂ ਨੂੰ ਚਲਾਉਣ, ਮੱਛੀਆਂ ਦੇ ਫੜਨ ਆਦਿ ਉੱਪਰ ਖਰਚਿਆ ਜਾਵੇ, ਤਾਂ ਲਾਭ ਹੋਰ ਵੀ ਵਧ ਸਕਦਾ ਹੈ, ਪਰ ਸਭ ਤੋਂ ਵੱਧ ਇਸ ਦਾ ਲਾਭ ਤਾਂ ਹੈ, ਜੇ ਇਹ ਦੇਸ਼ ਦੇ ਅੰਦਰ ਸੋਨਾ ਅਤੇ ਚਾਂਦੀ ਲੈ ਕੇ ਆਉਂਦਾ ਹੈ। ਉਸ ਦਾ ਕਾਰਨ ਇਹ ਹੈ ਕਿ ਨਾ ਕੇਵਲ ਇਹ ਕਿ, ਇਹ ਵਸਤਾਂ ਨਾਸ਼ ਹੋਣ ਵਾਲ਼ੀਆਂ ਨਹੀਂ, ਬਲਕਿ ਇਸ ਤੋਂ ਵੱਧ ਇਹ ਕਿ ਇਹ ਚੀਜ਼ਾਂ ਸਦਾ ਸਦਾ ਲਈ

ਅਤੇ ਹਰ ਥਾਂ 'ਤੇ ਦੌਲਤ ਦਾ ਰੂਪ ਹਨ। ਜਦੋਂ ਕਿ ਦੂਜੀਆਂ ਜਿਣਸਾਂ (ਜਿਹੜੀਆਂ ਨਾਸ਼ਵਾਨ ਹਨ, ਜਾਂ ਜਿਨ੍ਹਾਂ ਦੀ ਕਦਰ, ਫੈਸ਼ਨ ਉੱਪਰ ਨਿਰਭਰ ਕਰਦੀ ਹੈ, ਜਾਂ ਜਿਹੜੀਆਂ ਕਿ ਚਾਣ-ਚੱਕ ਕਮੀ ਤੇ ਅਫਰਾਤ ਵਾਲ਼ੀਆਂ ਹੁੰਦੀਆਂ ਹਨ) ਦੌਲਤਾਂ ਤਾਂ ਹੁੰਦੀਆਂ ਹਨ ਪਰ **ਕਿਸੇ ਖਾਸ ਥਾਂ 'ਤੇ ਜਾਂ ਕਿਸੇ ਖਾਸ ਸਮੇਂ ਤੇ।**" (ਪੇਤੀ, **ਪਾਲਿਟੀਕਲ ਅਰਿਥਮੈਟਿਕ** ਪੰਨਾ 196)

ਧਨ ਨੂੰ ਚਲਨ-ਧਾਰਾ 'ਚੋਂ ਕੱਢਣ ਅਤੇ ਇਸ ਨੂੰ ਸਮਾਜਿਕ ਹਾਜ਼ਮੇ ਤੋਂ ਬਚਾਉਣ ਦੀ ਇੱਛਾ ਦਾ ਬਾਹਰੀ ਪ੍ਰਗਟਾਅ ਇਸ ਨੂੰ **ਕਬਰੀਂ ਪਾਉਣਾ** ਹੁੰਦਾ ਹੈ, ਤਾਂ ਜੋ ਸਮਾਜਿਕ ਦੌਲਤ ਨੂੰ ਇਕ ਅਨਾਸ਼ਵਾਨ ਧਰਤੀ ਵਿੱਚ ਦੱਬੇ ਜ਼ਖੀਰੇ ਵਿੱਚ ਬਦਲਿਆ ਜਾ ਸਕੇ; ਜਿਸ (ਜ਼ਖੀਰੇ) ਦੇ ਜਿਣਸ-ਮਾਲਕ ਨਾਲ਼ ਬਿਲਕੁੱਲ ਚੋਰੀ-ਛਿਪੇ ਦੇ ਨਿੱਜੀ ਸਬੰਧ ਹੋਣ। ਡਾਕਟਰ ਬਰਨੀਅਰ, ਜਿਸ ਨੇ ਦਿੱਲੀ ਵਿੱਚ, ਔਰੰਗਜ਼ੇਬ ਦੇ ਦਰਬਾਰ ਅੰਦਰ ਕੁਝ ਸਮਾਂ ਬਿਤਾਇਆ, ਲਿਖਦਾ ਹੈ; ਕਿ ਵਪਾਰੀ, ਖਾਸ ਕਰਕੇ ਗੈਰ-ਮੁਸਲਿਮ ਕਾਫਰਾਂ, ਜਿਹਨਾਂ ਦੇ ਹੱਥ ਵਿੱਚ ਲਗਭਗ ਸਾਰੀ ਦੀ ਸਾਰੀ ਤਿਜਾਰਤ ਅਤੇ ਸਾਰੇ ਦਾ ਸਾਰਾ ਧਨ ਕੇਂਦਰਿਤ ਹੁੰਦਾ ਸੀ, ਉਹ ਆਪਣੇ ਧਨ ਨੂੰ ਚੁੱਪਚਾਪ ਬੜੇ ਡੂੰਘਿਆਂ ਟੋਇਆਂ ਵਿੱਚ ਗੱਡ ਛੱਡਦੇ ਸਨ।

"ਇਸ ਗੱਲ 'ਤੇ ਉਹਨਾਂ ਦਾ ਪੱਕਾ ਅਕੀਦਾ ਸੀ ਕਿ ਜਿਸ ਧਨ ਨੂੰ ਉਹ ਆਪਣੇ ਜੀਣ-ਸਮੇਂ ਵਿੱਚ ਲੁਕਾ ਦੇਣਗੇ, ਉਹ ਉਹਨਾਂ ਦੀ ਮੌਤ ਪਿੱਛੋਂ ਅਗਲੀ ਦੁਨੀਆਂ ਵਿੱਚ ਕੰਮ ਆਵੇਗਾ।"*

ਇਤਫਾਕ ਨਾਲ਼ ਜਿੱਥੋਂ ਤੱਕ ਧਨ-ਜੋੜਕ, ਬੜੀ ਖੂਬੀ ਨਾਲ਼ ਤਪ-ਤਿਆਗ ਨੂੰ ਬੜੇ ਨੀਝ-ਭਰੇ ਉੱਦਮ ਨਾਲ਼ ਜੋੜ ਲੈਂਦਾ ਹੈ, ਉੱਥੋਂ ਤੱਕ ਉਹ ਧਰਮ ਪੱਖੋਂ ਪੱਕਾ ਪਰਾਟੈਸਟੈਂਟ ਹੈ, ਬਲਕਿ ਇਸ ਤੋਂ ਵੀ ਅੱਗੇ ਦਾ ਇੱਕ ਸ਼ੁੱਧਤਾਵਾਦੀ।

"ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਖਰੀਦ-ਵੇਚ ਜ਼ਰੂਰੀ ਕਾਰਜ ਹਨ ਜਿਹੜੇ ਬੰਦ ਨਹੀਂ ਕੀਤੇ ਜਾ ਸਕਦੇ, ਉਹਨਾਂ ਦੀ ਈਸਾਈ ਢੰਗ ਨਾਲ਼ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਖਾਸ ਕਰਕੇ ਉਹਨਾਂ ਵਸਤਾਂ ਦੀ, ਜਿਹੜੀਆਂ ਜ਼ਰੂਰਤ ਅਤੇ ਇੱਜ਼ਤ ਦੇ ਕੰਮ ਆਉਂਦੀਆਂ ਹਨ ਅਤੇ ਇਸ ਤਰ੍ਹਾਂ ਪਸ਼ੂ, ਉੱਨ, ਅਨਾਜ, ਮੱਖਣ, ਦੁੱਧ ਅਤੇ ਕਈ ਹੋਰ ਵਸਤਾਂ ਵੱਡੇ ਵਡਾਰੂਆਂ ਦੁਆਰਾ ਖਰੀਦੀਆਂ ਤੇ ਵੇਚੀਆਂ ਜਾਂਦੀਆਂ ਸਨ। ਇਹ ਰੱਬ ਦੀਆਂ ਦਾਤਾਂ ਹਨ, ਜਿਹੜੀਆਂ ਉਸ ਨੇ ਧਰਤੀ ਵਿੱਚੋਂ ਉਗਾਈਆਂ ਹਨ ਅਤੇ ਉਹ ਹੀ ਉਹਨਾਂ ਨੂੰ ਆਦਮੀਆਂ ਵਿਚਕਾਰ ਵੰਡਦਾ ਹੈ। ਪਰਤੂੰ ਵਿਦੇਸ਼ੀ ਵਪਾਰ ਜਿਹੜਾ ਕਿ ਵਪਾਰ-ਵਸਤਾਂ ਕਾਲੀਕਟ ਅਤੇ ਭਾਰਤ ਅਤੇ ਦੂਜੇ ਥਾਵਾਂ ਤੋਂ ਲਿਆਉਂਦਾ ਹੈ ਅਤੇ ਇਹ ਵਪਾਰ ਵਸਤਾਂ ਹਨ ਜਿਵੇਂ ਕਿ ਕੀਮਤੀ

* ਫ਼ਰਾਂਕੋਇਸ ਬਰਨੀਅਰ, **ਵਾਇਜਿਜ਼ ਕਾਂਤੇਨੈਂਤ ਲਾ ਦੇਸਕਰਿਪਸ਼ਨ ਦੇਸ ਐਤਾਤਸ ਦੂ ਗਰਾਂਡ ਮੁਗਲ**, ਪੈਰਿਸ ਐਡੀਸ਼ਨ, 1830. ਟੀ.1, ਸੀ. ਐਫ. ਪੰਨਾ 312-14।

ਰੇਸ਼ਮ, ਗਹਿਣੇ ਅਤੇ ਮਸਾਲੇ, ਜਿਹੜੇ ਕਿ ਕੇਵਲ ਨੁਮਾਇਸ਼ ਲਈ ਵਰਤੇ ਜਾਂਦੇ ਹਨ ਅਤੇ ਕਿਸੇ ਲੋੜ ਦੀ ਪੂਰਤੀ ਨਹੀਂ ਕਰਦੇ, ਪਰ ਜਿਹੜੇ ਦੇਸ਼ ਅਤੇ ਲੋਕਾਂ ਤੋਂ ਧਨ ਨਚੋੜ ਲੈਂਦੇ ਹਨ। ਜੇ ਸਾਡੀ ਆਪਣੀ ਸਰਕਾਰ ਅਤੇ ਆਪਣੇ ਰਾਜੇ ਹਨ ਤਾਂ ਇਸ ਤਰ੍ਹਾਂ ਦੇ ਕੀਤੇ ਜਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਪਰ ਮੈਂ ਇਸ ਬਾਰੇ ਅਜੇ ਲਿਖਣ ਦੇ ਹੱਕ ਵਿੱਚ ਨਹੀਂ, ਕਿਉਂਕਿ ਮੇਰਾ ਖਿਆਲ ਹੈ ਕਿ ਅੰਤ ਨੂੰ, ਜਦੋਂ ਸਾਡੇ ਪਾਸ ਕੋਈ ਧਨ ਨਹੀਂ ਬਚੇਗਾ, ਸਾਨੂੰ ਇਸ ਵਪਾਰ ਨੂੰ ਬੰਦ ਕਰਨਾ ਹੀ ਪਵੇਗਾ ਅਤੇ ਇਸ ਦੇ ਨਾਲ਼ ਹੀ ਨਫਾਸਤ ਅਤੇ ਚਟਖਾਰੇਬਾਜ਼ੀ ਨੂੰ ਵੀ ਖੈਰਬਾਦ ਕਹਿਣਾ ਹੋਵੇਗਾ। ਕਿਉਂਕਿ ਸਾਰੀਆਂ ਲਿਖਤਾਂ ਅਤੇ ਉਪਦੇਸ਼ ਕਿਸੇ ਕੰਮ ਦੇ ਨਹੀਂ, ਜਦੋਂ ਤੀਕ ਅਸੀਂ ਲੋੜ ਅਤੇ ਗਰੀਬੀ ਹੱਥੋਂ ਮਜਬੂਰ ਨਹੀਂ ਹੋ ਜਾਂਦੇ।"*

---

* ਡਾ. ਮਾਰਟਿਨ ਲੂਥਰ, **ਬੁਸ਼ੇਰ ਵੋਮ ਕੌਫੈਹੈਂਦੇਲ ਉਂਦ ਵੁਸ਼ੇਰ**, 1524। ਲੂਥਰ ਉਸੇ ਪੈਰ੍ਹੇ ਵਿੱਚ ਅੱਗੇ ਲਿਖਦਾ ਹੈ: "ਭਗਵਾਨ ਵੱਲੋਂ ਸਾਨੂੰ ਇਹ ਕੰਮ ਮਿਲਿਆ ਹੈ ਕਿ ਅਸੀਂ ਜਰਮਨ-ਵਾਸੀ ਆਪਣੇ ਸੋਨੇ ਤੇ ਚਾਂਦੀ ਨੂੰ ਵਿਦੇਸ਼ਾਂ ਵਿੱਚ ਪੁੱਚਾ ਕੇ ਸਾਰੇ ਸੰਸਾਰ ਨੂੰ ਧਨੀ ਬਣਾਈਏ, ਜਦੋਂ ਕਿ ਅਸੀਂ ਆਪ ਕੰਗਾਲ ਰਹੀਏ। ਇੰਗਲੈਂਡ ਪਾਸ ਜ਼ਰੂਰ ਸੋਨਾ ਘੱਟ ਜਾਵੇਗਾ, ਜੇ ਅਸੀਂ ਜਰਮਨ ਵਾਲ਼ੇ ਉਸ ਦਾ ਕੱਪੜਾ ਲੈਣੋਂ ਨਾਂਹ ਕਰ ਦੇਈਏ ਅਤੇ ਪੁਰਤਗਾਲ ਦੇ ਬਾਦਸ਼ਾਹ ਪਾਸ ਵੀ ਘੱਟ ਸੋਨਾ ਰਹਿ ਜਾਵੇ, ਜੇ ਅਸੀਂ ਉਸ ਦੇ ਮਸਾਲੇ ਖਰੀਣੋਂ ਨਾਂਹ ਕਰ ਦੇਈਏ। ਜੇ ਤੁਸੀਂ ਗਿਣੋਂ ਕਿ ਇੱਕ ਫ਼ਰਾਂਕਫਰਟ ਦੇ ਮੇਲੇ ਦੇ ਦੌਰਾਨ, ਜਰਮਨੀ ਇਲਾਕਿਆਂ ਵਿੱਚੋਂ ਬਿਨਾਂ ਲੋੜੋਂ ਤੇ ਕਾਰਨੋਂ, ਕਿੰਨਾ ਧਨ ਬਾਹਰ ਕੱਢਿਆ ਜਾਂਦਾ ਹੈ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਕਿਵੇਂ ਜਰਮਨੀ ਅੰਦਰ ਵੀ ਫਾਰਦਿੰਗ ਬਾਕੀ ਨਹੀਂ ਰਹਿਣ ਦਿੱਤਾ ਜਾਂਦਾ। ਫ਼ਰਾਂਕਫਰਟ ਚਾਂਦੀ ਅਤੇ ਸੋਨੇ ਦੀ ਨਿਕਾਸ ਨਾਲ਼ੀ ਹੈ, ਜਿਸ ਦੇ ਰਾਹੀਂ ਜੋ ਕੁਝ ਇੱਥੇ ਉੱਗਦਾ ਅਤੇ ਪੈਦਾ ਹੁੰਦਾ ਹੈ, ਜੋ ਕੁਝ ਇਥੇ ਢਲ਼ਿਆ ਤੇ ਕੱਢਿਆ ਜਾਂਦਾ ਹੈ, ਸਭ ਦੇਸ਼ੋਂ ਬਾਹਰ ਚਲਾ ਜਾਂਦਾ ਹੈ। ਜੇ ਇਸ ਨਿਕਾਸ ਰਾਹ ਨੂੰ ਬੰਦ ਕਰ ਦਿੱਤਾ ਜਾਵੇ, ਤਾਂ ਸਾਨੂੰ ਇਹ ਸਾਰੀਆਂ ਸ਼ਿਕਾਇਤਾਂ ਸੁਣਨੋਂ ਬੰਦ ਹੋ ਜਾਣ ਕਿ ਹਰ ਪਾਸੇ ਬੇਹਿਸਾਬ ਕਰਜ਼ੇ ਹਨ ਅਤੇ ਦੇਣ ਨੂੰ ਧਨ ਕੋਈ ਨਹੀਂ ਅਤੇ ਕਿ ਸਾਰਾ ਦੇਸ਼ ਅਤੇ ਸਾਰੇ ਨਗਰ ਕਰਜ਼ਦਾਰੀ ਨੇ ਤਬਾਹ ਕਰ ਛੱਡੇ ਹਨ। ਪਰ ਕੋਈ ਫਿਕਰ ਨਾ ਕਰੋ, ਹਾਲਾਤ ਤਾਂ ਵੀ, ਇਸ ਤਰ੍ਹਾਂ ਚਲਦੇ ਰਹਿਣਗੇ; ਅਸੀਂ ਜਰਮਨ, ਜਰਮਨ ਹੀ ਰਹਾਂਗੇ: ਅਸੀਂ ਉਦੋਂ ਤੱਕ ਪਾਸਾ ਨਹੀਂ ਪਰਤਦੇ ਜਦੋਂ ਤੱਕ ਮਜਬੂਰ ਨਹੀਂ ਹੋ ਜਾਂਦੇ।" (ਪੰਨਾ 4-5)

ਉੱਪਰ ਦਿੱਤੇ ਹਵਾਲੇ ਵਾਲੀ ਰਚਨਾ ਵਿੱਚ **ਮਿਸੇਲਦੇਨ** ਚਾਹੁੰਦਾ ਹੈ ਕਿ ਸੋਨਾ ਅਤੇ ਚਾਂਦੀ, ਸਭ ਹਾਲਾਤ ਵਿੱਚ, ਈਸਾਈ ਸਲਤਨਤ ਦੀਆਂ ਸੀਮਾਵਾਂ ਅੰਦਰ ਹੀ ਬੱਝੇ ਰਹਿਣ: "ਧਨ ਦੀ ਲੋੜ ਦੇ ਦੂਜੇ ਦੂਰ ਦੇ ਕਾਰਨਾਂ ਵਿੱਚੋਂ ਹਨ ਕਿ ਈਸਾਈ ਸਲਤਨਤ ਤੋਂ ਬਾਹਰ ਟਰਕੀ, ਈਰਾਨ ਅਤੇ ਈਸਟ ਇੰਡੀਜ਼ ਨਾਲ਼ ਵਪਾਰ ਕੀਤੇ ਜਾਂਦੇ ਹਨ, ਜਿਹੜੇ ਵਪਾਰ ਬਹੁਤ ਕਰਕੇ ਤਿਆਰ ਧਨ ਨਾਲ਼ ਕੀਤੇ ਜਾਂਦੇ ਹਨ, ਪਰ ਉਸ ਤਰੀਕੇ ਤੋਂ ਵੱਖਰੇ ਪ੍ਰਕਾਰ ਨਾਲ਼, ਜਿਸ ਨਾਲ਼ ਕਿ ਈਸਾਈ ਸਲਤਨਤ ਅੰਦਰ ਹੁੰਦੇ ਹਨ, ਕਿਉਂਕਿ ਈਸਾਈ ਸਲਤਨਤ ਅੰਦਰ ਭਾਵੇਂ ਵਪਾਰ ਤਿਆਰ ਧਨਾਂ ਨਾਲ਼ ਹੀ ਕੀਤੇ ਜਾਂਦੇ ਹਨ, ਪਰ ਫੇਰ ਵੀ ਉਹ ਧਨ ਈਸਾਈ ਸਲਤਨਤ ਦੀਆਂ ਸੀਮਾਵਾਂ ਦੇ ਅੰਦਰ ਹੀ ਰਹਿੰਦੇ ਤੇ ਵਿਚਰਦੇ ਹਨ। ਈਸਾਈ ਸਲਤਨਤ ਦੇ ਆਪਣੇ ਅੰਦਰ, ਭਾਵੇਂ ਧਨਾਂ ਅੰਦਰ ਉਤਾਰ-ਚੜ੍ਹਾਅ, ਕਮੀ-ਬੇਸ਼ੀਆਂ ਹੁੰਦੀਆਂ ਰਹਿੰਦੀਆਂ ਹਨ। ਕਿਉਂਕਿ ਕਦੇ ਈਸਾਈ ਸਲਤਨਤ ਦੇ ➪

ਉੱਨਤ ਬੁਰਜੂਆ ਸਮਾਜਾਂ ਅੰਦਰ ਵੀ ਧਨ ਦੇ ਜ਼ਖੀਰੇ ਅਜਿਹੇ ਸਮਿਆਂ ਵਿੱਚ, ਜਦੋਂ ਕਿ ਸਮਾਜਿਕ ਪਾਚਣ-ਅਮਲ ਵਿੱਚ ਉਭਾਰ ਆਏ ਹੁੰਦੇ ਹਨ, ਧਰਤੀ ਵਿੱਚ ਦੱਬ ਦਿੱਤੇ ਜਾਂਦੇ ਹਨ। ਇਹ ਸਮਾਜਿਕ ਇੱਕਮੁੱਠਤਾ ਨੂੰ ਇਸ ਦੇ ਬੱਝਵੇਂ ਰੂਪ ਵਿੱਚ, ਸਮਾਜਿਕ ਅੰਦੋਲਨ ਤੋਂ ਬਚਾਉਣ ਦਾ ਇੱਕ ਯਤਨ ਹੁੰਦਾ ਹੈ। ਜਿਣਸ-ਮਾਲਕ ਅੱਗੇ ਇਹ ਇੱਕਮੁੱਠਤਾ ਜਿਣਸ ਦੇ ਰੂਪ ਵਿੱਚ ਪੇਸ਼ ਹੁੰਦੀ ਹੈ ਅਤੇ ਜਿਣਸ ਦਾ ਉਚਿੱਤ ਸਾਕਾਰ ਰੂਪ ਧਨ ਹੈ। ਵਸਤਾਂ ਦੇ ਸਮਾਜਿਕ ਕੰਨ੍ਹੇ ਉਹਨਾਂ ਦੇ ਸਰੀਰਾਂ ਦੇ ਨਾਲ਼ ਹੀ ਧਰਤੀ ਵਿੱਚ ਦੱਬ ਦਿੱਤੇ ਜਾਂਦੇ ਹਨ।

ਜੇ ਜ਼ਖੀਰੇ ਚਲਨ ਦੇ ਨਾਲ਼ ਲਗਾਤਾਰ ਖਿੱਚੋ-ਤਾਣ ਦੀ ਸਥਿਤੀ ਵਿੱਚ ਨਾ ਹੁੰਦੇ, ਤਾਂ ਇਹ ਹੁਣ ਤੀਕ ਬੇਕਾਰ ਦੀ ਧਾਤ ਦਾ ਇੱਕ ਢੇਰ ਜਿਹਾ ਬਣ ਕੇ ਰਹਿ ਜਾਂਦੇ, ਇਸ ਦੀ ਧਨਵੀ ਆਤਮਾ ਕਦੋਂ ਦੀ ਲੋਪ ਹੋ ਗਈ ਹੁੰਦੀ ਅਤੇ ਚਲਨ ਦੀਆਂ ਬੁੱਝੀਆਂ ਸੁਆਹਾਂ ਤੋਂ ਬਿਨਾਂ ਕੁਝ ਵੀ ਨਾ ਬਚਿਆ ਹੁੰਦਾ; ਕੇਵਲ ਮਾਤਰ **ਤਲਛਟ** ਪਿੱਛੇ ਰਹੀ ਹੁੰਦੀ। ਧਨ, ਭਾਵ ਤਬਾਦਲਾ-ਕਦਰ ਜਿਸ ਨੇ ਇੱਕ ਸੁਤੰਤਰ ਵਜੂਦ ਧਾਰਿਆ ਹੁੰਦਾ ਹੈ, ਆਪਣੇ ਸੁਭਾਅ ਤੋਂ ਹੀ ਅਰੂਪ ਦੌਲਤ ਦਾ ਸਾਕਾਰ ਰੂਪ ਹੁੰਦਾ ਹੈ। ਪਰ ਦੂਜੇ ਪਾਸੇ, ਧਨ ਦੀ ਕੋਈ ਖਾਸ ਰਕਮ, ਕਦਰ ਦਾ ਇੱਕ ਮਿਕਦਾਰੀ ਤੌਰ 'ਤੇ ਸੀਮਿਤ ਵਿਸਥਾਰ ਹੁੰਦੀ ਹੈ। ਤਬਾਦਲਾ-ਕਦਰ ਦੀ ਮਿਕਦਾਰੀ ਸੀਮਾਬੰਦੀ ਇਸ ਦੀ ਸਿਫਤੀ ਵਿਆਪਕਤਾ ਨਾਲ਼ ਟਕਰਾਉਂਦੀ ਹੈ ਅਤੇ ਜ਼ਖੀਰੇਬਾਜ਼ੀ ਸੀਮਾਬੰਦੀ ਨੂੰ ਇੱਕ ਰੁਕਾਵਟ ਸਮਝਦਾ ਹੈ, ਜਿਹੜੀ ਕਿ ਅਸਲ ਵਿੱਚ ਇੱਕ ਸਿਫਤੀ ਰੁਕਾਵਟ ਵੀ ਬਣਦੀ ਹੈ, ਅਰਥਾਤ, ਜ਼ਖੀਰਾ, ਪਦਾਰਥਕ ਦੌਲਤ ਦਾ ਇੱਕ ਕੇਵਲ-ਮਾਤਰ ਸੀਮਿਤ ਚਿਤਰਣ ਹੀ ਰਹਿ ਜਾਂਦਾ ਹੈ। ਧਨ, ਵਿਆਪਕ ਸਮਾਨ-ਬਦਲ ਦੇ ਰੂਪ ਵਿੱਚ, ਜਿਵੇਂ ਕਿ ਅਸੀਂ ਪਿੱਛੇ ਦੇਖ ਆਏ ਹਾਂ, ਇੱਕ ਸਮਤੋਲ ਦੇ ਤੌਰ 'ਤੇ, ਸਿੱਧਿਆਂ ਪ੍ਰਗਟ ਹੋ ਸਕਦਾ ਹੈ, ਜਿਸ ਵਿੱਚ ਇਹ ਇੱਕ ਪਾਸਾ ਬਣਦਾ ਹੈ ਅਤੇ ਦੂਜਾ ਪੱਲੜਾ ਜਿਣਸਾਂ ਦਾ ਇੱਕ ਅੰਤਹੀਨ ਸਿਲਸਿਲਾ ਬਣਦਾ ਹੈ। ਜਿਸ ਹੱਦ ਤੀਕ ਤਬਾਦਲਾ-ਕਦਰ ਦੀ ਵਸੂਲੀ ਇਸ ਤਰ੍ਹਾਂ ਦੇ ਅਮੁੱਕ ਸਿਲਸਿਲੇ ਵਿੱਚ ਪਹੁੰਚ ਜਾਂਦੀ ਹੈ, ਦੂਜੇ ਸ਼ਬਦਾਂ ਵਿੱਚ; ਇਹ ਕਿੱਥੋਂ ਤੀਕ ਤਬਾਦਲਾ-ਕਦਰ ਦੀ ਧਾਰਨਾ ਨਾਲ਼ ਮੇਲ ਖਾਂਦੀ ਹੈ, ਇਹ ਇਸ ਦੇ ਵਿਸਤਾਰ 'ਤੇ ਨਿਰਭਰ ਕਰਦਾ ਹੈ। ਅਖੀਰ ਨੂੰ, ਤਬਾਦਲਾ-ਕਦਰ ਦੀ ਇਸ ਤਰ੍ਹਾਂ ਦੀ ਹਰਕਤ, ਇੱਕ ਸਵੈ-ਚਾਲਕ ਵਾਂਗ ਤਾਂ ਹੀ ਹੋ ਸਕਦੀ ਹੈ, ਜਦੋਂ ਇਸ ਦੀਆਂ ਮਿਕਦਾਰੀ ਸੀਮਾਵਾਂ ਦਾ ਵਿਸਥਾਰ ਹੋਵੇ। ਪਰ ਜ਼ਖੀਰੇ ਦੀਆਂ ਮਿਕਦਾਰੀ ਸੀਮਾਵਾਂ ਦੇ ਇੱਕ ਸੈੱਟ ਦੇ ਗੁਜ਼ਰ ਜਾਣ ਨਾਲ਼, ਨਵੀਆਂ ਪਾਬੰਦੀਆਂ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ, ਜਿਹੜੀਆਂ ਕਿ ਜਵਾਬੀ ਤੌਰ 'ਤੇ ਦੂਰ ਕਰਨੀਆਂ ਜ਼ਰੂਰੀ ਹਨ। ਜੋ ਇੱਕ ਪਾਬੰਦੀ

---

➪ ਇੱਕ ਭਾਗ ਵਿੱਚ ਧਨ ਘੱਟ ਹੁੰਦਾ ਹੈ, ਤੇ ਦੂਜੇ ਵਿੱਚ ਵੱਧ, ਕਦੇ ਇੱਕ ਦੇਸ਼ ਨੂੰ ਧਨ ਦੀ ਘਾਟ ਮਹਿਸੂਸ ਹੁੰਦੀ ਹੈ, ਜਦੋਂ ਕਿ ਦੂਜੇ ਵਿੱਚ ਇਹ ਬੇਪਨਾਹ ਮਿਲਦਾ ਹੈ। ਧਨ ਸਲਤਨਤ ਦੇ ਅੰਦਰ ਆਉਂਦਾ ਜਾਂਦਾ ਤੇ ਚੱਕਰ ਕੱਟਦਾ ਰਹਿੰਦਾ ਹੈ, ਪਰ ਤਾਂ ਵੀ ਰਹਿੰਦਾ ਤਾਂ ਇਸ ਦੀ ਸੀਮਾ ਦੇ ਅੰਦਰ ਹੀ ਹੈ। ਪਰ ਜੋ ਧਨ ਈਸਾਈ ਸਲਤਨਤ ਤੋਂ ਬਾਹਰ ਉੱਪਰ ਦੱਸੇ ਇਲਾਕਿਆਂ ਵਿੱਚ ਚਲੇ ਜਾਂਦੇ ਹਨ, ਉਹ ਬੱਸ ਹੱਥੋਂ ਨਿਕਲ ਜਾਂਦੇ ਹਨ ਅਤੇ ਮੁੜ ਵਾਪਸ ਨਹੀਂ ਆਉਂਦੇ।" (ਪੰਨਾ 19-20)।

ਨਜ਼ਰੀਂ ਪੈਂਦੀ ਹੈ, ਉਹ ਜ਼ਖੀਰੇ ਦੀ ਕੋਈ ਖਾਸ ਸੀਮਾ ਨਹੀਂ ਹੁੰਦੀ, ਬਲਕਿ ਉਸ ਦੀ ਕੋਈ ਇੱਕ ਸੀਮਾਬੰਦੀ ਹੁੰਦੀ ਹੈ। ਇਸ ਲਈ ਜ਼ਖੀਰਿਆਂ ਦੇ ਬਣਨ ਦੀਆਂ ਕੋਈ ਯਥਾਰਥੀ ਹੱਦਾਂ ਨਹੀਂ ਹਨ, ਆਪਣੇ ਆਪ ਵਿੱਚ ਕੋਈ ਸੀਮਾਵਾਂ ਨਹੀਂ ਹਨ, ਬਲਕਿ ਇੱਕ ਨਾ-ਮੁੱਕਣ ਵਾਲ਼ੀ ਕਿਰਿਆ ਹੈ, ਜਿਸ ਦਾ ਹਰ ਖਾਸ ਪਰਿਣਾਮ ਇੱਕ ਨਵੀਂ ਸ਼ੁਰੂਆਤ ਲਈ ਇੱਕ ਤੀਬਰ ਇੱਛਾ ਨੂੰ ਜਨਮ ਦੇਂਦਾ ਹੈ। ਹਾਲਾਂਕਿ ਜ਼ਖੀਰਾ ਤਾਂ ਹੀ ਵਧਾਇਆ ਜਾ ਸਕਦਾ ਹੈ, ਜੇ ਇਸ ਨੂੰ ਬਰਕਰਾਰ ਰੱਖਿਆ ਜਾਵੇ, ਦੂਜੇ ਪਾਸੇ, ਇਹ ਬਰਕਰਾਰ ਤਾਂ ਹੀ ਰਹਿ ਸਕਦਾ ਹੈ, ਜੇ ਇਹ ਵਧਦਾ ਰਹੇ।

ਧਨ, ਧਨਵਾਨ ਹੋਣ ਦੀ ਚਾਹਨਾ ਦਾ **ਇੱਕ** ਮੁੱਦਾਅ-ਮਾਤਰ ਨਹੀਂ ਹੈ, ਬਲਕਿ ਇਹ ਹੀ **ਸੰਪੂਰਨ** ਮੁੱਦਾਅ ਹੈ। ਇਹ ਚਾਹੁੰਣਾ ਲਾਜ਼ਮੀ ਤੌਰ 'ਤੇ **ਸੋਨੇ ਲਈ ਮਲਾਮਤੀ ਤਮ੍ਹਾਂ ਹੈ।** ਖਾਸ ਪਦਾਰਥਕ ਦੌਲਤ, ਭਾਵ ਇਸਤੇਮਾਲੀ ਕਦਰਾਂ, ਜਿਵੇਂ ਕਿ ਕੱਪੜੇ, ਗਹਿਣੇ, ਪਸ਼ੂਆਂ ਦੇ ਵੱਗ ਆਦਿ ਨੂੰ ਪ੍ਰਾਪਤ ਕਰਨ ਦੀ ਇੱਛਾ ਦੇ ਮੁਕਾਬਲੇ, ਧਨਵਾਨ ਬਣਨ ਦੀ ਲਾਲਸਾ ਦਾ ਪੈਦਾ ਹੋਣਾ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਦੌਲਤ ਆਪਣੇ ਤੌਰ 'ਤੇ ਕਿਸੇ ਖਾਸ ਵਸਤ ਰਾਹੀਂ ਸਾਹਮਣੇ ਆਉਂਦੀ ਹੈ ਅਤੇ ਇਸ ਤਰ੍ਹਾਂ ਉਸ ਨੂੰ ਇੱਕ ਖਾਸ ਜਿਣਸ ਦੇ ਤੌਰ 'ਤੇ ਸਾਂਭ ਕੇ ਰੱਖਿਆ ਜਾ ਸਕਦਾ ਹੈ। ਧਨ, ਇਸ ਤਰ੍ਹਾਂ, ਧਨਵਾਨ ਹੋਣ ਦੀ ਇੱਛਾ ਦੇ ਮੁੱਦਏ ਅਤੇ ਵਸੀਲੇ ਦੋਹਾਂ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ।* ਇਸ ਦਾ ਲੁਕਿਆ ਕਾਰਨ ਇਹ ਹਕੀਕਤ ਹੈ ਕਿ ਤਬਾਦਲਾ-ਕਦਰ ਆਪਣੇ ਆਪ ਵਿੱਚ ਹੀ ਉਦੇਸ਼ ਬਣ ਜਾਂਦੀ ਹੈ ਅਤੇ ਨਤੀਜੇ ਵਜੋਂ, ਤਬਾਦਲਾ-ਕਦਰ ਦਾ ਇੱਕ ਵਿਸਥਾਰ ਵੀ ਬਣ ਜਾਂਦਾ ਹੈ। ਲਾਲਚ ਜ਼ਖੀਰੇ ਨਾਲ਼ ਚੰਬੜ ਜਾਂਦਾ ਹੈ ਅਤੇ ਧਨ ਨੂੰ ਚਲਨ ਦਾ ਮਾਧਿਅਮ ਬਣਨ ਤੋਂ ਰੋਕਦਾ ਹੈ। ਪਰ ਸੋਨੇ ਦਾ ਲਾਲਚ, ਜ਼ਖੀਰੇ ਦੀ ਧਨਵੀ ਆਤਮਾ ਨੂੰ ਬਰਕਰਾਰ ਰੱਖਦਾ ਹੈ ਅਤੇ ਇਸ ਨੂੰ ਚਲਨ ਨਾਲ਼ ਲਗਾਤਾਰ ਟੱਕਰ 'ਤੇ ਲਾਈ ਰੱਖਦਾ ਹੈ।

ਜਿਹੜੀ ਸਰਗਰਮੀ ਜ਼ਖੀਰਿਆਂ ਦੇ ਢੇਰ ਲਾਉਂਦੀ ਹੈ, ਉਹ ਇੱਕ ਪਾਸੇ ਤਾਂ ਲਗਾਤਾਰ ਵਾਰ-ਵਾਰ ਦੀਆਂ ਵੇਚਾਂ ਰਾਹੀਂ ਚਲਨ ਵਿੱਚੋਂ ਧਨ ਨੂੰ ਖਿੱਚਦੀ ਹੈ ਅਤੇ ਦੂਜੇ ਪਾਸੇ, ਉਹ ਸਧਾਰਨ ਢੇਰਾਂ ਦੇ ਢੇਰ ਲਾਉਂਦੀ ਹੈ, **ਬੇਤਹਾਸ਼ਾ ਸੰਗ੍ਰਹਿ** ਕਰਦੀ ਹੈ। ਇਹ ਸੱਚਮੁੱਚ ਸਾਧਾਰਨ ਚਲਨ ਦਾ ਖੇਤਰ ਹੀ ਹੈ ਅਤੇ ਖਾਸ ਕਰਕੇ ਜ਼ਖੀਰਿਆਂ ਦੇ ਰੂਪ ਵਿੱਚ, ਜਿਸ ਤੋਂ ਦੌਲਤ ਦਾ ਆਪਣੇ ਤੌਰ 'ਤੇ ਸੰਗ੍ਰਹਿ ਦੇ ਦੂਜੇ ਅਖੌਤੀ ਰੂਪ, ਜਿਹਨਾਂ ਦੀ ਅਸੀਂ ਅੱਗੇ ਪੜਤਾਲ਼ ਕਰਾਂਗੇ, ਉਹ ਬਿਲਕੁਲ ਅਨੁਚਿਤ ਢੰਗ ਨਾਲ਼ ਅਤੇ ਕੇਵਲ ਧਨ ਦੇ ਸਾਧਾਰਨ ਸੰਗ੍ਰਹਿ ਦੀ ਤੁਲਨਾ ਵਿੱਚ ਹੀ, ਸੰਗ੍ਰਹਿ ਦੀ ਸ਼੍ਰੇਣੀ ਵਿੱਚ ਰੱਖੇ ਜਾਂਦੇ ਹਨ। ਹੋਰ ਸਾਰੀਆਂ ਜਿਣਸਾਂ, ਜਾਂ ਤਾਂ,

---

* "ਪਰ ਧਨ ਵਿੱਚੋਂ ਸਭ ਤੋਂ ਪਹਿਲਾਂ ਲਾਲਚ ਫੁੱਟਦਾ ਹੈ.... ਇਹ ਹੌਲੀ ਹੌਲੀ ਵਧਦਾ, ਪਾਗਲਪਨ ਦੀ ਮੰਜ਼ਲ ਤੱਕ ਅੱਪੜ ਜਾਂਦਾ ਹੈ, ਇਹ ਫੇਰ ਕੇਵਲ ਲੋਭ-ਲਾਲਚ ਹੀ ਨਹੀਂ ਰਹਿੰਦਾ, ਪਰ ਸੋਨੇ ਲਈ ਇੱਕ ਠੋਸ ਤ੍ਰਿਸ਼ਨਾ ਦਾ ਰੂਪ ਧਾਰ ਲੈਂਦਾ ਹੈ।" (ਪਿਲੀਨਿਯੂਸ, **ਹਿਸਟੋਰੀਆ ਨੈਚੁਰਲੀਜ਼** ਐਲ. XXXIII, ਸੀ. III) (ਅੰਗਰੇਜ਼ੀ ਅਨੁਵਾਦ ਪਲਿਨੀ ਦੀ **ਨੈਚਰੁਲ ਹਿਸਟਰੀ** ਜਿਲਦ IX ਪੁਸਤਕ XXXIII, ਪੰਨਾ 39-49 ਲੰਡਨ, 1952 ਵਿੱਚੋਂ ਲਿਆ ਗਿਆ ਹੈ।)।

ਇਸਤੇਮਾਲੀ ਕਦਰਾਂ ਦੇ ਤੌਰ 'ਤੇ ਸੰਗ੍ਰਹਿ ਹੁੰਦੀਆਂ ਹਨ ਅਤੇ ਇਸ ਸੂਰਤ ਵਿੱਚ, ਉਹਨਾਂ ਦਾ ਸੰਗ੍ਰਹਿ ਉਹਨਾਂ ਦੀ ਇਸਤੇਮਾਲੀ ਕਦਰ ਦੇ ਖ਼ਾਸ ਗੁਣਾਂ ਤੋਂ ਨਿਸ਼ਚਿਤ ਹੁੰਦਾ ਹੈ। ਮਿਸਾਲ ਵਜੋਂ, ਅਨਾਜ ਦੇ ਸੰਗ੍ਰਹਿ ਲਈ ਖ਼ਾਸ ਕਿਸਮ ਦੇ ਸਾਜ਼-ਸਾਮਾਨ ਦੀ ਲੋੜ ਹੁੰਦੀ ਹੈ; ਭੇਡਾਂ ਨੂੰ ਜੋੜਨ ਦਾ ਕੰਮ ਕਿਸੇ ਮਨੁੱਖ ਨੂੰ ਚਰਵਾਹਾ ਬਣਾ ਦੇਂਦਾ ਹੈ, ਗੁਲਾਮਾਂ ਅਤੇ ਧਰਤੀ ਨੂੰ ਸੰਗ੍ਰਹਿ ਕਰਨ ਦੀ ਕਿਰਿਆ ਗਲਬੇ ਅਤੇ ਗੁਲਾਮੀ ਦੇ ਸਬੰਧਾਂ ਨੂੰ ਜਨਮ ਦੇਂਦੀ ਹੈ ਅਤੇ ਇਸੇ ਤਰ੍ਹਾਂ ਹੋਰ, ਹੋਰ। ਵਸਤਾਂ ਦੇ ਸਾਧਾਰਨ ਤੌਰ 'ਤੇ ਢੇਰ ਲੱਗ ਜਾਣ ਤੋਂ ਉਲਟ, ਦੌਲਤ ਦੇ ਖਾਸ ਪ੍ਰਕਾਰ ਦੇ ਭੰਡਾਰਾਂ ਦੇ ਖੜ੍ਹੇ ਕਰਨ ਲਈ ਖਾਸ ਪ੍ਰਕਾਰ ਦੇ ਢੰਗਾਂ ਦੀ ਲੋੜ ਪੈਂਦੀ ਹੈ ਅਤੇ ਇਸ ਕਾਰਨ ਵਿਅਕਤੀ ਅੰਦਰ ਖਾਸ ਗੁਣਾਂ ਦਾ ਵਿਕਾਸ ਹੋ ਜਾਂਦਾ ਹੈ। ਜਾਂ, ਜਿਣਸਾਂ ਦੇ ਰੂਪ ਵਿੱਚ ਦੌਲਤ, ਤਬਾਦਲਾ-ਕਦਰ ਦੇ ਤੌਰ 'ਤੇ ਸੰਗ੍ਰਹਿ ਕੀਤੀ ਜਾ ਸਕਦਾ ਹੈ ਅਤੇ ਇਸ ਸੂਰਤ ਵਿੱਚ, ਸੰਗ੍ਰਹਿ-ਕਿਰਿਆ, ਇੱਕ ਵਪਾਰਕ ਜਾਂ ਖਾਸ ਕਿਸਮ ਦਾ ਆਰਥਿਕ ਕਾਰਜ ਬਣ ਜਾਂਦੀ ਹੈ। ਇਸ ਨਾਲ਼ ਵਾਹ ਰੱਖਣ ਵਾਲ਼ਾ ਕੋਈ ਅਨਾਜ ਦਾ ਵਪਾਰੀ ਬਣ ਜਾਂਦਾ ਹੈ, ਕੋਈ ਪਸ਼ੂਆਂ ਦਾ ਵਪਾਰੀ ਬਣ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੋਰ। ਸੋਨਾ ਅਤੇ ਚਾਂਦੀ, ਉਸ ਨੂੰ ਸੰਗ੍ਰਹਿ ਕਰਨ ਵਾਲ਼ੇ ਵਿਅਕਤੀ ਦੀ ਕਿਸੇ ਕਾਰਵਾਈ ਕਰਕੇ, ਧਨ ਦਾ ਰੂਪ ਨਹੀਂ ਲੈਂਦੇ, ਬਲਕਿ ਉਹ ਧਨ ਬਣਦੇ ਹਨ, ਚਲਨ-ਅਮਲ ਦੇ ਕਰਿਸਟਲਾਂ (ਰਵਿਆਂ) ਕਰਕੇ, ਜਿਹੜੇ ਕਿ ਸੰਗ੍ਰਹਿ ਕਰਤਾ ਦੀ ਸਹਾਇਤਾ ਤੋਂ ਬਿਨਾਂ ਹੀ ਹੋਂਦ ਵਿੱਚ ਆ ਜਾਂਦੇ ਹਨ। ਉਸ ਨੂੰ ਹੋਰ ਕੁਝ ਨਹੀਂ ਕਰਨਾ ਪੈਂਦਾ ਕਿ ਉਹ ਉਹਨਾਂ ਨੂੰ ਛਾਂਟਦਾ ਹੈ, ਇੱਕ ਪਾਸੇ ਕਰਕੇ ਉਹਨਾਂ ਦੇ ਢੇਰ ਲਾਈ ਜਾਂਦਾ ਹੈ – ਇਹ ਸਾਰੀ ਕਾਰਵਾਈ ਮੂਲੋਂ ਬੇਸਮਝੀ ਦੀ ਹੁੰਦੀ ਹੈ, ਜਿਸ ਨੂੰ ਕਿ ਜੇ ਕਿਸੇ ਹੋਰ ਜਿਣਸ ਉੱਪਰ ਲਾਗੂ ਕੀਤਾ ਜਾਵੇ, ਤਾਂ ਇਸ ਦਾ ਲਾਜ਼ਮੀ ਨਤੀਜਾ ਉਸ ਦੇ ਅਣਮੁੱਲਣ ਵਿੱਚ ਨਿਕਲੇਗਾ।*

---

* ਹੋਰੇਸ ਨੂੰ, ਇਸ ਲਈ ਖਜ਼ਾਨਿਆਂ ਦੇ ਜ਼ਖੀਰੇ ਕਰਨ ਦੇ ਫਲਸਫੇ ਦਾ ਉੱਕਾ ਪਤਾ ਨਹੀਂ, ਜਦੋਂ ਉਹ ਕਹਿੰਦਾ ਹੈ (**ਸਾਤੀਰ**. ਐੱਲ. II, ਸਾਤੀਰ III): ਜੇ ਕੋਈ ਆਦਮੀ ਸਾਰੰਗੀਆਂ ਖਰੀਦਦਾ ਹੈ ਅਤੇ ਖਰੀਦ ਖਰੀਦ ਕੇ ਉਹਨਾਂ ਦੇ ਢੇਰ ਲਾ ਦੇਂਦਾ ਹੈ, ਹਾਲਾਂਕਿ ਉਸ ਨੂੰ ਸਾਰੰਗੀਆਂ ਜਾਂ ਕਿਸੇ ਕਿਸਮ ਦੇ ਸੰਗੀਤ ਵਿੱਚ ਕੋਈ ਦਿਲਚਸਪੀ ਨਹੀਂ; ਜਾਂ ਜਿਵੇਂ ਜਦੋਂ ਕੋਈ ਮੋਚੀ ਦਾ ਕੰਮ ਨਹੀਂ ਕਰਦਾ, ਪਰ ਉਹ ਉਸ ਤਰ੍ਹਾਂ ਜੁੱਤੀਆਂ, ਚਾਕੂ ਅਤੇ ਕਲਬੂਤਾਂ ਖਰੀਦ ਕੇ ਢੇਰ ਲਾ ਲੈਂਦਾ ਹੈ, ਜਾਂ ਬਿਨਾਂ ਜਹਾਜ਼ੀ ਹੋਣ ਤੋਂ ਹੀ ਜਹਾਜ਼ ਦੇ ਬਾਦਬਾਨਾਂ ਦਾ ਸੌਦਾ ਕਰ ਲੈਂਦਾ ਹੈ – ਜਦੋਂ ਕਿ ਇਹ ਸਭ ਗੱਲਾਂ ਇੱਕ ਵਪਾਰੀ ਦੀ ਨਿਗਾਹ ਤੋਂ ਉਲਟ ਹਨ, ਤਾਂ ਹਰ ਕੋਈ ਅਜਿਹੇ ਆਦਮੀਆਂ ਨੂੰ ਪਾਗਲ ਤੇ ਮੂਰਖ ਕਹੇਗਾ ਅਤੇ ਇਹ ਕਹਿਣਾ ਠੀਕ ਵੀ ਹੋਵੇਗਾ। ਇਸ ਤਰ੍ਹਾਂ ਦੇ ਆਦਮੀਆਂ ਤੋਂ ਉਹ ਆਦਮੀ ਕਿਵੇਂ ਭਿੰਨ ਹੈ, ਜਿਹੜਾ ਸੋਨਾ ਅਤੇ ਚਾਂਦੀ ਦੇ ਢੇਰ ਲਾਈ ਜਾਂਦਾ ਹੈ, ਪਰ ਜਿਸ ਨੂੰ ਆਪਣੇ ਖਜ਼ਾਨੇ ਦੀ ਵਰਤੋਂ ਦਾ ਉੱਕਾ ਗਿਆਨ ਨਹੀਂ ਅਤੇ ਉਹ ਇਸ ਨੂੰ ਛੂਹਣੋਂ ਇਸ ਤਰ੍ਹਾਂ ਡਰਦਾ ਹੈ, ਜਿਵੇਂ ਕਿ ਉਹ ਭਿਟਿਆ ਜਾਵੇਗਾ।" (ਹੋਰੇਸ, **ਸਟਾਇਰਜ਼**, **ਅਪਿਸਟਲਜ਼**, **ਆਰਸ ਪੋਇਟਿਕਾ**, ਲੰਡਨ, 1942, ਪੰਨਾ 163)

ਮਿਸਟਰ ਸੇਨਿਓਰ ਨੂੰ ਇਸ ਵਿਸ਼ੇ ਦਾ ਜ਼ਿਆਦਾ ਗਿਆਨ ਹੈ:

"ਧਨ ਇੱਕੋ ਇੱਕ ਅਜਿਹਾ ਮੁੱਦਾ ਹੈ, ਜਿਸ ਲਈ ਇੱਛਾ ਸਰਬ-ਵਿਆਪਕ ਹੈ ਅਤੇ ਇਹ ਹੈ ਇਸ ਲਈ, ਕਿਉਂਕਿ ਧਨ ਇੱਕ **ਅਰੂਪ ਦੌਲਤ** ਹੈ। ਇਸ ਦਾ ਮਾਲਕ ਇੱਛਾ ਕਰਨ 'ਤੇ⇨

ਸਾਡਾ ਜ਼ਖੀਰੇਬਾਜ਼ ਤਬਾਦਲਾ-ਕਦਰ ਦੇ ਚਰਨਾਂ ਵਿੱਚ ਹੋਇਆ ਸ਼ਹੀਦ ਹੈ, ਇੱਕ ਪਹੁੰਚਿਆ ਹੋਇਆ ਮਹਾਤਮਾ ਹੈ, ਜਿਹੜਾ ਕਿ ਧਾਤ ਦੇ ਬਣੇ ਖੰਭੇ ਦੀ ਸਿਖਰ 'ਤੇ ਬਰਾਜਮਾਨ ਹੈ। ਇਹ ਧਨ ਦੀ ਚਿੰਤਾ ਕੇਵਲ ਇਸ ਦੇ ਸਮਾਜਿਕ ਰੂਪ ਵਿੱਚ ਹੀ ਕਰਦਾ ਹੈ ਅਤੇ ਇਸ ਲਈ ਇਸ ਨੂੰ ਸਮਾਜ ਦੀਆਂ ਅੱਖਾਂ ਤੋਂ ਦੂਰ ਰੱਖਦਾ ਹੈ। ਉਹ ਜਿਣਸਾਂ ਨੂੰ ਉਸ ਰੂਪ ਵਿੱਚ ਹੀ ਵੇਖਣਾ ਲੋਚਦਾ ਹੈ, ਜਿਸ ਵਿੱਚ ਉਹ ਸਦਾ ਚਲਨ ਵਿੱਚ ਰਹਿਣ ਅਤੇ ਇਸੇ ਲਈ ਉਹ ਇਹਨਾਂ ਨੂੰ ਚਲਨ ਵਿੱਚੋਂ ਕੱਢ ਲੈਂਦਾ ਹੈ। ਉਹ ਤਬਾਦਲਾ-ਕਦਰ ਦਾ ਉਪਾਸ਼ਕ ਹੈ ਅਤੇ ਇਸੇ ਕਰਕੇ, ਉਹ ਤਬਾਦਲਾ ਕਰਨ ਤੋਂ ਝਿਜਕਦਾ ਹੈ। ਦੌਲਤ ਦੇ ਤਰਲ ਰੂਪ ਅਤੇ ਇਸ ਦੀ ਕਠੋਰਤਾ, ਅੰਮ੍ਰਿਤ ਅਤੇ ਪਾਰਸ ਪੱਥਰ, ਇਹਨਾਂ ਸਭ ਨੂੰ ਇਸ ਤਰ੍ਹਾਂ ਰਲਗੱਡ ਕੀਤਾ ਜਾਂਦਾ ਹੈ, ਜਿਵੇਂ ਕਿ ਇਹ ਕੀਮੀਆਗਰ ਦੀਆਂ ਸਿੱਧੀਆਂ ਹਨ। ਉਸ ਦੀ ਭੋਗ ਭੋਗਣ ਦੀ ਖਿਆਲੀ ਅਥਾਹ ਇੱਛਾ, ਉਸ ਨੂੰ ਸਾਰੇ ਭੋਗਾਂ ਤੋਂ ਵਰਜਦੀ ਹੈ। ਕਿਉਂਕਿ ਉਹ ਸਾਰੀਆਂ ਸਮਾਜਿਕ ਲੋੜਾਂ ਨੂੰ ਪੂਰਿਆਂ ਕਰਨ ਦੀ ਇੱਛਾ ਰੱਖਦਾ ਹੈ, ਇਸ ਲਈ ਉਹ ਕਦੇ ਹੀ, ਸਭ ਤੋਂ ਵੱਧ ਜ਼ਰੂਰੀ ਸਰੀਰਕ ਲੋੜਾਂ ਨੂੰ ਪੂਰਿਆਂ ਕਰਦਾ ਹੈ। ਜ਼ਖੀਰੇਬਾਜ਼, ਜਦੋਂ ਦੌਲਤ ਦੀ ਧਾਤਵੀ ਸਥੂਲਤਾ ਨਾਲ਼ ਚੰਬੜਿਆ ਰਹਿੰਦਾ ਹੈ, ਪਰ ਨਾਲ਼ ਹੀ ਇਸ ਨੂੰ ਇੱਕ ਵਹਿਮ, ਕੋਰੀ ਮਾਇਆ ਦਾ ਰੂਪ ਦੇਈ ਜਾਂਦਾ ਹੈ। ਪਰ ਧਨ ਨੂੰ ਮਹਿਜ ਧਨ ਦੀ ਖਾਤਰ ਸੰਗ੍ਰਹਿ ਕਰਦੇ ਜਾਣਾ, ਅਸਲ ਵਿੱਚ ਉਵੇਂ ਹੈ, ਜਿਵੇਂ ਕਿ ਪੈਦਾਵਾਰ ਨੂੰ, ਪੈਦਾਵਾਰ ਦੀ ਖਾਤਰ ਹੀ ਕਰਨ ਦਾ ਜੰਗਲੀ ਰੂਪ, ਜਿਸ ਦਾ ਭਾਵ ਹੈ ਸਮਾਜਿਕ ਕਿਰਤ ਦੀਆਂ ਉਪਜ-ਸ਼ਕਤੀਆਂ ਨੂੰ ਪ੍ਰਚਲਤ ਲੋੜਾਂ ਦੀਆਂ ਹੱਦਾਂ ਤੋਂ ਪਰ੍ਹੇ ਵਿਕਸਿਤ ਕਰਨਾ। ਜਿਣਸਾਂ ਦੀ ਉਪਜ ਜਿਤਨੀ ਘੱਟ ਉੱਨਤ ਹੋਵੇਗੀ, ਜ਼ਖੀਰੇਬਾਜ਼ੀ ਭਾਵ ਤਬਾਦਲਾ-ਕਦਰ ਦੇ ਧਨ ਦੇ ਰੂਪ ਵਿੱਚ ਪ੍ਰਾਪਤ ਆਜ਼ਾਦ ਹੋਂਦ ਦੇ ਪਹਿਲੇ ਰੂਪ ਦੀ ਮਹੱਤਤਾ ਉਤਨੀ ਹੀ ਵੱਧ ਜਾਵੇਗੀ ਅਤੇ ਇਹੋ ਕਾਰਨ ਹੈ ਕਿ ਆਦਮ-ਕੌਮਾਂ ਦੇ ਵਿਚਕਾਰ ਅਤੇ ਏਸੀਆ ਅੰਦਰ ਅੰਦਰ ਅੱਜ ਵੀ ਅਤੇ ਸਮਕਾਲੀ ਜ਼ਰਾਇਤੀ ਕੌਮਾਂ ਵਿਚਕਾਰ, ਜਿੱਥੇ ਤਬਾਦਲਾ-ਕਦਰ ਅਜੇ ਸਾਰੇ ਉਪਜ-ਸਬੰਧਾਂ ਵਿੱਚ ਦਾਖਲ ਨਹੀਂ ਹੋਈ ਹੁੰਦੀ – ਇਸ ਦੀ ਇਹ ਅਹਿਮ ਭੂਮਿਕਾ ਹੁੰਦੀ ਹੈ। ਪਰ ਇਸ ਗੱਲ ਦੀ ਜਾਂਚ ਕਰਨ ਤੋਂ ਪਹਿਲਾਂ, ਕਿ ਜ਼ਖੀਰੇਬਾਜ਼ੀ ਧਾਤਵੀ ਸਿੱਕੇ ਦੇ ਮੁਕਾਬਲੇ ਕਿਹੜਾ ਵਿਸ਼ੇਸ਼ ਆਰਥਿਕ ਕਾਰਜ ਪੂਰਾ ਕਰਦੀ ਹੈ, ਆਓ ਅਸੀਂ ਜ਼ਖੀਰੇਬਾਜ਼ੀ ਦੇ ਇੱਕ ਹੋਰ ਰੂਪ ਦੀ ਜਾਣਕਾਰੀ ਕਰ ਲਈਏ।

ਸੋਨੇ ਅਤੇ ਚਾਂਦੀ ਦੀਆਂ ਵਸਤਾਂ, ਭਾਵੇਂ ਉਹਨਾਂ ਦੀਆਂ ਸੌਂਦਰਯ ਉਪਜਾਣ ਦੀਆਂ ਖਾਸੀਅਤਾਂ ਕੋਈ ਵੀ ਹੋਣ, ਧਨ ਵਿੱਚ ਬਦਲੀਆਂ ਜਾ ਸਕਦੀਆਂ ਹਨ, ਕਾਰਨ ਇਹ ਹੈ ਕਿ

---

⇨ ਹੀ ਆਪਣੀਆਂ ਲੋੜਾਂ ਦੀ ਪੂਰਤੀ ਕਰ ਲੈਂਦਾ ਹੈ, ਭਾਵੇਂ ਉਹ ਕੋਈ ਵੀ ਕਿਉਂ ਹੋਣ।" (**ਸਿਆਸੀ ਆਰਥਕਤਾ ਦੇ ਬੁਨਿਆਦੀ ਸਿਧਾਂਤ**, ਤਰਾਦੂਇਤ ਪਾਰ ਲੇ ਕਾਮਤੇ ਜੀਨ ਐਰੀਵੇਬੀਨ, ਪੈਰਿਸ, 1836, ਪੰਨਾ 221) (ਅੰਗਰੇਜ਼ੀ ਪੈਰਾ ਸੇਨਿਓਰ ਦੀ **ਪਾਲਿਟੀਕਲ ਇਕਾਨੋਮੀ**, 1850, ਪੰਨਾ 27 ਵਿੱਚੋਂ ਲਿਆ ਹੈ।) ਅਤੇ ਸਟਾਰਕ ਵੀ ਇਵੇਂ ਦੱਸਦਾ ਹੈ: "ਧਨ ਜਿਵੇਂ ਦੌਲਤ ਦੇ ਹੋਰ ਸਾਰੇ ਰੂਪਾਂ ਦੀ ਨੁਮਾਇੰਦਗੀ ਕਰਦਾ ਹੈ, ਇਸ ਲਈ ਸੰਸਾਰ ਉੱਪਰ ਮੌਜੂਦ ਦੌਲਤ ਦੇ ਹੋਰ ਸਾਰੇ ਰੂਪਾਂ ਨੂੰ ਪ੍ਰਾਪਤ ਕਰਨ ਦੀ ਜੇ ਤਮੰਨਾ ਹੈ, ਤਾਂ ਧਨ ਨੂੰ ਇਕੱਠਾ ਕਰ।" (ਓਪ. ਸਿਟ, ਟੀ. II, ਪੰਨਾ 135)।

ਇਹ ਉਸ ਪਦਾਰਥ ਤੋਂ ਬਣੀਆਂ ਹੁੰਦੀਆਂ ਹਨ, ਜਿਸ ਪਦਾਰਥ ਤੋਂ ਧਨ ਬਣਦਾ ਹੈ; ਜਿਵੇਂ ਕਿ ਸੋਨੇ ਦੇ ਸਿੱਕੇ ਅਤੇ ਸੋਨੇ ਦੀਆਂ ਛੜੀਆਂ ਨੂੰ ਅਜਿਹੀਆਂ ਵਸਤਾਂ ਵਿੱਚ ਬਦਲਿਆ ਜਾ ਸਕਦਾ ਹੈ। ਕਿਉਂਕਿ ਸੋਨਾ ਅਤੇ ਚਾਂਦੀ ਅਰੂਪ ਦੌਲਤ ਦੇ ਪਦਾਰਥ ਹਨ, ਇਸ ਲਈ ਠੋਸ ਇਸਤੇਮਾਲੀ ਕਦਰਾਂ ਦੇ ਤੌਰ 'ਤੇ ਉਹਨਾਂ ਦੀ ਵਰਤੋਂ, ਦੌਲਤ ਦਾ ਸਭ ਤੋਂ ਵੱਧ ਨਿੱਖਰਵਾਂ ਪ੍ਰਗਟਾਅ ਬਣ ਜਾਂਦੀ ਹੈ ਅਤੇ ਭਾਵੇਂ, ਉਪਜ ਦੇ ਖਾਸ ਪੜਾਵਾਂ ਤੇ ਜਿਣਸ ਮਾਲਕ, ਆਪਣੇ ਖਜ਼ਾਨਿਆਂ ਨੂੰ ਲੁਕਾ ਜਾਂਦਾ ਹੈ, ਪਰ ਦੂਜੇ ਜਿਣਸ-ਮਾਲਕਾਂ ਦੇ ਸਾਹਮਣੇ ਉਸ ਨੂੰ ਇਹਨਾਂ ਨੂੰ ਪ੍ਰਗਟ ਕਰਨਾ ਪੈਂਦਾ ਹੈ, ਤਾਂ ਜੋ ਉਹ ਦੱਸ ਸਕੇ ਕਿ ਉਹ ਇੱਕ ਧਨੀ ਆਦਮੀ ਹੈ। ਖਿਆਲ ਇਹ ਰੱਖਦਾ ਹੈ ਕਿ ਇਸ ਤੋਂ ਉਸਨੂੰ ਕੋਈ ਨੁਕਸਾਨ ਨਾ ਪੁੱਜੇ। ਉਹ ਆਪਣੇ ਆਪ ਨੂੰ ਤੇ ਆਪਣੇ ਘਰ ਨੂੰ ਸੋਨੇ ਨਾਲ਼ ਸਜਾਉਂਦਾ ਹੈ।*

ਏਸ਼ੀਆ, ਖਾਸ ਕਰਕੇ ਭਾਰਤ ਵਿੱਚ, ਜਿੱਥੇ ਬੁਰਜੂਆ ਅਰਥਚਾਰਿਆਂ ਵਾਂਗ, ਜ਼ਖੀਰਿਆਂ ਦਾ ਖੜ੍ਹੇ ਕੀਤੇ ਜਾਣਾ, ਪੈਦਾਵਾਰ ਦੀ ਸਾਰੀ ਮਸ਼ੀਨਰੀ ਵਿੱਚ ਕੋਈ ਮਾਤਹਿਤੀ ਵਾਲ਼ਾ ਰੋਲ ਅਦਾ ਨਹੀਂ ਕਰਦਾ, ਬਲਕਿ ਜਿੱਥੇ ਦੌਲਤ ਦੇ ਇਸ ਰੂਪ ਨੂੰ ਹੀ ਆਖਰੀ ਪ੍ਰਾਪਤੀ ਸਮਝਿਆ ਜਾਂਦਾ ਹੈ, ਉਥੇ ਸੋਨੇ ਅਤੇ ਚਾਂਦੀ ਦੀਆਂ ਵਸਤਾਂ, ਅਸਲ ਵਿੱਚ, ਸੌਂਦਰਯੀ ਰੂਪ ਵਿੱਚ ਜ਼ਖੀਰੇ ਹੀ ਹਨ। ਮੱਧਕਾਲੀ ਇੰਗਲੈਂਡ ਦਾ ਕਾਨੂੰਨ ਸੋਨੇ ਅਤੇ ਚਾਂਦੀ ਦੀਆਂ ਵਸਤਾਂ ਨੂੰ ਕੇਵਲ ਖਜ਼ਾਨਾ-ਜ਼ਖੀਰਿਆਂ ਦਾ ਹੀ ਇੱਕ ਰੂਪ ਮੰਨਦਾ ਸੀ, ਕਿਉਂਕਿ ਉਹਨਾਂ ਉੱਪਰ ਲੱਗੀ ਮੋਟੀ ਕਿਰਤ, ਉਹਨਾਂ ਦੀ ਕਦਰ ਵਿੱਚ ਕੋਈ ਵਾਧਾ ਨਹੀਂ ਕਰਦੀ ਸੀ। ਉਹ ਫੇਰ ਚਲਨ ਵਿੱਚ ਪਾਉਣ ਲਈ ਹੀ ਰੱਖੇ ਜਾਂਦੇ ਸਨ ਅਤੇ ਇਸ ਲਈ ਉਸ ਧਾਤ ਦੀ ਸ਼ੁੱਧੀ, ਜਿਸ ਤੋਂ ਉਹ ਬਣੀਆਂ ਹੁੰਦੀਆਂ ਸਨ, ਸਿੱਕਿਆਂ ਵਾਂਗ ਹੀ ਆਂਕੀ ਜਾਂਦੀ ਸੀ। ਇਹ ਹਕੀਕਤ ਕਿ ਜੇ ਦੌਲਤ ਵੱਧਦੀ ਹੈ, ਤਾਂ ਉਸ ਦੇ ਸਿੱਟੇ ਵਜੋਂ, ਅੱਯਾਸ਼ੀ ਵਸਤਾਂ ਦੇ ਰੂਪ ਵਿੱਚ ਸੋਨੇ ਅਤੇ ਚਾਂਦੀ ਦੀ ਵਰਤੋਂ ਵੀ ਵੱਧਦੀ ਹੈ।** ਇਤਨੀ ਸਧਾਰਨ ਗੱਲ ਹੈ ਕਿ ਪੁਰਾਣੇ ਜ਼ਮਾਨੇ ਦੇ ਵਿਚਾਰਕ ਇਸ ਨੂੰ ਸਾਫ ਤੌਰ 'ਤੇ ਸਮਝਦੇ ਸਨ, ਜਦੋਂ ਕਿ ਅੱਜ ਦੇ ਅਰਥਸ਼ਾਸਤਰੀ ਗਲਤ ਧਾਰਨਾ ਪੇਸ਼ ਕਰਦੇ ਹਨ, ਜਦੋਂ ਉਹ ਕਹਿੰਦੇ ਹਨ, ਚਾਂਦੀ ਅਤੇ ਸੋਨੇ ਦੀਆਂ ਵਸਤਾਂ ਦੀ ਵਰਤੋਂ ਉਸੇ ਅਨੁਪਾਤ ਨਾਲ਼ ਨਹੀਂ ਵਧਦੀ, ਜਿਸ ਨਾਲ਼ ਦੌਲਤ ਵੱਧਦੀ ਹੈ, ਬਲਕਿ ਇਹ ਕੀਮਤੀ ਧਾਤਾਂ ਦੀ ਕਦਰ ਵਿੱਚ ਹੋਣ ਵਾਲ਼ੀ ਗਿਰਾਵਟ ਦੇ ਅਨੁਪਾਤ ਨਾਲ਼ ਵਧਦੀ ਹੈ। ਇਸੇ ਕਾਰਨ, ਉਹਨਾਂ ਦੇ ਕੈਲੇਫੋਰਨਿਆਈ ਅਤੇ ਆਸਟਰੇਲੀਆਈ ਸੋਨੇ ਦੀ ਵਰਤੋਂ ਬਾਰੇ, ਹੋਰ ਪੱਖੋਂ, ਸਹੀ

* ਜਿਣਸਾਂ ਦੇ ਨਿੱਜੀ ਮਾਲਿਕ ਦਾ ਅੰਦਰਲਾ ਆਦਮੀ, ਅੱਜ ਵੀ ਜਦੋਂ ਉਹ ਸੱਭਿਅ ਹੋ ਗਿਆ ਹੈ ਅਤੇ ਸਰਮਾਏਦਾਰ ਬਣ ਚੁੱਕਾ ਹੈ, ਕਿੰਨਾ ਘੱਟ ਬਦਲਿਆ ਹੈ, ਇਸ ਦੀ ਮਿਸਾਲ ਇੱਕ ਕੌਮਾਂਤਰੀ ਬੈਂਕ-ਘਰ ਦੇ ਲੰਡਨੀ ਪ੍ਰਤੀਨਿੱਧ ਤੋਂ ਮਿਲੀ ਹੈ। ਇਸ ਭੱਦਰ-ਪੁਰਸ਼ ਨੇ ਆਪਣੀ ਖਾਨਦਾਨੀ ਨਿਸ਼ਾਨੀ ਦੇ ਰੂਪ ਵਿੱਚ 1,00,000 ਪੌਂਡ ਦੇ ਨੋਟ ਨੂੰ ਸ਼ੀਸ਼ੇ ਵਿੱਚ ਜੁੜਵਾ ਰੱਖਿਆ ਹੈ। ਇਸ ਮਿਸਾਲ ਵਿੱਚ ਨੁਕਤੇ ਵਾਲ਼ੀ ਗੱਲ ਉਹ ਹਸਾਉਣੀ ਤੇ ਬਨਾਉਟੀ ਸ਼ਾਨ ਹੈ, ਜਿਸ ਕਾਰਨ ਸ਼ੀਸ਼ੇ ਜੜਿਆ ਨੋਟ, ਚੱਲਣ ਉੱਪਰ ਘ੍ਰਿਣਾਭਰੀ ਦ੍ਰਿਸ਼ਟੀ ਨਾਲ਼ ਵੇਖਦਾ ਹੈ।

** ਐਗਜ਼ੈਨੋਫੋਨ ਵਿੱਚੋਂ ਅੱਗੇ ਦਿੱਤੇ ਹਵਾਲੇ ਵਾਲ਼ਾ ਪੈਰ੍ਹਾ ਵੇਖੋ।

ਬਿਆਨਾਂ ਵਿੱਚ ਵੀ, ਸਦਾ ਇੱਕ ਗਲਤੀ ਰਹਿੰਦੀ ਹੈ। ਕਿਉਂਕਿ ਉਹਨਾਂ ਦੇ ਵਿਚਾਰ ਵਿੱਚ, ਕੱਚੀ ਧਾਤ ਦੇ ਰੂਪ ਵਿੱਚ ਸੋਨੇ ਦੀ ਵਧੀ ਵਰਤੋਂ, ਇਸ ਦੀ ਕਦਰ ਵਿੱਚ ਉਸਦੇ ਬਰਾਬਰ ਦੀ ਆਈ ਗਿਰਾਵਟ ਜਾਇਜ਼ ਨਹੀਂ ਹੈ। ਅਮਰੀਕੀ ਬਸਤੀਆਂ ਅਤੇ ਸਪੇਨ ਵਿਚਕਾਰ ਹੋਈ ਲੜਾਈ ਦੇ ਫਲਰੂਪ ਅਤੇ ਇਨਕਲਾਬਾਂ ਕਾਰਨ ਖਾਣਾਂ ਦੇ ਕੰਮ ਵਿੱਚ ਜੋ ਰੋਕਾਂ ਪਈਆਂ, ਉਹਨਾਂ ਨਾਲ਼ 1810 ਅਤੇ 1830 ਵਿਚਕਾਰ ਕੀਮਤੀ ਧਾਤਾਂ ਦੀ ਔਸਤ ਸਾਲਾਨਾ ਉਪਜ ਵਿੱਚ ਅੱਧੇ ਤੋਂ ਵੱਧ ਦੀ ਕਮੀ ਆਈ। ਯੂਰਪ ਵਿੱਚ ਸਿੱਕੇ ਦੇ ਚਲਨ ਦੀ ਮਿਕਦਾਰ ਵਿੱਚ 1809 ਦੇ ਮੁਕਾਬਲੇ 1829 ਵਿੱਚ ਲਗਭਗ 1/6 ਦੀ ਕਮੀ ਆਈ, ਹਾਲਾਂਕਿ ਉਪਜ ਘਟੀ ਅਤੇ ਉਪਜ-ਲਾਗਤਾਂ (ਬਸ਼ਰਤੇ ਕਿ ਉਹ ਬਦਲੀਆਂ) ਵਧੀਆਂ, ਤਾਂ ਵੀ, ਇੰਗਲੈਂਡ ਅੰਦਰ ਜੰਗ ਦੇ ਦੌਰਾਨ ਵੀ ਅਤੇ ਪੈਰਿਸ ਦੀ ਸੰਧੀ ਪਿੱਛੋਂ, ਪੂਰੇ ਮਹਾਂਦੀਪ ਵਿੱਚ, ਕੀਮਤੀ ਧਾਤਾਂ ਦੀ ਅੱਯਾਸ਼ੀ ਸਾਧਨਾਂ ਰੂਪ ਵਿੱਚ ਵਰਤੋਂ, ਬੇਹੱਦ ਤੇਜ਼ੀ ਨਾਲ਼ ਵਧੀ। ਉਹਨਾਂ ਦੀ ਵਰਤੋਂ ਵਿੱਚ ਦੌਲਤ ਦੇ ਆਮ ਵਾਧੇ ਨਾਲ਼ ਵਾਧਾ ਹੋਇਆ।* ਇਸ ਨੂੰ ਇੱਕ ਆਮ ਨਿਯਮ ਮੰਨਿਆ ਜਾ ਸਕਦਾ ਹੈ ਕਿ ਸੋਨੇ ਅਤੇ ਚਾਂਦੀ ਦੇ ਸਿੱਕਿਆਂ ਦੀ ਅੱਯਾਸ਼ੀ-ਮਾਲਾਂ ਵਿੱਚ ਬਦਲੀ ਬਹੁਤ ਕਰਕੇ ਸ਼ਾਂਤੀ ਕਾਲ ਵਿੱਚ ਹੁੰਦੀ ਹੈ, ਜਦੋਂ ਕਿ, ਜੰਗਾਂ ਦੇ ਹਾਲਤ ਵਿੱਚ, ਮੁੜ ਇਹ ਮਾਲ ਬਹੁਤ ਕਰਕੇ ਛੜਾਂ ਅਤੇ ਸਿੱਕਿਆਂ ਵਿੱਚ ਬਦਲ ਜਾਂਦੇ ਹਨ।** ਸੋਨੇ ਅਤੇ ਚਾਂਦੀ ਦੇ ਭੰਡਾਰਾਂ ਦਾ ਕਿੰਨਾ ਅਨੁਪਾਤ ਅੱਯਾਸ਼ੀ ਸਾਧਨਾਂ ਦੇ ਰੂਪ ਵਿੱਚ ਰਹਿੰਦਾ ਹੈ ਅਤੇ ਕਿੰਨਾ ਧਨ ਦੇ ਤੌਰ ’ਤੇ ਵਰਤਿਆ ਜਾਂਦਾ ਹੈ, ਇਸ ਦਾ ਅਨੁਮਾਨ ਇਸ ਗੱਲ ਤੋਂ ਲੱਗ ਸਕਦਾ ਹੈ ਕਿ 1829 ਵਿੱਚ ਜੈਕੋਬ ਅਨੁਸਾਰ, ਇੰਗਲੈਂਡ ਅੰਦਰ ਇਹ ਅਨੁਪਾਤ 2 ਤੇ 1 ਸੀ ਜਦੋਂ ਕਿ ਸਾਰੇ ਯੂਰਪ ਤੇ ਅਮਰੀਕਾ ਵਿੱਚ 25 ਫੀਸਦੀ ਵੱਧ ਕੀਮਤੀ ਧਾਤ ਸਿੱਕਿਆਂ ਦੀ ਨਿਸਬਤ ਅੱਯਾਸ਼ੀ ਮਾਲਾਂ ’ਤੇ ਵਰਤੀ ਜਾਂਦੀ ਸੀ।

ਅਸੀਂ ਵੇਖ ਚੁੱਕੇ ਹਾਂ ਕਿ ਧਨ ਦਾ ਚਲਨ, ਕੇਵਲ ਮਾਤਰ ਜਿਣਸਾਂ ਦੇ ਰੂਪ-ਬਦਲ ਦਾ ਹੀ ਇੱਕ ਪ੍ਰਗਟਾਅ ਹੈ, ਜਾਂ ਕਿ ਉਸ ਤਬਦੀਲੀ ਦਾ ਜਿਹੜੀ ਕਿ ਸਮਾਜਿਕ ਹਾਜ਼ਮੇ ਦੇ ਨਾਲ਼ੋਂ ਨਾਲ਼ ਆਉਂਦੀ ਹੈ। ਇਸ ਲਈ ਚਲਨ ਵਿੱਚ ਦੇ ਸੋਨੇ ਦੀ ਕੁੱਲ ਮਿਕਦਾਰ, ਚਲਨ ਵਿੱਚ ਦੀਆਂ ਜਿਣਸਾਂ ਦੀ ਬਦਲਵੀਂ ਕੁੱਲ ਕੀਮਤ ਦੇ ਅਨੁਸਾਰ, ਲਗਾਤਾਰ ਵੱਧਦੀ ਘੱਟਦੀ ਰਹਿਣੀ ਚਾਹੀਦੀ ਹੈ। ਜਿਸ ਦਾ ਅਰਥ ਹੈ ਕਿ ਇੱਕ ਪਾਸੇ ਤਾਂ, ਉਹਨਾਂ ਦੇ ਰੂਪ-ਬਦਲ ਦੀ ਮਿਕਦਾਰ ਅਨੁਸਾਰ, ਜਿਹੜੀ ਨਾਲ਼ੋਂ ਨਾਲ਼ ਹੁੰਦੀ ਰਹਿੰਦੀ ਹੈ ਅਤੇ ਦੂਜੇ ਪਾਸੇ, ਉਹਨਾਂ ਦੀ ਤਬਦੀਲੀ ਦੀ ਚਾਲੂ ਰਫਤਾਰ ਦੇ ਅਨੁਸਾਰ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਕਿਸੇ ਖਾਸ ਦੇਸ਼ ਅੰਦਰਲੇ ਚਲਨ ਵਿੱਚ ਜੇ ਧਨ ਦੀ, ਕੁੱਲ ਧਨ ਨਾਲ਼, ਨਿਸਬਤ, ਲਗਾਤਾਰ ਬਦਲਦੀ

---

* ਜੈਕੋਬ, ਓਪ. ਸਿਟ. ਜਿਲਦ II, ਸੀ. ਐੱਚ., 25 ਤੇ 26।

** “ਭਾਰੀ ਅੰਦੋਲਨ ਅਤੇ ਅਸੁਰੱਖਿਆ, ਖਾਸ ਕਰਕੇ ਦੇਸ਼ ਅੰਦਰਲੇ ਝਗੜਿਆਂ ਜਾਂ ਹਮਲਿਆਂ ਦੇ ਦਿਨਾਂ ਵਿੱਚ, ਸੋਨੇ ਚਾਂਦੀ ਦੀਆਂ ਵਸਤਾਂ ਬੜੀ ਤੇਜ਼ੀ ਨਾਲ਼ ਧਨ ਵਿੱਚ ਬਦਲੀਆਂ ਜਾਂਦੀਆਂ ਹਨ, ਜਦੋਂ ਕਿ ਸ਼ਾਂਤੀ ਅਤੇ ਖੁਸ਼ਹਾਲੀ ਦੇ ਦਿਨਾਂ ਵਿੱਚ ਧਨ ਨੂੰ ਪਲੇਟ ਅਤੇ ਗਹਿਣੇ ਗੱਟਿਆਂ ਵਿੱਚ ਬਦਲਿਆ ਜਾਂਦਾ ਹੈ।” (ਓਪ. ਸਿਟ. ਜਿਲਦ II, ਪੰਨਾ 357)।

ਰਹਿੰਦੀ ਹੈ। ਜ਼ਖੀਰਿਆਂ ਦੇ ਖੜ੍ਹੇ ਹੋ ਜਾਣ ਦੀ ਕ੍ਰਿਪਾ ਨਾਲ਼ ਇਹ ਸ਼ਰਤ ਪੂਰੀ ਹੋ ਜਾਂਦੀ ਹੈ। ਜੇ ਕੀਮਤਾਂ ਗਿਰਦੀਆਂ ਹਨ ਜਾਂ ਚਲਨ-ਰਫਤਾਰ ਵੱਧ ਜਾਂਦੀ ਹੈ, ਤਾਂ ਚਲਨ ਦੇ ਖੇਤਰ ਵਿੱਚੋਂ ਕੱਢੇ ਧਨ ਨੂੰ ਜ਼ਖੀਰੇਬਾਜ਼ਾਂ ਦੇ ਗੋਦਾਮ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਜੇ ਕੀਮਤਾਂ ਚੜ੍ਹਦੀਆਂ ਹਨ, ਜਾਂ ਚਲਨ-ਰਫਤਾਰ ਮੱਧਮ ਪੈਂਦੀ ਹੈ, ਤਾਂ ਇਹਨਾਂ ਜ਼ਖੀਰਿਆਂ ਦੇ ਫਾਟਕ ਖੁੱਲ੍ਹ ਜਾਂਦੇ ਹਨ ਅਤੇ ਉਹਨਾਂ ਵਿਚਲਾ ਕੁਝ ਭਾਗ ਮੁੜ ਚਲਨ-ਧਾਰਾ ਵਿੱਚ ਚਲਾ ਜਾਂਦਾ ਹੈ। ਚਲਨ-ਧਨ ਦਾ ਜ਼ਖੀਰਿਆਂ ਦੇ ਰੂਪ ਵਿੱਚ ਠੋਸ ਬਣਾਇਆ ਜਾਣਾ ਅਤੇ ਜ਼ਖੀਰਿਆਂ ਨੂੰ ਚਲਨ-ਧਾਰਾ ਵਿੱਚ ਵਗਾਉਣਾ ਇੱਕ ਲਗਾਤਾਰ ਦਾ ਬਦਲਵਾਂ ਅਤੇ ਘੁਮਾਊ ਅੰਦੋਲਨ ਹੈ ਅਤੇ ਇਹਨਾਂ ਵਿੱਚੋਂ ਇੱਕ ਜਾਂ ਦੂਜੇ ਰੁਝਾਨ ਦੀ ਮੌਜੂਦਗੀ ਬਾਰੇ ਨਿਸਚਾ ਜਿਣਸਾਂ ਦੇ ਚਲਨ ਵਿੱਚ ਆਈਆਂ ਤਬਦੀਲੀਆਂ ਤੋਂ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਜ਼ਖੀਰੇ, ਚਲਨ-ਧਨ ਦੀ ਸਪਲਾਈ ਜਾਂ ਨਿਕਾਸੀ ਮਾਰਗਾਂ ਦੇ ਰੂਪ ਵਿੱਚ ਕੰਮ ਕਰਦੇ ਹਨ, ਤਾਂ ਜੋ ਸਿੱਕੇ ਦੇ ਰੂਪ ਵਿੱਚ ਚਾਲੂ ਧਨ ਦੀ ਮਿਕਦਾਰ ਸਦਾ ਚਲਨ ਦੀਆਂ ਫੌਰੀ ਲੋੜਾਂ ਦੇ ਬਿਲਕੁਲ ਬਰਾਬਰ ਰਹੇ। ਜੇਕਰ ਚਲਨ ਦੀ ਕੁੱਲ ਮਿਕਦਾਰ ਚਾਣ-ਚੱਕ ਪਸਰ ਜਾਂਦੀ ਹੈ ਅਤੇ ਵੇਚ ਤੇ ਖਰੀਦ ਦੀ ਤਰਲ ਏਕਤਾ ਹਾਵੀ ਹੋ ਜਾਂਦੀ ਹੈ, ਜਿਸ ਨਾਲ਼ ਵਸੂਲ ਕੀਤੀਆਂ ਜਾਣ ਵਾਲੀਆਂ ਕੀਮਤਾਂ ਦੀ ਕੁੱਲ ਰਕਮ ਧਨ ਦੀ ਚਲਨ-ਰਫਤਾਰ ਨਾਲ਼ੋਂ ਵੱਧ ਤੇਜ਼ੀ ਨਾਲ਼ ਵਧਦੀ ਹੈ, ਤਾਂ ਜ਼ਖੀਰੇ ਬਹੁਤ ਬੁਰੀ ਤਰ੍ਹਾਂ ਨਾਲ਼ ਡਗਮਗਾਂਦੇ ਹਨ। ਜਦੋਂ ਕਦੀ ਸਾਰੇ ਅੰਦੋਲਨ ਵਿੱਚ ਇੱਕ ਅਸਾਧਾਰਨ ਖੜ੍ਹੋਤ ਵਾਪਰਦੀ ਹੈ, ਅਰਥਾਤ ਵੇਚ ਤੋਂ ਖਰੀਦ ਦੀ ਅਲਹਿਦਗੀ ਹਾਵੀ ਹੋ ਜਾਂਦੀ ਹੈ, ਉਦੋਂ ਚਲਨ-ਮਾਧਿਅਮ ਇੱਕ ਬੜੇ ਪੈਮਾਨੇ ’ਤੇ ਧਨ ਰੂਪ ਵਿੱਚ ਠੋਸ ਹੋ ਜਾਂਦਾ ਹੈ ਅਤੇ ਜ਼ਖੀਰੇਬਾਜ਼ਾਂ ਦੇ ਭੰਡਾਰ ਆਪਣੇ ਔਸਤ ਪੱਧਰ ਤੋਂ ਕਿਤੇ ਉੱਪਰ ਤੱਕ ਭਰ ਜਾਂਦੇ ਹਨ। ਉਹਨਾਂ ਦੇਸ਼ਾਂ ਅੰਦਰ, ਜਿੱਥੇ ਸ਼ੁੱਧ ਧਾਤਵੀ ਸਿੱਕਾ ਪ੍ਰਚਲਤ ਹੈ, ਜਾਂ ਜਿਹੜੇ ਪੈਦਾਵਾਰ ਦੇ ਵਿਕਾਸ ਦੇ ਆਰੰਭਕ ਮੰਜ਼ਲ ’ਤੇ ਹਨ, ਉਹਨਾਂ ਅੰਦਰ ਜ਼ਖੀਰੇ ਬਹੁਤ ਹੀ ਛਿੱਤਰੇ ਛਿੱਤਰੇ ਅਤੇ ਦੇਸ਼ ਭਰ ਵਿੱਚ ਵਿੱਖਰੇ ਹੁੰਦੇ ਹਨ, ਜਦੋਂ ਕਿ ਉੱਨਤ ਸਰਮਾਏਦਾਰ ਦੇਸ਼ਾਂ ਅੰਦਰ ਉਹ ਬੈਂਕਾਂ ਦੇ ਭੰਡਾਰਾਂ ਵਿੱਚ ਕੇਂਦਰਤ ਹੋਏ ਹੁੰਦੇ ਹਨ। ਜ਼ਖੀਰਿਆਂ ਨੂੰ ਗਲਤੀ ਨਾਲ਼ ਸਿੱਕਿਆਂ ਦੇ ਰਿਜ਼ਰਵ ਫੰਡ ਨਹੀਂ ਸਮਝ ਲੈਣਾ ਚਾਹੀਦਾ, ਜਿਹੜੇ ਕਿ ਸਦਾ ਚਲਨ ਵਿੱਚ ਰਹਿਣ ਵਾਲ਼ੇ ਧਨ ਦੀ ਕੁੱਲ ਰਕਮ ਦਾ ਇੱਕ ਜੁੜਵਾਂ ਅਨਸਰ ਬਣਾਉਂਦੇ ਹਨ, ਜਦੋਂ ਕਿ ਜ਼ਖੀਰੇ ਅਤੇ ਚਲਨ-ਮਾਧਿਅਮ ਦਾ ਸਰਗਰਮ ਸਬੰਧ ਪਹਿਲਾਂ ਤੋਂ ਮੰਨ ਕੇ ਚੱਲਦਾ ਹੈ ਕਿ ਧਨ ਦੀ ਕੁੱਲ ਰਕਮ ਘੱਟਦੀ ਜਾਂ ਵੱਧਦੀ ਰਹਿੰਦੀ ਹੈ। ਜਿਵੇਂ ਕਿ ਅਸੀਂ ਪਿੱਛੇ ਦੇਖ ਆਏ ਹਾਂ, ਸੋਨੇ ਅਤੇ ਚਾਂਦੀ ਦੀਆਂ ਵਸਤਾਂ ਕੀਮਤੀ ਧਾਤਾਂ ਦੀ ਨਿਕਾਸੀ ਦੇ ਮਾਰਗ ਅਤੇ ਸਪਲਾਈ ਦੇ ਗੁਪਤ ਸੋਮੇ, ਦੋਵੇਂ, ਬਣਦੀਆਂ ਹਨ। ਸਾਧਾਰਨ ਹਾਲਾਤ ਵਿੱਚ, ਪਹਿਲਾ ਕਾਰਜ ਹੀ, ਧਾਤਵੀ ਸਿੱਕੇ ਦੇ ਅਰਥਚਾਰੇ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ।*

* ਅਗਲੇ ਪੈਰ੍ਹੇ ਵਿੱਚ **ਐਗਜ਼ੈਨੋਫੋਨ** ਧਨ ਅਤੇ ਜ਼ਖੀਰੇ, ਧਨ ਦੇ ਦੋ ਖਾਸ ਅਤੇ ਪ੍ਰਤੱਖ ਪੱਖਾਂ ’ਤੇ ਵਿਚਾਰਾਂ ਕਰਦਾ ਹੈ: “ਸਾਰੇ ਕਾਰਜਾਂ ਵਿੱਚੋਂ, ਜਿਹਨਾਂ ਤੋਂ ਮੈਂ ਜਾਣੂੰ ਹਾਂ, ਇਹੋ ਇੱਕ ਅਜਿਹਾ ਹੈ, ਜਿਸ ਵਿੱਚ ਸਨਅਤ ਦੇ ਅੱਗੇ ਵਿਕਾਸ ਨਾਲ਼ ਕਿਸੇ ਪ੍ਰਕਾਰ ਦਾ ਸਾੜਾ ਪੈਦਾ ਨਹੀਂ ਹੁੰਦਾ—ਕੱਚੀ⇨

## ਅ. ਅਦਾਇਗੀ ਸਾਧਨ

ਹੁਣ ਤੀਕ, ਧਨ ਦੇ ਦੋ ਰੂਪਾਂ, ਜਿਹੜੇ ਕਿ ਚਲਨ-ਮਾਧਿਅਮ ਤੋਂ ਵੱਖਰੇ ਹਨ, ਦਾ ਵਿਚਾਰ ਹੋਇਆ ਹੈ, ਅਰਥਾਤ, **ਨਿਲੰਬਤ ਸਿੱਕੇ** ਅਤੇ **ਜ਼ਖੀਰੇ**। ਪਹਿਲਾ ਰੂਪ, ਸਿੱਕਿਆਂ ਦੀ ਧਨ ਵਿੱਚ ਅਸਥਾਈ ਬਦਲੀ, ਇਸ ਹਕੀਕਤ ਦੀ ਝਲਕ ਦੇਂਦੀ ਹੈ ਕਿ ਚਲਨ ਦੇ ਕਿਸੇ ਖਾਸ ਖੇਤਰ ਵਿੱਚ, ਜ-ਧ-ਜ ਸੂਤਰ ਦੇ ਦੂਜੇ ਅੰਗ, ਭਾਵ ਧ-ਜ ਵਿੱਚ ਵੇਚ ਨੂੰ ਅੱਗੋਂ ਪਿੱਛੋਂ ਦੀਆਂ ਵੇਚਾਂ ਦੇ ਸਿਲਸਿਲੇ ਵਿੱਚ ਟੁੱਟਣਾ ਚਾਹੀਦਾ ਹੈ। ਪਰ ਜ਼ਖੀਰੇਬਾਜ਼ੀ, ਜਾਂ ਤਾਂ ਆਮ ਕਰਕੇ ਜ-ਧ ਸੌਦੇ ਦੀ ਅਲਹਿਦਗੀ ਦੇ ਕਾਰਨ ਹੁੰਦੀ ਹੈ, ਜਿਹੜਾ ਕਿ ਧ-ਜ ਤੱਕ ਨਹੀਂ ਵੱਧਦਾ, ਜਾਂ ਫੇਰ ਇਹ ਕੇਵਲ ਜਿਣਸਾਂ ਦੇ ਪਹਿਲੇ ਰੂਪ-ਬਦਲ, ਧਨ, ਦਾ ਸੁਤੰਤਰ ਵਿਕਾਸ ਹੁੰਦਾ ਹੈ, ਜਾਂ ਫੇਰ ਇਹ ਚਲਨ-ਵਸੀਲਿਆਂ ਤੋਂ ਵੱਖਰਾ, ਸਾਰੀਆਂ ਜਿਣਸਾਂ ਦੀ ਹੋਂਦ ਦਾ ਓਪਰਾ ਰੂਪ ਹੁੰਦਾ ਹੈ, ਜਿਹੜਾ ਕਿ ਜਿਣਸ ਦੇ ਸਦਾ ਵਿਕਣਯੋਗ ਰੂਪ ਦੀ ਨੁਮਾਇੰਦਗੀ ਕਰਦਾ ਹੈ। ਰਿਜ਼ਰਵ ਅਤੇ ਜ਼ਖੀਰਿਆ ਵਿੱਚ ਰੱਖਿਆ ਸਿੱਕਾ, ਧਨ ਕੇਵਲ ਚਲਨ ਦੇ ਗੈਰ-ਵਸੀਲਿਆਂ ਦੇ ਰੂਪ ਵਿੱਚ ਹੀ ਬਣਦਾ ਹੈ ਅਤੇ ਕੇਵਲ ਚਲਨ ਦੇ ਗੈਰ-ਵਸੀਲੇ ਹੀ ਕਿਉਂ ਹੁੰਦਾ ਹੈ, ਕਿਉਂਕਿ ਉਹ ਚਲਨ

---

⇒ ਧਾਤ ਦੀ ਜਿੰਨੀ ਹੀ ਵੱਧ ਮਾਤਰਾ ਦਾ ਪਤਾ ਲੱਗਦਾ ਹੈ, ਉਤਨੀ ਹੀ ਵੱਧ ਮਾਤਰਾ ਵਿੱਚ ਚਾਂਦੀ ਨਿਕਲਣ ਲੱਗਦੀ ਹੈ, ਉਤਨੀ ਹੀ ਵੱਧ ਸੰਖਿਆ ਵਿੱਚ ਵਿਅਕਤੀ ਇਸ ਕਾਰਜ ਵਿੱਚ ਲੱਗਣ ਨੂੰ ਤਿਆਰ ਮਿਲਦੇ ਹਨ...। ਜਿਸ ਦੇ ਘਰ ਵਿੱਚ ਅੱਗੇ ਹੀ ਬਹੁਤ ਕਾਫ਼ੀ ਫਰਨੀਚਰ ਹੁੰਦਾ ਹੈ, ਉਹ ਕਦੇ ਇਸ ਪਾਸੇ ਹੋਰ ਖਰੀਦਾਂ ਕਰਨ ਦੀ ਗੱਲ ਨਹੀਂ ਸੋਚਦਾ, ਪਰ ਚਾਂਦੀ ਦਾ ਇਹ ਮਾਮਲਾ ਹੈ ਕਿ ਕੋਈ ਅਜੇ ਤੀਕ ਉਸ ਹੱਦ ’ਤੇ ਨਹੀਂ ਪੁੱਜਾ, ਜਿੱਥੇ ਉਹ ਇਹ ਕਹਿਣ ਨੂੰ ਮਜਬੂਰ ਹੋ ਜਾਵੇ ਕਿ “ਬੱਸ ਕਰੋ! ਹੋਰ ਨਹੀਂ ਚਾਹੀਦੀ।” ਇਸ ਤੋਂ ਉਲਟ, ਜੇ ਕਦੇ ਕਿਸੇ ਦੇ ਕਬਜ਼ੇ ਵਿੱਚ ਸਾਧਾਰਨ ਤੋਂ ਵੱਧ ਚਾਂਦੀ ਆ ਜਾਂਦੀ ਹੈ ਤਾਂ ਉਸ ਨੂੰ ਇਤਨੀ ਖੁਸ਼ੀ ਹੁੰਦੀ ਹੈ ਕਿ ਉਹ ਜ਼ਮੀਨ ਵਿੱਚ ਇੱਕ ਟੋਆ ਪੁੱਟਦਾ ਹੈ ਅਤੇ ਉਸ ਵਿੱਚ ਇਸ ਦਾ ਜ਼ਖੀਰਾ ਦੱਬ ਕੇ ਉਸ ਨੂੰ ਅਜਿਹਾ ਸੰਤੋਸ਼ ਹੁੰਦਾ ਹੈ, ਜਿਵੇਂ ਉਹ ਹੁਣ ਉਸ ਦੀ ਸੇਵਾਦਾਰੀ ਵਿੱਚ ਲੱਗ ਗਈ ਹੋਵੇ। ਜਦੋਂ ਕੋਈ ਰਾਜ ਖੁਸ਼ਹਾਲ ਹੁੰਦਾ ਹੈ, ਤਾਂ ਉੱਥੋਂ ਦੇ ਲੋਕ ਸਭ ਤੋਂ ਵੱਧ ਜੋ ਕੁਝ ਲੋਚਦੇ ਹਨ, ਉਹ ਚਾਂਦੀ ਹੁੰਦੀ ਹੈ। ਲੋਕਾਂ ਨੂੰ ਧਨ ਦੀ ਲੋੜ ਸੁੰਦਰ ਹਥਿਆਰਾਂ ਅਤੇ ਘੋੜਿਆਂ, ਘਰਾਂ ਅਤੇ ਅਨੇਕ ਪ੍ਰਕਾਰ ਦੇ ਕੀਮਤੀ ਨਿੱਕ-ਸੁੱਕ ’ਤੇ ਖਰਚ ਕਰਨ ਲਈ ਹੁੰਦੀ ਹੈ। ਇਸਤਰੀਆਂ ਦਾ ਸ਼ੌਕ ਕੀਮਤੀ ਲੀੜੇ-ਲੱਤੇ ਅਤੇ ਸੋਨੇ ਦੇ ਗਹਿਣੇ-ਗੱਟੇ ਬਣਾਉਣ ਦਾ ਹੁੰਦਾ ਹੈ। ਜਾਂ ਜਦੋਂ ਰਾਜ ਕਮਜ਼ੋਰ ਪੈ ਜਾਣ, ਭਾਵੇਂ ਅਨਾਜਾਂ ਜਾਂ ਫਲਾਂ ਦੇ ਮਾਰੇ ਜਾਣ ਕਰਕੇ, ਉਸ ਵੇਲ਼ੇ ਜ਼ਰੂਰੀ ਲੋੜਾਂ ਜਾਂ ਫੌਜੀ ਖਰਚਿਆਂ ਨੂੰ ਪੂਰਿਆਂ ਕਰਨ ਲਈ ਚਾਲੂ ਸਿੱਕੇ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ।” (ਹਾਲਾਂ ਧਰਤੀ ਅਣ-ਉਪਜਾਊ ਪਈ ਹੁੰਦੀ ਹੈ।) (ਐਗਜ਼ਾਨੋਫੋਨ ਦਾ **ਵੈਕਤੀਗਲੀਬਸ**, ਸੀ. IV, (ਐੱਚ. ਜੀ. ਡੈਕਾਈਨਜ਼, ਲੰਡਨ ਦੁਆਰਾ ਅਨੁਵਾਦ ਕੀਤਾ ਹੋਇਆ, ਜਿਲਦ II ਪੰਨਾ 335-336)। ਅਰਸਤੂ ਆਪਣੀ ਰਚਨਾ **ਪਾਲਿਟਿਕਸ** ਦੀ ਬੁੱਕ I, ਅਧਿਆਏ 9, ਵਿੱਚ ਚਲਨ ਦੇ ਦੋ ਚੱਕਰਾਂ ਦਾ ਜ਼ਿਕਰ ਕਰਦਾ ਹੈ: ਜ-ਧ-ਜ ਅਤੇ ਧ-ਜ-ਧ ਜਿਹਨਾਂ ਨੂੰ ਉਹ “ਇਕੋਨਾਮਿਕਸ” ਅਤੇ “ਕਰੇਮੈਟਿਸਟਿਕਸ” ਅਤੇ ਉਹਨਾਂ ਦੇ ਫਰਕ ਕਹਿੰਦਾ ਹੈ। ਯੂਨਾਨੀ ਦੁਖਾਂਤ ਲੇਖਕ ਖਾਸ ਕਰਕੇ, ਯੂਰਿਪੀਡਸ, ਇੱਕ ਦੂਜੇ ਦਾ ਮੁਕਾਬਲਾ biyr ਅਤੇ zipool ਦੇ ਨਾਵਾਂ ਹੇਠ ਦੋ ਰੂਪਾਂ ਵਿੱਚ ਕਰਦਾ ਹੈ।

ਵਿੱਚ ਨਹੀਂ ਆਉਂਦੇ। ਧਨ ਦਾ ਵੱਖਰਿਆਵਾਂ ਰੂਪ, ਜਿਸ ਉੱਪਰ ਅਸੀਂ ਹੁਣ ਵਿਚਾਰ ਕਰਦੇ ਹਾਂ, ਜਾਂ ਤਾਂ ਚਲਨ ਵਿੱਚ ਹੁੰਦਾ ਹੈ ਜਾਂ ਚਲਨ-ਧਾਰਾ ਵਿੱਚ ਦਾਖਲ ਹੋ ਜਾਂਦਾ ਹੈ, ਪਰ ਉਹ ਚਲਨ ਦੇ ਵਸੀਲੇ ਦੇ ਰੂਪ ਵਿੱਚ ਕਦੇ ਕੰਮ ਨਹੀਂ ਕਰਦਾ। ਚਲਨ-ਵਸੀਲੇ ਰੂਪ ਵਿੱਚ ਧਨ ਸਦਾ ਵੇਚ-ਵਸੀਲਾ ਹੁੰਦਾ ਸੀ, ਪਰ ਹੁਣ ਉਹ ਉਸ ਰੂਪ ਵਿੱਚ ਕੰਮ ਨਹੀਂ ਕਰਦਾ।

ਸੋਨਾ, ਧਨ ਦੇ ਤੌਰ 'ਤੇ ਜਿੰਨੇ ਪ੍ਰਤੱਖ ਰੂਪ ਧਾਰਦਾ ਹੈ, ਉਹ ਸਾਰੇ ਦੇ ਸਾਰੇ, ਜਿਣਸਾਂ ਦੇ ਰੂਪ-ਬਦਲ ਵਿੱਚ ਲੁਕੇ ਪੱਖਾਂ ਦੇ ਹੀ ਪ੍ਰਗਟਾਅ ਹੁੰਦੇ ਹਨ। ਪਰ ਇਹਨਾਂ ਪੱਖਾਂ ਦਾ ਧਨ ਦੇ ਸਾਧਾਰਨ ਚਲਨ ਵਿੱਚ ਕੋਈ ਵੱਖ ਰੂਪ ਨਹੀਂ ਹੁੰਦਾ; ਧਨ ਅੰਦਰ, ਜਿਵੇਂ ਇਹ ਸਿੱਕੇ ਦੇ ਤੌਰ 'ਤੇ ਦਿਖਾਈ ਦੇਂਦਾ ਹੈ ਅਤੇ ਚੱਕਰ ਜ-ਧ-ਜ ਜਿਵੇਂ ਕਿ ਇਹ ਗਤੀਸ਼ੀਲ ਏਕਾ ਹੁੰਦਾ ਹੈ, ਜਾਂ ਜਿਵੇਂ ਉਹ ਸਮਰਥਾਵਾਂ ਦੇ ਤੌਰ ਹੀ ਉਭਰਦੇ ਹਨ, ਜਿਵੇਂ ਕਿ ਮਿਸਾਲ ਵਜੋਂ, ਜਿਣਸਾਂ ਦੇ ਰੂਪ-ਬਦਲਾਂ ਦੀ ਮੁਦਾਖਲਤ ਦੇ ਤੌਰ 'ਤੇ ਆਉਂਦੇ ਹਨ। ਅਸੀਂ ਵੇਖ ਆਏ ਹਾਂ ਕਿ ਜ-ਧ ਸੌਦੇ ਦੇ ਦੌਰਾਨ ਜਿਣਸ ਨੂੰ ਇੱਕ ਅਸਲ ਇਸਤੇਮਾਲੀ ਕਦਰ ਅਤੇ ਨਾਂ-ਮਾਤਰ ਤਬਾਦਲਾ-ਕਦਰ ਤੋਂ ਅਸਲ ਤਬਾਦਲਾ-ਕਦਰ ਅਤੇ ਕੇਵਲ ਨਾਂ-ਮਾਤਰ ਇਸਤੇਮਾਲੀ ਕਦਰ ਦੇ ਰੂਪ ਵਿੱਚ ਧਨ ਨਾਲ਼ ਸਬੰਧਤ ਕੀਤਾ ਜਾਂਦਾ ਹੈ। ਜਿਣਸ ਨੂੰ ਇਸਤੇਮਾਲੀ ਕਦਰ ਦੇ ਤੌਰ ਓਪਰਾ ਬਣਾ ਕੇ; ਵੇਚਣ ਵਾਲ਼ਾ ਇਸ ਦੀ ਤਬਾਦਲਾ ਕਦਰ ਅਤੇ ਧਨ ਦੀ ਇਸਤੇਮਾਲੀ ਕਦਰ ਵਸੂਲ ਕਰਦਾ ਹੈ।ਮੁਕਾਬਲੇ ਤੇ, ਖਰੀਦਣ ਵਾਲ਼ਾ, ਧਨ ਨੂੰ ਤਬਾਦਲਾ-ਕਦਰ ਦੇ ਤੌਰ 'ਤੇ ਓਪਰਿਆਂ ਬਣਾ ਕੇ ਇਸ ਦੀ ਇਸਤੇਮਾਲੀ ਕਦਰ ਅਤੇ ਜਿਣਸ ਦੀ ਕੀਮਤ ਵਸੂਲ ਕਰਦਾ ਹੈ। ਜਿਣਸ ਅਤੇ ਧਨ, ਇਸ ਤਰ੍ਹਾਂ ਆਪਣੀ ਥਾਂ ਬਦਲ ਲੈਂਦੇ ਹਨ। ਇਸ ਦੋ-ਪੱਖੇ ਧਰੁਵੀ ਵਿਰੋਧ ਦਾ ਸਰਗਰਮ ਅਮਲ, ਆਪਣੇ ਵੱਲੋਂ, ਉਸ ਸਮੇਂ ਅਲੱਗ ਹੋ ਜਾਂਦਾ ਹੈ, ਜਦੋਂ ਕਿ ਇਸ ਨੂੰ ਸਿਰੇ ਚਾੜ੍ਹਿਆ ਜਾਂਦਾ ਹੈ। ਵਿਕਰੇਤਾ, ਅਸਲ ਵਿੱਚ ਜਿਣਸ ਨੂੰ ਓਪਰਿਆ ਦੇਂਦਾ ਹੈ, ਪਰ ਇਸ ਦੀ ਕੀਮਤ, ਪਹਿਲੇ ਹੱਲੇ ਕੇਵਲ ਨਾਂ-ਮਾਤਰ ਵਸੂਲ ਕਰਦਾ ਹੈ। ਉਸ ਨੇ ਜਿਣਸ ਨੂੰ ਇਸ ਦੀ ਕੀਮਤ 'ਤੇ ਵੇਚ ਦਿੱਤਾ ਹੈ, ਪਰ ਕੀਮਤ ਅਸਲ ਵਿੱਚ ਪਿੱਛੋਂ ਹੀ, ਕਿਸੇ ਪੂਰਵ-ਨਿਸ਼ਚਿਤ ਤਾਰੀਖ 'ਤੇ ਵਸੂਲੀ ਜਾਵੇਗੀ। ਖਰੀਦਦਾਰ ਭਵਿੱਖਤ ਧਨ ਦੇ ਨੁਮਾਇੰਦੇ ਦੇ ਤੌਰ 'ਤੇ ਹੀ ਖਰੀਦਦਾਰੀ ਕਰਦਾ ਹੈ, ਜਦੋਂ ਕਿ ਵਿਕਰੇਤਾ ਉਸੇ ਸਮੇਂ ਮੌਜੂਦ ਜਿਣਸ ਦੇ ਮਾਲਕ ਦੇ ਤੌਰ 'ਤੇ ਹੀ ਮਾਲ ਵੇਚਦਾ ਹੈ। ਇੱਕ ਪਾਸੇ, ਤਾਂ ਵਿਕਰੇਤਾ, ਜਿਣਸ ਨੂੰ, ਬਿਨਾਂ ਇਸ ਦੀ ਸਚਮੁੱਚ ਕੀਮਤ ਵਸੂਲ ਕੀਤਿਆਂ, ਇਸਤੇਮਾਲੀ ਕਦਰ ਦੇ ਰੂਪ ਵਿੱਚ ਸੰਭਾਲ ਦੇਂਦਾ ਹੈ, ਦੂਜੇ ਪਾਸੇ, ਖਰੀਦਦਾਰ, ਆਪਣਾ ਧਨ, ਅਸਲ ਵਿੱਚ, ਧਨ ਨੂੰ ਬਤੌਰ ਤਬਾਦਲਾ-ਕਦਰ ਦੇ ਸੰਭਾਲੇ ਬਿਨਾਂ, ਜਿਣਸ ਦੀ ਇਸਤੇਮਾਲੀ ਕਦਰ ਦੇ ਰੂਪ ਵਿੱਚ ਉਸ ਨੂੰ ਵਸੂਲ ਕਰ ਲੈਂਦਾ ਹੈ। ਜਿਵੇਂ, ਪਹਿਲਾਂ, ਧਨ ਕਦਰ ਦੀ ਇੱਕ ਨਿਸ਼ਾਨੀ ਵਜੋਂ ਪੇਸ਼ ਹੁੰਦਾ ਸੀ, ਉਵੇਂ ਹੁਣ, ਖਰੀਦਦਾਰ ਖ਼ੁਦ ਇਸ ਨੂੰ ਬਤੌਰ ਇੱਕ ਚਿੰਨ੍ਹ ਦੇ ਪੇਸ਼ ਕਰਦਾ ਹੈ। ਜਿਵੇਂ ਪਹਿਲਾਂ, ਕਦਰ-ਨਿਸ਼ਾਨੀ, ਦੀ ਪਿੱਠ 'ਤੇ ਬਤੌਰ ਇੱਕ ਵਿਆਪਕ ਚਿੰਨ੍ਹ ਦੇ ਰਾਜ ਦੀ ਗਾਰੰਟੀ ਅਤੇ ਇੱਕ ਕਾਨੂੰਨੀ ਦਰ ਹੁੰਦੀ ਸੀ, ਉਵੇਂ ਹੁਣ ਖਰੀਦਦਾਰ, ਇੱਕ ਨਿੱਜੀ ਚਿੰਨ੍ਹ ਦੇ ਤੌਰ 'ਤੇ, ਜਿਣਸ ਮਾਲਕਾਂ ਵਿਚਕਾਰ, ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲ਼ੇ ਪ੍ਰਾਈਵੇਟ ਸਮਝੌਤਿਆਂ ਨੂੰ ਜਨਮ ਦੇਂਦਾ ਹੈ।

ਉਲਟੇ ਪਾਸਿਓਂ ਲਓ! ਸੌਦੇ ਧ-ਜ ਵਿੱਚ, ਧਨ ਨੂੰ ਖਰੀਦ ਦੇ ਅਸਲ ਸਾਧਨ ਦੇ ਰੂਪ ਵਿੱਚ ਓਪਰਾਇਆ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਧਨ ਦੀ ਇਸਤੇਮਾਲੀ ਕਦਰ ਨੂੰ ਵਸੂਲ ਕਰਨ ਤੋਂ ਪਹਿਲਾਂ ਜਾਂ ਜਿਣਸਾਂ ਨੂੰ ਹੀ ਸੰਭਾਲਣ ਤੋਂ ਪਹਿਲਾਂ ਜਿਣਸ ਦੀ ਕੀਮਤ ਨੂੰ ਵਸੂਲ ਕੀਤਾ ਜਾਂਦਾ ਹੈ, ਮਿਸਾਲ ਵਜੋਂ, ਇਹ ਕਿਸ ਥਾਂ 'ਤੇ ਹੁੰਦਾ ਹੈ? ਆਮ ਪ੍ਰਚਲਿਤ, ਪੇਸ਼ਗੀ ਅਦਾਇਗੀ ਦੇ ਸੌਦਿਆਂ ਵਿੱਚ ਅਤੇ ਅੰਗਰੇਜ਼ੀ ਸਰਕਾਰ ਦੁਆਰਾ ਕੀਤੀ ਜਾ ਰਹੀ, ਅਦਾਇਗੀ ਦੇ ਰੂਪ ਵਿੱਚ ਵੀ, ਜਿਸ ਨੂੰ ਉਹ ਆਪਣੀ ਭਾਰਤੀ ਰਿਆਇਆ ਤੋਂ ਅਫ਼ੀਮ ਖਰੀਦਣ ਵੇਲ਼ੇ ਕਰਦੀ ਹੈ ਅਤੇ ਇਸੇ ਢੰਗ ਦੀ ਵਰਤੋਂ ਰੂਸ ਵਿੱਚ ਰਹਿਣ ਵਾਲ਼ੇ ਵਿਦੇਸ਼ੀ ਵਪਾਰੀ ਵੀ ਕਰਦੇ ਹਨ, ਜਦੋਂ ਉਹ ਉਸ ਦੇਸ਼ ਅੰਦਰ ਪੈਦਾ ਹੋਣ ਵਾਲ਼ੇ ਮਾਲਾਂ ਦੀ ਖਰੀਦਦਾਰੀ ਕਰਦੇ ਹਨ। ਪਰ, ਇਹਨਾਂ ਦੋਹਾਂ ਮਾਮਲਿਆਂ ਵਿੱਚ ਧਨ, ਆਮ ਪ੍ਰਚਲਿਤ ਖਰੀਦ-ਵਸੀਲੇ ਦਾ ਹੀ ਆਪਣਾ ਕਾਰਜ ਕਰਦਾ ਹੈ ਅਤੇ ਇਸ ਲਈ ਕਿਸੇ ਨਵੀਂ ਵਿਆਖਿਆ* ਦਾ ਮੁਥਾਜ ਨਹੀਂ ਅਤੇ ਨਾ ਹੀ ਇਸ ਲਈ ਅੱਗੇ ਬਹਿਸ ਦੀ ਲੋੜ ਹੈ। ਬਦਲੇ ਰੂਪ ਬਾਰੇ, ਜਿਸ ਨੂੰ ਧ-ਜ ਅਤੇ ਜ-ਧ ਦੇ, ਦੇ ਸੌਦੇ ਮੰਨ ਕੇ ਚਲਦੇ ਹਨ, ਉਹਨਾਂ ਬਾਰੇ ਅਸੀਂ ਇਹੋ ਗੱਲ ਕਹਾਂਗੇ ਕਿ ਖਰੀਦ ਅਤੇ ਵੇਚ ਦੀ ਸ਼ੁੱਧ ਖਿਆਲੀ ਫਰਕ, ਜਿਵੇਂ ਕਿ ਇਹ ਚਲਨ ਵਿੱਚ ਸਿੱਧਾ ਦਿਖਾਈ ਦੇਂਦਾ, ਹੁਣ ਇਹ ਇੱਕ ਅਸਲ ਫਰਕ ਬਣ ਜਾਂਦਾ ਹੈ ਕਿਉਂਕਿ ਇੱਕ ਸੂਰਤ ਵਿੱਚ ਇਕੱਲਾ ਧਨ ਹੈ ਅਤੇ ਦੂਜੇ ਵਿੱਚ ਇਕੱਲੀ ਜਿਣਸ। ਪਰ ਦੋਹਾਂ ਅੰਦਰ, ਕੇਵਲ ਅੱਤ ਹੀ ਪ੍ਰਾਪਤ ਹੁੰਦਾ ਹੈ, ਜਿਸ ਤੋਂ ਪਹਿਲੇ ਜਨਮ ਲੈਂਦੀ ਹੈ। ਦੋਹਾਂ ਰੂਪਾਂ ਵਿੱਚ ਇੱਕ ਸਾਂਝਾ ਤੱਥ ਇਹ ਹੈ ਕਿ ਦੋਹਾਂ 'ਚੋਂ ਹਰ ਇੱਕ ਵਿੱਚ ਖਰੀਦਦਾਰ ਅਤੇ ਵਿਕਰੇਤਾ ਦੇ ਸਾਂਝੇ ਨਿਰਣੇ ਰਾਹੀਂ ਕੇਵਲ ਇੱਕੋ ਸਮਾਨ-ਵਸਤ ਮੌਜੂਦ ਰਹਿੰਦੀ ਹੈ। ਇਹ ਨਿਰਣਾ ਅਜਿਹਾ ਹੁੰਦਾ ਹੈ ਜਿਸ ਦੇ ਦੋਵੇਂ ਪਾਬੰਦ ਹੁੰਦੇ ਹਨ ਅਤੇ ਜਿਸ ਨੂੰ ਇੱਕ ਸਪੱਸ਼ਟ ਕਾਨੂੰਨੀ ਰੂਪ ਪ੍ਰਾਪਤ ਹੁੰਦਾ ਹੈ।

ਵਿਕਰੇਤਾ ਅਤੇ ਖਰੀਦਦਾਰ, ਲੈਣਦਾਰ ਤੇ ਦੇਣਦਾਰ ਬਣ ਜਾਂਦੇ ਹਨ। ਜਦੋਂ ਕਿ ਜਿਣਸ-ਮਾਲਕ ਕਿਸੇ ਜ਼ਖੀਰੇ ਦੇ ਰਾਖੇ ਦੇ ਰੂਪ ਵਿੱਚ, ਇੱਕ ਤਰ੍ਹਾਂ ਦੀ ਹਸੌਣੀ ਤਸਵੀਰ ਬਣ ਜਾਂਦਾ ਹੈ। ਉਹ ਹੁਣ ਡਰਾਊ ਬਣ ਜਾਂਦਾ ਹੈ, ਕਿਉਂਕਿ ਉਹ ਆਪਣੇ ਆਪ ਨੂੰ ਨਹੀਂ; ਬਲਕਿ ਆਪਣੇ ਗੁਆਂਢੀ ਨੂੰ ਧਨ ਦੀ ਇੱਕ ਖਾਸ ਰਕਮ ਦਾ ਸਾਕਾਰ ਮੰਨਣ ਲੱਗਦਾ ਹੈ ਅਤੇ ਆਪਣੇ ਆਪ ਨੂੰ ਨਹੀਂ, ਬਲਕਿ ਆਪਣੇ ਗੁਆਂਢੀ ਨੂੰ ਇਸਤੇਮਾਲੀ ਕਦਰ ਦੇ ਰੂਪ ਵਿੱਚ ਬਦਲ ਦੇਂਦਾ ਹੈ। ਪਹਿਲਾਂ ਦਾ ਵਿਸ਼ਵਾਸੀ (ਧਰਮ ਮੰਨਣ ਵਾਲਾ) ਲੈਣਦਾਰ ਬਣ ਜਾਂਦਾ ਹੈ (ਜਰਮਨ ਵਿੱਚ ਸ਼ਬਦ "ਦੇਰ ਗਲਾਉਬੀਜੇ" ਦਾ ਅਰਥ ਧਰਮ ਮੰਨਣ ਵਾਲ਼ਾ, ਅਤੇ "ਦੇਰ ਗਲਾਉਬੀਜੇਰ" ਦਾ ਲੈਣਦਾਰ – ਸੰ.) ਅਤੇ ਧਰਮ-ਸ਼ਾਸਤਰ ਨੂੰ ਛੱਡ ਕੇ ਨਿਆਂ-ਸ਼ਾਸਤਰ ਨੂੰ ਅਪਣਾ ਲੈਂਦਾ ਹੈ।

"ਮੈਂ ਆਪਣੇ ਇਕਰਾਰਨਾਮੇ 'ਤੇ ਖੜ੍ਹਾ ਹਾਂ!"

---

* ਸਰਮਾਇਆ ਵੀ ਅਵੱਸ਼ ਧਨ ਦੇ ਰੂਪ ਵਿੱਚ ਪੇਸ਼ਗੀ ਦਿੱਤਾ ਜਾਂਦਾ ਹੈ ਅਤੇ ਇਹ ਵੀ ਸੰਭਵ ਹੋ ਸਕਦਾ ਹੈ ਕਿ ਪੇਸ਼ਗੀ ਦਿੱਤਾ ਧਨ, ਪੇਸ਼ਗੀ ਦਿੱਤਾ ਸਰਮਾਇਆ ਹੋਵੇ, ਪਰ ਇਹ ਪੱਖ ਸਾਧਾਰਨ ਚਲਨ ਦੇ ਖੇਤਰ ਵਿੱਚ ਨਹੀਂ ਆਉਂਦਾ।

ਜ–ਧ ਦੇ ਬਦਲੇ ਰੂਪ ਵਿੱਚ, ਜਿਸ ਅੰਦਰ ਜਿਣਸ, ਅਸਲ ਵਿੱਚ ਪ੍ਰਤੱਖ ਜਿਣਸ ਹੈ ਅਤੇ ਧਨ, ਜਿਹੜਾ ਕਿ ਕੇਵਲ ਨੁਮਾਇੰਦਾ ਧਨ ਹੈ, ਪਹਿਲੀ ਵੇਰਾਂ ਕਦਰ–ਮਾਪ ਦੇ ਤੌਰ ’ਤੇ ਕਾਰਜ ਕਰਦਾ ਹੈ। ਜਿਣਸ ਦੀ ਇਸਤੇਮਾਲੀ ਕਦਰ ਨੂੰ ਧਨ ਵਿੱਚ ਬਤੌਰ ਇਸ ਦੇ ਮਾਪ ਦੇ ਆਂਕਿਆ ਜਾਂਦਾ ਹੈ, ਪਰ ਇਸਤੇਮਾਲੀ–ਕਦਰ ਸਮਝੌਤੇ (ਇਕਰਾਰ) ਰਾਹੀਂ ਆਂਕੀ ਜਾਂਦੀ ਹੈ। ਜਿਸ ਦਾ ਅਰਥ ਹੈ ਕਿ ਕੀਮਤ ਨਾ–ਕੇਵਲ ਵਿਕਰੇਤਾ ਦੇ ਮਨ ਨੂੰ ਹੀ ਮੱਲੀ ਰੱਖਦੀ ਹੈ, ਬਲਕਿ ਉਹ ਖਰੀਦਦਾਰ ਦੀਆਂ ਦੇਣਦਾਰੀਆਂ ਦਾ ਵੀ ਮਾਪ ਹੁੰਦੀ ਹੈ। ਦੂਜੀ ਗੱਲ, ਧਨ ਇੱਥੇ ਖਰੀਦ–ਵਸੀਲੇ ਦੇ ਰੂਪ ਵਿੱਚ ਕਾਰਜ ਕਰਦਾ ਹੈ, ਹਾਲਾਂਕਿ ਇਹ ਇਸ ਦੀ ਭਵਿੱਖਤ ਹੋਂਦ ਹੀ ਹੁੰਦੀ ਹੈ, ਜਿਹੜੀ ਆਪਣੀ ਪਰਛਾਈਂ ਇਸ ਦੇ ਅੱਗੇ ਸੁੱਟਦੀ ਰਹਿੰਦੀ ਹੈ, ਕਿਉਂਕਿ ਇਹ ਜਿਣਸ ਨੂੰ ਵਿਕਰੇਤਾ ਦੇ ਹੱਥੋਂ ਕਢਾ ਕੇ ਖਰੀਦਦਾਰ ਦੇ ਹੱਥੀਂ ਪਹੁੰਚਾਉਣ ਦਾ ਕਾਰਨ ਬਣਦੀ ਰਹਿੰਦੀ ਹੈ। ਇਕਰਾਰ ਦੇ ਹਿਸਾਬ–ਕਿਤਾਬ ਦੇ ਦਿਨ, ਧਨ ਚਲਨ ਵਿੱਚ ਦਾਖਲ ਹੁੰਦਾ ਹੈ, ਕਿਉਂਕਿ ਇਹ ਪਹਿਲਾਂ ਦੇ ਖਰੀਦਾਰ ਦੇ ਹੱਥਾਂ ਵਿੱਚੋਂ ਨਿਕਲ ਕੇ, ਪਹਿਲਾਂ ਦੇ ਵਿਕਰੇਤਾ ਦੇ ਹੱਥਾਂ ਵਿੱਚ ਚਲਾ ਜਾਂਦਾ ਹੈ। ਪਰ ਇਹ ਚਲਨ–ਖੇਤਰ ਵਿੱਚ, ਚਲਨ–ਵਸੀਲੇ ਦੇ ਰੂਪ ਵਿੱਚ ਜਾਂ ਖਰੀਦ–ਵਸੀਲੇ ਦੇ ਰੂਪ ਵਿੱਚ ਨਹੀਂ ਆਉਂਦਾ। ਇਹ ਕਾਰਜ, ਉਹ ਆਪਣੀ ਹੋਂਦ ਤੋਂ ਪਹਿਲਾਂ ਹੀ ਪੂਰੇ ਕਰ ਚੁੱਕਿਆ ਹੁੰਦਾ ਹੈ ਅਤੇ ਇਹ ਪਿੜ ਵਿੱਚ ਤਾਂ ਆਉਂਦਾ ਹੈ, ਜਦੋਂ ਇਨ੍ਹਾਂ ਕਾਰਜਾਂ ਨੂੰ ਪੂਰਿਆਂ ਕਰਨਾ ਛੱਡ ਚੁੱਕਾ ਹੁੰਦਾ ਹੈ। ਇਹ ਚਲਨ ਵਿੱਚ, ਬਤੌਰ ਜਿਣਸ ਦੇ ਮੁਨਾਸਬ ਸਮਾਨ–ਸਾਧਨ ਦੇ ਦਾਖਲ ਹੁੰਦਾ ਹੈ, ਅਰਥਾਤ ਤਬਾਦਲਾ–ਕਦਰ ਦੇ ਇੱਕੋ ਇੱਕ ਸਾਕਾਰ ਰੂਪ ਵਿੱਚ, ਤਬਾਦਲਾ ਅਮਲ ਦੇ ਆਖਰੀ ਸ਼ਬਦ ਦੇ ਤੌਰ ’ਤੇ, ਸੰਖੇਪ ਵਿੱਚ ਬਤੌਰ ਧਨ ਦੇ ਅਤੇ ਇਸ ਤੋਂ ਹੋਰ ਅੱਗੇ ਜਿਵੇਂ ਧਨ, **ਅਦਾਇਗੀ ਦੇ ਵਿਆਪਕ ਸਾਧਨ** ਦੇ ਰੂਪ ਵਿੱਚ ਕਾਰਜ ਕਰਦਾ ਹੈ। ਅਦਾਇਗੀ–ਵਸੀਲੇ ਦੇ ਰੂਪ ਵਿੱਚ ਕਾਰਜ ਕਰਨ ਵਾਲ਼ਾ ਧਨ ਨਿਰੋਲ ਜਿਣਸ ਵਾਂਗੂ ਦਿਖਾਈ ਦੇਂਦਾ ਹੈ, ਪਰ ਇਹ ਰਹਿੰਦਾ ਚਲਨ–ਖੇਤਰ ਦੇ ਅੰਦਰ–ਅੰਦਰ ਹੀ ਹੈ, ਇਸ ਤੋਂ ਬਾਹਰ ਨਹੀਂ ਜਾਂਦਾ, ਜਿਵੇਂ ਕਿ ਜ਼ਖੀਰਾ ਚਲਿਆ ਜਾਂਦਾ ਹੈ। ਖਰੀਦ–ਵਸੀਲਿਆਂ ਅਤੇ ਅਦਾਇਗੀ–ਵਸੀਲਿਆਂ ਵਿਚਕਾਰਲਾ ਫਰਕ ਬਹੁਤ ਹੀ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ ਅਤੇ ਭੈੜਾ ਉਦੋਂ ਲੱਗਦਾ ਹੈ, ਜਦੋਂ ਕਿ ਵਪਾਰਕ ਸੰਕਟ ਚੱਲ ਰਹੇ ਹੋਣ।*

ਚਲਨ–ਖੇਤਰ ਵਿੱਚ, ਧਨ ਅੰਦਰ ਉਪਜਾਂ ਦੀ ਤਬਦੀਲੀ, ਅਰੰਭ ਵਿੱਚ ਕੇਵਲ ਜਿਣਸ ਮਾਲਕ ਦੀ ਕੋਈ ਨਿੱਜੀ ਲੋੜ ਜਿਹੀ ਹੀ ਪ੍ਰਤੀਤ ਹੁੰਦੀ ਹੈ, ਜਦੋਂ ਕਿ ਉਸ ਦੀ ਆਪਣੀ ਉਤਪਾਦ, ਉਸ ਦੇ ਲਈ ਇਸਤੇਮਾਲੀ–ਕਦਰ ਨਹੀਂ ਬਣਦੀ, ਬਲਕਿ ਉਸ ਨੇ ਅਜੇ ਓਪਰਿਆਉਣ ਰਾਹੀਂ ਕੋਈ ਇਸਤੇਮਾਲੀ–ਕਦਰ ਬਣਨਾ ਹੁੰਦਾ ਹੈ। ਪਰ, ਇਕਰਾਰਨਾਮੇ ਅਨੁਸਾਰ ਹਿਸਾਬ–ਕਿਤਾਬ ਦੇ ਦਿਨ, ਅਦਾਇਗੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਚਲਨ–ਅਮਲ ਦਾ ਵਿਕਾਸ ਵਿਕਰੀ ਨੂੰ, ਉਸ ਲਈ, ਬਿਨਾਂ ਉਸ ਦੀਆਂ ਨਿੱਜੀ ਲੋੜਾਂ ਦਾ ਧਿਆਨ ਕੀਤਿਆਂ ਇੱਕ ਸਮਾਜਿਕ ਲੋੜ ਵਿੱਚ ਬਦਲ ਦੇਂਦਾ ਹੈ। ਜਿਣਸ ਦੇ ਕਿਸੇ ਪਹਿਲੇ ਖਰੀਦਦਾਰ

* ਲੂਥਰ ਨੇ ਉਸ ਫਰਕ ’ਤੇ ਬਲ ਦਿੱਤਾ ਹੈ, ਜਿਹੜਾ ਕਿ ਖਰੀਦ–ਵਸੀਲਿਆਂ ਅਤੇ ਅਦਾਇਗੀ–ਵਸੀਲਿਆਂ ਵਿਚਕਾਰ ਮੌਜੂਦ ਰਹਿੰਦਾ ਹੈ (ਲੇਖਕ ਦੀ ਕਾਪੀ ਵਿੱਚ ਨੋਟ)।

ਦੇ ਰੂਪ ਵਿੱਚ, ਉਸ ਨੂੰ ਹੋਰ ਜਿਣਸਾਂ ਦਾ ਕੋਈ ਵਿਕਰੇਤਾ ਬਣਨ ’ਤੇ ਮਜਬੂਰ ਹੋਣਾ ਪੈਂਦਾ ਹੈ, ਤਾਂ ਜੋ ਉਸ ਨੂੰ ਧਨ ਪ੍ਰਾਪਤ ਹੋ ਸਕੇ, ਉਹ ਵੀ ਕਿਸੇ ਖਰੀਦ-ਵਸੀਲੇ ਦੇ ਰੂਪ ਵਿੱਚ ਨਹੀਂ, ਬਲਕਿ ਇੱਕ ਅਦਾਇਗੀ ਵਸੀਲੇ ਦੇ ਰੂਪ ਵਿੱਚ, ਤਬਾਦਲਾ-ਕਦਰ ਦੇ ਇੱਕੋ ਇੱਕ ਰੂਪ ਵਿੱਚ। ਕਿਸੇ ਆਖਰੀ ਕਾਰਜ ਦੇ ਰੂਪ ਵਿੱਚ ਧਨ ਅੰਦਰ ਜਿਣਸਾਂ ਦਾ ਪਹਿਲਾ ਰੂਪ-ਬਦਲ, ਜਿਹੜਾ ਕਿ ਜ਼ਖੀਰੇਬਾਜ਼ੀ ਵਿੱਚ ਜਿਣਸ-ਮਾਲਕ ਦੀ ਇੱਕ ਸਨਕ ਜਿਹਾ ਲੱਗਦਾ ਹੈ, ਉਹੋ, ਹੁਣ ਇੱਕ ਆਰਥਿਕ ਕਾਰਜ ਬਣ ਗਿਆ ਹੈ। ਵਿਕਰੀ ਦਾ, ਅਦਾਇਗੀ ਦੀ ਖਾਤਰ, ਜੋ ਉਦੇਸ਼ ਅਤੇ ਸਾਰਤੱਤ ਹੁੰਦਾ ਹੈ, ਉਹੋ ਚਲਨ-ਅਮਲ ਦਾ ਸਾਰਤੱਤ ਬਣਦਾ ਹੈ, ਉਹ ਸਾਰਤੱਤ, ਜਿਹੜਾ ਕਿ ਇਸ ਦੇ ਆਪਣੇ ਰੂਪ ਵਿੱਚੋਂ ਹੀ ਪੈਦਾ ਹੁੰਦਾ ਹੈ।

ਇਸ ਪ੍ਰਕਾਰ ਦੀ ਵਿਕਰੀ ਅੰਦਰ, ਜਿਣਸ ਇੱਕ ਥਾਂ ਤੋਂ ਦੂਜੇ ਥਾਂ ਨੂੰ ਜਾਂਦੀ ਹੈ, ਭਾਵੇਂ ਇਸ ਦਾ ਪਹਿਲਾ ਰੂਪ-ਬਦਲ, ਇਸ ਦੀ ਧਨ ਅੰਦਰ ਤਬਦੀਲੀ ਮੁਲਤਵੀ ਹੋ ਜਾਂਦੀ ਹੈ। ਪਰ, ਖਰੀਦਦਾਰ ਦੇ ਪੱਖੋਂ, ਦੂਜਾ ਰੂਪ-ਬਦਲ ਅਮਲ ਵਿੱਚ ਆ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਧਨ ਨੂੰ, ਪਹਿਲੇ ਰੂਪ-ਬਦਲ ਦੇ ਵਾਪਰਨ ਤੋਂ ਪਹਿਲਾਂ ਜਿਣਸਾਂ ਅੰਦਰ ਮੁੜ ਬਦਲ ਲਿਆ ਜਾਂਦਾ ਹੈ, ਭਾਵ ਜਿਣਸਾਂ ਦੇ ਧਨ ਵਿੱਚ ਬਦਲਣ ਤੋਂ ਪਹਿਲਾਂ ਹੀ। ਇਸ ਕਾਰਨ, ਇਸ ਸੂਰਤ ਵਿੱਚ, ਪਹਿਲਾ ਰੂਪ-ਬਦਲ, ਦੂਜੇ ਨਾਲ਼ੋਂ ਪਿੱਛੋਂ ਹੋਇਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਧਨ ਨੂੰ, ਆਪਣੇ ਪਹਿਲੇ ਰੂਪ-ਬਦਲ ਵਿੱਚ, ਜਿਣਸ ਦੇ ਰੂਪ ਨੂੰ, ਇੱਕ ਨਵਾਂ ਵਖਰਿਆਵਾਂ ਪੱਖ ਪ੍ਰਾਪਤ ਹੋ ਜਾਂਦਾ ਹੈ। ਧਨ, ਭਾਵ, ਤਬਾਦਲਾ-ਕਦਰ ਦਾ ਅਜ਼ਾਦ ਵਿਕਾਸ, ਹੁਣ ਜਿਣਸ-ਚਲਨ ਦਾ ਕੋਈ ਵਿਚੋਲੀਆ ਪੜਾਅ ਨਹੀਂ ਰਹਿੰਦਾ, ਬਲਕਿ ਇਸ ਦਾ ਅੰਤਮ ਪਰਿਣਾਮ ਬਣ ਜਾਂਦਾ ਹੈ।

ਇਹ ਸਿੱਧ ਕਰਨ ਲਈ ਕਿਸੇ ਤਫਸੀਲੀ ਪ੍ਰਮਾਣ ਦੀ ਲੋੜ ਨਹੀਂ, ਕਿ **ਸ਼ਾਖ (ਕਰਜ਼) ’ਤੇ ਕੀਤੀਆਂ ਅਜਿਹੀਆਂ ਖਰੀਦਾਂ**, ਜਿਹਨਾਂ ਵਿੱਚ ਸੌਦੇ ਦੇ ਦੋਵੇਂ ਧਰੁਵ, ਸਮਾਂ ਪਾ ਕੇ ਅਲੱਗ ਹੋ ਜਾਂਦੇ ਹਨ, ਜਿਣਸਾਂ ਦੇ ਸਾਧਾਰਨ ਚਲਨ ਦੇ ਅਧਾਰ ’ਤੇ, ਆਪਣੇ ਆਪ ਜਨਮ ਲੈ ਲੈਂਦੀਆਂ ਹਨ। ਪਹਿਲਾਂ-ਪਹਿਲ ਇੰਝ ਹੁੰਦਾ ਹੈ, ਕਿ ਚਲਨ ਦੇ ਦੌਰਾਨ, ਕਈ ਜਿਣਸ-ਮਾਲਕਾਂ ਦਾ ਖਰੀਦਦਾਰਾਂ ਅਤੇ ਵਿਕਰੇਤਾਵਾਂ ਦੇ ਤੌਰ ’ਤੇ, ਇੱਕ-ਦੂਜੇ ਨਾਲ਼ ਵਾਰ ਵਾਰ ਟਾਕਰਾ ਹੁੰਦਾ ਹੈ। ਅਜਿਹੇ ਵਾਰ ਵਾਰ ਦੇ ਟਾਕਰੇ, ਅੱਗੇ ਚੱਲ ਕੇ ਇਤਫਾਕੀਆਂ ਹੀ ਨਹੀਂ ਬਣੇ ਰਹਿੰਦੇ, ਬਲਕਿ ਮਿਸਾਲ ਵਜੋਂ ਜਿਣਸਾਂ ਦਾ ਕਿਸੇ ਅਗਲੀ ਤਾਰੀਖ ਲਈ ਵੀ ਆਰਡਰ ਦੇ ਦਿੱਤਾ ਜਾਂਦਾ ਹੈ, ਜਦੋਂ ਕਿ ਉਹਨਾਂ ਦੀ ਸੌਂਪਣਾ ਕਰ ਦਿੱਤੀ ਜਾਵੇਗੀ ਅਤੇ ਨਾਲ਼ ਹੀ ਅਦਾਇਗੀ ਹੋ ਜਾਵੇਗੀ। ਇਸ ਹਾਲਤ ਵਿੱਚ, ਜੋ ਵਿਕਰੀ ਕੀਤੀ ਜਾਂਦੀ ਹੈ, ਉਹ ਕੇਵਲ ਕਹਿਣ ਨੂੰ ਹੀ ਹੁੰਦੀ ਹੈ, ਕਾਨੂੰਨੀ ਨਹੀਂ, ਕਿਉਂਕਿ ਨਾ ਤਾਂ ਉੱਥੇ ਜਿਣਸ ਹੁੰਦੀ ਹੈ ਅਤੇ ਨਾ ਹੀ ਧਨ ਹੁੰਦਾ ਹੈ। ਧਨ ਦੇ ਦੋਵੇਂ ਰੂਪ, ਭਾਵ ਚਲਨ-ਵਸੀਲੇ ਅਤੇ ਅਦਾਇਗੀ-ਵਸੀਲੇ, ਇੱਥੇ ਅਜੇ ਇੱਕੋ ਜਿਹੇ ਹੁੰਦੇ ਹਨ। ਕਾਰਨ ਕਿ, ਇੱਕ ਪਾਸੇ, ਜਿਣਸਾਂ ਅਤੇ ਧਨ, ਨਾਲ਼ੋਂ ਨਾਲ਼ ਥਾਵਾਂ ਬਦਲਦੇ ਰਹਿੰਦੇ ਹਨ ਅਤੇ ਦੂਜੇ ਪਾਸੇ, ਧਨ ਜਿਣਸਾਂ ਦੀ ਖਰੀਦਦਾਰੀ ਨਹੀਂ ਕਰਦਾ, ਬਲਕਿ ਪਹਿਲਾਂ ਵਿਕੀਆਂ ਜਿਣਸਾਂ ਦੀ ਕੀਮਤ ਵਸੂਲ ਕਰਦਾ ਹੈ। ਇਸ ਤੋਂ ਵੀ ਅੱਗੇ, ਕਈ ਇਸਤੇਮਾਲੀ ਕਦਰਾਂ

ਆਪਣੇ ਵਿਸ਼ੇਸ਼ ਖਾਸੇ ਕਰਕੇ, ਉਹ ਸਚਮੁਚ ਓਪਰਿਆ ਜਾਂਦੀਆਂ ਹਨ, ਇਸ ਕਾਰਨ ਨਹੀਂ ਕਿ ਉਹਨਾਂ ਦੀ ਸੱਚਮੁਚ ਸੌਂਪਣਾ ਕਰ ਦਿੱਤੀ ਹੁੰਦੀ ਹੈ, ਬਲਕਿ ਇਸ ਲਈ ਕਿ ਉਹਨਾਂ ਨੂੰ ਕੁਝ ਖਾਸ ਸਮੇਂ ਲਈ ਪਟੇ 'ਤੇ ਉੱਠਾ ਦਿੱਤਾ ਹੁੰਦਾ ਹੈ। ਮਿਸਾਲ ਵਜੋਂ, ਜਦੋਂ ਕੋਈ, ਕਿਸੇ ਮਕਾਨ ਦੀ ਵਰਤੋਂ ਇੱਕ ਮਹੀਨੇ ਲਈ ਵੇਚ ਦੇਂਦਾ ਹੈ, ਇਸ ਦੀ ਇਸਤੇਮਾਲੀ ਕਦਰ ਦੀ ਸੌਂਪਣਾ, ਇੱਕ ਮਹੀਨਾ ਗੁਜ਼ਰਨ ਤੋਂ ਬਾਅਦ ਹੀ ਕੀਤੀ ਜਾਂਦੀ ਹੈ, ਹਾਲਾਂਕਿ ਘਰ ਦੀ ਮਾਲਕੀ ਮਹੀਨੇ ਦੇ ਅਰੰਭ ਵਿੱਚ ਹੀ ਬਦਲ ਦਿੱਤੀ ਹੁੰਦੀ ਹੈ। ਕਾਰਨ ਇਹ ਹੈ ਕਿ ਇਸ ਸੂਰਤ ਵਿੱਚ, ਇਸਤੇਮਾਲੀ-ਕਦਰ ਦਾ ਅਸਲ ਵਖਰੇਵਾਂ, ਸਮਾਂ ਪਾ ਕੇ ਅਲੱਗ ਹੁੰਦੇ ਹਨ, ਇਸ ਲਈ ਇਸ ਦੀ ਕੀਮਤ ਦੀ ਵਸੂਲੀ ਵੀ ਉਸ ਤਾਰੀਖ ਤੋਂ ਪਿੱਛੋਂ ਹੀ ਹੁੰਦੀ ਹੈ, ਜਿਸ ਨੂੰ ਕਿ ਇਸ ਦੇ ਮਾਲਕ ਬਦਲੇ ਹੁੰਦੇ ਹਨ। ਅਖੀਰ ਨੂੰ, ਮਿਆਦ ਅਤੇ ਸਮੇਂ ਦੀ ਲੰਬਾਈ, ਜਿਹੜਾ ਕਿ ਵੱਖ ਵੱਖ ਜਿਣਸਾਂ ਦੀ ਪੈਦਾਵਾਰ ਲਈ ਲੋੜੀਂਦਾ ਹੁੰਦਾ ਹੈ, ਇੱਕ ਉਤਪਾਦਕ ਬਾਜ਼ਾਰ ਵਿੱਚ, ਦੂਜੇ ਦੇ ਖਰੀਦਦਾਰ ਬਣ ਕੇ ਆਉਣ ਤੋਂ ਪਹਿਲਾਂ, ਹੀ ਵਿਕਰੇਤਾ ਬਣ ਕੇ ਆ ਜਾਂਦਾ ਹੈ ਅਤੇ ਜੇ ਉਹੋ ਜਿਣਸ ਮਾਲਕ, ਵਾਰ ਵਾਰ ਇੱਕ ਦੂਜੇ ਦੀਆਂ ਉਤਪਾਦਾਂ ਖਰੀਦਦੇ ਅਤੇ ਵੇਚਦੇ ਰਹਿੰਦੇ ਹਨ, ਤਾਂ ਸੌਦੇ ਦੇ ਦੋਵੇਂ ਪੱਖ, ਉਹਨਾਂ ਜਿਣਸਾਂ ਦੀਆਂ ਉਪਜ ਹਾਲਤਾਂ ਦੇ ਅਨੁਸਾਰ ਅਲੱਗ ਹੁੰਦੇ ਜਾਂਦੇ ਹਨ। ਇਸ ਤੋਂ ਜਿਣਸ ਮਾਲਕਾਂ ਦੇ ਵਿਚਕਾਰ ਲੈਣਦਾਰ ਤੇ ਦੇਣਦਾਰ ਦੇ ਸਬੰਧ ਸਥਾਪਤ ਹੋ ਜਾਂਦੇ ਹਨ। ਇਹ ਸਬੰਧ ਸ਼ਾਖ (ਲੈਣਦਾਰ) ਪ੍ਰਣਾਲੀ ਦੇ ਵਜੂਦ ਵਿੱਚ ਆਉਣ ਤੋਂ ਪਹਿਲਾਂ ਵੀ ਪੂਰੇ ਤੌਰ 'ਤੇ ਵਿਕਸਤ ਹੋ ਸਕਦੇ ਹਨ, ਭਾਵੇਂ ਉਹ ਦੂਜੇ ਦਾ ਸੁਭਾਵਿਕ ਅਧਾਰ ਹੁੰਦੇ ਹਨ। ਪਰ ਇਹ ਸਪੱਸ਼ਟ ਹੈ ਕਿ ਸ਼ਾਖ-ਪ੍ਰਣਾਲੀ ਦਾ ਵਿਕਾਸ ਅਤੇ ਇਸੇ ਕਾਰਨ, ਆਮ ਕਰਕੇ, ਬੁਰਜੂਆ ਉਪਜ-ਢੰਗ, ਧਨ ਨੂੰ ਵੱਧ ਤੋਂ ਵੱਧ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕਾਰਜ ਕਰਨ ਦਾ ਕਾਰਨ ਬਣਦਾ ਹੈ, ਜਿਸ ਨਾਲ਼ ਇਸ ਦੇ ਖਰੀਦ-ਵਸੀਲੇ ਅਤੇ ਇਸ ਤੋਂ ਵੀ ਵੱਧ, ਜ਼ਖੀਰੇਬਾਜ਼ੀ ਦੇ ਅਨਸਰ ਦੇ ਰੂਪ ਵਿੱਚ ਕਾਰਜ ਕਰਨ ਨੂੰ ਨੁਕਸਾਨ ਪਹੁੰਚਦਾ ਹੈ। ਮਿਸਾਲ ਵਜੋਂ, ਇੰਗਲੈਂਡ ਅੰਦਰ, ਸਿੱਕਾ ਲਗਭਗ ਪੂਰੇ ਦਾ ਪੂਰਾ, ਪਰਚੂਨ ਵਪਾਰ ਅਤੇ ਉਤਪਾਦਕਾਂ ਅਤੇ ਖਪਤਕਾਰਾਂ ਵਿਚਕਾਰ ਛੋਟੇ ਮੋਟੇ ਸੌਦਿਆਂ ਦੇ ਖੇਤਰ ਤੱਕ ਹੀ ਸੀਮਿਤ ਹੈ, ਜਦੋਂ ਕਿ ਅਦਾਇਗੀ-ਵਸੀਲੇ ਦੇ ਰੂਪ ਵਿੱਚ ਧਨ, ਵਡੇਰੇ ਵਪਾਰਕ ਸੌਦਿਆਂ ਦੇ ਖੇਤਰ ਵਿੱਚ ਹੀ ਹਾਵੀ ਰਹਿੰਦਾ ਹੈ।*

---

* ਵਿਆਖਿਆਵਾਂ ਬਾਰੇ ਮਿ. ਮੈਕਲੋਡ ਦੇ ਸਿਧਾਂਤਵਾਦੀ ਹੰਕਾਰ ਦੇ ਬਾਵਜੂਦ, ਉਹ ਬਿਲਕੁੱਲ ਆਰੰਭਕ ਪ੍ਰਕਾਰ ਦੇ ਸਬੰਧਾਂ ਨੂੰ ਇਸ ਹੱਦ ਤੀਕ ਵਿਗਾੜ ਕੇ ਪੇਸ਼ ਕਰਦਾ ਹੈ ਕਿ ਉਹ ਇਹ ਮੰਨ ਕੇ ਚੱਲਦਾ ਹੈ ਕਿ ਆਮ ਧਨ, ਆਪਣੇ ਸਰਵੋਤਮ ਰੂਪ ਵਿੱਚ, ਭਾਵ ਅਦਾਇਗੀ-ਵਸੀਲੇ ਵਿੱਚੋਂ ਪੈਦਾ ਹੁੰਦਾ ਹੈ। ਵਿੱਚੋਂ ਹੀ ਉਹ ਇਹ ਕਹਿੰਦਾ ਹੈ ਕਿ ਕਿਉਂਕਿ ਲੋਕਾਂ ਨੂੰ ਇੱਕੋ ਸਮੇਂ ਅਤੇ ਇੱਕੋ ਜਿਹੀ, ਇੱਕ-ਦੂਜੇ ਦੀਆਂ ਸੇਵਾਵਾਂ ਦੀ ਸਦਾ ਲੋੜ ਨਹੀਂ ਹੁੰਦੀ, "ਇਸ ਲਈ ਕੁਝ ਨਾ ਕੁਝ ਫਰਕ ਬਣਿਆ ਰਹੇਗਾ ਜਾਂ ਇੱਕ ਦੀ ਸੇਵਾ ਦੂਜੇ ਵੱਲ ਕੁਝ ਨਾ ਕੁਝ ਬਕਾਇਆ ਹੋਵੇਗੀ ਅਤੇ ਇਸੇ ਤੋਂ ਕਰਜ਼ਾ ਬਣਦਾ ਹੈ।" ਇਸ ਕਰਜ਼ੇ ਦੇ ਮਾਲਕ ਨੂੰ ਕਿਸੇ ਤੀਜੇ ਵਿਅਕਤੀ ਦੀਆਂ ਸੇਵਾਵਾਂ ਦੀ ਲੋੜ ਪੈ ਸਕਦੀ ਹੈ, ਜਿਸ ਨੂੰ ਫੌਰੀ ਤੌਰ 'ਤੇ ਆਪਣੀਆਂ ਸੇਵਾਵਾਂ ਦੀ ਲੋੜ ਨਾ ਹੋਵੇ, ਅਤੇ "ਅਤੇ ਦੂਜੇ ਲਈ ➪

ਧਨ, ਅਦਾਇਗੀ ਦੇ ਵਿਆਪਕ ਵਸੀਲਿਆਂ ਦੇ ਰੂਪ ਵਿੱਚ ਇਕਰਾਰਾਂ (ਸਮਝੌਤਿਆਂ) ਦੀ **ਵਿਆਪਕ ਜਿਣਸ** ਬਣ ਜਾਂਦੀ ਹੈ, ਭਾਵੇਂ, ਅਰੰਭ ਵਿੱਚ, ਇਹ ਜਿਣਸ-ਚਲਨ ਦੇ ਖੇਤਰ ਵਿੱਚ ਹੀ ਹੁੰਦਾ ਹੈ।* ਪਰ 'ਜਿਵੇਂ ਜਿਵੇਂ ਧਨ' ਦਾ ਇਹ ਕਾਰਜ ਵਿਕਸਿਤ ਹੁੰਦਾ ਜਾਂਦਾ ਹੈ, ਤਿਵੇਂ ਤਿਵੇਂ ਅਦਾਇਗੀ ਦੇ ਹੋਰ ਸਾਰੇ ਰੂਪ ਹੌਲ਼ੀ ਹੌਲ਼ੀ ਧਨ ਦੀਆਂ ਅਦਾਇਗੀਆਂ ਵਿੱਚ ਬਦਲ ਜਾਂਦੇ ਹਨ। ਧਨ ਕਿਸ ਹੱਦ ਤੱਕ, ਨਰੋਲ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕਾਰਜ ਕਰਦਾ ਹੈ, ਇਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਤਬਾਦਲਾ-ਕਦਰ ਰਾਹੀਂ ਪੈਦਾਵਾਰ ਦਾ ਗਲਬਾ ਕਿੰਨਾ ਡੂੰਘਾ ਧੱਸਿਆ ਹੋਇਆ ਹੈ ਅਤੇ ਇਸ ਦਾ ਪਸਾਰ ਕਿੰਨਾ ਵੱਡਾ ਹੈ।**

---

⇨ ਇਸ ਤੋਂ ਵੱਧ ਸੁਭਾਵਿਕ ਗੱਲ ਕੀ ਹੋ ਸਕਦੀ ਹੈ, ਕਿ ਦੂਜਾ, ਤੀਜੇ ਨੂੰ, ਉਹ ਕਰਜ਼ਾ ਜਿਹੜਾ ਉਸ ਨੇ ਪਹਿਲੇ ਪਾਸੋਂ ਲੈਣਾ ਹੈ, ਮੁੰਤਕਿਲ ਕਰ ਦੇਵੇ। ਇਸ ਤਰ੍ਹਾਂ ਕਿਸੇ ਕਰਜ਼ੇ ਦਾ ਪ੍ਰਮਾਣ ਇੱਕ ਹੱਥ ਤੋਂ ਦੂਜੇ ਹੱਥ ਬਦਲਦਾ ਰਹਿੰਦਾ ਹੈ... ਜਿਸ ਨੂੰ ਸਿੱਕੇ ਦਾ ਨਾਂ ਦਿੱਤਾ ਜਾਂਦਾ ਹੈ... ਜਦੋਂ ਕੋਈ ਵਿਅਕਤੀ, ਕਿਸੇ ਧਾਤਵੀ ਸਿੱਕੇ ਦੇ ਰੂਪ ਵਿੱਚ ਪ੍ਰਗਟਾਈ ਕਿਸੇ ਜ਼ਿੰਮੇਵਾਰੀ ਨੂੰ ਪ੍ਰਾਪਤ ਕਰਦਾ ਹੈ, ਤਾਂ ਉਹ ਉਸ ਦੇ ਬਲ ਦੇ ਨਾ ਕੇਵਲ ਮੂਲ ਦੇਣਦਾਰ ਤੋਂ ਹੀ ਸੇਵਾਵਾਂ ਲੈ ਸਕਦਾ ਹੈ, ਬਲਕਿ ਉਹ ਸਾਰੀ ਦੀ ਸਾਰੀ ਉਦਯੋਗਿਕ ਬਰਾਦਰੀ ਦੀਆਂ ਸੇਵਾਵਾਂ ਲੈ ਸਕਦਾ ਹੈ।" (ਐੱਚ. ਡੀ. ਮੈਕਲੋਡ, **ਬੈਂਕਿੰਗ ਦੇ ਸਿਧਾਂਤ 'ਤੇ ਅਮਲ**, ਜਿਲਦ 1, ਲੰਡਨ 1855, ਅਧਿਆਏ 1, ਪੰਨਾ 24-29)।

* ਧਨ ਇਕਰਾਰ ਦੀ ਆਮ ਜਿਣਸ ਹੁੰਦਾ ਹੈ, ਜਾਂ ਕਿ ਉਹ ਜਿਸ ਰਾਹੀਂ ਸੰਪੱਤੀ ਸਬੰਧੀ, ਬਹੁਗਿਣਤੀ ਸੌਦੇ ਕੀਤੇ ਜਾਂਦੇ ਹਨ, ਜਿਨ੍ਹਾਂ ਨੇ ਕਿਸੇ ਅਗਲੀ ਤਾਰੀਖ ਤੇ ਪੂਰਿਆਂ ਹੋਣਾ ਹੁੰਦਾ ਹੈ।" (ਬੈਲੇ, ਓਪ. ਸਿਟ, ਪੰਨਾ 3)।

** ਸੇਨਿਓਰ (ਓਪ. ਸਿਟ, ਪੰਨਾ 221) ਕਹਿੰਦਾ ਹੈ: "ਕਿਉਂਕਿ ਹਰ ਵਸਤ ਦੀ ਕਦਰ ਇੱਕ ਖਾਸ ਸਮੇਂ ਦੇ ਅੰਦਰ ਅੰਦਰ ਬਦਲ ਜਾਂਦੀ ਹੈ, ਲੋਕ ਅਦਾਇਗੀ ਵਸੀਲੇ ਦੇ ਰੂਪ ਵਿੱਚ ਇੱਕ ਅਜਿਹੀ ਵਸਤ ਮਿੱਥ ਲੈਂਦੇ ਹਨ ਜਿਸ ਦੀ ਕਦਰ ਘੱਟ ਤੋਂ ਘੱਟ ਬਦਲੀ ਹੋਵੇ ਅਤੇ ਜਿਸ ਵਿੱਚ ਵਸਤਾਂ ਨੂੰ ਖਰੀਦਣ ਦੀ ਇੱਕ ਖਾਸ ਔਸਤ ਸਮਰਥਾ, ਸਭ ਤੋਂ ਲੰਮੇਂ ਸਮੇਂ ਤੀਕ ਆਪਣੇ ਵਿੱਚ ਬਣਾਈ ਰੱਖਣ ਦਾ ਗੁਣ ਹੋਵੇ ਇਸ ਤਰ੍ਹਾਂ ਧਨ, ਕਦਰਾਂ ਦਾ ਪ੍ਰਗਟਾਅ ਜਾਂ ਨੁਮਾਇੰਦਾ ਬਣ ਨਿੱਬੜਦਾ ਹੈ।" ਇਸ ਤੋਂ ਉਲਟ, ਸੋਨਾ, ਚਾਂਦੀ ਆਦਿ ਅਦਾਇਗੀ ਦੇ ਆਮ ਵਸੀਲੇ ਬਣ ਜਾਂਦੇ ਹਨ, ਕਿਉਂਕਿ ਉਹ ਧਨ ਬਣ ਗਏ ਹੁੰਦੇ ਹਨ, ਜਿਸ ਦਾ ਅਰਥ ਹੈ ਕਿ ਤਬਾਦਲਾ-ਕਦਰ ਦੇ ਸੁਤੰਤਰ ਸਾਕਾਰ ਰੂਪ। ਠੀਕ ਇਸੇ ਸਮੇਂ, ਜਦੋਂ ਮਿ. ਸੇਨਿਓਰ ਦੁਆਰਾ ਦੱਸੀ ਧਨ-ਕਦਰ ਦੀ ਸਥਿਰਤਾ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਭਾਵ ਉਹਨਾਂ ਸਮਿਆਂ ਵਿੱਚ, ਜਦੋਂ ਹਾਲਾਤ ਦੀਆਂ ਮਜਬੂਰੀਆਂ ਧਨ ਨੂੰ ਵਿਆਪਕ ਅਦਾਇਗੀ-ਵਸੀਲੇ ਦੇ ਰੂਪ ਵਿੱਚ ਸਥਾਪਤ ਕਰ ਦੇਂਦੀਆਂ ਹਨ, ਉਦੋਂ ਹੀ ਲੋਕਾਂ ਨੂੰ ਧਨ ਦੀ ਕਦਰ ਵਿੱਚ ਤਬਦੀਲੀਆਂ ਦਿਖਾਈ ਦੇਣ ਲੱਗਦੀਆਂ ਹਨ। ਅਜਿਹਾ ਇੱਕ ਸਮਾਂ ਇੰਗਲੈਂਡ ਅੰਦਰ, ਅਲੈਜੇਬੈਥ ਦਾ ਯੁੱਗ ਸੀ, ਜਦੋਂ ਕਿ ਕੀਮਤੀ ਧਾਤਾਂ ਦਾ ਬੜੇ ਪੈਮਾਨੇ ਦਾ ਅਵਮੁੱਲਣ ਹੋਇਆ ਸੀ ਤੇ ਉਸ ਸਮੇਂ ਲਾਰਡ ਬਰਲੇ ਅਤੇ ਸਰ ਟਾਮਸ ਸਮਿਥ ਪਾਰਲੀਮੈਂਟ ਅੰਦਰ ਇੱਕ ਕਾਨੂੰਨ ਲੈ ਕੇ ਆਏ ਜਿਸ ਦੇ ਅਨੁਸਾਰ, ਆਕਸਫੋਰਡ ਅਤੇ ਕੈਂਬਰਿਜ਼ ਦੀਆਂ ਯੂਨੀਵਰਸਿਟੀਆਂ ਨੂੰ ਆਪਣੀਆਂ ਜ਼ਮੀਨਾਂ ਦੇ ਲਗਾਨ ਦੀ ਇੱਕ ਤਿਹਾਈ ਕਣਕ ਅਤੇ ਮਾਲਟੇ ਦੇ ਰੂਪ ਵਿੱਚ ਅਦਾ ਕਰਨ ਲਈ ਮਜਬੂਰ ਕੀਤਾ ਜਾਵੇ।

ਅਦਾਇਗੀ ਵਸੀਲੇ ਦੇ ਰੂਪ ਵਿੱਚ ਚਲਨ ਅੰਦਰ ਆਏ ਧਨ ਦੀ ਮਾਤਰਾ ਦਾ ਸਭ ਤੋਂ ਪਹਿਲਾਂ ਨਿਸਚਾ ਇਸ ਗੱਲ ਤੋਂ ਹੁੰਦਾ ਹੈ, ਕਿ ਦੇਣ ਵਾਲ਼ੀਆਂ ਅਦਾਇਗੀਆਂ ਦੀ ਮਾਤਰਾ ਕਿੰਨੀ ਹੈ, ਜਿਸ ਦਾ ਅਰਥ ਹੈ ਕਿ ਜਿਣਸਾਂ ਦੀਆਂ ਕੁੱਲ ਕੀਮਤਾਂ, ਜਿਹੜੀਆਂ ਕਿ ਵੇਚੀਆਂ ਜਾ ਚੁੱਕੀਆਂ ਹਨ, ਨਾ ਕਿ ਉਹਨਾਂ ਜਿਣਸਾਂ ਦੀਆਂ ਜਿਹੜੀਆਂ ਕਿ ਅਜੇ ਵੇਚਣੀਆਂ ਹਨ, ਜਿਵੇਂ ਕਿ ਸਾਧਾਰਨ ਧਨ-ਚਲਨ ਦੀ ਸੂਰਤ ਵਿੱਚ ਹੁੰਦਾ ਹੈ। ਪਰ ਇਸ ਪ੍ਰਕਾਰ ਨਿਸ਼ਚਿਤ ਕੀਤੀ ਮਾਤਰਾ ਵਿੱਚ ਦੋ ਗੱਲਾਂ ਕਾਰਨ ਤਰਮੀਮ ਹੋ ਸਕਦੀ ਹੈ। ਪਹਿਲੀ ਤਾਂ ਉਹ ਰਫਤਾਰ, ਜਿਸ ਨਾਲ਼ ਕੋਈ ਸਿੱਕਾ ਇੱਕੋ ਕਾਰਜ ਨੂੰ ਵਾਰ ਵਾਰ ਦੁਹਰਾਉਂਦਾ ਹੈ, ਜਾਂ ਕਿ ਅਦਾਇਗੀਆਂ ਦੀ ਗਿਣਤੀ ਜਿਹੜੀ ਕਿ ਅਦਾਇਗੀਆਂ ਦੀ ਕਿਸੇ ਗਤੀਸ਼ੀਲ ਕੜੀ ਨੂੰ ਬਣਾਉਂਦੀ ਹੈ। ੳ, ਅ ਨੂੰ ਅਦਾ ਕਰਦਾ ਹੈ; ਅ, ੲ ਨੂੰ ਅਦਾ ਕਰਦਾ ਹੈ; ਇਸੇ ਤਰ੍ਹਾਂ ਹੋਰ ਹੋਰ! ਰਫਤਾਰ, ਜਿਸ ਨਾਲ਼ ਇੱਕੋ ਸਿੱਕਾ ਵਾਰ ਵਾਰ, ਅਦਾਇਗੀ ਵਸੀਲੇ ਦੇ ਰੂਪ ਵਿੱਚ ਕਾਰਜ ਕਰ ਸਕਦਾ ਹੈ, ਇੱਕ ਪਾਸੇ ਤਾਂ ਜਿਣਸ ਮਾਲਕਾਂ ਦੇ ਲੈਣਦਾਰਾਂ ਅਤੇ ਦੇਣਦਾਰਾਂ ਦੇ ਤੌਰ ’ਤੇ ਸਬੰਧਾਂ ਦੇ ਅੰਤਰ-ਸਬੰਧਾਂ ’ਤੇ ਨਿਰਭਰ ਕਰਦਾ ਹੈ, ਜਿਸ ਵਿੱਚ, ਇੱਕੋ ਜਿਣਸ-ਮਾਲਕ ਜਿਹੜਾ ਕਿ ਇੱਕ ਵਿਅਕਤੀ ਲਈ ਲੈਣਦਾਰ ਹੈ, ਉਹੋ ਦੂਜੇ ਲਈ ਦੇਣਦਾਰ ਵੀ ਹੈ ਅਤੇ ਇਸੇ ਤਰ੍ਹਾਂ ਅੱਗੇ ਅੱਗੇ ਅਤੇ ਦੂਜੇ ਪਾਸੇ, ਇਹ ਨਿਰਭਰ ਕਰਦਾ ਹੈ, ਉਹਨਾਂ ਵੱਖ ਵੱਖ ਤਾਰੀਖਾਂ ਨੂੰ ਪਾੜਨ ਵਾਲ਼ੇ ਸਮੇਂ ਦੀ ਮਿਆਦ ’ਤੇ, ਜਿਹੜੀਆਂ ਉੱਪਰ ਅਦਾਇਗੀਆਂ ਕਰਨੀਆਂ ਬਣਦੀਆਂ ਹਨ, ਅਦਾਇਗੀਆਂ ਦਾ ਸਿਲਸਿਲਾ, ਜਾਂ ਪਹਿਲੇ ਰੂਪ-ਬਦਲਾਂ ਦਾ, ਜਿਹੜੇ ਕਿ ਪਿੱਛੋਂ ਅਮਲ ਵਿੱਚ ਆਏ ਹਨ, ਉਹਨਾਂ ਰੂਪ-ਬਦਲਾਂ ਦੇ ਸਿਲਸਿਲੇ ਤੋਂ ਸਿਫਤੀ ਤੌਰ ’ਤੇ ਵੱਖਰਾ ਹੁੰਦਾ ਹੈ, ਜਿਹੜੇ ਕਿ ਚਲਨ-ਵਸੀਲੇ ਦੇ ਰੂਪ ਵਿੱਚ ਧਨ ਦੀ ਹਰਕਤ ਰਾਹੀਂ ਸਾਹਮਣੇ ਆਉਂਦੇ ਹਨ। ਦੂਜੇ ਸਿਲਸਿਲੇ ਕਾਲ-ਸੂਚਕ ਚੱਕਰ ਵਿੱਚ ਹੀ ਰੂਪ ਨਹੀਂ ਧਾਰਦੇ, ਬਲਕਿ ਇਹ ਇਸ ਤਰੀਕੇ ਨਾਲ਼ ਹੀ **ਵਜੂਦ ਵਿੱਚ ਆਉਂਦੇ** ਹਨ। ਇੱਕ ਜਿਣਸ, ਧਨ ਵਿੱਚ ਬਦਲ ਜਾਂਦੀ ਹੈ, ਫੇਰ ਉਹ ਮੁੜ ਜਿਣਸ ਬਣ ਜਾਂਦੀ ਹੈ, ਜਿਸ ਨਾਲ਼ ਦੂਜੀ ਜਿਣਸ ਨੂੰ ਧਨ ਵਿੱਚ ਬਦਲਣਾ ਸੰਭਵ ਹੋ ਜਾਂਦਾ ਹੈ ਅਤੇ ਇਸੇ ਤਰ੍ਹਾਂ ਅੱਗੇ-ਅੱਗੇ; ਦੂਜੇ ਸ਼ਬਦਾਂ ਵਿੱਚ ਇੱਕ ਵਿਕਰੇਤਾ, ਇੱਕ ਖਰੀਦਦਾਰ ਬਣ ਜਾਂਦਾ ਹੈ ਅਤੇ ਇੱਕ ਹੋਰ ਜਿਣਸ-ਮਾਲਕ ਉਸ ਕਰਕੇ ਇੱਕ ਵਿਕਰੇਤਾ ਬਣ ਜਾਂਦਾ ਹੈ। ਇਹ ਸਿਲਸਿਲਾ, ਖੁਦ ਜਿਣਸ-ਤਬਾਦਲੇ ਦੇ ਦੌਰਾਨ, ਆਪਣੇ ਆਪ ਉੱਠਦਾ ਰਹਿੰਦਾ ਹੈ। ਪਰ ਇਹ ਹਕੀਕਤ, ਕਿ ਧਨ, ਜਿਹੜਾ ੳ, ਅ ਨੂੰ ਦੇਂਦਾ ਹੈ, ਉਸੇ ਨੂੰ ਅ, ੲ ਨੂੰ ਦੇਣ ਲਈ ਵਰਤਦਾ ਹੈ ਅਤੇ ਅੱਗੇ ੲ, ਉਸ ਨੂੰ ਸ ਨੂੰ ਦੇਣ ਲਈ, ਆਦਿ-ਆਦਿ ਅਤੇ ਕਿ, ਇਸ ਤੋਂ ਵੱਧ ਇਹ, ਕਿ ਅਦਾਇਗੀਆਂ ਇੱਕ-ਦੂਜੀ ਨਾਲ਼ੋਂ ਤੇਜ਼ੀ ਨਾਲ਼ ਕੀਤੀਆਂ ਜਾਂਦੀਆਂ ਹਨ – ਇਹ ਬਾਹਰੀ ਸਬੰਧ, ਸਿਵਾਏ ਪਹਿਲਾਂ ਤੋਂ ਮੌਜੂਦ ਸਮਾਜਿਕ ਸਬੰਧ ਦੇ ਪ੍ਰਗਟਾਅ ਦੇ ਹੋਰ ਕੀ ਹੈ। ਇੱਕੋ ਸਿੱਕਾ ਵੱਖ ਵੱਖ ਹੱਥਾਂ ਵਿਚ ਇਸ ਕਰਕੇ ਨਹੀਂ ਜਾਂਦਾ, ਕਿਉਂਕਿ ਇਹ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕਾਰਜ ਕਰਦਾ ਹੈ, ਬਲਕਿ ਇਸ ਨੂੰ ਅਦਾਇਗੀ-ਵਸੀਲੇ ਦੇ ਰੂਪ ਵਿੱਚ ਇਸ ਲਈ, ਵਰਤਿਆ ਜਾਂਦਾ ਹੈ, ਕਿਉਂਕਿ ਇਹ ਹੱਥ ਪਹਿਲਾਂ ਹੀ ਆਪਸ ਵਿੱਚ ਜੁੜੇ ਹੁੰਦੇ ਹਨ। ਇਸੇ ਤਰ੍ਹਾਂ ਚਲਨ ਦੇ ਅਮਲ ਵਿੱਚ, ਵਿਅਕਤੀ ਦਾ ਹੋਰ ਵੱਡੇ ਪੈਮਾਨੇ ਦਾ ਏਕਾ, ਧਨ

ਦੀ ਅਦਾਇਗੀ–ਵਸੀਲੇ ਦੇ ਰੂਪ ਵਾਲੀ ਰਫਤਾਰ ਨਾਲ਼ ਵੱਧ ਸਪੱਸ਼ਟ ਹੁੰਦਾ ਹੈ; ਬਨਿਸਬਤ ਧਨ ਦੀ ਸਿੱਕੇ ਜਾਂ ਖਰੀਦ–ਵਸੀਲੇ ਦੇ ਤੌਰ ’ਤੇ, ਰਫਤਾਰ ਨਾਲ਼ੋਂ।

ਇੱਕੋ ਸਮੇਂ ਦੀਆਂ ਅਤੇ ਇਸ ਕਰਕੇ, ਵੱਡੇ ਪੈਮਾਨੇ ’ਤੇ ਨਾਲ਼ੋਂ ਨਾਲ਼ ਹੋ ਰਹੀਆਂ ਖਰੀਦਾਂ ਅਤੇ ਵੇਚਾਂ, ਦੀਆਂ ਕੀਮਤਾਂ ਦਾ ਕੁਲ ਜੋੜ, ਉਹ ਹੱਦ ਹੈ, ਜਿਸ ਤੋਂ ਅੱਗੇ ਸਿੱਕੇ ਦੀ ਰਫਤਾਰ ਨੂੰ ਇਸ ਦੀ ਮਿਕਦਾਰ ਲਈ ਨਹੀਂ ਬਦਲਿਆ ਜਾ ਸਕਦਾ। ਪਰ ਇਹ ਰੋਕਾਂ ਉਸ ਸਮੇਂ ਅੱਗੇ ਨਹੀਂ ਆਉਂਦੀਆਂ, ਜਦੋਂ ਧਨ ਅਦਾਇਗੀ ਵਸੀਲੇ ਦੇ ਰੂਪ ਵਿੱਚ ਕਾਰਜ ਕਰਦਾ ਹੈ। ਜੇ ਮਿਆਦ ’ਤੇ ਆਈਆਂ ਅਦਾਇਗੀਆਂ, ਇੱਕੋ ਸਮੇਂ ਇੱਕ ਥਾਂ ’ਤੇ ਕੇਂਦਰਿਤ ਹੋ ਜਾਂਦੀਆਂ ਹਨ, ਜੋ ਗੱਲ, ਸਭ ਤੋਂ ਪਹਿਲਾਂ, ਇੱਕੋ ਸਮੇਂ, ਜਿਣਸ–ਚਲਨ ਦੇ ਵੱਡੇ ਕਿਰਣ–ਬਿੰਦੂ ’ਤੇ ਵਾਪਰਦੀ ਹੈ, ਤਾਂ ਉਸ ਸਮੇਂ ਅਦਾਇਗੀਆਂ, ਦੇਣਵੀਆਂ ਅਤੇ ਲੈਣਵੀਆਂ ਰਕਮਾਂ ਵਾਂਗ, ਇੱਕ ਦੂਜੀ ਨੂੰ ਬਰਾਬਰ ਕਰ ਦੇਂਦੀਆਂ ਹਨ। ੳ, ਜਿਸ ਨੇ ਅ ਨੂੰ ਦੇਣਾ ਹੈ, ਉਸੇ ਸਮੇਂ ਉਸਨੇ ੲ ਪਾਸੋਂ ਕੁਝ ਲੈਣਾ ਹੋਵੇਗਾ ਅਤੇ ਇਸੇ ਤਰ੍ਹਾਂ ਹੋਰ ਹੋਰ। ਇਸ ਤਰ੍ਹਾਂ ਅਦਾਇਗੀ–ਵਸੀਲੇ ਦੇ ਰੂਪ ਵਿੱਚ ਕੰਮ ਕਰਨ ਲਈ ਧਨ ਦੀ ਕਿੰਨੀ ਰਕਮ ਚਾਹੀਦੀ ਹੋਵੇਗੀ, ਇਸ ਦਾ ਨਿਰਭਰ ਅਦਾਇਗੀਆਂ ਦੀ ਕੁੱਲ ਜੋੜ ਰਕਮ ’ਤੇ ਨਹੀਂ ਕਰਦਾ, ਜਿਸ ਨੂੰ ਇੱਕੋ ਸਮੇਂ ਦੇਣ ਦੀ ਮਿਆਦ ਆ ਪੁੱਜੀ ਹੈ, ਬਲਕਿ ਉਹਨਾਂ ਦੇ ਕੇਂਦਰਿਤ ਹੋਣ ਦੇ ਦਰਜੇ ’ਤੇ ਕਰਦਾ ਹੈ ਅਤੇ ਉਸ ਬਕਾਏ ਦੀ ਮਿਕਦਾਰ ’ਤੇ, ਜਿਹੜਾ ਕਿ ਦੇਣਵੀਆਂ ਅਤੇ ਲੈਣਵੀਆਂ ਰਕਮਾਂ ਦੇ ਬਰਾਬਰ ਹੋ ਚੁੱਕਣ ਤੋਂ ਪਿੱਛੋਂ ਬੱਚਦਾ ਹੈ। ਇਸੇ ਤਰ੍ਹਾਂ ਦੇ ਬਰਾਬਰ ਕਰਨ ਦੇ ਕਈ ਢੰਗ ਆਪਣੇ ਆਪ ਬਣ ਜਾਂਦੇ ਹਨ, ਭਾਵੇਂ ਕੋਈ ਸਾਖ–ਪ੍ਰਣਾਲੀ ਅਜੇ ਨਾ ਵੀ ਬਣੀ ਹੋਵੇ, ਜਿਵੇਂ ਕਿ ਪੁਰਾਤਨ ਰੋਮ ਵਿੱਚ ਹੋਇਆ ਕਰਦਾ ਸੀ। ਪਰ ਉਹਨਾਂ ਉੱਪਰ ਵਿਚਾਰ ਕਰਨ ਦੀ ਇੱਥੇ ਇਸ ਤੋਂ ਵੱਧ ਕੋਈ ਸੰਗਤਤਾ ਨਹੀਂ, ਜਿਸ ਤਰ੍ਹਾਂ ਆਮ ਬੇਬਾਕੀ ਦੀਆਂ ਤਾਰੀਖਾਂ ਉੱਪਰ ਵਿਚਾਰ ਕਰਨਾ, ਜਿਹੜੀਆਂ ਕਿ ਹਰ ਦੇਸ਼ ਅੰਦਰ, ਇੱਕ ਖਾਸ ਸਮਾਜਿਕ ਹਿੱਸੇ ਦੇ ਲੋਕਾਂ ਵਿਚਕਾਰ ਆਪਣੇ ਆਪ ਨਿਸ਼ਚਿਤ ਹੋਈਆਂ ਹੁੰਦੀਆਂ ਹਨ। ਇੱਥੇ ਅਸੀਂ ਸਿਰਫ਼ ਇਸ ਗੱਲ ਵੱਲ ਧਿਆਨ ਦੇਵਾਂਗੇ ਕਿ ਇਹਨਾਂ ਤਾਰੀਖਾਂ ਦੁਆਰਾ ਚਲਨ–ਧਨ ਦੀ ਮਿਕਦਾਰ ਵਿੱਚ ਸਮੇਂ ਸਮੇਂ ਆਈਆਂ ਤਬਦੀਲੀਆਂ ਦੇ ਪਾਏ ਖਾਸ ਪ੍ਰਭਾਵ ਦੀਆਂ, ਵਿਦਵਾਨਾਂ ਵਾਲ਼ੀਆਂ ਜਾਂਚਾਂ ਕੀਤੀਆਂ ਜਾਣੀਆਂ ਅਜੇ ਥੋੜ੍ਹੇ ਸਮੇਂ ਦੀਆਂ ਹੀ ਗੱਲਾਂ ਹਨ।

ਜਦੋਂ ਤੀਕ ਅਦਾਇਗੀਆਂ, ਲੈਣਵੀਆਂ–ਦੇਣਵੀਆਂ ਮਿਕਦਾਰਾਂ ਦੇ ਤੌਰ ’ਤੇ ਇੱਕ–ਦੂਜੀ ਨੂੰ ਬਰਾਬਰ ਕਰਦੀਆਂ ਰਹਿੰਦੀਆਂ ਹਨ, ਉਦੋਂ ਤੀਕ, ਅਸਲ ਵਿੱਚ, ਕਿਸੇ ਧਨ ਨੂੰ ਪਿੜ ਵਿੱਚ ਆਉਣ ਦੀ ਲੋੜ ਨਹੀਂ ਪੈਂਦੀ। ਇਥੇ ਧਨ, ਕੇਵਲ–ਮਾਤਰ ਜਿਣਸ ਦੀ ਕੀਮਤ ਅਤੇ ਆਪਸੀ ਦੇਣਦਾਰੀਆਂ ਦੀ ਮਿਕਦਾਰ, ਬਾਰੇ ਕਦਰ–ਮਾਪ ਦੇ ਤੌਰ ’ਤੇ ਕਾਰਜ ਕਰਦਾ ਹੈ। ਇਸ ਤਰ੍ਹਾਂ ਇਸ ਸੂਰਤ ਵਿੱਚ ਤਬਾਦਲਾ–ਕਦਰ ਦੀ ਆਪਣੀ ਨਾਂ–ਮਾਤਰ ਦੀ ਹੋਂਦ ਤੋਂ ਇਲਾਵਾ ਉਸ ਦਾ ਹੋਰ ਕੋਈ ਸੁਤੰਤਰ ਵਜੂਦ ਨਹੀਂ ਹੁੰਦਾ, ਕਦਰ ਦੀ ਕਿਸੇ ਨਿਸ਼ਾਨੀ ਦੇ ਰੂਪ ਵਿੱਚ ਵੀ ਨਹੀਂ। ਦੂਜੇ ਸ਼ਬਦਾਂ ਵਿੱਚ ਧਨ, ਕੇਵਲ ਹਿਸਾਬ–ਕਿਤਾਬ ਦਾ ਧਨ–ਮਾਤਰ ਬਣ ਜਾਂਦਾ ਹੈ। ਇਸ ਤਰ੍ਹਾਂ ਅਦਾਇਗੀ–ਵਸੀਲੇ ਦੇ ਰੂਪ ਵਿੱਚ ਕਾਰਜ ਕਰਦੇ ਧਨ ਅੰਦਰ

ਇੱਕ ਵਿਰੋਧਤਾਈ ਹੁੰਦੀ ਹੈ: ਇੱਕ ਪਾਸੇ ਤਾਂ, ਜਦੋਂ ਅਦਾਇਗੀਆਂ ਬਰਾਬਰ ਹੁੰਦੀਆਂ ਹਨ, ਤਾਂ ਧਨ ਕੇਵਲ ਇੱਕ ਨਾਂ-ਮਾਤਰ ਦੇ ਮਾਪ ਦੇ ਰੂਪ ਵਿੱਚ ਕੰਮ ਕਰਦਾ ਹੈ, ਦੂਜੇ ਪਾਸੇ, ਜਦੋਂ ਅਸਲ ਅਦਾਇਗੀਆਂ ਕਰਨ ਨੂੰ ਹੁੰਦੀਆਂ ਹਨ, ਤਾਂ ਧਨ, ਚਲਨ ਅੰਦਰ, ਚਲਨ ਦੇ ਕਿਸ ਵਕਤੀ ਵਸੀਲੇ ਰੂਪ ਵਿੱਚ ਦਾਖਲ ਨਹੀਂ ਹੁੰਦਾ, ਬਲਕਿ ਵਿਆਪਕ ਸਮਾਨ-ਵਸਤ ਦੇ ਟਿਕਵੇਂ ਪੱਖ ਦੇ ਤੌਰ 'ਤੇ, ਨਿਰੋਲ ਜਿਣਸ ਦੇ ਤੌਰ 'ਤੇ, ਥੋੜ੍ਹੇ ਵਿੱਚ, ਧਨ ਦੇ ਤੌਰ 'ਤੇ ਦਾਖਲ ਹੁੰਦਾ ਹੈ, ਜਿੱਥੇ ਅਦਾਇਗੀ ਦੀਆਂ ਕੜੀਆਂ ਅਤੇ ਉਹਨਾਂ ਨੂੰ ਸੂਤ ਰੱਖਣ ਵਾਲ਼ੀ ਇੱਕ ਮਸਨੂਈ ਪ੍ਰਣਾਲੀ ਵਿਕਸਿਤ ਕਰ ਲਈ ਹੁੰਦੀ ਹੈ, ਉੱਥੇ ਜੇ ਕੋਈ ਉਤਾਰ-ਚੜ੍ਹਾ ਆਉਂਦਾ ਹੈ, ਜਿਹੜਾ ਜ਼ਬਰਦਸਤੀ ਅਦਾਇਗੀਆਂ ਦੇ ਵਹਿਣ ਵਿੱਚ ਰੋੜਾ ਬਣਦਾ ਹੈ ਅਤੇ ਉਹਨਾਂ ਨੂੰ ਇੱਕ ਦੂਜੇ ਨਾਲ਼ ਬਰਾਬਰ ਕਰਨ ਵਾਲੀ ਮਸ਼ੀਨਰੀ ਨੂੰ ਵਿਗਾੜਦਾ ਹੈ, ਤਾਂ ਉਹ ਝੱਟ ਹੀ, ਧਨ ਨੂੰ ਉਸਦੇ ਧੁੰਦਲੀ ਖਿਆਲੀ ਰੂਪ, ਜਿਹੜਾ ਕਿ ਉਸ ਨੇ ਕਦਰ-ਮਾਪ ਦੇ ਤੌਰ 'ਤੇ ਅਖਤਿਆਰ ਕੀਤਾ ਹੁੰਦਾ ਹੈ, ਵਿੱਚੋਂ ਕੱਢ ਕੇ, ਉਸ ਨੂੰ ਨਕਦ ਨਾਮੇ ਜਾਂ ਅਦਾਇਗੀ-ਵਸੀਲੇ ਦੇ ਰੂਪ ਵਿੱਚ ਬਦਲ ਦਿੰਦਾ ਹੈ। ਉੱਨਤ ਬੁਰਜੂਆ ਪੈਦਾਵਾਰ ਦੀਆਂ ਹਾਲਤਾਂ ਵਿੱਚ, ਜਦੋਂ ਕਿ ਜਿਣਸ ਮਾਲਕ, ਕਦੋਂ ਤੋਂ ਇੱਕ ਸਰਮਾਏਦਾਰ ਬਣ ਚੁੱਕਾ ਹੁੰਦਾ ਹੈ, ਉਹ ਐਡਮ ਸਮਿੱਥ ਨੂੰ ਜਾਣਦਾ ਹੈ ਅਤੇ ਇੱਕ ਨੱਕ-ਚੜ੍ਹੇ ਵਾਂਗ ਇਸ ਅੰਧ-ਵਿਸ਼ਵਾਸ 'ਤੇ ਮੁਸਕਰਾਉਂਦਾ ਹੈ, ਕਿ ਸੋਨਾ ਅਤੇ ਚਾਂਦੀ ਹੀ ਧਨ ਹਨ, ਜਾਂ ਕਿ ਧਨ, ਅੰਤ ਨੂੰ ਇੱਕ, ਇੱਕੋ ਇੱਕ ਜਿਣਸ ਹੈ, ਜਿਸ ਦਾ ਹੋਰ ਜਿਣਸਾਂ ਨਾਲ਼ੋਂ ਫਰਕ ਹੈ – ਤਾਂ ਧਨ, ਅਚਾਨਕ ਹੀ, ਉਥੇ ਆ ਦਰਸ਼ਨ ਵਿਖਾਲਦਾ ਹੈ, ਪਰ ਚਲਨ-ਮਾਧਿਅਮ ਦੇ ਤੌਰ 'ਤੇ ਨਹੀਂ ਬਲਕਿ ਇੱਕ ਵਾਰੀ ਫੇਰ, ਕੇਵਲ ਤਬਾਦਲਾ-ਕਦਰ ਦੇ ਮੁਨਾਸਬ ਰੂਪ ਵਿੱਚ, ਦੌਲਤ ਦੇ ਇੱਕ ਬੇਨਜ਼ੀਰ ਰੂਪ ਵਿੱਚ, ਠੀਕ ਉਵੇਂ ਜਿਵੇਂ ਕਿ ਇਸ ਨੂੰ ਇੱਕ ਜ਼ਖੀਰੇਬਾਜ਼ ਸਮਝਦਾ ਹੈ। ਇਹ ਹਕੀਕਤ ਕਿ ਧਨ ਇੱਕ ਮਾਤਰ ਦੌਲਤ ਦਾ ਅਵਤਾਰ ਹੈ, ਆਪਣੇ ਆਪ ਨੂੰ ਕਿਸ ਤਰ੍ਹਾਂ ਰੂਪਮਾਨ ਕਰਦੀ ਹੈ ? ਕਿ ਸਾਰੀ ਭੌਤਿਕ ਦੌਲਤ ਦਾ ਅਵਮੁੱਲਣ ਹੋ ਜਾਂਦੀ ਹੈ ਅਤੇ ਉਹ ਬੇਕਾਰ ਹੋ ਕੇ ਰਹਿ ਜਾਂਦੀ ਹੈ ਅਤੇ ਇਹ ਅਵਮੁੱਲਣ ਕੋਈ ਸ਼ੁੱਧ-ਖਿਆਲੀ ਨਹੀਂ ਹੁੰਦਾ, ਜਿਵੇਂ ਕਿ ਮਿਸਾਲ ਵਜੋਂ, **ਧਨਵੀ-ਪ੍ਰਣਾਲੀ** ਵਿੱਚ ਹੁੰਦਾ ਹੈ। ਸੰਸਾਰ ਮੰਡੀ ਦੇ ਸੰਕਟਾਂ ਦੀ ਅੱਜ ਦੀ ਖਾਸ ਮੰਜ਼ਲ ਨੂੰ, ਧਨਵੀ ਸੰਕਟ ਦਾ ਨਾਂ ਦਿੱਤਾ ਗਿਆ ਹੈ। ਪਰਮਾਰਥ, ਭਾਵ ਦੌਲਤ ਦਾ ਨਰੋਲ ਰੂਪ, ਜਿਸ ਬਾਰੇ ਲੋਕ ਅਜਿਹੇ ਸਮਿਆਂ 'ਤੇ ਚੀਕ-ਚੰਘਾੜਾ ਪਾਉਂਦੇ ਹਨ, ਕੀ ਹੈ ? ਧਨ ਹੈ, ਨਕਦ ਨਾਮਾ ਹੈ ਅਤੇ ਇਸ ਨੂੰ ਹੋਰ ਸਾਰੀਆਂ ਜਿਣਸਾਂ ਨਾਲ਼ ਜ਼ਰਾ ਮੁਕਾਬਲਾ ਕਰ ਕੇ ਦੇਖੋ – ਸਿਰਫ ਇਸੇ ਕਰਕੇ, ਕਿ ਉਹ ਇਸਤੇਮਾਲੀ ਕਦਰਾਂ ਹਨ – ਤਾਂ ਦਿੱਸੇਗਾ ਕਿ ਉਹ ਸਭ ਬੇਕਾਰ ਹਨ, ਸਜਾਵਟੀ ਗਹਿਣੇ ਹਨ ਅਤੇ ਖਿਡੌਣੇ ਹਨ, ਜਾਂ ਜਿਵੇਂ ਸਾਡੇ ਡਾਕਟਰ ਮਾਰਟਿਨ ਲੂਥਰ ਕਹਿੰਦੇ ਹਨ, ਕੇਵਲ ਚਮਕ-ਚਮਕਾਈ ਹੈ, ਪੇਟ-ਭਰਾਈ ਹੈ। ਸ਼ਾਖ-ਪ੍ਰਣਾਲੀ ਦੇ ਇਸ ਤਰ੍ਹਾਂ ਅਚਾਨਕ ਇੱਕ ਧਨਵੀ ਪ੍ਰਣਾਲੀ ਵਿੱਚ ਬਦਲ ਜਾਣ ਨਾਲ਼ ਸਚਮੁੱਚ ਮੌਜੂਦ ਦਹਿਸ਼ਤ ਵਿੱਚ ਇੱਕ ਸਿਧਾਂਤਕ ਨਿਰਾਸ਼ਾ ਹੋਰ ਵੱਧ ਗਈ ਹੈ ਅਤੇ ਚਲਨ-ਅਮਲ ਦੇ ਏਜੰਟ ਮੂੰਹ ਚੁੱਕ ਚੁੱਕ ਵੇਖਦੇ ਹਨ ਕਿ ਉਹਨਾਂ ਦੇ ਆਪਣੇ ਸਬੰਧਾਂ ਦੇ ਆਲ਼ੇ-ਦੁਆਲ਼ੇ ਇਹ ਨਾ-ਸਮਝ ਆਉਣ ਵਾਲੇ ਭੇਦ ਦੀ ਚਾਦਰ ਜਿਹੀ ਕੀ ਤਣ ਗਈ

ਹੈ।*

ਅਦਾਇਗੀਆਂ, ਆਪਣੇ ਵੱਲੋਂ, ਰਿਜ਼ਰਵ ਫੰਡਾਂ, ਭਾਵ ਅਦਾਇਗੀ ਵਸੀਲਿਆਂ ਦੇ ਰੂਪ ਵਿੱਚ ਧਨ ਦੇ ਭੰਡਾਰਾਂ ਦੀ ਮੰਗ ਕਰਦੀਆਂ ਹਨ। ਰਿਜ਼ਰਵ ਫੰਡ ਇਕੱਠੇ ਕਰਨੇ, ਜ਼ਖੀਰੇਬਾਜ਼ੀ ਵਾਂਗ, ਹੁਣ ਕੋਈ ਚਲਨ-ਵਿਰੋਧੀ ਸਰਗਰਮੀ ਨਹੀਂ ਲੱਗਦੀ, ਜਾਂ ਜਿਵੇਂ ਸਿੱਕਾ-ਰਿਜ਼ਰਵਾਂ ਦੀ ਗੱਲ ਹੈ, ਇਹ ਤਾਂ ਇੱਕ ਸਿੱਕੇ ਦੀ ਸ਼ੁੱਧ ਤਕਨੀਕੀ ਖੜੋਤ ਹੈ; ਇਸ ਤੋਂ ਉਲਟ, ਧਨ ਨੂੰ ਹੌਲ਼ੀ ਹੌਲ਼ੀ ਇਕੱਠਿਆਂ ਕਰਦੇ ਜਾਣਾ ਜ਼ਰੂਰੀ ਹੈ, ਤਾਂ ਜੋ ਆਉਣ ਵਾਲ਼ੀਆਂ ਖਾਸ ਤਾਰੀਖਾਂ ਵਿੱਚ, ਜਦੋਂ ਅਦਾਇਗੀਆਂ ਦੀ ਮਿਆਦ ਆਈ ਹੋਵੇਗੀ, ਤਾਂ ਉਸ ਵੇਲੇ ਉਹ ਆਪਣੇ ਪਾਸ ਹੋਵੇ। ਭਾਵੇਂ, ਬੁਰਜੂਆ ਉਤਪਾਦਨ ਦੇ ਵਿਕਸਿਤ ਹੋ ਜਾਣ ਨਾਲ਼, ਇਸ ਤਰ੍ਹਾਂ, ਜ਼ਖੀਰੇਬਾਜ਼ੀ ਦਾ ਅਰੂਪ ਰੂਪ, ਜਿਸ ਨੂੰ ਅਮੀਰੀ ਦਾ ਨਾਂ ਦਿੱਤਾ ਜਾਂਦਾ ਹੈ, ਘੱਟਦਾ ਹੈ, ਪਰ ਜ਼ਖੀਰੇਬਾਜ਼ੀ, ਜਿਸ ਦੀ ਤਬਾਦਲਾ-ਅਮਲ ਨੂੰ ਲੋੜ ਹੁੰਦੀ ਹੈ, ਖੁਦ ਆਪ ਵਧਦੀ ਹੈ; ਉਹ ਇਸ ਤਰ੍ਹਾਂ ਕਿ ਦੌਲਤ ਦਾ ਉਹ ਭਾਗ, ਜਿਹੜਾ ਅਦਾਇਗੀ-ਵਸੀਲਿਆਂ ਦੇ ਜਿਣਸ-ਚਲਨ ਦੇ ਖੇਤਰ ਵਿੱਚ ਆਮ ਕਰਕੇ ਜਮ੍ਹਾਂ ਹੁੰਦਾ ਰਹਿੰਦਾ ਹੈ, ਉਸ ਨੂੰ ਅਦਾਇਗੀ-ਵਸੀਲਿਆਂ ਦੇ ਰਿਜ਼ਰਵ ਫੰਡਾਂ ਦੇ ਰੂਪ ਵਿਚ ਬਦਲਾ ਕੇ ਰੱਖਿਆ ਜਾਂਦਾ ਹੈ। ਬੁਰਜੂਆ ਉਤਪਾਦਨ ਜਿੰਨਾ ਵੀ ਵੱਧ ਉੱਨਤ ਹੋਵੇਗਾ, ਉੱਨਾ ਹੀ ਵੱਧ ਇਹਨਾਂ ਫੰਡਾਂ ਨੂੰ ਲਾਜ਼ਮੀ ਘੱਟ ਤੋਂ ਘੱਟ ਤੱਕ ਸੀਮਿਤ ਕੀਤਾ ਜਾਵੇਗਾ। ਲੌਕੇ ਨੇ ਵਿਆਜ-ਦਰ ਨੂੰ ਘੱਟ ਰੱਖਣ ਬਾਰੇ ਜੋ ਪੁਸਤਕ** ਲਿਖੀ ਸੀ, ਉਸ ਵਿੱਚ, ਉਸ ਦੇ ਦਿਨਾਂ ਅੰਦਰ ਇਹਨਾਂ ਰਿਜ਼ਰਵ ਫੰਡਾਂ ਬਾਰੇ ਬੜੀ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਪਤਾ ਲੱਗਦਾ, ਕਿ ਚਲਨ-ਧਨ ਦਾ ਕਿੰਨਾ ਬੜਾ ਹਿੱਸਾ, ਇੰਗਲੈਂਡ ਅੰਦਰ, ਠੀਕ ਉਸ ਸਮੇਂ ਦੇ ਦੌਰਾਨ ਅਦਾਇਗੀ ਵਸੀਲਿਆਂ ਦੇ ਰਿਜ਼ਰਵਾਂ ਵਿੱਚ ਜਮ੍ਹਾਂ ਪਿਆ ਸੀ, ਜਦੋਂ ਕਿ ਉੱਥੇ ਬੈਂਕਿੰਗ ਦਾ ਕੰਮ ਵਿਕਸਿਤ ਹੋਣ ਲੱਗਾ ਸੀ।

ਚਲਨ ਵਿੱਚ ਆਏ ਧਨ ਦੀ ਮਿਕਦਾਰ, ਜਿਹੜੀ ਕਿ ਧਨ ਦੇ ਸਾਧਾਰਨ-ਚਲਨ ਦੀ ਜਾਂਚ ਵਿਚੋਂ ਉਗਮੀ, ਬਾਰੇ ਬਣੇ ਕਾਨੂੰਨ ਨੂੰ ਅਦਾਇਗੀ-ਵਸੀਲਿਆਂ ਦੇ ਚਲਨ ਰਾਹੀਂ

---

* **ਬੋਇਸ ਗੁਲੀਬਰਟ**, ਜਿਹੜਾ ਕਿ ਇਹ ਚਾਹੁੰਦਾ ਹੈ ਕਿ ਪੈਦਾਵਾਰ ਦੇ ਬੁਰਜੂਆ ਸਬੰਧ, ਖੁਦ ਬੁਰਜੂਆਜ਼ੀ ਦੇ ਖਿਲਾਫ਼ ਨਾ ਆ ਕੇ ਖੜ੍ਹੇ ਹੋਣ, ਉਹ ਧਨ ਦੇ ਉਹਨਾਂ ਰੂਪਾਂ ਉੱਪਰ ਹੀ ਵਿਚਾਰ ਕਰਨ ਨੂੰ ਚੰਗਾ ਸਮਝਦਾ ਹੈ, ਜਿਹਨਾਂ ਵਿੱਚ ਧਨ ਇੱਕ ਸ਼ੁੱਧ ਨਾਂ-ਮਾਤਰ ਜਾਂ ਅਸਥਾਈ ਵਰਤਾਰੇ ਦੇ ਰੂਪ ਵਿੱਚ ਹੀ ਦਿਖਾਈ ਦੇਵੇ। ਪਹਿਲਾਂ ਉਹ ਚਲਨ-ਮਾਧਿਅਮ ਨੂੰ ਇਸ ਦ੍ਰਿਸ਼ਟੀ ਤੋਂ ਵੇਖਦਾ ਸੀ ਅਤੇ ਹੁਣ ਅਦਾਇਗੀ-ਵਸੀਲੇ ਦੇ ਤੌਰ 'ਤੇ। ਪਰ, ਉਹ ਧਨ ਦੇ ਨਾਂ-ਮਾਤਰੀ ਰੂਪ ਨੂੰ ਅਚਾਨਕ ਬਾਹਰੀ ਸੱਚਾਈ ਵਿੱਚ ਬਦਲ ਜਾਣਾ ਵੇਖਣੋਂ ਚੁੱਕ ਜਾਂਦਾ ਹੈ ਅਤੇ ਨਾਲ਼ ਹੀ ਇਸ ਹਕੀਕਤ ਨੂੰ ਵੀ ਦੇਖਦਾ ਹੈ ਕਿ ਕਦਰ ਦੇ ਸ਼ੁੱਧ-ਖਿਆਲੀ ਮਾਪ ਵਿੱਚ ਵੀ ਲੁਕੇ ਰੂਪ ਵਿੱਚ ਨਕਦ-ਨਾਮਾ ਵਿਦਮਾਨ ਰਹਿੰਦਾ ਹੈ। ਬੋਇਸ ਗੁਲੀਬਰਟ ਕਹਿੰਦਾ ਹੈ, ਥੋਕ ਵਪਾਰ – ਜਿਸ ਵਿੱਚ, "ਜਿਣਸਾਂ ਦਾ ਮੁਲੰਕਣ ਕਰਨ" ਪਿੱਛੋਂ, ਤਬਾਦਲਾ, ਬਿਨਾਂ ਧਨ ਦੀ ਮੁਦਾਖਲਤ ਦੇ ਪੂਰਨ ਹੋ ਜਾਂਦਾ ਹੈ – ਇਹ ਸਿੱਧ ਕਰਦਾ ਹੈ ਕਿ ਧਨ, ਖੁਦ ਜਿਣਸਾਂ ਦਾ ਹੀ ਇੱਕ ਪੱਖ ਹੈ।(**ਲੇ ਦੀਤੇਲ ਦੇ ਲਾ ਫ਼ਰਾਂਸ**, ਪੰਨਾ 210)।

** ਲੌਕੇ ਦੀ ਪੁਸਤਕ, **'ਵਿਆਜ ਨੂੰ ਘੱਟ ਰੱਖਣ ਬਾਰੇ ਕੁਝ ਵਿਚਾਰ'** ਪੰਨਾ 17, 18।

ਚੰਗਾ-ਖਾਸਾ ਸੋਧ ਲਿਆ ਜਾਂਦਾ ਹੈ। ਜੇ ਧਨ ਦਾ ਵੇਗ, ਚਲਨ-ਵਸੀਲਿਆਂ ਅਤੇ ਅਦਾਇਗੀ-ਵਸੀਲਿਆਂ, ਦੋਹਾਂ ਦੇ ਰੂਪ ਵਿੱਚ ਪਤਾ ਹੋਵੇ, ਤਾਂ ਕਿਸੇ ਖਾਸ ਸਮੇਂ ਵਿੱਚ ਚਲਨ ਵਿੱਚ ਆਏ ਧਨ ਦੀ ਕੁੱਲ ਰਕਮ ਦਾ ਪਤਾ ਲਾਇਆ ਜਾ ਸਕਦਾ ਹੈ: ਵਸੂਲ ਕਰਨ ਵਾਲ਼ੀਆਂ ਜਿਣਸ-ਕੀਮਤਾਂ ਦੀ ਕੁੱਲ ਰਕਮ ਵਿੱਚ, ਇਸੇ ਸਮੇਂ ਦੇ ਦੌਰਾਨ, ਦਿੱਤੀਆਂ ਜਾਣ ਵਾਲੀਆਂ ਅਦਾਇਗੀਆਂ ਦੀ ਕੁੱਲ ਰਕਮ ਜੋੜੋ, ਕੁੱਲ ਜੋੜ ਵਿੱਚੋਂ ਇੱਕ-ਦੂਜੀ ਨੂੰ ਬਰਾਬਰ ਕਰ ਦੇਣ ਵਾਲ਼ੀਆਂ ਅਦਾਇਗੀਆਂ ਘਟਾ ਦਿਓ। ਇਸ ਨਾਲ਼ ਉਸ ਆਮ ਅਸੂਲ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ, ਜਿਸ ਅਨੁਸਾਰ, ਚਲਨ ਵਿੱਚ ਆਏ ਧਨ ਦੀ ਰਕਮ ਦਾ ਨਿਰਭਰ ਜਿਣਸ-ਕੀਮਤਾਂ ਉੱਪਰ ਹੁੰਦਾ ਹੈ। ਕਾਰਨ ਇਹ ਹੈ ਕਿ ਅਦਾਇਗੀਆਂ ਦੀ ਕੁੱਲ ਰਕਮ ਦਾ ਨਿਸ਼ਚਾ ਖੁਦ ਇਕਰਾਰਨਾਮਿਆਂ ਵਿੱਚ ਤੈਅ ਹੋਈਆਂ ਕੀਮਤਾਂ ਦੁਆਰਾ ਹੁੰਦਾ ਹੈ। ਤਾਂ ਵੀ, ਇਹ ਗੱਲ ਸਪੱਸ਼ਟ ਹੈ ਕਿ ਕਿਸੇ ਖਾਸ ਸਮੇਂ ਦੇ ਦੌਰਾਨ, ਮੰਨ ਲਓ, ਇੱਕ ਦਿਨ ਵਿੱਚ, ਚਲਨ ਵਿੱਚ ਆਈਆਂ ਜਿਣਸਾਂ ਦੀਆਂ ਕੁੱਲ ਕੀਮਤਾਂ, ਕਿਸੇ ਤਰ੍ਹਾਂ ਵੀ ਉਸੇ ਦਿਨ ਚਲਨ ਵਿੱਚ ਆਏ ਧਨ ਦੀ ਮਿਕਦਾਰ ਨਾਲ਼ ਮੇਲ ਨਹੀਂ ਖਾਣਗੀਆਂ, ਭਾਵੇਂ ਚਲਨ-ਰਫਤਾਰ ਅਤੇ ਅਦਾਇਗੀ ਦੇ ਆਰਥਿਕ ਢੰਗਾਂ ਨੂੰ ਬਿਲਕੁੱਲ ਨਾ-ਬਦਲੇ ਮੰਨ ਲਿਆ ਜਾਵੇ। ਇਸ ਦਾ ਕਾਰਨ ਇਹ ਹੈ ਕਿ ਜਿਣਸਾਂ ਦੀ ਇੱਕ ਖਾਸ ਮਿਕਦਾਰ ਅਜਿਹੀ ਵੀ ਹੁੰਦੀ ਹੈ, ਜਿਸ ਦੀਆਂ ਕੀਮਤਾਂ ਕਿਸੇ ਅਗਲੀ ਤਾਰੀਖ 'ਤੇ ਵਸੂਲ ਹੋਣੀਆਂ ਹੋਣਗੀਆਂ ਅਤੇ ਚਲਨ ਵਿੱਚ ਆਏ ਧਨ ਦੀ ਇੱਕ ਖਾਸ ਰਕਮ ਉਹਨਾਂ ਜਿਣਸਾਂ ਦੇ ਅਨੁਸਾਰ ਹੋਵੇਗੀ, ਜਿਹੜੀਆਂ ਕਿ ਬਹੁਤ ਸਮਾਂ ਪਹਿਲਾਂ ਚਲਨ ਦੇ ਖੇਤਰ ਵਿੱਚੋਂ ਬਾਹਰ ਜਾ ਚੁੱਕੀਆਂ ਹਨ। ਸਿੱਟੇ ਵਜੋਂ, ਧਨ ਦੀ ਇਸ ਰਕਮ ਦਾ ਨਿਰਭਰ ਉਹਨਾਂ ਅਦਾਇਗੀਆਂ ਦੀ ਕਦਰ ਦੇ ਉੱਪਰ ਹੋਵੇਗਾ, ਜਿਹੜੀਆਂ ਕਿ ਉਸ ਦਿਨ ਕੀਤੀਆਂ ਜਾਣੀਆਂ ਹਨ, ਹਾਲਾਂਕਿ ਉਹਨਾਂ ਨਾਲ਼ ਸਬੰਧਤ ਇਕਰਾਰਨਾਮਿਆਂ ਨੂੰ ਹੋਇਆ ਕਿੰਨੀਆਂ ਵੱਖ ਵੱਖ ਤਾਰੀਖਾਂ ਬੀਤ ਚੁੱਕੀਆਂ ਹਨ।

ਅਸੀਂ ਦੇਖ ਚੁੱਕੇ ਹਾਂ, ਕਿ ਸੋਨੇ ਅਤੇ ਚਾਂਦੀ ਦੀ ਕਦਰ ਵਿੱਚ ਆਈਆਂ ਤਬਦੀਲੀਆਂ ਦਾ ਉਹਨਾਂ ਦੇ ਕਦਰ-ਮਾਪ ਅਤੇ ਹਿਸਾਬੀ ਧਨ ਦੇ ਰੂਪ ਵਿੱਚ ਕੀਤੇ ਜਾਣ ਵਾਲ਼ੇ ਕਾਰਜਾਂ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਪਰ, ਜ਼ਖੀਰਾ ਕੀਤੇ ਧਨ ਬਾਰੇ ਇਹਨਾਂ ਤਬਦੀਲੀਆਂ ਦੀ ਨਿਰਣੇਈ ਮਹੱਤਤਾ ਹੁੰਦੀ ਹੈ, ਕਿਉਂਕਿ ਸੋਨੇ ਅਤੇ ਚਾਂਦੀ ਦੀ ਕਦਰ ਵਿੱਚ ਆਏ ਉਤਾਰ-ਚੜ੍ਹਾਅ ਨਾਲ਼ ਸੋਨੇ ਜਾਂ ਚਾਂਦੀ ਦੇ ਜ਼ਖੀਰਿਆਂ ਦੀ ਕਦਰ ਵਿਚ ਉਤਾਰ-ਚੜ੍ਹਾਅ ਜ਼ਰੂਰ ਆਉਂਦਾ ਹੈ। ਇਸ ਤਰ੍ਹਾਂ ਦੀਆਂ ਤਬਦੀਲੀਆਂ ਦੀ, ਧਨ ਦੇ ਅਦਾਇਗੀ-ਵਸੀਲਿਆਂ ਦੇ ਰੂਪ ਵਿੱਚ ਹੋਰ ਵੀ ਵੱਧ ਮਹੱਤਤਾ ਹੁੰਦਾ ਹੈ। ਅਦਾਇਗੀ ਉੱਪਰ, ਜਿਣਸਾਂ ਦੀ ਵਿਕਰੀ ਤੋਂ ਬਾਅਦ ਦੀ ਤਾਰੀਖ ਵਿੱਚ ਪ੍ਰਭਾਵ ਪੈ ਜਾਂਦਾ ਹੈ; ਜਿਸ ਦਾ ਅਰਥ ਹੈ ਕਿ ਧਨ, ਦੋ ਵੱਖ ਵੱਖ ਸਮਿਆਂ 'ਤੇ ਦੋ ਵੱਖ ਵੱਖ ਕਾਰਜ ਕਰਦਾ ਹੈ; ਪਹਿਲਾਂ ਤਾਂ ਉਹ ਇੱਕ ਕਦਰ-ਮਾਪ ਦੇ ਰੂਪ ਵਿੱਚ ਕੰਮ ਕਰਦਾ ਹੈ, ਅਤੇ ਦੂਜਾ ਉਹ, ਇਸ ਮਾਪ ਨਾਲ਼ ਢੁਕਵੇਂ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕੰਮ ਕਰਦਾ ਹੈ। ਜੇ ਇਸੇ ਦੌਰਾਨ, ਕੀਮਤੀ ਧਾਤਾਂ ਦੀ ਕਦਰ ਜਾਂ ਉਹਨਾਂ ਦੀ ਉਪਜ ਲਈ ਲੁੜੀਂਦੇ ਕਿਰਤ-ਸਮੇਂ ਵਿੱਚ ਕੋਈ ਤਬਦੀਲੀ ਆ ਜਾਂਦੀ ਹੈ, ਤਾਂ ਉਸੇ ਮਾਤਰਾ ਦੇ ਸੋਨੇ ਜਾਂ ਚਾਂਦੀ ਦੀ

ਕਦਰ ਵਿੱਚ, ਜਦੋਂ ਕਿ ਉਹ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕਾਰਜ ਕਰ ਰਹੇ ਹੁੰਦੇ ਹਨ, ਉਸ ਸਮੇਂ ਨਾਲ਼ੋਂ, ਜਦੋਂ ਕਦਰ-ਮਾਪ ਦੇ ਰੂਪ ਵਿੱਚ ਇਹ ਕਾਰਜ ਕਰਦੇ ਸਨ, ਜਦੋਂ ਇਕਰਾਰਨਾਮੇ ਤੇ ਹਸਤਾਖਰ ਹੋਏ ਸਨ, ਵਾਧੇ ਘਾਟੇ ਦਾ ਫਰਕ ਪੈ ਜਾਵੇਗਾ। ਸੋਨੇ-ਚਾਂਦੀ ਜਿਹੀ ਕਿਸੇ ਖਾਸ ਜਿਣਸ ਦਾ ਕਾਰਜ, ਜਿਹੜੀ ਕਿ ਧਨ ਰੂਪ ਵਿੱਚ ਵਰਤੀ ਜਾਂਦੀ ਹੈ ਜਾਂ ਜਿਹੜੀ ਇਕ ਸੁਤੰਤਰ ਰੂਪ ਧਾਰੀ, ਤਬਾਦਲਾ-ਕਦਰ ਦੀ ਤਰ੍ਹਾਂ ਕੰਮ ਕਰਦੀ ਹੈ, ਇੱਥੇ ਹੁਣ ਉਸ ਖਾਸ ਜਿਣਸ ਦੇ ਖਾਸੇ ਨਾਲ਼ ਟੱਕਰ ਵਿੱਚ ਆਉਂਦਾ ਹੈ, ਜਿਸ ਦੀ ਕਦਰ, ਇਸ ਦੀਆਂ ਉਪਜ-ਲਾਗਤਾਂ ਵਿੱਚ ਆਈਆਂ ਤਬਦੀਲੀਆਂ 'ਤੇ ਨਿਰਭਰ ਕਰਦੀ ਹੁੰਦੀ ਹੈ। ਇਸ ਗੱਲ ਦਾ ਬਹੁਤਿਆਂ ਨੂੰ ਗਿਆਨ ਹੈ ਕਿ ਯੂਰਪ ਦੇ ਅੰਦਰ, ਕੀਮਤੀ ਧਾਤਾਂ ਦੀ ਕਦਰ ਵਿੱਚ ਮੰਦੀ ਦੇ ਆਉਣ ਨਾਲ਼ ਇਕ ਵੱਡਾ ਸਮਾਜਿਕ ਇਨਕਲਾਬ ਆਇਆ, ਜਿਵੇਂ ਕਿ ਰੋਮਨ ਰਿਪਬਲਿਕ ਦੇ ਇਤਿਹਾਸ ਦੇ ਅਰੰਭਕ ਦਿਨਾਂ ਵਿੱਚ, ਤਾਂਬੇ ਦੀ ਕਦਰ ਵਿੱਚ ਤੇਜ਼ੀ ਦੇ ਆਉਣ ਨਾਲ਼ ਇੱਕ ਉਲਟਾ ਇਨਕਲਾਬ ਆਇਆ ਸੀ – ਤਾਂਬਾ ਉਸ ਸਮੇਂ ਉਹ ਧਾਤ ਸੀ, ਜਿਸ ਵਿੱਚ ਪਲੈਬੀਅਨਾਂ ਦੇ ਕਰਜ਼ਿਆਂ ਦੇ ਇਕਰਾਰ ਹੁੰਦੇ ਸਨ। ਕੀਮਤੀ ਧਾਤਾਂ ਦੀ ਕਦਰ ਵਿੱਚੋਂ ਆਉਣ ਵਾਲ਼ੇ ਉਤਾਰ-ਚੜ੍ਹਾਵਾਂ ਦੇ ਕਾਰਨ ਬੁਰਜੂਆ ਅਰਥਚਾਰੇ ਦੀ ਪ੍ਰਣਾਲੀ ਉੱਪਰ ਜੋ ਪ੍ਰਭਾਵ ਪੈਂਦੇ ਹਨ, ਉਸ ਦੀ ਅੱਗੇ ਜਾਂਚ ਕਰਨ ਤੋਂ ਬਿਨਾਂ ਵੀ ਇਹ ਗੱਲ ਸਪੱਸ਼ਟ ਹੈ, ਕਿ ਕੀਮਤੀ ਧਾਤਾਂ ਦੀ ਕਦਰ ਵਿੱਚ ਆਈ ਮੰਦੀ ਲੈਣਦਾਰਾਂ ਦੇ ਸਿਰ ਤੋਂ ਦੇਣਦਾਰਾਂ ਨੂੰ ਲਾਭ ਪਹੁੰਚਾਉਂਦੀ ਹੈ, ਜਦੋਂ ਕਿ ਉਹਨਾਂ ਦੀ ਕਦਰ ਵਿੱਚ ਆਈ ਤੇਜ਼ੀ ਤੋਂ, ਲੈਣਦਾਰ, ਦੇਣਦਾਰਾਂ ਦੀ ਕੀਮਤ 'ਤੇ ਲਾਭ ਉਠਾਉਂਦੇ ਹਨ।

## ੲ. ਸੰਸਾਰ-ਧਨ

ਸੋਨਾ, ਸਿੱਕੇ ਦੇ ਮੁਕਾਬਲੇ, ਉਦੋਂ ਧਨ ਬਣਦਾ ਹੈ, ਜਦੋਂ ਪਹਿਲਾਂ ਉਸ ਨੂੰ ਚਲਨ ਵਿੱਚੋਂ ਹਟਾ ਲਿਆ ਜਾਂਦਾ ਹੈ ਅਤੇ ਉਸ ਦੇ ਜ਼ਖੀਰੇ ਬਣਾ ਲਏ ਜਾਂਦੇ ਹਨ, ਪਿੱਛੋਂ, ਜਦੋਂ ਉਹ ਚਲਨ ਦੇ ਗੈਰ-ਵਸੀਲੇ ਦੇ ਤੌਰ 'ਤੇ ਮੁੜ ਚਲਨ ਵਿੱਚ ਦਾਖਲ ਹੁੰਦਾ ਹੈ, ਪਰ ਅੰਤਮ ਗੱਲ, ਜਦੋਂ ਉਹ ਘਰੇਲੂ ਚਲਨ ਦੀਆਂ ਰੋਕਾਂ-ਟੋਕਾਂ ਨੂੰ ਤੋੜ ਕੇ, ਜਿਣਸ-ਸੰਸਾਰ ਵਿੱਚ, ਵਿਆਪਕ ਸਮਾਨ-ਵਸਤ ਦੇ ਰੂਪ ਵਿਚ ਕਾਰਜ ਕਰਨ ਲੱਗਦਾ ਹੈ। ਇਸ ਤਰ੍ਹਾਂ ਇਹ **ਸੰਸਾਰ-ਧਨ** ਬਣ ਜਾਂਦਾ ਹੈ।

ਇਸੇ ਤਰ੍ਹਾਂ, ਜਿਵੇਂ ਪਹਿਲਾਂ ਕੀਮਤੀ ਧਾਤਾਂ ਦੇ ਆਮ ਕਰਕੇ ਵਰਤੀਂਦੇ ਤੋਲ-ਵੱਟੇ, ਕਦਰ-ਮਾਪਾਂ ਦਾ ਕੰਮ ਦੇਂਦੇ ਸਨ, ਉਸੇ ਤਰ੍ਹਾਂ, ਸੰਸਾਰ ਮੰਡੀ ਵਿੱਚ ਧਨਵੀ ਸਿੱਕਿਆਂ ਨੂੰ ਉਹਨਾਂ ਦੇ ਅਨੁਸਾਰੀ ਵਜ਼ਨੀ-ਵੱਟਿਆਂ ਵਿੱਚ ਮੁੜ-ਬਦਲ ਲਿਆ ਜਾਂਦਾ ਹੈ। ਜਿਵੇਂ ਅਨਘੜ ਬੇ-ਸਾਫ ਧਾਤ ਦਾ ਟੁੱਕੜਾ ਚਲਨ-ਵਸੀਲੇ ਦਾ ਆਰੰਭਕ ਰੂਪ ਸੀ ਅਤੇ ਆਰੰਭ ਵਿੱਚ ਚਲਨ-ਵਸੀਲੇ ਦਾ ਸਿੱਕਾ-ਰੂਪ ਧਾਤਵੀ ਵੱਟੇ ਦਾ ਸਿਰਫ਼ ਸਰਕਾਰੀ ਚਿੰਨ੍ਹ ਮਾਤਰ ਹੁੰਦਾ ਸੀ, ਇਸੇ ਤਰ੍ਹਾਂ, ਵਿਆਪਕ ਸਿੱਕੇ ਦੇ ਤੌਰ 'ਤੇ ਵਰਤੀਂਦੀ ਕੀਮਤੀ ਧਾਤ, ਆਪਣੀ ਖਾਸ ਸ਼ਕਲ ਅਤੇ ਛਾਪੇ ਤੋਂ ਛੁੱਟੀ ਪਾ ਜਾਂਦੀ ਹੈ ਅਤੇ ਨਿਰਪੇਖ ਬੁਲੀਅਨ ਦਾ ਰੂਪ ਧਾਰ ਲੈਂਦੀ ਹੈ। ਭਾਵ ਇਹ ਹੈ ਕਿ ਜਦੋਂ ਕੌਮੀ ਸਿੱਕੇ, ਜਿਵੇਂ ਕਿ ਰੂਸੀ ਇੰਪੀਰੀਅਲ, ਮਕਸੀਕਨ ਥਾਲਰ ਅਤੇ ਅੰਗਰੇਜ਼ੀ

ਸਾਵਰੇਨ, ਵਿਦੇਸ਼ਾਂ ਵਿੱਚ ਚਲੱਦੇ ਹਨ, ਉਹਨਾਂ ਦੇ ਆਪਣੇ ਅਸਲ ਨਾਂ ਗੈਰ-ਅਹਿਮ ਹੋ ਜਾਂਦੇ ਹਨ ਅਤੇ ਜੋ ਮਹੱਤਵਪੂਰਨ ਰਹਿੰਦਾ ਹੈ ਉਹ ਹੈ ਉਹਨਾਂ ਦਾ ਸਾਰਤੱਤ। ਅੰਤਮ, ਕੌਮਾਂਤਰੀ ਧਨ ਦੇ ਰੂਪ ਵਿੱਚ, ਕੀਮਤੀ ਧਾਤਾਂ ਇੱਕ ਵਾਰੀ ਫੇਰ ਤਬਾਦਲਾ-ਵਸੀਲੇ ਦੇ ਆਪਣੇ ਮੂਲ ਕਾਰਜ ਨੂੰ ਪੂਰਿਆਂ ਕਰਨ ਲੱਗਦੀਆਂ ਹਨ: ਇਸ ਕਾਰਜ ਦਾ ਜਨਮ, ਖ਼ੁਦ ਜਿਣਸ-ਤਬਾਦਲੇ ਵਾਂਗ, ਵੱਖ ਵੱਖ ਆਦਮ ਬਰਾਦਰੀਆਂ ਵਿਚਕਾਰਲੇ ਸਬੰਧ-ਨੁਕਤਿਆਂ ਤੋਂ ਹੋਇਆ ਸੀ, ਨਾ ਕਿ ਬਰਾਦਰੀਆਂ ਦੇ ਅੰਦਰ-ਖਾਨਿਆਂ ਵਿੱਚੋਂ। ਧਨ, ਸੰਸਾਰ-ਧਨ ਦੇ ਰੂਪ ਵਿੱਚ ਕਾਰਜ ਕਰਦਾ, ਆਪਣੇ ਮੂਲ ਕੁਦਰਤੀ ਰੂਪ ਨੂੰ ਪਰਤ ਆਉਂਦਾ ਹੈ। ਜਦੋਂ ਉਹ ਘਰੇਲੂ ਚਲਨ ਤੋਂ ਛੁਟਕਾਰਾ ਪਾਉਂਦਾ ਹੈ, ਨਾਲ਼ ਹੀ ਧਨ, ਖਾਸ ਇਲਾਕਿਆਂ ਦੇ ਅੰਦਰ ਅੰਦਰ ਤਬਾਦਲੇ ਦੇ ਵਿਕਾਸ ਰਾਹੀਂ ਪ੍ਰਾਪਤ, ਖਾਸ ਰੂਪਾਂ ਜਾਂ ਕੀਮਤ ਦੇ ਮਾਪ ਰੂਪ ਵਿੱਚ, ਜੋ ਧਨ ਨੇ ਸਥਾਨਕ ਸ਼ਕਲਾਂ ਧਾਰੀਆਂ ਹੁੰਦੀਆਂ ਹਨ, ਜਿਵੇਂ ਕਿ ਨਗਦੀ, ਛੋਟੀ ਭੰਨਘੜ ਅਤੇ ਕਦਰ-ਨਿਸ਼ਾਨੀ ਆਦਿ, ਉਹਨਾਂ ਨੂੰ ਵੀ ਪਿਛਾਂਹ ਛੱਡ ਦੇਂਦਾ ਹੈ।

ਅਸੀਂ ਵੇਖ ਆਏ ਹਾਂ ਕਿ ਕਿਸੇ ਦੇਸ਼ ਦੇ ਅੰਦਰੂਨੀ ਚਲਨ ਵਿੱਚ, ਕੇਵਲ ਇੱਕ ਜਿਣਸ ਹੀ ਕਦਰ-ਮਾਪ ਦੇ ਤੌਰ 'ਤੇ ਕੰਮ ਕਰਦੀ ਹੈ। ਪਰ ਕਿਉਂਕਿ ਇੱਕ ਦੇਸ਼ ਵਿੱਚ ਇਹ ਕੰਮ ਸੋਨਾ ਕਰਦਾ ਹੈ, ਦੂਜੇ ਵਿੱਚ ਚਾਂਦੀ, ਇਸ ਲਈ ਸੰਸਾਰ-ਬਾਜ਼ਾਰ ਵਿੱਚ ਕਦਰ ਦਾ ਦੂਹਰਾ ਮਿਆਰ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਧਨ ਦੇ ਸਾਰੇ ਕਾਰਜ ਦੂਹਰੇ ਹੁੰਦੇ ਹਨ। ਜਿਣਸਾਂ ਦੀਆਂ ਕਦਰਾਂ ਦੀ ਸੋਨਵੀ ਕੀਮਤਾਂ ਤੋਂ ਚਾਂਦਵੀ ਕੀਮਤਾਂ ਵਿੱਚ ਅਤੇ ਚਾਂਦਵੀ ਕੀਮਤਾਂ ਦੀ ਸੋਨਵੀ ਕੀਮਤਾਂ ਵਿੱਚ ਬਦਲੀ ਦਾ ਨਿਰਭਰ, ਸਦਾ ਦੋਵੇਂ ਧਾਤਾਂ ਦੀ ਨਿਸਬਤੀ ਕਦਰ 'ਤੇ ਹੁੰਦਾ ਹੈ, ਇਹ ਨਿਸਬਤੀ ਕਦਰ ਲਗਾਤਾਰ ਬਦਲਦੀ ਰਹਿੰਦੀ ਹੈ ਅਤੇ ਉਸੇ ਅਨੁਸਾਰ, ਉਸ ਦਾ ਮਿੱਥਿਆ ਜਾਣਾ ਵੀ ਇੱਕ ਲਗਾਤਾਰ ਅਮਲ ਦੇ ਤੌਰ 'ਤੇ ਦਿੱਸਦਾ ਹੈ। ਸਾਰੇ ਦੇਸ਼ਾਂ ਦੇ ਜਿਣਸ-ਮਾਲਕਾਂ ਨੂੰ ਵਿਦੇਸ਼ੀ ਵਪਾਰ ਵਿੱਚ ਵਾਰੋ-ਵਾਰੀ, ਸੋਨਾ ਅਤੇ ਚਾਂਦੀ ਵਰਤਣ 'ਤੇ ਮਜਬੂਰ ਹੋਣਾ ਪੈਂਦਾ ਹੈ, ਇਸ ਤਰ੍ਹਾਂ ਉਹ ਦੇਸ਼ ਅੰਦਰਲੇ ਧਨ ਦੇ ਰੂਪ ਵਿੱਚ ਵਰਤੀਂਦੀ ਧਾਤ ਨੂੰ ਉਸ ਧਾਤ ਨਾਲ਼ ਬਦਲਦੇ ਰਹਿੰਦੇ ਹਨ ਜਿਹੜੀ ਕਿ ਉਹਨਾਂ ਨੂੰ ਵਿਦੇਸ਼ਾਂ ਵਿੱਚੋਂ ਧਨ ਰੂਪ ਵਿੱਚ ਪ੍ਰਾਪਤ ਹੋਈ ਹੁੰਦੀ ਹੈ। ਹਰ ਕੌਮ, ਇਸ ਤਰ੍ਹਾਂ, ਸੋਨਾ ਤੇ ਚਾਂਦੀ, ਦੋਹਾਂ ਨੂੰ, ਸੰਸਾਰ ਧਨ ਦੇ ਰੂਪ ਵਿੱਚ ਵਰਤਦੀ ਹੈ।

ਕੌਮਾਂਤਰੀ ਜਿਣਸ-ਚਲਨ ਦੇ ਖੇਤਰ ਵਿੱਚ ਸੋਨਾ ਤੇ ਚਾਂਦੀ ਚਲਨ-ਵਸੀਲੇ ਦੇ ਰੂਪ ਵਿੱਚ ਸਾਹਮਣੇ ਨਹੀਂ ਆਉਂਦੇ, ਬਲਕਿ **ਵਿਆਪਕ ਤਬਾਦਲਾ-ਵਸੀਲੇ** ਦੇ ਰੂਪ ਵਿੱਚ ਆਉਂਦੇ ਹਨ। ਪਰ ਵਿਆਪਕ ਤਬਾਦਲਾ ਵਸੀਲੇ, ਸਿਰਫ਼ ਖਰੀਦ-ਵਸੀਲੇ ਅਤੇ ਅਦਾਇਗੀ-ਵਸੀਲੇ ਦੇ ਰੂਪ ਵਿੱਚ ਹੀ ਕੰਮ ਆਉਂਦੇ ਹਨ ਜਿਹੜੇ ਦੋ ਰੂਪਾਂ ਬਾਰੇ ਅਸੀਂ ਪਹਿਲਾਂ ਦੱਸ ਆਏ ਹਾਂ, ਪਰ ਸੰਸਾਰ ਬਾਜ਼ਾਰ ਅੰਦਰ ਇਹ ਸਬੰਧ ਬਦਲ ਜਾਂਦੇ ਹਨ। ਜਦੋਂ ਅੰਦਰੂਨੀ ਚਲਨ ਦੇ ਖੇਤਰ ਵਿੱਚ ਧਨ ਨੂੰ ਸਿੱਕੇ ਦੇ ਰੂਪ ਵਿੱਚ ਵਰਤਿਆ ਜਾਂਦਾ ਸੀ, ਭਾਵ, ਜ-ਧ-ਜ ਦੀ ਗਤੀਸ਼ੀਲ ਏਕਤਾ ਵਿੱਚ ਵਿਚੋਲੀਆ ਕੜੀ ਵਾਂਗ ਜਾਂ ਜਿਣਸਾਂ ਦੀ ਲਗਾਤਾਰ ਹਰਕਤ ਦੇ ਦੌਰਾਨ ਤਬਾਦਲਾ-ਕਦਰ ਦੇ ਅਬੂਰੀ ਰੂਪ ਵਿੱਚ ਹੀ – ਇਹ ਇੱਕ ਮਾਤਰ ਖਰੀਦ-ਵਸੀਲੇ ਦੇ ਰੂਪ

ਵਿੱਚ ਹੀ ਕਾਰਜ ਕਰਦਾ ਸੀ। ਸੰਸਾਰ ਬਾਜ਼ਾਰ ਅੰਦਰ ਇਹ ਸਥਿਤੀ ਉਲਟ ਹੋ ਜਾਂਦੀ ਹੈ। ਇਥੇ ਸੋਨਾ-ਚਾਂਦੀ, ਖਰੀਦ-ਵਸੀਲੇ ਦੇ ਰੂਪ ਵਿੱਚ ਤਾਂ ਹੀ ਕਾਰਜ ਕਰਦੇ ਹਨ, ਜੇਕਰ ਅੰਤਰ-ਬਦਲ ਕੇਵਲ ਇੱਕ-ਪਾਸੜ ਹੈ ਅਤੇ ਇਸ ਲਈ ਖਰੀਦ ਅਤੇ ਵੇਚ ਅਲੱਗ-ਅਲੱਗ ਹੋ ਜਾਂਦੇ ਹਨ। ਮਿਸਾਲ ਵਜੋਂ, ਕਿਆਖਤਾ ਦਾ ਸਰਹੱਦੀ ਵਪਾਰ, ਹਕੀਕਤ ਵਿੱਚ ਅਤੇ ਸੰਧੀ ਦੀਆਂ ਸ਼ਰਤਾਂ ਦੇ ਅਨੁਸਾਰ ਬਾਰਟਰ ਹੈ, ਜਿਸ ਅੰਦਰ, ਚਾਂਦੀ ਨੂੰ ਕੇਵਲ ਕਦਰ-ਮਾਪ ਦੇ ਰੂਪ ਵਿੱਚ ਵਰਤਿਆ ਜਾਂਦਾ ਸੀ। 1857-58 ਦੀ ਜੰਗ ਨੇ ਚੀਨੀਆਂ ਨੂੰ ਬਿਨਾਂ ਖਰੀਦ ਤੋਂ ਵੇਚਣ ਲਈ ਪਰੇਰਿਆ। ਇਸ ਤੋਂ ਚਾਂਦੀ ਝੱਟ ਹੀ, ਖਰੀਦ-ਵਸੀਲੇ ਦੇ ਰੂਪ ਵਿੱਚ ਸਾਹਮਣੇ ਆ ਗਈ। ਸੰਧੀ ਦੀਆਂ ਸ਼ਰਤਾਂ ਨੂੰ ਫੁੱਲ ਚੜ੍ਹਾਉਂਦਿਆਂ ਹੋਏ, ਰੂਸੀਆਂ ਨੇ ਫ਼ਰਾਂਸ ਦੇ ਪੰਜ-ਫ਼ਰਾਂਕ ਦੇ ਸਿੱਕਿਆਂ ਨੂੰ ਅਨਘੜ ਚਾਂਦੀ ਦੀਆਂ ਵਸਤਾਂ ਵਿੱਚ ਬਦਲ ਦਿੱਤਾ, ਜਿਹਨਾਂ ਦੀ ਤਬਾਦਲਾ-ਵਸੀਲੇ ਦੇ ਰੂਪ ਵਿੱਚ ਵਰਤੋਂ ਹੋਣ ਲੱਗੀ। ਚਾਂਦੀ ਨੇ, ਇੱਕ ਪਾਸੇ, ਯੂਰਪ ਅਤੇ ਅਮਰੀਕਾ ਲਈ ਸਦਾ ਖਰੀਦ-ਵਸੀਲੇ ਦੇ ਰੂਪ ਵਿੱਚ ਕੰਮ ਕੀਤਾ ਹੈ ਅਤੇ ਦੂਜੇ ਪਾਸੇ ਏਸ਼ੀਆ ਲਈ, ਜਿੱਥੇ ਇਹ ਜ਼ਖੀਰਿਆਂ ਵਿੱਚ ਜੰਮ ਕੇ ਬਹਿੰਦੀ ਰਹੀ ਹੈ। ਕੀਮਤੀ ਧਾਤਾਂ, ਇਸ ਤੋਂ ਵੀ ਅੱਗੇ, ਖਰੀਦ ਦੇ ਕੌਮਾਂਤਰੀ ਵਸੀਲੇ ਦੇ ਰੂਪ ਵਿੱਚ ਕੰਮ ਕਰਦੀਆਂ ਹਨ, ਜਦੋਂ ਕਿ ਦੋ ਕੌਮਾਂ ਵਿਚਕਾਰਲੇ ਉਤਪਾਦਕਾਂ ਦੇ ਅੰਤਰ-ਬਦਲ ਦਾ ਆਮ ਸਮਤੋਲ ਅਚਾਨਕ ਵਿਗੜ ਜਾਂਦਾ ਹੈ, ਅਰਥਾਤ ਜਦੋਂ ਕੋਈ ਭੈੜੀ ਫਸਲ, ਉਹਨਾਂ ਵਿੱਚੋਂ ਇੱਕ ਨੂੰ ਅਸਾਧਾਰਨ ਪੈਮਾਨੇ ’ਤੇ, ਖਰੀਦ ਕਰਨ ਲਈ ਮਜਬੂਰ ਕਰਦੀ ਹੈ। ਕੀਮਤੀ ਧਾਤਾਂ, ਅੰਤਮ ਤੌਰ ’ਤੇ, ਸੋਨਾ-ਚਾਂਦੀ ਨੂੰ ਪੈਦਾ ਕਰਨ ਵਾਲ਼ੇ ਦੇਸ਼ਾਂ ਦੁਆਰਾ, ਕੌਮਾਂਤਰੀ ਖਰੀਦ-ਵਸੀਲੇ ਦੇ ਰੂਪ ਵਿੱਚ ਵਰਤੀਆਂ ਜਾਂਦੀਆਂ ਹਨ। ਇੱਥੇ ਉਹ ਸਿੱਧੀਆਂ ਉਤਪਾਦਾਂ ਹੁੰਦੀਆਂ ਹਨ ਅਤੇ ਜਿਣਸਾਂ ਵੀ ਅਤੇ ਨਾ ਕਿ ਜਿਣਸਾਂ ਦਾ ਇੱਕ ਬਦਲਿਆ ਹੋਇਆ ਰੂਪ। ਚਲਨ ਦੇ ਵੇਖ ਵੱਖ ਕੌਮੀ ਖੇਤਰਾਂ ਵਿਚਕਾਰ ਜਿਣਸ-ਤਬਾਦਲਾ ਦੇ ਵਿਕਸਿਤ ਹੋ ਜਾਣ ਨਾਲ਼, ਉਹ ਕਾਰਜ ਵੀ, ਜਿਸ ਨੂੰ ਸੰਸਾਰ ਧਨ, **ਅਦਾਇਗੀ-ਵਸੀਲੇ ਦੇ ਤੌਰ ’ਤੇ** ਕੌਮਾਂਤਰੀ ਬਕਾਇਆ ਨੂੰ ਭੁਗਤਾਣ ਲਈ ਕਰਦਾ ਹੈ, ਵਿਕਸਿਤ ਹੋ ਜਾਂਦਾ ਹੈ।

ਕੌਮਾਂਤਰੀ-ਚਲਨ ਨੂੰ ਘਰੇਲੂ-ਚਲਨ ਵਾਂਗ, ਸੋਨੇ-ਚਾਂਦੀ ਦੀ ਲਗਾਤਾਰ ਬਦਲਦੀ ਰਕਮ ਦੀ ਲੋੜ ਪੈਂਦੀ ਹੈ। ਜਮ੍ਹਾਂ ਕੀਤੇ ਜ਼ਖੀਰਿਆਂ ਦਾ ਇੱਕ ਭਾਗ, ਹਰ ਕੌਮ, ਸੰਸਾਰ-ਧਨ ਦੇ ਇੱਕ ਰਿਜ਼ਰਵ ਫੰਡ ਦੇ ਤੌਰ ’ਤੇ ਵਰਤੋਂ ਵਿੱਚ ਲੈ ਆਉਂਦੀ ਹੈ, ਜਿਹੜਾ ਫੰਡ ਕਿ ਜਿਣਸ-ਤਬਾਦਲੇ ਵਿੱਚ ਆਏ ਉਤਾਰ-ਚੜ੍ਹਾਆਂ ਅਨੁਸਾਰ ਘੱਟਦਾ-ਵੱਧਦਾ ਰਹਿੰਦਾ ਹੈ।* ਸੰਸਾਰ-ਧਨ, ਜਿਹੜਾ ਕਿ ਚਲਨ ਦੇ ਕੌਮੀ ਖੇਤਰਾਂ ਵਿਚਕਾਰ ਅੱਗੇ-ਪਿੱਛੇ ਵਗਦਾ

---

* “ਜਮ੍ਹਾਂ ਕੀਤਾ ਧਨ ਉਸ ਰਕਮ ਵਿੱਚ ਸ਼ਾਮਲ ਹੋ ਜਾਂਦਾ ਹੈ, ਜਿਹੜੀ ਸੱਚਮੁੱਚ ਚਲਨ ਵਿੱਚ ਹੁੰਦੀ ਹੈ ਅਤੇ ਵਪਾਰ ਦੀਆਂ ਸੰਭਾਵਨਾਵਾਂ ਨੂੰ ਪੂਰਿਆਂ ਕਰਦੀ ਹੈ। ਫੇਰ ਉਹ **ਆਪਣੇ ਆਪ ਚਲਨ-ਖੇਤਰ ਤੋਂ ਅਲੱਗ ਹੋ ਜਾਂਦੀ ਹੈ ਅਤੇ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ।**” (ਜੀ. ਆਰ. ਕਾਰਲੀ, ਵੈਰੀ ਬਾਰੇ ਨੋਟ, ਮੈਦੀਤਾਜ਼ਿਓਨੀ ਸੂਲਾ ਇਕਾਨੋਮਿਆ ਪਾਲਿਟੀਕਾ ਪੰਨਾ 192, ਟੀ, XV, ਕਸਟੋਡਾ ਐਲ. ਸੀ.)।

ਰਹਿੰਦਾ ਹੈ, ਦੀਆਂ ਖਾਸ ਗਤੀਵਿਧੀਆਂ ਤੋਂ ਇਲਾਵਾ ਉਸ ਦੀ ਇੱਕ ਆਮ ਹਰਕਤ ਵੀ ਹੁੰਦੀ ਹੈ। ਨਿਖੇੜਵੇਂ ਨੁਕਤੇ ਪੈਦਾਵਾਰ ਦੇ ਸਰੋਤ ਹੁੰਦੇ ਹਨ, ਜਿਹਨਾਂ ਤੋਂ ਸੋਨਾ ਤੇ ਚਾਂਦੀ ਸੰਸਾਰ ਦੇ ਸਾਰੇ ਬਾਜ਼ਾਰਾਂ ਦੀਆਂ ਵੱਖ ਵੱਖ ਦਿਸ਼ਾਵਾਂ ਨੂੰ ਵਗਦੇ ਹਨ। ਇਸ ਤਰ੍ਹਾਂ ਸੋਨਾ ਅਤੇ ਚਾਂਦੀ, ਜਿਣਸਾਂ ਦੇ ਰੂਪ ਵਿੱਚ ਸੰਸਾਰ-ਚਲਨ ਦੇ ਖੇਤਰ ਵਿੱਚ ਦਾਖਲ ਹੁੰਦੇ ਹਨ ਅਤੇ ਘਰੇਲੂ-ਚਲਨ ਦੇ ਖੇਤਰ ਵਿੱਚ ਪਹੁੰਚਣ ਤੋਂ ਪਹਿਲਾਂ, ਉਹ ਆਪਣੇ ਵਿੱਚ ਮੌਜੂਦ ਕਿਰਤ-ਸਮੇਂ ਦੀ ਨਿਸਬਤ ਅਨੁਸਾਰ, ਜਿਣਸ ਸਮਾਨ-ਵਸਤਾਂ ਨਾਲ਼ ਬਦਲ ਲਏ ਜਾਂਦੇ ਹਨ। ਇਸਤਰ੍ਹਾਂ ਇਹਨਾਂ ਖੇਤਰਾਂ ਵਿੱਚ ਅਪੜਨ ਤੋਂ ਪਹਿਲਾਂ ਹੀ, ਉਹਨਾਂ ਵਿੱਚ ਇਹ ਖਾਸ ਕਦਰ ਮੌਜੂਦ ਹੁੰਦੀ ਹੈ। ਇਸ ਲਈ ਸੰਸਾਰ ਬਾਜ਼ਾਰ ਵਿੱਚ ਉਹਨਾਂ ਦੀ ਨਿਸਬਤੀ ਕਦਰ ਉੱਪਰ, ਉਹਨਾਂ ਦੀਆਂ ਉਪਜ-ਲਾਗਤਾਂ ਵਿੱਚ ਆਈ ਹਰ ਮੰਦੀ-ਤੇਜ਼ੀ ਦਾ ਸਮਾਨ ਪ੍ਰਭਾਵ ਪੈਂਦਾ ਹੈ ਅਤੇ ਇਹ ਉਸ ਦਰਜੇ ਤੋਂ ਬਿਲਕੁੱਲ ਸੁਤੰਤਰ ਹੁੰਦਾ ਹੈ ਜਿਸ ਅਨੁਸਾਰ ਚਲਨ ਦੇ ਵੱਖ ਵੱਖ ਕੌਮੀ ਖੇਤਰ ਸੋਨੇ ਜਾਂ ਚਾਂਦੀ ਨੂੰ ਨਘਾਰਦੇ ਹਨ। ਧਨ-ਨਦੀ ਦੀ ਇੱਕ ਸ਼ਾਖਾ, ਜਿਹੜੀ ਜਿਣਸ-ਸੰਸਾਰ ਦੇ ਕਿਸੇ ਖਾਸ ਖੇਤਰ ਵਿੱਚ ਕਾਬੂ ਆ ਜਾਂਦੀ ਹੈ, ਉਹ ਝੱਟ ਹੀ ਸਿੱਕਿਆਂ ਦੀ ਟੁੱਟ-ਭੱਜ ਦੀ ਬਦਲੀ ਦੇ ਤੌਰ 'ਤੇ ਧਨ ਦੇ ਘਰੇਲੂ ਚਲਨ ਵਿੱਚ ਦਾਖਲ ਕਰ ਲਈ ਜਾਂਦੀ ਹੈ, ਕੋਈ ਦੂਜੀ ਸ਼ਾਖਾ ਵੱਖ ਵੱਖ ਭੰਡਾਰਾਂ ਵੱਲ ਮੁੜ ਜਾਂਦੀ ਹੈ, ਜਿੱਥੇ ਸਿੱਕੇ, ਅਦਾਇਗੀ-ਵਸੀਲੇ ਅਤੇ ਸੰਸਾਰ-ਧਨ ਆਦਿ ਇਕੱਠੇ ਹੁੰਦੇ ਹਨ; ਤੀਜੀ ਕਿਸੇ ਸ਼ਾਖਾ ਦੀ ਵਰਤੋਂ ਐਯਾਸ਼ੀ-ਸਾਮਾਨਾਂ ਆਦਿ ਲਈ ਕੀਤੀ ਜਾਂਦੀ ਹੈ ਅਤੇ ਅੰਤ ਨੂੰ ਉਹ ਸਿਰਫ਼ ਜ਼ਖੀਰਿਆਂ ਵਿੱਚ ਬਦਲ ਕੇ ਰਹਿ ਜਾਂਦੀ ਹੈ। ਜਿੱਥੇ ਕਿਤੇ ਬੁਰਜੂਆ ਉਪਜ-ਢੰਗ, ਉੱਨਤ ਹਾਲਤ ਨੂੰ ਪਹੁੰਚ ਚੁੱਕਾ ਹੁੰਦਾ ਹੈ, ਉੱਥੇ ਜ਼ਖੀਰਿਆਂ ਦੇ ਬਣਨ ਦੀ ਮਿਕਦਾਰ ਘੱਟ ਤੋਂ ਘੱਟ ਹੁੰਦੀ ਜਾਂਦੀ ਹੈ, ਜਿੰਨੀ ਕਿ ਚਲਨ-ਅਮਲ ਦੀਆਂ ਵੱਖ ਵੱਖ ਸ਼ਾਖਾਵਾਂ ਨੂੰ ਆਪਣਿਆਂ ਢਾਂਚਿਆਂ ਦੇ ਸੁਤੰਤਰ ਕਾਰਜ ਲਈ ਜ਼ਰੂਰੀ ਹੁੰਦੀ ਹੈ। ਇਹਨਾਂ ਹਾਲਤਾਂ ਵਿੱਚ ਜ਼ਖੀਰੇ ਕੇਵਲ ਬੇਕਾਰ ਪਈ ਦੌਲਤ ਦੇ ਹੀ ਹੁੰਦੇ ਹਨ, ਜਦੋਂ ਤੀਕ ਕਿ ਉਹ ਅਦਾਇਗੀਆਂ ਦੇ ਬਕਾਏ ਵਿੱਚ ਕੋਈ ਅਸਥਾਈ ਵਾਫਰ ਦੇ ਪ੍ਰਤੀਨਿੱਧ ਨਾ ਹੋਣ, ਉਤਪਾਦਾਂ ਦੇ ਅੰਤਰ-ਬਦਲ ਵਿੱਚ ਕਿਸੇ ਮੁਦਾਖਲਤ ਦਾ ਸਿੱਟਾ ਹੁੰਦੇ ਹਨ ਅਤੇ ਇਸ ਲਈ, ਆਪਣੇ ਪਹਿਲੇ ਰੂਪ-ਬਦਲ ਵਿੱਚ ਜੰਮੀਆਂ ਹੋਈਆਂ ਜਿਣਸਾਂ ਹੁੰਦੀਆਂ ਹਨ।

ਜਿਵੇਂ ਸਿਧਾਂਤ ਵਿੱਚ, ਸੋਨਾ ਅਤੇ ਚਾਂਦੀ ਧਨ ਦੇ ਤੌਰ 'ਤੇ ਸੰਸਾਰ-ਵਿਆਪੀ ਜਿਣਸਾਂ ਹਨ, ਉਸੇ ਤਰ੍ਹਾਂ ਸੰਸਾਰ-ਧਨ, ਸੰਸਾਰ-ਵਿਆਪੀ ਜਿਣਸ ਦੀ ਹੋਂਦ ਦਾ ਮੁਨਾਸਬ ਰੂਪ ਹੈ। ਜਿਸ ਅਨੁਪਾਤ ਵਿੱਚ, ਸਾਰੀਆਂ ਜਿਣਸਾਂ ਸੋਨੇ ਅਤੇ ਚਾਂਦੀ ਦੇ ਨਾਲ਼ ਬਦਲੀਆਂ ਜਾਂਦੀਆਂ ਹਨ, ਉਸੇ ਵਿੱਚ, ਇਹ ਸਾਰੀਆਂ ਜਿਣਸਾਂ ਦੇ ਬਦਲੇ-ਰੂਪ ਬਣ ਜਾਂਦੇ ਹਨ ਅਤੇ ਇਸੇ ਕਾਰਨ ਸਭ ਥਾਂ 'ਤੇ ਬਦਲੀਆਂ ਜਾ ਸਕਣ ਵਾਲੀਆਂ ਜਿਣਸਾਂ। ਇਹ ਉਸੇ ਦਰਜੇ ਤੱਕ ਵਿਆਪਕ ਕਿਰਤ ਸਮੇਂ ਦੇ ਸਾਕਾਰਾਂ ਦੇ ਤੌਰ 'ਤੇ ਵਸੂਲੇ ਜਾਂਦੇ ਹਨ, ਜਿਸ ਤੱਕ, ਠੋਸ ਕਿਰਤ ਦੀਆਂ ਉਤਪਾਦਾਂ ਦਾ ਅੰਤਰ-ਤਬਾਦਲਾ ਸੰਸਾਰ-ਵਿਆਪੀ ਬਣਦਾ ਹੈ। ਉਹ ਉਹਨਾਂ ਖਾਸ ਸਮਾਨ-ਵਸਤਾਂ ਦੇ ਸਿਲਸਿਲਿਆਂ ਦੇ ਵਿਕਾਸ ਦੀ ਨਿਸਬਤ ਅਨੁਸਾਰ ਸੰਸਾਰ-ਵਿਆਪੀ ਸਮਾਨ-ਵਸਤਾਂ ਬਣਦੇ ਹਨ, ਜਿਹੜੇ ਉਹਨਾਂ ਦੇ ਤਬਾਦਲਾ-ਖੇਤਰਾਂ ਨੂੰ ਬਣਾਉਂਦੇ ਹਨ

ਕਿਉਂਕਿ ਜਿਣਸਾਂ ਦੀ ਤਬਾਦਲਾ-ਕਦਰ ਕੌਮਾਂਤਰੀ ਚਲਨ ਵਿੱਚ ਵਿਆਪਕ ਤੌਰ ’ਤੇ ਵਿਕਸਿਤ ਹੋ ਚੁੱਕੀ ਹੁੰਦੀ ਹੈ, ਇਸ ਲਈ ਇਹ ਕੌਮਾਂਤਰੀ ਧਨ ਦੇ ਤੌਰ ’ਤੇ ਸੋਨੇ ਅਤੇ ਚਾਂਦੀ ਵਿੱਚ ਬਦਲੀ ਹੋਈ ਦਿਖਾਈ ਦੇਂਦੀ ਹੈ ਕਿਉਂਕਿ ਜਿਣਸ-ਮਾਲਕਾਂ ਦੀਆਂ ਕੌਮਾਂ ਨੇ ਆਪਣੀ ਬਹੁਮੁਖੀ ਸਨਅਤ ਅਤੇ ਸਰਬ-ਪੱਖੀ ਵਪਾਰ ਦੇ ਫਲਸਰੂਪ ਸੋਨੇ ਨੂੰ ਉਚਿੱਤ ਧਨ ਵਿੱਚ ਬਦਲ ਲਿਆ ਹੈ, ਇਸ ਲਈ ਉਹ ਸਮਝਣ ਲੱਗੇ ਹਨ ਕਿ ਸਨਅਤ ਅਤੇ ਵਪਾਰ, ਕੇਵਲ ਉਹਨਾਂ ਲਈ ਹੀ, ਸੰਸਾਰ-ਬਾਜ਼ਾਰ ਵਿੱਚੋਂ, ਸੋਨੇ ਅਤੇ ਚਾਂਦੀ ਦੇ ਰੂਪ ਵਿੱਚ ਧਨ ਖਿੱਚਣ ਦੇ ਸਾਧਨ ਮਾਤਰ ਹਨ। ਕੌਮਾਂਤਰੀ ਧਨ ਦੇ ਰੂਪ ਵਿੱਚ ਸੋਨਾ ਅਤੇ ਚਾਂਦੀ, ਇਸ ਲਈ, ਜਿਣਸਾਂ ਦੇ ਵਿਆਪਕ-ਚਲਨ ਦੀਆਂ ਉਤਪਾਦਾਂ ਅਤੇ ਇਸ ਦੇ ਖੇਤਰ ਨੂੰ ਵਧਾਉਣ ਵਾਲ਼ੇ ਵਸੀਲੇ, ਦੋਵੇਂ ਹਨ। ਜਿਵੇਂ ਕੀਮਿਆਗਰ, ਜਿਹੜਾ ਸੋਨਾ ਬਣਾਉਣ ਦਾ ਇੱਛਕ ਸੀ, ਇਸ ਗੱਲ ਤੋਂ ਅਨਜਾਣ ਸੀ, ਕਿ ਇਸ ਨਾਲ਼ ਰਸਾਇਣ-ਵਿਦਿਆ (ਕੈਮਿਸਟਰੀ) ਵਜੂਦ ਵਿੱਚ ਆ ਸਕਦੀ ਹੈ, ਇਸੇ ਤਰ੍ਹਾਂ ਜਿਣਸ-ਮਾਲਕ, ਜਿਹੜੇ ਜਿਣਸ ਦੇ ਕਿਸੇ ਜਾਦੂਈ ਰੂਪ ਦੀ ਟੋਹ ਵਿੱਚ ਲੱਗੇ ਹੋਏ ਹਨ, ਉਹ ਸੰਸਾਰ-ਸਨਅਤ ਅਤੇ ਸੰਸਾਰ-ਵਾਪਰ ਦੇ ਉਹਨਾਂ ਸਰੋਤਾਂ ਤੋਂ ਉੱਕਾ ਹੀ ਅਨਜਾਣ ਹੈ, ਜਿਹੜੇ ਕਿ ਉਹਨਾਂ ਦੀ ਖੋਜ ਕਾਰਨ ਹੋਂਦ ਵਿੱਚ ਆ ਰਹੇ ਹਨ। ਸੋਨਾ ਅਤੇ ਚਾਂਦੀ, ਧਨ ਦੀ ਆਪਣੀ ਕਲਪਨਾ ਵਿੱਚ ਸੰਸਾਰ-ਬਾਜ਼ਾਰ ਨੂੰ ਚਿੱਤਰ ਕੇ ਖ਼ੁਦ ਉਸ ਨੂੰ ਉਸਾਰਨ ਵਿੱਚ ਸਹਾਈ ਹੁੰਦੇ ਹਨ। ਉਹਨਾਂ ਦਾ ਜਾਦੂਈ ਪ੍ਰਭਾਵ, ਕੇਵਲ ਬੁਰਜੂਆ ਸਮਾਜ ਦੇ ਬਚਪਨ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਇਹ ਉਸ ਉਲਟੇ ਢੰਗ ਦਾ ਲਾਜ਼ਮੀ ਨਤੀਜਾ ਹੈ, ਜਿਸ ਵਿੱਚ ਉਹਨਾਂ ਦੀ ਆਪਣੀ ਸਮਾਜਿਕ ਕਿਰਤ ਜਿਣਸ-ਸੰਸਾਰ ਦੇ ਪ੍ਰਤੀਨਿੱਧਾਂ ਨੂੰ ਦਿਖਾਈ ਦੇਂਦੀ ਹੈ; ਇਸ ਦਾ ਇੱਕ ਸਬੂਤ ਉਹ ਸ਼ਾਨਦਾਰ ਪ੍ਰਭਾਵ ਹੈ ਜਿਹੜਾ ਕਿ ਵੱਖ ਵੱਖ ਨਵੇਂ ਇਲਾਕਿਆਂ ਵਿੱਚ ਸੋਨੇ ਦੀ ਖੋਜ ਨੇ, ਉੱਨ੍ਹੀਵੀਂ ਸਦੀ ਦੇ ਮੱਧ ਵਿੱਚ ਕੌਮਾਂਤਰੀ ਵਪਾਰ ਉੱਪਰ ਪਾਇਆ।

ਧਨ ਜਿਵੇਂ ਜਿਵੇਂ ਕੌਮਾਂਤਰੀ ਧਨ ਵਿੱਚ ਵਿਕਸਿਤ ਹੁੰਦਾ ਜਾਂਦਾ ਹੈ, ਤਿਵੇਂ ਤਿਵੇਂ ਜਿਣਸ-ਮਾਲਕ ਇੱਕ ਸਰਬ-ਦੇਸੀ (ਕਾਸਮੋਪਾਲਿਟਨ) ਦਾ ਰੂਪ ਧਾਰਦਾ ਜਾਂਦਾ ਹੈ। ਆਰੰਭ ਵਿੱਚ, ਮਨੁੱਖਾਂ ਦੇ ਇੱਕ ਦੂਜੇ ਪ੍ਰਤੀ ਸਰਬ-ਦੇਸੀ ਸਬੰਧ, ਕੇਵਲ ਜਿਣਸ-ਮਾਲਕਾਂ ਦੇ ਤੌਰ ’ਤੇ ਉਹਨਾਂ ਦੇ ਸਬੰਧ ਹੀ ਹੁੰਦੇ ਹਨ। ਜਿਣਸਾਂ, ਆਪਣੇ ਤੌਰ ’ਤੇ, ਸਾਰੇ ਧਾਰਮਿਕ, ਸਿਆਸੀ, ਕੌਮੀ ਅੇਤ ਭਾਸ਼ਾਈ ਅੜਿੱਕਿਆਂ ਤੋਂ ਉੱਪਰ ਹੁੰਦੀਆਂ ਹਨ। ਉਹਨਾਂ ਦੀ ਸੰਸਾਰ-ਵਿਆਪੀ ਭਾਸ਼ਾ ਕੀਮਤ ਹੁੰਦੀ ਹੈ ਅਤੇ ਉਹਨਾਂ ਦਾ ਸਾਂਝਾ ਬੰਧਨ ਧਨ ਹੁੰਦਾ ਹੈ। ਪਰ ਜਿਵੇਂ ਜਿਵੇਂ ਕੌਮੀ ਸਿੱਕਿਆਂ ਦੇ ਮੁਕਾਬਲੇ ਦੇ ਕੌਮਾਂਤਰੀ ਧਨ ਜੜ੍ਹਾਂ ਫੜਦਾ ਜਾਂਦਾ ਹੈ, ਤਾਂ ਉਸ ਦੇ ਨਾਲ਼ੋਂ ਨਾਲ਼ ਜਿਣਸ-ਮਾਲਕ ਦਾ ਸਰਬ-ਦੇਸ਼ਵਾਦ ਵੀ ਵਿਕਸਿਤ ਹੁੰਦਾ ਜਾਂਦਾ ਹੈ। ਜਿਸ ਦਾ ਅਰਥ ਹੈ ਕਿ ਅਮਲੀ ਮੰਤਕ (ਤਰਕ) ਦੀ ਉੱਤਮਤਾ ਅਤੇ ਉਹ ਉਹਨਾਂ ਸਾਰੇ ਰਵਾਇਤੀ, ਧਾਰਮਿਕ, ਕੌਮੀ ਅਤੇ ਹੋਰ ਪੱਖਪਾਤ ਜਿਹੜੇ ਕਿ ਮਨੁੱਖਤਾ ਦੇ ਰਚਨਾਵੀ ਤੌਰ ’ਤੇ ਇੱਕ ਹੋਣ ਦੇ ਅਮਲ ਵਿੱਚ ਰੋੜਾ ਬਣਦੇ ਹਨ, ਨੂੰ ਵਗਾਹ ਮਾਰਦੀ ਹੈ। ਜਿਣਸ-ਮਾਲਕ ਸਮਝ ਜਾਂਦਾ ਹੈ ਕਿ ਕੌਮੀਅਤ ਕੀ ਹੈ? “ਕੇਵਲ ਗਿੰਨੀ ਦੀ ਮੁਹਰ”, ਕਿਉਂਕਿ ਉੱਨਾ ਹੀ ਸੋਨਾ, ਜਿੰਨਾ ਕਿ

ਅਮਰੀਕਨ 'ਬਾਜ਼' (ਈਗਲ) ਦੀ ਸ਼ਕਲ ਵਿੱਚ ਇੰਗਲੈਂਡ ਅੰਦਰ ਆਉਂਦਾ ਹੈ, 'ਸਾਵਰਿਨਾਂ' ਦੇ ਅੰਦਰ ਬਦਲ ਲਿਆ ਜਾਂਦਾ ਹੈ, ਤਿੰਨ ਦਿਨਾਂ ਪਿੱਛੋਂ ਉਹ ਹੀ ਪੈਰਿਸ ਅੰਦਰ ਨਪੋਲੀਅਨਾਂ ਦੇ ਰੂਪ ਵਿੱਚ ਚੱਲਣ ਲੱਗਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਕੁਝ ਹਫਤਿਆਂ ਪਿੱਛੋਂ ਉਹ ਹੀ ਵੀਨਸ ਅੰਦਰ ਡੂਕਾਟਾਂ ਦੇ ਤੌਰ 'ਤੇ ਦਸਤ ਪੰਜਾ ਲੈਣ ਲੱਗੇ। ਸਭ ਤੋਂ ਵੱਧ ਆਨੰਦਦਈ ਵਿਚਾਰ ਉਸ ਲਈ ਇਹ ਹੋ ਜਾਂਦਾ ਹੈ, ਕਿ ਸਾਰੀ ਦੁਨੀਆਂ ਮਿਲ ਕੇ ਇੱਕ ਹੋ ਜਾਵੇ, **ਇੱਕ ਬਾਜ਼ਾਰ ਬਣ ਜਾਵੇ, ਸੰਸਾਰ ਬਾਜ਼ਾਰ !***

## 4. ਕੀਮਤੀ ਧਾਤਾਂ

ਸ਼ੁਰੂ ਵਿੱਚ ਤਾਂ ਬੁਰਜੂਆ ਪੈਦਾਵਾਰ ਦਾ ਅਮਲ, ਧਾਤਵੀ ਮੁੱਦਰਾ ਨੂੰ ਇੱਕ ਮੌਜੂਦ ਅਤੇ ਤਿਆਰ-ਬਰ-ਤਿਆਰ ਔਜ਼ਾਰ ਦੇ ਰੂਪ ਵਿੱਚ ਲੈਂਦਾ ਹੈ, ਜਿਸ ਨੂੰ, ਭਾਵੇਂ ਪਿੱਛੋਂ ਚੱਲ ਕੇ ਮੁੜ ਸੰਗਠਿਤ ਕੀਤਾ ਜਾਂਦਾ ਹੈ, ਪਰ ਇਸ ਦਾ ਬੁਨਿਆਦੀ ਢਾਂਚਾ, ਤਾਂ ਵੀ, ਬਰਕਰਾਰ ਰੱਖਿਆ ਜਾਂਦਾ ਹੈ। ਇਹ ਸਵਾਲ ਕਿ ਸੋਨਾ ਅਤੇ ਚਾਂਦੀ ਹੀ ਕਿਉਂ ਅਤੇ ਹੋਰ ਕੋਈ ਜਿਣਸਾਂ ਕਿਉਂ ਨਹੀਂ, ਧਨ-ਪਦਾਰਥ ਦੇ ਤੌਰ 'ਤੇ ਵਰਤੀਆਂ ਜਾਂਦੀਆਂ, ਇਸ ਦਾ ਜੁਆਬ ਬੁਰਜੂਆ ਪ੍ਰਣਾਲੀ ਦੀਆਂ ਹੱਦਾਂ ਤੋਂ ਬਾਹਰ ਮਿਲ ਸਕਦਾ ਹੈ। ਇਸ ਲਈ ਅਸੀਂ ਇੱਥੇ, ਸਭ ਤੋਂ ਵੱਧ ਮਹੱਤਵਪੂਰਨ ਪੱਖਾਂ ਉੱਪਰ ਸਾਰ ਰੂਪ ਵਿੱਚ ਵਿਚਾਰ ਕਰਨ ਤੋਂ ਜ਼ਿਆਦਾ ਹੋਰ ਕੁਝ ਨਹੀਂ ਕਰ ਸਕਾਂਗੇ।

ਕਿਉਂਕਿ ਵਿਆਪਕ ਕਿਰਤ-ਸਮਾਂ ਆਪ ਹੀ ਮਿਕਦਾਰੀ ਫ਼ਰਕਾਂ ਨੂੰ ਦਿਖਾ ਸਕਦਾ ਹੈ, ਇਸ ਲਈ ਜਿਸ ਵਸਤ ਨੂੰ ਇਸ ਦੇ ਖਾਸ ਸਾਕਾਰ ਰੂਪ ਵਿੱਚ ਮੰਨਿਆ ਜਾਣਾ ਹੈ, ਉਹ ਅਵੱਸ਼ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਉਹ ਸ਼ੁੱਧ ਮਿਕਦਾਰੀ ਫ਼ਰਕਾਂ ਨੂੰ ਪ੍ਰਗਟਾਅ ਸਕੇ ਅਤੇ ਇਸ ਤਰ੍ਹਾਂ ਉਸ ਅੰਦਰ ਸਮਰੂਪਤਾ ਅਤੇ ਸਮਅੰਗਤਾ ਦਾ ਗੁਣ ਹੋਣਾ ਪਹਿਲੀ ਸ਼ਰਤ ਹੈ। ਜੇ ਕਿਸੇ ਜਿਣਸ ਨੇ, ਕਿਸੇ ਕਦਰ-ਮਾਪ ਦੇ ਤੌਰ 'ਤੇ ਰੂਪ ਵਿੱਚ ਕੰਮ ਕਰਨਾ ਹੈ ਤਾਂ ਉਸ ਲਈ ਇਸ ਸ਼ਰਤ ਨੂੰ ਪੂਰਿਆਂ ਕਰਨਾ ਜ਼ਰੂਰੀ ਹੁੰਦਾ ਹੈ। ਮਿਸਾਲ ਲਈ ਜੇ ਕੋਈ ਸਾਰੀਆਂ ਜਿਣਸਾਂ ਨੂੰ ਬੈਲਾਂ, ਖੱਲਾਂ ਅਨਾਜ ਆਦਿ ਨਾਲ਼ ਮਾਪਦਾ ਹੈ, ਤਾਂ ਉਸ ਨੂੰ ਆਦਰਸ਼ ਔਸਤ ਬੈਲਾਂ, ਔਸਤ ਖੱਲਾਂ ਆਦਿ ਨੂੰ ਆਪਣਾ ਮਾਪ ਬਣਾਉਣਾ ਪਵੇਗਾ, ਕਿਉਂਕਿ ਇੱਕ ਬੈਲ ਦਾ ਦੂਜੇ ਨਾਲ਼, ਅਨਾਜ ਦੀ ਇੱਕ ਢੇਰੀ ਦਾ ਦੂਜੀ ਨਾਲ਼ ਅਤੇ ਇੱਕ ਖੱਲ ਦਾ ਬਾਕੀ ਹੋਰਾਂ ਨਾਲ਼

---

* ਕੌਮਾਂ ਵਿਚਕਾਰਲਾ ਮੇਲ਼-ਜੋਲ਼, ਸਾਰੇ ਸੰਸਾਰ ਨੂੰ ਇਸ ਹੱਦ ਤੱਕ ਨੱਥੀ-ਬੰਦ ਕਰ ਲੈਂਦਾ ਹੈ ਕਿ ਕੋਈ ਵੀ ਆਸਾਨੀ ਨਾਲ਼ ਕਹਿ ਸਕਦਾ ਹੈ ਕਿ ਸਾਰਾ ਸੰਸਾਰ ਤਾਂ ਕੇਵਲ ਇੱਕ ਸ਼ਹਿਰ ਹੈ, ਜਿਸ ਵਿੱਚ ਸਾਰੀਆਂ ਜਿਣਸਾਂ ਤੋਂ ਮਿਲ ਕੇ ਇੱਕ ਸਥਾਈ ਮੇਲਾ ਹਰ ਸਮੇਂ ਲੱਗਿਆ ਰਹਿੰਦਾ ਹੈ। ਇਸ ਮੇਲੇ ਵਿੱਚੋਂ ਜ਼ਮੀਨ, ਪਸ਼ੂਆਂ ਅਤੇ ਮਨੁੱਖੀ ਉੱਦਮ ਤੋਂ ਪੈਦਾ ਹੋਈਆਂ ਸਾਰੀਆਂ ਵਸਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਅਤੇ ਕੋਈ ਮਨੁੱਖ ਉਹਨਾਂ ਨੂੰ ਆਪਣੇ ਘਰ ਲਿਜਾ ਕੇ ਉਹਨਾਂ ਦਾ ਭੋਗ ਕਰ ਸਕਦਾ ਹੈ, ਪਰ ਸ਼ਰਤ ਇੱਕ ਹੈ ਕਿ ਉਸ ਪਾਸ ਧਨ ਹੋਣਾ ਚਾਹੀਦਾ ਹੈ। ਧਨ, ਇੱਕ ਅਚਰਜਕਾਰੀ ਖੋਜ !" (ਮੋਂਤਾਨਾਰੀ, **ਦੇਲਾ ਮੋਨੇਤਾ** (1683), ਪੰਨਾ 40)।

ਸਿਫਤੀ ਫਰਕ ਹੁੰਦੇ ਹਨ। ਸੋਨਾ ਅਤੇ ਚਾਂਦੀ, ਦੂਜੇ ਪਾਸੇ ਸਾਧਾਰਨ ਧਾਤਾਂ ਦੇ ਰੂਪ ਵਿੱਚ ਸਦਾ ਇਕਸਾਰ ਹੁੰਦੇ ਹਨ, ਇਸ ਲਈ, ਉਹਨਾਂ ਦੀ ਇੱਕੋ ਜਿਹੀ ਮਿਕਦਾਰ ਦੀ ਸਦਾ ਇੱਕੋ ਕਦਰ ਹੁੰਦੀ ਹੈ।* ਇੱਕ ਹੋਰ ਸ਼ਰਤ ਜਿਹੜੀ ਉਸ ਜਿਣਸ ਨੂੰ, ਜਿਸ ਨੇ ਵਿਆਪਕ ਸਮਾਨ–ਵਸਤ ਦੇ ਰੂਪ ਵਿੱਚ ਕੰਮ ਕਰਨਾ ਹੈ ਅਤੇ ਜਿਹੜੀ ਇਸ ਦੇ ਸ਼ੁੱਧ ਮਿਕਦਾਰੀ ਫਰਕਾਂ ਨੂੰ ਦੱਸਣ ਵਾਲੇ ਕਾਰਜ ਵਿਚੋਂ ਸਿੱਧੀ ਨਿਕਲਦੀ ਹੈ, ਪੂਰੀ ਕਰਨੀ ਜ਼ਰੂਰੀ ਹੈ, ਉਹ ਇਹ ਹੈ ਕਿ ਉਸ ਨੂੰ ਲੋੜ ਅਨੁਸਾਰ ਅਨੇਕ ਭਾਗਾਂ ਵਿੱਚ ਵੰਡਿਆ ਅਤੇ ਮਿਲਾਇਆ ਜਾ ਸਕਦਾ ਹੋਵੇ, ਤਾਂ ਜੋ ਹਿਸਾਬ–ਕਿਤਾਬ ਦੇ ਧਨ ਨੂੰ ਠੋਸ ਰੂਪ ਵਿੱਚ ਵੀ ਪੇਸ਼ ਕੀਤਾ ਜਾ ਸਕੇ। ਸੋਨਾ ਅਤੇ ਚਾਂਦੀ ਉਹ ਵਸਤਾਂ ਹਨ, ਜਿਹੜੀਆਂ ਇਹਨਾਂ ਸਾਰੀਆਂ ਸ਼ਰਤਾਂ ਨੂੰ ਬਹੁਤ ਵੱਡੀ ਹੱਦ ਤੀਕ ਪੂਰਾ ਕਰਦੀਆਂ ਹਨ।

ਚਲਨ–ਵਸੀਲਿਆਂ ਦੇ ਰੂਪ ਵਿੱਚ ਸੋਨਾ ਅਤੇ ਚਾਂਦੀ ਨੂੰ, ਹੋਰਾਂ ਜਿਣਸਾਂ ਨਾਲ਼ੋਂ ਇੱਕ ਲਾਭ ਇਹ ਹੈ ਕਿ ਉਹਨਾਂ ਦੀ ਸਾਪੇਖੀ ਗੁਰੂਤਵਾ ਖਿੱਚ ਬੜੀ ਉੱਚੀ ਹੈ, ਜਿਸ ਦਾ ਮਤਲਬ ਹੈ ਕਿ ਉਹ ਨਿਸਬਤਨ ਥੋੜ੍ਹੀ ਥਾਂ ਘੇਰ ਕੇ ਵੱਡੇ ਭਾਰ ਦਾ ਕੰਮ ਦੇ ਜਾਂਦੀਆਂ ਹਨ ਅਤੇ ਉਹਨਾਂ ਦਾ ਇਹ ਗੁਣ ਉਹਨਾਂ ਦੀ ਆਰਥਿਕ ਗੁਰੂਤਵਾ–ਖਿੱਚ ਨਾਲ਼ ਮੇਲ ਖਾਂਦਾ ਹੈ, ਜਿਸ ਅਨੁਸਾਰ ਇਹਨਾਂ ਵਿੱਚ ਬਹੁਤਾ ਕਿਰਤ–ਸਮਾਂ ਭਾਵ, ਖਾਸੀ ਤਬਾਦਲਾ–ਕਦਰ, ਨਿਸਬਤਨ ਛੋਟੇ ਆਯਤਨ ਵਿੱਚ ਹੀ ਮੌਜੂਦ ਰਹਿੰਦੀ ਹੈ। ਇਸ ਤੋਂ ਇਹਨਾਂ ਨੂੰ ਦੂਰ ਨੇੜੇ ਭੇਜਣ ਜਾਂ ਇੱਕ ਬੰਦੇ ਤੋਂ ਦੂਜੇ ਕੋਲ਼, ਇੱਕ ਦੇਸ਼ ਤੋਂ ਦੂਜੇ ਨਾਲ਼ ਬਦਲਣ ਵਿੱਚ ਸੌਖ ਰਹਿੰਦੀ ਹੈ। ਇਸ ਗੁਣ ਦੇ ਸਦਕਾ ਹੀ ਸੋਨਾ ਅਤੇ ਚਾਂਦੀ, ਪਲ ਵਿੱਚ ਲੋਪ ਅਤੇ ਪਲ ਵਿੱਚ ਪ੍ਰਗਟ ਹੋ ਜਾਂਦੇ ਹਨ। ਥੋੜ੍ਹੇ ਵਿੱਚ, ਇਹ ਗੁਣ ਇਹਨਾਂ ਧਾਤਾਂ ਨੂੰ ਅਜਿਹੀ ਭੌਤਿਕ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ, ਜਿਹੜੀ ਕਿ ਹੋਰ ਕਿਸੇ ਧਾਤ ਵਿੱਚ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਨਾਲ਼ ਉਸ ਨੂੰ ਚਲਨ ਦੇ ਅਮਲ ਵਿੱਚ ਲਗਾਤਾਰ ਚੱਲਦੀ ਹਾਲਤ ਵਿੱਚ ਰੱਖਿਆ ਜਾ ਸਕੇ।

ਕੀਮਤੀ ਧਾਤਾਂ ਦੀ ਉੱਚੀ ਵਿਸ਼ੇਸ਼ ਕਦਰ, ਉਹਨਾਂ ਦੀ ਪਾਏਦਾਰੀ, ਨਿਸਬਤਨ ਨਾ–ਵਿਨਾਸ਼ਕਾਰਤਾ ਅਤੇ ਇਹ ਗੁਣ ਕਿ ਉਹਨਾਂ ਨੂੰ ਹਵਾ ਵਿੱਚ ਖੁੱਲ੍ਹਿਆਂ ਰੱਖਣ ਨਾਲ਼ ਆਕਸੀਕਰਨ (ਜ਼ੰਗ ਆਦਿ ਲੱਗਣਾ) ਨਹੀਂ ਹੁੰਦਾ ਅਤੇ ਸੋਨਾ ਤਾਂ ਖਾਸ ਕਰਕੇ, **'ਐਕੂਆ ਹੀਜਿਆ' (aqua hegia)** ਤੋਂ ਬਿਨਾਂ ਹੋਰ ਕਿਸੇ ਅਮਲ (ਤੇਜ਼ਾਬ) ਵਿੱਚ ਘੁੱਲਦਾ ਵੀ ਨਹੀਂ – ਇਹ ਸਾਰੀਆਂ ਭੌਤਿਕ ਵਿਸ਼ੇਸ਼ਤਾਈਆਂ ਮਿਲ ਕੇ, ਕੀਮਤੀ ਧਾਤਾਂ ਨੂੰ ਜ਼ਖੀਰੇਬਾਜ਼ੀ ਕਰਨ ਲਈ ਇੱਕ ਕੁਦਰਤੀ ਧਾਤ ਦੀ ਸਮੱਰਥਾ ਦੇ ਦੇਂਦੀਆਂ ਹਨ। ਪੀਟਰ ਮਾਰਟਾਇਰ, ਜਿਹੜਾ ਕਿ ਚਾਕਲੇਟਾਂ ਦਾ ਖਾਸ ਪ੍ਰੇਮੀ ਲੱਗਦਾ ਹੈ, ਇਸੇ ਲਈ, ਕੋਕੋ ਦੀਆਂ ਬੋਰੀਆਂ, ਜਿਹੜੀਆਂ

---

* ਧਾਤਾਂ ਦੀ ਇੱਕ ਖਾਸ ਵਿਸ਼ੇਸ਼ਤਾਈ ਇਹ ਹੁੰਦੀ ਹੈ ਕਿ ਉਹਨਾਂ ਵਿੱਚ ਹੀ ਸਾਰੇ ਸਬੰਧਾਂ ਨੂੰ ਕੇਵਲ ਇਕ ਤਾਈਂ ਘਟਾਇਆ ਜਾ ਸਕਦਾ ਹੈ, ਭਾਵ ਉਹਨਾਂ ਦੀ ਮਿਕਦਾਰ ਵਿੱਚ, ਕਿਉਂਕਿ ਉਹ ਆਪਣੇ ਸੁਭਾਅ ਤੋਂ ਹੀ ਆਪਣੀ ਕੁਆਲਿਟੀ (ਗੁਣ) ਦੇ ਫਰਕਾਂ ਕਾਰਨ, ਨਹੀਂ ਵਖਰਿਆਏ ਜਾਂਦੇ – ਨਾਂ ਤਾਂ ਆਪਣੀ ਅੰਦਰੂਨੀ ਬਨਾਵਟ ਵਿੱਚ, ਨਾ ਹੀ ਆਪਣੀ ਬਾਹਰੀ ਸ਼ਕਲ ਅਤੇ ਡੀਲ਼–ਡੌਲ਼ ਵਿੱਚ।" (ਗੈਲਿਆਨੀ, ਓਪ. ਸਿਟ, ਪੰਨਾ 126–127)।

ਕਿ ਮੈਕਸਿਕੋ ਅੰਦਰ ਫੁੱਟਕਲ ਧਨ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਸਨ, ਉੱਪਰ ਇਹ ਗੱਲ ਲਾਉਂਦਾ ਹੈ:

> "ਧਨ ਨਮਸਕਾਰ ਕਰਨ ਯੋਗ ਹੈ, ਜਿਹੜਾ ਕਿ ਮਨੁੱਖਤਾ ਨੂੰ ਇੱਕ ਮਿੱਠੀ ਅਤੇ ਸੁਆਰਥ ਦੇਣ ਵਾਲੀ ਪੀਣ-ਵਸਤੂ ਦੇਂਦਾ ਹੈ ਅਤੇ ਆਪਣੇ ਭੋਲ਼ੇ-ਭਾਲ਼ੇ ਮਾਲਕਾਂ ਨੂੰ ਤਮ੍ਹਾਂ ਦੀ ਘ੍ਰਿਣਾਯੋਗ ਬਿਮਾਰੀ ਤੋਂ ਬਚਾ ਕੇ ਰੱਖਦਾ ਹੈ, ਕਿਉਂਕਿ ਇਸ ਧਨ ਨੂੰ ਨਾ ਤਾਂ ਲੰਮੇ ਸਮੇਂ ਤੀਕ ਜਮ੍ਹਾਂ ਕਰ ਕੇ ਰੱਖਿਆ ਜਾ ਸਕਦਾ ਹੈ! [**ਦੇ ਓਰਬੇ ਨੋਵੋ** (ਅਲਕਾਲਾ, 1530, ਡੇਸ. 5, ਕੈਪ. 4)]*

ਆਮ ਧਾਤਾਂ ਨੂੰ, ਪੈਦਾਵਾਰ ਦੇ ਸਿੱਧੇ ਅਮਲ ਵਿੱਚ, ਪੈਦਾਵਾਰ ਦੇ ਔਜ਼ਾਰਾਂ ਦੇ ਰੂਪ ਵਿੱਚ, ਉਹਨਾਂ ਦੀ ਵਰਤੋਂ ਕਾਰਨ, ਭਾਰੀ ਮਹੱਤਤਾ ਮਿਲਦੀ ਹੈ। ਸੋਨਾ ਅਤੇ ਚਾਂਦੀ ਆਪਣੀ ਘੱਟ ਹੋਂਦ ਤੋਂ ਬਿਨਾਂ ਵੀ ਹੋਰ ਕਾਰਨਾਂ ਕਰਕੇ, ਇਸ ਤਰ੍ਹਾਂ ਨਹੀਂ ਵਰਤੇ ਜਾ ਸਕਦੇ, ਕਿਉਂਕਿ ਲੋਹ ਦੇ ਮੁਕਾਬਲੇ 'ਤੇ ਅਤੇ ਤਾਂਬੇ 'ਤੇ ਵੀ (ਉਸ ਸਖ਼ਤ ਹਾਲਤ ਵਿੱਚ ਜਿਸ ਵਿੱਚ ਕਿ ਪ੍ਰਾਚੀਨ ਸਮੇਂ ਦੇ ਲੋਕ ਇਸ ਨੂੰ ਵਰਤਦੇ ਸਨ), ਇਹ ਬੇਹੱਦ ਨਰਮ ਹੁੰਦੇ ਹਨ ਅਤੇ ਇਸ ਲਈ, ਬਹੁਤ ਕਰਕੇ, ਇਸ ਗੁਣ ਤੋਂ ਸੱਖਣੇ ਹੁੰਦੇ ਹਨ, ਜਿਹਨਾਂ ਉੱਪਰ ਧਾਤਾਂ ਦੀ ਇਸਤੇਮਾਲੀ ਕਦਰ ਨਿਰਭਰ ਕਰਦੀ ਹੈ। ਜਿਵੇਂ ਕਿ ਕੀਮਤੀ ਧਾਤਾਂ ਪੈਦਾਵਾਰ ਦੇ ਸਿੱਧੇ ਅਮਲ ਵਿੱਚ ਬੇਕਾਰ ਹਨ, ਉਵੇਂ, ਉਹ ਗੁਜ਼ਾਰਾ-ਵਸੀਲਿਆਂ, ਭਾਵ ਖਪਤ-ਵਸਤਾਂ ਦੇ ਤੌਰ 'ਤੇ ਵੀ ਗੈਰ-ਜ਼ਰੂਰੀ ਪ੍ਰਤੀਤ ਹੁੰਦੀਆਂ ਹਨ। ਇਸ ਤਰ੍ਹਾਂ ਉਹਨਾਂ ਦੀ ਕਿੰਨੀ ਹੀ ਮਿਕਦਾਰ, ਚਲਨ ਦੇ ਸਮਾਜਿਕ-ਅਮਲ ਵਿੱਚ, ਬਿਨਾਂ ਪੈਦਾਵਾਰ ਨੂੰ ਅਤੇ ਉਵੇਂ ਖਪਤ ਨੂੰ ਕੋਈ ਹਾਨੀ ਪਹੁੰਚਾਇਆਂ, ਰੱਖੀ ਜਾ ਸਕਦੀ ਹੈ। ਉਹਨਾਂ ਦੀ ਨਿੱਜੀ ਇਸਤੇਮਾਲੀ-ਕਦਰ, ਉਹਨਾਂ ਦੇ ਆਰਥਿਕ ਕਾਰਜ ਵਿੱਚ ਕਿਵੇਂ ਵੀ ਟੱਕਰ 'ਚ ਨਹੀਂ ਆਉਂਦੀ। ਦੂਜੇ ਪਾਸੇ, ਸੋਨਾ ਅਤੇ ਚਾਂਦੀ, ਨਾ ਕੇਵਲ ਨਾ-ਪੱਖੀ ਤੌਰ 'ਤੇ ਵਾਧੂ ਹਨ, ਭਾਵ ਗੈਰ-ਲਾਜ਼ਮੀ ਵਸਤਾਂ ਹਨ, ਬਲਕਿ ਉਹ ਆਪਣੇ ਸੁੰਦਰਤਾ-ਵਧਾਊ ਗੁਣਾਂ ਕਰਕੇ, ਸ਼ਾਨ-ਸ਼ੌਕਤ, ਚਮਕ-ਦਮਕ ਅਤੇ ਰਾਨਾਈ ਆਦਿ ਲਈ ਕੁਦਰਤੀ ਪਦਾਰਥ ਹਨ, ਜਿਹੜੀਆਂ ਕਿ ਮੌਜ-ਮੇਲੇ ਦੇ ਸਮਿਆਂ 'ਤੇ ਕੰਮ ਆਉਂਦੀਆਂ ਹਨ। ਥੋੜ੍ਹੇ ਵਿੱਚ, ਇਹ ਬੇਹੱਦ ਅਫਰਾਤ ਅਤੇ ਦੌਲਤ ਦੇ ਹੋਣ ਦਾ ਹਾਂ-ਪੱਖੀ ਪ੍ਰਗਟਾਅ ਕਰਨ ਨੂੰ ਸਮੱਰਥ ਹਨ। ਉਹ, ਜਿਵੇਂ ਕਹਿੰਦੇ ਹਨ, ਕੜ ਪਾੜ ਕੇ ਫੁੱਟੇ, ਸਾਕਾਰ ਰੌਸ਼ਨੀ ਦੇ ਸੋਮੇ ਹਨ। ਕਿਉਂਕਿ ਉਹਨਾਂ ਦੀ ਮੂਲ ਬਨਾਵਟ ਵਿੱਚ ਰੌਸ਼ਨੀ ਦੀਆਂ ਸਭ ਕਿਰਨਾਂ ਚਾਂਦੀ ਦੁਆਰਾ ਝਲਕਾਈਆਂ ਜਾਂਦੀਆਂ ਹਨ, ਜਦੋਂ ਕਿ ਕੇਵਲ ਸੁਰਖ, ਸਭ ਤੋਂ ਉੱਚੀ ਪੋਟੈਂਸੀ ਦਾ ਰੰਗ ਹੀ ਸੋਨੇ ਦੁਆਰਾ ਝਲਕਾਇਆ ਜਾਂਦਾ ਹੈ। ਇਸ ਤੋਂ ਵੀ ਅੱਗੇ, ਰੰਗ ਦੀ ਪਛਾਣ, ਆਮ ਕਰਕੇ ਸੌਂਦਰਯ-ਬੋਧ ਦਾ ਸਭ ਤੋਂ ਵੱਧ

---

* ਪੀਟਰ ਮਾਰਟਾਇਰ ਦਾ ਪੈਰ੍ਹਾ, ਜਿਸ ਦਾ ਮਾਰਕਸ ਨੇ ਵਿਲੀਅਮ ਹਿਕਲਿੰਗ ਪਰੈਸਕਾਟ ਦੀ ਪੁਸਤਕ '**ਮੈਕਸਿਕੋ ਦੀ ਫਤਿਹ ਦਾ ਇਤਿਹਾਸ**' ਜਿਲਦ I, ਲੰਡਨ, 1850, ਪੰਨਾ 123, ਫੁੱਟਨੋਟ ਵਿੱਚੋਂ ਹਵਾਲਾ ਦਿੱਤਾ ਹੈ।

ਹਰਮਨ-ਪਿਆਰਾ ਰੂਪ ਹੈ। ਵੱਖ ਵੱਖ ਹਿੰਦ-ਯੂਰਪੀ ਭਾਸ਼ਾਵਾਂ ਵਿੱਚ, ਕੀਮਤੀ ਧਾਤਾਂ ਦੇ ਨਾਵਾਂ ਅਤੇ ਰੰਗਾਂ ਦੇ ਹਵਾਲਿਆਂ ਵਿਚਕਾਰ ਜੋ ਉਤਪੱਤੀ-ਸਬੰਧੀ ਸਬੰਧ ਹੈ, ਉਸ ਨੂੰ ਜੈਕੋਬ ਗਰਿਮ ਨੇ, ਆਪਣੀ '**ਜਰਮਨ ਭਾਸ਼ਾ ਦਾ ਇਤਿਹਾਸ**' ਨਾਮਕ ਰਚਨਾ ਵਿੱਚ ਬੜਾ ਖੋਲ੍ਹ ਕੇ ਦਿਖਾਇਆ ਹੈ।

ਆਖਰੀ, ਇਹ ਹਕੀਕਤ, ਕਿ ਸੋਨਾ ਅਤੇ ਚਾਂਦੀ ਨੂੰ ਸਿੱਕੇ ਤੋਂ ਬੁਲੀਅਨ (ਇੱਟ ਰੂਪ) ਅਤੇ ਬੁਲੀਅਨ ਤੋਂ ਅੱਯਾਸ਼ੀ-ਵਸਤਾਂ ਵਿੱਚ ਤੇ ਮੁੜ ਸਿੱਕਿਆਂ ਤੇ ਬੁਲੀਅਨ ਵਿੱਚ ਬਦਲਿਆ ਜਾ ਸਕਦਾ ਹੈ, ਇੱਕ ਅਜਿਹਾ ਲਾਭ ਹੈ ਜਿਹੜਾ ਕਿ ਹੋਰ ਜਿਣਸਾਂ ਨੂੰ ਪ੍ਰਾਪਤ ਨਹੀਂ ਅਤੇ ਜਿਸ ਕਾਰਨ ਉਹਨਾਂ (ਸੋਨਾ-ਚਾਂਦੀ) ਨੂੰ ਕਿਸੇ ਇੱਕੋ ਵੇਰੀਂ ਮਿਲੇ ਲਾਭਦਾਈ ਰੂਪ ਨਾਲ਼ ਬੱਝਿਆ ਰਹਿਣਾ ਨਹੀਂ ਪੈਂਦਾ ਅਤੇ ਉਹ ਧਨ ਲਈ ਸੌਖਿਆ ਹੀ, ਕੁਦਰਤੀ ਪਦਾਰਥ ਦੇ ਰੂਪ ਵਿੱਚ ਸਵੀਕਾਰ ਹੋ ਜਾਂਦੇ ਹਨ, ਜਿਹੜਾ ਇੱਕ ਤੋਂ ਦੂਜਾ ਰੂਪ ਲਗਾਤਾਰ ਬਦਲਦਾ ਰਹਿੰਦਾ ਹੈ।

ਕੁਦਰਤ, ਬੈਂਕਰਾਂ ਜਾਂ ਕਿਸੇ ਤਬਾਦਲਾ-ਦਰ ਤੋਂ ਵੱਧ ਧਨ ਨੂੰ ਪੈਦਾ ਨਹੀਂ ਕਰਦੀ। ਪਰ, ਕਿਉਂਕਿ ਬੁਰਜੂਆ ਉਤਪਾਦਨ ਵਿੱਚ, ਦੌਲਤ ਨੂੰ ਜਾਦੂ-ਟੂਣੇ ਵਾਂਗ ਇੱਕ ਖਾਸ ਵਸਤ ਵਿੱਚ ਨਿੱਖਰਦੇ ਰਹਿਣਾ ਚਾਹੀਦਾ ਹੈ, ਜਿਸ ਦੇ ਮੁਨਾਸਬ ਸਾਕਾਰ ਰੂਪ ਇਹ ਸੋਨਾ ਅਤੇ ਚਾਂਦੀ ਹਨ। ਸੋਨਾ ਅਤੇ ਚਾਂਦੀ ਆਪਣੇ ਸੁਭਾਅ ਦੇ ਤੌਰ 'ਤੇ ਧਨ ਨਹੀਂ ਹਨ, ਪਰ ਧਨ ਆਪਣੇ ਸੁਭਾਅ ਦੇ ਕਾਰਨ ਸੋਨਾ-ਚਾਂਦੀ ਬਣ ਜਾਂਦਾ ਹੈ। ਸੋਨਾ ਜਾਂ ਚਾਂਦੀ, ਇੱਕ ਪਾਸੇ ਤਾਂ, ਧਨ ਦੇ ਨਿੱਖਰੇ ਰੂਪ ਵਿੱਚ, ਨਾ ਕੇਵਲ ਚਲਨ-ਅਮਲ ਦੀ ਪੈਦਾਵਾਰ ਹੁੰਦਾ ਹੈ, ਬਲਕਿ ਇਸ ਦੀ ਨਰੋਲ ਸਥਾਈ ਪੈਦਾਵਾਰ; ਸੋਨਾ ਅਤੇ ਚਾਂਦੀ, ਦੂਜੇ ਪਾਸੇ ਪੂਰਨ ਤਿਆਰ ਆਰੰਭ ਉਤਪਾਦਾਂ ਹੁੰਦੇ ਹਨ ਅਤੇ ਉਹ ਸਿੱਧੇ ਤੌਰ 'ਤੇ ਇਹਨਾਂ ਦੋਹਾਂ ਪੱਖਾਂ ਨੂੰ ਪੂਰਦੇ ਹਨ। ਜਿਹੜੇ ਖਾਸ ਰੂਪਾਂ ਰਾਹੀਂ ਵਖਰਿਆਏ ਨਹੀਂ ਜਾਂਦੇ। ਸਮਾਜਿਕ ਅਮਲ ਦੀ ਵਿਆਪਕ ਉਤਪਾਦ, ਜਾਂ ਉਤਪਾਦ ਰੂਪ ਵਿੱਚ ਮੰਨਿਆ ਗਿਆ ਸਮਾਜਿਕ ਅਮਲ ਆਪਣੇ ਆਪ, ਇੱਕ ਖਾਸ ਕੁਦਰਤੀ ਉਤਪਾਦ ਹੁੰਦਾ ਹੈ, ਧਾਤ ਹੁੰਦਾ ਹੈ, ਜਿਹੜਾ ਕਿ ਧਰਤੀ ਦੇ ਕੜ ਹੇਠਾਂ ਮੌਜੂਦ ਹੁੰਦਾ ਹੈ ਅਤੇ ਜਿਸ ਨੂੰ ਖੋਦ ਕੇ ਕੱਢਿਆ ਜਾ ਸਕਦਾ ਹੈ।*

ਅਸੀਂ ਦੇਖ ਚੁੱਕੇ ਹਾਂ ਕਿ ਸੋਨਾ ਅਤੇ ਚਾਂਦੀ ਇਸ ਮੰਗ ਨੂੰ ਪੂਰਾ ਨਹੀਂ ਕਰ ਸਕਦੇ, ਕਿ ਧਨ ਦੇ ਤੌਰ 'ਤੇ ਉਹ ਇੱਕ ਅਬਦਲਵੀਂ ਕਦਰ ਰੱਖਣ। ਪਰ ਉਹਨਾਂ ਦੀ ਕਦਰ, ਔਸਤਨ ਹੋਰ ਜਿਣਸਾਂ ਨਾਲ਼ੋਂ ਵੱਧ ਸਥਾਈ ਹੁੰਦੀ ਹੈ। ਜਿਵੇਂ ਕਿ ਅਰਸਤੂ ਤੱਕ ਨੇ ਇਸ ਦਾ ਜ਼ਿਕਰ

* 760 ਦੇ ਸਾਲ ਵਿੱਚ, ਗਰੀਬ ਲੋਕਾਂ ਦਾ ਇੱਕ ਟੋਲਾ, ਪਰਾਗ ਦੇ ਦੱਖਣ ਵੱਲ ਦੇ ਦਰਿਆ ਦੀ ਰੇਤ ਵਿੱਚੋਂ ਸੋਨਾ ਭਾਲ਼ਣ ਲਈ ਨਿਕਲਿਆ ਅਤੇ ਤਿੰਨ ਆਦਮੀ ਦਿਨ ਭਰ ਵਿੱਚ ਇੱਕ ਮਾਰਕ (ਅੱਧਾ ਪੌਂਡ) ਸੋਨਾ ਕੱਢਣ ਵਿੱਚ ਸਫਲ ਹੋਏ ਅਤੇ ਇਸ ਤੋਂ ਪਿੱਛੋਂ, "ਖੁਦਾਈ" ਉੱਤੇ ਇਤਨਾ ਜ਼ੋਰ ਪਿਆ ਅਤੇ ਇਤਨੇ ਆਦਮੀ ਖੇਤੀ ਦਾ ਕੰਮ ਛੱਡ ਕੇ ਇਸ ਵੱਲ ਨੂੰ ਆਏ, ਇੱਕ ਅਗਲੇ ਸਾਲ, ਅਨਾਜ ਦੀ ਥੁੜ੍ਹ ਵਜੋਂ ਦੇਸ਼ ਵਿੱਚ ਅਕਾਲ ਪੈ ਗਿਆ (ਦੇਖੋ, ਐਮ. ਜੀ. ਕੋਰਨੇਰ, **ਅਭਾਂਦਲੂੰਗ ਵੌਨ ਦੇਮ ਆਲਤਰਥੁਮ ਦੇਮ ਬੋਹਮਿਸ਼ੇਨ**, **ਬਰਗਵੇਰਕਸ**, **ਸ਼ਨੀਬਰਗ**, 1758, ਪੰਨਾ 37 ਸੇਕ)।

ਕੀਤਾ ਹੈ। ਕੀਮਤੀ ਧਾਤਾਂ ਦੇ ਮੁੱਲ-ਚੜ੍ਹਨ ਜਾਂ ਮੁੱਲ ਡਿੱਗਣ ਦੇ ਆਮ ਪ੍ਰਭਾਵ ਤੋਂ ਇਲਾਵਾ, ਸੋਨੇ-ਚਾਂਦੀ ਦੀ ਨਿਸਬਤੀ ਕਦਰ ਵਿੱਚ ਜੋ ਤਬਦੀਲੀਆਂ ਆਉਂਦੀਆਂ ਹਨ, ਉਹ ਖਾਸ ਮਹੱਤਤਾ ਵਾਲ਼ੀਆਂ ਹੁੰਦੀਆਂ ਹਨ, ਕਿਉਂਕਿ ਦੋਹਾਂ ਨੂੰ ਸੰਸਾਰ-ਬਾਜ਼ਾਰ ਅੰਦਰ ਧਨਵੀ ਪਦਾਰਥ ਦੇ ਰੂਪ ਵਿੱਚ, ਨਾਲ਼ੋਂ ਨਾਲ਼ ਵਰਤਿਆ ਜਾਂਦਾ ਹੈ। ਕਦਰ ਵਿੱਚ ਅਜਿਹੀਆਂ ਤਬਦੀਲੀਆਂ ਦੇ ਸ਼ੁੱਧ ਆਰਥਿਕ ਕਾਰਨ, ਜਿਵੇਂ ਕਿ ਜਿੱਤਾਂ ਅਤੇ ਹੋਰ ਸਿਆਸੀ ਉਭਾਰ, ਜਿਹੜੇ ਕਿ ਪ੍ਰਾਚੀਨ ਕਾਲ ਵਿੱਚ ਧਾਤਾਂ ਦੀ ਕਦਰ ਉੱਪਰ ਭਾਰੀ ਅਸਰ ਪਾਇਆ ਕਰਦੇ ਸਨ, ਹੁਣ ਉਹਨਾਂ ਦਾ ਅਸਰ ਬਿਲਕੁਲ ਇੱਕ ਸਥਾਨਕ ਜਿਹਾ ਤੇ ਅਸਥਾਈ ਹੁੰਦਾ ਹੈ – ਹੁਣ ਇਹਨਾਂ ਕਾਰਨਾਂ ਦਾ ਸਬੱਬ ਇਹਨਾਂ ਧਾਤਾਂ ਦੀ ਉਪਜ ਲਈ ਲੁੜੀਂਦੇ ਕਿਰਤ-ਸਮੇਂ ਵਿੱਚ ਆਈਆਂ ਤਬਦੀਲੀਆਂ ਨੂੰ ਸਮਝਣਾ ਚਾਹੀਦਾ ਹੈ। ਇਹ ਕਿਰਤ-ਸਮਾਂ, ਆਪ, ਕੁਦਰਤੀ ਭੰਡਾਰਾਂ ਦੀ ਨਿਸਬਤਨ ਥੁੜ੍ਹ ਅਤੇ ਉਹਨਾਂ ਨੂੰ ਕੇਵਲ ਧਾਤਵੀ ਰੂਪ ਵਿੱਚ ਪ੍ਰਾਪਤ ਕਰਨ ਵਿੱਚ ਆਈਆਂ ਕਠਿਨਾਈਆਂ ’ਤੇ ਨਿਰਭਰ ਕਰੇਗਾ। ਸੋਨਾ, ਅਸਲ ਵਿੱਚ, ਮਨੁੱਖ ਦੁਆਰਾ ਖੋਜੀ, ਪਹਿਲੀ ਧਾਤ ਹੈ। ਇੱਕ ਪਾਸੇ ਤਾਂ ਇਹ ਕੁਦਰਤ ਵਿੱਚ ਸ਼ੁੱਧ ਨਿੱਖਰੇ ਰੂਪ (ਹਵਾ ਰੂਪ) ਇੱਕ ਅਲੱਗ ਤੱਤ ਦੇ ਰੂਪ ਵਿੱਚ, ਜਿਸ ਵਿੱਚ ਦੂਜੇ ਤੱਤਾਂ ਨਾਲ਼ ਰਸਾਇਣੀ ਤੌਰ ’ਤੇ ਕੋਈ ਮਿਲਾਵਟ ਨਹੀਂ ਹੁੰਦੀ, ਜਾਂ ਕੁਆਰੇ ਰੂਪ ਵਿੱਚ, ਜਿਵੇਂ ਕਿ ਕੀਮੀਆਗਰ ਇਸ ਬਾਰੇ ਕਹਿੰਦੇ ਹਨ, ਮਿਲਦਾ ਹੈ; ਅਤੇ ਦੂਜੇ ਪਾਸੇ, ਕੁਦਰਤ ਆਪ, ਦਰਿਆਵਾਂ ਅੰਦਰ ਵੱਡੇ ਪੈਮਾਨੇ ’ਤੇ ਸੋਨੇ ਨੂੰ ਧੋ ਕੇ, ਤਕਨੀਕੀ ਕੰਮ ਨੂੰ ਸਰੰਜਾਮ ਦੇਂਦੀ ਹੈ। ਮਨੁੱਖ ਵੱਲੋਂ ਤਾਂ ਸੋਨੇ ਨੂੰ ਭਾਵੇਂ ਦਰਿਆਵਾਂ ਵਿੱਚੋਂ, ਭਾਵੇਂ ਕਛਾਰੀ ਭੰਡਾਰਾਂ ਵਿੱਚੋਂ ਕੱਢਣਾ ਹੋਵੇ, ਇਸ ਲਈ ਕਿਰਤ ਦੀ ਲੋੜ ਹੁੰਦੀ ਹੈ, ਜਦੋਂ ਕਿ ਚਾਂਦੀ ਦੇ ਉਤਪਾਦਨ ਲਈ ਖਾਣ-ਕੁਨੀ ਦੀ ਅਤੇ ਆਮ ਕਰਕੇ, ਤਕਨੀਕੀ ਵਿਕਾਸ ਦੀ ਨਿਸਬਤਨ ਉੱਚੀ ਪੱਧਰ ਦੀ ਲੋੜ ਹੁੰਦੀ ਹੈ। ਇਸੇ ਲਈ, ਆਰੰਭ ਵਿੱਚ ਚਾਂਦੀ ਦੀ ਕਦਰ, ਸੋਨੇ ਦੇ ਮੁਕਾਬਲੇ ਉੱਚੀ ਹੁੰਦੀ ਹੈ, ਹਾਲਾਂਕਿ ਉਹ ਉਸ ਨਾਲ਼ੋਂ ਕਿਤੇ ਹੀ ਘੱਟ ਮਾਤਰਾ ਵਿੱਚ ਹੁੰਦਾ ਹੈ। ਸਟਰੈਬੋ ਦਾ ਇਹ ਕਹਿਣਾ ਕਿ ਇੱਕ ਅਰਬੀ ਕਬੀਲੇ ਨੇ ਇੱਕ ਪੌਂਡ ਲੋਹੇ ਲਈ ਸੋਨੇ ਦੇ ਦਸ ਪੌਂਡ ਦਿੱਤੇ ਅਤੇ ਚਾਂਦੀ ਦੇ ਇੱਕ ਪੌਂਡ ਲਈ ਸੋਨੇ ਦੇ ਦੋ ਪੌਂਡ, ਨਿਰਾਪੁਰਾ ਕਪੋਲ-ਕਲਪਣਾ ਨਹੀਂ ਹੈ। ਪਰ ਚਾਂਦੀ ਦੀ ਕਦਰ, ਸੋਨੇ ਦੇ ਮੁਕਾਬਲੇ, ਉਸੇ ਰਫਤਾਰ ਨਾਲ਼ ਡਿੱਗਣ ਲੱਗਦੀ ਹੈ, ਜਿਸ ਨਾਲ਼ ਸਮਾਜਿਕ ਕਿਰਤ ਦੀਆਂ ਉਤਪਾਦਕੀ ਸ਼ਕਤੀਆਂ ਵਿਕਸਿਤ ਹੁੰਦੀਆਂ ਜਾਂਦੀਆਂ ਹਨ ਅਤੇ ਨਤੀਜਾ ਇਹ ਹੁੰਦਾ ਹੈ ਕਿ ਸਾਧਾਰਨ ਕਿਰਤ ਦੀ ਉਤਪਾਦ, ਗੁੰਝਲਦਾਰ ਕਿਰਤ ਦੀ ਉਤਪਾਦ ਦੇ ਮੁਕਾਬਲੇ ਵੱਧ ਮਹਿੰਗੀ ਹੋ ਜਾਂਦੀ ਹੈ। ਅਤੇ ਧਰਤੀ ਦਾ ਕੜ ਜਿੰਨਾ ਵੱਧ ਤੋਂ ਵੱਧ ਖੁੱਲ੍ਹਦਾ ਜਾਵੇਗਾ, ਉੱਨੇ ਹੀ ਸੋਨੇ ਦੇ ਮੂਲ ਸਤਹੀ-ਸਰੋਤ ਮੁੱਕਦੇ ਚਲੇ ਜਾਣਗੇ। ਅਖੀਰ, ਤਕਨਾਲੋਜੀ ਅਤੇ ਆਵਾਜਾਈ-ਵਸੀਲਿਆਂ ਦੇ ਵਿਕਾਸ ਦੀ ਇੱਕ ਖਾਸ ਮੰਜ਼ਲ ’ਤੇ ਪੁੱਜ ਜਾਣ ਤੇ ਸੋਨਾ ਜਾਂ ਚਾਂਦੀ ਦੇ ਭੰਡਾਰਾਂ ਵਾਲ਼ੇ ਇਲਾਕਿਆਂ ਦਾ ਇੱਕ ਅਹਿਮ ਰੋਲ ਹੋ ਜਾਂਦਾ ਹੈ। ਪ੍ਰਾਚੀਨ ਏਸ਼ੀਆ ਵਿੱਚ ਸੋਨੇ ਅਤੇ ਚਾਂਦੀ ਦਾ ਅਨੁਪਾਤ 6 : 1, ਜਾਂ 8 : 1 ਸੀ। ਪਿਛਲਾ ਅਨੁਪਾਤ ਚੀਨ ਅਤੇ ਜਾਪਾਨ ਵਿੱਚ ਉੱਨ੍ਹੀਵੀਂ ਸਦੀ ਦੇ ਅਰੰਭ ਤੱਕ ਮੌਜੂਦ ਸੀ। 10 : 1 ਦਾ ਅਨੁਪਾਤ, ਜਿਹੜਾ ਕਿ ਐਗਜ਼ੈਨੋਫੋਨ ਦੇ ਸਮੇਂ ਵਿੱਚ ਮੌਜੂਦ ਸੀ, ਇਸ ਨੂੰ ਆਦਮ ਕਾਲ ਦੇ ਮੱਧ ਸਮੇਂ ਦੀ

ਔਸਤ ਅਨੁਪਾਤ ਮੰਨਿਆ ਜਾ ਸਕਦਾ ਹੈ। ਪਹਿਲਾਂ ਕਾਰਥੇਜ ਅਤੇ ਪਿੱਛੋਂ ਰੋਮ ਦੁਆਰਾ ਸਪੇਨੀ ਚਾਂਦੀ ਦੀਆਂ ਖਾਣਾਂ ਦੀ ਖੁਦਾਈ ਨੇ ਪ੍ਰਾਚੀਨ ਸੰਸਾਰ ਉੱਪਰ ਲਗਭਗ ਉਸੇ ਤਰ੍ਹਾਂ ਦਾ ਅਸਰ ਪਾਇਆ, ਜਿਹੋ-ਜਿਹਾ ਕਿ ਅਮਰੀਕੀ ਖਾਣਾਂ ਦੀ ਖੁਦਾਈ ਨੇ ਆਧੁਨਿਕ ਯੂਰਪ ਉੱਪਰ ਪਾਇਆ ਹੈ। ਰੋਮਨ ਬਾਦਸ਼ਾਹਾਂ ਦੇ ਦੌਰ ਵਿੱਚ 15 ਜਾਂ 16 : 1 ਨੂੰ ਮੋਟੀ ਔਸਤ ਲਿਆ ਜਾ ਸਕਦਾ ਹੈ, ਭਾਵੇਂ ਰੋਮ ਵਿੱਚ ਚਾਂਦੀ ਦੀ ਕਦਰ ਬਹੁਤ ਵਾਰੀ ਇਸ ਤੋਂ ਹੇਠਾਂ ਡਿੱਗ ਜਾਂਦੀ ਸੀ। ਬਾਅਦ ਵਿੱਚ ਦੇ ਸਮਿਆਂ ਵਿੱਚ, ਮੱਧ ਕਾਲਾਂ ਤੋਂ ਲੈ ਕੇ ਅਜੋਕੇ ਕਾਲ ਤੱਕ, ਉਹੋ ਜਿਹੀ ਗਤੀ, ਜਿਹੜੀ ਸੋਨੇ ਦੇ ਨਿਸਬਤਨ ਮੁੱਲ-ਘਟਾ ਨਾਲ਼ ਸ਼ੁਰੂ ਹੁੰਦੀ ਹੈ ਅਤੇ ਚਾਂਦੀ ਦੀ ਕਦਰ ਵਿੱਚ ਗਿਰਾਵਟ ਨਾਲ਼ ਮੁੱਕਦੀ ਹੈ, ਵਾਪਰਦੀ ਆ ਰਹੀ ਹੈ। ਮੱਧ-ਯੁੱਗਾਂ ਵਿੱਚ ਔਸਤ ਅਨੁਪਾਤ, ਜਿਵੇਂ ਕਿ ਐਗਜ਼ੈਨੋਫੋਨ ਦੇ ਸਮੇਂ 10 : 1 ਸੀ ਅਤੇ ਅਮਰੀਕਾ ਵਿੱਚ ਖਾਣਾਂ ਦੀ ਖੋਜ ਦੇ ਨਤੀਜੇ ਵਜੋਂ, ਇੱਕ ਵਾਰੀ ਫੇਰ ਇਹ 16 ਜਾਂ 15 : 1 ਹੋ ਗਈ। ਆਸਟਰੇਲੀਆ, ਕੈਲੇਫੋਰਨੀਆ ਅਤੇ ਕੋਲੰਬੀਆ ਵਿੱਚ ਸੋਨੇ ਦੀ ਖੋਜ, ਸ਼ਾਇਦ, ਸੋਨੇ ਦੀ ਕਦਰ ਵਿੱਚ ਇੱਕ ਹੋਰ ਗਿਰਾਵਟ ਦਾ ਕਾਰਨ ਬਣੇਗੀ।*

---

* ਸੋਨੇ ਅਤੇ ਚਾਂਦੀ ਦੀ ਹੁਣ ਤਾਈਂ ਦੀ ਨਿਸਬਤੀ ਕਦਰ, ਆਸਟਰੇਲੀਆ ਅਤੇ ਹੋਰ ਖੋਜਾਂ ਤੋਂ ਪ੍ਰਭਾਵਿਤ ਨਹੀਂ ਹੋਈ ਹੈ। ਮਿਚੇਲ ਸ਼ਿਵੈਲੀਅਰ ਦੀ ਇਹ ਕਥਨੀ ਕਿ ਗੱਲ ਇਸ ਤੋਂ ਉਲਟੀ ਹੈ, ਇਸ ਸਾਬਕਾ ਸੇਂਟ ਸਾਈਮੋਨਿਸਟ ਦੇ ਸੋਸ਼ਲਿਜ਼ਮ ਤੋਂ ਵੱਧ ਹੋਰ ਕੋਈ ਮੁੱਲ ਨਹੀਂ ਰੱਖਦੀ। ਲੰਡਨ ਦੇ ਬਾਜ਼ਾਰ ਦੇ ਭਾਅ, ਬਲਕਿ ਇਹ ਦਿਖਾਉਂਦੇ ਹਨ ਕਿ 1850 ਅਤੇ 1858 ਵਿਚਕਾਰਲੇ ਸਮੇਂ ਤੋਂ ਲਗਭਗ 3 ਫੀਸਦੀ ਉੱਚੀ ਸੀ, ਪਰ ਇਹ ਵਾਧਾ ਤਾਂ ਕੇਵਲ ਏਸ਼ੀਆਈ ਦੇਸ਼ਾਂ ਦੀ ਚਾਂਦੀ ਦੀ ਮੰਗ ਕਰ ਕੇ ਸੀ। 1852 ਅਤੇ 1858 ਦੇ ਵਿਚਕਾਰ ਚਾਂਦੀ ਦੀਆਂ ਕੀਮਤਾਂ ਵਿੱਚ ਅਲੱਗ ਅਲੱਗ ਸਾਲਾਂ ਅਤੇ ਮਹੀਨਿਆਂ ਵਿੱਚ ਜੋ ਤਬਦੀਲੀ ਆਈ ਉਸ ਦਾ **ਨਿਰੋਲ** ਕਾਰਨ ਇਹ **ਮੰਗ** ਸੀ, ਨਾ ਕਿ ਨਵੇਂ ਲੱਭੇ ਸਰੋਤਾਂ ਤੋਂ ਆਉਣ ਵਾਲ਼ੀ ਸੋਨੇ ਦੀ ਸਪਲਾਈ। ਲੰਡਨ-ਬਾਜ਼ਾਰ ਦੇ ਸੋਨੇ ਦੇ ਭਾਅਾਂ ਦੇ ਮੁਕਾਬਲੇ, ਚਾਂਦੀ ਦੀਆਂ ਕੀਮਤਾਂ ਦਾ ਹੇਠ ਲਿਖਿਆ ਖੁਲਾਸਾ ਹੈ:

**ਇੱਕ ਔਂਸ ਚਾਂਦੀ ਦੀ ਕੀਮਤ-**

| **ਸਾਲ** | **ਮਾਰਚ** | **ਜੁਲਾਈ** | **ਨਵੰਬਰ** |
|---|---|---|---|
| 1852 | $60\frac{1}{8}$ ਪੈਂਸ | $60\frac{1}{4}$ ਪੈਂਸ | $61\frac{7}{8}$ ਪੈਂਸ |
| 1853 | $61\frac{3}{8}$ ,, | $61\frac{1}{2}$ ,, | $61\frac{7}{8}$ ,, |
| 1854 | $61\frac{7}{8}$ ,, | $61\frac{3}{4}$ ,, | $61\frac{1}{2}$ ,, |
| 1855 | $60\frac{7}{8}$ ,, | $61\frac{1}{2}$ ,, | $60\frac{7}{8}$ ,, |
| 1856 | 60 ,, | $61\frac{1}{4}$ ,, | $62\frac{1}{8}$ ,, |
| 1857 | $61\frac{3}{4}$ ,, | $61\frac{5}{8}$ ,, | $61\frac{1}{2}$ ,, |
| 1858 | $61\frac{5}{8}$ ,, | | |

## ੲ. ਚਲਨ-ਮਾਧਿਅਮ ਦੇ ਅਤੇ ਧਨ ਦੇ ਸਿਧਾਂਤ

ਜਿਵੇਂ ਕਿ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀਆਂ ਵਿੱਚ, ਜਦੋਂ ਕਿ ਆਧੁਨਿਕ ਬੁਰਜੂਆ ਸਮਾਜ, ਅਜੇ ਆਪਣੇ ਆਰੰਭ–ਕਾਲ ਵਿੱਚ ਹੀ ਸੀ, ਕੌਮਾਂ ਦੀਆਂ ਕੌਮਾਂ ਅਤੇ ਬਾਦਸ਼ਾਹ, ਲੋਕ, ਧਨ ਨੂੰ ਇਕੱਠਿਆਂ ਕਰਨ ਦੀ ਇੱਛਾ ਤੋਂ ਪ੍ਰਿਰਤ ਹੋ ਕੇ ਦੂਰ–ਦਰਾਜ਼ ਦੇ ਇਲਾਕਿਆਂ ਉੱਪਰ ਜਹਾਦ ਛੇੜੀ ਬੈਠੇ ਸਨ ਕਿ ਕਿਤੋਂ ਸੋਨੇ ਦੀ ਗਰੇਲ (ਈਸਾ ਮਸੀਹ ਦੇ ਅੰਤਮ ਭੋਜਨ ਵਾਲ਼ੀ ਥਾਲ਼ੀ) ਹੱਥ ਆ ਜਾਵੇ।* ਇਸ ਲਈ ਆਧੁਨਿਕ ਸੰਸਾਰ ਦੇ ਪਹਿਲੇ ਵਿਆਖਿਆਕਾਰਾਂ, ਧਨਵੀ ਪ੍ਰਣਾਲੀ ਦੇ ਕਾਢੂਆਂ – ਮਰਕੰਟਾਈਲ ਉਸੇ ਦਾ ਇੱਕ ਬਦਲਵਾਂ ਰੂਪ ਹੈ – ਐਲਾਨ ਕੀਤਾ ਕਿ ਸੋਨਾ ਅਤੇ ਚਾਂਦੀ, ਭਾਵ ਧਨ ਹੀ ਦੌਲਤ ਹੈ। ਉਹਨਾਂ ਨੇ ਬਹੁਤ ਠੀਕ–ਠੀਕ ਕਿਹਾ ਕਿ ਬੁਰਜੂਆ ਸਮਾਜ ਦਾ ਮੁੱਖ ਧੰਦਾ, ਧਨ ਪੈਦਾ ਕਰਨਾ ਹੈ ਅਤੇ ਇਸ ਲਈ, ਸਾਧਾਰਨ ਜਿਣਸ ਪੈਦਾਵਾਰ ਦੀ ਦ੍ਰਿਸ਼ਟੀ ਤੋਂ, ਜ਼ਖੀਰਿਆਂ ਦਾ ਇਕੱਠਾ ਕਰਨ, ਜਿਸ ਨੂੰ ਨਾ ਤਾਂ ਜ਼ੰਗ, ਨਾ ਹੀ ਕੀੜੇ ਮਕੌੜੇ ਬਰਬਾਦ ਕਰ ਸਕਦੇ ਹਨ। ਇਹ ਗੱਲ ਕਹਿਣਾ ਧਨਵੀ ਪ੍ਰਣਾਲੀ ਦੀ ਕੋਈ ਤਰਦੀਦ ਨਹੀਂ ਹੈ ਕਿ ਇੱਕ ਟਨ ਲੋਹਾ, ਕਿ ਜਿਸ ਦੀ ਕੀਮਤ 3 ਪੌਂਡ ਹੈ, ਉੱਨੀ ਹੀ ਕਦਰ ਦਾ ਮਾਲਕ ਹੈ, ਜਿੰਨੀ ਦਾ 3 ਪੌਂਡ ਸੋਨਾ। ਸਵਾਲ, ਇਥੇ ਤਬਾਦਲਾ–ਕਦਰ ਦੇ ਵੱਡੇ ਛੋਟੇ ਹੋਣ ਦਾ ਨਹੀਂ, ਬਲਕਿ ਇਸ ਦੀ ਮੁਨਾਸਬ ਸ਼ਕਲ ਹੋਣ ਦਾ ਹੈ। ਧਨਵੀ ਅਤੇ ਮਰਕੰਟਾਈਲ ਪ੍ਰਣਾਲੀਆਂ ਕੌਮਾਂਤਰੀ ਵਪਾਰ ਅਤੇ ਕੌਮੀ ਕਿਰਤ ਦੀਆਂ ਨਿੱਜੀ ਬਰਾਂਚਾਂ, ਜਿਹੜੀਆਂ ਕਿ ਸਿੱਧੀਆਂ ਕੌਮਾਂਤਰੀ ਵਪਾਰ ਬਣਦੀਆਂ ਸਨ, ਵੱਲ ਵਿਸ਼ੇਸ਼ ਧਿਆਨ ਕਿਉਂ ਕੇਂਦਰਿਤ ਕਰਦੀਆਂ ਸਨ, ਜਿਨ੍ਹਾਂ ਨੂੰ ਕਿ ਉਹ ਦੌਲਤ ਜਾਂ ਧਨ ਦਾ ਇੱਕੋ ਇੱਕ ਅਸਲ ਸੋਮਾ ਮੰਨਦੀਆਂ ਸਨ, ਇਸ ਦਾ ਜੁਆਬ ਲੱਭਣ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਹਨਾਂ ਸਮਿਆਂ ਵਿੱਚ ਕੌਮੀ ਪੈਦਾਵਾਰ, ਅਜੇ ਵੀ ਬਹੁਤ ਕਰਕੇ, ਜਗੀਰੂ ਰੂਪਾਂ ਦੇ ਢਾਂਚੇ ਦੇ ਅੰਦਰ ਅੰਦਰ ਹੀ ਹੁੰਦੀ ਸੀ ਅਤੇ ਉਹ ਅਜੇ ਉਤਪਾਦਕਾਂ ਦੇ ਆਪਣੇ ਗੁਜ਼ਾਰੇ ਦੇ ਫ਼ੌਰੀ ਸਾਧਨ ਦਾ ਹੀ ਕੰਮ ਦਿੰਦੀ ਹੈ। ਬਹੁਤ ਸਾਰੀਆਂ ਉਤਪਾਦਾਂ ਅਜੇ ਜਿਣਸਾਂ ਨਹੀਂ ਸਨ ਬਣਦੀਆਂ। ਇਸ ਲਈ ਨਾ ਤਾਂ ਉਹ ਧਨ ਵਿੱਚ ਬਦਲੀਆਂ ਜਾਂਦੀਆਂ ਸਨ, ਨਾ ਹੀ ਉਹ ਸਮਾਜਿਕ ਰਸ–ਕਿਰਿਆ ਦੇ ਆਮ ਅਮਲ ਵਿੱਚ ਦਾਖਲ ਹੋਈਆਂ ਸਨ; ਇਸ ਲਈ ਉਹ ਵਿਆਪਕ ਅਰੂਪ ਕਿਰਤ ਦੇ ਭੌਤਿਕੀਕਰਨ ਦੇ ਰੂਪ ਵਿੱਚ ਨਹੀਂ ਦਿਖਾਈ ਦੇਂਦੀਆਂ ਸਨ ਅਤੇ ਸੱਚ ਹੀ ਉਹ ਅਜੇ ਬੁਰਜੂਆਜ਼ੀ ਦੀ ਦੌਲਤ ਨਹੀਂ ਬਣੀਆਂ ਸਨ। ਧਨ, ਚਲਨਾਂ ਦੇ ਅੰਤਮ ਉਦੇਸ਼ ਤੇ ਵਸਤ ਰੂਪ ਵਿੱਚ, ਤਬਾਦਲਾ–ਕਦਰ ਜਾਂ ਅਰੂਪ ਦੌਲਤ ਦੀ ਨੁਮਾਇੰਦਗੀ ਨਹੀਂ ਕਰਦਾ ਹੈ, ਨਾ ਹੀ ਪੈਦਾਵਾਰ ਦੇ ਨਿਸਚੇਕਾਰੀ ਮੰਤਵ ਅਤੇ ਉਸ ਦੀ ਚਾਲਕ ਸ਼ਕਤੀ ਦੇ ਰੂਪ ਵਿੱਚ ਦੌਲਤ ਦੇ ਕਿਸੇ ਭੌਤਿਕੀ

---

* "ਸੋਨਾ ਇੱਕ ਅਦਭੁਤ ਸ਼ੈਅ ਹੈ। ਇਸ ਦੇ ਮਾਲਕ ਕੋਲ ਸੰਸਾਰ ਦੀ ਹਰ ਵਸਤ ਉਸ ਦੀ ਇੱਛਾ ਅਨੁਸਾਰ ਹਾਜ਼ਰ ਹੋ ਜਾਂਦੀ ਹੈ। ਸੋਨਾ ਤਾਂ ਰੂਹਾਂ ਤੱਕ ਨੂੰ ਸਵਰਗ ਦਿਵਾਉਣ ਨੂੰ ਸਮੱਰਥ ਹੈ।" (ਕੋਲੰਬਸ ਦੇ 1503 ਵਿੱਚ ਜਮਾਇਕਾ ਤੋਂ ਲਿਖੇ ਪੱਤਰ ਵਿੱਚੋਂ) [ਲੇਖਕ ਦੀ ਕਾਪੀ ਵਿੱਚ ਨੋਟ]।

ਅਨਸਰ ਦੀ ਕਰਦਾ ਹੈ, ਇਹ ਗੱਲ ਬੁਰਜੂਆ ਪੈਦਾਵਾਰ ਦੇ ਬਿਲਕੁਲ ਬਚਪਨੇ ਰੂਪ ਨਾਲ਼ ਮੇਲ ਖਾਂਦੀ ਸੀ ਕਿ ਉਹ ਗਲਤ ਸਮਝੇ ਗਏ ਪੈਗੰਬਰ, ਤਬਾਦਲਾ-ਕਦਰ ਦੇ ਠੋਸ, ਸਥੂਲ ਅਤੇ ਚਮਕਵੇਂ ਰੂਪ ਨਾਲ਼, ਹੋਰ ਸਾਰੀਆਂ ਜਿਣਸਾਂ ਤੋਂ ਵੱਖਰੀ ਵਿਆਪਕ ਜਿਣਸ ਦੇ ਰੂਪ ਵਿੱਚ ਤਬਾਦਲਾ-ਕਦਰ ਨਾਲ਼ ਚੰਬੜੇ ਰਹਿਣ। ਉਸ ਸਮੇਂ ਤੱਕ ਜਿਣਸ-ਚਲਨ ਦਾ ਖੇਤਰ, ਪੂਰੇ ਤੌਰ ’ਤੇ ਬੁਰਜੂਆ ਆਰਥਿਕ ਖੇਤਰ ਸੀ। ਇਸ ਲਈ ਉਹਨਾਂ ਨੇ ਬੁਰਜੂਆ ਉਤਪਾਦਨ ਦੇ ਸਾਰੇ ਗੁੰਝਲਦਾਰ ਤਾਣੇ ਦਾ ਵਿਸ਼ਲੇਸ਼ਣ ਉਸੇ ਬੁਨਿਆਦੀ ਖੇਤਰ ਦੀ ਦ੍ਰਿਸ਼ਟੀ ਤੋਂ ਕੀਤਾ ਅਤੇ ਉਹ ਧਨ ਨੂੰ ਸਰਮਾਏ ਨਾਲ਼ ਗਡਮੱਡ ਕਰ ਗਏ। ਆਧੁਨਿਕ ਅਰਥ-ਸ਼ਾਸਤਰੀਆਂ ਦੀ ਧਨਵੀ ਅਤੇ ਮਰਕੰਟਾਈਲ ਪ੍ਰਣਾਲੀਆਂ ਦੇ ਵਿਰੁੱਧ ਬਿਨਾਂ ਰੁਕੇ ਲੜਾਈ, ਇਸ ਤੱਥ ਤੋਂ, ਮੁੱਖ ਤੌਰ ’ਤੇ ਪ੍ਰੇਰਿਤ ਹੁੰਦੀ ਹੈ ਕਿ ਬੁਰਜੂਆ ਪੈਦਾਵਾਰ, ਭਾਵ ਜਿਸ ਉੱਪਰ ਤਬਾਦਲਾ-ਕਦਰ ਹਾਵੀ ਹੈ, ਇਹਨਾਂ ਪ੍ਰਣਾਲੀਆਂ ਦੁਆਰਾ ਇੱਕ ਬੜੇ ਸਿੱਧੇ ਸਾਦੇ, ਗੰਵਾਰੂ ਢੰਗ ਨਾਲ਼ ਪ੍ਰਸਾਰੀ-ਪ੍ਰਚਾਰੀ ਜਾਂਦੀ ਹੈ। ਹਾਲਾਂਕਿ ਉਸ ਨੇ ਇਸ ਤੋਂ ਸਿੱਟਾ ਗਲਤ ਕੱਢਿਆ ਹੈ, ਪਰ ਰਿਕਾਰਡੋ ਕਿਸੇ ਥਾਂ ’ਤੇ ਬਿਆਨ ਕਰਦਾ ਹੈ ਕਿ ਅਕਾਲ ਦੇ ਸਮੇਂ ਵੀ ਅਨਾਜ ਦੀ ਦਰਾਮਦ ਕੀਤੀ ਜਾਂਦੀ ਹੈ, ਇਸ ਲਈ ਨਹੀਂ, ਕਿ ਉਸ ਤੋਂ ਬਿਨਾਂ ਕੌਮ ਭੁੱਖਿਆਂ ਮਰ ਰਹੀ ਹੈ, ਬਲਕਿ ਇਸ ਲਈ ਕਿਉਂਕਿ ਇਸ ਤੋਂ ਅਨਾਜ-ਵਪਾਰੀ ਦਾ ਧਨ ਬਣਦਾ ਹੈ। ਸਿਆਸੀ ਆਰਥਕਤਾ ਧਨਵੀਂ ਅਤੇ ਮਰਕੰਟਾਈਲ ਪ੍ਰਣਾਲੀਆਂ ਦੀ ਆਪਣੀ ਆਲੋਚਨਾ ਵਿੱਚ ਗਲਤੀ ਦਾ ਸ਼ਿਕਾਰ ਹੋਵੇਗੀ, ਜੇ ਉਹ ਉਹਨਾਂ ਨੂੰ ਕੇਵਲ ਭਰਮਾਂ ਦਾ ਨਾਂ ਦੇ ਕੇ, ਜਾਂ ਕੇਵਲ ਗਲਤ ਸਿਧਾਂਤ ਕਹਿ ਕੇ ਹੀ ਉਹਨਾਂ ਦਾ ਖਹਿੜਾ ਛੱਡ ਦੇਂਦੀ ਹੈ ਅਤੇ ਉਹ ਇਹ ਨਹੀਂ ਦੇਖਦੀ, ਕਿ ਇਹ ਦੋਵੇਂ ਪ੍ਰਣਾਲੀਆਂ, ਬਹੁਤ ਮੁੱਢਲੇ ਰੂਪ ਵਿੱਚ, ਖੁਦ ਇਸ ਦੀਆਂ ਆਪਣੀਆਂ ਬੁਨਿਆਦੀ ਧਾਰਨਾਵਾਂ, ਆਪਣੇ ਅੰਦਰ ਲਈ ਬੈਠੀਆਂ ਹਨ। ਇਹ ਪ੍ਰਣਾਲੀਆਂ, ਇਸ ਤੋਂ ਵੀ ਵੱਧ, ਨਾ ਕੇਵਲ ਇਤਿਹਾਸਕ ਤੌਰ ’ਤੇ ਇੱਕ ਠੋਸ ਹਕੀਕਤ ਹਨ, ਬਲਕਿ ਇਹ ਆਧੁਨਿਕ ਅਰਥਚਾਰੇ ਦੇ ਖਾਸ ਖੇਤਰਾਂ ਅੰਦਰ ਵੀ ਆਪਣੀ ਪੂਰੀ ਕਾਨੂੰਨੀਅਤ ਬਹਾਲ ਰੱਖਦੀਆਂ ਹਨ। ਬੁਰਜੂਆ ਉਤਪਾਦਨ ਅਮਲ ਦੀ ਹਰ ਮੰਜ਼ਲ ’ਤੇ, ਜਦੋਂ ਵੀ ਦੌਲਤ, ਜਿਣਸਾਂ ਦੇ ਮੁੱਢਲੇ ਰੂਪ ਦਾ ਚੋਗਾ ਪਹਿਨਦੀ ਹੈ, ਉਦੋਂ ਹੀ ਤਬਾਦਲਾ-ਕਦਰ ਧਨ ਦਾ ਮੁੱਢਲਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਉੱਪਜ-ਅਮਲ ਦੇ ਸਾਰੇ ਦੌਰਾਂ ਵਿੱਚ, ਦੌਲਤ ਇੱਕ ਪਲ ਲਈ, ਜ਼ਰੂਰ ਜਿਣਸਾਂ ਦੇ ਵਿਆਪਕ ਮੁੱਢਲੇ ਰੂਪ ਵੱਲ ਪਰਤਦੀ ਹੈ। ਧਨ ਰੂਪ ਵਿੱਚ, ਸੋਨੇ-ਚਾਂਦੀ ਦੇ ਕਾਰਜ ਜਿਹੜੇ ਕਿ ਚਲਨ-ਵਸੀਲਿਆਂ ਦੇ ਰੂਪ ਵਿੱਚ ਉਹਨਾਂ ਦੇ ਆਪਣੇ ਕਾਰਜਾਂ ਤੋਂ, ਅਤੇ ਸਾਰੀਆਂ ਹੋਰਨਾਂ ਜਿਣਸਾਂ ਦੀ ਤੁਲਨਾ ਵਿੱਚ ਭਿੰਨ ਹਨ, ਉਦੋਂ ਵੀ ਨਹੀਂ ਪੂਰਨ ਤੌਰ ’ਤੇ ਮਿਟਾਏ ਜਾਂਦੇ, ਜਦੋਂ ਬੁਰਜੂਆ ਅਰਥਚਾਰਾ ਆਪਣੀ ਉੱਨਤਤਮ ਮੰਜ਼ਲ ’ਤੇ ਪੁੱਜ ਗਿਆ ਹੁੰਦਾ ਹੈ; ਕੇਵਲ ਉਹਨਾਂ ਉੱਪਰ ਕੁਝ ਰੋਕਾਂ ਲੱਗ ਜਾਂਦੀਆਂ ਹਨ। ਪਰ ਧਨਵੀ ਅਤੇ ਮਰਕੰਟਾਈਲ ਪ੍ਰਣਾਲੀਆਂ ਬਕਾਇਦਾ ਚੱਲਦੀਆਂ ਰਹਿੰਦੀਆਂ ਹਨ। ਕੈਥੋਲਿਕੀ ਤੱਥ, ਕਿ ਸਮਾਜਿਕ ਕਿਰਤ ਦੇ ਸਿੱਧੇ ਸਾਕਾਰ ਰੂਪ ਦੇ ਤੌਰ ’ਤੇ, ਸੋਨਾ ਅਤੇ ਚਾਂਦੀ ਅਤੇ ਇਸੇ ਕਾਰਨ, ਅਰੂਪ ਦੌਲਤ ਦੇ ਪ੍ਰਗਟਾਅ ਦੇ ਰੂਪ ਵਿੱਚ ਇਹ ਦੋਵੇਂ ਹੋਰ ਭੌਤਿਕ (ਭ੍ਰਿਸ਼ਟ) ਜਿਣਸਾਂ ਦੇ ਨਾਲ਼ ਦਸਤ-ਪੰਜੇ ਵਿੱਚ ਆਉਂਦੇ ਹਨ – ਨੇ

ਅਵੱਸ਼ ਬੁਰਜੂਆ ਅਰਥ-ਸ਼ਾਸਤਰੀਆਂ ਦੇ ਸਨਮਾਨ ਦੀ ਪਰੋਟੈਸਟੈਂਟੀ ਕੋਡ ਉੱਪਰ ਚੋਟ ਮਾਰੀ ਹੈ ਅਤੇ ਇਸੇ ਲਈ, ਧਨਵੀ ਪ੍ਰਣਾਲੀ ਦੀਆਂ ਪੂਰਬ ਧਾਰਨਾਵਾਂ ਦੇ ਡਰ ਤੋਂ, ਉਹ ਕੁਝ ਸਮੇਂ ਤੀਕ, ਧਨ-ਚਲਨ ਦੇ ਵਰਤਾਰੇ ਵੱਲ ਨਿਰਪੱਖਤਾ ਦੀ ਭਾਵਨਾ ਨੂੰ ਜੰਦਰਾ ਮਾਰੀ ਬੈਠੇ ਰਹੇ ਹਨ। ਹੇਠ ਲਿਖੀ ਘਟਨਾ ਇਸ ਨੂੰ ਸਪੱਸ਼ਟ ਕਰ ਦੇਵੇਗੀ।

ਇਹ ਬਿਲਕੁੱਲ ਸੁਭਾਵਿਕ ਸੀ, ਕਿ ਧਨਵੀ ਅਤੇ ਮਰਕੰਟਾਈਲ ਪ੍ਰਣਾਲੀਆਂ ਦੇ ਮੁਕਾਬਲੇ ’ਤੇ ਜਿਹੜੀਆਂ ਕਿ ਧਨ ਨੂੰ, ਚਲਨ ਦੀ ਇੱਕ ਨਿੱਖਰੀ ਉਤਪਾਦ ਦੇ ਰੂਪ ਵਿੱਚ ਹੀ ਪਛਾਣਦੀਆਂ ਹਨ, ਸ਼ਾਸਤਰੀ ਸਿਆਸੀ ਆਰਥਕਤਾ ਨੂੰ, ਸਭ ਤੋਂ ਪਹਿਲਾਂ ਤਾਂ, ਧਨ ਦੇ ਤਰਲ ਰੂਪ ਦਾ ਗਿਆਨ ਹੋਣਾ ਜ਼ਰੂਰੀ ਹੈ, ਜਿਸ ਦਾ ਮਤਲਬ ਹੈ, ਤਬਾਦਲਾ-ਕਦਰ ਦੇ ਰੂਪ ਦਾ, ਜਿਹੜਾ ਕਿ ਜਿਣਸਾਂ ਦੇ ਰੂਪ-ਬਦਲ ਅੰਦਰ ਉਗਮਦਾ ਅਤੇ ਮਿਟੱਦਾ ਰਹਿੰਦਾ ਹੈ। ਕਿਉਂਕਿ ਜਿਣਸ-ਚਲਨ ਨੂੰ ਤਾਂ ਨਿਰੋਲ ਜ-ਧ-ਜ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ ਅਤੇ ਇਹ ਆਪਣੀ ਵੱਲੋਂ, ਵਿਕਰੀ ਅਤੇ ਖਰੀਦ ਦੀ ਨਿਰੋਲ ਗਤੀਸ਼ੀਲ ਇਕਾਈ ਦੇ ਰੂਪ ਵਿੱਚ, ਚਲਨ-ਵਸੀਲੇ ਦੇ ਤੌਰ ’ਤੇ ਧਨ ਦਾ ਵਿਸ਼ੇਸ਼ ਪਹਿਲੂ, ਧਨ ਰੂਪ, ਆਪਣੇ ਵਿਸ਼ੇਸ਼ ਪੱਖ ਦੇ ਖਿਲਾਫ਼ ਡਟਿਆ ਰਹਿੰਦਾ ਹੈ। ਜੇਕਰ, ਸਿੱਕਾ ਰੂਪ ਵਿੱਚ ਕੰਮ ਕਰਦਾ, ਚਲਨ-ਵਸੀਲੇ ਦਾ ਕਾਰਜ ਇਕੱਲੜਾ ਪੈਂਦਾ ਹੈ, ਤਾਂ ਜਿਵੇਂ ਅਸੀਂ ਦੇਖ ਆਏ ਹਾਂ, ਇਹ ਕਦਰ-ਨਿਸ਼ਾਨੀ ਬਣ ਜਾਂਦਾ ਹੈ। ਪਰ, ਕਿਉਂਕਿ ਸ਼ਾਸਤਰੀ ਸਿਆਸੀ ਆਰਥਕਤਾ ਨੂੰ ਪਹਿਲਾਂ-ਪਹਿਲ ਧਾਤਵੀ ਮੁਦਰਾ ਨਾਲ਼ ਬਤੌਰ ਮੁਦਰਾ ਦੇ ਹਾਵੀ ਰੂਪ ਦੇ ਵਾਹ ਪਿਆ ਸੀ, ਇਸ ਲਈ ਇਹ ਧਾਤਵੀ ਧਨ ਹੀ ਸਿੱਕਾ ਅਤੇ ਸਿੱਕੇ ਨੂੰ ਕੇਵਲ ਕਦਰ ਦੀ ਨਿਸ਼ਾਨੀ ਹੀ ਮੰਨਣ ਲੱਗ ਪਈ ਸੀ। ਕਦਰ-ਨਿਸ਼ਾਨੀਆਂ ਦੇ ਚਲਨ ਨਾਲ਼ ਸਬੰਧਤ ਕਾਨੂੰਨ ਦੇ ਅਨੁਸਾਰ, ਤਾਂ ਇਹ ਦਲੀਲ ਅੱਗੇ ਵਧਾਈ ਜਾਂਦੀ ਹੈ ਕਿ ਜਿਣਸਾਂ ਦੀਆਂ ਕੀਮਤਾਂ ਚਲਨ ਵਿੱਚ ਆਏ ਧਨ ਦੀ ਮਿਕਦਾਰ ’ਤੇ ਨਿਰਭਰ ਕਰਦੀਆਂ ਹਨ ਅਤੇ ਨਾ ਕਿ, ਚਲਨ ਵਿੱਚ ਆਏ ਧਨ ਦੀ ਮਿਕਦਾਰ ਜਿਣਸਾਂ ਦੀਆਂ ਕੀਮਤਾਂ ਉੱਪਰ ਨਿਰਭਰ ਕਰਦੀ ਹੈ। ਇਹ ਨਜ਼ਰੀਆ, ਘੱਟ ਵੱਧ ਸਤਾਰ੍ਹਵੀਂ ਸਦੀ ਦੇ ਇਤਾਲਵੀ ਅਰਥ-ਸ਼ਾਸਤਰੀਆਂ ਨੇ ਸਾਫ ਤੌਰ ’ਤੇ ਤਿਆਰ ਕਰ ਲਿਆ ਸੀ। **ਲੌਕੇ**, ਇਸ ਨੂੰ ਕਦੇ ਸਵੀਕਾਰ ਕਰ ਲੈਂਦਾ ਹੈ ਅਤੇ ਕਦੇ ਰੱਦ ਕਰ ਦੇਂਦਾ ਹੈ ਅਤੇ ਇਸ ਨੂੰ ਮਜਬੂਤੀ ਨਾਲ਼, 9 ਅਕਤੂਬਰ, 1711 ਦੇ **ਸਪੈਕਟੇਟਰ** ਵਿੱਚ, ਅਤੇ **ਮਾਂਟੇਸਕਿਊ** ਅਤੇ **ਹਿਯੂਮ** ਦੀਆਂ ਰਚਨਾਵਾਂ ਵਿੱਚ ਰੱਖਿਆ ਹੋਇਆ ਹੈ ਅਤੇ ਕਿਉਂਕਿ ਹਿਯੂਮ ਅਠਾਰ੍ਹਵੀਂ ਸਦੀ ਵਿੱਚ ਇਸ ਸਿਧਾਂਤ ਦਾ ਸਭ ਤੋਂ ਵੱਧ ਮਹੱਤਵਪੂਰਨ ਪ੍ਰਚਾਰਕ ਰਿਹਾ ਹੈ, ਇਸ ਲਈ ਅਸੀਂ ਆਪਣੀ ਇਸ ਬਾਰੇ ਜਾਂਚ-ਪੜਤਾਲ਼ ਦਾ ਕੰਮ ਹਿਯੂਮ ਤੋਂ ਹੀ ਸ਼ੁਰੂ ਕਰਾਂਗੇ।

ਕਿਸੇ ਖਾਸ ਹਾਲਾਤ ਵਿੱਚ, ਚਲਨ ਅੰਦਰ ਆਈ, ਜਿਣਸ ਦੀ ਮਿਕਦਾਰ ਵਿੱਚ, ਜਾਂ ਚਲਨ ਵਿੱਚ ਆਈਆਂ ਕਦਰ-ਨਿਸ਼ਾਨੀਆਂ ਵਿੱਚ ਜੇ ਕੋਈ ਵਾਧਾ-ਘਾਟਾ ਆ ਜਾਂਦਾ ਹੈ, ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਜਿਣਸ-ਕੀਮਤਾਂ ਉੱਪਰ **ਇੱਕੋ ਜਿਹਾ** ਪ੍ਰਭਾਵ ਪਵੇਗਾ। ਜੇਕਰ ਸੋਨਾ ਅਤੇ ਚਾਂਦੀ, ਜਿਨ੍ਹਾਂ ਵਿੱਚ ਜਿਣਸਾਂ ਦੀ ਤਬਾਦਲਾ-ਕਦਰ ਕੀਮਤ ਰੂਪ ਵਿੱਚ ਮਾਪੀ ਜਾਂਦੀ ਹੈ, ਦੀ **ਕਦਰ** ਵਿੱਚ ਕੋਈ ਮੰਦੀ-ਤੇਜ਼ੀ ਆ ਜਾਂਦੀ ਹੈ, ਤਾਂ ਕੀਮਤਾਂ ਵਿੱਚ

ਵੀ ਉਸੇ ਤਰ੍ਹਾਂ ਮੰਦੀ-ਤੇਜ਼ੀ ਆਉਂਦੀ ਹੈ, ਕਾਰਨ ਇਹ ਹੁੰਦਾ ਹੈ ਕਿ ਕਦਰ ਦੇ ਉਹਨਾਂ ਦੇ ਮਾਪ ਵਿੱਚ ਤਬਦੀਲੀ ਆਈ ਹੁੰਦੀ ਹੈ ਅਤੇ ਸੋਨੇ ਅਤੇ ਚਾਂਦੀ ਦੀ ਸਿੱਕੇ ਰੂਪ ਵਿੱਚ ਚੱਲ ਰਹੀ ਰਕਮ ਵਿੱਚ ਵੀ ਉਤਾਰ-ਚੜ੍ਹਾਅ ਆਵੇਗਾ, ਕਿਉਂਕਿ ਕੀਮਤਾਂ ਚੜ੍ਹੀਆਂ ਜਾਂ ਹੇਠਾਂ ਆਈਆਂ ਹਨ। ਪਰ ਖਾਸ ਨਿਰੀਖਣ ਵਾਲ਼ਾ ਵਰਤਾਰਾ ਇਹ ਹੈ ਕਿ ਚਲਨ-ਵਸੀਲਿਆਂ ਦੀ ਮਿਕਦਾਰ ਦੇ ਘੱਟਣ-ਵੱਧਣ ਨਾਲ਼ ਕੀਮਤਾਂ ਵਿੱਚ ਤਬਦੀਲੀ ਆਉਂਦੀ ਹੈ, ਜਦੋਂ ਕਿ ਜਿਣਸਾਂ ਦੀ ਤਬਾਦਲਾ-ਕਦਰ ਸਥਿਰ ਬਣੀ ਰਹਿੰਦੀ ਹੈ ਅਤੇ ਦੂਜੇ ਪਾਸੇ, ਚਲਨ ਵਿੱਚ ਆਈਆਂ ਕਦਰ-ਨਿਸ਼ਾਨੀਆਂ ਦੀ ਮਿਕਦਾਰ, ਜ਼ਰੂਰੀ ਪੱਧਰ ਤੋਂ ਹੇਠਾਂ ਡਿੱਗ ਜਾਂਦੀ ਹੈ, ਜਾਂ ਇਸ ਤੋਂ ਉਪਰ ਚਲੀ ਜਾਂਦੀ ਹੈ, ਤਾਂ ਇਸ ਨੂੰ ਜਿਣਸਾਂ ਦੀਆਂ ਕੀਮਤਾਂ ਵਿੱਚ ਲਿਆਂਦੇ ਮੰਦਾ-ਤੇਜ਼ੀ ਨਾਲ਼ ਉਸੇ ਪੱਧਰ 'ਤੇ ਮੁੜ-ਆਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੋਹਾਂ ਸੂਰਤਾਂ ਵਿੱਚ ਜੋ ਪ੍ਰਭਾਵ ਪੈਂਦਾ ਹੈ, ਉਸ ਨੂੰ ਲਿਆਉਣ ਦਾ ਕਾਰਨ ਇੱਕੋ ਦਿਖਾਈ ਪੈਂਦਾ ਹੈ ਅਤੇ **ਹਿਯੂਮ** ਇਸੇ ਦਿੱਖ ਨੂੰ ਜ਼ੋਰ ਨਾਲ਼ ਪਕੜੀ ਬੈਠਾ ਹੈ।

ਜੇਕਰ ਚਲਨ-ਵਸੀਲਿਆਂ ਦੀ ਮਿਕਦਾਰ ਅਤੇ ਜਿਣਸ-ਕੀਮਤਾਂ ਵਿੱਚ ਹਰਕਤਾਂ, ਵਿਚਕਾਰਲੇ ਸਬੰਧ ਦੀ ਕੋਈ ਵਿਦਵਾਨਾਂ ਵਾਲ਼ੀ ਜਾਂਚ ਕਰਨੀ ਹੋਵੇਗੀ ਤਾਂ ਮੰਨ ਕੇ ਚਲਣਾ ਪਵੇਗਾ ਕਿ ਧਨਵੀ ਪਦਾਰਥ ਦੀ ਕਦਰ ਦਿੱਤੀ ਹੋਈ ਹੈ। ਪਰ ਹਿਯੂਮ ਕੁਝ ਖਾਸ ਹੀ ਸਮਿਆਂ ਨੂੰ ਮੰਨਦਾ ਹੈ, ਜਦੋਂ ਕਿ ਕੀਮਤੀ ਧਾਤਾਂ ਦੀ ਕਦਰ ਵਿੱਚ ਇਨਕਲਾਬੀ ਤਬਦੀਲੀਆਂ ਆਉਂਦੀਆਂ ਹਨ ਭਾਵ, ਕਦਰ ਦੇ ਮਿਆਰਾਂ ਵਿੱਚ ਇਨਕਲਾਬੀ ਅਮਰੀਕਾ ਵਿੱਚ ਖਾਣਾਂ ਦੀ ਲੱਭਤ ਵਜੋਂ, ਜਿਣਸ-ਕੀਮਤਾਂ ਵਿੱਚ, ਜੋ ਧਾਤ ਦੀ ਮਿਕਦਾਰ ਵਿੱਚ ਵਾਧੇ ਦੇ ਨਾਲੋਂ ਨਾਲ਼, ਵਾਧਾ ਹੋਇਆ, ਇਸ ਤੋਂ ਇਸ ਸਿਧਾਂਤ ਲਈ ਇਤਿਹਾਸਕ ਪਿਛੋਕੜ ਮਿਲ ਗਿਆ ਅਤੇ ਇਸ ਦਾ ਅਮਲੀ ਮੰਤਵ ਬਹਿਸਬਾਜ਼ੀ ਸੀ, ਜਿਹੜੀ ਕਿ ਉਸ ਨੇ ਧਨਵੀ ਅਤੇ ਮਰਕੰਟਾਈਲ ਪ੍ਰਣਾਲੀਆਂ ਦੇ ਖਿਲਾਫ ਦੱਬ ਕੇ ਚਲਾਈ। ਕੀਮਤੀ ਧਾਤਾਂ ਦੀ ਸਪਲਾਈ ਨੂੰ ਵਧਾ ਸਕਣਾ ਬਹੁਤ ਮੁਮਕਿਨ ਹੈ, ਜਦੋਂ ਕਿ ਉਹਨਾਂ ਦੀਆਂ ਉਪਜ-ਲਾਗਤਾਂ ਆਪਣੀ ਥਾਂ ਬਣੀਆਂ ਰਹਿਣ। ਦੂਜੇ ਪਾਸੇ, ਉਹਨਾਂ ਦੀ ਕਦਰ ਵਿੱਚ ਕੋਈ ਗਿਰਾਵਟ, ਭਾਵ ਉਹਨਾਂ ਦੀ ਉਪਜ ਲਈ ਲੁੜੀਂਦੇ ਕਿਰਤ-ਸਮੇਂ ਵਿੱਚ ਕਿਸੇ ਕਮੀ ਦੇ ਹੋਣ ਦੀ ਤਾਂ ਹੀ ਤਸਦੀਕ ਹੋਵੇਗੀ, ਜਦੋਂ ਉਹਨਾਂ ਦੀ ਸਪਲਾਈ ਵਿੱਚ ਕੋਈ ਵਾਧਾ ਹੋਵੇਗਾ, ਹਿਯੂਮ ਦੇ ਅਨੁਯਾਈਆਂ ਨੇ ਇਸ ਗੱਲ ਨੂੰ ਲੈ ਕੇ ਬਿਆਨ ਦਿੱਤਾ ਕਿ ਕੀਮਤੀ ਧਾਤਾਂ ਦੀ ਘਟੀ ਕਦਰ, ਚਲਨ-ਵਸੀਲਿਆਂ ਦੀ ਵਧੀ ਮਿਕਦਾਰ ਰਾਹੀਂ ਪ੍ਰਗਟ ਹੋਈ ਹੈ ਅਤੇ ਚਲਨ-ਵਸੀਲਿਆਂ ਦੀ ਵਧੀ ਮਿਕਦਾਰ ਦਾ ਪ੍ਰਗਟਾਅ ਜਿਣਸ ਕੀਮਤਾਂ ਵਿੱਚ ਹੋਏ ਵਾਧੇ ਨੇ ਕੀਤਾ ਹੈ। ਪਰ, ਅਸਲ ਵਿੱਚ ਜੋ ਵਾਧਾ ਹੋਇਆ ਹੈ, ਉਹ ਬਰਾਮਦ ਕੀਤੀਆਂ ਜਿਣਸਾਂ ਦੀਆਂ ਕੀਮਤਾਂ ਵਿੱਚ ਹੀ ਹੋਇਆ ਹੈ, ਜਿਹੜੀਆਂ ਕਿ ਸੋਨੇ ਅਤੇ ਚਾਂਦੀ ਦੇ ਨਾਲ਼, ਜਿਣਸਾਂ ਦੇ ਰੂਪ ਵਿੱਚ ਹੀ ਬਦਲੀਆਂ ਜਾਂਦੀਆਂ ਹਨ, ਨਾ ਕਿ ਚਲਨ-ਵਸੀਲਿਆਂ ਦੇ ਰੂਪ ਵਿੱਚ। ਉਹਨਾਂ ਜਿਣਸਾਂ ਦੀ ਕੀਮਤ, ਜਿਹਨਾਂ ਨੂੰ ਘਟੀ-ਕਦਰ ਦੇ ਸੋਨੇ ਚਾਂਦੀ ਵਿੱਚ ਮਾਪਿਆ ਜਾਂਦਾ ਹੈ, ਜਿਹਨਾਂ ਦੀ ਤਬਾਦਲਾ-ਕਦਰ, ਉਹਨਾਂ ਦੀਆਂ ਪਹਿਲੀਆਂ ਉਪਜ-ਲਾਗਤਾਂ ਦੇ ਹਿਸਾਬ ਨਾਲ਼ ਸੋਨੇ ਅਤੇ ਚਾਂਦੀ ਵਿੱਚ ਲਗਾਤਾਰ ਮਾਪੀ

ਜਾਂਦੀ ਹੈ। ਕਿਸੇ ਖਾਸ ਦੇਸ਼ ਅੰਦਰ, ਜਿਣਸਾਂ ਦੀਆਂ ਤਬਾਦਲਾ-ਕਦਰਾਂ ਦੇ ਇਸ ਤਰ੍ਹਾਂ ਦੇ ਦੂਹਰੇ ਮੁਲੰਕਣ, ਬਹੁਤ ਅਸਥਾਈ ਤੌਰ ’ਤੇ ਹੀ ਰਹਿ ਸਕਦੇ ਹਨ; ਸੋਨਾ ਅਤੇ ਚਾਂਦੀ ਦੀਆਂ ਕੀਮਤਾਂ, ਜ਼ਰੂਰ ਆਪਣੇ ਆਪ ਤਬਾਦਲਾ-ਕਦਰਾਂ ਦੇ ਅਨੁਸਾਰ ਆਪਣਾ ਤਾਲਮੇਲ ਬਿਠਾ ਲੈਣਗੀਆਂ, ਜਿਸ ਨਾਲ਼, ਅੰਤ ਨੂੰ ਸਾਰੀਆਂ ਜਿਣਸਾਂ ਦੀਆਂ ਤਬਾਦਲਾ-ਕਦਰਾਂ, ਧਨਵੀ ਪਦਾਰਥ ਦੀ ਨਵੀਂ ਕਦਰ ਅਨੁਸਾਰ ਨਾਪਣ ਲੱਗ ਜਾਣਗੀਆਂ। ਇੱਥੇ ਨਾ ਤਾਂ ਇਸ ਅਮਲ ਦੀ ਵਿਆਖਿਆ ਦੀ, ਨਾ ਹੀ ਉਹਨਾਂ ਢੰਗਾਂ ਦੀ ਕਿਸੇ ਜਾਂਚ ਦੀ, ਜਿਨ੍ਹਾਂ ਨਾਲ਼ ਜਿਣਸਾਂ ਦੀ ਤਬਾਦਲਾ-ਕਦਰ ਬਾਜ਼ਾਰ ਕੀਮਤਾਂ ਦੇ ਉਤਾਰ-ਚੜ੍ਹਾਵਾਂ ਦੇ ਦਾਇਰੇ ਅੰਦਰ ਕੰਮ ਕਰਦੀ ਹੈ, ਕੋਈ ਥਾਂ ਹੈ। ਸੋਲ੍ਹਵੀਂ ਸਦੀ ਦੇ ਦੌਰਾਨ ਜਿਣਸ-ਕੀਮਤਾਂ ਦੀ ਗਤੀਵਿਧੀ ਬਾਰੇ ਕੀਤੀਆਂ ਹਾਲ ਦੀਆਂ ਪੜਚੋਲ਼ਵੀਆਂ ਜਾਂਚਾਂ ਨੇ ਬੜੇ ਨਿਰਣੇਈ ਤੌਰ ’ਤੇ ਇਹ ਸਿੱਧ ਕਰ ਦਿੱਤਾ ਹੈ ਕਿ ਬੁਰਜੂਆ ਉਪਜ-ਢੰਗ ਦੇ ਵਿਕਾਸ ਦੀਆਂ ਅਰੰਭਕ ਮੰਜ਼ਲਾਂ ਵਿੱਚ ਇਸ ਪ੍ਰਕਾਰ ਦਾ ਤਾਲਮੇਲ ਬਹੁਤ ਹੌਲ਼ੀ ਹੌਲ਼ੀ ਸ਼ੁਰੂ ਹੁੰਦਾ ਹੈ, ਇਸੇ ਤਰ੍ਹਾਂ ਲੰਮੇ ਸਮੇਂ ਤੀਕ ਚੱਲਦਾ ਰਹਿੰਦਾ ਹੈ ਅਤੇ ਕਿਸੇ ਤਰ੍ਹਾਂ ਵੀ, ਚਲਨ ਵਿੱਚ ਆਏ ਤਿਆਰ ਧਨ ਦੇ ਵਾਧੇ ਨਾਲ਼ ਮੇਲ ਨਹੀਂ ਖਾਂਦਾ।* ਇਸ ਤੋਂ ਵੀ ਭੈੜੇ ਤੇ ਅਢੁੱਕਵੇਂ ਉਹ ਹਵਾਲੇ ਹਨ, ਜਿਹੜੇ ਕਿ ਹਿਊਮ ਦੇ ਅਨੁਯਾਈਆਂ ਵਿਚਕਾਰ ਪੁਰਾਤਨ ਰੋਮ ਅੰਦਰ ਚੜ੍ਹੀਆਂ ਕੀਮਤਾਂ ਬਾਰੇ ਪ੍ਰਚਲਿਤ ਹਨ, ਜਿਹੜੀਆਂ ਕਿ ਮੈਸੇਦੋਨੀਆਂ, ਮਿਸਰ ਅਤੇ ਏਸ਼ੀਆ ਮਾਈਨਰ ਦੀਆਂ ਜਿੱਤਾਂ ਉਪਰੰਤ ਅਮਲ ਵਿੱਚ ਆਈਆਂ ਸਨ। ਜਮ੍ਹਾਂ ਕੀਤੇ ਧਨ ਨੂੰ ਝੱਟ-ਪੱਟ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਬਦਲ ਲੈਣਾ, ਇਹ ਪ੍ਰਾਚੀਨ ਸੰਸਾਰ ਦਾ ਇੱਕ ਵਿਸ਼ੇਸ਼ ਗੁਣ ਰਿਹਾ ਹੈ। ਪਰ, ਲੁੱਟ ਦੇ ਸਰਲ ਤਰੀਕੇ ਨਾਲ਼ ਕਿਸੇ ਇੱਕ ਦੇਸ਼ ਨੂੰ ਕੀਮਤੀ ਧਾਤਾਂ ਦੀਆਂ ਉਪਜ-ਲਾਗਤਾਂ ਵਿੱਚ ਅਸਥਾਈ ਕਮੀ ਦੀ ਲੱਭਤ, ਧਨਵੀ ਚਲਨ ਦੇ ਬੁਨਿਆਦੀ ਕਾਨੂੰਨਾਂ ਨੂੰ ਤਾਂ ਨਹੀਂ ਬਦਲ ਸਕਦੀ। ਮਿਸਾਲ ਵਜੋਂ, ਉਹ ਕਿਸੇ ਤਰ੍ਹਾਂ ਵੀ, ਅਨਾਜ ਦੀਆਂ ਕੀਮਤਾਂ ਨੂੰ ਸੰਚਾਲਤ ਕਰਨ ਵਾਲ਼ੇ ਆਮ ਕਾਨੂੰਨ ਨੂੰ ਉਸ ਤੋਂ ਵੱਧ ਪ੍ਰਭਾਵਿਤ ਤਾਂ ਨਹੀਂ ਕਰ ਸਕਦੀ, ਜਿੰਨਾ ਕਿ ਰੋਮ ਅੰਦਰ ਮਿਸਰ ਅਤੇ ਸਿਸਲੀ ਦੇ ਅਨਾਜ ਦੀ ਮੁਫਤ ਤਕਸੀਮ ਨੇ ਪ੍ਰਭਾਵਿਤ ਕੀਤਾ ਸੀ। ਧਨ-ਸੰਚਾਲਣ ਦੇ ਤਫਸੀਲੀ ਵਿਸ਼ਲੇਸ਼ਣ ਲਈ ਜ਼ਰੂਰੀ ਮਸਾਲਾ, ਅਠਾਰ੍ਹਵੀਂ ਸਦੀ ਦੇ ਹੋਰ ਲੇਖਕਾਂ ਵਾਂਗ, ਹਿਊਮ ਪਾਸ ਵੀ ਨਹੀਂ ਹੈ। ਭਾਵ ਇੱਕ ਪਾਸੇ ਤਾਂ ਜਿਣਸ-ਕੀਮਤਾਂ ਦਾ ਭਰੋਸੇਯੋਗ ਇਤਿਹਾਸ ਅਤੇ ਦੂਜੇ ਪਾਸੇ, ਚਲਨ-ਮਾਧਿਅਮ ਦੇ ਪਸਾਰ ਤੇ ਸੁਕੇੜ ਬਾਰੇ ਸਰਕਾਰੀ ਤੇ ਸਿਲਸਿਲੇਵਾਰ ਅੰਕੜੇ, ਕੀਮਤੀ ਧਾਤਾਂ ਦਾ ਵਹਿਣ ਜਾਂ ਰੁੱਕਣ ਆਦਿਕ, ਦੂਜੇ ਸ਼ਬਦਾਂ ਵਿੱਚ ਉਹ ਸਾਰਾ ਮਸਾਲਾ ਜਿਹੜਾ ਕਿ ਸੰਪੂਰਨ ਤੌਰ ’ਤੇ ਉਦੋਂ ਹੀ ਮਿਯੱਸਰ ਹੋ ਸਕਦਾ ਹੈ ਜਦੋਂ ਕਿ ਬੈਂਕਾਂ ਦੀ ਪ੍ਰਣਾਲੀ ਪੂਰੇ ਤੌਰ ’ਤੇ ਚਾਲੂ ਹੋ ਚੁੱਕੀ

* ਇਤਫਾਕ ਨਾਲ਼, ਹਿਊਮ ਵੀ ਇਸ ਗੱਲ ਨੂੰ ਸਵੀਕਾਰ ਕਰਦਾ ਹੈ, ਕਿ ਤਾਲ-ਮੇਲ ਹੌਲੀ ਹੌਲੀ ਹੁੰਦਾ ਹੈ ਹਾਲਾਂਕਿ ਇਹ ਜੋ ਅਸੂਲ ਉਸ ਨੇ ਬਣਾ ਰੱਖਿਆ ਹੈ, ਉਸ ਨਾਲ਼ ਢੁੱਕਦਾ ਨਹੀਂ। (ਦੇਖੋ ਡੇਵਿਡ ਹਿਊਮ, **ਅਨੇਕ ਵਿਸ਼ਿਆਂ ਦੇ ਲਿਖੇ ਨਿਬੰਧ ਅਤੇ ਲੇਖ**, ਲੰਡਨ, 1777, ਜਿਲਦ 1, ਪੰਨਾ 300)।

ਹੋਵੇ। ਹਿਯੂਮ ਦੇ ਚਲਨ-ਸਿਧਾਂਤ ਨੂੰ ਹੇਠ ਦਿੱਤੇ ਸਾਰ-ਰੂਪ ਵਿੱਚ ਦੇਖਿਆ ਜਾ ਸਕਦਾ ਹੈ:

1. ਕਿਸੇ ਦੇਸ਼ ਦੀਆਂ ਜਿਣਸ ਕੀਮਤਾਂ ਉਸ ਦੇ ਅੰਦਰ ਮੌਜੂਦ ਧਨ-ਮਿਕਦਾਰ (ਅਸਲ ਜਾਂ ਨਿਸ਼ਾਨੀ ਧਨ) ਰਾਹੀਂ ਆਂਕੀਆਂ ਜਾ ਸਕਦੀਆਂ ਹਨ।

2. ਕਿਸੇ ਦੇਸ਼ ਅੰਦਰ ਚਲਨ ਵਿੱਚ ਆਇਆ ਧਨ ਉਹਨਾਂ ਜਿਣਸਾਂ ਦਾ ਤਰਜਮਾਨ ਹੁੰਦਾ ਹੈ, ਜਿਹੜੀਆਂ ਕਿ ਉਸ ਦੇਸ਼ ਅੰਦਰ ਹੁੰਦੀਆਂ ਹਨ। ਧਨ ਦੀ ਮਿਕਦਾਰ ਜਿਵੇਂ ਜਿਵੇਂ ਵੱਧਦੀ ਹੈ, ਉਵੇਂ ਉਵੇਂ ਹਰ ਇਕਾਈ, ਸਬੰਧਤ ਵਸਤਾਂ ਦੇ, ਅਨੁਸਾਰੀ ਛੋਟੇ-ਵੱਡੇ ਅਨੁਪਾਤ ਦੀ ਤਰਜਮਾਨੀ ਕਰਦੀ ਹੈ।

3. ਜੇ ਜਿਣਸਾਂ ਦੀ ਮਾਤਰਾ ਵੱਧ ਜਾਂਦੀ ਹੈ ਤਾਂ ਉਹਨਾਂ ਦੀ ਕੀਮਤ ਗਿਰ ਜਾਂਦੀ ਹੈ, ਜਾਂ ਧਨ ਦੀ ਕਦਰ ਉੱਪਰ ਉੱਠ ਜਾਂਦੀ ਹੈ। ਜੇ ਧਨ ਦੀ ਮਾਤਰਾ ਵੱਧ ਜਾਂਦੀ ਹੈ, ਤਾਂ ਇਸ ਤੋਂ ਉਲਟ, ਜਿਣਸਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ ਅਤੇ ਧਨ ਦੀ ਕਦਰ ਗਿਰ ਜਾਂਦੀ ਹੈ।*

> "ਧਨ ਦੀ ਅਫਰਾਤ ਤੋਂ, ਹਿਯੂਮ ਕਹਿੰਦਾ ਹੈ, ਹਰ ਚੀਜ਼ ਦੀ ਮਹਿੰਗਾਈ ਦਾ ਹੋਣਾ, ਇੱਕ ਅਲਾਭਕਾਰੀ ਗੱਲ ਹੈ ਜਿਹੜੀ ਕਿ ਹਰ ਮਘੇ ਹੋਏ ਵਪਾਰ ਉੱਪਰ ਅਸਰ ਪਾਉਂਦੀ ਹੈ ਅਤੇ ਹਰ ਦੇਸ਼ ਅੰਦਰ ਇਸ ਉੱਪਰ ਹੱਦਾਂ ਲਾਉਂਦੀ ਹੈ, ਕਿਉਂਕਿ ਇਸ ਕਾਰਨ ਗਰੀਬੜੀਆਂ ਕੌਮਾਂ ਸਾਰੇ ਵਿਦੇਸ਼ੀ ਬਾਜ਼ਾਰਾਂ ਅੰਦਰ, ਅਮੀਰ ਕੌਮਾਂ ਪਾਸ ਘੱਟ ਵੇਚ ਸਕਦੀਆਂ ਹਨ।"** "ਜਿੱਥੇ ਸਿੱਕਾ ਵਧੇਰੀ ਅਫਰਾਤ ਵਿੱਚ ਹੁੰਦਾ ਹੈ, ਕਿਉਂਕਿ ਇਸ ਦੀ ਵਡੇਰੀ ਮਿਕਦਾਰ ਦੀ ਲੋੜ, ਉੱਨੀ ਮਿਕਦਾਰ ਦੇ ਮਾਲਾਂ ਦੀ ਨੁਮਾਇੰਦਗੀ ਲਈ ਜ਼ਰੂਰੀ ਹੁੰਦੀ ਹੈ; ਇਹ ਚੰਗਾ ਜਾਂ ਮਾੜਾ ਕੋਈ ਪ੍ਰਭਾਵ ਨਹੀਂ ਪਾ ਸਕਦਾ, ਜੇ ਕੇਵਲ ਇਹ ਪ੍ਰਸ਼ਨ ਕੌਮ ਦੇ ਆਪਣੇ ਅੰਦਰ ਅੰਦਰ ਦਾ ਹੀ ਹੋਵੇ; ਬੱਸ ਵਪਾਰੀ ਦੀਆਂ ਵਹੀਆਂ ਵਿੱਚ ਆਈ ਕਿਸੇ ਤਬਦੀਲੀ ਤੋਂ ਵੱਧ ਹੋਰ ਕੁਝ ਨਹੀਂ, ਜੇ ਇਸ ਨੇ ਲਿਖਣ ਦੇ ਅਰਬੀ ਤਰੀਕੇ ਦੀ ਥਾਂ, ਜਿਸ ਲਈ ਕੇਵਲ, ਥੋੜ੍ਹੇ ਜਿਹੇ ਹਿੰਦਸਿਆਂ ਦੀ ਹੀ ਲੋੜ ਹੁੰਦੀ ਹੈ, ਉਸ ਨੇ ਰੋਮਨ ਤਰੀਕੇ ਦੀ ਵਰਤੋਂ ਨਾ ਕਰ ਲਈ ਹੋਵੇ, ਜਿਸ ਲਈ ਵੱਧ ਹਿੰਦਸਿਆਂ ਦੀ ਲੋੜ ਪੈਂਦੀ ਹੈ। ਨਹੀਂ, ਧਨ ਦੀ ਮਿਕਦਾਰ ਦਾ ਵੱਧ ਹੋਣਾ, ਰੋਮਨ ਹਿੰਦਸਿਆਂ ਵਾਂਗ, ਬਲਕਿ ਕਸ਼ਟ-ਵਧਾਊ ਹੈ ਅਤੇ ਇਸ ਨੂੰ ਕੋਲ਼ ਰੱਖਣ ਜਾਂ ਚੱਲਦਿਆਂ ਕਰਨ, ਦੋਹਾਂ ਸੂਰਤਾਂ ਵਿੱਚ ਵੱਧ ਔਖ ਆਉਂਦੀ ਹੈ।"***

ਜੇ ਇਸ ਉਦਾਹਰਣ ਤੋਂ ਕੋਈ ਗੱਲ ਸਿੱਧ ਕੀਤੀ ਜਾਣੀ ਸੀ, ਤਾਂ ਹਿਯੂਮ ਲਈ ਇਹ ਦਿਖਾਉਣਾ ਜ਼ਰੂਰੀ ਬਣਦਾ ਸੀ, ਕਿ ਲਿਖਾਈ ਦੀ ਕਿਸੇ ਵੀ ਪ੍ਰਣਾਲੀ ਵਿੱਚ ਵਰਤੇ ਹਿੰਦਸਿਆਂ ਦੀ ਮਿਕਦਾਰ, ਗਿਣਤੀ ਸਬੰਧੀ ਕਦਰ ਉੱਪਰ ਨਿਰਭਰ ਨਹੀਂ ਕਰਦੀ, ਬਲਕਿ

---

* ਸੀ ਐਟ. ਸਚਿਯੂਆਰਟ ਓਪ. ਸਿਟ. ਜਿਲਦ 1, ਪੰਨਾ 394-400।

** ਡੈਵਿਡ ਹਿਯੂਮ, ਓਪ. ਸਿਟ. ਪੰਨਾ 300।

*** ਡੈਵਿਡ ਹਿਯੂਮ, ਓਪ. ਸਿਟ. ਪੰਨਾ 302-03।

ਇਸ ਤੋਂ ਉਲਟ, ਗਿਣਤੀ ਸਬੰਧੀ ਕਦਰ ਦਾ ਨਿਸ਼ਚਾ ਹੀ ਵਰਤੇ ਹਿੰਦਸਿਆਂ ਦੀ ਮਿਕਦਾਰ ਤੋਂ ਹੁੰਦਾ ਹੈ। ਇਹ ਬਿਲਕੁਲ ਸੱਚ ਹੈ, ਕਿ ਘਟੀ ਕਦਰ ਦੇ ਸੋਨੇ ਜਾਂ ਚਾਂਦੀ ਵਿੱਚ ਜਿਣਸ-ਕਦਰਾਂ ਦਾ ਮੁਲੰਕਣ ਕਰਨ ਜਾਂ "ਗਿਣਨ" ਦਾ ਕੋਈ ਲਾਭ ਨਹੀਂ; ਅਤੇ ਕਿਉਂਕਿ ਚਲਨ ਵਿੱਚ ਆਈਆਂ ਜਿਣਸਾਂ ਦੀ ਕਦਰ ਵਧੀ ਇਸ ਲਈ ਕੌਮਾਂ ਨੇ, ਸਭ ਦੀਆਂ ਸਭ ਨੇ, ਤੈਅ ਕਰ ਲਿਆ ਕਿ ਤਾਂਬੇ ਦੇ ਮੁਕਾਬਲੇ ਤਾਂ ਚਾਂਦੀ ਨੂੰ ਅਤੇ ਚਾਂਦੀ ਦੇ ਮੁਕਾਬਲੇ ਸੋਨੇ ਨੂੰ, ਗਿਣਨਾ ਸੌਖਾ ਹੈ। ਇਹ ਕਥਨ, ਕਿ ਕੌਮਾਂ ਅਮੀਰ ਬਣੀਆਂ ਹਨ, ਦਾ ਭਾਵ ਇਹ ਹੈ ਕਿ ਉਹਨਾਂ ਨੇ ਘੱਟ ਕੀਮਤੀ ਧਾਤਾਂ ਨੂੰ ਸਹਾਈ ਸਿੱਕਿਆਂ ਵਿੱਚ ਢਾਲ਼ਿਆ ਹੈ ਅਤੇ ਵੱਧ ਕੀਮਤੀਆਂ ਨੂੰ ਧਨ ਵਿੱਚ ਬਦਲਿਆ ਹੈ। ਪਰ ਹਿਊਮ ਇੱਕ ਗੱਲ ਭੁੱਲ ਜਾਂਦਾ ਹੈ ਕਿ ਸੋਨੇ ਅਤੇ ਚਾਂਦੀ ਦੇ ਨਾਂ ਤੇ ਕਦਰਾਂ ਨੂੰ ਗਿਣਨ ਲਈ, ਨਾ ਤਾਂ ਸੋਨੇ ਦੀ ਅਤੇ ਨਾ ਹੀ ਚਾਂਦੀ ਦੀ "ਮੌਜੂਦਗੀ" ਦੀ ਲੋੜ ਹੁੰਦੀ ਹੈ। ਉਸ ਦੇ ਲਈ ਤਾਂ, ਹਿਸਾਬ-ਕਿਤਾਬ ਦਾ ਧਨ ਅਤੇ ਚਲਨ ਦੇ ਵਸੀਲੇ ਇੱਕੋ ਪ੍ਰਕਾਰ ਦਾ ਵਰਤਾਰਾ ਹਨ ਅਤੇ ਉਹ ਦੋਹਾਂ ਨੂੰ ਹੀ ਸਿੱਕਾ ਸਮਝਦਾ ਹੈ। ਕਿਉਂਕਿ ਕਦਰ-ਮਾਪ, ਭਾਵ ਕੀਮਤੀ ਧਾਤਾਂ, ਜਿਹੜੀਆਂ ਕਿ ਹਿਸਾਬ-ਕਿਤਾਬ ਦੇ ਧਨ ਦੇ ਰੂਪ ਵਿੱਚ ਕੰਮ ਕਰਦੀਆਂ ਹਨ, ਦੀ ਕਦਰ ਵਿੱਚ ਆਈ ਤਬਦੀਲੀ ਨਾਲ਼, ਜਿਣਸਾਂ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਆਉਂਦਾ ਹੈ ਅਤੇ ਇਸ ਲਈ, ਬਸ਼ਰਤੇ ਕਿ ਧਨ ਦੀ ਰਫਤਾਰ ਬਿਨਾਂ ਤਬਦੀਲੀ ਤੋਂ ਰਹਿੰਦੀ ਹੈ, ਚਲਨ ਵਿੱਚ ਧਨ ਦੀ ਮਿਕਦਾਰ ਵਿੱਚ ਅਵੱਸ਼ ਵਧਾ-ਘਟਾ ਆਵੇਗਾ। ਇਸ ਤੋਂ ਹਿਊਮ ਇਹ ਨਤੀਜਾ ਕੱਢ ਲੈਂਦਾ ਹੈ ਕਿ ਜਿਣਸਾਂ ਦੀਆਂ ਕੀਮਤਾਂ ਵਿੱਚ ਵਧਾ-ਘਟਾ ਦਾ ਨਿਸ਼ਚਾ ਚਲਨ ਵਿਚਲੇ ਧਨ ਦੀ ਮਿਕਦਾਰ ਕਰਦੀ ਹੈ। ਹਿਊਮ ਤਾਂ ਯੂਰਪੀ ਖਾਣਾਂ ਦੇ ਬੰਦ ਹੋ ਜਾਣ ਤੋਂ, ਇਹ ਵੀ ਸਿੱਟਾ ਕੱਢ ਸਕਦਾ ਸੀ, ਕਿ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀਆਂ ਦੇ ਦੌਰਾਨ ਨਾ ਕੇਵਲ ਸੋਨੇ ਅਤੇ ਚਾਂਦੀ ਦੀ ਮਿਕਦਾਰ ਵਧੀ, ਬਲਕਿ ਉਸ ਦੇ ਨਾਲ਼ੋਂ ਨਾਲ਼ ਉਹਨਾਂ ਦੀ ਉਪਜ ਲਾਗਤ ਵੀ ਹੇਠਾਂ ਆਈ। ਅਮਰੀਕਨ ਦਰਾਮਦੀ ਸੋਨੇ ਅਤੇ ਚਾਂਦੀ ਦੀ ਮਿਕਦਾਰ ਦੇ ਵਧਣ ਦੇ ਨਾਲ਼ੋਂ ਨਾਲ਼, ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀਆਂ ਦੇ ਦੌਰਾਨ ਯੂਰਪ ਵਿੱਚ ਜਿਣਸਾਂ ਦੀਆਂ ਕੀਮਤਾਂ ਉੱਪਰ ਗਈਆਂ। ਨਤੀਜੇ ਵਜੋਂ ਹਰ ਦੇਸ਼ ਅੰਦਰ ਜਿਣਸਾਂ ਦੀਆਂ ਕੀਮਤਾਂ ਉਸ ਵਿੱਚ ਮੌਜੂਦ ਸੋਨੇ ਅਤੇ ਚਾਂਦੀ ਦੀ ਮਿਕਦਾਰ ਤੋਂ ਨਿਸ਼ਚਿਤ ਹੁੰਦੀਆਂ ਹਨ। ਇਹ ਪਹਿਲਾ "ਜ਼ਰੂਰੀ ਨਤੀਜਾ" ਸੀ, ਜਿਹੜਾ ਹਿਊਮ ਨੇ ਕੱਢਿਆ।* ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀਆਂ ਵਿੱਚ ਕੀਮਤਾਂ ਅੰਦਰ ਜੋ ਤੇਜ਼ੀ ਆਈ, ਉਹ ਕੀਮਤੀ ਧਾਤਾਂ ਦੀ ਮਿਕਦਾਰ ਅੰਦਰ ਆਏ ਵਾਧੇ ਦੇ ਅਨੁਸਾਰ ਨਹੀਂ ਸੀ। ਅੱਧੀ ਸਦੀ ਤੋਂ ਵੀ ਉੱਪਰ ਦਾ ਸਮਾਂ ਬੀਤ ਗਿਆ, ਤਾਂ ਕਿਤੇ ਜਾ ਕੇ, ਜਿਣਸਾਂ ਦੀਆਂ ਕੀਮਤਾਂ ਵਿੱਚ ਕੋਈ ਦਿਖਣਯੋਗ ਵਾਧਾ ਆਇਆ ਅਤੇ ਇਸ ਤੋਂ ਵੀ ਪਿੱਛੋਂ ਬਹੁਤ ਕਾਫੀ ਸਮਾਂ ਬੀਤਿਆ, ਫੇਰ ਕਿਤੇ ਜਿਣਸਾਂ ਦੀਆਂ ਕੀਮਤਾਂ ਵਿੱਚ ਕੋਈ ਆਮ ਇਨਕਲਾਬ ਆਇਆ, ਜਿਸ ਦਾ ਮਤਲਬ ਹੈ ਕਿ ਉਦੋਂ ਤੋਂ, ਜਿਣਸਾਂ ਦੀਆਂ ਤਬਾਦਲਾ-ਕਦਰਾਂ, ਆਮ ਕਰਕੇ, ਸੋਨਾ ਅਤੇ ਚਾਂਦੀ ਦੀ ਘਟੀ ਕਦਰ ਦੇ ਅਨੁਸਾਰ ਮਾਪੀਆਂ ਜਾਣ ਲੱਗੀਆਂ। ਹਿਊਮ, ਜਿਹੜਾ ਕਿ ਆਪਣੀ ਖੁਦ ਦੀ ਫਿਲਾਸਫੀ ਦੇ ਅਸੂਲਾਂ ਤੋਂ ਬਿਲਕੁਲ

* ਡੈਵਿਡ ਹਿਊਮ, ਓਪ. ਸਿਟ. ਪੰਨਾ 303।

ਉਲਟ, ਬਿਨਾਂ ਪੜਚੋਲ਼ ਤੋਂ, ਇੱਕੋ ਬੰਦੇ ਤੋਂ ਵਿਆਖਿਆਏ ਤੱਥਾਂ ਨੂੰ ਲੈ ਕੇ ਉਹਨਾਂ ਨੂੰ ਆਮ ਕਥਨਾਂ ਵਿੱਚ ਢਾਲਣ 'ਚ ਬੜਾ ਤਾਕ ਹੈ, ਝੱਟ ਇਸ ਸਿੱਟੇ 'ਤੇ ਪੁੱਜਦਾ ਹੈ, ਕਿ ਸਪੱਸ਼ਟ ਹੀ ਜਿਣਸਾਂ ਦੀ ਕੀਮਤ ਜਾਂ ਧਨ ਦੀ ਕਦਰ, ਕਿਸੇ ਦੇਸ਼ ਅੰਦਰ ਮੌਜੂਦ ਧਨ ਦੀ ਸੰਪੂਰਨ ਮਿਕਦਾਰ ਤੋਂ ਨਿਸ਼ਚਿਤ ਨਹੀਂ ਹੁੰਦੀ, ਬਲਕਿ ਇਹ ਤਾਂ ਅਸਲ ਚਲਨ ਵਿੱਚ ਆਏ ਸੋਨੇ ਅਤੇ ਚਾਂਦੀ ਦੀ ਮਿਕਦਾਰ ਤੋਂ ਹੁੰਦੀ ਹੈ; ਪਰ ਸ਼ਰਤ ਇਹ ਹੈ ਕਿ ਅਖੀਰ ਨੂੰ, ਦੇਸ਼ ਅੰਦਰਲਾ ਸਾਰਾ ਸੋਨਾ ਅਤੇ ਚਾਂਦੀ, ਚਲਨ ਦੇ ਖੇਤਰ ਵਿੱਚ ਸਿੱਕੇ ਦੇ ਤੌਰ 'ਤੇ ਜਜ਼ਬ ਹੋ ਜਾਣੇ ਚਾਹੀਦੇ ਹਨ।* ਇਹ ਪ੍ਰਤੱਖ ਹੈ ਕਿ ਜੇ ਸੋਨਾ ਅਤੇ ਚਾਂਦੀ ਦੀ ਆਪਣੀ ਕਦਰ ਹੁੰਦੀ ਹੈ, ਤਾਂ ਚਲਨ ਦੇ ਹੋਰ ਸਾਰੇ ਕਾਨੂੰਨਾਂ ਨੂੰ ਲਾਂਭੇ ਰੱਖ ਕੇ ਵੀ, ਸੋਨੇ ਅਤੇ ਚਾਂਦੀ ਦੀ ਇੱਕ ਖਾਸ ਮਿਕਦਾਰ ਹੀ, ਜਿਣਸਾਂ ਦੀ ਇੱਕ ਦਿੱਤੀ, ਕੁੱਲ ਕਦਰ ਦੀ ਸਮਾਨ–ਵਸਤ ਦੇ ਤੌਰ 'ਤੇ, ਚਲਨ ਵਿੱਚ ਆ ਸਕਦੀ ਹੈ। ਇਸ ਤਰ੍ਹਾਂ, ਜੇ ਦੇਸ਼ ਅੰਦਰ ਮੌਜੂਦ, ਸਾਰਾ ਸੋਨਾ ਅਤੇ ਚਾਂਦੀ, ਜਿਣਸਾਂ ਦੀ ਕੁੱਲ ਕਦਰ ਨਾਲ਼ ਸਬੰਧਤ ਹੋਏ ਬਿਨਾਂ ਵੀ, ਜਿਣਸਾਂ ਦੇ ਤਬਾਦਲੇ ਦੇ ਮਾਮਲੇ ਵਿੱਚ ਚਲਨ–ਵਸੀਲਿਆਂ ਦੇ ਰੂਪ ਵਿੱਚ ਭਾਗ ਲੈਂਦੇ ਹਨ, ਤਾਂ ਇਸ ਸੂਰਤ ਵਿੱਚ ਉਹਨਾਂ ਦੀ ਕੋਈ ਆਪਣੀ ਸੁਭਾਵਿਕ ਕਦਰ ਨਹੀਂ ਰਹਿੰਦੀ, ਇਸ ਲਈ ਉਹ ਅਸਲ ਜਿਣਸਾਂ ਵੀ ਨਹੀਂ ਰਹਿੰਦੇ। ਇਹੋ ਹਿਊਮ ਦੁਆਰਾ ਕੱਢਿਆ ਤੀਜਾ "ਜ਼ਰੂਰੀ ਨਤੀਜਾ" ਹੈ। ਹਿਊਮ ਦਾ ਕਹਿਣਾ ਹੈ ਕਿ ਜਿਣਸਾਂ, ਬਿਨਾਂ ਕੀਮਤ ਤੋਂ ਅਤੇ ਸੋਨਾ ਤੇ ਚਾਂਦੀ, ਬਿਨਾਂ ਕਦਰ ਤੋਂ ਚਲਨ ਦੇ ਅਮਲ ਵਿੱਚ ਦਾਖਲ ਹੁੰਦੇ ਹਨ। ਇਸ ਲਈ ਉਹ ਕਦੇ ਜਿਣਸਾਂ ਦੀ ਕਦਰ ਅਤੇ ਸੋਨੇ ਦੀ ਕਦਰ ਦਾ ਜ਼ਿਕਰ ਨਹੀਂ ਕਰਦਾ, ਬਲਕਿ ਉਹ ਉਹਨਾਂ ਦੀ ਆਪਣੀ ਆਪਣੀ ਮਿਕਦਾਰ ਦੀ ਹੀ ਗੱਲ ਕਰਦਾ ਹੈ। ਲੌਕੇ ਪਹਿਲਾਂ ਹੀ ਇਹ ਬਿਆਨ ਦੇ ਚੁੱਕਾ ਸੀ ਕਿ ਸੋਨਾ ਅਤੇ ਚਾਂਦੀ ਦੀ ਤਾਂ ਸਿਰਫ਼ ਖਿਆਲੀ ਜਾਂ ਰਵਾਇਤੀ ਕਦਰ ਹੁੰਦੀ ਹੈ। ਇਹ ਧਨਵੀ ਪ੍ਰਣਾਲੀ ਦੇ ਇਸ ਕਥਨ ਦੀ ਕਿ ਸੋਨਾ ਅਤੇ ਚਾਂਦੀ ਦੀ ਹੀ ਅਸਲ ਕਦਰ ਹੁੰਦੀ ਹੈ, ਪਹਿਲੀ ਖੁੱਲ੍ਹੀ ਮੁਖ਼ਾਲਫਤ ਸੀ। ਇਹ ਹਕੀਕਤ ਕਿ ਸੋਨਾ ਅਤੇ ਚਾਂਦੀ ਤਬਾਦਲੇ ਦੇ ਸਮਾਜਿਕ ਅਮਲ ਦੇ ਵਿੱਚ ਆਪਣੇ ਅਦਾ ਕੀਤੇ ਕਾਰਜ ਦੇ ਕਾਰਨ ਹੀ

* "ਇਹ ਸਪੱਸ਼ਟ ਹੈ ਕਿ ਕੀਮਤਾਂ, ਜਿਣਸਾਂ ਦੀ ਸੰਪੂਰਨ ਮਿਕਦਾਰ 'ਤੇ ਅਤੇ ਧਨ ਦੀ ਮਿਕਦਾਰ 'ਤੇ, ਜਿਹੜਾ ਕਿ ਦੇਸ਼ ਅੰਦਰ ਮੌਜੂਦ ਹੈ, ਉਸ ਹੱਦ ਤੱਕ ਨਿਰਭਰ ਨਹੀਂ ਕਰਦੀਆਂ, ਜਿਤਨੀਆਂ ਕਿ ਉਹ ਜਿਣਸਾਂ ਦੀ ਮਿਕਦਾਰ 'ਤੇ ਕਰਦੀਆਂ ਹਨ, ਜਿਹੜੀ ਕਿ ਬਾਜ਼ਾਰ ਦੇ ਅੰਦਰ ਆ ਜਾਂ ਲਿਆਂਦੀ ਜਾ ਸਕਦੀ ਹੈ ਅਤੇ ਧਨ 'ਤੇ ਕਰਦੀਆਂ ਹਨ, ਜਿਹੜਾ ਕਿ ਚਲਨ ਵਿੱਚ ਹੈ। ਜੇਕਰ ਸਿੱਕੇ ਨੂੰ ਪੇਟੀਆਂ ਅੰਦਰ ਤਾਲਾ ਲਾ ਕੇ ਰੱਖ ਦਿੱਤਾ ਜਾਵੇ, ਤਾਂ ਇਹ ਕੀਮਤਾਂ ਬਾਰੇ ਉਸੇ ਤਰ੍ਹਾਂ ਹੋਵੇਗਾ, ਜਿਵੇਂ ਉਹਨਾਂ ਨੂੰ ਮਿਟਾ ਦਿੱਤਾ ਗਿਆ ਹੋਵੇ, ਜੇ ਜਿਣਸਾਂ ਨੂੰ ਭੰਡਾਰਿਆਂ ਜਾਂ ਗੋਦਾਮਾਂ ਵਿੱਚ ਨੂੜ ਕੇ ਰੱਖ ਦਿੱਤਾ ਜਾਵੇ, ਤਾਂ ਉਹਨਾਂ ਦਾ ਵੀ ਇਹੋ ਹਾਲ ਹੋਵੇਗਾ। ਇਹਨਾਂ ਸੂਰਤਾਂ ਵਿੱਚ, ਕਿਉਂਕਿ ਧਨ ਅਤੇ ਜਿਣਸਾਂ ਆਪਸ ਵਿੱਚ ਨਹੀਂ ਮਿਲਦੇ, ਇਸ ਲਈ ਉਹ ਇੱਕ ਦੂਜੇ ਨੂੰ ਪ੍ਰਭਾਵਿਤ ਵੀ ਨਹੀਂ ਕਰਦੇ....। (ਕੀਮਤਾਂ ਦਾ) ਕੁਲ, ਅਖੀਰ ਨੂੰ, **ਸਿੱਕਿਆਂ ਦੀ ਨਵੀਂ ਮਿਕਦਾਰ ਨਾਲ਼, ਕੁਝ ਮਾਮੂਲੀ ਨਿਸਬਤ ਤੱਕ ਪਹੁੰਚਦਾ ਹੈ, ਜਿਹੜੀ ਕਿ ਸਲਤਨਤ ਦੇ ਅੰਦਰ ਮੌਜੂਦ ਹੁੰਦੀ ਹੈ।** (ਡੈਵਿਡ ਹਿਊਮ, ਓਪ. ਸਿਟ. ਪੰਨਾ 303–07–08)।

ਧਨ ਹਨ, ਇਸ ਦਾ ਇਹ ਅਰਥ ਲਿਆ ਗਿਆ, ਕਿ ਉਹਨਾਂ ਦੀ ਸਾਪੇਖੀ ਕਦਰ ਅਤੇ ਇਸ ਕਰਕੇ ਉਹਨਾਂ ਦੀ ਕਦਰ ਦੀ ਮਿਕਦਾਰ ਦਾ ਕਾਰਨ ਉਹਨਾਂ ਦਾ ਸਮਾਜਿਕ ਕਾਰਜ ਹੁੰਦਾ ਹੈ।* ਸੋਨਾ ਅਤੇ ਚਾਂਦੀ, ਇਸ ਤਰ੍ਹਾਂ ਉਹ ਵਸਤਾਂ ਹਨ, ਜਿਹਨਾਂ ਦੀ ਕਦਰ ਕੋਈ ਨਹੀਂ ਹੁੰਦੀ, ਪਰ ਚਲਨ ਦੇ ਅਮਲ ਵਿੱਚ ਜਿੱਥੇ ਉਹ **ਜਿਣਸਾਂ ਦੀ ਨੁਮਾਇੰਦਗੀ ਕਰਦੀਆਂ ਹਨ**, ਉੱਥੇ ਉਹਨਾਂ ਨੂੰ ਇੱਕ ਫ਼ਰਜ਼ੀ ਕਦਰ ਮਿਲ ਜਾਂਦੀ ਹੈ। ਇਹ ਅਮਲ ਉਹਨਾਂ ਨੂੰ ਧਨ ਵਿੱਚ ਨਹੀਂ ਬਦਲਦਾ, ਬਲਕਿ ਕਦਰ ਵਿੱਚ ਬਦਲਦਾ ਹੈ ਅਤੇ ਇਹ ਕਦਰ ਕਿਹੀ, ਜਿਹੜੀ ਕਿ ਉਹਨਾਂ ਦੀ ਆਪਣੀ ਮਿਕਦਾਰ ਅਤੇ ਜਿਣਸਾਂ ਦੀ ਮਿਕਦਾਰ ਤੋਂ ਨਿਸਬਤ ਤੋਂ ਨਿਸ਼ਚਿਤ ਹੁੰਦੀ ਹੈ, ਕਿਉਂਕਿ ਦੋਵੇਂ ਮਿਕਦਾਰਾਂ ਬਰਾਬਰ ਹੋਣੀਆਂ ਲੋੜੀਦੀਆਂ ਹਨ। ਹਾਲਾਂਕਿ, ਹਿਯੂਮ ਦੇ ਅਨੁਸਾਰ, ਸੋਨਾ ਅਤੇ ਚਾਂਦੀ, ਜਿਣਸਾਂ ਦੇ ਸੰਸਾਰ ਵਿੱਚ ਬਤੌਰ ਗੈਰ-ਜਿਣਸਾਂ ਦੇ ਦਾਖਲ ਹੁੰਦੇ ਹਨ, ਪਰ ਜਿਵੇਂ ਹੀ ਉਹ ਸਿੱਕਿਆਂ ਦੇ ਰੂਪ ਵਿੱਚ ਕਾਰਜ ਕਰਨ ਲੱਗਦੇ ਹਨ, ਉਹ ਝੱਟ ਉਹਨਾਂ ਨੂੰ ਸਾਫ਼ ਜਿਣਸਾਂ ਵਿੱਚ ਬਦਲ ਦੇਂਦਾ ਹੈ, ਜਿਹੜੀਆਂ ਕਿ ਸਾਧਾਰਨ ਬਾਰਟਰ ਰਾਹੀਂ ਹੋਰਾਂ ਜਿਣਸਾਂ ਨਾਲ਼ ਬਦਲੀਆਂ ਜਾਂਦੀਆਂ ਹਨ। ਜੇ ਕਿਸੇ ਜਿਣਸਾਂ ਦਾ ਸੰਸਾਰ ਇੱਕੋ ਇੱਕ ਜਿਣਸ ਤੋਂ ਬਣਿਆ ਹੋਵੇ, ਮੰਨ ਲਓ ਇੱਕ ਮਿਲੀਅਨ ਕੁਆਰਟਰ ਅਨਾਜ ਤੋਂ, ਤਾਂ ਇਹ ਸੋਚ ਸਕਣਾ ਬਿਲਕੁਲ ਸਧਾਰਨ ਗੱਲ ਹੈ ਕਿ ਦੋ ਮਿਲੀਅਨ ਔਂਸ ਸੋਨੇ ਦੀ ਮੌਜੂਦਗੀ ਨਾਲ਼ ਉਸ ਬਾਜ਼ਾਰ ਵਿੱਚੋਂ ਦੋ ਔਂਸ ਸੋਨਾ ਦੇ ਕੇ, ਇੱਕ ਔਂਸ ਅਨਾਜ ਲਿਆ ਜਾ ਸਕਦਾ ਹੈ ਅਤੇ ਜੇ ਕਿਤੇ ਮੌਜੂਦ ਸੋਨੇ ਦੀ ਮਾਤਰਾ ਵੀਹ ਮਿਲੀਅਨ ਹੋਵੇ, ਤਾਂ ਇੱਕ ਕੁਆਰਟਰ ਅਨਾਜ ਨੂੰ 20 ਔਂਸ ਸੋਨਾ ਦੇ ਕੇ ਲਿਆ ਜਾ ਸਕੇਗਾ। ਇਸ ਤਰ੍ਹਾਂ ਜਿਣਸ ਦੀ ਕੀਮਤ ਅਤੇ ਧਨ ਦੀ ਕਦਰ ਵਿੱਚ ਉਤਾਰ-ਚੜ੍ਹਾਅ, ਮੌਜੂਦ ਧਨ ਦੀ ਮਿਕਦਾਰ ਦੇ ਉਲਟੇ ਅਨੁਪਾਤ ਅਨੁਸਾਰ ਆਉਂਦੇ ਰਹਿਣਗੇ।** ਪਰ ਮੰਦੇ ਭਾਗਾਂ ਨੂੰ, ਜਿਣਸਾਂ ਦਾ ਸੰਸਾਰ, ਇਸਤੇਮਾਲੀ ਕਦਰਾਂ ਦੀਆਂ ਅਣਗਿਣਤ ਕਿਸਮਾਂ ਤੋਂ ਮਿਲ ਕੇ ਬਣਦਾ ਹੈ, ਉਹਨਾਂ ਦੀ ਅਨੁਪਾਤੀ ਕਦਰ ਕਿਸੇ ਤਰ੍ਹਾਂ ਵੀ ਉਹਨਾਂ ਦੀਆਂ ਅਨੁਪਾਤੀ ਮਿਕਦਾਰਾਂ ਤੋਂ ਨਿਸ਼ਚਿਤ ਨਹੀਂ ਹੁੰਦੀ। ਤਾਂ ਫੇਰ, ਹਿਯੂਮ ਕਿਸ ਤਰ੍ਹਾਂ ਸੋਨੇ ਨਾਲ਼ ਇਹਨਾਂ ਜਿਣਸਾਂ ਦੇ ਤਬਾਦਲੇ ਦੀ ਗੱਲ ਸੋਚਦਾ ਹੈ ? ਉਹ ਆਪਣੇ ਆਪ ਨੂੰ ਇਸ ਅਸਪੱਸ਼ਟ, ਅਰੂਪ ਧਾਰਨਾਂ ਤੱਕ ਹੀ ਸੀਮਿਤ ਰੱਖਦਾ ਹੈ ਕਿ ਹਰ ਜਿਣਸ, ਜਿਣਸਾਂ ਦੀ ਕੁੱਲ ਮਿਕਦਾਰ ਦਾ ਇੱਕ ਧਾਰਾ ਹੋਣ ਦੇ ਕਾਰਨ, ਮੌਜੂਦ ਸੋਨੇ ਦੀ ਮਿਕਦਾਰ ਦੇ ਇੱਕ ਬਰਾਬਰ ਦੇ ਭਾਗ ਨਾਲ਼ ਬਦਲਾਈ ਜਾਂਦੀ ਹੈ। ਜਿਣਸਾਂ ਦੀ ਗਤੀਵਾਨ ਹਰਕਤ, ਜਿਹੜੀ ਹਰਕਤ ਕਿ ਜਿਣਸਾਂ ਦੇ ਅੰਦਰ ਤਬਾਦਲਾ-ਕਦਰ ਅਤੇ ਇਸਤੇਮਾਲੀ-ਕਦਰ ਦੀ ਵਿਰੋਧਤਾਈ ਦੇ ਕਾਰਨ ਜਨਮ ਲੈਂਦੀ ਹੈ, ਜਿਹੜੀ ਕਿ ਧਨ ਦੇ ਚਲਨ ਵਿੱਚ ਆਸ਼ਕਾਰਾ ਹੁੰਦੀ ਹੈ ਅਤੇ ਧਨ ਦੇ ਵੱਖ

---

* ਦੇਖੋ ਵਾਫਰ ਕਦਰ ਬਾਰੇ **ਲਾ ਅਤੇ ਫ਼ਰੈਂਕਲਿਨ**, ਜਿੱਥੇ ਕਿਹਾ ਗਿਆ ਹੈ ਕਿ ਸੋਨਾ ਅਤੇ ਚਾਂਦੀ ਨੂੰ ਇਹ ਕਦਰ, ਉਹਨਾਂ ਦੇ ਧਨ ਰੂਪ ਵਿੱਚ ਕੀਤੇ ਕਾਰਜ ਦੇ ਕਾਰਨ ਪ੍ਰਾਪਤ ਹੁੰਦੀ ਹੈ। ਫੋਰਬੋਨਾਇਸ ਵੀ (ਲੇਖਕ ਦੀ ਕਾਪੀ ਦਾ ਨੋਟ)।

** ਇਹ ਕਾਢ, ਅਸਲ ਵਿੱਚ ਮਾਂਟੇਸਕਿਯੂ ਦੀਆਂ ਰਚਨਾਵਾਂ ਵਿੱਚ ਮਿਲ ਸਕਦੀ ਹੈ (ਲੇਖਕ ਦੀ ਕਾਪੀ ਅੰਦਰਲਾ ਨੋਟ)।

ਵੱਖ ਸਪੱਸ਼ਟ ਪੱਖਾਂ ਵਿੱਚ ਸੰਖੇਪੀ ਜਾਂਦੀ ਹੈ – ਇਸ ਤਰ੍ਹਾਂ ਉਹ ਅਲੋਪ ਹੋ ਜਾਂਦੀ ਹੈ ਅਤੇ ਉਸ ਦੀ ਥਾਂ ਕਿਸੇ ਖਾਸ ਦੇਸ਼ ਅੰਦਰ ਮੌਜੂਦ ਕੀਮਤੀ ਧਾਤਾਂ ਦੀ ਮਿਕਦਾਰ ਦਾ ਇੱਕ ਖਿਆਲੀ ਮਕੈਨਕੀ ਸਮਤੋਲ ਅਤੇ ਉਸੇ ਸਮੇਂ ਪ੍ਰਾਪਤ, ਜਿਣਸਾਂ ਦੀ ਮਾਤਰਾ ਲੈ ਲੈਂਦੀ ਹੈ।

**ਸਰ ਜੇਮਸ ਸਟਿਊਆਰਟ**, ਮੁਦਰਾ ਅਤੇ ਧਨ ਦੀ ਆਪਣੀ ਜਾਂਚ ਦੀ ਸ਼ੁਰੂਆਤ ਹਿਊਮ ਅਤੇ ਮਾਂਟੇਸਕਿਊ ਦੀ ਤਫਸੀਲੀ ਆਲੋਚਨਾ ਨੂੰ ਲੈ ਕੇ ਕਰਦਾ ਹੈ।* ਅਸਲ ਵਿੱਚ ਉਹ ਪਹਿਲਾ ਵਿਅਕਤੀ ਹੈ, ਜਿਹੜਾ ਇਹ ਪੁੱਛਦਾ ਹੈ ਕਿ ਦੱਸੋ, ਚਲਨ ਵਿੱਚ ਆਏ ਧਨ ਦੀ ਮਾਤਰਾ ਦਾ ਨਿਸ਼ਚਾ, ਜਿਣਸਾਂ ਦੀਆਂ ਕੀਮਤਾਂ ਕਰਦੀਆਂ ਹਨ, ਜਾਂ ਕਿ ਚਲਨ ਵਿੱਚ ਆਈ ਧਨ ਦੀ ਮਾਤਰਾ ਹੈ, ਜਿਹੜੀ ਕਿ ਜਿਣਸਾਂ ਦੀਆਂ ਕੀਮਤਾਂ ਦਾ ਨਿਸ਼ਚਾ ਕਰਦੀ ਹੈ ? ਹਾਲਾਂਕਿ ਉਸ ਦੀ ਵਿਆਖਿਆ–ਕਦਰ ਦੇ ਮਾਪ ਬਾਰੇ ਉਸ ਦੀ ਬੇਸੁਰੀ ਧਾਰਨਾ ਕਾਰਨ, ਉਸ ਦੇ ਤਬਾਦਲਾ–ਕਦਰ ਦੇ, ਆਮ ਹੀ ਬਿਸੰਗਤੀ ਭਰੇ ਵਿਵੇਚਨ ਕਾਰਨ ਅਤੇ ਮਰਕੰਟਾਈਲ ਪ੍ਰਣਾਲੀ ਦੀਆਂ ਯਾਦ ਦਿਵਾਉਣ ਵਾਲੀਆਂ ਉਸ ਦੀਆਂ ਦਲੀਲਾਂ ਕਾਰਨ – ਧੁੰਦਲੀ ਪਈ ਹੋਈ ਹੈ, ਪਰ ਤਾਂ ਵੀ, ਉਸ ਨੇ ਧਨ ਦੇ ਲਾਜ਼ਮ ਪੱਖਾਂ ਅਤੇ ਧਨ–ਚਲਨ ਦੇ ਆਮ ਨਿਯਮਾਂ ਦੀ ਭਾਲ਼ ਕਰ ਲਈ ਹੈ; ਅਤੇ ਉਸ ਦੀ ਸਫਲਤਾ ਦਾ ਕਾਰਨ ਇਹ ਹੈ, ਕਿਉਂਕਿ ਉਹ ਮਕੈਨਕੀ ਤੌਰ ’ਤੇ ਜਿਣਸਾਂ ਨੂੰ ਇੱਕ ਪਾਸੇ ਅਤੇ ਧਨ ਨੂੰ ਦੂਜੇ ਪਾਸੇ ਨਹੀਂ ਰੱਖਦਾ, ਬਲਕਿ ਉਹ ਇਸ ਦੇ ਵੱਖ ਵੱਖ ਕਾਰਜਾਂ ਨੂੰ, ਸਚਮੁੱਚ ਹੀ, ਜਿਣਸ–ਤਬਾਦਲੇ ਦੇ ਅਲੱਗ ਅਲੱਗ ਲਮਹਿਆਂ ਵਿੱਚੋਂ ਛਾਂਟਦਾ ਹੈ।

> “(ਅੰਦਰੂਨੀ ਚਲਨ ਵਿੱਚ, ਧਨ ਦੇ) ਇਹ ਪ੍ਰਯੋਗ, ਦੋ ਆਮ ਸਿਰਲੇਖਾਂ ਹੇਠ ਸਮਝੇ ਜਾ ਸਕਦੇ ਹਨ। ਪਹਿਲਾ, ਅਦਾਇਗੀ ਜਿਹੜੀ ਕਿ ਕੀਤੀ ਜਾਂਦੀ ਹੈ ਅਤੇ ਦੂਜਾ, ਖਰੀਦ, ਜਿਹੜੀ ਕਿ ਕੀਤੀ ਜਾ ਚੁੱਕੀ ਹੈ; ਪਹਿਲੇ ਅਤੇ ਦੂਜੇ ਨੂੰ ਤਿਆਰ–ਧਨ ਦੀਆਂ ਮੰਗਾਂ ਦੇ ਆਮ ਸ਼ਬਦ ਦਾ ਨਾਂ ਦਿੱਤਾ ਜਾ ਸਕਦਾ ਹੈ....। ਹੁਣ ਵਪਾਰ ਦੀ ਹਾਲਤ, ਤਿਆਰ ਮਾਲ, ਜੀਵਨ–ਢੰਗ ਅਤੇ ਨਿਵਾਸੀਆਂ ਦੇ ਰਸਮੀ ਖਰਚੇ, ਸਭ ਮਿਲ ਕੇ, ਜਿਸ ਚੀਜ਼ ਦਾ ਸੰਚਾਲਣ ਅਤੇ ਨਿਸਚੈਨ ਕਰਦੇ ਹਨ, ਉਹਨਾਂ ਨੂੰ ਅਸੀਂ ਤਿਆਰ–ਧਨ, ਧਨ ਦੀਆਂ ਮੰਗਾਂ ਦੇ ਸਮੂਹ, ਭਾਵ ਓਪਰਿਆਉਣ ਦਾ ਨਾਂ ਦੇ ਸਕਦੇ ਹਾਂ। ਅਦਾਇਗੀਆਂ ਦੇ ਇਸ ਗੱਡਮੱਡ ਨੂੰ ਚਲਾਉਣ ਲਈ ਧਨ ਦੇ ਇੱਕ ਖਾਸ ਹਿੱਸੇ ਦੀ ਲੋੜ ਪੈਂਦੀ ਹੈ। ਇਹ ਹਿੱਸਾ, ਫੇਰ, ਹਾਲਾਤ ਅਨੁਸਾਰ ਘੱਟ ਵੱਧ ਸਕਦਾ ਹੈ; ਹਾਲਾਂਕਿ ਓਪਰਿਆਉਣ ਦੀ ਮਿਕਦਾਰ ਹਰ ਸਮੇਂ ਇੱਕੋ ਹੀ ਰਹੇਗੀ....। ਇਸ ਤੋਂ ਅਸੀਂ ਇਸ ਨਤੀਜੇ ’ਤੇ ਅੱਪੜਦੇ ਹਾਂ, ਕਿ ਕਿਸੇ ਦੇਸ਼ ਅੰਦਰਲਾ ਚਲਨ, ਧਨ ਦੀ ਇੱਕ ਨਿਸ਼ਚਿਤ ਮਿਕਦਾਰ ਨੂੰ ਹੀ ਜਜ਼ਬ ਕਰ ਸਕਦਾ ਹੈ।”**
>
> “ਹਰ ਵਸਤ ਦੀ ਸਟੈਂਡਰਡ ਕੀਮਤ ਦਾ ਨਿਸ਼ਚਾ, ਮੰਗ ਅਤੇ ਮੁਕਾਬਲੇਬਾਜ਼ੀ ਦੇ ਗੁੰਝਲਦਾਰ ਅਮਲਾਂ ਦੁਆਰਾ ਹੁੰਦਾ ਹੈ, ਜਿਹਨਾਂ ਦਾ ਦੇਸ਼ ਅੰਦਰਲੀ ਸੋਨੇ–ਚਾਂਦੀ

---

* ਸਟਿਊਆਰਟ, ਓਪ. ਸਿਟ. ਜਿਲਦ 1, ਪੰਨਾ 394, ਏਟ ਸੇਕ।

** ਜੇਮਜ਼ ਸਟਿਊਆਰਟ, ਓਪ. ਸਿਟ. ਜਿਲਦ II, ਪੰਨਾ 377–79 ਪਾਸਿਮ।

ਦੀ ਮਿਕਦਾਰ, ਭਾਵੇਂ ਜੋ ਵੀ ਹੋਵੇ, ਨਾਲ਼ ਕੋਈ ਪੱਕਾ ਅਨੁਪਾਤ ਨਹੀਂ ਹੁੰਦਾ।" "ਤਾਂ ਫੇਰ, ਸਿੱਕੇ ਦੀ ਵਾਧੂ ਮਿਕਦਾਰ ਦਾ ਕੀ ਬਣੇਗਾ ?" – "ਇਸ ਨੂੰ ਖਜ਼ਾਨਿਆਂ ਅੰਦਰ ਜ਼ਖੀਰੇ ਬਣਾ ਕੇ ਰੱਖ ਲਿਆ ਜਾਵੇਗਾ" ਜਾਂ ਅੱਯਾਸ਼ੀ ਦੇ ਸਾਮਾਨਾਂ ਵਿੱਚ ਬਦਲ ਲਿਆ ਜਾਵੇਗਾ। "ਜੇ ਕਿਸੇ ਦੇਸ਼ ਦਾ ਸਿੱਕਾ... ਵਿਕਰੀ ਲਈ ਪੇਸ਼ ਕੀਤੇ ਸਨਅਤੀ ਉਤਪਾਦ ਦੇ ਅਨੁਪਾਤ ਤੋਂ ਹੇਠਾਂ ਡਿੱਗ ਜਾਂਦਾ ਹੈ.... ਤਾਂ ਅਜਿਹੀਆਂ ਕਾਢਾਂ, ਜਿਵੇਂ ਕਿ ਨਿਸ਼ਾਨੀ-ਧਨ ਆਦਿ ਸਾਹਮਣੇ ਆਉਣਗੀਆਂ ਅਤੇ ਇਸ ਦੇ ਲਈ ਸਮਾਨ-ਵਸਤ ਦਾ ਕੰਮ ਦੇਣਗੀਆਂ।"

ਜਦੋਂ ਕੋਈ ਮਾਫ਼ਕ ਬਕਾਇਆ, ਸਿੱਕਿਆਂ ਦੀ ਬਹੁਤਾਤ ਨੂੰ ਲੈ ਆਉਂਦਾ ਹੈ ਅਤੇ ਨਾਲ਼ ਹੀ, ਇਸ ਨੂੰ ਵਿਦੇਸ਼ਾਂ ਵਿੱਚ ਭੇਜਣ ਵਾਲ਼ੀਆਂ ਵਪਾਰ-ਮੰਗਾਂ, ਨੂੰ ਘਟਾ ਦੇਂਦਾ ਹੈ, ਤਾਂ ਇਹ ਵਧਿਆ ਸਿੱਕਾ ਕਿੱਥੇ ਜਾਂਦਾ ਹੈ ? ਇਹ ਆਮ ਹੀ ਧਨ-ਜ਼ਖੀਰਿਆਂ ਵਿੱਚ ਚਲਾ ਜਾਂਦਾ ਹੈ ਅਤੇ ਉੱਥੇ ਪਿਆ ਇਹ ਖਾਣਾਂ ਵਿੱਚ ਪਏ ਵਾਂਗ ਹੀ ਬੇਕਾਰ ਹੁੰਦਾ ਹੈ।"*

**ਸਟਿਯੂਆਰਟ** ਦੁਆਰਾ ਭਾਲ਼ਿਆ ਦੂਜਾ ਕਾਨੂੰਨ ਇਹ ਹੈ ਕਿ ਸ਼ਾਖ 'ਤੇ ਅਧਾਰਿਤ ਮੁਦਰਾ, ਮੁੜ ਆਪਣੀ ਪਹਿਲੀ ਥਾਂ 'ਤੇ ਚਲੀ ਜਾਂਦੀ ਹੈ। ਅਖੀਰ ਵਿੱਚ, ਉਹ ਉਹਨਾਂ ਨਤੀਜਿਆਂ ਦੀ ਪੁਣ-ਛਾਣ ਕਰਦਾ ਹੈ, ਜਿਹੜੇ ਕੀਮਤੀ ਧਾਤਾਂ ਦੀ ਦਰਾਮਦ-ਬਰਾਮਦ ਵੇਲੇ, ਵੱਖ ਵੱਖ ਦੇਸ਼ਾਂ ਅੰਦਰ ਪੈਂਦੀ ਵਿਆਜ-ਦਰ ਵਿਚਲੇ ਫਰਕਾਂ ਦੇ ਕਾਰਨ, ਨਿਕਲਦੇ ਹਨ। ਪਿਛਲੇ ਦੋ ਪੱਖਾਂ ਦਾ ਹੀ ਏਥੇ ਜ਼ਿਕਰ ਕੀਤਾ ਜਾਂਦਾ ਹੈ, ਤਾਂ ਜੋ ਤਸਵੀਰ ਪੂਰੀ ਹੋ ਜਾਵੇ; ਉਂਜ ਉਹ ਸਾਡੇ ਵਿਸ਼ੇ, ਅਰਥਾਤ ਸਧਾਰਨ ਚਲਨ, ਨਾਲ਼ੋਂ ਦੂਰ ਪੈਂਦੇ ਹਨ।** ਨਿਸ਼ਾਨੀ-ਧਨ

---

* ਓਪ. ਸਿਟ. ਪੰਨਾ 380 ਅਤੇ 397-407 ਪਾਸਿਮ।

** "ਵਾਧੂ ਸਿੱਕਾ, ਤਾਲੇ ਅੰਦਰ ਬੰਦ ਕੀਤਾ ਜਾ ਸਕਦਾ ਹੈ, ਜਾਂ ਕਿਸੇ ਚਾਦਰ ਵਿੱਚ ਬਦਲਿਆ ਜਾ ਸਕਦਾ ਹੈ... ਕਾਗਜ਼ੀ ਧਨ, ਇਸ ਨੇ, ਹਰ ਉਸਦਾ, ਜਿਸ ਨੇ ਵੀ ਇਸ ਨੂੰ ਕਰਜ 'ਤੇ ਲਿਆ ਹੈ, ਮੰਗ ਨੂੰ ਸਪਲਾਈ ਕਰਨ ਦਾ ਪਹਿਲਾ ਮੰਤਵ ਜਿਤਨੀ ਤੇਜ਼ੀ ਨਾਲ਼ ਕੀਤਾ ਹੈ, ਉਤਨੀ ਹੀ ਤੇਜ਼ੀ ਨਾਲ਼ ਇਹ ਕਰਜ਼ ਦੇਣ ਵਾਲ਼ੇ ਵੱਲ ਪਰਤਦਾ ਹੈ ਅਤੇ ਉਸ ਕੋਲ਼ ਆ ਕੇ ਵਸੂਲ ਹੋ ਜਾਂਦਾ ਹੈ। ਚੱਲੋ, ਕਿਸੇ ਦੇਸ਼ ਦੀ ਮੁਦਰਾ ਨੂੰ ਵੱਧ ਤੋਂ ਵੱਧ ਸੀਮਾ ਤੱਕ ਵਧਾ ਜਾਂ ਘਟਾ ਲਿਆ ਜਾਵੇ, ਜਿਣਸਾਂ, ਫੇਰ ਵੀ ਮੰਗ ਅਤੇ ਮੁਕਾਬਲੇਬਾਜ਼ੀ ਦੇ ਅਸੂਲਾਂ ਅਨੁਸਾਰ ਚੜ੍ਹਨਗੀਆਂ ਅਤੇ ਡਿੱਗਣਗੀਆਂ ਅਤੇ ਇਹ ਸਦਾ ਉਹਨਾਂ ਦੀਆਂ ਇੱਛਾਵਾਂ 'ਤੇ ਨਿਰਭਰ ਕਰਨਗੀਆਂ, ਜਿਹਨਾਂ ਕੋਲ਼ ਦੇਣ ਨੂੰ ਸੰਪਤੀ ਹੈ ਜਾਂ ਕੋਈ ਸਮਾਨ-ਵਸਤ ਹੈ, ਪਰ ਜੋ ਸਿੱਕੇ, ਉਹਨਾਂ ਦੇ ਕਬਜ਼ੇ ਵਿੱਚ ਹਨ, ਉਹਨਾਂ 'ਤੇ ਕਦੇ ਨਿਰਭਰ ਨਹੀਂ ਕਰਨਗੀਆਂ। ਚਲੋ, ਇਸ ਨੂੰ (ਦੇਸ਼ ਅੰਦਰਲੀ ਮੁੱਦਰਾ ਦੀ ਮਿਕਦਾਰ ਨੂੰ) ਜਿਤਨੀ ਵੀ ਹੇਠਾਂ ਜਾ ਸਕਦੀ ਚਲੀ ਜਾਣ ਦੇਵੋ। ਜੇ ਦੇਸ਼ ਅੰਦਰ ਕਿਸੇ ਵੀ ਮਾਤਰਾ ਦੀ ਅਸਲ ਸੰਪੱਤੀ ਹੈ ਅਤੇ ਇਸ ਦੇ ਮਾਲਕਾਂ ਵਿੱਚ ਇਸ ਨੂੰ ਖਪਾਉਣ ਲਈ ਮੁਕਾਬਲੇਬਾਜ਼ੀ ਹੈ, ਤਾਂ ਕੀਮਤਾਂ ਉੱਚੀਆਂ ਜਾਣਗੀਆਂ, ਭਾਵੇਂ ਢੰਗ ਕੋਈ ਵੀ ਹੋਵੇ, ਬਾਰਟਰ ਦਾ, ਨਿਸ਼ਾਨੀ ਧਨ ਦਾ, ਆਪਸੀ ਲੈਣ ਦੇਣ ਦਾ ਅਤੇ ☞

ਜਾਂ ਸ਼ਾਖ–ਧਨ – ਸਟਿਯੂਆਰਟ ਧਨ ਦੇ ਇਹਨਾਂ ਦੋ ਰੂਪਾਂ ਵਿੱਚ ਕੋਈ ਫਰਕ ਕਰਦਾ – ਕੀਮਤੀ ਧਾਤਾਂ ਦੇ ਥਾਂ 'ਤੇ, ਪਰ ਘਰੇਲੂ ਚਲਨ ਵਿੱਚ ਹੀ, ਨਾ ਕਿ ਸੰਸਾਰ–ਬਾਜ਼ਾਰ ਅੰਦਰ, ਖਰੀਦ–ਵਸੀਲਿਆਂ ਅਤੇ ਅਦਾਇਗੀ–ਵਸੀਲਿਆਂ ਦੇ ਰੂਪ ਵਿੱਚ ਕਾਰਜ ਕਰ ਸਕਦੇ ਹਨ। ਨਤੀਜੇ ਵਜੋਂ, ਕਾਗਜ਼ ਦੇ ਨੋਟ, "ਸਮਾਜ ਦਾ ਧਨ" ਹਨ, ਜਦੋਂ ਕਿ ਸੋਨਾ ਅਤੇ ਚਾਂਦੀ "ਸੰਸਾਰ ਦਾ ਧਨ" ਹਨ।*

ਇਹ "ਇਤਿਹਾਸਕ" ਵਿਕਾਸ ਵਾਲ਼ੀਆਂ ਕੌਮਾਂ ਦੀ ਵਿਸ਼ੇਸ਼ਤਾਈ ਹੈ, ਇਤਿਹਾਸਕ, ਸ਼ਬਦ ਦੀ ਵਰਤੋਂ ਇੱਥੇ, **ਕਾਨੂੰਨ ਦੇ ਇਤਿਹਾਸਕ ਸਕੂਲ**** ਦੇ ਅਰਥਾਂ ਵਿੱਚ

---

➪**ਇੱਕ ਹਜ਼ਾਰ** ਹੋਰ ਕਾਢਾਂ ਦਾ...।ਕੀ ਇਹ ਸਾਫ ਨਹੀਂ ਹੈ ਕਿ ਜੇ ਇਸ ਦੇਸ਼ ਦੇ ਦੂਜੇ ਦੇਸ਼ਾਂ ਨਾਲ਼ ਯਾਤਾਯਾਤ ਦੇ ਸਬੰਧ ਹਨ, ਤਾਂ ਉੱਥੇ ਜਾਂ ਹੋਰ ਕਿਤੇ ਵੀ, ਵਪਾਰਕ ਮਾਲ ਦੀਆਂ ਕਈ ਕਿਸਮਾਂ ਦੀਆਂ ਕੀਮਤਾਂ ਵਿਚਕਾਰ, ਇੱਕ ਹਿੱਸਾ ਜ਼ਰੂਰ ਹੋਵੇਗਾ ਅਤੇ ਕਿ ਮੁਦਰਾ ਦਾ ਅਚਾਨਕ ਵਧਾ ਜਾਂ ਘਟਾ, ਮੰਨ ਲਓ, **ਆਪਣੇ ਆਪ**, ਕੀਮਤਾਂ ਨੂੰ ਚੜ੍ਹਾਨ ਜਾਂ ਗਿਰਾਨ ਦੇ ਪ੍ਰਭਾਵ ਨੂੰ ਚਲਾਉਂਦਾ ਹੈ – ਜਿਹੜਾ ਕਿ ਵਿਦੇਸ਼ੀ ਮੁਕਾਬਲੇਬਾਜ਼ੀ ਕਾਰਨ ਆਪਣੇ ਅਮਲ ਵਿੱਚ **ਜ਼ਰੂਰ ਰੁਕੇਗਾ।**" (ਓਪ. ਸਿਟ. ਜਿਲਦ I, ਪੰਨਾ 400–01) "ਹਰ ਦੇਸ਼ ਦਾ ਚਲਨ... ਹਰ ਸੂਰਤ ਵਿੱਚ ਉਹਨਾਂ ਜਿਣਸਾਂ, ਜਿਹੜੀਆਂ ਬਾਜ਼ਾਰ ਵਿੱਚ ਆਉਂਦੀਆਂ ਹਨ, ਨੂੰ ਪੈਦਾ ਕਰਨ ਵਾਲ਼ੇ ਵਸਨੀਕਾਂ ਦੇ ਉਦਯੋਗ ਦੇ ਅਨੁਪਾਤ ਤੋਂ ਹੇਠਾਂ ਡਿੱਗਦਾ ਹੈ... ਤਾਂ ਨਿਸ਼ਾਨੀ ਧਨ ਜਿਹੀਆਂ ਕਾਢਾਂ ਇਸ ਲਈ ਕੋਈ ਸਮਾਨ–ਵਸਤ ਮੁਹੱਈਆ ਕਰਨ ਲਈ ਸਾਹਮਣੇ ਆ ਜਾਣਗੀਆਂ। ਪਰ ਜੇ ਮੁਦਰਾ ਸਨਅਤ ਦੇ ਅਨੁਪਾਤ ਤੋਂ ਉੱਪਰ ਹੋ ਜਾਵੇਗੀ, ਤਾਂ ਇਸ ਦਾ ਕੀਮਤਾਂ ਚੜ੍ਹਾਉਣ ਉੱਪਰ ਕੋਈ ਪ੍ਰਭਾਵ ਨਹੀਂ ਪਏਗਾ, ਨਾ ਹੀ ਚਲਨ ਵਿੱਚ ਆਏਗੀ, **ਇਹ ਤਾਂ ਖਜ਼ਾਨਿਆਂ ਵਿੱਚ ਜ਼ਖੀਰੇ ਬਣ ਕੇ ਰਹਿ ਜਾਵੇਗੀ..।** ਕਿਸੇ ਵੀ ਦੇਸ਼ ਅੰਦਰ, ਧਨ ਦੀ ਕੋਈ ਵੀ ਮਾਤਰਾ ਹੋਵੇ, ਪਰ ਬਾਕੀ ਸੰਸਾਰ ਦੇ ਮੁਕਾਬਲੇ 'ਤੇ ਉਹ ਉਸ ਮਿਕਦਾਰ ਤੋਂ ਵੱਧ ਚਲਨ ਵਿੱਚ ਨਹੀਂ ਰਹਿ ਸਕਦੀ, ਜਿਹੜੀ ਕਿ ਲਗਭਗ, ਅਮੀਰਾਂ ਦੀ ਖਪਤ, ਗਰੀਬ ਵਸਨੀਕਾਂ ਦੀ ਕਿਰਤ ਅਤੇ ਉੱਦਮ ਦੇ ਅਨੁਪਾਤ ਵਿੱਚ ਹੀ ਹੋਵੇਗੀ। ਅਤੇ ਇਸ ਅਨੁਪਾਤ ਦਾ ਨਿਸ਼ਚਾ ਦੇਸ਼ ਅੰਦਰਲੇ ਅਸਲ ਧਨ ਦੀ ਮਿਕਦਾਰ ਤੋਂ ਨਹੀਂ ਕੀਤਾ ਜਾ ਸਕਦਾ।" (ਓਪ. ਸਿਟ. ਪੰਨਾ 407)। "ਸਾਰੀਆਂ ਕੌਮਾਂ ਆਪਣੇ ਤਿਆਰ ਧਨ ਨੂੰ, ਜਿਸ ਦੀ ਉਹਨਾਂ ਨੂੰ ਆਪਣੇ ਨਿੱਜ ਦੇ ਚਲਨ ਵਿੱਚ ਲੋੜ ਨਹੀਂ ਹੋਵੇਗੀ, ਉਸ ਵਿੱਚ ਸੁੱਟਣ ਦੇ ਯਤਨ ਕਰਨਗੀਆਂ, ਜਿੱਥੇ ਉਹਨਾਂ ਨੂੰ ਆਪਣੇ ਦੇਸ਼ ਨਾਲ਼ੋਂ ਉੱਚੀ ਵਿਆਜ–ਦਰ ਮਿਲਣ ਦੀ ਆਸ ਦਿੱਸਦੀ ਹੋਵੇਗੀ (ਓਪ. ਸਿਟ. ਜਿਲਦ II, ਪੰਨਾ 5), "ਯੂਰਪ ਦੀ ਸਭ ਤੋਂ ਧਨੀ ਕੌਮ, ਮੁਦਰਾ ਦੇ ਪ੍ਰਚਲਨ ਵਿੱਚ ਸਭ ਤੋਂ ਗਰੀਬ ਵੀ ਹੋ ਸਕਦੀ ਹੈ" (ਓਪ. ਸਿਟ. ਜਿਲਦ II, ਪੰਨਾ 6)।(ਲੇਖਕ ਦੀ ਕਾਪੀ ਅੰਦਰ ਦਿੱਤਾ ਨੋਟ) ਦੇਖੋ ਆਰਥਰ ਯੰਗ ਦੀ ਪੁਸਤਕ ਵਿੱਚ ਸਟਿਯੂਆਰਟ ਦੇ ਖਿਲਾਫ ਬਹਿਸ।

* ਸਟਿਯੂਆਰਟ ਓਪ. ਸਿਟ. ਜਿਲਦ II, ਪੰਨਾ 370।ਲੂਈ ਬਲਾਂਕ "ਸਮਾਜ ਦੇ ਧਨ", ਜਿਸ ਦਾ ਸਾਧਾਰਨ ਅਰਥ ਹੈ, ਅੰਦਰਲਾ ਕੌਮੀ ਧਨ, ਨੂੰ ਸੋਸ਼ਲਿਸਟ ਧਨ ਵਿੱਚ ਬਦਲ ਲੈਂਦਾ ਹੈ, ਜਿਸ ਦਾ ਅਰਥ ਹੈ ਬਿਲਕੁਲ ਕੁਝ ਵੀ ਨਹੀਂ ਅਤੇ ਬਿਲਕੁਲ ਸੰਗਤ ਰੂਪ ਵਿੱਚ ਜਾਨ ਦੇ ਕਾਨੂੰਨ ਨੂੰ ਸੋਸ਼ਲਿਸਟ ਬਣਾ ਦੇਂਦਾ ਹੈ।(ਦੇਖੋ, ਉਸ ਦੇ ਫ਼ਰਾਂਸੀਸੀ ਇਨਕਲਾਬ ਦੇ ਇਤਿਹਾਸ ਦੀ ਪਹਿਲੀ ਜਿਲਦ)।178

** ਇਹ ਇਤਿਹਾਸ ਅਤੇ ਕਾਨੂੰਨ ਵਿਚਲੇ ਪਿਛਾਖੜੀ ਰੁਝਾਨ ਵੱਲ ਇਸ਼ਾਰਾ ਹੈ ਜਿਹੜਾ ਕਿ ➪

ਹੋਈ ਹੈ, ਕਿਉਂਕਿ ਇਹ ਕੌਮਾਂ ਆਪਣੇ ਖ਼ੁਦ ਦੇ ਇਤਿਹਾਸ ਨੂੰ ਸਦਾ ਹੀ ਭੁੱਲੀਆਂ ਰਹਿੰਦੀਆਂ ਸਨ। ਇਸ ਤਰ੍ਹਾਂ, ਭਾਵੇਂ ਇਸ ਅੱਧੀ ਸਦੀ ਦੇ ਦੌਰਾਨ, ਜਿਣਸ–ਕੀਮਤਾਂ ਅਤੇ ਮੁਦਰਾ ਦੀ ਮਿਕਦਾਰ ਵਿਚਕਾਰਲੇ ਸਬੰਧ ਦੇ ਸਵਾਲ ਨੇ ਪਾਰਲੀਮੈਂਟ ਨੂੰ ਲਗਾਤਾਰ ਹੀ ਉਤੇਜਿਤ ਰੱਖਿਆ ਹੈ, ਅਤੇ ਇਸ ਦੇ ਕਾਰਨ, ਹਜ਼ਾਰਾਂ ਦੀ ਸੰਖਿਆ ਵਿੱਚ ਛੋਟੇ ਵੱਡੇ ਪੈਂਫਲੇਟ ਇੰਗਲੈਂਡ ਅੰਦਰ ਪ੍ਰਕਾਸ਼ਿਤ ਹੋਏ ਹਨ ਅਤੇ ਸਟਿਊਆਰਟ ਸਪਾਈਨੋਜ਼ਾ ਨਾਲੋਂ, ਜਿਵੇਂ ਕਿ ਉਹ ਲੈਸਿੰਗ ਦੇ ਸਮੇਂ ਵਿੱਚ ਮਾਸ਼ੇਸ ਮੈਂਡੇਲਸੋਹਨ ਵਾਂਗ ਲੱਗਦਾ ਸੀ, ਵੱਧ ਇੱਕ "ਮਰੇ ਕੁੱਤੇ" ਦਾ ਰੂਪ ਧਾਰੀ ਰਹਿੰਦਾ ਹੈ। "ਮੁਦਰਾ" ਦਾ ਸਭ ਤੋਂ ਹਾਲ ਦਾ ਇਤਿਹਾਸਕਾਰ, ਮੈਕਲਾਰੇਨ ਤੱਕ, ਐਡਮ ਸਮਿੱਥ ਨੂੰ ਸਟਿਊਆਰਟ ਦੇ ਸਿਧਾਂਤ ਦਾ ਖੋਜ–ਕਰਤਾ ਬਣਾਉਂਦਾ ਹੈ ਅਤੇ ਰਿਕਾਰਡੋ ਨੂੰ ਹਿਯੂਮ ਦੇ ਸਿਧਾਂਤ ਦਾ ਅਵਿਸ਼ਕਾਰਕ।* ਜਦੋਂ ਕਿ ਰਿਕਾਰਡੋ ਹਿਯੂਮ–ਸਿਧਾਂਤ ਵਿੱਚ ਸੁਧਾਰ ਕਰਦਾ ਹੈ ਅਤੇ ਐਡਮ ਸਮਿੱਥ ਸਟਿਊਆਰਟ ਦੇ ਖੋਜ–ਪਰਿਣਾਮਾਂ ਨੂੰ ਮੁਰਦਾ ਤੱਥ ਮੰਨ ਕੇ ਰਿਕਾਰਡ ਕਰਦਾ ਹੈ। ਸਕਾਟਲੈਂਡ ਦੀ ਇਕ ਕਹਾਵਤ ਹੈ ਕਿ 'ਉਂਗਲੀ ਫੜ ਕੇ, ਪੌਂਚਾ ਸੁਖਾਲਿਆਂ ਫੜਿਆ ਜਾ ਸਕਦਾ ਹੈ, ਪਰ ਮੁਸ਼ਕਿਲ ਇਹ ਹੈ ਕਿ ਉਂਗਲੀ ਹੱਥ ਨਹੀਂ ਆ ਰਹੀ', ਐਡਮ ਸਮਿੱਥ ਨੇ ਇਸੇ ਕਹਾਵਤ ਨੂੰ ਬੌਧਿਕ ਦੌਲਤ 'ਤੇ ਵੀ ਲਾਗੂ ਕੀਤਾ ਹੈ ਅਤੇ ਬੜੇ... ਧਿਆਨ ਨਾਲ਼; ਇਹੋ ਕਾਰਨ ਹੈ ਕਿ ਉਹ ਆਪਣੇ ਸਾਧਨਾਂ ਨੂੰ ਗੁਪਤ ਰੱਖਦਾ ਹੈ, ਜਿਹਨਾਂ ਨੇ ਉਸ ਨੂੰ ਉਂਗਲੀ ਫੜਾਈ ਹੈ ਅਤੇ ਇਸ ਨਾਲ਼ ਅੱਗੇ ਉਸ ਨੇ ਸਚਮੁੱਚ ਚੰਗਾ–ਖਾਸਾ ਪੌਂਚਾ ਫੜ ਲਿਆ ਹੈ। ਇੱਕ ਤੋਂ ਵੱਧ ਵੇਰੀਂ, ਉਹ ਕਿਸੇ ਮਸਲੇ ਦੇ ਤਿੱਖੇ ਕੰਢੇ ਨੂੰ ਖੁੰਡਾ ਕਰ ਦੇਣਾ ਚੰਗਾ ਸਮਝਦਾ ਹੈ, ਜਦੋਂ ਕਿ ਪ੍ਰਤੱਖ ਪਰਿਭਾਸ਼ਾਵਾਂ ਨੇ ਉਸ ਨੂੰ ਆਪਣੇ ਤੋਂ ਪਹਿਲਿਆਂ ਨਾਲ਼ ਦਸਤ–ਪੰਜੇ ਲੜਾਨ 'ਤੇ ਮਜਬੂਰ ਕਰ ਦਿੱਤਾ ਹੈ। ਮਿਸਾਲ ਲਈ, ਅਜਿਹੀ ਇੱਕ ਘਟਨਾ ਧਨ ਦੇ ਸਿਧਾਂਤ ਵਾਲ਼ੀ ਗੱਲ ਹੈ। ਐਡਮ ਸਮਿੱਥ ਇਹ ਕਹਿ ਕੇ ਸਟਿਊਆਰਟ ਦੇ ਸਿਧਾਂਤ ਨੂੰ ਗੁੱਪ ਚੁੱਪ ਮੰਨ ਲੈਂਦਾ ਹੈ ਕਿ ਕਿਸੇ ਦੇਸ਼ ਅੰਦਰ ਪ੍ਰਾਪਤ ਸੋਨੇ ਅਤੇ ਚਾਂਦੀ ਦਾ ਇੱਕ ਭਾਗ ਸਿੱਕੇ ਵਜੋਂ ਵਰਤਿਆ ਜਾਂਦਾ ਹੈ, ਇੱਕ ਭਾਗ ਉਹਨਾਂ ਦੇਸ਼ਾਂ ਦੇ ਵਪਾਰੀਆਂ ਲਈ ਰਿਜ਼ਰਵ ਫੰਡਾਂ ਦੇ ਤੌਰ 'ਤੇ ਵਰਤੇ ਜਾਣ ਲਈ ਜਮ੍ਹਾਂ ਕਰ ਕੇ ਰੱਖਿਆ ਜਾਂਦਾ ਹੈ ਜਿਹਨਾਂ ਵਿੱਚ ਬੈਂਕਾਂ ਨਹੀਂ ਹਨ ਅਤੇ ਜਿਹਨਾਂ ਵਿੱਚ ਬੈਂਕਾਂ, ਭਾਵ ਸ਼ਾਖ ਪ੍ਰਣਾਲੀਆਂ ਉਹਨਾਂ ਵਿੱਚ ਬੈਂਕ ਰਿਜ਼ਰਵਾਂ ਦੇ ਤੌਰ 'ਤੇ ਰੱਖਿਆ ਜਾਂਦਾ ਹੈ। ਉਥੇ ਇਹਨਾਂ ਦਾ ਇੱਕ ਭਾਗ, ਕੌਮਾਂਤਰੀ ਅਦਾਇਗੀਆਂ ਦੇ ਭੁਗਤਾਨਾਂ ਲਈ ਸਟਾਕ ਰੂਪ ਵਿੱਚ ਪਿਆ ਹੁੰਦਾ ਹੈ ਅਤੇ ਬਾਕੀ ਦਾ ਭਾਗ ਅੱਯਾਸ਼ੀ ਵਸਤਾਂ ਵਿੱਚ ਬਦਲ ਲਿਆ ਜਾਂਦਾ ਹੈ। ਉਹ, ਚਲਨ ਵਿੱਚ ਸਿੱਕੇ ਦੀ ਮਾਤਰਾ ਬਾਰੇ,

---

⇒ ਜਰਮਨੀ ਅੰਦਰ ਅਠਾਰ੍ਹਵੀਂ ਸਦੀ ਦੇ ਖਾਤਮੇ 'ਤੇ ਉੱਠ ਖੜ੍ਹਾ ਹੋਇਆ ਸੀ।

* ਮੈਕਲਾਰੇਨ, ਓਪ. ਸਿਟ. ਪੰਨਾ 43 ਸੇਕ। ਇੱਕ ਜਰਮਨ ਲੇਖਕ (ਗੁਸਤਾਵ ਜੂਲੀਅਸ), ਜਿਹੜਾ ਕਿ ਆਪਣੀ ਆਈ ਤੋਂ ਪਹਿਲਾਂ ਹੀ ਮਰ ਗਿਆ, ਦੇਸ਼–ਭਗਤੀ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ, ਬਜ਼ੁਰਗ ਬੁਸ਼ਚ ਨੂੰ ਰਿਕਾਰਡੀਅਨ ਸਕੂਲ ਦਾ ਕੋਈ ਅਧਿਕਾਰੀ ਮੰਨਣੋਂ ਨਾਬਰ ਹੋਇਆ। ਮਹਾਸ਼ਾ ਬੁਸ਼ਰ ਨੇ ਸਟਿਊਆਰਟ ਦੀ ਸ਼ਾਨਦਾਰ ਅੰਗਰੇਜ਼ੀ ਦਾ ਉਲੱਥਾ, ਹੈਂਬਰਗ ਦੀ ਲੋ–ਜਰਮਨ ਉਪ–ਬੋਲੀ ਵਿੱਚ ਕੀਤਾ ਹੈ ਅਤੇ ਜਿੱਥੋਂ ਕਿਤੇ ਉਸ ਤੋਂ ਬਣਿਆ ਹੈ, ਉਸ ਨੇ ਮੂਲ ਨੂੰ ਵਿਗਾੜਿਆ ਹੈ।

ਪੋਚਾ ਹੀ ਫੇਰ ਜਾਂਦਾ ਹੈ, ਇੱਕ ਬਿਲਕੁਲ ਹੀ ਅਨੁਚਿਤ ਦਲੀਲ ਸਾਹਮਣੇ ਲਿਆ ਕੇ ਧਨ ਇੱਕ ਸਧਾਰਨ ਜਿਣਸ ਹੈ।*

ਐਡਮ ਸਮਿੱਥ ਦੀ ਇੱਸ ਭੁੱਲ ਨੂੰ, ਜਿਹੜੀ ਕਿ ਮੂਲੋਂ ਬੇਤੁਕੀ ਵੀ ਨਹੀਂ ਹੈ, ਇਸ ਦੇ ਵਿਗਾੜੂ, ਉਜੱਡ, **ਜੇ. ਬੀ. ਸੇ** ਨੇ ਬੜੇ ਜ਼ੋਰ-ਸ਼ੋਰ ਨਾਲ਼ ਬਾਕਾਇਦਾ ਇੱਕ ਸਿਧਾਂਤ** ਦਾ ਰੂਪ ਦੇ ਦਿੱਤਾ। ਫ਼ਰਾਂਸ ਵਾਲ਼ਿਆਂ ਨੇ ਇਸ ਮਹਾਸ਼ਾ ਨੂੰ **ਮਹਾਨ ਵਿਗਿਆਨਕ** ਦਾ ਨਾਂ ਦਿੱਤਾ ਹੋਇਆ ਹੈ, ਜਿਵੇਂ ਕਿ ਜੋਹਾਨਨ ਕਰਿਸਟੋਫ ਗੋਟਸਚੇਦ, ਆਪਣੇ ਸਕੌਨਾਇਚ ਨੂੰ ਇੱਕ ਹੋਮਰ ਅਤੇ ਪੀਤਰੋ ਅਰੇਤੀਨੋਂ ਆਪਣੇ ਆਪ ਨੂੰ **'ਟੈਰਰ ਪ੍ਰਿੰਸੀਪਮ'** ਅਤੇ 'ਜਗਤ ਪ੍ਰਕਾਸ਼' ਵਰਗੇ ਨਾਵਾਂ ਨਾਲ਼ ਸੁਸ਼ੋਭਿਤ ਕਰਦੇ ਹਨ। ਮਰਕੰਟਾਈਲ ਪ੍ਰਣਾਲੀ ਦੇ ਭਰਮਾਂ ਦੇ ਖਿਲਾਫ਼ ਉੱਠੀ ਜਦੋਜਹਿਦ ਤੋਂ ਜੋ ਖਿਚਾਅ ਪੈਦਾ ਹੋਇਆ, ਉਸ ਨੇ ਵੀ ਐਡਮ ਸਮਿੱਥ ਨੂੰ ਧਾਤਵੀ ਮੁਦਰਾ ਦੇ ਵਰਤਾਰੇ ਨੂੰ ਬਾਹਰਮੁਖੀ ਤੌਰ 'ਤੇ ਵਿਚਾਰਨੋਂ ਰੋਕ ਦਿੱਤਾ, ਪਰ ਕਾਗਜ਼ੀ ਧਨ ਬਾਰੇ ਉਸ ਦੇ ਵਿਚਾਰ ਬਿਲਕੁਲ ਆਪਣੇ ਹਨ ਅਤੇ ਨਿੱਗਰ ਹਨ। ਜਿਵੇਂ ਕਿ ਅਠਾਰ੍ਹਵੀਂ ਸਦੀ ਦੇ ਲੁਪਤ-ਜੀਵ ਵਿਗਿਆਨੀ ਸਿਧਾਤਾਂ ਦੇ ਅੰਦਰਖਾਨੇ ਲਾਜ਼ਮੀ ਤੌਰ 'ਤੇ ਇੱਕ ਵੇਗ ਵਿਦਵਾਨ ਹੈ, ਜਿਹੜਾ ਕਿ ਨੂਹੀ ਤੂਫਾਨ ਦੀ ਬਾਈਬਲੀ ਰਵਾਇਤ ਦੇ ਇੱਕ ਪੜਚੋਲ਼ਵੇਂ ਜਾਂ ਇੱਕ ਮਾਫੀ-ਮੰਗਵੇਂ ਵਿਚਾਰ ਵਿੱਚੋਂ ਉੱਠਦਾ ਹੈ; ਇਸ ਤਰ੍ਹਾਂ ਅਠਾਰ੍ਹਵੀਂ ਸਦੀ ਦੇ ਸਾਰੇ ਧਨਵੀ ਸਿਧਾਂਤਾਂ ਦੇ ਉਪਰਲੇ ਦਿਖਾਵੇ ਦੇ ਪਿੱਛੇ, ਧਨਵੀ ਪ੍ਰਣਾਲੀ ਦੇ ਖਿਲਾਫ ਇੱਕ ਲੁਕਵੀਂ ਜਦੋਜਹਿਦ ਲਗਾਤਾਰ ਚੱਲਦੀ ਹੈ। ਇੱਕ ਛਲਾਵਾ ਜਿਹਾ ਹੈ ਜਿਹੜਾ ਕਿ ਬੁਰਜੂਆ ਅਰਥਚਾਰੇ ਦੇ ਪੰਘੂੜੇ ਦੀ ਰਾਖੀ ਉੱਪਰ ਹਰ ਸਮੇਂ ਖੜ੍ਹਾ ਹੈ ਅਤੇ ਉਸ ਤੋਂ ਵੀ ਵੱਧ ਕਾਨੂੰਨਸਾਜ਼ੀ ਉੱਪਰ ਉਸ ਦੀ ਭਾਰੀ ਪ੍ਰਛਾਈਂ ਪਸਰੀ ਹੋਈ ਹੈ।

ਉਨ੍ਹੀਵੀਂ ਸਦੀ ਵਿੱਚ ਧਨਵੀ ਮਾਮਲਿਆਂ ਦੀਆਂ ਜੋ ਜਾਂਚਾਂ ਅਰੰਭ ਹੋਈਆਂ, ਉਹ ਸਿੱਧੇ ਤੌਰ 'ਤੇ, ਬੈਂਕ-ਨੋਟਾਂ ਦੇ ਚਲਨ ਨੂੰ ਹਰਕਤ ਦੇਣ ਵਾਲ਼ੇ ਵਰਤਾਰੇ ਤੋਂ ਪ੍ਰੇਰਿਤ ਸਨ, ਨਾ ਕਿ ਧਾਤਵੀ ਮੁਦਰਾ ਤੋਂ। ਪਿਛਲੀ ਦਾ ਜੋ ਉਸ ਵਿੱਚ ਜ਼ਿਕਰ ਹੈ, ਉਹ ਕੇਵਲ ਉਹਨਾਂ ਨਿਯਮਾਂ ਦੀ ਭਾਲ਼ ਕਰਨ ਦੇ ਮੰਤਵ ਤੋਂ ਹੈ, ਜਿਹੜੇ ਕਿ ਬੈਂਕ-ਨੋਟਾਂ ਦੇ ਚਲਨ ਨੂੰ ਚਲਾਉਂਦੇ ਹਨ।

---

* ਇਹ ਗਲਤ ਕਥਨ ਹੈ, ਇਸ ਤੋਂ ਉਲਟ, ਸਮਿੱਥ ਨੇ ਕਈ ਥਾਵਾਂ 'ਤੇ ਕਾਨੂੰਨ ਨੂੰ ਠੀਕ ਤੌਰ 'ਤੇ ਪ੍ਰਗਟ ਕੀਤਾ ਹੈ (ਲੇਖਕ ਦੀ ਕਾਪੀ ਵਿੱਚ ਦਿੱਤਾ ਨੋਟ)।

** "ਮੁਦਰਾ" ਅਤੇ "ਧਨ" ਵਿਚਕਾਰ ਫਰਕ, ਭਾਵ ਚਲਨ-ਵਸੀਲਿਆਂ ਅਤੇ ਧਨ ਵਿਚਕਾਰ ਅੰਤਰ, ਇਸ ਲਈ, **"ਕੌਮਾਂ ਦੀ ਦੌਲਤ"** ਨਾਮਕ ਪੁਸਤਕ ਵਿੱਚ ਦਿਖਾਈ ਨਹੀਂ ਦੇਂਦਾ। ਐਡਮ ਸਮਿੱਥ, ਜਿਸ ਨੇ ਕਿ ਬਹੁਤ ਚੰਗੀ ਤਰ੍ਹਾਂ ਨਾਲ਼ ਹਿਯੂਮ ਅਤੇ ਸਟਿਯੂਆਰਟ ਦਾ ਅਧਿਅਨ ਕਰ ਰੱਖਿਆ ਸੀ, ਦੀ ਬੁੱਧੀ ਕੁਸ਼ਲਤਾ ਤੋਂ, ਸਪੱਸ਼ਟ ਹੀ ਗੁਮਰਾਹ ਹੋਇਆ, ਇਮਾਨਦਾਰ ਮੈਕਲਾਰੇਨ ਫਤਵਾ ਦੇਂਦਾ ਹੈ, "ਕੀਮਤਾਂ ਦੀ, ਮੁਦਰਾ ਦੀ ਮਾਤਰਾ ਉੱਪਰ ਨਿਰਭਰਤਾ, ਦਾ ਸਿਧਾਂਤ ਅਜੇ ਤੀਕ ਧਿਆਨ-ਗੋਚਰੇ ਨਹੀਂ ਆਇਆ ਹੈ ਅਤੇ ਡਾ. ਸਮਿੱਥ, ਮਿ. ਲੌਕੇ ਵਾਂਗ (ਲੌਕੇ ਦੇ ਵਿਚਾਰ ਭਿੰਨ ਹਨ) ਧਾਤਵੀ ਧਨ ਨੂੰ ਸਿਵਾਏ, ਇੱਕ ਜਿਣਸ ਤੋਂ ਹੋਰ ਕੁਝ ਵੀ ਨਹੀਂ ਮੰਨਦਾ।" ਮੈਕਲਾਰੇਨ ਓਪ. ਸਿਟ. ਪੰਨਾ 44।

1797 ਵਿੱਚ ਬੈਂਕ ਆਫ ਇੰਗਲੈਂਡ ਨੇ ਨਕਦ ਅਦਾਇਗੀਆਂ ਕਰਨੀਆਂ ਨਿਲੰਬਤ ਕਰ ਦਿੱਤੀਆਂ, ਉਸ ਤੋਂ ਪਿੱਛੋਂ ਕਈ ਜਿਣਸਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ, ਸੋਨੇ ਦੀ ਟਕਸਾਲੀ–ਕੀਮਤ, ਇਸ ਦੀ ਬਾਜ਼ਾਰੀ ਕੀਮਤ ਤੋਂ ਹੇਠਾਂ ਆ ਗਈ ਅਤੇ ਬੈਂਕ ਨੋਟਾਂ ਦੇ ਮੁੱਲ, ਖਾਸ ਕਰ, 1809 ਤੋਂ ਪਿੱਛੋਂ ਹੇਠਾਂ ਡਿੱਗ ਪਏ – ਇਹ ਸਭ ਕਿਉਂ ਹੋਇਆ, ਕਿਉਂਕਿ ਫੌਰੀ ਤੌਰ ’ਤੇ ਪਾਰਲੀਮੈਂਟ ਦੇ ਅੰਦਰ ਇੱਕ ਪਾਰਟੀ–ਮੁਕਾਬਲਾ ਏਜੰਡੇ ’ਤੇ ਸੀ ਅਤੇ ਪਾਰਲੀਮੈਂਟ ਤੋਂ ਬਾਹਰ ਇਕ ਸਿਧਾਂਤਕ ਲੜਾਈ ਪੂਰਾ ਜ਼ੋਰ ਪਕੜ ਰਹੀ ਸੀ ਅਤੇ ਇਹਨਾਂ ਦੋਹਾਂ ਉੱਪਰ ਬਰਾਬਰ ਦਾ ਜ਼ੋਰ ਲੱਗਿਆ ਹੋਇਆ ਸੀ। ਬਹਿਸ ਦਾ ਇਤਿਹਾਸਕ ਪਿਛੋਕੜ ਅਠਾਰ੍ਹਵੀਂ ਸਦੀ ਵਿੱਚ ਕਾਗਜ਼ੀ–ਧਨ ਦੀ ਉੱਤਪਤੀ ਤੇ ਵਿਕਾਸ ਤੋਂ ਪ੍ਰਾਪਤ ਹੋਇਆ; ਕਾਨੂੰਨੀ ਬੈਂਕ (ਲਾਂਜ਼ ਬੈਂਕ) ਦੀ ਅਸਫਲਤਾ, ਕਦਰ–ਟੋਕਨਾਂ ਦੀ ਮਾਤਰਾ ਵਿੱਚ ਵਾਧਾ, ਜਿਸ ਦੇ ਨਾਲ਼ੋਂ ਨਾਲ਼, ਅਠਾਰ੍ਹਵੀਂ ਸਦੀ ਦੇ ਮੱਧ ਦੇ ਆਰੰਭ ਤੋਂ ਉੱਤਰੀ ਅਮਰੀਕਾ ਵਿੱਚ ਅੰਗਰੇਜ਼ੀ ਬਸਤੀਆਂ ਦੇ ਸੂਬਾਈ ਬੈਂਕ–ਨੋਟਾਂ ਦੇ ਮੁੱਲਾਂ ਵਿੱਚ ਗਿਰਾਵਟ ਆਈ। ਉਸ ਦੇ ਪਿੱਛੋਂ ਵਾਰੀ ਆਈ ਕਾਨੂੰਨੀ ਤੌਰ ’ਤੇ ਮੱਥੇ–ਮੜ੍ਹੇ ਕਾਗਜ਼ੀ ਧਨ ਦੀ, ਕਾਂਟੀਨੈਂਟਲ ਬਿੱਲਾਂ ਦੀ ਜਿਹਨਾਂ ਨੂੰ ਜੰਗੇ–ਅਜ਼ਾਦੀ ਦੇ ਦੌਰਾਨ ਅਮਰੀਕਨ ਸਰਕਾਰ ਨੇ ਜਾਰੀ ਕੀਤਾ ਸੀ ਅਤੇ ਅੰਤ ਨੂੰ ਫ਼ਰਾਂਸੀਸੀ ਅਸਿਗਨਾਟ ਦੀ ਧਾਤ ਤੇ ਆਇਆ, ਜਿਸ ਦਾ ਕਿ ਤਜ਼ਰਬਾ ਸਭ ਤੋਂ ਹੀ ਵੱਡੇ ਪੈਮਾਨੇ ’ਤੇ ਕੀਤਾ ਗਿਆ ਸੀ। ਉਸ ਜ਼ਮਾਨੇ ਦੇ ਬਹੁਤੇ ਅੰਗਰੇਜ਼ ਲੇਖਕ, ਬੈਂਕ–ਨੋਟਾਂ ਦੇ ਚਲਨ ਨੂੰ, ਜਿਹੜਾ ਕਿ ਬਿਲਕੁਲ ਹੀ ਵੱਖਰੇ ਕਾਨੂੰਨਾਂ ਨੂੰ ਨਿਸ਼ਚਿਤ ਹੁੰਦਾ ਹੈ, ਕਦਰ–ਟੋਕਨਾਂ ਜਾਂ ਸਰਕਾਰੀ ਬਾਂਡਾਂ, ਜਿਹੜੇ ਕਿ ਕਾਨੂੰਨੀ ਟੈਂਡਰ ਹੁੰਦੇ ਸਨ, ਨਾਲ਼ ਗੱਡ–ਮੱਡ ਕਰ ਜਾਂਦੇ ਹਨ, ਹਾਲਾਂਕਿ ਉਹ ਇਸ ਮਜਬੂਰੀ ਦੀ ਮੁਦਰਾ ਦੇ ਵਰਤਾਰੇ ਨੂੰ ਧਾਤਵੀ ਮੁਦਰਾ ਦੇ ਕਾਨੂੰਨਾਂ ਰਾਹੀਂ ਸਮਝਾਉਣ ਦਾ ਬਹਾਨਾ ਜਿਹਾ ਬਣਾਉਂਦੇ ਹਨ, ਪਰ ਅਸਲੀਅਤ ਇਹ ਹੈ ਕਿ ਉਹ ਧਾਤਵੀ ਮੁਦਰਾ ਦੇ ਕਾਨੂੰਨਾਂ ਨੂੰ ਪਹਿਲੀ ਦੇ ਵਰਤਾਰੇ ਵਿੱਚੋਂ ਕੱਢਦੇ ਹਨ। ਅਸੀਂ ਉਹਨਾਂ ਕਈ ਲੇਖਕਾਂ ਨੂੰ ਵਾਂਢੇ ਕਰ ਦੇਂਦੇ ਹਾਂ, ਜਿਹਨਾਂ ਦੀਆਂ ਰਚਨਾਵਾਂ 1800 ਅਤੇ 1809 ਦੇ ਦਰਮਿਆਨ ਪ੍ਰਕਾਸ਼ਤ ਹੋਈਆਂ ਅਤੇ ਸਿੱਧੇ ਰਿਕਾਰਡੋ ਨੂੰ ਲੈ ਲੈਂਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਉਸ ਨੇ ਨਾ ਕੇਵਲ ਆਪਣੇ ਤੋਂ ਪਹਿਲਿਆਂ ਨੂੰ ਸੰਖੇਪਿਆਂ ਤੇ ਉਹਨਾਂ ਦੇ ਵਿਚਾਰਾਂ ਨੂੰ ਵੱਧ ਗੰਭੀਰਤਾ ਨਾਲ਼ ਵਿਚਾਰਿਆਂ ਹੀ ਨਹੀਂ ਹੈ, ਬਲਕਿ ਇਸ ਲਈ ਵੀ, ਕਿ ਧਨਵੀ ਸਿਧਾਂਤ ਨੂੰ, ਜਿਸ ਰੂਪ ਵਿੱਚ ਉਸ ਨੇ ਰੱਖਿਆ, ਉਹ ਅੱਜ ਦਿਨ ਤੱਕ ਅੰਗਰੇਜ਼ੀ ਬੈਂਕ–ਕਾਨੂੰਨ ਉੱਪਰ ਹਾਵੀ ਚਲਿਆ ਆ ਰਿਹਾ ਹੈ। ਰਿਕਾਰਡੋ, ਬੈਂਕ–ਨੋਟਾਂ ਜਾਂ ਸ਼ਾਖ–ਧਨ ਦੇ ਚਲਨ ਨੂੰ ਸਾਧਾਰਨ ਕਦਰ–ਟੋਕਨਾਂ ਦੇ ਚਲਨ ਨਾਲ਼ ਗੱਡ–ਮੱਡ ਕਰ ਦੇਂਦਾ ਹੈ। ਬੜਾ ਤੱਥ, ਜਿਹੜਾ ਉਸ ਦੀ ਵਿਚਾਰ ਤੇ ਹਾਵੀ ਹੈ, ਉਹ ਕਾਗਜ਼ੀ ਧਨ ਦਾ ਮੁੱਲ ਘਟਾਅ ਅਤੇ ਜਿਣਸ ਕੀਮਤਾਂ ਵਿੱਚ ਵਧਾਅ, ਜਿਹੜਾ ਕਿ ਨਾਲ਼ੋਂ ਨਾਲ਼ ਹੁੰਦਾ ਹੈ। ਧਾਗਾ–ਸੂਈ ਬਾਜ਼ਾਰ ਵਿੱਚ ਕੰਮ ਕਰਦੇ ਛਾਪੇਖਾਨੇ, ਜਿਹੜੇ ਕਾਗਜ਼ੀ ਨੋਟ ਜਾਰੀ ਕਰਦੇ ਸਨ, ਰਿਕਾਰਡੋ ਲਈ ਉਹ, ਉਹੀ ਰੋਲ ਅਦਾ ਕਰ ਰਹੇ ਸਨ, ਜਿਹੜਾ ਹਿਊਮ ਲਈ ਅਮਰੀਕਾ ਦੀਆਂ ਖਾਣਾਂ ਕਰ ਰਹੀਆਂ ਸਨ ਅਤੇ ਇੱਕ ਪੈਰੇ ਵਿੱਚ ਰਿਕਾਰਡੋ, ਬਹੁਤ ਸਾਫ ਤੌਰ ’ਤੇ, ਇਹਨਾਂ ਦੋਹਾਂ ਕਾਰਨਾਂ ਨੂੰ ਮਿਲਾਉਂਦਾ ਵੀ ਹੈ। ਉਸ ਦੀ ਪਹਿਲੀ

ਲਿਖਤ, ਜਿਹੜੀ ਕਿ ਇਕੱਲੇ ਧਨਵੀ ਮਾਮਲਿਆਂ ਨਾਲ਼ ਹੀ ਸਬੰਧਤ ਹੈ, ਕਿਸ ਸਮੇਂ ਬਾਹਰ ਆਈ ? ਉਦੋਂ, ਜਦੋਂ ਕਿ ਇੱਕ ਬਹੁਤ ਹੀ ਤਿੱਖੀ ਬਹਿਸ, ਬੈਂਕ ਆਫ਼ ਇੰਗਲੈਂਡ, ਜਿਸ ਦੀ ਪਿੱਠ ਉੱਪਰ ਮਨਿਸਟਰ ਅਤੇ ਜੰਗ-ਪਾਰਟੀ ਸਨ, ਅਤੇ ਇਸ ਦੇ ਵਿਰੋਧੀਆਂ ਵਿਚਕਾਰ ਉੱਠੀ ਹੋਈ ਸੀ, ਜਿਹਨਾਂ ਦੇ ਚੌਗਿਰਦੇ, ਪਾਰਲੀਮਾਨੀ ਵਿਰੋਧੀ, ਵਿੰਗ ਅਤੇ ਅਮਨ-ਪਾਰਟੀ ਜੁੜੇ ਹੋਏ ਸਨ। ਇਹ ਲਿਖਤਾਂ, 1810 ਦੀ ਬੁਲੀਅਨ ਕਮੇਟੀ ਦੀ ਪ੍ਰਸਿੱਧ ਰਿਪੋਰਟ, ਜਿਸ ਨੇ ਰਿਕਾਰਡੋ ਦੇ ਵਿਚਾਰਾਂ* ਨੂੰ ਮਨਜ਼ੂਰ ਕਰ ਲਿਆ, ਦੇ ਸਿੱਧੇ ਪੇਸ਼-ਰੌਆਂ ਦੇ ਤੌਰ 'ਤੇ ਸਾਹਮਣੇ ਆਈਆਂ ਸਨ। ਮਜ਼ੇ ਵਾਲ਼ੀ ਗੱਲ ਇਹ ਹੈ ਕਿ ਰਿਕਾਰਡੋ ਅਤੇ ਉਸ ਦੇ ਹਮਾਇਤੀ, ਜਿਹੜੇ ਇਹ ਕਹਿੰਦੇ ਸਨ ਕਿ ਧਨ ਤਾਂ ਕੇਵਲ-ਮਾਤਰ ਇੱਕ ਕਦਰ-ਟੋਕਨ ਹੈ, ਉਹਨਾਂ ਨੂੰ ਬੁਲੀਅਨਵਾਦੀ ਕੇਵਲ ਇਸ ਕਰਕੇ ਹੀ ਨਹੀਂ ਕਿਹਾ ਜਾਣ ਲੱਗਾ, ਕਿਉਂਕਿ ਇਹ ਉਹਨਾਂ ਦੀ ਕਮੇਟੀ ਦਾ ਨਾਂ ਸੀ, ਬਲਕਿ ਇਸ ਕਰਕੇ ਵੀ, ਕਿਉਂਕਿ ਇਸ ਰਾਹੀਂ ਰਿਕਾਰਡੋ ਦੇ ਸਿਧਾਂਤ ਦਾ ਸਾਰ-ਤੱਤ ਜ਼ਾਹਿਰ ਹੁੰਦਾ ਸੀ। ਰਿਕਾਰਡੋ ਨੇ ਆਪਣੇ ਇਹਨਾਂ ਵਿਚਾਰਾਂ ਨੂੰ ਸਿਆਸੀ ਆਰਥਕਤਾ ਦੀ ਆਪਣੀ ਪੁਸਤਕ ਵਿੱਚ ਫੇਰ ਦੁਹਰਾਇਆ ਅਤੇ ਇਹਨਾਂ ਵਿੱਚ ਵਾਧਾ ਕੀਤਾ, ਪਰ ਉਸਨੇ ਕਿਤੇ ਵੀ ਧਨ ਨੂੰ ਇਸ ਤਰ੍ਹਾਂ ਨਹੀਂ ਜਾਂਚਿਆ-ਪੜਤਾਲ਼ਿਆ, ਜਿਵੇਂ ਕਿ ਉਸਨੇ ਤਬਾਦਲਾ-ਕਦਰ, ਮੁਨਾਫਾ, ਕਿਰਾਇਆ, ਆਦਿ ਨੂੰ ਛਾਣਿਆ-ਪੁਣਿਆ ਹੈ।

ਸ਼ੁਰੂ ਵਿੱਚ, ਰਿਕਾਰਡੋ, ਸੋਨੇ ਅਤੇ ਚਾਂਦੀ ਦੀ ਕਦਰ ਨੂੰ, ਸਾਰੀਆਂ ਹੋਰ ਜਿਣਸਾਂ ਦੀ ਕਦਰ ਵਾਂਗ ਹੀ ਆਂਕਦਾ ਹੈ, ਭਾਵ, ਉਹਨਾਂ ਅੰਦਰ ਸਾਕਾਰਿਤ ਹੋਈ ਕਿਰਤ-ਸਮੇਂ ਦੀ ਮਾਤਰਾ ਅਨੁਸਾਰ।** ਹੋਰ ਜਿਣਸਾਂ ਦੀ ਕਦਰ ਕੀਮਤੀ ਧਾਤਾਂ ਨੂੰ ਮੁੱਖ ਰੱਖ ਕੇ ਮਾਪੀ ਜਾਂਦੀ ਹੈ ਜਿਹੜੀਆਂ ਕਿ ਇਕ ਨਿਸ਼ਚਿਤ ਕਦਰ ਦੀਆਂ ਜਿਣਸਾਂ ਹਨ।*** ਇਸ ਤਰ੍ਹਾਂ ਕਿਸੇ ਦੇਸ਼ ਅੰਦਰ ਲੱਗੀ ਚਲਨ-ਵਸੀਲਿਆਂ ਦੀ ਮਾਤਰਾ, ਇੱਕ ਪਾਸੇ ਤਾਂ ਧਨ-ਮਾਪ ਦੀ ਕਦਰ ਤੋਂ ਨਿਸ਼ਚਿਤ ਹੁੰਦੀ ਹੈ ਅਤੇ ਦੂਜੇ ਪਾਸੇ, ਜਿਣਸਾਂ ਦੀਆਂ ਤਬਾਦਲਾ-ਕਦਰਾਂ ਦੇ ਕੁੱਲ ਤੋਂ। ਇਸ ਮਾਤਰਾ ਵਿੱਚ ਅਰਥਚਾਰੇ ਦੁਆਰਾ ਸੁਧਾਰ ਕੀਤਾ ਜਾਂਦਾ ਹੈ, ਜਿਸ ਨਾਲ਼ ਅਦਾਇਗੀਆਂ ਉੱਪਰ ਅਸਰ ਪੈਂਦਾ ਹੈ।**** ਇਸ ਤਰ੍ਹਾਂ, ਕਿਉਂਕਿ ਇੱਕ ਦਿੱਤੀ ਕਦਰ ਦੇ ਧਨ ਦੀ ਚਲਨ

---

* ਡੇਵਿਡ ਰਿਕਾਰਡੋ, '**ਬੁਲੀਅਨ ਦੀ ਉੱਚੀ ਕੀਮਤ, ਬੈਂਕ ਨੋਟਾਂ ਦੀ ਮੁੱਲ ਘਟਾਈ ਦਾ ਇੱਕ ਸਾਫ ਸਬੂਤ**,' ਚੌਥਾ ਐਡੀਸ਼ਨ, ਲੰਡਨ, 1811 (ਪਹਿਲਾ ਐਡੀਸ਼ਨ 1809 ਵਿੱਚ ਛਪਿਆ ਸੀ)। ਨਾਲ਼ ਹੀ, '**ਬੁਲੀਅਨ ਕਮੇਟੀ ਦੀ ਰਿਪੋਰਟ ਤੇ ਮਿ. ਬੋਸਾਨਕੁਈ ਦੀਆਂ ਅਮਲੀ ਤਸ਼ਰੀਹਾਂ ਦਾ ਜੁਆਬ**', ਲੰਡਨ, 1811।

** ਡੈਵਿਡ ਰਿਕਾਰਡੋ, "**ਸਿਆਸੀ ਆਰਥਕਤਾ ਅਤੇ ਟੈਕਸ ਨਿਰਧਾਰਣ ਦੇ ਅਸੂਲਾਂ ਬਾਰੇ**" ਪੰਨਾ 77. "ਉਹੋ ਆਮ ਨਿਯਮ, ਜਿਹੜਾ ਕਿ ਕੱਚੀ ਉਤਪਾਦ ਅਤੇ ਤਿਆਰ ਜਿਣਸਾਂ ਦੀ ਕਦਰ ਨੂੰ ਚਲਾਉਂਦਾ ਹੈ, ਧਾਤਾਂ ਉੱਪਰ ਵੀ ਲਾਗੂ ਹੁੰਦਾ ਹੈ, ਉਹਨਾਂ ਦੀ ਕਦਰ... ਧਾਤ ਨੂੰ ਹਾਸਲ ਕਰਨ ਅਤੇ ਬਾਜ਼ਾਰ ਤੱਕ ਲਿਆਉਣ ਵਿੱਚ ਲੱਗੀ ਜ਼ਰੂਰੀ ਕਿਰਤ ਦੀ ਕੁਝ ਮਾਤਰਾ 'ਤੇ ਨਿਰਭਰ ਕਰੇਗੀ।"

*** ਓਪ. ਸਿਟ. ਪੰਨਾ 77, 180, 181।

**** ਰਿਕਾਰਡੋ, ਓਪ. ਸਿਟ. ਪੰਨਾ 421, "ਧਨ ਦੀ ਜਿਸ ਮਾਤਰਾ ਨੂੰ ਕਿਸੇ ਦੇਸ਼ ਅੰਦਰ ਕੰਮ ⇨

ਵਿੱਚ ਆਈ ਮਾਤਰਾ ਦਾ ਪਤਾ ਲੱਗ ਜਾਂਦਾ ਹੈ, ਅਤੇ ਚਲਨ ਦੇ ਢਾਂਚੇ ਦੇ ਅੰਦਰ ਅੰਦਰ ਇਸ ਦੀ ਕਦਰ, ਕੇਵਲ ਇਸ ਦੀ ਮਿਕਦਾਰ ਨੂੰ ਹੀ ਜ਼ਾਹਿਰ ਕਰਦੀ ਹੈ, ਇਸ ਲਈ, ਚਲਨ ਖੇਤਰ ਦੇ ਅੰਦਰੋ ਅੰਦਰ, ਧਨ ਨੂੰ ਸਾਧਾਰਨ ਕਦਰ–ਟੋਕਨਾਂ ਨਾਲ਼ ਬਦਲਿਆ ਜਾ ਸਕਦਾ ਹੈ, ਪਰ ਸ਼ਰਤ ਇਹ ਹੈ ਕਿ ਇਹਨਾਂ ਨੂੰ ਧਨ ਦੀ ਕਦਰ ਤੋਂ ਨਿਸ਼ਚਿਤ ਮਾਤਰਾ ਵਿੱਚ ਜਾਰੀ ਕੀਤਾ ਗਿਆ ਹੋਵੇ। ਹੋਰ ਵੀ –

> "ਕੋਈ ਮੁਦਰਾ ਉਸ ਸਮੇਂ ਆਪਣੀ ਸਭ ਤੋਂ ਅੱਛੀ ਹਾਲਤ ਵਿੱਚ ਹੁੰਦੀ ਹੈ, ਜਦੋਂ ਕਿ ਇਹ ਸਾਰੀ ਦੀ ਸਾਰੀ ਕਾਗਜ਼ੀ ਧਨ ਦੀ ਬਣੀ ਹੁੰਦੀ ਹੈ, ਪਰ ਉਸ ਕਾਗਜ਼ੀ ਧਨ ਦੀ ਜਿਸ ਦੀ ਆਪਣੀ ਕਦਰ ਉਸ ਦੁਆਰਾ ਵਚਨ ਦਿੱਤੇ ਸੋਨੇ ਦੀ ਕਦਰ ਦੇ ਬਰਾਬਰ ਹੁੰਦੀ ਹੈ।*

ਇਸ ਤਰ੍ਹਾਂ ਹੁਣ ਤਾਈਂ, ਰਿਕਾਰਡੋ ਨੇ ਮੰਨ ਰੱਖਿਆ ਹੈ ਕਿ ਧਨ ਦੀ ਕਦਰ ਦਿੱਤੀ ਹੁੰਦੀ ਹੈ ਅਤੇ ਕਿ ਜਿਣਸਾਂ ਦੀਆਂ ਕੀਮਤਾਂ ਤੋਂ ਚਲਨ–ਵਸੀਲਿਆਂ ਦੀ ਮਾਤਰਾ ਨਿਸ਼ਚਿਤ ਹੁੰਦੀ ਹੈ। ਉਸ ਲਈ ਕਦਰ–ਟੋਕਨ ਦੇ ਤੌਰ 'ਤੇ ਧਨ ਉਹ ਟੋਕਨ ਹੁੰਦਾ ਹੈ, ਜਿਹੜਾ ਕਿ ਸੋਨੇ ਦੀ ਇੱਕ ਨਿਸ਼ਚਿਤ ਮਾਤਰਾ ਦੀ ਥਾਂ ਪੂਰਦਾ ਹੈ ਅਤੇ ਉਹ ਉਸ ਲਈ ਹਿਯੂਮ ਵਾਂਗ, ਜਿਣਸਾਂ ਦੀ ਥਾਂ ਪੂਰਦਾ ਹੈ, ਕੋਈ ਕਦਰ–ਰਹਿਤ ਚਿੰਨ੍ਹ ਮਾਤਰ ਨਹੀਂ ਹੈ।

ਜਦੋਂ ਰਿਕਾਰਡੋ ਚਾਨਚੱਕ ਹੀ ਆਪਣੇ ਸਿਧਾਂਤ ਦੀ ਚੰਗੀ ਭਲੀ ਹੋ ਰਹੀ ਪ੍ਰਗਤੀ ਨੂੰ ਵਿੱਚੋਂ ਹੀ ਰੋਕ ਲੈਂਦਾ ਹੈ ਅਤੇ ਉਸ ਤੋਂ ਉਲਟ ਨਜ਼ਰੀਆ ਅਪਨਾਉਣ ਲੱਗਦਾ ਹੈ, ਉਸ ਦੇ ਪਿੱਛੇ ਇੱਕ ਸਪਸ਼ਟ ਮੰਤਵ ਹੈ। ਉਹ ਇੰਝ ਕਰਕੇ ਕੀਮਤੀ ਧਾਤਾਂ ਦੀ ਕੌਮਾਂਤਰੀ ਆਵਾਜਾਈ 'ਤੇ ਪ੍ਰਭਾਵ ਪਾਉਣਾ ਚਾਹੁੰਦਾ ਹੈ ਅਤੇ ਇਸ ਤਰ੍ਹਾਂ ਉਹ ਬੇਮੇਲ ਪੱਖਾਂ ਨੂੰ ਦਾਖਲ ਕਰ ਕੇ ਮਸਲੇ ਨੂੰ ਗੁੰਝਲਦਾਰ ਬਣਾ ਦੇਂਦਾ ਹੈ। ਉਸ ਦੀ ਆਪਣੀ ਵਿਚਾਰ–ਲੜੀ ਨੂੰ ਫੜ ਕੇ ਆਓ, ਅਸੀਂ ਸਭ ਤੋਂ ਪਹਿਲਾਂ, ਸਾਰੇ ਬਨਾਉਟੀ ਅਤੇ ਇਤਫਾਕੀਆਂ ਪੱਖਾਂ ਦੀ ਕੁੰਜ ਨੂੰ ਇੱਕ ਪਾਸੇ ਲਾਹ ਸੁੱਟੀਏ ਅਤੇ ਸੋਨੇ ਤੇ ਚਾਂਦੀ ਦੀਆਂ ਖਾਣਾਂ ਨੂੰ ਉਹਨਾਂ ਦੇਸ਼ਾਂ ਦੇ ਅੰਦਰ ਹੀ ਖੋਜਣ ਦਾ ਯਤਨ

---

☞ ਵਿੱਚ ਲਾਇਆ ਜਾ ਸਕਦਾ ਹੈ, ਇਸ ਨੂੰ ਉਸ ਦੀ ਕਦਰ ਦੇ ਬਰਾਬਰ ਹੋਣਾ ਜ਼ਰੂਰੀ ਹੈ, ਜੇ ਇਕੱਲਾ ਸੋਨਾ ਹੀ ਜਿਣਸਾਂ ਦੇ ਚਲਨ ਲਈ ਕੰਮ ਵਿੱਚ ਲਾਇਆ ਜਾਣਾ ਹੈ, ਤਾਂ ਇਸ ਦੀ ਮਿਕਦਾਰ, ਇਸੇ ਮਤਲਬ ਲਈ ਲੋੜੀਂਦੀ ਚਾਂਦੀ ਦੀ ਮਿਕਦਾਰ ਦਾ ਕੇਵਲ ਪੰਦਰ੍ਹਾਂ ਹਿੱਸਾ ਹੋਵੇਗੀ।" ਰਿਕਾਰਡੋ ਨੂੰ ਅੱਗੇ ਵੀ ਉਸ ਦੀ ਪੁਸਤਕ "**ਇੱਕ ਬੱਚਤੀ ਤੇ ਸੁਰੱਖਿਅਤ ਮੁੱਦਰਾ ਬਾਰੇ ਸੁਝਾਅ**", ਲੰਡਨ, 1816, ਪੰਨਾ 8, ਵਿੱਚ ਦੇਖੋ, ਜਿੱਥੇ ਉਹ ਲਿਖਦਾ ਹੈ, ਉਹ ਧਾਤ ਦੀ ਮਿਕਦਾਰ, ਜਿਸ ਦਾ ਬਦਲ ਕਾਗਜ਼ੀ ਧਨ ਹੈ, ਜੇਕਰ ਕਾਗਜ਼ੀ ਧਨ ਪੂਰੇ ਦਾ ਪੂਰਾ ਜਾਂ ਅੰਸ਼ਕ ਕੰਮ ਵਿੱਚ ਲਿਆਇਆ ਜਾਂਦਾ ਹੈ, ਤਾਂ ਇਹ ਤਿੰਨ ਗੱਲਾਂ 'ਤੇ ਨਿਰਭਰ ਕਰੇਗੀ। ਪਹਿਲੀ, ਇਸ ਦੀ ਕਦਰ ਤੇ, ਦੂਜੀ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ ਦੀ ਮਾਤਰਾ ਜਾਂ ਕਦਰ 'ਤੇ ਅਤੇ ਤੀਜੀ ਉਹਨਾਂ ਅਦਾਇਗੀਆਂ ਨੂੰ ਕਰਦੇ ਸਮੇਂ ਅਮਲ ਵਿੱਚ ਲਿਆਂਦੀ ਗਈ ਬੱਚਤ ਦੀ ਮਾਤਰਾ।"

* ਰਿਕਾਰਡੋ, '**ਸਿਆਸੀ ਆਰਥਕਤਾ ਦੇ ਸਿਧਾਂਤ**', ਪੰਨਾ 432, 433।

ਕਰੀਏ, ਜਿਹਨਾਂ ਅੰਦਰ, ਕੀਮਤੀ ਧਾਤਾਂ ਧਨ ਦੇ ਰੂਪ ਵਿੱਚ ਵਰਤੀਂਦੀਆਂ ਹਨ। ਇੱਕੋ ਅਵਧਾਰਨਾ, ਜਿਹੜੀ ਕਿ ਹੁਣ ਤੱਕ ਦੀ ਰਿਕਾਰਡੋ ਦੀ ਪੁਣ-ਛਾਣ ਤੋਂ ਨਿਕਲੀ ਹੈ, ਉਹ ਇਹ ਹੈ ਕਿ ਜੇ ਸੋਨੇ ਦੀ ਕਦਰ ਦਿੱਤੀ ਹੋਵੇ, ਤਾਂ ਚਲਨ ਵਿੱਚ ਆਈ ਧਨ ਦੀ ਮਾਤਰਾ ਨੂੰ, ਜਿਣਸਾਂ ਦੀਆਂ ਕੀਮਤਾਂ ਤੋਂ ਆਂਕਿਆਂ ਜਾ ਸਕਦਾ ਹੈ। ਇਸ ਤਰ੍ਹਾਂ ਕਿਸੇ ਧੇਸ਼ ਅੰਦਰ ਵਰਤੋਂ ਵਿੱਚ ਆ ਰਹੀ ਸੋਨੇ ਦੀ ਮਿਕਦਾਰ ਦਾ ਨਿਸ਼ਚਾ, ਸੌਖਿਆਂ ਹੀ, ਕਿਸੇ ਖਾਸ ਸਮੇਂ ਤੇ ਚਲਨ ਵਿੱਚ ਮੌਜੂਦ, ਜਿਣਸਾਂ ਦੀ ਤਬਾਦਲਾ-ਕਦਰ ਤੋਂ ਕੀਤਾ ਜਾ ਸਕਦਾ ਹੈ। ਹੁਣ, ਜ਼ਰਾ ਇਹ ਮੰਨ ਲਓ, ਕਿ ਇਹਨਾਂ ਤਬਾਦਲਾ-ਕਦਰਾਂ ਦੀ ਕੁੱਲ ਮਿਕਦਾਰ ਘਟ ਜਾਂਦੀ ਹੈ, ਕਿਉਂਕਿ ਜਾਂ ਤਾਂ ਪਹਿਲੀਆਂ ਤਬਾਦਲਾ-ਕਦਰਾਂ ਤੋਂ ਘੱਟ ਮਿਕਦਾਰ ਦੀਆਂ ਜਿਣਸਾਂ ਪੈਦਾ ਹੋਈਆਂ ਹਨ ਜਾਂ ਜਿਣਸਾਂ ਤਾਂ ਉਤਨੀ ਹੀ ਮਿਕਦਾਰ ਦੀਆਂ ਬਣੀਆਂ ਹਨ, ਪਰ ਉਹਨਾਂ ਦੀ ਤਬਾਦਲਾ-ਕਦਰ ਘਟ ਹੈ, ਜਿਸ ਦਾ ਕਾਰਨ ਕਦਰ ਦੀ ਉਤਪਾਦਕਤਾ ਵਿੱਚ ਹੋਇਆ ਵਾਧਾ ਹੈ। ਜਾਂ ਆਓ ਅਸੀਂ, ਮੁਕਾਬਲਾ ਕਰਨ ਲਈ ਮੰਨ ਲਈਏ, ਕਿ ਕੁੱਲ ਮੀਜ਼ਾਨ ਤਬਾਦਲਾ-ਕਦਰ ਵੱਧ ਗਈ ਹੈ, ਕਿਉਂਕਿ ਜਿਣਸਾਂ ਦੀ ਪਹਿਲਾਂ ਤੋਂ ਵੱਡੀ ਮਿਕਦਾਰ ਪੈਦਾ ਹੋਈ ਹੈ, ਜਦੋਂ ਕਿ ਉਪਜ-ਲਾਗਤਾਂ ਪਹਿਲੀ ਥਾਂ ’ਤੇ ਹੀ ਟਿਕੀਆਂ ਹੋਈਆਂ ਹਨ; ਜਾਂ ਫੇਰ ਕਿਉਂਕਿ ਜਿਣਸਾਂ ਦੀ ਉਤਨੀ ਜਾਂ ਉਸ ਤੋਂ ਘੱਟ ਮਿਕਦਾਰ ਦੀ ਕਦਰ, ਕਿਰਤ-ਉਤਪਾਦਕਤਾ ਵਿੱਚ ਹੋਈ ਕਮੀ ਕਾਰਨ ਵੱਧ ਗਈ ਹੈ। ਇਹਨਾਂ ਹਾਲਤਾਂ ਵਿੱਚ, ਚਲਨ ਵਿੱਚ ਆਈ ਧਾਤ ਦੀ ਮੌਜੂਦਾ ਮਿਕਦਾਰ ਦਾ ਕੀ ਬਣੇਗਾ ? ਜੇਕਰ ਸੋਨਾ ਕੇਵਲ ਇਸ ਲਈ ਧਨ ਹੈ, ਕਿਉਂਕਿ ਇਸ ਦੀ ਵਰਤੋਂ ਚਲਨ-ਮਾਧਿਅਮ ਦੇ ਤੌਰ ’ਤੇ ਕੀਤੀ ਜਾਂਦੀ ਹੈ ਜੇ ਇਸ ਨੂੰ ਰਾਜ ਦੁਆਰਾ ਜਾਰੀ ਕੀਤੀ ਜ਼ਬਰੀ ਮੁਦਰਾ ਦੇ ਨਾਲ਼ੋਂ ਨਾਲ਼ ਕਾਗਜ਼ੀ ਧਨ ਵਾਂਗ, ਚਲਨ-ਖੇਤਰ ਵਿੱਚ ਟਿਕੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ (ਅਤੇ ਰਿਕਾਰਡੋ ਦਾ ਇਹੋ ਮਤਲਬ ਹੈ), ਤਾਂ ਚਲਨ ਵਿੱਚ ਆਏ ਧਨ ਦੀ ਮਾਤਰਾ, ਪਹਿਲੀ ਸੂਰਤ ਵਿੱਚ ਧਾਤ ਦੀ ਤਬਾਦਲਾ-ਕਦਰ ਨਾਲ਼ੋਂ ਵੱਧ ਹੋਵੇਗੀ, ਜਦੋਂ ਕਿ ਦੂਜੀ ਸੂਰਤ ਵਿੱਚ, ਇਹ ਆਪਣੇ ਆਪ ਪੱਧਰ ਤੋਂ ਹੇਠ ਚਲੀ ਜਾਵੇਗੀ। ਸੋਨੇ ਨੂੰ, ਭਾਵੇਂ ਇਕ ਖਾਸ ਮਿਕਦਾਰ ਦਿੱਤੀ ਹੋਈ ਹੈ, ਪਰ ਇੱਥੇ ਇਹ ਕੇਵਲ ਇੱਕ ਟੋਕਨ ਬਣ ਜਾਂਦਾ ਹੈ, ਜਿਹੜਾ ਪਹਿਲੀ ਸੂਰਤ ਵਿੱਚ, ਆਪਣੀ ਨਿੱਜ ਦੀ ਤਬਾਦਲਾ-ਕਦਰ ਤੋਂ ਘੱਟ ਤਬਾਦਲਾ-ਕਦਰ ਵਾਲ਼ੀ ਧਾਤ ਦੀ ਥਾਂ ਪੂਰਦਾ ਹੈ ਅਤੇ ਦੂਜੀ ਸੂਰਤ ਵਿੱਚ, ਆਪਣੀ ਤੋਂ ਉੱਚੀ ਕਦਰ ਵਾਲੀ ਦਾ। ਪਹਿਲੀ ਸੂਰਤ ਵਿੱਚ, ਸੋਨਾ, ਕਦਰ ਦੇ ਟੋਕਨ ਦੇ ਤੌਰ ’ਤੇ, ਆਪਣੀ ਅਸਲ ਕਦਰ ਤੋਂ ਹੇਠਾਂ ਚਲਾ ਜਾਵੇਗਾ, ਅਤੇ ਦੂਜੀ ਸੂਰਤ ਵਿੱਚ, ਉਸ ਤੋਂ ਉੱਪਰ ਚੜ੍ਹ ਜਾਵੇਗਾ (ਇੱਕ ਵਾਰੀ ਫੇਰ ਕਾਗਜ਼ੀ ਧਨ ਵਿੱਚੋਂ ਜਬਰੀ ਮੁਦਰਾ ਰਾਹੀਂ ਕਾਟ ਕਰ ਲਈ ਗਈ) ਇਸ ਦਾ ਪ੍ਰਭਾਵ ਇੱਕੋ ਹੋਵੇਗਾ, ਭਾਵ ਪਹਿਲੀ ਸੂਰਤ ਵਿੱਚ, ਸਾਰੀਆਂ ਜਿਣਸਾਂ ਦੀ ਕਦਰ; ਸੋਨੇ ਨਾਲ਼ੋਂ ਘੱਟ ਕਦਰ ਦੀ ਧਾਤ ਵਿੱਚ ਆਂਕੀ ਜਾਵੇਗੀ ਅਤੇ ਦੂਜੀ ਸੂਰਤ ਵਿੱਚ, ਕਿਸੇ ਉੱਚੀ ਕਦਰ ਵਾਲ਼ੀ ਧਾਤ ਵਿੱਚ। ਜਿਣਸਾਂ ਦੀਆਂ ਕੀਮਤਾਂ, ਇਸ ਤਰ੍ਹਾਂ ਪਹਿਲੀ ਸੂਰਤ ਵਿੱਚ ਚੜ੍ਹ ਜਾਣਗੀਆਂ ਅਤੇ ਦੂਜੀ ਵਿੱਚ ਹੇਠਾਂ ਆ ਜਾਣਗੀਆਂ। ਜਿਣਸਾਂ ਦੀਆਂ ਕੀਮਤਾਂ ਵਿੱਚ ਇਸ ਤਰ੍ਹਾਂ ਦਾ ਰੱਦੋ-ਬਦਲ, ਉਤਾਰ-ਚੜ੍ਹਾਅ, ਦੋਹਾਂ ਸੂਰਤਾਂ ਵਿੱਚ, ਚਲਨ ਵਿੱਚ ਆਏ ਸੋਨੇ

ਦੀ ਮਾਤਰਾ ਦੇ ਨਿਸਬਤ, ਵਾਧੇ-ਘਾਟੇ ਦੇ ਕਾਰਨ ਹੋਵੇਗਾ; ਇਸ ਦੀ ਆਪਣੀ ਕਦਰ ਦੇ ਪੱਧਰ ਤੋਂ, ਜਾਂ ਤਾਂ ਉੱਪਰ ਚੱਲਿਆ ਜਾਵੇਗਾ, ਜਾਂ ਫੇਰ ਹੇਠਾਂ ਡਿੱਗ ਜਾਵੇਗਾ; ਭਾਵ, ਸਧਾਰਨ ਮਿਕਦਾਰ ਦਾ ਨਿਸ਼ਚਾ, ਇਸ ਦੀ ਆਪਣੀ ਖੁਦ ਦੀ ਕਦਰ ਅਤੇ ਜਿਣਸਾਂ, ਜਿਹੜੀਆਂ ਕਿ ਚਲਨ ਵਿੱਚ ਆਉਣੀਆਂ ਹਨ, ਦੀ ਕਦਰ ਵਿਚਕਾਰਲੇ ਸਬੰਧ ਤੋਂ ਹੋਵੇਗਾ।

ਇਹੋ ਅਮਲ, ਉਸ ਸਮੇਂ ਵੀ ਦੇਖਣ ਨੂੰ ਮਿਲੇਗਾ, ਜਦੋਂ ਚਲਨ ਵਿੱਚ ਆਈਆਂ ਜਿਣਸਾਂ ਦੀ ਕੁੱਲ ਮੀਜ਼ਾਨੀ ਕੀਮਤ ਇੱਕੋ ਥਾਂ ਟਿਕੀ ਹੋਵੇਗੀ, ਪਰ ਚਲਨ ਵਿਚਲੇ ਸੋਨੇ ਦੀ ਮਿਕਦਾਰ ਜਾਂ ਤਾਂ ਹੇਠਾਂ ਚਲੀ ਜਾਵੇਗੀ, ਜਾਂ ਠੀਕ ਪੱਧਰ ਤੋਂ ਉੱਪਰ ਉੱਠ ਜਾਵੇਗੀ, ਪਹਿਲੀ ਸੂਰਤ ਹੋਣ ਦਾ ਕਾਰਨ ਇਹ ਹੋ ਸਕਦਾ ਹੈ ਕਿ ਚੱਲਦੇ ਸੋਨੇ ਦੇ ਸਿੱਕੇ ਘਸ ਗਏ ਹਨ, ਪਰ ਖਾਣਾਂ ਵਿੱਚ ਕਾਫੀ ਧਾਤਾਂ ਨਾ ਮਿਲ ਸਕਣ ਕਾਰਨ ਉਹਨਾਂ ਨੂੰ ਬਦਲਿਆ ਨਹੀਂ ਜਾ ਸਕਿਆ, ਦੂਜੀ ਤਾਂ ਹੋਵੇਗੀ, ਜੇ ਖਾਣਾਂ ਵਿੱਚੋਂ ਪ੍ਰਾਪਤ ਨਵੀਂ ਸਪਲਾਈ, ਚਲਨ ਦੀਆਂ ਲੋੜਾਂ ਨੂੰ ਪਾਰ ਕਰ ਗਈ ਹੋਵੇਗੀ। ਦੋਹਾਂ ਸੂਰਤਾਂ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਸੋਨੇ ਦੀ ਉਪਜ-ਲਾਗਤ, ਜਾਂ ਇਸ ਦੀ ਕਦਰ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ।

ਮੁੜ ਦੁਹਰਾਈਏ: ਜੇ ਜਿਣਸਾਂ ਦੀਆਂ ਤਬਾਦਲਾ-ਕਦਰਾਂ ਦਿੱਤੀਆਂ ਹੋਈਆਂ ਹਨ, ਤਾਂ ਚਲਨ-ਧਨ ਆਪਣੇ ਠੀਕ ਪੱਧਰ 'ਤੇ ਹੋਵੇਗਾ, ਜਦੋਂ ਇਸ ਦੀ ਮਿਕਦਾਰ ਦਾ ਨਿਸ਼ਚਾ, ਇਸ ਦੀ ਆਪਣੀ ਧਾਤਵੀ ਕਦਰ ਤੋਂ ਕੀਤਾ ਜਾਵੇਗਾ। ਇਹ ਆਪਣੇ ਪੱਧਰ ਤੋਂ ਵੱਧ ਜਾਂਦਾ ਹੈ, ਸੋਨਾ ਆਪਣੀ ਖੁਦ ਦੀ ਧਾਤਵੀ ਕਦਰ ਤੋਂ ਹੇਠਾਂ ਡਿੱਗ ਜਾਂਦਾ ਹੈ ਅਤੇ ਜਿਣਸਾਂ ਦੀਆਂ ਕੀਮਤਾਂ ਉੱਪਰ ਚੜ੍ਹ ਜਾਂਦੀਆਂ ਹਨ, ਜਦੋਂ ਵੀ ਜਿਣਸਾਂ ਦੀ ਕੁੱਲ ਮੀਜ਼ਾਨੀ ਤਬਾਦਲਾ-ਕਦਰ ਘੱਟਦੀ ਹੈ ਜਾਂ ਕਿ ਖਾਣਾਂ ਤੋਂ ਸੋਨੇ ਦੀ ਸਪਲਾਈ ਵਧ ਜਾਂਦੀ ਹੈ।

ਧਨ ਦੀ ਮਿਕਦਾਰ ਆਪਣੇ ਠੀਕ ਪੱਧਰ ਤੋਂ ਹੇਠਾਂ ਡਿੱਗ ਜਾਂਦੀ ਹੈ। ਸੋਨਾ ਆਪਣੀ ਖੁਦ ਦੀ ਧਾਤਵੀ ਕਦਰ ਤੋਂ ਉੱਚਾ ਉੱਠ ਜਾਂਦਾ ਹੈ ਅਤੇ ਜਿਣਸਾਂ ਦੀਆਂ ਕੀਮਤਾਂ ਵਿੱਚ ਮੰਦਾਂ ਆ ਜਾਂਦਾ ਹੈ, ਜਦੋਂ ਕਿ ਜਿਣਸਾਂ ਦੀ ਕੁਲ ਮੀਜ਼ਾਨੀ ਤਬਾਦਲਾ-ਕਦਰ ਵਧ ਜਾਂਦੀ ਹੈ ਜਾਂ ਖਾਣਾਂ ਤੋਂ ਸੋਨੇ ਦੀ ਪ੍ਰਾਪਤ ਸਪਲਾਈ ਘਿਸੇ ਸੋਨੇ ਨੂੰ ਬਦਲਣ ਲਈ ਨਾਕਾਫੀ ਹੁੰਦੀ ਹੈ। ਇਹਨਾਂ ਦੋਹਾਂ ਸੂਰਤਾਂ ਵਿੱਚ, ਚਲਨ ਵਿਚਲਾ ਸੋਨਾ, ਕੇਵਲ ਕਦਰ ਦਾ ਇੱਕ ਟੋਕਨ-ਮਾਤਰ ਹੁੰਦਾ ਹੈ ਜਿਹੜਾ ਕਿ ਆਪਣੀ ਅਸਲ ਕਦਰ ਤੋਂ, ਜਾਂ ਤਾਂ ਉੱਚੀ ਕਦਰ, ਜਾਂ ਨੀਵੀਂ ਕਦਰ ਦਾ ਥਾਂ ਪੂਰਦਾ ਹੈ। ਇਹ ਆਪਣੇ ਆਪ ਦਾ ਇੱਕ ਵੱਧ ਮੁੱਲਾ ਜਾਂ ਘੱਟ ਮੁੱਲਾ ਟੋਕਨ ਵੀ ਬਣ ਸਕਦਾ ਹੈ। ਜਦੋਂ ਕਿ ਜਿਣਸਾਂ ਆਮ ਕਰਕੇ, ਧਨ ਦੀ ਨਵੀਂ ਕਦਰ ਦੇ ਅਨੁਸਾਰ ਆਂਕੀਆਂ ਜਾਂਦੀਆਂ ਹਨ ਅਤੇ ਜਿਣਸ-ਕੀਮਤਾਂ, ਆਮ ਕਰਕੇ, ਉਸੇ ਅਨੁਸਾਰ ਉੱਪਰ ਚੜ੍ਹਦੀਆਂ ਜਾਂ ਹੇਠਾਂ ਆਉਂਦੀਆਂ ਹਨ, ਤਾਂ ਚਲਨ ਵਿਚਲੇ ਸੋਨੇ ਦੀ ਮਾਤਰਾ, ਇੱਕ ਵਾਰੀ ਫੇਰ ਚਲਨ-ਲੋੜਾਂ ਦੇ ਬਰਾਬਰ ਆ ਜਾਂਦੀ ਹੈ (ਇਸ ਸਿੱਟੇ ਉੱਤੇ ਰਿਕਾਰਡੋ ਖਾਸ ਤਸੱਲੀ ਦਾ ਪ੍ਰਗਟਾਅ ਕਰਦਾ ਹੈ), ਪਰ ਇਹ ਕੀਮਤੀ ਧਾਤਾਂ ਦੀਆਂ ਉਪਜ-ਲਾਗਤਾਂ ਤੋਂ ਫਰਕ ਵਾਲੀ ਹੋਵੇਗੀ ਅਤੇ ਇਸੇ ਕਰਕੇ, ਕੀਮਤੀ ਧਾਤਾਂ ਦੇ ਜਿਣਸ ਦੇ ਤੌਰ 'ਤੇ, ਹੋਰ ਜਿਣਸਾਂ ਨਾਲੋਂ ਸਬੰਧ ਵਿੱਚ ਵੀ ਫਰਕ ਹੋਵੇਗਾ। ਰਿਕਾਰਡੋ ਦੇ ਤਬਾਦਲਾ-ਕਦਰ ਦੇ ਆਮ ਸਿਧਾਂਤ ਦੇ ਅਨੁਸਾਰ ਸੋਨੇ ਦਾ

ਆਪਣੀ ਤਬਾਦਲਾ-ਕਦਰ ਨਾਲ਼ੋਂ ਉੱਚਿਆਂ ਚਲੇ ਜਾਣ, ਜਾਂ ਦੂਜੇ ਸ਼ਬਦਾਂ ਵਿੱਚ, ਆਪਣੀ ਕਿਰਤ ਸਮੇਂ ਦੁਆਰਾ ਨਿਸ਼ਚਿਤ ਕਦਰ ਤੋਂ ਵੱਧ ਕਦਰ ਪ੍ਰਾਪਤ ਕਰ ਲੈਣ ਦਾ ਇਹ ਨਤੀਜਾ ਹੋਵੇਗਾ ਕਿ ਇਸ ਦਾ ਉਤਪਾਦਨ ਵੱਧਦਾ ਜਾਵੇਗਾ, ਜਦੋਂ ਤੀਕ ਵਧੀ ਸਪਲਾਈ ਇਸ ਨੂੰ ਮੁੜ ਇਸ ਦੀ ਠੀਕ ਕਦਰ 'ਤੇ ਨਹੀਂ ਲੈ ਆਉਂਦੀ। ਜਾਂ ਦੂਜੇ ਪਾਸਿਓਂ ਲਈਏ; ਸੋਨੇ ਦਾ ਆਪਣੀ ਕਦਰ ਨਾਲ਼ੋਂ ਹੇਠਾਂ ਡਿੱਗ ਜਾਣ ਦਾ ਇਹ ਸਿੱਟਾ ਨਿਕਲੇਗਾ ਕਿ ਇਸ ਦੀ ਉਪਜ ਘਟਦੀ ਚਲੀ ਜਾਵੇਗੀ ਜਦੋਂ ਤੀਕ ਇਸ ਦੀ ਕਦਰ, ਮੁੜ ਆਪਣੀ ਠੀਕ ਪੱਧਰ 'ਤੇ ਨਹੀਂ ਆ ਜਾਂਦੀ। ਇਹ ਇੱਕ ਦੂਜੇ ਤੋਂ ਵਿਰੋਧੀ ਅਮਲ, ਸੋਨੇ ਦੀ ਧਾਤਵੀ ਕਦਰ ਅਤੇ ਚਲਨ-ਮਾਧਿਅਮ ਦੇ ਰੂਪ ਵਾਲੀ ਇਸ ਦੀ ਕਦਰ ਵਿਚਕਾਰਲੀ ਵਿਰੋਧਤਾਈ ਨੂੰ ਮਿਟਾ ਦੇਣਗੇ। ਚਲਨ ਵਿਚਲੇ ਸੋਨੇ ਦੀ ਮਿਕਦਾਰ ਆਪਣੇ ਛਠੀਕ ਪੱਧਰ ਤੇ ਪੁੱਜ ਜਾਵੇਗੀ ਅਤੇ ਜਿਣਸ-ਕੀਮਤਾਂ ਇੱਕ ਵਾਰੀ ਫੇਰ ਕਦਰ-ਮਿਆਰ ਦੇ ਅਨੁਸਾਰ ਹੋ ਜਾਣਗੀਆਂ। ਸੋਨੇ ਦੀ ਕਦਰ ਦੇ ਇਹ ਉਤਾਰ-ਚੜ੍ਹਾਅ, ਇਹ ਬਰਾਬਰ ਹੀ ਬੁਲੀਅਨ ਸੋਨੇ ਨੂੰ ਪ੍ਰਭਾਵਿਤ ਕਰਦੇ ਰਹਿਣਗੇ, ਕਿਉਂਕਿ ਮਾਨਤਾ ਇਹ ਰਹਿੰਦੀ ਹੈ ਕਿ ਸਾਰਾ ਸੋਨਾ, ਜਿਹੜਾ ਕਿ ਅੱਯਾਸ਼ੀ ਸਮੱਗਰੀ ਦੇ ਤੌਰ 'ਤੇ ਨਹੀਂ ਵਰਤਿਆ ਜਾਂਦਾ, ਉਹ ਚਲਨ ਵਿੱਚ ਹੀ ਰਹਿੰਦਾ ਹੈ। ਇਹ ਦੇਖਦੇ ਹੋਇਆ ਕਿ ਜਦੋਂ ਸੋਨਾ, ਭਾਵੇਂ ਸਿੱਕਾ-ਰੂਪ ਵਿੱਚ ਹੋਵੇ, ਜਾਂ ਬੁਲੀਅਨ ਰੂਪ ਵਿੱਚ, ਇਹ ਆਪਣੀ ਨਿੱਜ ਦੀ ਕਦਰ ਨਾਲ਼ੋਂ ਘੱਟ ਜਾਂ ਵੱਧ ਕਦਰ ਦਾ ਥਾਂ ਪੂਰਨ ਕਰਨ ਵਾਲ਼ਾ, ਕਦਰ-ਟੋਕਨ ਬਣ ਸਕਦਾ ਹੈ, ਤਾਂ ਇਹ ਵੀ ਸਪਸ਼ਟ ਹੈ ਕਿ ਚਲਨ ਵਿਚਲੇ ਸਾਰੇ ਬਦਲੇ ਜਾਣ ਵਾਲ਼ੇ ਬੈਂਕ-ਨੋਟ ਵੀ ਇਹ ਕਰ ਸਕਦੇ ਹਨ। ਭਾਵੇਂ ਬੈਂਕ-ਨੋਟ ਬਦਲੇ ਜਾਣ ਵਾਲੇ ਹੁੰਦੇ ਹਨ ਅਤੇ ਉਹਨਾਂ ਦੀ ਅਸਲ ਕਦਰ, ਇਸੇ ਅਨੁਸਾਰ ਉਹਨਾਂ ਦੀ ਨਾਂ-ਮਾਤਰ ਦੀ ਕਦਰ ਨਾਲ਼ ਮੇਲ ਖਾਂਦੀ ਹੈ, ਤਾਂ "ਧਾਤ ਦੀ ਜਾਂ ਬਦਲੇ ਜਾਣ ਵਾਲੇ ਨੋਟਾਂ ਤੋਂ ਮਿਲ ਕੇ ਬਣੀ ਕੁਲ ਮੀਜ਼ਾਨੀ ਮੁਦਰਾ" ਉਹਨਾਂ ਕਾਰਨਾਂ ਕਰਕੇ, ਜਿਹਨਾਂ ਦਾ ਪਿੱਛੇ ਜ਼ਿਕਰ ਆਇਆ ਹੈ, ਆਪਣੇ ਮੁੱਲ ਵਿੱਚ ਵੱਧ ਸਕਦੀ ਹੈ, ਜਾਂ ਘੱਟ ਸਕਦੀ ਹੈ, ਕੁੱਲ ਮਿਕਦਾਰ, ਉਸ ਪੱਧਰ ਤੋਂ ਜਿਹੜਾ ਕਿ ਚਲਨ-ਜਿਣਸਾਂ ਦੀ ਤਬਾਦਲਾ-ਕਦਰ ਅਤੇ ਸੋਨੇ ਦੀ ਧਾਤਵੀ-ਕਦਰ ਤੋਂ ਨਿਸ਼ਚਿਤ ਹੁੰਦਾ ਹੈ, ਵੱਧ ਜਾਂ ਘੱਟ ਜਾਂਦੀ ਹੈ। ਇਸ ਦ੍ਰਿਸ਼ਟੀਕੋਣ ਤੋਂ, ਨਾ ਬਦਲੇ ਜਾਣ ਵਾਲੇ ਕਾਗਜ਼ੀ ਧਨ ਨੂੰ ਬਦਲੇ ਜਾਣ ਵਾਲ਼ੇ ਧਨ ਨਾਲ਼ੋਂ ਇੱਕ ਲਾਭ ਹੈ, ਉਹ ਇਹ ਕਿ ਇਸ ਦੀ ਦੋ ਢੰਗਾਂ ਨਾਲ਼ ਮੁੱਲ ਘਟਾਈ ਹੋ ਸਕਦੀ ਹੈ। ਇਹ ਉਸ ਧਾਤ, ਜਿਸ ਦਾ ਥਾਂ-ਪੂਰਨ ਦਾ ਇਹ ਦਾਅਵਾ ਕਰਦੀ ਹੈ, ਦੀ ਕਦਰ ਨਾਲ਼ ਹੇਠਾਂ ਡਿੱਗ ਸਕਦੀ ਹੈ, ਕਿਉਂਕਿ ਇਹ ਲੋੜ ਤੋਂ ਵੱਧ ਜਾਰੀ ਹੋ ਚੁੱਕੀ ਹੈ, ਜਾਂ ਫਿਰ ਇਸ ਲਈ ਹੇਠਾਂ ਚਲੀ ਜਾਂਦੀ ਹੈ ਕਿਉਂਕਿ ਇਸ ਦੁਆਰਾ ਥਾਂ-ਪੂਰੀ ਧਾਤ ਦੀ ਆਪਣੀ ਕਦਰ ਗਿਰ ਚੁੱਕੀ ਹੁੰਦੀ ਹੈ। ਇਹ ਮੁੱਲ-ਘਟਾਈ ਸੋਨੇ ਦੀ ਤੁਲਨਾ ਵਿੱਚ, ਨੋਟਾਂ ਦੀ ਨਹੀਂ, ਬਲਕਿ ਸੋਨੇ ਅਤੇ ਨੋਟਾਂ, ਦੋਹਾਂ ਦੀ ਇਕੱਠਿਆਂ; ਅਰਥਾਤ, ਕਿਸੇ ਦੇਸ਼ ਦੇ ਕੁੱਲ ਮੀਜ਼ਾਨੀ ਚਲਨ-ਸਾਧਨਾਂ ਦੀ - ਇਹ ਰਿਕਾਰਡੋ ਦੀਆਂ ਪ੍ਰਮੁੱਖ ਖੋਜਾਂ ਵਿੱਚੋਂ ਇੱਕ ਹੈ, ਜਿਸ ਨੂੰ ਲਾਰਡ ਉਵਰਸਟੋਨ ਅਤੇ ਕੰਪਨੀ ਨੇ ਆਪਣੀਆਂ ਸੇਵਾਵਾਂ ਲਈ ਵਰਤਿਆ ਹੈ ਅਤੇ ਇਸ ਨੂੰ, ਸਰ ਰਾਬਰਟ ਪੀਲ ਦੇ 1844 ਅਤੇ 1845 ਦੇ ਬੈਂਕ ਕਾਨੂੰਨ ਦਾ ਇੱਕ ਬੁਨਿਆਦੀ ਅਸੂਲ ਬਣਾ ਲਿਆ ਹੈ।

ਕੀ ਦਿਖਾਇਆ ਜਾਣਾ ਸੀ, ਉਹ ਇਹ ਕਿ ਜਿਣਸਾਂ ਦੀ ਕੀਮਤ ਜਾਂ ਸੋਨੇ ਦੀ ਕਦਰ, ਚਲਨ ਵਿੱਚ ਆਏ ਸੋਨੇ ਦੀ ਮਿਕਦਾਰ 'ਤੇ ਨਿਰਭਰ ਕਰਦੀ ਹੈ। ਇਸ ਗੱਲ ਦਾ ਸਬੂਤ ਮੰਨ ਲੈਣ ਵਿੱਚ ਹੈ ਕਿ ਸਿੱਧ ਕਰਨਾ ਕੀ ਹੈ, ਅਰਥਾਤ, ਕੀਮਤੀ ਧਾਤ, ਜਿਹੜੀ ਵੀ ਧਨ ਰੂਪ ਵਿੱਚ ਵਰਤੀਂਦੀ ਹੈ, ਦੀ ਕੋਈ ਮਿਕਦਾਰ, ਬਿਨਾਂ ਇਸ ਖ਼ਿਆਲ ਤੋਂ ਕਿ ਉਸ ਦੀ ਅੰਦਰਲੀ ਕਦਰ ਕੀ ਹੈ, ਚਲਣ ਮਾਧਿਅਮ, ਜਾਂ ਕਿ ਸਿੱਕਾ ਬਣ ਜਾਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਚਲਨ ਵਿੱਚ ਆਈਆਂ ਜਿਣਸਾਂ ਲਈ ਕਦਰ ਦਾ ਇੱਕ ਟੋਕਨ, ਅਤੇ ਉਸ ਵਿੱਚ ਇਸ ਗੱਲ ਦਾ ਕੋਈ ਵਿਚਾਰ ਨਹੀਂ, ਕਿ ਉਹਨਾਂ ਦੀ ਕਦਰ ਦੀ ਕੁੱਲ ਮਿਕਦਾਰ ਹੈ। ਦੂਜੇ ਸ਼ਬਦਾਂ ਵਿੱਚ, ਇਹ ਸਬੂਤ, ਧਨ ਦੁਆਰਾ ਕੀਤੇ ਸਾਰੇ ਕਾਰਜਾਂ, ਸਿਵਾਏ ਚਲਣ-ਮਾਧਿਅਮ ਦੇ ਰੂਪ ਵਿੱਚ ਕੀਤੇ, ਉਸਦੇ ਕਾਰਜ ਦੇ, ਨੂੰ ਠੁੱਠ ਵਿਖਾਉਂਦਾ ਹੈ। ਜਦੋਂ ਰਿਕਾਰਡੋ, ਮਿਸਾਲ ਵਜੋਂ, ਬੋਸਾਨਕਿਊ ਨਾਲ਼ ਆਪਣੇ ਝਗੜੇ ਕਾਰਣ—ਜਿਸ ਵਿੱਚ ਕਦਰ-ਟੋਕਨਾਂ ਦੀ ਮੁੱਲ-ਘਟਾਈ ਦਾ ਵਰਤਾਰਾ, ਉਹਨਾਂ ਦੀ ਮਿਕਦਾਰ ਦੇ ਕਾਰਣ, ਪੂਰੀ ਤਰ੍ਹਾਂ ਹਾਵੀ ਹੈ—ਬਿਲਕੁਲ ਇਕੱਲਿਆਂ ਪੈ ਜਾਂਦਾ ਹੈ, ਤਾਂ ਉਹ ਕੱਟੜਵਾਦੀ ਦਾਅਵਿਆਂ 'ਤੇ ਉੱਤਰ ਆਉਂਦਾ ਹੈ।*

ਜੇ ਰਿਕਾਰਡੋ ਨੇ ਆਪਣੇ ਸਿਧਾਂਤ ਨੂੰ ਇੱਕ ਖ਼ਿਆਲੀ ਰੂਪ ਵਿੱਚ ਪੇਸ਼ ਕੀਤਾ ਹੁੰਦਾ, ਜਿਵੇਂ ਕਿ ਅਸੀਂ ਕੀਤਾ ਹੈ, ਬਿਨਾਂ ਠੋਸ ਹਾਲਾਤ ਅਤੇ ਇਤਫ਼ਾਕਿਆ ਪੱਖਾਂ ਨੂੰ ਦਿਖਾਇਆ, ਜਿਹੜੇ ਕਿ ਮੁੱਖ ਮਸਲੇ ਨੂੰ ਭਟਕਾਂਦੇ ਹਨ, ਤਾਂ ਉਸ ਦੀ ਪੋਲ ਬਿਲਕੁਲ ਹੀ ਸਾਫ਼ ਦਿਖਾਈ ਦੇ ਜਾਂਦੀ। ਪਰ ਉਹ ਤਾਂ ਸਾਰੇ ਵਿਸ਼ਲੇਸ਼ਣ ਨੂੰ ਇੱਕ **ਕੌਮਾਂਤਰੀ** ਜਾਮਾ ਪਹਿਨਾ ਦੇਂਦਾ ਹੈ। ਪਰ ਤਾਂ ਵੀ ਇਹ ਦਿਖਾਉਣਾ ਔਖਾ ਨਹੀਂ, ਕਿ ਮਾਪ ਦਾ ਪ੍ਰਤੱਖ ਆਕਾਰ, ਕਿਸੇ ਤਰ੍ਹਾਂ ਵੀ, ਬੁਨਿਆਦੀ ਵਿਚਾਰਾਂ ਦੀ ਮਹੱਤਵਹੀਣਤਾ 'ਤੇ ਪਰਦਾ ਪਾਉਣੋਂ ਅਸਮਰੱਥ ਹੈ।

ਇਸ ਲਈ ਪਹਿਲੀ ਅਵਧਾਰਨਾ ਇਹ ਸੀ: ਕਿ ਚਲਨ ਮੁਦਰਾ ਦੀ ਮਿਕਦਾਰ ਸਾਧਾਰਨ ਰਹਿੰਦੀ ਹੈ, ਜੇਕਰ ਇਸ ਦਾ ਨਿਸਚਾ, ਚਲਨ ਵਿੱਚ ਆਈਆਂ ਜਿਣਸਾਂ ਦੀ ਕੁੱਲ ਮੀਜ਼ਾਨੀ ਕਦਰ, ਜਿਹੜੀ ਕਿ ਮੁਦਰਾ ਦੀ ਧਾਤਵੀ ਕਦਰ ਦੇ ਅਨੁਸਾਰ ਆਂਕੀ ਜਾਂਦੀ ਹੈ, ਨਾਲ਼ ਕੀਤਾ ਜਾਂਦਾ ਹੈ। ਕੌਮਾਂਤਰੀ ਪਿੜ ਦੇ ਨਾਲ਼ ਮੇਲਿਆਂ ਇਸ ਦੇ ਅਰਥ ਇਹ ਬਣਦੇ ਹਨ: ਜਦੋਂ ਕਿ ਚਲਨ ਇੱਕ ਸਾਧਾਰਨ ਹਾਲ ਵਿੱਚ ਹੈ ਤਾਂ ਹਰ ਦੇਸ਼ ਅੰਦਰਲੇ ਧਨ ਦੀ ਮਿਕਦਾਰ, ਇਸ ਦੀ ਦੌਲਤ ਅਤੇ ਇਸ ਦੇ ਉੱਦਮ ਦੇ ਅਨੁਕੂਲ ਹੁੰਦੀ ਹੈ। ਚਲਨ ਵਿਚਲੇ ਧਨ ਦੀ ਕਦਰ ਇਸ ਦੀ ਅਸਲ ਕਦਰ ਭਾਵ ਇਸ ਦੀਆਂ ਉਪਜ ਲਾਗਤਾਂ ਦੇ ਮੁਤਾਬਕ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਧਨ ਦੀ **ਸਾਰੇ ਦੇਸ਼ਾਂ ਅੰਦਰ**, ਇੱਕੋ ਕਦਰ ਹੁੰਦੀ ਹੈ।** ਇਸ ਲਈ ਧਨ ਕਦੇ

---

* ਡੇਵਿਡ ਰਿਕਾਰਡੋ, '**ਮਿ. ਬੋਸਾਨਕਿਊ ਦੀਆਂ ਅਮਲੀ ਦਲੀਲਾਂ ਦਾ ਜੁਆਬ**', ਪੰਨਾ 49, "ਕਿ ਜਿਣਸਾਂ ਦੀਆਂ ਕੀਮਤਾਂ, ਧਨ ਦੇ ਵੱਧ ਜਾਂ ਘੱਟ ਹੋਣ ਦੀ ਨਿਸਬਤ ਨਾਲ਼, ਉੱਚੀਆਂ ਜਾਣਗੀਆਂ ਜਾਂ ਨੀਵੀਆਂ ਆਉਣਗੀਆਂ, **ਇੱਕ ਅਜਿਹੀ ਹਕੀਕਤ ਹੈ, ਜਿਸ ਨੂੰ ਮੈਂ ਸਮਝਦਾ ਹਾਂ ਕਿ ਇਹ ਬਿਲਕੁੱਲ ਨਾ ਬਦਲਣ ਵਾਲੀ ਹੈ।**"

** ਰਿਕਾਰਡੋ, '**ਬੁਲੀਅਨ ਦੀ ਉੱਚੀ ਕੀਮਤ**', "ਧਨ ਦੀ ਸਾਰੇ ਦੇਸ਼ਾਂ ਅੰਦਰ **ਇੱਕ ਹੀ ਕਦਰ** ਰਹੇਗੀ" (ਪੰਨਾ 4) ਰਿਕਾਰਡੋ ਨੇ ਆਪਣੀ ਇਸ ਅਵਧਾਰਨਾ ਦੀ ਪਰੋੜ੍ਹਤਾ ਆਪਣੀ '**ਸਿਆਸੀ ਆਰਥਕਤਾ ਦੇ ਅਸੂਲ**' ਨਾਮਕ ਰਚਨਾ ਵਿੱਚ ਵੀ ਕੀਤੀ ਹੈ। ਪਰ ਇਸ ਤਰ੍ਹਾਂ ਨਹੀਂ ਕਿ ਇਸ ਪ੍ਰਸੰਗ ਵਿੱਚ ਕੋਈ ਇਸ ਦੀ ਬਹੁਤੀ ਮਹੱਤਤਾ ਹੈ। *t*

ਵੀ ਇੱਕ ਦੇਸ਼ ਤੋਂ ਦੂਜੇ ਦੇਸ਼ ਨੂੰ (ਬਰਾਮਦ ਜਾਂ ਦਰਾਮਦ) ਨਹੀਂ ਬਦਲਿਆ ਜਾਵੇਗਾ।* ਇਸ ਤਰ੍ਹਾਂ ਵੱਖ-ਵੱਖ ਦੇਸ਼ਾਂ ਦੀਆਂ ਮੁਦਰਾਵਾਂ ਵਿਚਕਾਰ (ਚਲਨ ਵਿੱਚ ਆਏ ਧਨ ਦੀ ਕੁੱਲ ਮਾਤਰਾ) ਇੱਕ ਸਮਤੋਲ ਦੀ ਸਥਿਤੀ ਪੈਦਾ ਹੋ ਜਾਵੇਗੀ। ਕੌਮੀ ਮੁਦਰਾ ਦਾ, ਹੁਣ ਸਹੀ ਪੱਧਰ, ਕੌਮਾਂਤਰੀ ਮੁਦਰਾ-ਸਮਤੋਲ ਦੇ ਰੂਪ ਵਿੱਚ ਦਰਸਾਇਆ ਜਾਵੇਗਾ ਅਤੇ ਇਸ ਦਾ ਸਾਫ਼ ਮਤਲਬ ਹੈ ਕਿ ਕੌਮੀਅਤ ਆਮ ਆਰਥਕ ਕਨੂੰਨ ਨੂੰ ਬਿਲਕੁਲ ਪ੍ਰਭਾਵਿਤ ਨਹੀਂ ਕਰਦੀ। ਹੁਣ ਅਸੀਂ ਮੁੜ, ਪਹਿਲਾਂ ਵਾਂਗ, ਉਸੇ ਨਾਜ਼ਕ ਨੁਕਤੇ ’ਤੇ ਪਹੁੰਚ ਗਏ ਹਾਂ। ਸਹੀ ਪੱਧਰ, ਜਿਸ ਢੰਗ ਨਾਲ਼ ਹੁਣ ਅਦਲ-ਬਦਲ ਹੁੰਦਾ ਹੈ, ਉਸ ਨੂੰ ਇਸ ਤਰ੍ਹਾਂ ਰੱਖਿਆ ਜਾ ਸਕਦਾ ਹੈ: ਮੁਦਰਾਵਾਂ ਦਾ ਕੌਮਾਂਤਰੀ ਸਮਤੋਲ ਕਿਸ ਢੰਗ ਨਾਲ਼ ਅਦਲ-ਬਦਲ ਹੋ ਜਾਂਦਾ ਹੈ, ਜਾਂ ਧਨ, ਸਾਰੇ ਦੇਸ਼ਾਂ ਅੰਦਰ, ਇੱਕੋ ਕਦਰ ਰੱਖਣੋਂ ਕਿਉਂ ਰੁਕ ਜਾਂਦਾ ਹੈ, ਜਾਂ, ਅੰਦਮ, ਹਰ ਦੇਸ਼ ਅੰਦਰ ਇਹ ਕਿਉਂ ਆਪਣੀ ਖ਼ਾਸ ਕਦਰ ਰੱਖਣੋਂ ਬੰਦ ਹੋ ਜਾਂਦਾ ਹੈ ? ਜਿਵੇਂ ਪਹਿਲਾਂ ਸੀ, ਉਵੇਂ ਹੀ ਸਹੀ ਪੱਧਰ ਇਸ ਲਈ ਵਿਗੜਿਆ, ਕਿਉਂਕਿ ਚਲਨ ਵਿਚਲੇ ਸੋਨੇ ਦੀ ਮਾਤਰਾ, ਵਿੱਚ ਵਾਧਾ-ਘਾਟਾ ਹੋਇਆ, ਜਦੋਂ ਕਿ ਜਿਣਸਾਂ ਦੀ ਕੁੱਲ-ਮੀਜ਼ਾਨੀ ਕਦਰ ਅਬਦਲ ਰਹੀ; ਜਾਂ ਕਿ ਚਲਨ ਵਿਚਲੇ ਧਨ ਦੀ ਮਾਤਰਾ ਸਥਿਰ ਰਹੀ, ਜਦੋਂ ਕਿ ਜਿਣਸਾਂ ਦੀ ਤਬਾਦਲਾ-ਕਦਰ ਉੱਪਰ ਚਲੀ ਗਈ, ਜਾਂ ਹੇਠਾਂ ਆ ਗਈ। ਇਸ ਲਈ ਹੁਣ ਕੌਮਾਂਤਰੀ, ਪੱਧਰ, ਜਿਹੜਾ ਕਿ ਧਾਤ ਦੀ ਕਦਰ ਤੋਂ ਨਿਸਚਿਤ ਹੁੰਦਾ ਹੈ, ਵਿਗੜ ਜਾਂਦਾ ਹੈ, ਕਿਉਂਕਿ ਇੱਕ ਦੇਸ਼ ਅੰਦਰ ਨਵੀਆਂ ਸੋਨੇ ਦੀਆਂ ਖਾਣਾਂ ਦੀ ਖੋਜ ਹੋ ਜਾਣ ਕਾਰਨ, ਉਥੇ, ਸੋਨੇ ਦੀ ਮਾਤਰਾ ਵੱਧ ਗਈ**, ਜਾਂ ਕਿ ਕਿਸੇ ਖ਼ਾਸ ਦੇਸ਼ ਅੰਦਰ ਚਲਨ ਵਿੱਚ ਆਈਆਂ ਜਿਣਸਾਂ ਦੀ ਕੁਲ-ਮੀਜ਼ਾਨੀ ਤਬਾਦਲਾ-ਕਦਰ, ਉਤਾਂਹ ਚਲੀ ਗਈ ਜਾਂ ਹੇਠਾਂ ਆ ਗਈ। ਪਹਿਲਾਂ ਵਾਂਗ ਹੀ, ਕੀਮਤੀ ਧਾਤਾਂ ਦੀ ਪੈਦਾਵਾਰ, ਮੁਦਰਾ ਨੂੰ ਘਟਾਉਣ ਜਾਂ ਵਧਾਉਣ ਦੀ ਲੋੜ ਦੇ ਅਨੁਸਾਰ, ਘਟ ਗਈ ਜਾਂ ਵੱਧ ਗਈ ਅਤੇ ਇਸੇ ਦੇ ਅਨੁਸਾਰ ਜਿਣਸ-ਕੀਮਤਾਂ ਗਿਰ ਗਈਆਂ ਜਾਂ ਚੜ੍ਹ ਗਈਆਂ। ਇਸ ਲਈ, ਹੁਣ ਉਹੋ ਪ੍ਰਭਾਵ, ਇੱਕ ਦੇਸ਼ ਤੋਂ ਦੂਜੇ ਦੇਸ਼ ਨੂੰ ਬਰਾਮਦਾਂ ਜਾਂ ਦਰਾਮਦਾਂ ਕਰਕੇ ਪੈਦਾ ਕੀਤਾ ਜਾਂਦਾ ਹੈ। ਕਿਸੇ ਦੇਸ਼ ਅੰਦਰ, ਜਿੱਥੇ ਕੀਮਤਾਂ ਚੜ੍ਹੀਆਂ ਹੋਈਆਂ ਹਨ, ਅਤੇ ਵਧੇ ਚਲਨ ਕਾਰਨ, ਸੋਨੇ ਦੀ ਕਦਰ ਇਸ ਦੀ ਧਾਤਵੀ ਕਦਰ ਤੋਂ ਹੇਠਾਂ ਗਿਰੀ ਹੋਈ ਹੈ, ਉਥੇ ਸੋਨੇ ਦਾ ਮੁੱਲ ਦੂਜੇ ਦੇਸ਼ਾਂ ਦੀ ਤੁਲਨਾ ਵਿੱਚ ਘੱਟ ਜਾਵੇਗਾ, ਅਤੇ ਇਸੇ ਕਰਕੇ, ਜਿਣਸਾਂ ਦੀਆਂ ਕੀਮਤਾਂ, ਦੂਜੇ ਦੇਸ਼ਾਂ ਦੀ ਤੁਲਨਾ ਵਿੱਚ, ਉੱਚੀਆਂ ਚਲੀਆਂ ਜਾਣਗੀਆਂ। ਇਸ ਲਈ ਸੋਨਾ, ਬਰਾਮਦ ਕੀਤਾ ਜਾਵੇਗਾ, ਅਤੇ ਜਿਣਸਾਂ ਦਰਾਮਦ ਕੀਤੀਆਂ ਜਾਣਗੀਆਂ। ਇਸ ਤੋਂ ਉਲਟੀ ਪਰਿਸਥਿਤੀ ਵਿੱਚ ਹਾਲਾਤ ਇਸ ਤੋਂ ਵੱਖਰੀ ਕਿਸਮ ਦੇ ਹੋਣਗੇ। ਜਿਵੇਂ ਪਹਿਲਾਂ ਹੋਇਆ ਸੀ, ਉਵੇਂ ਹੀ ਸੋਨੇ ਦੀ ਪੈਦਾਵਾਰ ਹੁੰਦੀ ਰਹੇਗੀ, ਜਦੋਂ ਤੀਕ, ਸੋਨੇ ਅਤੇ ਜਿਣਸਾਂ ਵਿਚਕਾਰ ਕਦਰਾਂ ਦੀ ਠੀਕ ਨਿਸਬਤ ਨਹੀਂ ਮੁੜ ਸਥਾਪਤ ਹੋ ਜਾਂਦੀ; ਇਸ ਲਈ ਹੁਣ ਸੋਨੇ ਦੀ ਦਰਾਮਦ ਜਾਂ ਬਰਾਮਦ, ਜਿਣਸ-ਕੀਮਤਾਂ ਦੀ ਤੇਜ਼ੀ ਜਾਂ ਮੰਦੀ ਦੇ ਨਾਲ਼ੋ-ਨਾਲ਼, ਹੁੰਦੀ ਰਹੇਗੀ, ਜਦੋਂ ਤੀਕ

* ਓਪ. ਸਿਟ. ਪੰਨਾ 3-4।

** ਓਪ. ਸਿਟ. ਪੰਨਾ 4।

ਕੌਮਾਂਤਰੀ ਮੁੱਦਰਾਵਾਂ ਦਾ ਸਮਤੋਲ ਮੁੜ-ਸਥਾਪਤ ਨਹੀਂ ਹੋ ਜਾਂਦਾ। ਜਿਵੇਂ ਕਿ ਪਹਿਲੇ ਉਦਾਹਰਣ ਵਿੱਚ ਸੀ, ਉਵੇਂ ਹੀ, ਸੋਨੇ ਦੇ ਉਤਪਾਦਨ ਵਿੱਚ ਉਦੋਂ ਵਾਧਾ ਜਾਂ ਘਾਟਾ ਹੋਇਆ, ਜਦੋਂ ਕਿ ਸੋਨਾ ਆਪਣੀ ਕਦਰ ਨਾਲ਼ੋਂ ਉਤਾਂਹ ਜਾਂ ਹੇਠਾਂ ਖੜਾ ਹੋਇਆ; ਜਿਸ ਲਈ, ਹੁਣ ਸੋਨੇ ਦੀ ਕੌਮਾਂਤਰੀ ਆਵਾਜਾਈ ਵਿੱਚ ਉਸੇ ਕਾਰਨ ਦੇ ਅਨੁਸਾਰ ਹੋਈ। ਜਿਵੇਂ ਕਿ ਪਹਿਲੀ ਮਿਸਾਲ ਵਿੱਚ ਚਲਨ ਵਿੱਚ ਆਈ ਧਾਤ ਦੀ ਮਿਕਦਾਰ, ਅਤੇ ਉਸ ਕਾਰਨ ਕੀਮਤਾਂ, ਸੋਨੇ ਦੀ ਪੈਦਾਵਾਰ ਵਿੱਚ ਹੋਈ ਹਰ ਤਬਦੀਲੀ ਤੋਂ ਪ੍ਰਭਾਵਿਤ ਹੁੰਦੀਆਂ ਸਨ, ਉਸੇ ਤਰ੍ਹਾਂ ਹੁਣ, ਉਹ ਸੋਨੇ ਦੀ ਕੌਮਾਂਤਰੀ ਦਰਾਮਦ ਜਾਂ ਬਰਾਮਦ ਤੋਂ ਉਸ ਤਰ੍ਹਾਂ ਪ੍ਰਭਾਵਿਤ ਹੁੰਦੀਆਂ ਹਨ। ਜਦੋਂ ਕਿ ਸੋਨੇ ਅਤੇ ਜਿਣਸਾਂ ਦੀ ਸਾਪੇਖੀ ਕਦਰ, ਜਾਂ ਕਿ ਚਲਨ-ਵਸੀਲਿਆਂ ਦੀ ਸਾਧਾਰਨ ਮਿਕਦਾਰ ਸਥਾਪਤ ਹੋ ਜਾਂਦੀ ਹੈ, ਤਾਂ ਪਹਿਲੀ ਸੂਰਤ ਵਿੱਚ ਸੋਨੇ ਦੀ ਹੋਰ ਅੱਗੇ ਪੈਦਾਵਾਰ ਹੋਣੀ ਬੰਦ ਹੋ ਜਾਂਦੀ ਹੈ, ਅਤੇ ਦੂਜੀ ਵਿੱਚ, ਸੋਨੇ ਦੀ ਅੱਗੋਂ ਲਈ ਦਰਾਮਦ ਜਾਂ ਬਰਾਮਦ ਹੋਣੋਂ ਰੁਕ ਜਾਂਦੀ ਹੈ, ਸਿਵਾਏ ਘਿਸੇ ਸਿੱਕਿਆਂ ਨੂੰ ਬਦਲਣ ਲਈ ਜੋ ਚਾਹੀਦਾ ਹੈ, ਜਾਂ ਕਿ ਅੱਯਾਸ਼ੀ ਸਮਗਰੀ ਦੇ ਉਦਯੋਗ ਦੀਆਂ ਜੋ ਲੋੜਾਂ ਹੁੰਦੀਆਂ ਹਨ। ਇਸ ਤੋਂ ਇਹ ਸਿੱਧ ਹੋਇਆ:

> "ਕਿ ਮਾਲਾਂ ਦੇ ਤਬਾਦਲੇ ਵਿੱਚ ਧਨ ਨੂੰ ਬਰਾਮਦ ਕਰਨ ਦੀ ਲਾਲਸਾ, ਜਾਂ ਕਿ, ਜਿਸ ਨੂੰ ਵਪਾਰ ਦਾ ਨਾ-ਮਾਫਕ ਤੋਲ ਦਾ ਨਾਂ ਦਿੱਤਾ ਜਾਂਦਾ ਹੈ, ਕਦੇ ਨਹੀਂ ਪੈਦਾ ਹੁੰਦੀ, ਸਿਵਾਏ ਉਦੋਂ ਤੋਂ ਜਦੋਂ ਕੋਈ ਮੁੱਦਰਾ ਬੇ-ਲੋੜੀ ਹੋ ਜਾਂਦੀ ਹੈ।"*

ਸੋਨੇ ਦੀ ਦਰਾਮਦ ਜਾਂ ਬਰਾਮਦ ਤਾਂ, ਸਪਸ਼ਟ ਤੌਰ 'ਤੇ ਉਦੋਂ ਹੀ ਕੀਤੀ ਜਾਂਦੀ ਹੈ, ਜਦੋਂ ਕਿ ਧਾਤ ਦਾ ਮੁੱਲ, ਮੁੱਦਰਾ ਦੇ ਆਪਣੇ ਸਹੀ ਪੱਧਰ ਤੋਂ ਉੱਪਰ ਚੜ੍ਹਨ, ਜਾਂ ਕਿ ਉਸ ਪੱਧਰ ਤੋਂ ਹੇਠਾਂ ਡਿੱਗਣ ਦੇ ਕਾਰਨ, ਘੱਟਦਾ-ਵੱਧਦਾ ਹੈ।** ਇਸ ਤੋਂ ਅੱਗੇ ਇਹ ਸਿੱਟਾ ਨਿਕਲਦਾ ਹੈ ਕਿ ਕਿਉਂਕਿ, ਸਾਡੀ ਪਹਿਲੀ ਸੂਰਤ ਵਿੱਚ, ਸੋਨੇ ਦੀ ਪੈਦਾਵਾਰ ਵੱਧਦੀ ਜਾਂ ਘੱਟਦੀ ਹੈ ਅਤੇ ਸਾਡੀ ਦੂਜੀ ਸੂਰਤ ਵਿੱਚ ਸੋਨਾ ਦਰਾਮਦ ਜਾਂ ਬਰਾਮਦ ਕੀਤਾ ਜਾਂਦਾ ਹੈ, ਉਸ ਦਾ ਕਾਰਨ ਸਿਰਫ਼ ਇਹ ਹੁੰਦਾ ਹੈ ਕਿ ਇਸ ਦੀ ਮਿਕਦਾਰ ਇਸ ਦੇ ਸਹੀ ਪੱਧਰ ਤੋਂ ਉਪਰ ਚਲੀ ਜਾਂਦੀ ਹੈ ਜਾਂ ਘਟ ਜਾਂਦੀ ਹੈ, ਕਿਉਂਕਿ ਇਸ ਦਾ ਮੁੱਲ ਇਸ ਦੀ ਧਾਤਵੀ ਕਦਰ ਤੋਂ ਉਪਰ ਜਾਂ ਹੇਠਾਂ ਲਾਇਆ ਜਾਂਦਾ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਜਿਣਸਾਂ ਦੀਆਂ ਕੀਮਤਾਂ ਬਹੁਤ ਉੱਚੀਆਂ ਚੜ੍ਹ ਜਾਂਦੀਆਂ ਹਨ ਜਾਂ ਬਹੁਤ ਹੇਠਾਂ ਡਿੱਗ ਜਾਂਦੀਆਂ ਹਨ। ਇਹਨਾਂ ਹਰਕਤਾਂ ਵਿੱਚ ਹਰ ਇੱਕ ਆਪਣੇ ਖੁਦ ਦਾ ਸੁਧਾਰ ਬਣਦੀ ਹੈ।*** ਕਿਉਂਕਿ ਚਲਨ-ਧਨ ਦੀ ਮਿਕਦਾਰ ਦੇ ਵੱਧਣ ਜਾਂ ਘੱਟਣ ਨਾਲ਼ ਕੀਮਤਾਂ ਮੁੜ ਆਪਣੇ ਸਹੀ ਪੱਧਰ 'ਤੇ ਆ ਜਾਂਦੀਆਂ ਹਨ, ਜਿਸ ਦਾ ਕਿ ਨਿਸ਼ਚਾ, ਪਹਿਲੀ ਸੂਰਤ ਵਿੱਚ, ਸੋਨੇ ਦੀ ਕਦਰ ਅਤੇ ਜਿਣਸਾਂ ਦੀ ਕਦਰ, ਤੋਂ ਹੁੰਦਾ ਹੈ ਅਤੇ ਦੂਜੀ ਸੂਰਤ ਵਿੱਚ, ਮੁਦਰਾਵਾਂ ਦੇ ਕੌਮਾਂਤਰੀ ਪੱਧਰ ਤੋਂ। ਦੂਜੇ ਸ਼ਬਦਾਂ ਵਿੱਚ, ਇਸ ਨੂੰ

---

* ਰਿਕਾਰਡੋ ਓਪ. ਸਿਟ. ਪੰਨਾ 11, 12।

** ਸਿੱਕੇ ਦੀ ਬਰਾਮਦ, ਇਸ ਦੇ ਸਸਤੇ ਹੋਣ ਕਾਰਨ ਕੀਤੀ ਜਾਂਦੀ ਹੈ ਅਤੇ ਇਹ ਕਿਸੇ ਨਾਮਾਫਕ ਤੋਲ ਦਾ ਨਤੀਜਾ ਨਾ ਹੋ ਕੇ, ਉਲਟੇ ਉਸ ਦਾ ਕਾਰਨ ਹੁੰਦੀ ਹੈ" (ਓਪ. ਸਿਟ. ਪੰਨਾ 14)।

*** ਓਪ. ਸਿਟ. ਪੰਨਾ 17।

ਇੰਝ ਕਿਹਾ ਜਾ ਸਕਦਾ ਹੈ, ਕਿ ਵੱਖ ਵੱਖ ਦੇਸ਼ਾਂ ਵਿੱਚ ਧਨ ਤਾਂ ਹੀ ਚਲਨ ਵਿੱਚ ਰਹਿੰਦਾ ਹੈ, ਕਿਉਂਕਿ ਇਹ ਹਰ ਦੇਸ਼ ਅੰਦਰ ਬਤੌਰ ਸਿੱਕੇ ਦੇ ਪ੍ਰਚਲਿਤ ਹੈ। ਧਨ, ਕੇਵਲ ਮਾਤਰ ਮੁਦਰਾ ਹੈ ਅਤੇ ਕਿਸੇ ਦੇਸ਼ ਅੰਦਰਲੇ ਸੋਨੇ ਦੀ ਮਿਕਦਾਰ ਦਾ ਚਲਨ-ਖੇਤਰ ਵਿੱਚ ਦਾਖਲ ਹੋਣਾ ਜ਼ਰੂਰੀ ਹੈ; ਆਪਣੇ ਆਪ ਨੂੰ ਟੋਕਨ ਦੇ ਤੌਰ 'ਤੇ ਪੇਸ਼ ਕਰਦਾ, ਇਹ (ਸੋਨਾ) ਇਸ ਤਰ੍ਹਾਂ, ਆਪਣੀ ਕਦਰ ਨਾਲ਼ੋਂ ਉਤਾਂਹ ਚੜ੍ਹ ਸਕਦਾ ਹੈ, ਜਾਂ ਹੇਠਾਂ ਡਿੱਗ ਸਕਦਾ ਹੈ। ਇਹਨਾਂ ਕੌਮਾਂਤਰੀ ਭੁੱਲ ਭੁਲੱਈਆਂ ਦੇ ਚੱਕਰਦਾਰ ਰਾਹ ਵਿੱਚੋਂ ਦੀ ਹੁੰਦੇ ਹੋਇਆਂ ਅਸੀਂ ਸਾਧਾਰਨ ਥੀਸਿਸ 'ਤੇ ਪਰਤ ਆਉਂਦੇ ਹਾਂ, ਜਿਹੜਾ ਕਿ ਅਸਲ ਅੰਤਰ-ਬਿੰਦੂ ਬਣਦਾ ਹੈ।

ਕੁਝ ਹੀ ਮਿਸਾਲਾਂ ਇਹ ਸਿੱਧ ਕਰਨ ਲਈ ਕਾਫੀ ਹੋਣਗੀਆਂ ਕਿ ਰਿਕਾਰਡੋ ਨੇ ਕਿਵੇਂ ਅਸਲ ਘਟਨਾਵਾਂ ਨੂੰ ਆਪਣੇ ਖਿਆਲੀ ਸਿਧਾਂਤ ਨਾਲ਼ ਮੇਲ ਬਿਠਾਣ ਲਈ ਉਹਨਾਂ ਨੂੰ ਮਨਮਰਜ਼ੀ ਨਾਲ਼ ਛਿੱਲ-ਤਰਾਸ਼ ਲਿਆ। ਪਹਿਲੀ, ਉਹ ਦਾਅਵਾ ਕਰਦਾ ਹੈ, ਕਿ ਫਸਲ ਚੰਗੀ ਨਾ ਹੋਣ ਦੇ ਦਿਨਾਂ ਵਿੱਚ, ਜਿਹੜੀ ਗੱਲ ਕਿ 1800 ਅਤੇ 1820 ਦੇ ਦਰਮਿਆਨ ਇੰਗਲੈਂਡ ਅੰਦਰ ਆਮ ਹੁੰਦੀ ਰਹਿੰਦੀ ਸੀ, ਸੋਨਾ ਦੇਸ਼ੋਂ ਬਾਹਰ ਭੇਜਿਆ ਜਾਂਦਾ ਹੈ, ਇਸ ਲਈ ਨਹੀਂ, ਕਿਉਂਕਿ ਅਨਾਜ ਦੀ ਲੋੜ ਹੈ ਅਤੇ ਸੋਨਾ ਧਨ ਦਾ ਕੰਮ ਦੇਂਦਾ ਹੈ, ਭਾਵ, ਇਹ ਸੰਸਾਰ ਬਾਜ਼ਾਰ ਵਿੱਚ ਸਦਾ ਹੀ ਖਰੀਦ-ਵਸੀਲਿਆਂ ਅਤੇ ਅਦਾਇਗੀ-ਵਸੀਲਿਆਂ ਦਾ ਇੱਕ ਅਤਿ-ਕੁਸ਼ਲ ਸਾਧਨ ਹੈ। ਬਲਕਿ ਇਸ ਲਈ, ਕਿਉਂਕਿ ਸੋਨੇ ਦੀ ਕਦਰ, ਦੂਜੀਆਂ ਜਿਣਸਾਂ ਦੇ ਮੁਕਾਬਲੇ 'ਤੇ ਗਿਰ ਗਈ ਹੈ ਅਤੇ ਇਸ ਲਈ ਫਸਲਾਂ ਦੇ ਨਾ ਹੋਣ ਕਾਰਨ ਦੇਸ਼ ਦੀ ਮੁਦਰਾ ਤੇ ਜੋ ਪ੍ਰਭਾਵ ਪਿਆ ਹੈ, ਉਸਨੇ ਦੂਜੇ ਦੇਸ਼ਾਂ ਦੀਆਂ ਕੌਮੀ ਮੁਦਰਾਵਾਂ ਦੇ ਮੁਕਾਬਲੇ, ਉਸ ਦਾ ਮੁੱਲ ਘਟਾ ਦਿੱਤਾ ਹੈ। ਕਹਿਣ ਦਾ ਮਤਲਬ ਇਹ ਹੋਇਆ, ਕਿਉਂਕਿ ਭੈੜੀ ਫਸਲ ਚਲਨ ਦੀਆਂ ਜਿਣਸਾਂ ਦੀ ਮਿਕਦਾਰ ਨੂੰ ਘਟਾ ਦੇਂਦੀ ਹੈ, ਇਸ ਲਈ ਚਲਨ ਵਿਚਲੇ ਮੌਜੂਦ ਧਨ ਦੀ ਮਾਤਰਾ, ਆਪਣੇ ਆਮ ਪੱਧਰ ਤੋਂ ਵੱਧ ਜਾਂਦੀ ਹੈ ਅਤੇ ਇਸ ਕਾਰਨ ਸਾਰੀਆਂ ਜਿਣਸ-ਕੀਮਤਾਂ ਉੱਪਰ ਉੱਠ ਜਾਂਦੀਆਂ ਹਨ।* ਇਸ ਵਿਰੋਧਭਾਸ਼ੀ ਵਿਆਖਿਆ ਤੋਂ ਉਲਟ, ਅੰਕੜੇ

---

* ਰਿਕਾਰਡੋ, ਓਪ. ਸਿਟ. ਪੰਨਾ 74, 75। "ਇੰਗਲੈਂਡ, ਜਿੱਥੇ ਫਸਲ ਖਰਾਬ ਹੋਈ ਹੈ, ਉਹ ਉਹਨਾਂ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਜਿਹਨਾਂ ਨੂੰ ਆਪਣੀਆਂ ਜਿਣਸਾਂ ਦੇ ਇੱਕ ਭਾਗ ਤੋਂ ਵਿਹੂਣਾ ਹੋਣਾ ਪਵੇਗਾ, ਅਤੇ ਨਤੀਜੇ ਵਜੋਂ, ਉਸ ਨੂੰ ਚਲਨ-ਮਾਧਿਅਮ ਦੀ ਘਟੀ ਮਾਤਰਾ ਦੀ ਲੋੜ ਹੋਵੇਗੀ। ਮੁਦਰਾ, ਜਿਹੜੀ ਕਿ ਪਹਿਲਾਂ, ਉਸ ਦੀਆਂ ਅਦਾਇਗੀਆਂ ਦੇ ਬਰਾਬਰ ਸੀ, ਹੁਣ ਆਪਣੀ ਘਟੀ ਪੈਦਾਵਾਰ ਦੀ ਤੁਲਨਾ ਵਿੱਚ ਬਹੁਤ ਵਾਧੂ ਅਤੇ ਨਿਸਬਤਨ ਸਸਤੀ ਹੋ ਜਾਵੇਗੀ। ਇਸ ਵਾਧੂ ਰਕਮ ਦੀ, ਇਸ ਲਈ, ਕੀਤੀ ਬਰਾਮਦ, ਉਸ ਦੇਸ਼ ਦੀ ਮੁਦਰਾ ਨੂੰ, ਹੋਰਾਂ ਦੇਸ਼ਾਂ ਦੀਆਂ ਮੁਦਰਾਵਾਂ ਦੇ ਮੁਕਾਬਲੇ ਬਹਾਲ ਕਰ ਦੇਵੇਗੀ।" ਧਨ ਅਤੇ ਜਿਣਸਾਂ ਬਾਰੇ ਅਤੇ ਜਿਣਸਾਂ ਅਤੇ ਮੁੱਦਰਾ ਬਾਰੇ ਉਸ ਦੀ ਗਲਤ ਸਮਝ ਦਾ ਸਬੂਤ ਇਸ ਹੇਠਲੇ ਪੈਰੇ ਵਿੱਚ ਬਹੁਤ ਹੀ ਹਸਾਉਣੇ ਰੂਪ ਵਿੱਚ ਵੇਖਣ ਨੂੰ ਮਿਲਦਾ ਹੈ। "ਜੇ ਅਸੀਂ ਮੰਨ ਸਕਦੇ ਹਾਂ ਕਿ ਕਿਸੇ ਭੈੜੀ ਫਸਲ ਤੋਂ ਪਿੱਛੋਂ, ਜਦੋਂ ਇੰਗਲੈਂਡ ਲਈ ਅਨਾਜ ਦੀ ਇੱਕ ਅਸਧਾਰਨ ਦਰਾਮਦ ਦਾ ਮੌਕਾ ਹੈ, ਦੂਜਾ ਇੱਕ ਦੇਸ਼ ਹੈ, ਜਿੱਥੇ ਅਨਾਜ ਦੀ ਬਹੁਤਾਤ ਹੈ, ਪਰ ਉਸ ਨੂੰ ਕਿਸੇ ਪ੍ਰਕਾਰ ਦੀ ਵੀ, ਕਿਸੇ ਜਿਣਸ ਦੀ ਕੋਈ ਲੋੜ ਨਹੀਂ, ਇਸ ਦਾ ਲਾਜ਼ਮੀ ਤੌਰ 'ਤੇ ➪

ਇਹ ਜ਼ਾਹਰ ਕਰਦੇ ਹਨ ਕਿ ਇੰਗਲੈਂਡ ਅੰਦਰ 1793 ਤੋਂ ਲੈ ਕੇ ਅੱਜ ਦਿਨ ਤੱਕ, ਫਸਲਾਂ ਦੇ ਭੈੜੇ ਹੋਣ ਦੇ ਸਾਰੇ ਸਮਿਆਂ ਵਿੱਚ, ਉਸ ਸਮੇਂ ਮੌਜੂਦ ਚਲਨ-ਵਸੀਲਿਆਂ ਦੀ ਮਾਤਰਾ ਕਦੇ ਵੀ ਵਾਧੂ ਨਹੀਂ ਹੋਈ, ਬਲਕਿ ਇਸ ਤੋਂ ਉਲਟ, ਇਹ ਲੋੜ ਤੋਂ ਹੇਠਾਂ ਰਹਿੰਦੀ ਸੀ ਅਤੇ ਇਸ ਲਈ, ਪਹਿਲਾਂ ਨਾਲ਼ੋਂ ਵੱਧ ਧਨ, ਚਲਨ ਵਿੱਚ ਰਹਿੰਦਾ ਸੀ ਅਤੇ ਰਹਿਣਾ ਹੀ ਚਾਹੀਦਾ ਸੀ।*

ਨਪੋਲੀਅਨ ਦੀ ਕਾਂਟੀਨੈਂਟਲ ਪ੍ਰਣਾਲੀ ਅਤੇ ਬਰਤਾਨੀਆ ਦੀਆਂ ਨਾਕਾਬੰਦੀ-ਡਿਕਰੀਆਂ ਦੇ ਸਮੇਂ ਰਿਕਾਰਡੋ ਨੇ ਵੀ ਉਸੇ ਤਰ੍ਹਾਂ ਕਿਹਾ, ਕਿ ਬਰਤਾਨੀਆ ਨੇ ਕਾਂਟੀਨੈਂਟ (ਯੂਰਪ) ਨੂੰ ਜਿਣਸਾਂ ਦੀ ਥਾਂ ਤੇ ਸੋਨਾ ਇਸ ਲਈ ਬਰਾਮਦ ਕੀਤਾ, ਕਿਉਂਕਿ ਉੱਥੋਂ ਦੇ ਧਨ ਦਾ ਮੁੱਲ ਕਾਂਟੀਨੈਂਟਲ ਦੇਸ਼ਾਂ ਦੇ ਧਨ ਦੇ ਮੁਕਾਬਲੇ ਘੱਟ ਗਿਆ ਸੀ, ਇਸ ਲਈ ਉਹਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਉਚੇਰੀਆਂ ਸਨ ਅਤੇ ਇਸ ਤਰ੍ਹਾਂ ਸੋਨੇ ਦੀ ਬਰਾਮਦ, ਜਿਣਸਾਂ ਦੀ ਬਰਾਮਦ ਦੀ ਤੁਲਨਾ ਵਿੱਚ ਇੱਕ ਵੱਧ ਮੁਨਾਫੇ ਵਾਲ਼ਾ ਵਪਾਰਕ ਸੌਦਾ ਸੀ। ਉਸ ਅਨੁਸਾਰ ਬਰਤਾਨਵੀ ਬਾਜ਼ਾਰ ਵਿੱਚ ਜਿਣਸਾਂ ਮਹਿੰਗੀਆਂ ਸਨ ਅਤੇ ਧਨ ਸਸਤਾ ਸੀ, ਜਦੋਂ ਕਿ ਕਾਂਟੀਨੈਂਟ ਵਿੱਚ ਜਿਣਸਾਂ ਸਸਤੀਆਂ ਅਤੇ ਧਨ ਸਸਤਾ।

ਪਰ ਇੱਕ ਅੰਗਰੇਜ਼ੀ ਲੇਖਕ ਦਾ ਕਹਿਣਾ ਹੈ: "ਇਹ ਹਕੀਕਤ ਹੈ.... ਮੇਰਾ ਮਤਲਬ ਹੈ ਕਿ ਜੰਗ ਦੇ ਪਿਛਲੇ ਛੇ ਸਾਲਾਂ ਦੌਰਾਨ, 'ਕਾਂਟੀਨੈਂਟਲ ਪ੍ਰਣਾਲੀ' ਦੇ ਇੰਗਲੈਂਡ ਦੇ ਖਿਲਾਫ ਹਮਲੇ ਦੇ ਕਾਰਨ, ਸਾਡੇ ਤਿਆਰ ਮਾਲਾਂ ਅਤੇ ਸਾਡੀਆਂ ਬਸਤੀਵਾਦੀ ਪੈਦਾਵਾਰਾਂ ਦੀਆਂ ਕੀਮਤਾਂ ਬਰਬਾਦੀ ਦੀ ਹੱਦ ਤੀਕ ਨੀਵੀਆਂ ਗਈਆਂ ਹਨ। ਮਿਸਾਲ ਵਜੋਂ, ਚੀਨੀ ਅਤੇ ਕੌਫੀ ਦੀਆਂ ਕੀਮਤਾਂ, ਕਾਂਟੀਨੈਂਟ ਤੇ, ਸੋਨੇ ਵਿੱਚ ਗਿਣਿਆਂ, ਇੰਗਲੈਂਡ ਦੀਆਂ ਬੈਂਕ-ਨੋਟਾਂ ਵਿੱਚ ਗਿਣੀਆਂ ਕੀਮਤਾਂ ਨਾਲ਼ੋਂ ਚਾਰ ਜਾਂ ਪੰਜ ਗੁਣਾਂ ਉੱਚੀਆਂ ਸਨ। ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ, ਜਦੋਂ ਕਿ ਫ਼ਰਾਂਸੀਸੀ ਰਸਾਇਣ-ਵਿਗਿਆਨੀਆਂ ਨੇ ਚੁਕੰਦਰ ਤੋਂ ਚੀਨੀ ਦੀ, ਅਤੇ ਚਕੋਰੀ ਦੇ ਰੂਪ ਵਿੱਚ, ਕੌਫੀ ਦੇ ਬਦਲ ਦੀ, ਭਾਲ਼ ਕਰ ਲਈ ਸੀ ਅਤੇ ਜਦੋਂ ਕਿ ਅੰਗਰੇਜ਼ ਚਰਵਾਹਿਆਂ ਨੇ

---

⇨ਇਹ ਨਤੀਜਾ ਨਿਕਲੇਗਾ ਕਿ ਉਹ ਦੇਸ਼ ਆਪਣਾ ਅਨਾਜ ਜਿਣਸਾਂ ਦੇ ਬਦਲੇ ਬਰਾਮਦ ਨਹੀਂ ਕਰੇਗਾ, **ਪਰ ਨਾ ਹੀ ਇਹ ਧਨ ਲਈ ਆਪਣੇ ਅਨਾਜ ਦੀ ਬਰਾਮਦ ਕਰੇਗਾ**, ਕਿਉਂਕਿ ਉਹ ਇੱਕ ਜਿਣਸ ਹੈ ਜਿਸ ਨੂੰ ਕੋਈ ਕੌਮ ਸਾਪੇਖਕ ਹੀ ਲੋੜਦੀ ਹੈ, ਸੰਪੂਰਨ ਰੂਪ ਵਿੱਚ ਨਹੀਂ।" (ਐੱਲ. ਸੀ. ਪੰਨਾ 75)। ਆਪਣੇ ਮਹਾਂਕਾਵਿ ਵਿੱਚ ਪੁਸ਼ਕਿਨ ਬਿਆਨ ਕਰਦਾ ਹੈ ਕਿ ਉਸ ਦੇ ਨਾਇਕ ਦਾ ਪਿਤਾ ਇਹ ਸਮਝਣੋਂ ਅਸਮੱਰਥ ਰਹਿੰਦਾ ਹੈ ਕਿ ਜਿਣਸਾਂ ਧਨ ਹਨ। ਪਰ ਰੂਸੀਆਂ ਨੇ ਬਹੁਤ ਪਹਿਲਾਂ ਤੋਂ ਸਮਝ ਲਿਆ ਹੈ ਕਿ ਧਨ ਇੱਕ ਜਿਣਸ ਹੈ, ਇਸ ਦਾ ਸਬੂਤ, ਨਾ ਕੇਵਲ 1838 ਅਤੇ 1842 ਤੱਕ ਦੀਆਂ ਬਰਤਾਨਵੀ ਅਨਾਜ ਦੀਆਂ ਦਰਾਮਦਾਂ ਤੋਂ ਮਿਲ ਜਾਂਦਾ ਹੈ, ਬਲਕਿ ਉਹਨਾਂ ਦੇ ਵਪਾਰ ਦੇ ਸਾਰੇ ਇਤਿਹਾਸ ਤੋਂ ਵੀ।

* ਸੀ. ਐੱਫ. ਥਾਮਸ ਟੂਕੇ, '**ਕੀਮਤਾਂ ਦਾ ਇਤਿਹਾਸ**', ਅਤੇ ਜੇਮਜ਼ ਵਿਲਸਨ, '**ਸਰਮਾਇਆ, ਮੁਦਰਾ ਅਤੇ ਬੈਂਕਿੰਗ**' (ਪਿਛਲੀ ਪੁਸਤਕ, ਲੰਡਨ '**ਇਕੋਨਾਮਿਸਟ**' ਵਿੱਚ 1844, 1845 ਅਤੇ 1847 ਵਿੱਚ ਛਪੇ ਲੇਖਾਂ ਦੀ ਲੜੀ ਦਾ ਹੀ ਮੁੜ ਪ੍ਰਕਾਸ਼ਨ ਹੈ)।

ਬੈਲਾਂ ਨੂੰ ਲਾਟ ਅਤੇ ਸ਼ੀਰੇ (ਮੋਲਾਸਿਸ) ਉੱਪਰ ਮੋਟਿਆਂ ਕਰਨ ਦੇ ਤਜ਼ਰਬੇ ਆਰੰਭ ਕਰ ਦਿੱਤੇ ਸਨ; ਅਤੇ ਉਹਨਾਂ ਸਮਿਆਂ ਦੀ, ਜਦੋਂ ਕਿ ਅਸੀਂ ਹੈਲੀਗੋਲੈਂਡ ਟਾਪੂ ਉੱਪਰ ਇਸ ਨੀਅਤ ਨਾਲ਼ ਕਬਜ਼ਾ ਕਰ ਲਿਆ ਸੀ, ਕਿ ਉੱਥੇ ਆਪਣੇ ਮਾਲਾਂ ਦਾ ਇੱਕ ਡੀਪੂ ਬਣਾ ਲਿਆ ਜਾਵੇ ਅਤੇ ਉਸ ਦੇ ਰਾਹੀਂ, ਜੇ ਹੋ ਸਕੇ, ਤਾਂ ਇਹਨਾਂ ਮਾਲਾਂ ਨੂੰ ਉੱਤਰ ਯੂਰਪ ਵਿੱਚ 'ਸਮਗਲ' ਕੀਤਾ ਜਾਵੇ, ਅਤੇ ਜਦੋਂ ਕਿ ਬਰਤਾਨਵੀ ਤਿਆਰ-ਮਾਲਾਂ ਦੀਆਂ ਹਲਕੀਆਂ ਕਿਸਮਾਂ, ਤੁਰਕੀ ਦੇ ਰਾਹ ਜਰਮਨੀ ਵਿੱਚ ਅੱਪੜ ਰਹੀਆਂ ਸਨ। ਸੰਸਾਰ ਦੀ ਲਗਭਗ ਸਾਰੀ ਦੀ ਸਾਰੀ ਵਪਾਰ-ਸਮੱਗਰੀ, ਸਾਡੇ ਗੋਦਾਮਾਂ ਵਿੱਚ ਜਮ੍ਹਾਂ ਪਈ ਸੀ, ਜਿੱਥੇ ਕਿ ਉਹ ਕਾਠ ਮਾਰੀ ਪਈ ਰਹੀ, ਛੁੱਟ ਉਦੋਂ ਤੋਂ, ਜਦੋਂ ਇੱਕ ਫ਼ਰਾਂਸੀਸੀ ਲਾਇਸੈਂਸ ਮਿਲ ਜਾਣ ਨਾਲ਼ ਉਸ ਦੀ ਮਾਮੂਲੀ ਮਾਤਰਾ ਬਾਹਰ ਬਾਜ਼ਾਰ ਵਿੱਚ ਆਈ, ਅਤੇ ਉਹ ਵੀ ਕਿਵੇਂ ? ਕਿ ਹੈਂਬਰਗ ਜਾਂ ਐਮਸਟਰਡਮ ਦੇ ਵਪਾਰੀਆਂ ਨੇ ਕੋਈ ਚਾਲੀ-ਪੰਜਾਹ ਹਜ਼ਾਰ ਪੌਂਡ ਦੀ ਰਕਮ ਨਪੋਲੀਅਨ ਨੂੰ ਦਿੱਤੀ। ਉਹ ਜ਼ਰੂਰ ਹੀ ਬੜੇ ਅਜੀਬ ਵਪਾਰੀ ਸਨ.... ਕਿਉਂਕਿ ਉਹਨਾਂ ਨੇ ਇੱਕ ਮਹਿੰਗੇ ਬਾਜ਼ਾਰ ਤੋਂ ਇੱਕ ਸਸਤੇ ਬਾਜ਼ਾਰ ਨੂੰ ਲੈ ਜਾਣ ਲਈ, ਤਾਲੇ ਅੰਦਰ ਬੰਦ ਮਾਲ ਦੀ, ਇੰਨੀ ਭਾਰੀ ਰਕਮ ਅਦਾ ਕਰ ਕੇ ਬੰਦ-ਖਲਾਸੀ ਕਰਾਈ। ਵਪਾਰੀ ਅੱਗੇ ਕਹਿਣ ਨੂੰ ਚਾਰਾ ਹੀ ਕੀ ਰਹਿ ਗਿਆ ਸੀ ?.... ਜਾਂ ਤਾਂ ਬੈਂਕ-ਨੋਟਾਂ ਵਿੱਚ ਛੇ ਪੈਂਨਸਾਂ ਦੀ ਇੱਕ ਪੌਂਡ ਕੌਫੀ ਖਰੀਦੇ ਅਤੇ ਇਸ ਨੂੰ ਉਸ ਥਾਂ ਨੂੰ ਭੇਜੇ, ਜਿੱਥੇ ਇਹ ਜਾਂਦੀ ਹੀ, 3 ਸ਼ਲਿੰਗ ਜਾਂ 4 ਸ਼ਲਿੰਗ ਪ੍ਰਤੀ ਪੌਂਡ ਦੇ ਭਾਅ ਤੇ ਸੋਨੇ ਵਿੱਚ ਵਿਕੇ; ਜਾਂ ਫੇਰ, ਉਹ ਬੈਂਕ ਨੋਟਾਂ ਨਾਲ਼, 5 ਪੌਂਡਾਂ ਦਾ ਇੱਕ ਔਂਸ ਸੋਨਾ ਖਰੀਦੇ ਅਤੇ ਉਸ ਨੂੰ ਅਜਿਹੀ ਥਾਂ ਭੇਜੇ, ਜਿੱਥੇ ਉਸ ਨੂੰ ਜਾਂਦੇ ਹੀ ਇੱਕ ਔਂਸ ਲਈ 3 ਪੌਂਡ, 17 ਸ਼ਲਿੰਗ ਅਤੇ $10\frac{1}{2}$ ਪੈਂਸ ਮਿਲਣ। ...ਪਰ ਇਹ ਕਹਿਣਾ ਬਿਲਕੁਲ ਮਹਾਂ-ਮੂਰਖਤਾ ਹੈ, ਕਿ ਸੋਨਾ ਕੌਫ਼ੀ ਦੀ ਥਾਂ 'ਤੇ ਦੇ ਕੇ, ਇੱਕ ਫਾਇਦੇ ਵਾਲ਼ਾ ਵਪਾਰਕ ਸੌਦਾ ਕੀਤਾ ਗਿਆ ਸੀ... ਸੰਸਾਰ ਵਿੱਚ ਕੋਈ ਅਜਿਹਾ ਦੇਸ਼ ਨਹੀਂ, ਜਿਸ ਵਿੱਚ, ਇੱਕ ਔਂਸ ਸੋਨੇ ਦੇ ਬਦਲੇ ਇਤਨੀਆਂ ਚੰਗੀਆਂ ਮਰਜ਼ੀ ਦੀਆਂ ਵਸਤਾਂ ਮਿਲਦੀਆਂ ਹੋਣ, ਜਿੰਨੀਆਂ ਕਿ ਇੰਗਲੈਂਡ ਵਿੱਚੋਂ ਮਿਲਦੀਆਂ ਹਨ। .... ਬੋਨਾਪਾਰਟ ਬਰਤਾਨਵੀ ਕੀਮਤ ਉਤਾਰ-ਚੜ੍ਹਾਵਾਂ ਦੀ ਲਗਾਤਾਰ ਜਾਂਚ ਕਰਦਾ ਆ ਰਿਹਾ ਸੀ। ਜਦੋਂ ਤੀਕ ਉਸ ਨੂੰ ਦਿੱਸਦਾ ਰਿਹਾ, ਕਿ ਇੰਗਲੈਂਡ ਅੰਦਰ ਸੋਨਾ ਮਹਿੰਗਾ ਹੈ, ਕੌਫੀ ਸਸਤੀ ਹੈ, ਉਦੋਂ ਤੀਕ ਉਸ ਨੂੰ ਤਸੱਲੀ ਰਹੀ ਕਿ ਉਸ ਦੀ 'ਕਾਂਟੀਨੈਂਟਲ ਪ੍ਰਣਾਲੀ' ਠੀਕ ਠੀਕ ਕੰਮ ਕਰ ਰਹੀ ਹੈ।"*

1810 ਵਿੱਚ – ਜਦੋਂ ਕਿ ਰਿਕਾਰਡੋ ਨੇ ਪਹਿਲੀ ਵੇਰੀਂ, ਆਪਣਾ ਮੁੱਦਰਾ ਸਿਧਾਂਤ ਰੱਖਿਆ ਹੀ ਸੀ ਅਤੇ ਬੁਲੀਅਨ ਕਮੇਟੀ ਨੇ ਇਸ ਨੂੰ ਆਪਣੀ ਪਾਰਲੀਮਾਨੀ ਰਿਪੋਰਟ ਦਾ

* ਜੇਮਜ਼ ਡੈਕਨ ਹਿਊਮ, **'ਅਨਾਜ ਕਾਨੂੰਨਾਂ ਬਾਰੇ ਪੱਤਰ'** ਲੰਡਨ 1834, ਪੰਨਾ 29-31।

ਅੰਗ ਬਣਾ ਲਿਆ ਸੀ – ਸਾਰੀਆਂ ਬਰਤਾਨਵੀ ਜਿਣਸਾਂ ਦੀਆਂ ਕੀਮਤਾਂ, ਉਹਨਾਂ ਦੇ 1808 ਅਤੇ 1809 ਦੇ ਪੱਧਰ ਦੇ ਮੁਕਾਬਲੇ ਵਿੱਚ ਬਰਬਾਦੀ ਦੀ ਹਾਲਤ ਤੱਕ ਹੇਠਾਂ ਚਲੀਆਂ ਗਈਆਂ। ਜਦੋਂ ਕਿ ਸੋਨੇ ਦੀ ਸਾਪੇਖੀ ਕਦਰ ਉੱਪਰ ਉੱਠ ਗਈ। ਜ਼ਰਾਇਤੀ ਉਤਪਾਦਾਂ ਇਸ ਤੋਂ ਬਚੀਆਂ ਹੋਈਆਂ ਸਨ, ਕਾਰਨ ਕਿ ਉਹਨਾਂ ਦੀ ਬਾਹਰੋਂ ਦਰਾਮਦ 'ਤੇ ਪਾਬੰਦੀ ਲੱਗੀ ਹੋਈ ਸੀ ਅਤੇ ਦੇਸ਼ ਅੰਦਰ ਜੋ ਮਿਕਦਾਰ ਪ੍ਰਾਪਤ ਹੋ ਸਕਦੀ ਸੀ, ਉਹ ਮਾੜੀਆਂ ਫਸਲਾਂ ਕਰਕੇ ਬਹੁਤ ਘੱਟ ਗਈ।* ਰਿਕਾਰਡੋ, ਕੀਮਤੀ ਧਾਤਾਂ ਦੇ ਕਾਰਜ ਨੂੰ, ਜਿਹੜਾ ਕਿ ਉਹ ਅਦਾਇਗੀ ਦੇ ਕੌਮਾਂਤਰੀ-ਵਸੀਲੇ ਦੇ ਰੂਪ ਵਿੱਚ ਕਰਦੀਆਂ ਹਨ, ਇਤਨਾ ਗਲਤ ਤੌਰ 'ਤੇ ਸਮਝਿਆ ਕਿ ਉਸ ਨੇ (1819 ਵਿੱਚ) ਹਾਊਸ ਆਫ਼ ਲਾਰਡਜ਼ ਦੀ ਕਮੇਟੀ ਦੇ ਸਾਹਮਣੇ ਆਪਣੀ ਗਵਾਹੀ ਵਿੱਚ, ਇਹ ਐਲਾਨ ਕਰ ਦਿੱਤਾ:

"ਕਿ ਬਰਾਮਦਗੀਆਂ ਉੱਪਰ ਖਰਚ ਹੋਣ ਵਾਲ਼ਾ ਧਨ, ਸਾਰੇ ਦਾ ਸਾਰਾ, ਉਸੇ ਸਮੇਂ ਬੰਦ ਹੋ ਜਾਵੇਗਾ, ਜਦੋਂ ਕਿ ਨਕਦ ਅਦਾਇਗੀਆਂ ਚਾਲੂ ਹੋ ਜਾਣਗੀਆਂ ਅਤੇ ਮੁਦਰਾ ਆਪਣੇ ਧਾਤਵੀ ਪੱਧਰ ਨੂੰ ਬਹਾਲ ਹੋ ਜਾਵੇਗੀ।"

1825 ਦਾ ਸੰਕਟ, ਜਿਸ ਨੇ ਕਿ ਉਸ ਦੀ ਪੇਸ਼ੀਨਗੋਈ ਨੂੰ ਝੂਠਾ ਸਿੱਧ ਕਰ ਦਿੱਤਾ, ਅਜੇ ਸ਼ੁਰੂ ਨਹੀਂ ਹੋਇਆ ਸੀ, ਕਿ ਰਿਕਾਰਡੋ ਦੀ ਮ੍ਰਿਤੂ ਹੋ ਗਈ। ਰਿਕਾਰਡੋ ਦੀਆਂ ਸਾਹਿਤਕ ਸਰਗਰਮੀਆਂ ਦੇ ਸਮੇਂ, ਸੰਸਾਰ-ਧਨ ਦੇ ਰੂਪ ਵਿੱਚ ਕੀਮਤੀ ਧਾਤਾਂ ਦੇ ਕਾਰਜ ਦਾ ਅਧਿਐਨ ਕਰ ਸਕਣ ਲਈ, ਅਜੇ ਹਾਲਤ ਮਾਫਕ ਨਹੀਂ ਸਨ। ਕਾਂਟੀਨੈਂਟਲ ਪ੍ਰਣਾਲੀ ਦੇ ਥੱਪੇ ਜਾਣ ਤੋਂ ਪਹਿਲਾਂ, ਬਰਤਾਨੀਆ ਦਾ ਵਪਾਰ-ਤੋਲ, ਲਗਾਤਾਰ ਮਾਫਕ ਚਲਿਆ ਆ ਰਿਹਾ ਸੀ ਅਤੇ ਜਦੋਂ ਤੀਕ ਪ੍ਰਣਾਲੀ ਲਾਗੂ ਰਹੀ, ਉਸ ਦੇ ਯੂਰਪ ਕਾਂਟੀਨੈਂਟ ਨਾਲ਼ ਵਪਾਰਕ ਸੌਦੇ ਇਤਨੇ ਮਾਮੂਲੀ ਸਨ ਕਿ ਉਹਨਾਂ ਦਾ ਬਰਤਾਨਵੀ ਤਬਾਦਲਾ-ਦਰ 'ਤੇ ਕੋਈ ਅਸਰ ਨਹੀਂ ਪੈ ਰਿਹਾ ਸੀ। ਧਨ ਦੀ ਬਦਲੀ, ਉਸ ਸਮੇਂ ਤੀਕ ਮੁੱਖ ਤੌਰ 'ਤੇ ਸਿਆਸੀ ਖਾਸੇ ਵਾਲ਼ੀ ਸੀ। ਅਤੇ ਲੱਗਦਾ ਸੀ ਕਿ ਰਿਕਾਰਡੋ ਨੇ, ਬਰਤਾਨਵੀ ਸੋਨਾ ਬਰਾਮਦ ਵਿੱਚ, ਇਮਦਾਦਾਂ (ਸਬਸਿਡੀਆਂ) ਕੀ ਰੋਲ ਅਦਾ ਕਰਦੀਆਂ ਹਨ, ਉਸ ਨੂੰ ਬਿਲਕੁਲ ਹੀ ਗਲਤ ਤਰੀਕੇ ਨਾਲ਼ ਸਮਝਿਆ।**

ਰਿਕਾਰਡੋ ਦੇ ਸਮਕਾਲੀਆਂ ਵਿੱਚੋਂ, ਉਸ ਦੇ ਸਿਆਸੀ ਆਰਥਕਤਾ ਸਬੰਧੀ ਅਸੂਲਾਂ ਨੂੰ ਮੰਨਣ ਵਾਲ਼ਿਆਂ ਵਿੱਚੋਂ, ਸਭ ਤੋਂ ਮਹੱਤਵਪੂਰਨ **'ਜੇਮਜ਼ ਮਿਲ'** ਸੀ। ਉਸ ਨੇ ਸਧਾਰਨ ਧਨਵੀ ਮੁਦਰਾ ਦੇ ਅਧਾਰ 'ਤੇ ਰਿਕਾਰਡੋ ਦੇ ਧਨਵੀ ਸਿਧਾਂਤ ਨੂੰ ਵਿਆਖਿਆਣ ਦਾ ਯਤਨ ਕੀਤਾ ਹੈ, ਇਹ ਕਰਦਿਆਂ ਉਸ ਨੇ ਉਹਨਾਂ ਅਸਬੰਧਤ ਕੌਮਾਂਤਰੀ ਗੁੰਝਲਾਂ ਨੂੰ ਵਾਂਝੇ ਰੱਖਿਆ ਹੈ, ਜਿਹੜੀਆਂ ਕਿ ਰਿਕਾਰਡੋ ਦੀ ਕਲਪਨਾ ਦੀ ਘਾਟ ਉੱਪਰ ਪਰਦਾ ਪਾਉਂਦੀਆਂ ਹਨ; ਉਸ ਨੇ ਬੈਂਕ ਆਫ਼ ਇੰਗਲੈਂਡ ਦੇ ਕੰਮ-ਕਾਰ ਬਾਰੇ, ਜੋ ਝਗੜੇ ਵਾਲੀਆਂ ਗੱਲਾਂ ਸਨ, ਉਹਨਾਂ ਨੂੰ

---

* ਥਾਮਸ ਟੂਕੇ, **'ਕੀਮਤਾਂ ਦਾ ਇਤਿਹਾਸ'**, ਲੰਡਨ, 1848, ਪੰਨਾ 110।

** ਸੀ. ਐੱਫ. ਡਬਲਿਯੂ. ਬਲੇਕ, **'ਨਿਰੀਖਣ'** ਪਿੱਛੇ ਹਵਾਲੇ ਦਿੱਤੇ ਗਏ।

ਵੀ ਸਾਹਮਣੇ ਨਹੀਂ ਲਿਆਂਦਾ। ਉਸ ਦੇ ਪ੍ਰਮੁੱਖ ਕਥਨ ਹੇਠਾਂ ਦਿੱਤੇ ਅਨੁਸਾਰ ਹਨ।*

> "ਧਨ ਦੀ ਕਦਰ ਤੋਂ ਇੱਥੇ ਉਸ ਭਾਗ ਨੂੰ ਸਮਝਣਾ ਚਾਹੀਦਾ ਹੈ ਜਿਸ ਵਿੱਚ ਇਹ ਹੋਰ ਜਿਣਸਾਂ ਨਾਲ਼ ਬਦਲਦੀ ਹੈ, ਜਾਂ ਕਿ ਉਸ ਮਿਕਦਾਰ ਨੂੰ, ਜਿਹੜੀ ਹੋਰ ਵਸਤਾਂ ਦੀ ਕਿਸੇ ਖਾਸ ਮਿਕਦਾਰ ਨਾਲ਼ ਬਦਲਦੀ ਹੈ....। ਕਿਸੇ ਦੇਸ਼ ਅੰਦਰਲੇ ਧਨ ਦੀ ਕੁੱਲ ਮਿਕਦਾਰ ਨਾਲ਼ ਇਸ ਗੱਲ ਦਾ ਨਿਸ਼ਚਾ ਕੀਤਾ ਜਾਂਦਾ ਹੈ ਕਿ ਉਸ ਮਿਕਦਾਰ ਦਾ ਕਿੰਨਾ ਭਾਗ, ਉਸ ਦੇਸ਼ ਵਿਚਲੇ ਮਾਲਾਂ ਜਾਂ ਜਿਣਸਾਂ ਨਾਲ਼ ਬਦਲਿਆ ਜਾਵੇਗਾ ਜੇ ਅਸੀਂ ਮੰਨ ਲਈਏ ਕਿ ਦੇਸ਼ ਦੇ ਸਾਰੇ ਮਾਲ ਇੱਕ ਪਾਸੇ ਹਨ ਅਤੇ ਸਾਰਾ ਧਨ ਦੂਜੇ ਪਾਸੇ ਅਤੇ ਕਿ ਉਹ ਸਾਰੇ ਦੇ ਸਾਰੇ ਇਕੋ ਸਮੇਂ ਇੱਕ ਦੂਜੇ ਨਾਲ਼ ਬਦਲੇ ਜਾਂਦੇ ਹਨ.... ਇਹ ਸਪੱਸ਼ਟ ਹੈ ਕਿ ਧਨ ਦੀ ਕਦਰ, ਸਾਰੀ ਦੀ ਸਾਰੀ ਇਸ ਦੀ ਮਿਕਦਾਰ 'ਤੇ ਨਿਰਭਰ ਕਰੇਗੀ। ਇਸ ਤਰ੍ਹਾਂ ਲੱਗੇਗਾ, ਕਿ ਅਸਲੀਅਤ ਵਿੱਚ ਵੀ, ਸਭ ਕੁੱਝ, ਠੀਕ ਇੰਝ ਹੀ ਹੁੰਦਾ ਹੈ। ਕਿਸੇ ਦੇਸ਼ ਦੇ ਸਾਰੇ ਮਾਲ, ਦੇਸ਼ ਦੇ ਸਾਰੇ ਧਨ ਨਾਲ਼ ਇਕੋ ਵਾਰ ਕਦੇ ਬਦਲੇ ਨਹੀਂ ਜਾਂਦੇ। ਮਾਲ ਟੁਕੜਿਆਂ ਵਿੱਚ ਬਦਲੇ ਜਾਂਦੇ ਹਨ ਅਤੇ ਬਹੁਤ ਕਰਕੇ ਤਾਂ, ਬਹੁਤ ਹੀ ਛੋਟੇ ਟੁਕੜਿਆਂ ਵਿੱਚ, ਅਤੇ ਇਹ ਹੁੰਦਾ ਵੀ, ਵੱਖ ਵੱਖ ਸਮਿਆਂ 'ਤੇ ਹੈ, ਸਾਰੇ ਸਾਲ ਦੇ ਦੌਰਾਨ। ਧਨ ਦੇ ਜਿਸ ਭਾਗ ਨਾਲ਼ ਅੱਜ ਇੱਕ ਤਬਾਦਲਾ ਕੀਤਾ ਹੈ ਹੋ ਸਕਦਾ ਹੈ ਕੱਲ੍ਹ ਨੂੰ ਉਸੇ ਨਾਲ਼ ਦੂਸਰਾ ਤਬਾਦਲਾ ਕੀਤਾ ਜਾਵੇ; ਕਈ ਟੁਕੜਿਆਂ ਨੂੰ ਬਹੁਤ ਅਧਿਕ ਤਬਾਦਲਿਆਂ ਲਈ ਵਰਤਿਆ ਜਾ ਸਕਦਾ ਹੈ, ਕਈਆਂ ਨੂੰ ਬਹੁਤ ਹੀ ਘੱਟ ਲਈ, ਅਤੇ ਕਈਆਂ ਨੂੰ ਜਿਹੜੇ ਕਿ ਜ਼ਖੀਰੇ ਕੀਤੇ ਪਏ ਹਨ, ਉਹਨਾਂ ਦੀ ਬਿਲਕੁਲ ਇਸ ਕੰਮ ਲਈ ਕੋਈ ਵਰਤੋਂ ਨਹੀਂ ਹੋਈ ਹੋਣੀ। ਇਹਨਾਂ ਸਾਰੇ ਫਰਕਾਂ ਦੇ ਰਹਿੰਦਿਆਂ ਵੀ, ਤਬਾਦਲਿਆਂ ਦੀ ਇੱਕ ਖਾਸ ਔਸਤ ਸੰਖਿਆ ਅਵੱਸ਼ ਹੋਵੇਗੀ, ਜਿਸ ਵਿੱਚ ਕਿ ਸਾਰੇ ਟੁਕੜਿਆਂ ਨੇ ਆਪਣੀ ਆਪਣੀ ਥਾਂ ਇੱਕੋ ਗਿਣਤੀ ਤੇ ਤਬਾਦਲੇ ਕੀਤੇ ਹੋਣਗੇ। ਅਸੀਂ ਇਸ ਸੰਖਿਆ ਨੂੰ ਕੋਈ ਵੀ ਅੰਕ ਰੱਖ ਸਕਦੇ ਹਾਂ, ਮਿਸਾਲ ਲਈ ਮੰਨ ਲਓ, ਦਸ। ਜੇ ਦੇਸ਼ ਅੰਦਰ ਧਨ ਦਾ ਹਰ ਟੁਕੜਾ, ਦਸ ਖਰੀਦਾਂ ਕਰਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਹਰ ਟੁਕੜੇ ਨੂੰ ਦਸ ਨਾਲ਼ ਗੁਣਾਂ ਕਰ ਲਿਆ ਜਾਵੇ, ਤੇ ਹਰ ਟੁਕੜੇ ਦੁਆਰਾ ਇੱਕ ਖਰੀਦ ਕੀਤੀ ਗਈ ਹੋਵੇ। ਦੇਸ਼ ਅੰਦਰਲੇ ਸਾਰੇ ਮਾਲਾਂ ਦੀ ਕਦਰ, ਸਾਰੇ ਧਨ ਦੀ ਕਦਰ ਦਾ ਦਸ ਗੁਣਾਂ ਹੋ ਜਾਵੇਗੀ.... ਜੇਕਰ ਧਨ ਦੀ ਮਿਕਦਾਰ ਸਾਲ ਵਿੱਚ ਇੱਕ ਤਬਾਦਲਾ ਕਰਨ ਦੀ ਥਾਂ ਦਸ ਤਬਾਦਲੇ ਕਰਨ ਲੱਗ ਜਾਵੇ। ਇਸ ਤੋਂ ਸਾਫ ਹੈ ਕਿ ਸਾਰੀ ਮਿਕਦਾਰ ਵਿੱਚ ਵੀ ਜੋ ਵਾਧਾ ਕੀਤਾ ਜਾਵੇਗਾ, ਉਸ ਦਾ ਨਤੀਜਾ, ਹਰ ਛੋਟੀ ਮਿਕਦਾਰ ਨੂੰ ਅਲੱਗ ਅਲੱਗ ਲਿਆ, ਕਦਰ ਦੀ ਨਿਸਬਤਨ ਘਟਾਈ ਦੇ ਰੂਪ ਵਿੱਚ ਨਿਕਲੇਗਾ। ਕਿਉਂਕਿ ਮਾਲਾਂ ਦੀ ਮਿਕਦਾਰ, ਜਿਸ ਨਾਲ਼ ਸਾਰੇ ਧਨ ਨੇ ਇੱਕੋ ਵਾਰੀ ਬਦਲਿਆ ਜਾਣਾ ਹੈ,

* ਜੇਮਜ਼ ਮਿਲ **'ਸਿਆਸੀ ਆਰਥਕਤਾ ਦੇ ਅਨਸਰ'** (ਮਾਰਕਸ ਨੇ, ਪੈਰਿਸ ਵਿੱਚ 1823 ਨੂੰ ਛਪੇ, ਜੇ. ਟੀ. ਪਾਰੀਸੋਤ ਦੇ ਫ਼ਰਾਂਸੀਸੀ ਅਨੁਵਾਦ ਦੀ ਵਰਤੋਂ ਕੀਤੀ ਹੈ)।

ਨੂੰ ਸਥਿਰ ਮੰਨ ਲਿਆ ਗਿਆ ਹੈ, ਇਸ ਲਈ ਸਾਰੇ ਧਨ ਦੀ ਕਦਰ ਵੀ, ਉਸ ਦੀ ਮਿਕਦਾਰ ਵਿੱਚ ਵਾਧਾ ਕਰਨ ਪਿੱਛੋਂ, ਉਸ ਦੀ ਪਹਿਲੀ ਕਦਰ ਨਾਲ਼ੋਂ ਵੱਧ ਨਹੀਂ ਹੋਵੇਗੀ। ਜੇ ਅਸੀਂ ਇਸ ਵਾਧੇ ਨੂੰ ਦਸਵਾਂ ਹਿੱਸਾ ਹੋਇਆ ਮੰਨੀਏ, ਤਾਂ ਹਰ ਭਾਗ ਦੀ ਕਦਰ ਵਿੱਚ, ਮਿਸਾਲ ਲਈ ਇੱਕ ਔਂਸ ਵਿੱਚ ਦਸਵੇਂ ਭਾਗ ਦਾ ਘਾਟਾ ਹੋ ਜਾਵੇਗਾ....। ਇਸ ਲਈ ਮਿਣਤੀ ਕਿਤਨੀ ਵੀ ਹੋਵੇ, ਜੇ ਬਾਕੀ ਸਭ ਗੱਲਾਂ ਸਮਾਨ ਹਨ, ਤਾਂ ਧਨ ਦੀ ਜਿਤਨੀ ਵੀ ਮਿਕਦਾਰ ਵਧਾਈ ਜਾਂ ਘਟਾਈ ਜਾਵੇਗੀ, ਉਸੇ ਨਿਸਬਤ ਵਿੱਚ ਉਸ ਦੀ ਸਾਰੀ ਕਦਰ, ਜਾਂ ਹਰ ਟੁਕੜੇ ਦੀ ਕਦਰ ਵਿੱਚ, ਮੁਕਾਬਲੇ ਦਾ ਘਾਟਾ-ਵਾਧਾ ਆ ਜਾਵੇਗਾ। ਸਪੱਸ਼ਟ ਹੈ, ਇਹ ਕਥਨ ਹਰ ਥਾਂ ਲਈ ਸੱਚ ਹੈ। ਜਦੋਂ ਵੀ ਧਨ ਦੀ ਕਦਰ ਵਿੱਚ ਕੋਈ ਵਾਧਾ ਜਾਂ ਘਾਟਾ ਹੋਇਆ ਹੈ (ਬਸ਼ਰਤੇ ਕਿ ਮਾਲਾਂ ਦੀ ਮਿਕਦਾਰ, ਜਿਸ ਦੇ ਨਾਲ਼ ਇਸ ਦਾ ਤਬਾਦਲਾ ਹੋਣਾ ਹੈ ਅਤੇ ਚਲਨ ਦੀ ਰਫਤਾਰ ਵਿੱਚ ਕੋਈ ਫਰਕ ਨਹੀਂ ਪਿਆ) ਤਾਂ ਇਸ ਤਬਦੀਲੀ ਦਾ ਕਾਰਨ ਮਿਕਦਾਰ ਵਿੱਚ, ਮੁਕਾਬਲੇ ਦਾ ਹੋਇਆ ਘਾਟਾ ਜਾਂ ਵਾਧਾ ਸੀ। ਇਸ ਤੋਂ ਬਿਨਾਂ ਹੋਰ ਕੋਈ ਕਾਰਨ ਹੋ ਹੀ ਨਹੀਂ ਸਕਦਾ। ਜੇ ਮਾਲਾਂ ਦੀ ਮਿਕਦਾਰ ਘੱਟ ਜਾਂਦੀ ਹੈ, ਜਦੋਂ ਕਿ ਧਨ ਦੀ ਮਿਕਦਾਰ ਪਹਿਲੀ ਹੀ ਰਹਿੰਦੀ ਹੈ, ਇਹ ਇੰਨ-ਬਿੰਨ ਉਵੇਂ ਹੀ ਹੈ, ਜਿਵੇਂ ਕਿ ਧਨ ਦੀ ਮਿਕਦਾਰ ਵਧੀ ਸੀ ਜਾਂ ਉਸ ਤੋਂ ਉਲਟ ਹੋਈ ਸੀ।" "ਚਲਨ ਦੀ ਰਫਤਾਰ ਵਿੱਚ ਕੋਈ ਤਬਦੀਲੀ ਆਉਣ ਨਾਲ਼ ਵੀ ਇਸ ਪ੍ਰਕਾਰ ਦੇ ਫਰਕ ਪੈਣਗੇ....। ਇਹਨਾਂ ਖਰੀਦਾਂ ਦੀ ਸੰਖਿਆ ਵਿੱਚ ਹੋਏ ਵਾਧੇ ਦਾ ਵੀ ਧਨ ਦੀ ਮਿਕਦਾਰ 'ਤੇ ਇਸੇ ਤਰ੍ਹਾਂ ਦਾ ਪ੍ਰਭਾਵ ਪਵੇਗਾ ਤੇ ਘਾਟੇ ਦਾ ਉਸ ਤੋਂ ਉਲਟ.... ਜੇਕਰ ਸਾਲਾਨਾ ਉਤਪਾਦ ਦਾ ਕੋਈ ਅਜਿਹਾ ਭਾਗ ਹੋਵੇ, ਜਿਹੜਾ ਬਿਲਕੁਲ ਹੀ ਤਬਾਦਲੇ ਵਿੱਚ ਨਹੀਂ ਆਉਂਦਾ, ਜਿਵੇਂ ਕਿ ਉਸ ਨੂੰ ਉਤਪਾਦਕ ਨੇ ਹੀ ਆਪਣੀ ਖਪਤ ਵਿੱਚ ਲੈ ਆਂਦਾ ਹੈ, ਜਾਂ ਕਿ ਧਨ ਨਾਲ਼, ਜਿਸ ਦਾ ਕੋਈ ਤਬਾਦਲਾ ਨਹੀਂ ਹੋਇਆ, ਉਸ ਦਾ ਕੋਈ ਹਿਸਾਬ ਨਹੀਂ ਲਾਇਆ ਜਾਂਦਾ, ਕਿਉਂਕਿ ਜਿਸ ਦਾ ਧਨ ਨਾਲ਼ ਕੋਈ ਤਬਾਦਲਾ ਨਹੀਂ ਹੋਇਆ ਹੈ, ਉਹ ਧਨ ਲਈ ਉਵੇਂ ਹੈ, ਜਿਵੇਂ ਕਿ ਉਸ ਦਾ ਵਜੂਦ ਹੀ ਨਹੀਂ ਹੋਇਆ ਹੈ....। ਜਦੋਂ ਵੀ ਧਨ ਦੀ ਸਿੱਕੇ-ਸਾਜ਼ੀ.... ਸੁਤੰਤਰ ਹੁੰਦੀ ਹੈ, ਇਸ ਦਾ ਮਾਤਰਾ ਦਾ ਸੰਚਾਲਣ ਧਾਤ ਦੀ ਕਦਰ ਤੋਂ ਹੁੰਦਾ ਹੈ....। ਸੋਨਾ ਅਤੇ ਚਾਂਦੀ, ਅਸਲ ਵਿੱਚ ਜਿਣਸਾਂ ਹਨ...। ਇਹਨਾਂ ਦੀ ਕਦਰ ਦਾ ਨਿਰਧਾਰਨ ਇਹਨਾਂ ਦੀ ਉਪਜ-ਲਾਗਤ ਤੋਂ ਹੁੰਦਾ ਹੈ...। ਇਹਨਾਂ ਦੀ ਕਦਰ ਇਸੇ ਤਰ੍ਹਾਂ ਨਿਸ਼ਚਿਤ ਕੀਤੀ ਜਾਂਦੀ ਹੈ, ਜਿਵੇਂ ਕਿ ਹੋਰ ਆਮ ਉਪਜਾਂ ਦੀ।"*

ਮਿਲ ਦੀ ਪੂਰੀ ਚਤੁਰਾਈ ਥੋੜ੍ਹੀਆਂ ਜਿਹੀਆਂ ਮਾਨਤਾਵਾਂ 'ਤੇ ਆ ਮੁੱਕਦੀ ਹੈ, ਜਿਹੜੀਆਂ ਕਿ ਮਨ-ਮਤੀਆਂ ਤੇ ਘਿਸੀਆਂ ਪਿਟੀਆਂ ਦੋਵੇਂ ਹਨ। ਉਹ ਇਹ ਸਿੱਧ ਕਰਨਾ

* ਜੇਮਜ਼ ਮਿਲ, ਓਪ. ਸਿਟ. ਪੈਰਿਸ, 1823, ਪੰਨਾ 128-36 ਪਾਸਿਮ। ('**ਸਿਆਸੀ ਆਰਥਕਤਾ ਦੇ ਅਨਸਰ**' ਲੰਡਨ, 1821, ਪੰਨਾ 95-101 ਪਾਸਿਮ)।

ਚਾਹੁੰਦਾ ਹੈ ਕਿ "ਕਿਸੇ ਦੇਸ਼ ਅੰਦਰਲੀ ਧਨ ਦੀ ਕੁੱਲ ਮਿਕਦਾਰ ਉਹ ਚੀਜ਼ ਹੈ", ਜਿਹੜੀ ਕਿ ਜਿਣਸਾਂ ਦੀ ਕੀਮਤ ਜਾਂ ਧਨ ਦੀ ਕਦਰ ਨੂੰ ਨਿਸ਼ਚਿਤ ਕਰਦੀ ਹੈ। ਜੇਕਰ ਕੋਈ **ਮੰਨ ਲੈਂਦਾ** ਹੈ ਕਿ ਚਲਨ ਵਿਚਲੀਆਂ ਜਿਣਸਾਂ ਦੀ ਮਿਕਦਾਰ ਅਤੇ ਤਬਾਦਲਾ-ਕਦਰ ਸਥਿਰ ਰਹਿੰਦੀਆਂ ਹਨ ਅਤੇ ਨਾਲ਼ ਹੀ ਕੀਮਤੀ ਧਾਤਾਂ ਦੇ ਚਲਨ ਦੀ ਰਫਤਾਰ ਅਤੇ ਉਹਨਾਂ ਦੀ ਕਦਰ, ਜਿਹੜੀ ਕਿ ਉਪਜ-ਲਾਗਤ ਤੋਂ ਨਿਸ਼ਚਿਤ ਹੁੰਦੀ ਹੈ, ਵੀ ਇੱਕੋ ਥਾਂ ਟਿਕੀ ਰਹਿੰਦੀ ਹੈ ਅਤੇ ਇਹਦੇ ਨਾਲ਼ ਹੀ ਇਹ ਵੀ **ਮੰਨ ਲਿਆ ਜਾਵੇ**, ਕਿ ਤਾਂ ਵੀ **ਚਲਨ** ਵਿੱਚ ਆਈ ਮੁਦਰਾ ਦੀ ਮਿਕਦਾਰ, ਕਿਸੇ ਦੇਸ਼ ਵਿੱਚ **ਮੌਜੂਦ** ਧਨ ਦੀ ਮਿਕਦਾਰ ਅਨੁਸਾਰ ਵੱਧਦੀ ਜਾਂ ਘੱਟਦੀ ਰਹਿੰਦੀ ਹੈ, ਤਾਂ ਇਹ ਬਿਨਾਂ ਸ਼ੱਕ "ਸਪੱਸ਼ਟ" ਹੈ ਕਿ ਉਹ ਚੀਜ਼ ਪਹਿਲਾਂ ਹੀ ਮੰਨ ਲਈ ਗਈ ਹੈ, ਜਿਸ ਨੂੰ ਅਸੀਂ ਸਿੱਧ ਕਰਨ ਦਾ ਬਹਾਨਾ ਕਰ ਰਹੇ ਹਾਂ। ਇਸ ਤੋਂ ਵੀ ਅੱਗੇ, ਮਿਲ ਉਹੋ ਗਲਤੀ ਕਰਦਾ ਹੈ, ਜਿਹੜੀ ਹਿਯੂਮ ਨੇ ਕੀਤੀ ਸੀ, ਭਾਵ ਚਲਨ ਅੰਦਰ ਨਿਸ਼ਚਿਤ ਤਬਾਦਲਾ-ਕਦਰ ਵਾਲ਼ੀਆਂ ਜਿਣਸਾਂ ਨੂੰ ਨਾ ਰੱਖ ਕੇ, ਇਸਤੇਮਾਲੀ-ਕਦਰਾਂ ਵਾਲ਼ੀਆਂ ਨੂੰ ਰੱਖਣਾ; ਉਸ ਦਾ ਕਥਨ, ਇਸ ਲਈ ਗਲਤ ਹੈ, ਭਾਵੇਂ, ਉਸਦੀਆਂ ਸਾਰੀਆਂ "ਮਾਨਤਾਵਾਂ" ਸਵੀਕਾਰ ਕਰ ਲਈਆਂ ਜਾਣ। ਚਲਨ-ਰਫਤਾਰ ਬਿਨਾਂ ਬਦਲੇ ਇਕੋ ਰਹਿ ਸਕਦੀ ਹੈ, ਇਸੇ ਤਰ੍ਹਾਂ ਕੀਮਤੀ ਧਾਤਾਂ ਦੀ ਕਦਰ ਅਤੇ ਚਲਨ ਵਿੱਚ ਆਈਆਂ ਜਿਣਸਾਂ ਦੀ ਮਿਕਦਾਰ ਵੀ, ਤਾਂ ਵੀ ਉਹਨਾਂ ਨੂੰ ਆਪਣੀ ਤਬਾਦਲਾ-ਕਦਰ ਵਿੱਚ ਹੋਣ ਵਾਲ਼ੀਆਂ ਤਬਦੀਲੀਆਂ ਦੇ ਕਾਰਨ ਆਪਣੇ ਚਲਨ ਲਈ ਕਦੇ ਵੱਧ, ਕਦੇ ਘੱਟ ਧਨ-ਮਾਤਰਾ ਦੀ ਲੋੜ ਪਵੇਗੀ। ਮਿਲ ਵੇਖਦਾ ਹੈ ਕਿ ਕਿਸੇ ਦੇਸ਼ ਅੰਦਰ ਮੌਜੂਦ ਧਨ ਦਾ ਇੱਕ ਭਾਗ ਚਲਨ ਵਿੱਚ ਰਹਿੰਦਾ ਹੈ, ਜਦੋਂ ਕਿ ਦੂਜਾ ਖੜੋਤ ਦੀ ਹਾਲਤ ਵਿੱਚ ਪਿਆ। ਔਸਤਾਂ ਦੇ ਇੱਕ ਆਪਣੇ ਹੀ ਵਿਸ਼ੇਸ਼ ਨਿਯਮ ਦੀ ਸਹਾਇਤਾ ਨਾਲ਼, ਉਹ **ਫ਼ਰਜ਼ ਕਰ ਲੈਂਦਾ** ਹੈ ਕਿ ਦੇਸ਼ ਅੰਦਰਲਾ ਮੌਜੂਦ ਸਾਰਾ ਧਨ ਅਸਲ ਵਿੱਚ ਚਲਨ ਅੰਦਰ ਹੀ ਆਇਆ ਹੋਇਆ ਹੈ, ਭਾਵੇਂ, ਉਹ ਵੇਖਣ ਨੂੰ ਉਸੇ ਤਰ੍ਹਾਂ ਨਹੀਂ ਲੱਗਦਾ। ਜੇਕਰ ਮੰਨ ਲਿਆ ਜਾਵੇ ਕਿ ਕਿਸੇ ਦੇਸ਼ ਅੰਦਰ ਦਸ ਮਿਲੀਅਨ ਚਾਂਦੀ ਦੇ ਥੇਲਰ ਇੱਕ ਸਾਲ ਵਿੱਚ ਦੋ ਵਾਰ ਚਲਨ ਵਿੱਚ ਆਉਂਦੇ ਹਨ, ਅੱਗੇ ਜੇ ਇੱਕ ਥੇਲਰ ਕੇਵਲ ਇੱਕ ਵਾਰੀ ਹੀ ਖਰੀਦ ਲਈ ਵਰਤੋਂ ਵਿੱਚ ਆਉਂਦਾ ਹੈ, ਤਾਂ ਇੱਕ ਚਲਨ ਅੰਦਰ 20 ਮਿਲੀਅਨ ਆ ਸਕਦੇ ਹਨ ਅਤੇ ਜੇਕਰ ਦੇਸ਼ ਅੰਦਰ ਚਾਂਦੀ ਦੇ ਸਾਰੇ ਰੂਪਾਂ ਦੀ ਕੁੱਲ ਮਿਕਦਾਰ 100 ਮਿਲੀਅਨ ਹੋਵੇ, ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਜੇ ਹਰ ਸਿੱਕਾ ਪੰਜ ਸਾਲਾਂ ਵਿੱਚ ਇੱਕ ਖਰੀਦ ਕਰਦਾ ਹੈ, ਤਾਂ 100 ਮਿਲੀਅਨ ਚਲਨ ਵਿੱਚ ਹੋਣਗੇ। ਇਸ ਤਰ੍ਹਾਂ ਇਹ ਵੀ ਫ਼ਰਜ਼ ਕੀਤਾ ਜਾ ਸਕਦਾ ਹੈ ਕਿ ਸੰਸਾਰ ਵਿੱਚ ਮੌਜੂਦ ਸਾਰੇ ਦਾ ਸਾਰਾ ਧਨ ਹੈਂਪ ਸਟੈਂਡ ਵਿੱਚ ਹੀ ਚੱਕਰ ਲਾਈ ਜਾਂਦਾ ਹੈ, ਪਰ ਇਹ ਕਿ ਉਸਦਾ ਹਰ ਭਾਗ ਬਜਾਏ ਇੱਕ ਸਾਲ ਵਿੱਚ ਮੰਨ ਲਓ ਤਿੰਨ ਚੱਕਰ ਲਾਉਣ ਦੇ, 3,000,000 ਸਾਲਾਂ ਵਿੱਚ ਇੱਕ ਚੱਕਰ ਲਾਉਂਦਾ ਹੈ। ਇੱਕ ਮਾਨਤਾ, ਜਿਣਸ-ਕੀਮਤਾਂ ਦੀ ਕੁੱਲ ਮੀਜ਼ਾਨ ਅਤੇ ਮੁਦਰਾ ਦੀ ਮਾਤਰਾ ਵਿਚਕਾਰਲੇ ਸਬੰਧ, ਦਾ ਨਿਸ਼ਚਾ ਕਰਨ ਲਈ, ਦੂਜੀ ਵਰਗੀ ਹੀ ਸਹੀ ਹੈ। ਮਿਲ ਇਸ ਦਾ ਵਾਕਿਫ ਹੈ ਕਿ ਕਿਸੇ ਦੇਸ਼ ਅੰਦਰ, ਇੱਕ ਖਾਸ ਸਮੇਂ 'ਤੇ, ਜਿਣਸਾਂ ਅਤੇ ਧਨ ਦੇ ਕੁਲ ਭੰਡਾਰ – ਚਲਨ ਵਿੱਚ ਆਈ ਧਨ-ਮਾਤਰਾ ਹੀ ਨਹੀਂ –

ਵਿਚਕਾਰ, ਇੱਕ ਸਿੱਧਾ ਸਬੰਧ ਸਥਾਪਤ ਕਰਨ ਦੀ ਨਿਰਣਈ ਮਹੱਤਤਾ ਹੈ। ਉਹ ਮੰਨਦਾ ਹੈ ਕਿ ਕਿਸੇ ਦੇਸ਼ ਅੰਦਰਲੇ ਸਾਰੇ ਮਾਲ, ਦੇਸ਼ ਅੰਦਰਲੇ ਕੁਲ ਧਨ ਨਾਲ਼, "ਇੱਕੋ ਸਮੇਂ ਨਹੀਂ ਬਦਲੇ ਜਾਂਦੇ" ਬਲਕਿ, ਉਸ ਦਾ ਕਹਿਣਾ ਹੈ ਕਿ ਮਾਲਾਂ ਦੇ ਵੱਖ ਵੱਖ ਭਾਗ, ਧਨ ਦੇ ਵੱਖ ਵੱਖ ਭਾਗਾਂ ਨਾਲ਼; ਸਾਲ ਭਰ ਵਿੱਚ; ਵੱਖ ਵੱਖ ਸਮਿਆਂ 'ਤੇ ਬਦਲਾਏ ਜਾਂਦੇ ਹਨ। ਇਸ ਅਸੰਗਤੀ ਨੂੰ ਦੂਰ ਕਰਨ ਲਈ, ਉਹ **ਫ਼ਰਜ਼ ਕਰਦਾ ਹੈ** ਕਿ ਇਸ ਦਾ ਵਜੂਦ ਹੀ ਨਹੀਂ ਹੈ। ਇਤਫਾਕ ਦੀ ਗੱਲ, ਕਿ ਜਿਣਸਾਂ ਅਤੇ ਧਨ ਤੇ ਉਹਨਾਂ ਦੇ ਸਿੱਧੇ ਤਬਾਦਲੇ ਵਿਚਕਾਰ ਸਿੱਧੀ ਟੱਕਰ ਦੀ ਕੁੱਲ ਕਲਪਣਾ ਦਾ ਸੋਮਾ, ਸਾਧਾਰਨ ਖਰੀਦਾਂ ਅਤੇ ਵੇਚਾਂ ਦੀ ਆਵਾਜਾਈ ਵਿੱਚੋਂ ਉਗਮਦਾ ਹੈ ਜਾਂ ਕਿ ਧਨ ਦੇ ਉਸ ਕਾਰਜ ਵਿੱਚੋਂ ਜਿਸ ਨੂੰ ਕਿ ਉਹ ਖਰੀਦ-ਵਸੀਲੇ ਦੇ ਰੂਪ ਵਿੱਚ ਅਦਾ ਕਰਦਾ ਹੈ। ਜਿਣਸਾਂ ਅਤੇ ਧਨ ਦਾ ਨਾਲ਼ੋ ਨਾਲ਼ ਹਾਜ਼ਰ ਹੋਣਾ ਵੀ ਰੁੱਕ ਜਾਂਦਾ ਹੈ, ਜਦੋਂ ਧਨ ਅਦਾਇਗੀ-ਵਸੀਲੇ ਦੇ ਰੂਪ ਵਿੱਚ ਕੰਮ ਕਰਨ ਲੱਗਦਾ ਹੈ।

ਉਨ੍ਹੀਵੀਂ ਸਦੀ ਦੇ ਵਪਾਰਕ ਸੰਕਟਾਂ ਅਤੇ ਖਾਸ ਕਰਕੇ 1825 ਅਤੇ 1836 ਦੇ ਮਹਾਨ ਸੰਕਟਾਂ ਨੇ ਰਿਕਾਰਡੋ ਦੇ ਮੁਦਰਾ ਸਿਧਾਂਤ ਨੂੰ ਹੋਰ ਅੱਗੇ ਤਾਂ ਨਹੀਂ ਵਧਾਇਆ, ਪਰ ਇਸ ਦੌਰਾਨ ਇਸ (ਸਿਧਾਂਤ) ਨੂੰ ਨਵੇਂ ਅਮਲੀ ਪ੍ਰਯੋਗ ਵਿੱਚ ਲਿਆਂਦਾ ਗਿਆ। ਹੁਣ ਇਹ ਕੋਈ ਇੱਕੋ ਆਰਥਿਕ ਵਰਤਾਰਾ ਨਹੀਂ ਰਹਿ ਗਿਆ ਸੀ, ਜਿਵੇਂ ਕਿ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀਆਂ ਵਿੱਚ, ਹਿਊਮ ਨੂੰ ਦਰਪੇਸ਼, ਕੀਮਤੀ ਧਾਤਾਂ ਦੀ ਮੁੱਲ-ਘਟਾਈ ਦਾ ਮਾਮਲਾ ਸੀ, ਜਾਂ ਕਿ ਜਿਵੇਂ ਅਠਾਰ੍ਹਵੀਂ ਸਦੀ ਦੇ ਦੌਰਾਨ ਅਤੇ ਉਨ੍ਹੀਵੀਂ ਸਦੀ ਦੇ ਆਰੰਭ ਵਿੱਚ ਰਿਕਾਰਡੋ ਨੂੰ ਦਰਪੇਸ਼ ਸੀ – ਬਲਕਿ ਹੁਣ ਤਾਂ ਇਹ ਸੰਸਾਰ ਬਾਜ਼ਾਰ ਵਿੱਚ ਵੱਡੇ ਤੂਫਾਨਾਂ ਦਾ ਮਾਮਲਾ ਬਣ ਚੁੱਕਾ ਸੀ, ਜਿਸ ਵਿੱਚ ਬੁਰਜੂਆ ਉਤਪਾਦਨ ਅਮਲ ਦੇ ਸਾਰੇ ਅਨਸਰਾਂ ਦੀਆਂ ਵਿਰੋਧਤਾਈਆਂ ਦਾ ਵਿਸਫੋਟ ਹੋ ਰਿਹਾ ਸੀ। ਇਹਨਾਂ ਤੂਫਾਨਾਂ ਦੀ ਉਤਪਤੀ ਅਤੇ ਉਹਨਾਂ ਦੇ ਖਿਲਾਫ ਸੁਰੱਖਿਆ ਦੇ ਸਾਧਨਾਂ ਦੀ ਖੋਜ ਮੁਦਰਾ ਦੇ ਖੇਤਰ ਵਿੱਚ ਹੀ ਕੀਤੀ ਜਾ ਰਹੀ ਸੀ, ਜਿਹੜਾ ਕਿ ਇਸ ਅਮਲ ਦਾ ਸਭ ਤੋਂ ਵੱਧ ਬਨਾਉਟੀ ਅਤੇ ਅਰੂਪ ਖੇਤਰ ਹੈ। ਉਹ ਸਿਧਾਂਤਕ ਮਾਨਤਾ, ਜਿਹੜੀ ਅਸਲ ਵਿੱਚ, ਆਰਥਿਕ ਮੌਸਮ-ਮਾਹਿਰਾਂ ਦੀ ਵਿਚਾਰਧਾਰਾ ਵਿੱਚ ਬਤੌਰ ਇੱਕ ਮੋੜ ਦੇ ਆਉਂਦੀ ਹੈ, ਇੱਕ ਡਰਾਮਾ ਹੈ, ਜਿਸ ਅਨੁਸਾਰ ਰਿਕਾਰਡੋ ਨੇ ਸ਼ੁੱਧ ਧਾਤਵੀ ਮੁਦਰਾ ਨੂੰ ਚਲਾਉਣ ਵਾਲ਼ੇ ਨਿਯਮਾਂ ਨੂੰ ਭਾਲ਼ਿਆ ਸੀ। ਇਸ ਤਰ੍ਹਾਂ ਹੁਣ ਉਹਨਾਂ ਦੇ ਜ਼ਿੰਮੇ ਪਿਆ ਹੈ ਕਿ ਇਹਨਾਂ ਨਿਯਮਾਂ ਦੇ ਅਧੀਨ ਸ਼ਾਖ-ਧਨ ਜਾਂ ਬੈਂਕ ਨੋਟਾਂ ਦੇ ਚਲਨ ਨੂੰ ਇੱਕ-ਸੁਰ ਕਰਨ।

ਵਪਾਰਕ ਸੰਕਟਾਂ ਦੇ ਨਾਲ਼ੋਂ ਨਾਲ਼ ਆਉਣ ਵਾਲ਼ਾ ਸਭ ਤੋਂ ਵੱਧ ਆਮ ਅਤੇ ਸਾਫ ਨਜ਼ਰੀਂ ਪੈਣ ਵਾਲ਼ਾ ਵਰਤਾਰਾ ਇਹ ਹੈ ਕਿ ਕੀਮਤਾਂ ਵਿੱਚ ਇੱਕ ਲੰਮੇ ਸਮੇਂ ਤੀਕ ਆਮ ਤੇਜ਼ੀ ਰਹਿਣ ਪਿੱਛੋਂ, ਜਿਣਸਾਂ ਦੀਆਂ ਕੀਮਤਾਂ ਦੇ ਆਮ ਪੱਧਰ ਵਿੱਚ ਅਚਾਨਕ ਮੰਦਾ ਆ ਜਾਂਦਾ ਹੈ। ਜਿਣਸ-ਕੀਮਤਾਂ ਵਿੱਚ ਆਮ ਮੰਦੀ, ਹੋਰ ਸਭ ਜਿਣਸਾਂ ਦੀ ਸਾਪੇਖੀ ਧਨ-ਕਦਰ ਵਿੱਚ ਆਈ ਤੇਜ਼ੀ ਦੇ ਤੌਰ 'ਤੇ ਪ੍ਰਗਟ ਹੋ ਸਕਦੀ ਹੈ ਅਤੇ ਦੂਜੇ ਪਾਸੇ, ਕੀਮਤਾਂ ਵਿੱਚ ਆਈ ਆਮ ਤੇਜ਼ੀ ਨੂੰ ਧਨ ਦੀ ਸਾਪੇਖੀ ਕਦਰ ਵਿੱਚ ਆਈ ਕਿਸੇ ਮੰਦੀ ਨਾਲ਼ ਬਿਆਨਿਆ ਜਾ ਸਕਦਾ ਹੈ। ਇਹ ਦੋਵੇਂ ਬਿਆਨ ਵਰਤਾਰੇ ਬਾਰੇ ਦੱਸਦੇ ਹਨ, ਪਰ ਇਸ ਦੀ ਵਿਆਖਿਆ ਨਹੀਂ ਕਰਦੇ।

ਕੀ ਕੰਮ ਇਹ ਸਾਹਮਣੇ ਰੱਖਿਆ ਗਿਆ ਹੈ ਕਿ ਕੀਮਤਾਂ ਦੇ ਆਮ ਪੱਧਰ ਵਿੱਚ, ਇੱਕ ਆਮ ਮੰਦੀ ਨਾਲ਼ ਬਦਲ ਬਦਲ ਸਮੇਂ ਸਮੇਂ ਆਉਣ ਵਾਲੀ ਤੇਜ਼ੀ ਦੀ ਕਿਵੇਂ ਵਿਆਖਿਆ ਕਰਨਾ ਹੈ, ਜਾਂ ਕਿ ਉਹੋ ਕੰਮ ਇਹ ਹੈ ਕਿ ਧਨ ਦੀ ਸਾਪੇਖੀ ਕਦਰ ਵਿੱਚ ਬਦਲ ਬਦਲ ਆਉਣ ਵਾਲ਼ੀ ਮੰਦੀ ਅਤੇ ਤੇਜ਼ੀ ਦੀ, ਜਿਣਸਾਂ ਦੀ ਮੰਦੀ-ਤੇਜ਼ੀ ਦੇ ਮੁਕਾਬਲੇ ਰੱਖ ਕੇ ਵਿਆਖਿਆ ਕੀਤੀ ਜਾਵੇ ? ਵੱਖ ਵੱਖ ਸ਼ਬਦਾਂ ਵਿੱਚ ਗੱਲ ਨੂੰ ਕਹਿਣ ਦਾ ਕੰਮ ਉੱਪਰ ਇਸ ਤੋਂ ਵੱਧ ਹੋਰ ਕੋਈ ਅਸਰ ਨਹੀਂ ਪੈ ਸਕਦਾ, ਜਿੰਨਾ ਕਿ ਜਰਮਨ ਭਾਸ਼ਾ ਵਿਚੋਂ ਕਿਸੇ ਚੀਜ਼ ਦਾ ਅੰਗਰੇਜ਼ੀ ਵਿੱਚ ਉਲੱਥਾ ਕਰ ਦੇਣਾ। ਰਿਕਾਰਡੋ ਦਾ ਧਨਵੀ ਸਿਧਾਂਤ ਬਿਲਕੁਲ ਇਸ ਤੋਂ ਉਲਟ ਸਿੱਧ ਹੁੰਦਾ ਹੈ ਕਿਉਂਕਿ ਇਸ ਨੇ ਦੁਹਰਾਈ ਦੇ ਕੰਮ ਨੂੰ ਇੱਕ ਕਦੇ-ਕਦਾਈਂ ਦੇ ਰਿਸ਼ਤੇ ਦਾ ਰੂਪ ਦੇ ਦਿੱਤਾ ਹੈ। ਜਿਣਸ-ਕੀਮਤਾਂ ਵਿੱਚ ਜੋ ਆਮ ਮੰਦੀ ਸਮੇਂ ਸਮੇਂ ਆਉਂਦੀ ਹੈ, ਉਸ ਦਾ ਕੀ ਕਾਰਨ ਹੈ ? ਇਸ ਦਾ ਕਾਰਨ, ਧਨ ਦੀ ਸਾਪੇਖੀ ਕਦਰ ਵਿੱਚ, ਸਮੇਂ ਸਮੇਂ ਆਉਣ ਵਾਲ਼ੀ ਤੇਜ਼ੀ ਹੁੰਦਾ ਹੈ। ਦੂਜੇ ਪਾਸੇ, ਜਿਣਸਾਂ ਦੀਆਂ ਕੀਮਤਾਂ ਵਿੱਚ ਵਾਰ ਵਾਰ ਆਉਣ ਵਾਲੀ ਆਮ ਤੇਜ਼ੀ ਦਾ ਕੀ ਕਾਰਨ ਹੁੰਦਾ ਹੈ ? ਇਸ ਦਾ ਕਾਰਨ ਧਨ ਦੀ ਸਾਪੇਖੀ ਕਦਰ ਵਿੱਚ ਵਾਰ ਵਾਰ ਆਉਣ ਵਾਲ਼ੀ ਮੰਦੀ ਹੁੰਦੀ ਹੈ। ਇਸੇ ਤਰ੍ਹਾਂ ਇਹ ਕਹਿਣਾ ਵੀ ਸਹੀ ਹੋਵੇਗਾ, ਕਿ ਕੀਮਤਾਂ ਵਿੱਚ ਆਉਂਦੀ ਮੰਦੀ ਅਤੇ ਤੇਜ਼ੀ ਦਾ ਕਾਰਨ ਉਹਨਾਂ ਵਿੱਚ ਆਈ ਵਾਰ ਵਾਰ ਦੀ ਮੰਦੀ ਤੇ ਤੇਜ਼ੀ ਹੁੰਦੀ ਹੈ। ਇਹ ਕਥਨ ਇਸ ਨੂੰ ਪਹਿਲਾਂ ਤੋਂ ਮੰਨ ਕੇ ਚੱਲਦਾ ਹੈ ਕਿ ਧਨ ਦੀ ਆਪਣੀ ਅੰਦਰਲੀ ਕਦਰ, ਭਾਵ ਇਸ ਦੀ ਕਦਰ ਜਿਹੜੀ ਕਿ ਕੀਮਤੀ ਧਾਤਾਂ ਦੀ ਉਪਜ-ਲਾਗਤਾਂ ਤੋਂ ਨਿਸ਼ਚਿਤ ਹੁੰਦੀ ਹੈ, ਉਹ **ਅਬਦਲ** ਰਹਿੰਦੀ ਹੈ। ਜੇ ਦੁਹਰਾਈ ਦਾ ਮਤਲਬ ਦੁਹਰਾਈ ਤੋਂ ਵੱਧ ਕੁਝ ਹੋਰ ਹੋਣਾ ਹੈ, ਤਾਂ ਇਸ ਦਾ ਅਧਾਰ ਬਿਲਕੁਲ ਮੁੱਢਲੀਆਂ ਧਾਰਨਾਵਾਂ ਦੀ ਗਲਤ ਸਮਝਦਾਰੀ ਦਾ ਹੋਣਾ ਹੈ। ਸਭ ਜਾਣਦੇ ਹਨ ਕਿ ਜੇ **ੳ** ਦੀ ਤਬਾਦਲਾ-ਕਦਰ, ਜਿਸ ਨੂੰ **ਅ** ਰਾਹੀਂ ਪ੍ਰਗਟਾਇਆ ਗਿਆ ਹੈ, ਗਿਰਦੀ ਹੈ, ਤਾਂ ਇਸ ਦਾ ਕਾਰਨ ਜਾਂ ਤਾਂ **ੳ** ਦੀ ਕਦਰ ਵਿੱਚ ਗਿਰਾਵਟ ਦਾ ਆਉਣਾ ਹੋਵੇਗਾ, ਜਾਂ ਫੇਰ **ਅ** ਦੀ ਕਦਰ ਵਿੱਚ ਤੇਜ਼ੀ ਦਾ ਆ ਜਾਣਾ; ਇਸੇ ਤਰ੍ਹਾਂ ਇਸ ਤੋਂ ਉਲਟ ਹੋਵੇਗਾ, ਜੇ **ਅ** ਦੇ ਰੂਪ ਵਿੱਚ ਪ੍ਰਗਟਾਈ **ੳ** ਦੀ ਤਬਾਦਲਾ-ਕਦਰ ਚੜ੍ਹਦੀ ਹੈ। ਜਦੋਂ ਇੱਕ ਵਾਰੀ ਦੁਹਰਾਈ ਦੀ ਬਦਲੀ ਨੂੰ ਇੱਕ ਕਦੇ-ਕਦਾਈਂ ਦੇ ਰਿਸ਼ਤੇ ਵਿੱਚ ਪੱਕਾ ਮੰਨ ਲਿਆ ਜਾਂਦਾ ਹੈ, ਪਿੱਛੋਂ ਬਾਕੀ ਸਭ ਸੌਖਿਆਂ ਹੋਣ ਲੱਗਦਾ ਹੈ। ਜਿਣਸ-ਕੀਮਤਾਂ ਵਿੱਚ ਤੇਜ਼ੀ ਕਿਉਂ ਆਉਂਦੀ ਹੈ, ਕਿਉਂਕਿ ਧਨ ਦੀ ਕਦਰ ਵਿੱਚ ਗਿਰਾਵਟ ਆਈ ਹੈ। ਪਰ ਧਨ ਦੀ ਕਦਰ ਵਿੱਚ ਗਿਰਾਵਟ, ਜਿਵੇਂ ਸਾਨੂੰ ਰਿਕਾਰਡੋ ਸਮਝਾਉਂਦੇ ਹਨ, ਤਾਂ ਆਉਂਦੀ ਹੈ, ਜਦੋਂ ਕਿ ਧਨ ਬਹੁਤ ਅਧਿਕ ਹੋ ਜਾਂਦਾ ਹੈ। ਅਰਥਾਤ, ਇਸ ਦਾ ਕਾਰਨ ਇਹ ਹੈ ਕਿ ਚਲਨ ਵਿੱਚ ਆਏ ਧਨ ਦੀ ਮਾਤਰਾ ਉਸ ਪੱਧਰ ਤੋਂ ਉੱਪਰ ਚਲੀ ਗਈ ਹੈ, ਜਿਸ ਪੱਧਰ ਨੂੰ ਇਸ ਦੀ ਆਪਣੀ ਅੰਦਰਲੀ ਕਦਰ ਅਤੇ ਜਿਣਸਾਂ ਦੇ ਅੰਦਰਲੀ ਕਦਰ ਨੇ ਨਿਸ਼ਚਿਤ ਕੀਤਾ ਸੀ। ਇਸੇ ਤਰ੍ਹਾਂ ਇਸ ਤੋਂ ਉਲਟ ਸੂਰਤ ਵਿੱਚ ਲਓ। ਜਿਣਸ-ਕੀਮਤਾਂ ਵਿੱਚ ਆਮ ਮੰਦੀ ਕਿਉਂ ਆਈ ? ਕਿਉਂਕਿ ਮੁਦਰਾ ਦੀ ਨਾਕਾਫੀ ਮਾਤਰਾ ਹੋਣ ਦੇ ਕਾਰਨ, ਧਨ ਦੀ ਆਪਣੀ ਅੰਦਰਲੀ ਕਦਰ ਉੱਪਰ ਚਲੀ ਗਈ। ਇਸ ਲਈ ਕੀਮਤਾਂ ਸਮੇਂ ਸਮੇਂ 'ਤੇ ਚੜ੍ਹਦੀਆਂ-ਗਿਰਦੀਆਂ ਰਹਿੰਦੀਆਂ

ਹਨ, ਕਿਉਂਕਿ ਸਮੇਂ ਸਮੇਂ 'ਤੇ ਚਲਨ ਵਿਚਲੇ ਧਨ ਦੀ ਮਾਤਰਾ ਵੱਧਦੀ-ਘੱਟਦੀ ਰਹਿੰਦੀ ਹੈ। ਮਿਸਾਲ ਵਜੋਂ, ਜੇ ਇਹ ਸਿੱਧ ਹੋ ਜਾਂਦਾ ਹੈ ਕਿ ਕੀਮਤਾਂ ਵਿੱਚ ਤੇਜ਼ੀ, ਚਲਨ ਵਿਚਲੇ ਧਨ ਦੀ ਘਟੀ ਮਾਤਰਾ ਨਾਲ਼ ਮੇਲ ਖਾਂਦੀ ਹੈ ਅਤੇ ਕੀਮਤਾਂ ਵਿੱਚ ਮੰਦੀ, ਧਨ ਦੀ ਮਾਤਰਾ ਦੇ ਅਨੁਸਾਰ ਹੁੰਦੀ ਹੈ, ਤਾਂ ਫੇਰ ਵੀ ਇਹ ਦਾਅਵਾ ਕਰਨਾ ਸੰਭਵ ਹੈ ਕਿ ਚਲਨ ਵਿਚਲੀਆਂ ਜਿਣਸਾਂ ਦੇ ਕਿਸੇ ਘਾਟੇ ਜਾਂ ਵਾਧੇ ਦੇ ਕਾਰਨ - ਜਿਸ ਨੂੰ ਅੰਕੜਿਆਂ ਰਾਹੀਂ, ਕਿਸੇ ਤਰ੍ਹਾਂ ਦਿਖਾਇਆ ਨਹੀਂ ਜਾ ਸਕਦਾ - ਚਲਨ ਵਿਚਲੇ ਧਨ ਦੀ ਮਾਤਰਾ, ਸਾਪੇਖੀ ਤੌਰ 'ਤੇ, ਭਾਵੇਂ ਸੰਪੂਰਨ ਤੌਰ 'ਤੇ ਨਹੀਂ, ਵੱਧ ਜਾਂ ਘੱਟ ਗਈ ਹੈ। ਅਸੀਂ ਦੇਖ ਚੁੱਕੇ ਹਾਂ, ਕਿ ਰਿਕਾਰਡੋ ਦੇ ਅਨੁਸਾਰ, ਜਦੋਂ ਸਿਰਫ਼ ਇੱਕ ਸ਼ੁੱਧ ਧਾਤਵੀ ਮੁਦਰਾ ਵੀ ਵਰਤੋਂ ਵਿਚ ਲਿਆਂਦੀ ਗਈ ਹੋਵੇ, ਤਾਂ ਵੀ, ਕੀਮਤਾਂ ਦੇ ਪੱਧਰ ਵਿੱਚ ਇਹ ਤਬਦੀਲੀਆਂ ਆਉਂਦੀਆਂ ਰਹਿਣਗੀਆਂ, ਪਰ ਕਿਉਂਕਿ ਉਹ ਬਦਲ ਬਦਲ ਕੇ ਆਉਂਦੀਆਂ ਹਨ, ਇਸ ਲਈ, ਇੱਕ ਦੂਜੀ ਨੂੰ ਨਕਾਰ ਦੇਂਦੀਆਂ ਹਨ। ਮਿਸਾਲ ਲਈ, ਜਦੋਂ ਮੁੱਦਰਾ ਦੀ ਮਾਤਰਾ ਨਾਕਾਫੀ ਹੁੰਦੀ ਹੈ ਤਾਂ ਜਿਣਸ-ਕੀਮਤਾਂ ਵਿੱਚ ਮੰਦੀ ਆ ਜਾਂਦੀ ਹੈ; ਜਿਣਸ-ਕੀਮਤਾਂ ਵਿੱਚ ਆਈ ਮੰਦੀ, ਜਿਣਸਾਂ ਨੂੰ ਦੂਜੇ ਦੇਸ਼ਾਂ ਨੂੰ ਬਰਾਮਦ ਕਰਨ ਦੀ ਪ੍ਰੇਰਨਾ ਦਾ ਕਾਰਨ ਬਣਦੀ ਹੈ, ਪਰ ਇਸ ਬਰਾਮਦ ਦਾ ਸਿੱਟਾ, ਦੇਸ਼ ਅੰਦਰ, ਧਨ ਦੀ ਬਹੁਤਾਤ ਹੋ ਜਾਣ ਦੇ ਰੂਪ ਵਿੱਚ ਨਿਕਲਦਾ ਹੈ ਅਤੇ ਧਨ ਦੀ ਬਹੁਤਾਤ ਦਾ ਪਰਿਣਾਮ ਇਹ ਹੁੰਦਾ ਹੈ ਕਿ ਜਿਣਸਾਂ ਦਾ ਕੀਮਤਾਂ ਫੇਰ ਚੜ੍ਹਨ ਲੱਗਦੀਆਂ ਹਨ। ਜਦੋਂ ਮੁਦਰਾ ਦੀ ਮਾਤਰਾ ਬਹੁਤ ਵੱਧ ਹੁੰਦੀ ਹੈ, ਤਾਂ ਇਸ ਤੋਂ ਉਲਟ ਅਮਲ ਹੋਣ ਲੱਗਦਾ ਹੈ: ਜਿਣਸਾਂ ਦੀ ਦਰਾਮਦ ਸ਼ੁਰੂ ਹੁੰਦੀ ਹੈ ਅਤੇ ਧਨ ਦੀ ਬਰਾਮਦ। ਕਿਉਂਕਿ, ਇਹਨਾਂ, ਕੀਮਤਾਂ ਦੇ ਆਮ ਉਤਾਰ-ਚੜ੍ਹਾਵਾਂ ਦੇ ਹੁੰਦਿਆਂ ਰਹਿੰਦੇ ਵੀ, ਜਿਹਨਾਂ ਦਾ ਅਮਲ ਵਿੱਚ ਆਉਣਾ ਹੀ ਰਿਕਾਰਡੋ ਦੀ ਧਾਤਵੀ ਮੁਦਰਾ ਦੇ ਖਾਸੇ ਵਿੱਚੋਂ ਸੰਭਵ ਹੁੰਦਾ ਹੈ, ਉਹਨਾਂ ਦਾ ਤਿੱਖਾ ਤੇ ਜ਼ੋਰਦਾਰ ਰੂਪ, ਭਾਵ, ਸੰਕਟ ਦਾ ਰੂਪ, ਉਹਨਾਂ ਸਮਿਆਂ ਨਾਲ਼ ਸਬੰਧਤ ਹੈ, ਜਦੋਂ ਸ਼ਾਖ-ਪ੍ਰਣਾਲੀਆਂ ਵਿਕਸਤ ਹੋਈਆਂ ਹੁੰਦੀਆਂ ਹਨ, ਇਸ ਲਈ ਇਹ ਬਹੁਤ ਸਪਸ਼ਟ ਹੈ ਕਿ ਬੈਂਕ-ਨੋਟਾਂ ਦਾ ਜਾਰੀ ਕੀਤਿਆਂ ਜਾਣਾ, ਇੰਨ-ਬਿੰਨ, ਧਾਤਵੀ ਮੁੱਦਰਾ ਤੇ ਨਿਯਮਾਂ ਤੋਂ ਚਾਲਿਤ ਨਹੀਂ ਹੁੰਦਾ। ਧਾਤਵੀ ਮੁੱਦਰਾ ਤੇ ਲਾਗੂ ਹੋ ਸਕਣ ਵਾਲ਼ਾ ਇਲਾਜ ਤਾਂ ਕੀਮਤੀ ਧਾਤਾਂ ਦੀ ਦਰਾਮਦ ਅਤੇ ਬਰਾਮਦ ਹੀ ਹੈ, ਜਿਹਨਾਂ ਨੂੰ ਕਿ ਫੌਰੀ ਤੌਰ 'ਤੇ ਸਿੱਕੇ ਬਣਾ ਬਣਾ ਚਲਨ ਵਿੱਚ ਸੁੱਟਿਆ ਜਾਵੇ, ਜਿਸ ਨਾਲ਼ ਉਹਨਾਂ ਦੀ ਵਾਧ-ਘਾਟ ਅਨੁਸਾਰ ਜਿਣਸਾਂ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਆਉਂਦੇ ਰਹਿਣ। ਹੁਣ ਬੈਂਕਾਂ ਵੀ, ਧਾਤਵੀ ਮੁਦਰਾ ਦੇ ਨਿਯਮਾਂ ਦੀ ਨਕਲ ਕਰਕੇ, ਜਿਣਸ-ਕੀਮਤਾਂ ਉੱਪਰ, ਮਸਨੂਈ ਤੌਰ 'ਤੇ ਉਹੋ ਪ੍ਰਭਾਵ ਪਾ ਸਕਦੀਆਂ ਹਨ। ਜੇਕਰ ਸੋਨਾ ਬਾਹਰੋਂ ਚੱਲਿਆ ਆ ਰਿਹਾ ਹੈ, ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਦੇਸ਼ ਅੰਦਰ ਮੁਦਰਾ ਦੀ ਮਾਤਰਾ ਨਾਕਾਫੀ ਹੈ, ਕਿ ਧਨ ਦੀ ਕਦਰ ਬਹੁਤ ਉੱਚੀ ਹੈ ਅਤੇ ਜਿਣਸਾਂ ਦੀਆਂ ਕੀਮਤਾਂ ਬਹੁਤ ਗਿਰੀਆਂ ਹੋਈਆਂ ਹਨ ਅਤੇ ਇਸ ਲਈ ਜ਼ਰੂਰੀ ਹੈ ਕਿ ਝੱਟਪੱਟ, ਨਵੇਂ ਦਰਾਮਦ ਕੀਤੇ ਸੋਨੇ ਦੇ ਅਨੁਸਾਰ, ਚਲਨ ਵਿੱਚ ਬੈਂਕ-ਨੋਟ ਲਿਆਂਦੇ ਜਾਣ। ਦੂਜੇ ਪਾਸੇ, ਬੈਂਕ-ਨੋਟਾਂ ਨੂੰ ਫਟਾ-ਫਟ ਉਸੇ ਅਨੁਸਾਰ ਚਲਨ ਵਿੱਚ ਸਮੇਟਿਆ ਜਾਵੇ ਜਦੋਂ ਕਿ ਪਤਾ ਲੱਗੇ ਕਿ ਦੇਸ਼ ਵਿੱਚੋਂ ਸੋਨਾ ਬਾਹਰ ਨੂੰ ਜਾ ਰਿਹਾ

ਹੈ। ਦੂਜੇ ਸ਼ਬਦਾਂ ਵਿੱਚੋਂ, ਇਸ ਦਾ ਅਰਥ ਹੈ ਕਿ ਬੈਂਕ-ਨੋਟਾਂ ਦੇ ਜਾਰੀ ਕਰਨ ਨੂੰ, ਕੀਮਤ ਧਾਤਾਂ ਦੀ ਦਰਾਮਦ ਅਤੇ ਬਰਾਮਦ ਦੇ ਅਨੁਸਾਰ ਜਾਂ ਕਿ ਤਬਾਦਲਾ-ਦਰ ਦੇ ਅਨੁਸਾਰ, ਚਾਲਿਤ ਕੀਤਾ ਜਾਵੇ। ਰਿਕਾਰਡੋ ਦੀ ਗਲਤ ਮਾਨਤਾ ਕਿ ਸੋਨਾ ਤਾਂ ਕੇਵਲ-ਮਾਤਰ ਇੱਕ ਮੁਦਰਾ ਹੈ ਅਤੇ ਕਿ ਇਸ ਦੇ ਫਲਰੂਪ, ਸਾਰੇ ਦਾ ਸਾਰਾ ਦਰਾਮਦ ਕੀਤਾ ਸੋਨਾ, ਚਲਨ ਵਿਚਲੇ ਧਨ ਵਿੱਚ ਵਾਧਾ ਕਰਨ ਨੂੰ ਵਰਤਿਆ ਜਾਂਦਾ ਹੈ ਅਤੇ ਇਸ ਕਰਕੇ ਇਹ ਕੀਮਤਾਂ ਵਿੱਚ ਤੇਜ਼ੀ ਲਿਆਉਣ ਦਾ ਕਾਰਨ ਬਣਦਾ ਹੈ ਅਤੇ ਕਿ ਬਰਾਮਦ ਕੀਤਾ ਸਾਰੇ ਦਾ ਸਾਰਾ ਸੋਨਾ ਮੁਦਰਾ ਦੀ ਮਾਤਰਾ ਨੂੰ ਉਤਨਾ ਹੀ ਘਟਾ ਦੇਂਦਾ ਹੈ ਅਤੇ ਇਸ ਲਈ ਇਹ ਕੀਮਤਾਂ ਵਿੱਚ ਮੰਦੀ ਲਿਆਉਣ ਦਾ ਕਾਰਨ ਬਣਦਾ ਹੈ – ਇਹ ਸਿਧਾਂਤਕ ਮਾਨਤਾ ਹੁਣ, **ਚਲਨ ਵਿਚਲੀ ਮੁਦਰਾ ਦੀ ਮਾਤਰਾ ਨੂੰ ਸਦਾ ਦੇਸ਼ ਅੰਦਰਲੇ ਸੋਨੇ ਦੀ ਮਿਕਦਾਰ ਨਾਲ਼ ਮਿਲਾ ਕੇ ਰੱਖਣ ਦੇ, ਇੱਕ ਅਮਲੀ ਪ੍ਰਯੋਗ ਦੇ ਰੂਪ ਵਿੱਚ ਬਦਲ ਗਈ ਹੈ।** ਲਾਰਡ ਓਵਰਸਟੋਨ (ਜੋਨਜ਼ ਲਾਇਡ, ਬੈਂਕਰ) ਕਰਨਲ ਟੋਰੇਨਜ਼, ਨਾਰਮਨ ਕਲੇ, ਅਰਬੂਥਨਾਟ ਅਤੇ ਹੋਰ ਕਈ ਲੇਖਕ, ਜਿਹੜੇ ਕਿ ਇੰਗਲੈਂਡ ਅੰਦਰ, "ਮੁਦਰਾ ਵਿਚਾਰਧਾਰਾ" ਵਾਲ਼ੇ ਦੇ ਨਾਂ 'ਤੇ ਪ੍ਰਸਿੱਧ ਹਨ, ਨਾ ਕੇਵਲ ਇਸ ਸਿਧਾਂਤ ਦੇ ਪ੍ਰਚਾਰਕ ਹੀ ਹਨ, ਬਲਕਿ ਇਹਨਾਂ ਨੇ ਇਸ (ਸਿਧਾਂਤ) ਨੂੰ 1844 ਅਤੇ 1845 ਦੇ ਸਰ ਰਾਬਰਟ ਪੀਲ ਦੇ ਬੈਂਕ ਐਕਟਾਂ ਰਾਹੀਂ, ਇੰਗਲੈਂਡ ਅਤੇ ਸਕਾਟਲੈਂਡ ਦੇ ਬੈਂਕ-ਕਾਨੂੰਨਾਂ ਦਾ ਅਧਾਰ ਹੀ ਬਣਾ ਦਿੱਤਾ ਹੈ। ਉਹ ਆਪਣੇ ਸਿਧਾਂਤ ਅਤੇ ਅਮਲ, ਦੋਹਾਂ ਵਿੱਚ, ਵਿਸ਼ਾਲਤਮ-ਕੌਮੀ ਪੈਮਾਨੇ ਦੇ ਪ੍ਰਯੋਗ ਤੋਂ ਬਾਅਦ ਕਿਸ ਬੜੀ ਨਾਕਾਮੀ ਦਾ ਸ਼ਿਕਾਰ ਹੋਏ, ਇਸ ਦੀ ਪੁਣ-ਛਾਣ, ਸ਼ਾਖ-ਸਿਧਾਂਤ 'ਤੇ ਵਿਚਾਰ ਕਰਨ ਵਾਲ਼ੇ ਹਿੱਸੇ ਵਿੱਚ ਹੀ ਕੀਤੀ ਜਾ ਸਕਦੀ ਹੈ।* ਪਰ ਇੰਨੀ ਗੱਲ

* 1844 ਅਤੇ 1845 ਦੇ ਬੈਂਕ ਐਕਟਾਂ ਦੇ ਅਮਲ ਬਾਰੇ ਜਾਂਚ ਕਰਨ ਲਈ 1857 ਦੇ ਆਮ ਵਪਾਰਕ ਸੰਕਟ ਦੇ ਆਰੰਭ ਹੋਣ ਤੋਂ ਕੁਝ ਹੀ ਮਹੀਨੇ ਪਹਿਲਾਂ, ਹਾਊਸ ਆਫ਼ ਕਾਮਨਜ਼ ਨੇ ਇੱਕ ਕਮੇਟੀ ਬਣਾਈ। ਇਸ ਕਮੇਟੀ ਅੱਗੇ ਗਵਾਹੀ ਦੇਂਦਿਆਂ ਇਹਨਾਂ ਐਕਟਾਂ ਦੇ ਬਣਾਉਣ ਵਾਲੇ, ਲਾਰਡ ਓਵਰਸਟੋਨ ਨੇ ਹੇਠ ਲਿੱਖੀ ਗੱਲ ਬੜੀ ਸ਼ੇਖੀ ਮਾਰਦਿਆਂ ਕਹੀ: "1844 ਦੇ ਐਕਟ ਦੇ ਅਸੂਲਾਂ ਦੀ ਬੜੇ ਧਿਆਨ ਅਤੇ ਕਰੜਾਈ ਨਾਲ ਪਾਲਣਾ ਕਰਦੇ ਹੋਇਆ, ਹਰ ਚੀਜ਼ ਬਾਕਾਇਦਗੀ ਅਤੇ ਸੌਖ ਨਾਲ਼ ਪਾਰ ਹੋਈ ਹੈ; ਧਨਵੀ ਪ੍ਰਣਾਲੀ ਸੁਰੱਖਿਅਤ ਅਤੇ ਅਡੋਲ ਹੈ, ਦੇਸ਼ ਦੀ ਖੁਸ਼ਹਾਲੀ ਵੱਲ ਕੋਈ ਉਂਗਲ ਨਹੀਂ ਕਰ ਸਕਦਾ; 1844 ਦੇ ਐਕਟ ਦੀ ਸੂਝ ਤੇ ਪਬਲਿਕ ਦਾ ਭਰੋਸਾ ਦਿਨੋਂ ਦਿਨ ਵਧ ਰਿਹਾ ਹੈ ਅਤੇ ਜੇ ਕਮੇਟੀ, ਹਾਲਾਂ ਵੀ, ਜਿਨ੍ਹਾਂ ਅਸੂਲਾਂ ਦੇ ਇਹ ਐਕਟ ਟਿਕਿਆ ਹੋਇਆ ਹੈ, ਉਹਨਾਂ ਦੀ ਮਜ਼ਬੂਤੀ ਦਾ ਹੋਰ ਵੀ ਅਮਲੀ ਸਬੂਤ ਚਾਹੁੰਦੀ ਹੈ, ਜਾਂ ਕਿ ਇਸ ਨੂੰ ਇਸ ਐਕਟ ਦੁਆਰਾ ਗਾਰੰਟੀ ਹੋਏ ਲਾਭਕਾਰੀ ਨਤੀਜਿਆਂ ਦੇ ਦੇਖਣ ਦੀ ਚਾਹਨਾ ਹੈ, ਤਾਂ ਕਮੇਟੀ ਲਈ ਸੱਚਾ ਅਤੇ ਸੰਪੂਰਨ ਜੁਆਬ ਇਹ ਹੈ ਕਿ ਆਪਣੇ ਚੌਹੀਂ ਪਾਸੇ ਨਜ਼ਰ ਮਾਰੇ, ਦੇਸ਼ ਦੇ ਵਪਾਰ ਦੀ ਵਰਤਮਾਨ ਸਥਿਤੀ ਦਾ ਜਾਇਜ਼ਾ ਲਵੇ, ਲੋਕਾਂ ਵਿੱਚ ਆਏ ਸੰਤੋਖ ਨੂੰ ਪਛਾਣੇ; ਹੋਰ ਅੱਗੇ ਉਹ ਉਸ ਦੌਲਤ ਅਤੇ ਖੁਸ਼ਹਾਲੀ ਦਾ ਅੰਦਾਜ਼ਾ ਲਾਵੇ, ਜਿਹੜੀ ਕਿ ਸਮਾਜ ਦੇ ਹਰ ਤਬਕੇ ਨੂੰ ਪ੍ਰਾਪਤ ਹੈ ਤਾਂ ਫੇਰ, ਉਸ ਦੇ ਇਹ ਸਭ ਕਰ ਲੈਣ 'ਤੇ, ਕਮੇਟੀ ਖੁਦ ਇਸ ਗੱਲ ਬਾਰੇ ਮੁਨਾਸਬ ਫੈਸਲਾ ਕਰਨ ਦੇ ਯੋਗ ਹੋਵੇਗੀ, ਕਿ ਕੀ ਉਸ ਲਈ, ਉਸ ਐਕਟ ਦੇ ਚੱਲਦੇ ਰਹਿਣ ਦੇ ਰਾਹ ਵਿੱਚ ਰੋੜਾ ਬਣਨਾ ਜਾਇਜ਼ ਹੈ, ਜਿਸ ਨੇ ਕਿ ਇਹ ਸਭ ਪ੍ਰਣਾਮ ਦਿੱਤੇ ਹਨ।" ਇਸ ਤਰ੍ਹਾਂ ਦੇ ਜ਼ੋਰ ਨਾਲ਼ ਓਵਰਸਟੋਨ ਨੇ 14 ਜੁਲਾਈ, 1857 ⇨

ਤਾਂ ਬਿਲਕੁਲ ਸਪਸ਼ਟ ਹੈ ਕਿ ਰਿਕਾਰਡੋ ਦਾ ਸਿਧਾਂਤ, ਜਿਹੜਾ ਮੁੱਦਰਾ ਨੂੰ, ਧਨ ਦਾ, ਸਭ ਤੋਂ ਕੱਟਿਆ, ਇੱਕ ਤਰਲ ਰੂਪ ਮੰਨ ਕੇ ਚਲਦਾ ਹੈ, ਉਸ ਦਾ ਅੰਤ ਕੀਮਤੀ ਧਾਤਾਂ ਦੀ ਮਿਕਦਾਰ ਵਿੱਚ ਵਾਧੇ ਅਤੇ ਘਾਟੇ ਬਾਰੇ, ਬੁਰਜੂਆ ਅਰਥਚਾਰੇ 'ਤੇ ਅਜਿਹਾ ਸੰਪੂਰਨ ਅਸਰ ਛੱਡਣ ਵਿੱਚ ਹੁੰਦਾ ਹੈ, ਜਿਸ ਦੀ ਕਲਪਨਾ, ਧਨਵੀ ਪ੍ਰਣਾਲੀ ਦੀਆਂ ਘੋਰ ਅੰਧ-ਵਿਸ਼ਵਾਸੀ ਧਾਰਨਾਵਾਂ ਤੱਕ ਵਿੱਚ ਨਾ ਕੀਤੀ ਗਈ ਸੀ। ਰਿਕਾਰਡੋ, ਜਿਸ ਨੇ ਕਿ ਇਹ ਘੋਸ਼ਣਾ ਕੀਤੀ ਸੀ ਕਿ ਕਾਗਜ਼ੀ ਧਨ, ਧਨ ਦਾ ਸਭ ਤੋਂ ਮੁਕੰਮਲ ਰੂਪ ਹੈ, ਇਸ ਤਰ੍ਹਾਂ ਬੁਲੀਅਨਵਾਦੀਆਂ ਦਾ ਪੈਗੰਬਰ ਬਣ ਜਾਂਦਾ ਹੈ।

ਹਿਯੂਮ ਦੇ ਸਿਧਾਂਤ ਤੋਂ ਪਿੱਛੋਂ, ਜਾਂ ਜਦੋਂ ਧਨਵੀ ਪ੍ਰਣਾਲੀ ਦੀ ਅਰੂਪ ਮੁਖ਼ਾਲਫਤ, ਵਧ ਕੇ ਆਪਣੇ ਸਿਰੇ ਦੇ ਨਿਰਣਿਆਂ 'ਤੇ ਜਾ ਪੁੱਜੀ ਸੀ, ਤਾਂ ਜਾ ਕੇ ਕਿਤੇ ਸਟਿਯੂਆਰਟ ਦੀ, ਧਨ ਦੀ ਠੋਸ ਵਿਆਖਿਆ **ਥਾਮਸ ਟੂਕੇ*** ਦੇ ਪ੍ਰਯਤਨਾਂ ਦੁਆਰਾ, ਆਪਣੀ ਜਾਇਜ਼ ਥਾਂ 'ਤੇ ਬਹਾਲ ਹੋਈ। ਟੂਕੇ ਆਪਣੇ ਅਸੂਲ ਕਿਸੇ ਇੱਕ ਜਾਂ ਦੂਜੇ ਸਿਧਾਂਤ 'ਚੋਂ ਨਹੀਂ ਘੜ੍ਹਦਾ, ਬਲਕਿ 1793 ਤੋਂ 1856 ਦੀਆਂ ਜਿਣਸ ਕੀਮਤਾਂ ਦੇ ਇਤਿਹਾਸ ਦੀ ਚੰਗੀ ਪੁਣ-ਛਾਣ 'ਚੋਂ ਉਹਨਾਂ ਨੂੰ ਤਿਆਰ ਕਰਦਾ ਹੈ। ਆਪਣੇ **'ਕੀਮਤਾਂ ਦੇ ਇਤਿਹਾਸ'** ਦੀ ਪਹਿਲੀ ਐਡੀਸ਼ਨ ਵਿੱਚ, ਜਿਹੜੀ 1823 ਵਿੱਚ ਪ੍ਰਕਾਸ਼ਤ ਹੋਈ ਸੀ, ਟੂਕੇ ਅਜੇ ਤੀਕ, ਪੂਰੀ ਤਰ੍ਹਾਂ ਰਿਕਾਰਡੋ ਦੇ ਸਿਧਾਂਤਾਂ ਅੰਦਰ ਧੱਸਿਆ ਹੋਇਆ ਹੈ ਅਤੇ ਬੇਕਾਰ ਹੀ, ਤੱਥਾਂ ਦੀ ਆਪਣੇ ਸਿਧਾਂਤ ਨਾਲ਼ ਪਟੜੀ ਵਿਛਾਉਣ ਦਾ ਯਤਨ ਕਰ ਰਿਹਾ ਹੈ। ਉਸ ਦਾ ਪੈਂਫਲੈਟ 'ਮੁਦਰਾ ਬਾਰੇ', ਜਿਹੜਾ ਕਿ 1825 ਦੇ ਸੰਕਟ ਤੋਂ ਪਿੱਛੋਂ ਛਪਿਆ, ਉਸ ਨੂੰ ਵੀ ਉਹਨਾਂ ਨਜ਼ਰੀਆਂ ਦੀ ਪਹਿਲੀ ਸੁਗੰਧਤ ਵਿਵੇਚਣਾ ਹੀ ਕਿਹਾ ਜਾ ਸਕਦਾ ਹੈ, ਜਿਹਨਾਂ ਨੂੰ ਫੜ ਕੇ ਪਿਛੋਂ ਓਵਰਸਟੋਨ ਨੇ ਚੱਲਣਾ ਅਰੰਭ ਕੀਤਾ। ਪਰ ਕੀਮਤਾਂ ਦੇ ਇਤਿਹਾਸ ਦੀ ਲਗਾਤਾਰ ਜਾਂਚ ਨੇ ਟੂਕੇ ਨੂੰ ਇਹ ਸਵੀਕਾਰ ਕਰਨ ਤੋਂ ਮਜਬੂਰ ਕੀਤਾ ਕਿ ਕੀਮਤਾਂ ਅਤੇ ਮੁੱਦਰਾ ਦੀ ਮਿਕਦਾਰ ਵਿਚਕਾਰਲਾ ਸਿੱਧਾ ਸਬੰਧ, ਜਿਹੜਾ ਕਿ ਇਸ ਸਿਧਾਂਤ ਦੀ ਪੂਰਬ ਮਾਨਤਾ ਹੈ, ਇਹ ਬਿਲਕੁਲ ਕਲਪਣਿਕ ਹੈ, ਕਿ ਮੁੱਦਰਾ ਦੀ ਮਿਕਦਾਰ ਵਿੱਚ ਵਧਾਅ-ਘਟਾਅ, ਜਦੋਂ ਕਿ ਕੀਮਤੀ ਧਾਤਾਂ ਦੀ ਕਦਰ ਸਥਿਰ ਰਹਿੰਦੀ ਹੈ, ਉਹ ਸਦਾ ਕੀਮਤ-ਤਬਦੀਲੀਆਂ ਦੇ ਨਤੀਜੇ ਵਜੋਂ ਹੁੰਦੇ ਹਨ, ਉਹਨਾਂ ਦਾ ਕਾਰਨ ਕਦੇ ਨਹੀਂ ਹੁੰਦੇ, ਕਿ ਕੁੱਲ ਮਿਲਾ ਕੇ ਧਨ ਦਾ ਚਲਨ, ਕੇਵਲ-ਮਾਤਰ ਇੱਕ ਦੂਜੇ ਨੰਬਰ ਦੀ ਹਰਕਤ ਹੈ; ਅਤੇ ਕਿ ਧਨ, ਪੈਦਾਵਾਰ ਦੇ ਅਸਲ ਅਮਲ ਦੇ ਦੌਰਾਨ ਚਲਨ-ਮਾਧਿਅਮ ਦੇ ਰੂਪ ਵਿੱਚ ਕੰਮ ਕਰਨ ਤੋਂ ਇਲਾਵਾ, ਹੋਰ ਵੀ ਕਈ ਤਰ੍ਹਾਂ ਦੇ ਕਾਰਜ ਸਾਧਦਾ ਹੈ। ਟੂਕੇ ਦੁਆਰਾ ਕੀਤੀ ਤਫਸੀਲੀ ਖੋਜ, ਸਾਧਾਰਨ ਧਾਤਵੀ ਮੁਦਰਾ ਦੇ ਖੇਤਰ ਤੱਕ ਹੀ ਸੀਮਿਤ

---

ਨੂੰ ਆਪਣਾ ਢੋਲ ਆਪ ਪਿੱਟਿਆ ਅਤੇ ਉਸ ਸਾਲ ਦੀ 12 ਨਵੰਬਰ ਨੂੰ, 1844 ਦਾ ਜਾਦੂਈ ਐਕਟ, ਮੰਤਰੀ-ਮੰਡਲ ਨੂੰ ਆਪਣੀ ਜ਼ਿੰਮੇਵਾਰੀ 'ਤੇ ਨਿਲੰਬਤ ਕਰਨਾ ਪਿਆ।

* ਟੂਕੇ ਸਟਿਯੂਆਰਟ ਦੀ ਪੁਸਤਕ ਬਾਰੇ ਬਿਲਕੁੱਲ ਅਣਜਾਣ ਸੀ, ਇਸ ਦਾ ਸਬੂਤ, ਉਸ ਦੇ **'1839 ਤੋਂ 1847 ਦੇ ਕੀਮਤਾਂ ਦੇ ਇਤਿਹਾਸ'** ਲੰਡਨ, 1848 ਤੋਂ ਮਿਲਦਾ ਹੈ, ਜਿਸ ਵਿੱਚ ਉਹ ਧਨ ਦੇ ਸਿਧਾਂਤਾਂ ਦੇ ਇਤਿਹਾਸ ਦਾ ਨਿਚੋੜ ਪੇਸ਼ ਕਰਦਾ ਹੈ।

ਨਾ ਰਹੀ, ਅਤੇ ਇਸ ਮੌਕੇ 'ਤੇ ਉਸ ਸਾਰੀ ਦੀ ਜਾਂ **ਵਿਲਸਨ** ਅਤੇ **ਫੁਲਰਟਨ** ਦੀਆਂ ਰਚਨਾਵਾਂ ਦੀ ਜਾਂਚ ਕਰਨਾ ਵੀ ਸੰਭਵ ਨਹੀਂ, ਜਿਹੜੀਆਂ ਕਿ ਉਸੇ ਵਿਚਾਰਧਾਰਾ ਦੀਆਂ ਧਾਰਨੀ ਹਨ।* ਇਹਨਾਂ ਲੇਖਕਾਂ ਵਿੱਚੋਂ ਕੋਈ ਵੀ, ਧਨ ਦਾ ਇੱਕ ਪਾਸੜ ਰੁਖ ਨਹੀਂ ਲੈਂਦਾ, ਬਲਕਿ ਇਸ ਦੇ ਵੱਖ ਵੱਖ ਪਹਿਲੂਆਂ ਦਾ ਅਧਿਐਨ ਕਰਦਾ ਹੈ। ਭਾਵੇਂ ਕਿ ਇਹਨਾਂ ਦਾ ਇਹ ਯਤਨ ਅਜੇ ਇੱਕ ਮਸ਼ੀਨੀ ਜਿਹਾ ਹੈ, ਇਸ ਵਿੱਚ ਨਾ ਤਾਂ ਇਹਨਾਂ ਪੱਖਾਂ ਦੇ ਇੱਕ ਦੂਜੇ ਨਾਲ਼ ਆਪਸ ਦੇ (ਆਰਗਨੀ) ਸਬੰਧ, ਨਾ ਹੀ ਆਰਥਿਕ ਸ਼੍ਰੇਣੀਆਂ ਦੀ ਸੰਪੂਰਨ ਪ੍ਰਣਾਲੀ ਨਾਲ਼ ਦੇ ਸਬੰਧ ਵੱਲ ਧਿਆਨ ਦਿੱਤਾ ਗਿਆ ਹੈ। ਇਸੇ ਕਰਕੇ, ਉਹ **ਮੁਦਰਾ** ਤੋਂ ਸਾਫ਼ ਵੱਖਰੇ, **ਧਨ** ਨੂੰ, **ਸਰਮਾਇਆ** ਜਾਂ ਜਿਣਸਾਂ ਦਾ ਭੁਲੇਖਾ ਖਾਣ ਦੀ, ਗਲਤੀ ਕਰਦੇ ਹਨ; ਹਾਲਾਂਕਿ ਦੂਜੇ ਬੰਨ੍ਹੇ, ਉਹ ਵਾਰ-ਵਾਰ ਜ਼ੋਰ ਲਾ ਕੇ ਦਾਅਵੇ ਕਰਦੇ ਹਨ, ਕਿ ਇਹਨਾਂ ਦੋ ਸ਼੍ਰੇਣੀਆਂ ਅਤੇ ਧਨ ਵਿਚਕਾਰ ਸਾਫ ਫਰਕ ਹੈ।** ਜਦੋਂ ਮਿਸਾਲ ਵਜੋਂ ਸੋਨੇ ਨੂੰ ਬਾਹਰ ਭੇਜਿਆਂ ਜਾਂਦਾ ਹੈ, ਤਾਂ ਅਸਲ ਵਿੱਚ ਸਰਮਾਇਆ ਬਾਹਰ ਘੱਲਿਆ ਜਾਂਦਾ ਹੈ। ਪਰ ਤਾਂ ਵੀ ਇਹੋ ਸੂਰਤ ਹੁੰਦੀ ਹੈ ਜਦੋਂ ਕਿ ਲੋਹਾ, ਕਪਾਹ, ਅਨਾਜ, ਜਾਂ ਕੋਈ ਵੀ ਹੋਰ ਜਿਣਸ ਬਰਾਮਦ ਕੀਤੀ ਜਾਂਦੀ ਹੈ। ਦੋਵੇਂ ਸਰਮਾਇਆ ਹਨ ਅਤੇ ਇਸ ਲਈ ਦੋਹਾਂ ਵਿਚਕਾਰ ਫਰਕ ਇਸ ਗੱਲੋਂ ਨਹੀਂ ਪੈਂਦਾ ਕਿ ਇਕ ਸਰਮਾਇਆ

---

* ਟੂਕੇ ਦੀ ਪ੍ਰਮੁੱਖ ਰਚਨਾ – **ਕੀਮਤਾਂ ਦੇ ਇਤਿਹਾਸ** ਤੋਂ ਛੁੱਟ, ਜਿਹੜਾ ਕਿ ਉਸ ਦੇ ਸਹਿਯੋਗੀ ਨਿਯੂਮਾਰਚ ਦੁਆਰਾ ਛੇ ਜਿਲਦਾ ਵਿੱਚ ਛਪਵਾਇਆ ਗਿਆ ਸੀ – **'ਮੁਦਰਾ ਦੇ ਅਸੂਲ ਅਤੇ ਮੁਦਰਾ ਦੇ ਕੀਮਤਾਂ ਨਾਲ਼ ਸਬੰਧ ਬਾਰੇ ਇੱਕ ਜਾਂਚ'** ਹੈ... ਦੂਜਾ ਐਡੀਸ਼ਨ, ਲੰਡਨ, 1844। ਵਿਲਸਨ ਦੀ ਪੁਸਤਕ ਦਾ ਪਿੱਛੇ ਹਵਾਲਾ ਆ ਚੁੱਕਾ ਹੈ। ਜਾਨ ਫੁਲਰਟਨ ਦੀ ਰਚਨਾ **'ਮੁੱਦਰਾਵਾਂ ਦਾ ਸੰਚਾਲਣ'**, ਦੂਜਾ ਐਡੀਸ਼ਨ, ਲੰਡਨ, 1845।

** "ਸਾਨੂੰ... ਸੋਨੇ ਵਿਚਕਾਰ... ਜਦੋਂ ਕਿ ਇਸ ਨੂੰ ਵਪਾਰ-ਸਮੱਗਰੀ, ਭਾਵ ਸਰਮਾਏ ਦੇ ਤੌਰ 'ਤੇ ਸਮਝਿਆ ਜਾਂਦਾ ਹੈ, ਅਤੇ ਜਦੋਂ ਕਿ ਇਸ ਨੂੰ ਮੁੱਦਰਾ ਮੰਨਿਆ ਜਾਂਦਾ ਹੈ... ਫਰਕ ਕਰਨਾ ਚਾਹੀਦਾ ਹੈ...।" (ਥਾਮਸ ਟੂਕੇ, **'ਮੁੱਦਰਾ ਅਸੂਲ ਦੀ ਜਾਂਚ** ਪੰਨਾ 10) "ਸੋਨਾ ਅਤੇ ਚਾਂਦੀ ਬਾਰੇ ਭਰੋਸਾ ਰੱਖਿਆ ਜਾ ਸਕਦਾ ਹੈ ਕਿ ਉਹ ਆਪਣੀ ਆਮਦ ਤੇ ਲਗਭਗ ਉਤਨੀ ਹੀ ਰਕਮ ਵਸੂਲ ਕਰ ਲੈਣਗੇ, ਜਿਤਨੀ ਕਿ ਉਹਨਾਂ ਲਈ ਦੇਣੀ ਪਈ ਹੋਵੇਗੀ...। ਸੋਨੇ ਅਤੇ ਚਾਂਦੀ ਦਾ ਹੋਰ ਸਭ ਪ੍ਰਕਾਰ ਦੀ ਵਪਾਰ ਸਮੱਗਰੀ ਉੱਪਰ ਇੱਕ ਵੱਡਮੁੱਲਾ ਵਾਧਾ ਇਹ ਹੈ ਕਿ ਇਹ ਸੰਸਾਰ ਭਰ ਵਿੱਚ ਬਤੌਰ ਧਨ ਦੇ ਵਰਤੀਂਦਾ ਹੈ। ਕਰਜ਼ਿਆਂ ਦੇ ਵਾਪਸ ਕਰਨੇ ਮੰਨੇ ਭੁਗਤਾਨਾਂ ਲਈ, ਭਾਵੇਂ ਉਹ ਦੇਸ਼ ਅੰਦਰਲੇ ਹੋਣ, ਜਾਂ ਬਾਹਰ ਦੇ, ਚਾਹ, ਕੌਫੀ, ਚੀਨੀ ਜਾਂ ਪਿਆਜ ਆਦਿ ਤਾਂ ਨਹੀਂ ਦਿੱਤੇ ਜਾ ਸਕਦੇ, ਉਹ ਤਾਂ ਸਿੱਕੇ ਵਿੱਚ ਕਰਨੇ ਹੁੰਦੇ ਹਨ। ਇਸ ਲਈ ਅਦਾਇਗੀ, ਜਾਂ ਤਾਂ ਇੱਕੋ ਜਿਹੇ ਬਣੇ ਸਿੱਕੇ ਦੇ ਰੂਪ ਵਿੱਚ, ਜਾਂ ਕਿ ਬੁਲੀਅਨ ਰੂਪ ਵਿੱਚ, ਜਿਸ ਨੂੰ ਕਿ ਭੇਜੇ ਦੇਸ਼ ਅੰਦਰਲੀ ਟਕਸਾਲ ਜਾਂ ਬਾਜ਼ਾਰ ਅੰਦਰ ਫੌਰਨ ਹੀ ਆਪਣੇ ਸਿੱਕੇ ਵਿੱਚ ਬਦਲਿਆ ਜਾ ਸਕੇ, ਕਰਨੀ ਪੈਂਦੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਇਹ ਵਸੀਲਾ ਉਹ ਹੋਣਾ ਚਾਹੀਦਾ ਹੈ, ਜਿਹੜੀ ਕਿ ਅਦਾਇਗੀ ਵਿੱਚ ਫੌਰੀ, ਅਤੇ ਠੀਕ ਠੀਕ ਦਸਤਿਆਬ ਹੋਵੇ, ਜਿਸ ਵਿੱਚ ਮੰਗ ਦੇ ਨਾ ਹੋਣ ਜਾਂ ਕੀਮਤਾਂ ਦੇ ਉਤਾਰ-ਚੜ੍ਹਾਅ (ਜਾਨ ਫੁਲਰਟਨ, ਓਪ. ਸਿਟ. ਪੰਨਾ 132, 133) "(ਸੋਨੇ ਚਾਂਦੀ ਤੋਂ ਬਿਨਾਂ) ਹੋਰ ਕੋਈ ਵਸਤੂ, ਭੇਜੇ ਗਏ ਦੇਸ਼ ਅੰਦਰਲੀ ਆਮ ਮੰਗ ਦੀ ਮਿਕਦਾਰ ਜਾਂ ਕਿਸਮ ਤੋਂ ਉਤਾਂਹ-ਹੇਠਾਂ ਹੋ ਸਕਦੀ ਹੈ।" (ਟੂਕੇ **'ਇੱਕ ਜਾਂਚ'** ...ਪੰਨਾ 10)।

ਹੈ, ਬਲਕਿ ਇਸ ਕਰਕੇ, ਕਿਉਂਕਿ ਇਕ ਧਨ ਹੈ ਅਤੇ ਦੂਜੀ ਜਿਣਸ। ਇਸੇ ਤਰ੍ਹਾਂ, ਸੋਨੇ ਦਾ ਤਬਾਦਲੇ ਦੇ ਕੌਮਾਂਤਰੀ ਵਸੀਲੇ ਦੇ ਤੌਰ 'ਤੇ ਰੋਲ, ਇਸ ਦੇ ਇਸ ਵਖਰਿਆਵੇਂ ਰੂਪ ਕਰਕੇ ਨਹੀਂ ਹੈ ਕਿ ਇਹ ਸਰਮਾਇਆ ਹੈ, ਬਲਕਿ ਇਸ ਦੇ ਖਾਸ ਕਾਰਜ ਕਰਕੇ ਹੈ ਜਿਸ ਨੂੰ ਕਿ ਇਹ ਧਨ ਦੇ ਤੌਰ 'ਤੇ ਕਰਦਾ ਹੈ। ਇਸੇ ਤਰ੍ਹਾਂ, ਜਦੋਂ ਸੋਨਾ ਜਾਂ ਬੈਂਕ-ਨੋਟ ਜਿਹੜੇ ਇਸ ਦੀ ਥਾਂ 'ਤੇ ਘਰੇਲੂ ਵਪਾਰ ਵਿੱਚ ਅਦਾਇਗੀ-ਵਸੀਲੇ ਦੇ ਤੌਰ 'ਤੇ ਵਰਤੀਂਦੇ ਹਨ, ਉਹ ਉਸ ਵੇਲੇ ਸਰਮਾਇਆ ਵੀ ਹੁੰਦੇ ਹਨ। ਪਰ ਸਰਮਾਏ ਨੂੰ, ਇਸ ਦੇ ਥਾਂ 'ਤੇ, ਜਿਣਸਾਂ ਦੇ ਰੂਪ ਵਿੱਚ ਵਰਤਣਾ ਅਸੰਭਵ ਹੈ, ਜਿਸ ਗੱਲ ਦੀ ਪੜ੍ਹੋਤਾ ਬੜੇ ਉੱਘੇ ਰੂਪ ਵਿੱਚ, ਮਿਸਾਲ ਵਜੋਂ, ਸੰਕਟਾਂ ਨੇ ਕਰ ਦਿੱਤੀ ਹੈ। ਇੱਥੇ ਫੇਰ, ਜਿਣਸਾਂ ਅਤੇ ਧਨ-ਰੂਪ ਵਿੱਚ ਵਰਤੀਂਦੇ ਸੋਨੇ ਵਿਚਕਾਰ ਫਰਕ ਹੈ, ਨਾ ਕਿ ਸਰਮਾਏ ਰੂਪ ਵਿੱਚ ਇਸ ਦੇ ਕਾਰਜ ਕਰ ਕੇ, ਜਿਹੜਾ ਕਿ ਸੋਨੇ ਨੂੰ ਅਦਾਇਗੀ-ਵਸੀਲੇ ਵਿੱਚ ਬਦਲ ਦੇਂਦਾ ਹੈ। ਸਰਮਾਏ ਨੂੰ, ਜਦੋਂ ਕਦੇ, ਸਰਮਾਏ ਰੂਪ ਵਿੱਚ ਸਿੱਧਿਆਂ ਬਰਾਮਦ ਕੀਤਾ ਜਾਂਦਾ ਹੈ, ਭਾਵ ਜਦੋਂ ਦੂਜੇ ਕਿਸੇ ਦੇਸ ਵਿੱਚ ਵਿਆਜ 'ਤੇ ਕਰਜ਼ ਦੇਣ ਲਈ, ਉਸ ਸਮੇਂ ਵੀ ਇਹ ਬਾਜ਼ਾਰ ਹਾਲਤਾਂ 'ਤੇ ਨਿਰਭਰ ਕਰੇਗਾ, ਕਿ ਇਸ ਨੂੰ ਜਿਣਸਾਂ ਦੇ ਰੂਪ ਵਿੱਚ ਭੇਜਿਆ ਜਾਵੇ, ਜਾਂ ਕਿ ਸੋਨੇ ਦੇ ਰੂਪ ਵਿੱਚ ਅਤੇ ਜੇਕਰ ਇਸ ਨੂੰ ਸੋਨੇ ਰੂਪ ਵਿੱਚ ਹੀ ਭੇਜਣਾ ਪੈਂਦਾ ਹੈ, ਤਾਂ ਇਸ ਦਾ ਕਾਰਨ ਉਹ ਖਾਸ ਕਾਰਜ ਹੁੰਦਾ ਹੈ, ਜਿਸ ਨੂੰ ਕਿ ਕੀਮਤੀ ਧਾਤਾਂ, ਜਿਣਸਾਂ ਦੇ ਮੁਕਾਬਲੇ, ਧਨ-ਰੂਪ ਵਿੱਚ ਅਦਾ ਕਰਦੀਆਂ ਹਨ। ਮੋਟੇ ਤੌਰ 'ਤੇ ਇਹ ਲੇਖਕ, ਸਭ ਤੋਂ ਪਹਿਲਾਂ ਤਾਂ ਧਨ ਦੀ ਇਸ ਦੇ ਅਰੂਪ ਰੂਪ ਵਿੱਚ ਜਾਂਚ ਹੀ ਨਹੀਂ ਕਰਦੇ, ਜਿਸ ਵਿੱਚ ਇਹ ਸਾਧਾਰਨ ਜਿਣਸ ਚਲਨ ਦੇ ਢਾਂਚੇ ਦੇ ਅੰਦਰ ਵਿਕਸਤ ਹੁੰਦਾ ਹੈ ਅਤੇ ਚਲਨ ਵਿਚਲੀਆਂ ਜਿਣਸਾਂ ਦੇ ਸਬੰਧਾਂ ਤੋਂ ਬਾਹਰ ਚਲਿਆ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਉਹ ਵਾਰ ਵਾਰ, ਧਨ ਦੁਆਰਾ, ਜਿਣਸਾਂ ਤੋਂ ਵੱਖਰੇ ਅਪਣਾਏ ਅਰੂਪ ਰੂਪਾਂ ਅਤੇ ਧਨ ਦੇ ਉਹਨਾਂ ਰੂਪਾਂ, ਜਿਹੜੇ ਠੋਸ ਤੱਥਾਂ, ਜਿਵੇਂ ਕਿ ਸਰਮਾਇਆ, ਲਗਾਨ ਅਤੇ ਇਸੇ ਤਰ੍ਹਾਂ ਹੋਰ ਕਈ ਨੂੰ, ਲੁਕਾਈ ਰੱਖਦੇ ਹਨ, ਵਿਚਕਾਰ ਹਚਕੋਲੇ ਖਾਈ ਜਾਂਦੇ ਹਨ।*

* ਧਨ ਦੇ ਸਰਮਾਏ ਰੂਪ ਵਿੱਚ ਬਦਲਣ ਦੀ ਜਾਂਚ ਤੀਜੇ ਅਧਿਆਏ ਵਿੱਚ ਕੀਤੀ ਜਾਵੇਗੀ, ਜਿਹੜਾ ਕਿ ਸਰਮਾਏ ਬਾਰੇ ਹੈ, ਅਤੇ (ਇਸ ਪੁਸਤਕ ਦੇ) ਪਹਿਲੇ ਭਾਗ ਨੂੰ ਪੂਰਿਆਂ ਕਰਦਾ ਹੈ।

## ਜ਼ਮੀਮਾ

# ਕਾਰਲ ਮਾਰਕਸ

## ਭੂਮਿਕਾ

("ਭੂਮਿਕਾ" ਇੱਕ ਅਧੂਰਾ ਅਣਸੋਧਿਆ ਖਰੜਾ ਹੈ, ਜਿਹੜਾ ਕਿ ਮਾਰਕਸ ਦੀ ਮ੍ਰਿਤੂ ਪਿਛੋਂ ਉਨ੍ਹਾਂ ਦੇ ਕਾਗਜ਼ਾਂ ਵਿੱਚੋਂ ਮਿਲਿਆ। ਸਭ ਤੋਂ ਪਹਿਲਾਂ ਇਹ 1903 ਵਿੱਚ '**ਦੇ ਨਿਉਏ ਜੇਤ**' ਨਾਮਕ ਪੱਤ੍ਰਕਾ ਵਿੱਚ ਛਪਿਆ ਅਤੇ ਮਾਸਕੋ, 1939 ਵਿੱਚ '**ਗਰੁੰਦਰਿਸੇ ਦੇਰ ਕਰਿਤਿਕ ਦੇ ਪਾਲਿਟਿਸ਼ੇਨ ਓਕੋਨੋਮੀ (ਰੋਹੇਤਵਰਫ**) ਦੇ ਨਾਂ ਹੇਠ ਛਪੇ ਖਰੜਿਆਂ ਦੇ ਸੈੱਟ ਵਿੱਚ ਇਹ ਸਭ ਤੋਂ ਪਹਿਲਾ ਹੈ।)

## 1. ਉਪਜ, ਖਪਤ, ਤਕਸੀਮ, ਤਬਾਦਲਾ (ਚਲਨ)

### 1. ਉਪਜ

(ੳ) ਸਭ ਤੋਂ ਪਹਿਲਾ ਵਿਚਾਰ-ਅਧੀਨ ਪ੍ਰਸ਼ਨ **ਪਦਾਰਥਕ ਉਪਜ** ਹੈ।

ਵਿਅਕਤੀ ਕਿਸੇ ਸਮਾਜ ਵਿੱਚ ਉਪਜ ਕਰਦੇ ਹਨ ਅਤੇ ਇਸ ਲਈ ਵਿਅਕਤੀਆਂ ਦੁਆਰਾ ਕੀਤੀ ਪੈਦਾਵਾਰ ਸਮਾਜਿਕ ਤੌਰ 'ਤੇ ਨਿਸ਼ਚਿਤ ਕੀਤੀ ਹੁੰਦੀ ਹੈ, ਇਹ ਅਵੱਸ਼ ਨਵਾਂ ਮੋੜ ਹੈ। ਕੋਈ ਇਕੱਲਾ-ਦੁਕੱਲਾ ਸ਼ਿਕਾਰੀ ਜਾਂ ਮਛੂਆ, ਜਿਹੜਾ ਕਿ ਐਡਮ ਸਮਿੱਥ ਅਤੇ ਰਿਕਾਰਡੋ ਲਈ ਅਰੰਭਕ ਨੁਕਤਾ ਹੈ, ਇਹ ਅਠਾਰ੍ਹਵੀਂ ਸਦੀ ਦੇ **ਆ ਲਾ** ਰਾਬਿਨਸਨ ਕਰੂਸੋ ਦੀਆਂ ਊਲ-ਜਲੂਲ ਮਗਜੌਲੀਆਂ ਹਨ ਅਤੇ ਸਮਾਜਿਕ ਇਤਿਹਾਸਕਾਰਾਂ ਦੇ ਦਾਅਵਿਆਂ ਦੇ ਬਾਵਜੂਦ, ਇਹਨਾਂ ਤੋਂ ਇਹ ਕਿਤੇ ਸਿੱਧ ਨਹੀਂ ਹੁੰਦਾ ਕਿ ਇਹ ਅੱਤ-ਸੋਧਤਾ ਦੇ ਵਿਰੁੱਧ ਕੋਈ ਪ੍ਰਤੀਕ੍ਰਿਆ ਹੈ ਤੇ ਕਿਸੇ ਅਣ-ਸੋਚੀ ਕੁਦਰਤੀ ਜ਼ਿੰਦਗੀ ਵੱਲ ਦੀ ਵਾਪਸੀ ਹੈ। ਰੂਸੋ ਦਾ

'**ਕਨਟਰੈਟ ਸੋਸ਼ਲ**' ਵੀ, ਜਿਹੜਾ ਕਿ ਪਰਜਾ ਵਿਚਕਾਰ, ਜਿਹੜੀ ਕਿ ਕੁਦਰਤੀ ਰੂਪ ਵਿੱਚ ਸੁਤੰਤਰ ਹੈ, ਕਿਸੇ ਸਮਝੌਤੇ ਰਾਹੀਂ ਕੋਈ ਰਿਸ਼ਤਾ ਜਾਂ ਸਬੰਧ ਸਥਾਪਤ ਕਰਦਾ ਹੈ, ਇਸ ਪ੍ਰਕਾਰ ਦੇ ਕੁਦਰਤਵਾਦ 'ਤੇ ਅਧਾਰਿਤ ਨਹੀਂ। ਇਹ ਇੱਕ ਭਰਮ, ਛੋਟੇ ਅਤੇ ਵੱਡੇ ਰਾਬਿਨਸਨ ਕਰੂਸੋਵਾਦੀਆਂ ਦੇ ਸੌਂਦਰਯੀ ਭਰਮ ਤੋਂ ਛੁੱਟ ਹੋਰ ਕੁਝ ਨਹੀਂ। ਇਹ ਤਾਂ ਬਲਕਿ ਇਸ ਤੋਂ ਉਲਟ "ਬੁਰਜੂਆ ਸਮਾਜ" ਦੀ ਆਵੰਦ ਹੈ, ਜਿਹੜੀ ਕਿ ਸੋਲ੍ਹਵੀਂ ਸਦੀ ਵਿੱਚ ਆਪਣੀ ਰੂਪ-ਰੇਖਾ ਉਘਾੜਨ ਲੱਗੀ ਸੀ ਅਤੇ ਅਠਾਰ੍ਹਵੀਂ ਸਦੀ ਵਿੱਚ ਜਿਸ ਨੇ ਆਪਣੀ ਪਕਿਆਈ ਵੱਲ ਚੰਗੀਆਂ ਤਕੜੀਆਂ ਡਿੰਘਾਂ ਭਰ ਲਈਆਂ ਸਨ। ਸੁਤੰਤਰ ਮੁਕਾਬਲੇਬਾਜ਼ੀ ਦੇ ਇਸ ਸਮਾਜ ਵਿੱਚ ਵਿਅਕਤੀ, ਆਪਣੇ ਉਹਨਾਂ ਸਾਰੇ ਕੁਦਰਤੀ ਬੰਧਨਾਂ, ਆਦਿ ਤੋਂ ਛੁਟਕਾਰਾ ਪਾ ਚੁੱਕਾ ਪ੍ਰਤੀਤ ਹੁੰਦਾ ਹੈ, ਜਿਹਨਾਂ ਨੇ ਉਸ ਨੂੰ ਪੁਰਾਤਨ ਇਤਿਹਾਸਕ ਦੌਰ ਵਿੱਚ, ਮਨੁੱਖੀ ਜੀਵ ਦੇ ਇੱਕ ਖਾਸ, ਸੀਮਿਤ ਕੁੱਲ ਦੀ ਇੱਕ ਜਾਇਦਾਦ ਬਣਾਇਆ ਹੋਇਆ ਸੀ। ਅਠਾਰ੍ਹਵੀਂ ਸਦੀ ਦੇ ਪੈਗੰਬਰਾਂ, ਜਿਹਨਾਂ ਨੇ ਮੋਢਿਆਂ 'ਤੇ ਐਡਮ ਸਮਿਥ ਅਤੇ ਰਿਕਾਰਡੋ ਅਜੇ ਤਕ ਖੜ੍ਹੋਤੇ ਹੋਏ ਹਨ, ਨੇ ਇਸ ਅਠਾਰ੍ਹਵੀਂ ਸਦੀ ਦੇ ਵਿਅਕਤੀ – ਜਿਹੜਾ ਕਿ ਇੱਕ ਪਾਸੇ ਤਾਂ ਜਗੀਰੂ ਸਮਾਜ ਦੇ ਖਾਤਮੇ ਦੀ ਪੈਦਾਵਾਰ ਹੈ ਅਤੇ ਦੂਜੇ ਪਾਸੇ ਸੋਲ੍ਹਵੀਂ ਸਦੀ ਤੋਂ ਉਗਮੀਆਂ ਨਵੀਆਂ ਉਪਜ-ਸ਼ਕਤੀਆਂ ਦੀ ਪੈਦਾਵਾਰ – ਨੂੰ ਇਹ ਅਜਿਹਾ ਆਦਰਸ਼ ਚਿਤਵਿਆ ਸੀ, ਜਿਸ ਦੀ ਹੋਂਦ ਬੀਤੇ ਨਾਲ਼ ਜੁੜੀ ਹੋਈ ਹੈ। ਉਹਨਾਂ ਨੇ ਇਸ ਵਿਅਕਤੀ ਨੂੰ ਕੋਈ ਇਤਿਹਾਸਕ ਸਿੱਟਾ ਨਹੀਂ ਸਮਝਿਆ, ਬਲਕਿ ਇਤਿਹਾਸ ਦਾ ਕੇਵਲ ਇੱਕ ਅਰੰਭਕ ਨੁਕਤਾ; ਅਜਿਹੀ ਕੋਈ ਵਸਤ ਨਹੀਂ ਜਿਹੜੀ ਕਿ ਕੁਦਰਤ ਦੁਆਰਾ ਸਥਿਰ ਕੀਤੀ ਹੋਈ ਹੈ। ਕਾਰਨ, ਕਿ ਉਹਨਾਂ ਲਈ ਇਹ ਵਿਅਕਤੀ ਕੁਦਰਤ ਦੇ ਅਨੁਸਾਰ ਸੀ, ਮਨੁੱਖੀ ਸੁਭਾਅ ਬਾਰੇ ਉਹਨਾਂ ਦੇ ਆਪਣੇ ਵਿਚਾਰ ਦੇ ਅਨੁਕੂਲ ਸੀ। ਇਸ ਭਰਮ ਦਾ ਬਣਿਆ ਰਹਿਣਾ, ਹੁਣ ਤਕ ਦੇ ਹਰ ਨਵੇਂ ਯੁੱਗ ਦੀ ਵਿਸ਼ੇਸ਼ਤਾ ਰਹੀ ਹੈ। ਸਟਿਯੂਆਰਟ, ਜਿਹੜਾ ਕਿ ਕੁਝ ਗੱਲਾਂ ਬਾਰੇ ਅਠਾਰ੍ਹਵੀਂ ਸਦੀ ਦਾ ਵਿਰੋਧੀ ਸੀ ਅਤੇ ਇੱਕ ਰਈਸਜ਼ਾਦਾ ਹੋਣ ਦੇ ਨਾਤੇ ਚੀਜ਼ਾਂ ਨੂੰ ਇੱਕ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਣ ਦਾ ਆਦੀ ਸੀ, ਇਸ ਬਚਗਾਨੇ ਨਜ਼ਰੀਏ ਨੂੰ ਬਿਲਕੁਲ ਹੀ ਗੋਲ਼ ਕਰ ਗਿਆ।

ਇਤਿਹਾਸ ਦੀ ਜਦੋਂ ਅਸੀਂ ਹੋਰ ਘੋਖ ਕਰਦੇ ਹਾਂ, ਤਾਂ ਸਾਨੂੰ ਇਹ ਵਿਅਕਤੀ ਅਤੇ ਇਸ ਅਨੁਸਾਰ ਉਤਪਾਦਕੀ ਵਿਅਕਤੀ ਵੀ ਨਿਰਭਰ ਹੀ ਦਿਖਾਈ ਦੇਂਦਾ ਹੈ ਅਤੇ ਇੱਕ ਵਡੇਰੇ ਕੁੱਲ ਦਾ ਅੰਗ ਹੀ ਲੱਗਦਾ ਹੈ। ਅਰੰਭ ਵਿੱਚ, ਇਹ ਵਿਅਕਤੀ, ਹੋਰ ਵੀ ਵੱਧ ਕੁਦਰਤੀ ਤਰੀਕੇ ਵਿੱਚ ਪਰਿਵਾਰ ਦਾ ਅਤੇ ਕਬੀਲੇ ਦਾ ਅੰਗ ਹੈ, ਕਬੀਲਾ ਜਿਹੜਾ ਕਿ ਪਰਿਵਾਰ ਤੋਂ ਹੀ ਵਿਕਸਿਤ ਹੋਇਆ ਹੁੰਦਾ ਹੈ। ਪਿੱਛੋਂ ਜਾ ਕੇ, ਉਹ ਇੱਕ ਭਾਈਚਾਰੇ ਦਾ ਹਿੱਸਾ ਬਣ ਜਾਂਦਾ ਹੈ; ਭਾਈਚਾਰੇ ਦੇ ਵੱਖ ਵੱਖ ਰੂਪਾਂ ਵਿੱਚੋਂ ਇੱਕ ਦਾ, ਜਿਹੜਾ ਰੂਪ ਕਿ ਟੱਕਰ ਵਿੱਚੋਂ ਅਤੇ ਕਬੀਲਿਆਂ ਦੇ ਮਿਲਾਪ ਵਿੱਚੋਂ ਉਪਜਿਆ ਹੁੰਦਾ ਹੈ। ਇਹ ਕਿਤੇ ਅਠਾਰ੍ਹਵੀਂ ਸਦੀ ਵਿਚ ਪਹੁੰਚ ਕੇ ਸੰਭਵ ਹੁੰਦਾ ਹੈ ਕਿ ਬੁਰਜੂਆ ਸਮਾਜ ਅੰਦਰ, ਸਮਾਜਿਕ ਬਣਤਰ ਦੇ ਵੱਖ ਵੱਖ ਰੂਪ, ਵਿਅਕਤੀ ਨਾਲ਼, ਉਸ ਦੇ ਨਿੱਜੀ ਮਨੋਰਥਾਂ ਦੇ ਕੇਵਲ ਵਸੀਲਿਆਂ ਦੇ ਤੌਰ 'ਤੇ, ਬਾਹਰੀ ਲੋੜ ਦੇ ਤੌਰ 'ਤੇ ਦਸਤ-ਪੰਜਾ ਲੈਂਦੇ ਹਨ। ਪਰ ਜਿਹੜਾ ਦੌਰ, ਇਸ ਨਜ਼ਰੀਏ ਨੂੰ ਭਾਵ, ਇਕੱਲੇ

ਵਿਅਕਤੀ ਨੂੰ ਜਨਮ ਦੇਂਦਾ ਹੈ, ਉਹ ਸਪੱਸ਼ਟ ਰੂਪ, ਵਿੱਚ ਉਹੀ ਦੌਰ ਹੈ, ਜਿਹੜਾ ਹੁਣ ਤੱਕ ਵਿਕਸਿਤ ਹੋਏ ਸਭ ਤੋਂ ਉਚੇਰੇ ਸਮਾਜਿਕ (ਅਤੇ ਇਸ ਨਜ਼ਰੀਏ ਅਨੁਸਾਰ, ਆਮ) ਸਬੰਧਾਂ ਦਾ ਦੌਰ ਕਿਹਾ ਜਾ ਸਕਦਾ ਹੈ। ਮਨੁੱਖ ਆਪਣੇ ਮੂਲ ਰੂਪ ਵਿੱਚ ਇੱਕ ਸਮਾਜਿਕ ਪਸ਼ੂ ਹੈ। ਉਹ ਇੱਕ ਸਮਾਜਿਕ ਪਸ਼ੂ ਹੀ ਨਹੀਂ ਹੈ, ਬਲਕਿ ਇੱਕ ਅਜਿਹਾ ਪਸ਼ੂ, ਜਿਹੜਾ ਕਿ ਕੇਵਲ-ਮਾਤਰ ਦੇ ਅੰਦਰ ਹੀ ਆਪਣਾ ਵਿਅਕਤੀਤਵ ਧਾਰਨ ਕਰ ਸਕਦਾ ਹੈ। ਕਿਸੇ ਇਕੱਲੇ ਵਿਅਕਤੀ ਦੁਆਰਾ ਸਮਾਜ ਤੋਂ ਬਾਹਰ ਕੀਤੀ ਕੋਈ ਉਪਜ – ਜਿਹੜੀ ਕਿ ਕੋਈ ਵਿਰਲ ਘਟਨਾ ਹੀ ਹੋ ਸਕਦੀ ਹੈ, ਉਦੋਂ ਵੀ ਵਜੂਦ ਵਿੱਚ ਆ ਸਕਦੀ ਹੈ, ਜਦੋਂ ਕਿ ਕੋਈ ਸੱਭਿਅ ਵਿਅਕਤੀ, ਜਿਸ ਨੇ ਕਿ ਅੱਗੇ ਹੀ ਗਤੀਸ਼ੀਲ ਸਮਾਜਿਕ ਸ਼ਕਤੀਆਂ ਨੂੰ ਸਮੋ ਰੱਖਿਆ ਹੋਵੇ, ਅਚਾਨਕ ਹੀ ਜਿਸ ਦੀ ਖਾਨਿਓਂ ਚਲੀ ਜਾਵੇ – ਇਸ ਤਰ੍ਹਾਂ ਹੀ ਅਸੰਗਤ ਤੇ ਬੇਤੁਕੀ ਹੈ, ਜਿਵੇਂ ਕਿ ਵਿਅਕਤੀਆਂ ਤੋਂ ਬਿਨਾਂ ਬੋਲ ਦਾ ਵਿਕਾਸ, ਜਿਹੜੇ ਕਿ **ਇਕੱਠੇ** ਰਹਿੰਦੇ ਹਨ ਅਤੇ ਇੱਕ-ਦੂਜੇ ਨਾਲ਼ ਗੱਲਾਂ ਕਰਦੇ ਹਨ; ਇਸੇ ਨੁਕਤੇ ਨੂੰ ਅੱਗੇ ਵਧਾਉਂਦੇ ਜਾਣਾ ਵਿਅਰਥ ਹੈ। ਇਸ ਉੱਤੇ ਗੱਲ ਕਰਨ ਦੀ ਉੱਕਾ ਲੋੜ ਹੀ ਨਹੀਂ ਸੀ, ਜੇ ਕਿਤੇ ਇਸ ਜੜ੍ਹਤਾ ਨੂੰ, ਜਿਸ ਦੇ ਚੂੰਝ-ਪੌਂਚੇ ਅਠਾਰ੍ਹਵੀਂ ਸਦੀ ਦੇ ਲੇਖਕਾਂ ਦੀਆਂ ਰਚਨਾਵਾਂ ਵਿੱਚ ਸਨ, ਇੱਕ ਵਾਰੀ ਫੇਰ ਜ਼ੋਰ ਦੇ ਕੇ ਬਸਤਿਆਤ, ਕੈਰੇ, ਪਰੋਧੋਨ ਆਦਿ ਲੇਖਕਾਂ ਨੇ ਅਜੋਕੀ ਸਿਆਸੀ ਆਰਥਕਤਾ ਵਿੱਚ ਖੜ੍ਹਾ ਨਾ ਕਰ ਦਿੱਤਾ ਹੁੰਦਾ। ਪਰ, ਪਰੋਧੋਨ ਲਈ, ਮਿਸਾਲ ਵਜੋਂ, ਕਿਸੇ ਆਰਥਿਕ ਸਬੰਧ ਦੇ ਜਨਮ ਦੀ ਵਿਆਖਿਆ ਵਿੱਚ ਪੈਣਾ ਬੜੀ ਖੁਸ਼ੀ ਦੇਣ ਵਾਲ਼ੀ ਗੱਲ ਹੁੰਦੀ ਹੈ; ਹਾਲਾਂਕਿ ਉਹ ਉਸ ਸਬੰਧ ਦੇ ਇਤਿਹਾਸਕ ਵਿਕਾਸ ਤੋਂ ਉੱਕਾ ਨਾ-ਵਾਕਿਫ਼ ਹੈ; ਅਤੇ ਉਹ ਵਿਆਖਿਆ ਕਰਦਾ ਕਿਵੇਂ ਹੈ, ਮਿਥਿਹਾਸ ਦੇ ਸਹਾਰੇ ਕਿਸੇ ਇਤਿਹਾਸਕ-ਫਿਲਸਫੀ ਢੰਗ ਨਾਲ਼। ਉਹ ਸ਼ੁਰੂ ਇਸ ਤਰ੍ਹਾਂ ਕਰਦਾ ਹੈ ਕਿ ਐਡਮ ਨੂੰ ਜਾਂ ਪਰਾਮੀਥੀਅਸ ਨੂੰ ਪੱਕਿਆ-ਪਕਾਇਆ ਵਿਚਾਰ ਸੁੱਝਿਆ, ਉਸ ਤੋਂ ਪਿੱਛੋਂ, ਇਸ ਨੂੰ ਅਮਲ ਵਿੱਚ ਲਿਆਂਦਾ ਗਿਆ ਆਦਿ। ਇਸ ਤੋਂ ਵੱਧ ਉਕਤਾਊ ਤੇ ਨੀਰਸ ਹੋਰ ਕੋਈ ਗੱਲਾਂ ਨਹੀਂ, ਜਿੰਨੀਆਂ ਕਿ **ਲੋਕਸ ਕਮਿਊਨਿਸ** ਦੀਆਂ ਮਗਜ਼ੌਲੀਆ।

ਇਸ ਤਰ੍ਹਾਂ ਜਦੋਂ ਵੀ ਅਸੀਂ ਉਪਜ ਦੀ ਗੱਲ ਕਰਦੇ ਹਾਂ, ਉਦੋਂ ਹਰ ਸਮੇਂ ਸਾਡੇ ਮਨ ਵਿੱਚ ਸਮਾਜਿਕ ਵਿਕਾਸ ਦੇ ਇੱਕ ਖਾਸ ਪੜਾਅ ਦੀ ਪੈਦਾਵਾਰ, ਕਿਸੇ ਸਮਾਜ ਅੰਦਰ ਵਿਅਕਤੀਆਂ ਦੁਆਰਾ ਕੀਤੀ ਪੈਦਾਵਾਰ ਹੀ ਰਹਿੰਦੀ ਹੈ। ਇਹ ਗੱਲ ਸਿੱਧ ਕਰਦੀ ਹੈ ਕਿ ਜਦੋਂ ਕਦੇ ਵੀ ਪੈਦਾਵਾਰ ਬਾਰੇ ਬੋਲਿਆ ਜਾਵੇ, ਤਾਂ ਜਾਂ ਤਾਂ ਵਿਕਾਸ ਦੇ ਇਤਿਹਾਸਕ ਅਮਲ ਵਿਚਲੇ ਵੱਖ ਵੱਖ ਪੜਾਵਾਂ ਦੀ ਘੋਖ ਕੀਤੀ ਜਾਵੇ, ਜਾਂ ਕਿ ਅਰੰਭ ਤੋਂ ਹੀ ਇਹ ਘੋਸ਼ਣਾ ਕਰ ਦਿੱਤੀ ਜਾਵੇ ਕਿ ਅਸੀਂ ਇੱਕ ਖਾਸ ਇਤਿਹਾਸਕ ਦੌਰ, ਜਿਵੇਂ ਕਿ ਮਿਸਾਲ ਲਈ, ਅਜੋਕੀ ਬੁਰਜੂਆ ਪੈਦਾਵਾਰ ਦੇ ਦੌਰ ਨੂੰ, ਜਿਹੜਾ ਕਿ ਸੱਚਮੁੱਚ ਹੀ ਸਾਡਾ ਅਸਲ ਵਿਸ਼ਾ-ਵਸਤੂ ਹੈ, ਨੂੰ ਵਾਚ ਰਹੇ ਹਾਂ। ਪਰ ਉਪਜ ਦੇ ਸਾਰੇ ਦੌਰਾਂ ਵਿੱਚ ਕੁਝ ਗੱਲਾਂ ਬਿਲਕੁਲ ਸਾਂਝੀਆਂ ਹੁੰਦੀਆਂ ਹਨ, ਉਹਨਾਂ ਦੀਆਂ ਕੁਝ ਖਾਸ ਸਾਂਝੀਆਂ ਸ਼੍ਰੇਣੀਆਂ ਹੁੰਦੀਆਂ ਹਨ। **ਆਮ ਪੈਦਾਵਾਰ**, ਇੱਕ ਕਲਪਣਾ ਮਾਤਰ ਹੈ ਭਾਵੇਂ ਉੱਥੋਂ ਤੱਕ ਹੀ, ਇੱਕ ਸੂਝ-ਪੂਰਨ ਕਲਪਣਾ ਹੈ, ਜਿੱਥੋਂ ਤੱਕ ਇਹ ਸਾਂਝੇ ਪੱਖਾਂ 'ਤੇ ਬਲ ਦੇਂਦੀ ਹੈ ਅਤੇ ਉਹਨਾਂ ਦੀ ਵਿਆਖਿਆ ਕਰਦੀ ਹੈ ਤੇ ਇਸ ਤਰ੍ਹਾਂ

ਦੁਹਰਾਈ ਦੇ ਚੱਕਰ ਤੋਂ ਬਚਦੀ ਹੈ। ਪਰ ਤਾਂ ਵੀ ਇਹ **ਸਾਂਝੀ** ਅਵਧਾਰਨਾਂ ਜਾਂ ਸਾਂਝਾ ਪੱਖ, ਜਿਹੜਾ ਕਿ ਤੁਲਨਾ ਕਰਨ ਪਿੱਛੋਂ ਪ੍ਰਕਾਸ਼ ਵਿੱਚ ਆਉਂਦਾ ਹੈ, ਖੁਦ ਆਪ ਇੱਕ ਬਹੁ-ਪੱਖਾ ਯੋਜਕ ਹੁੰਦਾ ਹੈ, ਜਿਸ ਦੀਆਂ ਇੱਕ ਦੂਜੀ ਤੋਂ ਵੱਖਰੀਆਂ ਸ਼੍ਰੇਣੀਆਂ ਹੁੰਦੀਆਂ ਹਨ। ਕਈ ਅਨਸਰ ਸਾਰੇ ਦੌਰਾਂ ਵਿੱਚ ਵਿਦਮਾਨ ਰਹੇ ਹਨ, ਬਾਕੀ ਦੇ ਕੁਝ ਹੀ ਦੌਰਾਂ ਵਿੱਚ ਸਾਂਝੇ ਸਨ। ਅਧਿਕਤਮ ਆਧੁਨਿਕ ਦੌਰ ਅਤੇ ਅਧਿਕਤਮ ਪੁਰਾਤਨ ਦੌਰ ਵਿਚਕਾਰ ਕੁਝ (ਖਾਸ) ਸ਼੍ਰੇਣੀਆਂ ਹਨ, ਜਿਹੜੀਆਂ ਕਿ ਸਾਂਝੀਆਂ ਹਨ। ਉਹਨਾਂ ਬਗੈਰ ਉਪਜ ਦੀ ਕਲਪਣਾ ਹੀ ਨਹੀਂ ਕੀਤੀ ਜਾ ਸਕਦੀ। ਪਰ, ਭਾਵੇਂ ਅਧਿਕਤਮ ਬਹੁਤ ਉੱਨਤ ਭਾਸ਼ਾਵਾਂ ਦੇ ਅਧਿਕਤਮ ਪੁਰਾਤਨ ਭਾਸ਼ਾਵਾਂ ਨਾਲ਼ ਮਿਲਦੇ ਜੁਲਦੇ ਨਿਯਮ ਅਤੇ ਸ਼੍ਰੇਣੀਆਂ ਹੁੰਦੀਆਂ ਹਨ, ਤਾਂ ਵੀ ਇਹਨਾਂ ਆਮ ਤੇ ਸਾਂਝੀਆਂ ਵਿਸ਼ੇਸ਼ਤਾਈਆਂ ਤੋਂ ਉਹਨਾਂ ਦੀ ਭਿੰਨਤਾ ਹੈ ਜਿਹੜੀ ਕਿ ਉਹਨਾਂ ਦੇ ਵਿਕਾਸ ਰੂਪ ਲੈਂਦੀ ਹੈ, ਉਹਨਾਂ ਵਿਆਖਿਆਵਾਂ ਦਾ, ਜਿਹੜੀਆਂ ਕਿ ਆਮ ਪੈਦਾਵਾਰ ਉੱਪਰ ਲਾਗੂ ਹੁੰਦੀਆਂ ਹਨ, ਫਰਕ ਕਰਨਾ ਜ਼ਰੂਰੀ ਹੈ, ਤਾਂ ਜੋ, ਉਸ ਏਕੇ ਦੇ ਰਹਿੰਦਿਆਂ ਵੀ, ਜਿਹੜਾ ਕਿ ਇਸ ਹਕੀਕਤ ਵਿਚੋਂ ਨਿਕਲਦਾ ਹੈ, ਕਿ ਅੰਦਰਲੀ ਮਨੁੱਖਤਾ ਤੇ ਬਾਹਰਲੀ ਕੁਦਰਤ ਦੋਂਵੇ ਇੱਕੋ ਹਨ, ਲਾਜ਼ਮੀ ਤੌਰ ’ਤੇ ਮੌਜੂਦ ਫਰਕ ਅੱਖੋਂ ਓਹਲੇ ਨਾ ਹੋ ਜਾਣ। ਮਿਸਾਲ ਲਈ, ਇਸੇ ਹਕੀਕਤ ਦੇ ਦਰਗੁਜ਼ਰ ਕਰਨ ’ਤੇ ਹੀ ਅਜੋਕੇ ਅਰਥਵਾਦੀਆਂ ਦੀ ਸਾਰੀ ਅਕਲਮੰਦੀ ਨਿਰਭਰ ਕਰਦੀ ਹੈ, ਜਿਹੜੇ ਕਿ ਮੌਜੂਦਾ ਸਮਾਜਿਕ ਸਬੰਧਾਂ ਦੀ ਅਮਰਤਾ ਅਤੇ ਇਕਸੁਰਤਾ ਨੂੰ ਸਿੱਧ ਕਰਦੇ ਹਨ। ਉਦਾਹਰਣ ਲਈ, ਕੋਈ ਪੈਦਾਵਾਰ ਉਦੋਂ ਤੱਕ ਸੰਭਵ ਨਹੀਂ, ਜਦੋਂ ਤੀਕ ਪੈਦਾਵਾਰ ਦਾ ਕੋਈ ਜ਼ਰੀਆ (ਸੰਦ) ਨਾ ਹੋਵੇ, ਭਾਵੇਂ ਇਹ ਜ਼ਰੀਆ (ਸੰਦ) ਸਾਧਾਰਨ ਮਨੁੱਖੀ ਹੱਥ ਹੀ ਕਿਉਂ ਨਹੀਂ ਹੈ। ਪਹਿਲਾਂ ਦੀ ਇਕੱਠੀ-ਹੋਈ ਕਿਰਤ ਤੋਂ ਬਿਨਾਂ ਪੈਦਾਵਾਰ ਦਾ ਹੋ ਸਕਣਾ, ਕਦੰਤ ਵੀ ਸੰਭਵ ਨਹੀਂ, ਭਾਵੇਂ ਕਿ ਇਹ ਕਿਰਤ, ਕਿਸੇ ਜਾਂਗਲੀ ਦੁਆਰਾ ਵਾਰ ਵਾਰ ਦੇ ਅਭਿਆਸ ਦੁਆਰਾ ਪ੍ਰਾਪਤ ਜਾਂ ਉਸ ਦੇ ਹੱਥ ਵਿੱਚ ਕੇਂਦਰਿਤ ਹੋਇਆ ਕੋਈ ਹੁਨਰ ਹੀ ਕਿਉਂ ਨਾ ਹੋਵੇ। ਹੋਰ ਵਸਤਾਂ ਦੇ ਵਿਚਕਾਰ ਸਰਮਾਇਆ ਵੀ ਪੈਦਾਵਾਰ ਦਾ ਇੱਕ ਔਜ਼ਾਰ ਹੈ ਅਤੇ ਬੀਤੇ ਵਿੱਚ ਪਦਾਰਥਕ ਹੋਈ ਕਿਰਤ ਵੀ। ਨਤੀਜੇ ਵਜੋਂ, ਸਰਮਾਇਆ ਕੁਦਰਤ ਦੁਆਰਾ ਦਿੱਤਾ ਇੱਕ ਵਿਆਪਕ ਅਤੇ ਸਦੀਵੀ ਸਬੰਧ ਹੈ, ਅਰਥਾਤ, ਜੇਕਰ ਕੋਈ ਪ੍ਰਤੱਖ ਹੀ ਉਹਨਾਂ ਖਾਸ ਤੱਥਾਂ ਵੱਲੋਂ ਅੱਖਾਂ ਮੀਟ ਲੈਂਦਾ ਹੈ, ਜਿਹੜੇ ਕਿ "ਪੈਦਾਵਾਰ ਦੇ ਸੰਦ" ਜਾਂ "ਇਕੱਠੀ ਹੋਈ ਕਿਰਤ" ਨੂੰ ਸਰਮਾਏ ਵਿੱਚ ਢਾਲ ਦੇਂਦੇ ਹਨ। ਇਸ ਤਰ੍ਹਾਂ ਪੈਦਾਵਾਰ ਦੇ ਸਬੰਧਾਂ ਦਾ ਸਮੂਹ ਇਤਿਹਾਸ, ਮਿਸਾਲ ਲਈ, ਕੈਰੇ ਦੀਆਂ ਲਿਖਤਾਂ ਵਿੱਚ, ਇੱਕ ਕੋਰਾ ਝੂਠ ਪ੍ਰਤੀਤ ਹੁੰਦਾ ਹੈ, ਜਿਸ ਨੂੰ ਕਿ ਸਰਕਾਰ ਨੇ ਜ਼ੋਰ-ਜ਼ਬਰੀ ਪ੍ਰਚਾਰਤ ਕਰ ਦਿੱਤਾ ਹੈ।

ਜਿਵੇਂ ਕਿ, ਆਮ ਕਰਕੇ, ਕੋਈ ਪੈਦਾਵਾਰ ਨਹੀਂ ਹੁੰਦੀ, ਉਵੇਂ ਹੀ ਕੋਈ ਆਮ ਪੈਦਾਵਾਰ ਵੀ ਨਹੀਂ ਹੁੰਦੀ। ਪੈਦਾਵਾਰ, ਸਦਾ ਹੀ, ਉਪਜ ਦੀ ਕੋਈ **ਖਾਸ** ਸ਼ਾਖਾਂ, ਜਿਵੇਂ ਕਿ ਖੇਤੀਬਾੜੀ, ਪਸ਼ੂ ਪਾਲਣ, ਦਸਤਕਾਰੀ ਆਦਿ ਹੁੰਦੀ ਹੈ, ਜਾਂ ਕਿ ਇਹ ਪੈਦਾਵਾਰ ਦਾ **ਕੁੱਲ** ਹੁੰਦੀ ਹੈ। ਸਿਆਸੀ ਆਰਥਕਤਾ, ਤਾਂ ਪਰ ਤਕਨਾਲੋਜੀ ਨਹੀਂ ਹੁੰਦੀ। ਕਿਸੇ ਖਾਸ ਸਮਾਜਿਕ ਪੜਾਅ ਉੱਤੇ ਪੈਦਾਵਾਰ ਦੀਆਂ ਆਮ ਸ਼੍ਰੇਣੀਆਂ ਦਾ ਉਪਜ ਦੇ ਖਾਸ ਰੂਪਾਂ ਨਾਲ਼ ਜੋ ਸਬੰਧ

ਹੁੰਦਾ ਹੈ, ਉਸ ਨੂੰ (ਪਿੱਛੋਂ) ਕਿਸੇ ਹੋਰ ਥਾਂ 'ਤੇ ਨਿਸ਼ਚਿਤ ਕਰਨਾ ਹੋਵੇਗਾ।

ਅੰਤਮ ਗੱਲ, ਪੈਦਾਵਾਰ, ਕੋਈ ਖਾਸ ਪੈਦਾਵਾਰ ਹੀ ਨਹੀਂ ਹੁੰਦੀ, ਬਲਕਿ ਇਹ ਲਾਜ਼ਮੀ ਤੌਰ 'ਤੇ ਇੱਕ ਖਾਸ ਸਮਾਜਿਕ-ਅਕਾਰ, ਇੱਕ ਸਮਾਜਿਕ ਅੰਤਰਤਾ ਹੁੰਦੀ ਹੈ, ਜਿਹੜੀ ਕਿ ਉਪਜ-ਉਚੇਰੀ ਜਾਂ ਛੁਟੇਰੀ ਕੁੱਲ ਵਿੱਚ ਲੱਗੀ ਰਹਿੰਦੀ ਹੈ। ਵਿਚਾਰਕੀ ਰੂਪ ਦਾ ਅਸਲ ਅਮਲ ਨਾਲ਼ ਕੀ ਸਬੰਧ ਹੈ, ਉਸ ਦੀ ਵੀ ਇੱਥੇ ਗੱਲ ਨਹੀਂ। ਆਮ ਕਰਕੇ ਪੈਦਾਵਾਰ। ਪੈਦਾਵਾਰ ਦੀਆਂ ਖਾਸ ਸ਼ਾਖਾਵਾਂ। ਪੈਦਾਵਾਰ ਦੀ ਕੁੱਲ।

ਆਰਥਿਕਤਾ ਸਬੰਧੀ ਰਚਨਾਵਾਂ ਨੂੰ ਇੱਕ ਆਮ ਭਾਗ ਦੀ ਭੂਮਿਕਾ ਨਾਲ਼ ਸ਼ਿੰਗਾਰਨਾ ਇੱਕ ਫੈਸ਼ਨ ਬਣ ਗਿਆ ਹੈ। ਮਿਸਾਲ ਲਈ, ਠੀਕ ਇਹੋ ਗੱਲ, ਜਾਨ ਸਟਿਯੂਆਰਟ ਮਿਲ ਦੇ "ਪੈਦਾਵਾਰ" ਸਿਰਲੇਖ ਹੇਠ ਵੇਖਣ ਨੂੰ ਮਿਲਦੀ ਹੈ, ਜਿਸ ਵਿੱਚ ਕਿ ਸਾਰੀ ਪੈਦਾਵਾਰ ਦੀਆਂ **ਆਮ ਹਾਲਤਾਂ** 'ਤੇ ਵਿਚਾਰ ਕੀਤੀ ਗਈ ਹੈ (ਦੇਖੋ, ਜਾਨ ਸਟਿਯੂਆਰਟ ਮਿਲ, **ਸਿਆਸੀ ਆਰਥਿਕਤਾ ਦੇ ਸਿਧਾਂਤ**, ਜਿਲਦ ਪਹਿਲੀ, ਲੰਦਨ 1848, ਪੁਸਤਕ ਇੱਕ, **ਪੈਦਾਵਾਰ**)। ਇਹ ਆਮ ਭਾਗ ਹੇਠ ਲਿਖੀਆਂ ਵਸਤਾਂ ਦਾ ਬਣਿਆ ਹੁੰਦਾ ਹੈ, ਜਾਂ ਇਹ ਬਣਨਾ ਇਸ ਦਾ ਮੰਤਵ ਹੁੰਦਾ ਹੈ:

1. ਉਹ ਹਾਲਤਾਂ ਪੈਦਾ ਹੋਣਾ, ਜਿਹਨਾਂ ਤੋਂ ਬਿਨਾਂ ਪੈਦਾਵਾਰ ਹੋ ਹੀ ਨਹੀਂ ਸਕਦੀ। ਅਸਲ ਵਿੱਚ ਇਸ ਦਾ ਮਤਲਬ ਇਹੋ ਹੁੰਦਾ ਹੈ ਕਿ ਕਿਸੇ ਵੀ ਪ੍ਰਕਾਰ ਦੀ ਪੈਦਾਵਾਰ ਲਈ ਲੁੜੀਂਦੀਆਂ ਜ਼ਰੂਰੀ ਗੱਲਾਂ ਦੇ ਸੰਕੇਤ ਦਿੱਤੇ ਹੁੰਦੇ ਹਨ। ਪਰ, ਅਸਲ ਵਿੱਚ, ਜਿਵੇਂ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ, ਇਹ ਕੁੱਲ ਮਿਲਾ ਕੇ ਕੁਝ ਇੱਕ ਸਾਧਾਰਨ ਵਿਆਖਿਆਵਾਂ ਹੀ ਹੁੰਦੀਆਂ ਹਨ, ਜਿਹੜੀਆਂ ਕਿ ਅੱਗੇ ਜਾ ਕੇ ਮਾਮੂਲੀ ਦੁਹਰਾਈਆਂ ਵਿੱਚ ਵਧਾ ਲਈਆਂ ਜਾਂਦੀਆਂ ਹਨ।

2. ਉਹ ਹਾਲਤਾਂ, ਜਿਹੜੀਆਂ ਕਿ ਪੈਦਾਵਾਰ ਨੂੰ ਵੱਡੇਰੇ ਜਾਂ ਛੁਟੇਰੇ ਦਰਜੇ ਤੀਕ ਉੱਨਤ ਕਰਦੀਆਂ ਹਨ, ਜਿਵੇਂ ਕਿ, ਮਿਸਾਲ ਵਜੋਂ, ਐਡਮ ਸਮਿੱਥ ਦੀ ਸਮਾਜ ਦੀ ਅਗਾਂਹਵਧੂ ਅਤੇ ਸਥਿਰ ਹਾਲਤ। ਇਸ ਨੂੰ ਦੇਣ ਲਈ, ਜਿਸ ਦੀ ਕਿ ਸਮਿੱਥ ਦੀ ਰਚਨਾ ਵਿੱਚ ਆਪਣੀ ਕਦਰ ਇੱਕ **ਅਪਰਕਿਊ** ਦੇ ਰੂਪ ਵਿੱਚ ਹੈ, ਜਦੋਂ ਇਸ ਨੂੰ ਵਿਗਿਆਨਕ ਮਹੱਤਤਾ ਪ੍ਰਦਾਨ ਕਰਨੀ ਹੈ, ਤਾਂ ਅਲੱਗ ਅਲੱਗ ਕੌਮਾਂ ਦੇ ਵਿਕਾਸ ਵਿਚਲੇ ਵੱਖ ਵੱਖ ਦੌਰਾਂ ਵਿੱਚ ਜੋ ਉਤਪਾਦਕਤਾ ਦਾ ਦਰਜਾ ਰਿਹਾ ਹੁੰਦਾ ਹੈ, ਉਸ ਦੀ ਟੰਡਵਾਲ ਕਰਨੀ ਪੈਂਦੀ ਹੈ। ਜੇ ਪੂਰੀ ਸੋਝੀ ਨਾਲ਼ ਦੱਸਣਾ ਹੋਵੇ, ਤਾਂ ਅਜਿਹੀ ਜਾਂਚ-ਪੜਤਾਲ਼ ਵਿੱਚ ਪੈਣਾ ਵਿਸ਼ੇ ਦੇ ਢਾਂਚੇ ਤੋਂ ਬਾਹਰ ਜਾਣਾ ਹੋਵੇਗਾ। ਉਹ ਪੱਖ, ਜਿਹੜੇ ਕਿ ਭਾਵੇਂ ਇਸ ਨਾਲ਼ ਸਬੰਧਤ ਵੀ ਹਨ, ਪਰ ਉਹਨਾਂ ਦਾ ਜ਼ਿਕਰ ਮੁਕਾਬਲੇਬਾਜ਼ੀ, ਜ਼ਖੀਰੇਬਾਜ਼ੀ ਆਦਿ ਦੇ ਵਿਕਾਸ ਨੂੰ ਮੁੱਖ ਰੱਖ ਕੇ ਹੀ ਕਰਨਾ ਪਵੇਗਾ। ਇਸ ਦਾ ਆਮ ਰੂਪ ਵਿੱਚ ਦਿੱਤਾ ਜਵਾਬ, ਇੱਕ ਆਮ ਬਿਆਨ ਹੀ ਹੋਵੇਗਾ, ਭਾਵ ਕੋਈ ਵੀ ਉਦਯੋਗਿਕ ਕੌਮ ਆਪਣੀ ਸਭ ਤੋਂ ਉਚੇਰੀ ਉਪਜਾਇਕਤਾ ਨੂੰ ਉਦੋਂ ਹੀ ਪੁੱਜਦੀ ਹੈ, ਜਦੋਂ ਕਿ ਇਹ ਸੰਪੂਰਨ ਰੂਪ ਵਿੱਚ ਆਪਣੇ ਇਤਿਹਾਸਕ ਵਿਕਾਸ ਦੀ ਚੋਟੀ ਨੂੰ ਪੁੱਜ ਚੁੱਕੀ ਹੋਵੇਗੀ। (ਹਕੀਕਤ ਵਿੱਚ, ਕੋਈ ਕੌਮ ਉਦੋਂ ਤੀਕ ਹੀ, ਆਪਣੇ ਉਦਯੋਗਿਕ ਵਿਕਾਸ ਦੀ ਚੋਟੀ 'ਤੇ

ਰਹਿ ਸਕਦੀ ਹੈ, ਜਦੋਂ ਤੀਕ, ਹਾਸਲ ਕਰਨਾ ਹੀ ਨਹੀਂ, ਬਲਕਿ ਹਾਸਲ ਕਰਦਿਆਂ ਰਹਿਣਾ ਵੀ ਉਸ ਦਾ ਪ੍ਰਮੁੱਖ ਉਦੇਸ਼ ਬਣਿਆ ਰਹੇ। ਇਸ ਪੱਖੋਂ, ਅਮਰੀਕੀ ਅੰਗਰੇਜ਼ਾਂ ਨਾਲੋਂ ਉਚੇਰੇ ਹਨ।) ਜਾਂ ਫੇਰ, ਮਿਸਾਲ ਵਜੋਂ ਕਈ ਖਾਸ ਨਸਲਾਂ, ਬਣਤਰਾਂ, ਆਬੋ-ਹਵਾਵਾਂ, ਕੁਦਰਤੀ ਪ੍ਰਸਥਿਤੀਆਂ, ਜਿਵੇਂ ਕਿ ਸਮੁੰਦਰੀ ਸਥਿਤੀ, ਧਰਤੀ ਦੀ ਉਪਜਾਊ-ਸ਼ਕਤੀ ਆਦਿ, ਕੁਝ ਦੀਆਂ ਦੂਜਿਆਂ ਨਾਲ਼ੋਂ ਪੈਦਾਵਾਰ ਲਈ ਵੱਧ ਮਾਫਕ ਹੁੰਦੀਆਂ ਹਨ। ਇਹ ਫੇਰ ਘੁਮਾ ਫਿਰਾ ਕੇ ਉਹੋ ਦੁਹਰਾਈ ਵਾਲ਼ਾ ਬਿਆਨ ਦੇਣਾ ਹੋਇਆ ਕਿ ਦੌਲਤ ਦੀ ਪੈਦਾਵਾਰ ਉਸੇ ਦਰਜੇ ਤੀਕ ਸੁਖਾਲਿਆ ਹੁੰਦੀ ਹੈ, ਜਿੱਥੋਂ ਤੀਕ ਇਸ ਦੇ ਅੰਤਰਮੁਖੀ ਅਤੇ ਬਾਹਰਮੁਖੀ ਅਨਸਰ ਪ੍ਰਾਪਤ ਰਹਿੰਦੇ ਹਨ।

ਪਰ ਅਸਲ ਵਿੱਚ, ਇਹੋ ਸਾਰਾ ਕੁਝ ਨਹੀਂ ਹੈ, ਜਿਸ ਬਾਰੇ, ਅਰਥਵਾਦੀ ਆਮ ਭਾਗ ਵਿੱਚ ਵਿਚਾਰ ਕਰਦੇ ਹਨ। ਬਲਕਿ ਉਹਨਾਂ ਅਨੁਸਾਰ ਤਾਂ, ਜਿਵੇਂ ਕਿ ਮਿਲ ਦੀ ਮਿਸਾਲ ਲਈਏ, ਤਕਸੀਮ ਆਦਿ ਤੋਂ ਵੱਖਰੀ ਇਹ ਪੈਦਾਵਾਰ ਹੈ, ਜਿਸ ਨੂੰ ਸਦੀਵੀ ਕੁਦਰਤੀ ਕਾਨੂੰਨਾਂ ਦੁਆਰਾ ਚਾਲਤਾਂ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਜਿਹੜੇ ਕਾਨੂੰਨ ਇਤਿਹਾਸ ਤੋਂ ਸੁਤੰਤਰ ਹੁੰਦੇ ਹਨ ਅਤੇ ਉਸ ਦੇ ਨਾਲ ਹੀ **ਬੁਰਜੂਆ** ਸਬੰਧਾਂ ਨੂੰ ਗੁਪਤ ਰੂਪ ਵਿੱਚ ਹੀ, **ਖਿਆਲੀ ਤੌਰ 'ਤੇ** ਸਮਾਜ ਦੇ ਅਕਾਟ ਕੁਦਰਤੀ ਕਾਨੂੰਨਾਂ ਦਾ ਜਾਮਾ ਪਹਿਨਾ ਦਿੱਤਾ ਜਾਂਦਾ ਹੈ। ਇਸ ਸਾਰੀ ਕਾਰਵਾਈ ਦਾ, ਘੱਟ ਵੱਧ ਇਹੋ ਸੋਚਿਆ-ਸਮਝਿਆ ਮਨੋਰਥ ਹੁੰਦਾ ਹੈ। ਪਰ ਜਿੱਥੋਂ ਤੱਕ ਤਕਸੀਮ ਦੀ ਗੱਲ ਹੈ, ਉਥੇ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਖੇਤਰ ਵਿੱਚ ਮਨੁੱਖ ਜ਼ਰੂਰ ਕਿਸੇ ਹੱਦ ਤੀਕ ਆਪਣੀ ਮਰਜ਼ੀ ਵਰਤ ਸਕਦਾ ਹੈ। ਪੈਦਾਵਾਰ ਅਤੇ ਤਕਸੀਮ ਦੀ ਇਸ ਬੇਹੂਦਾ ਅਲਹਿਦਗੀ ਅਤੇ ਉਹਨਾਂ ਦੇ ਅਸਲ ਅੰਤਰ-ਸਬੰਧਾਂ ਤੋਂ ਇਲਾਵਾ, ਇੱਕ ਗੱਲ ਮੁੱਢ ਤੋਂ ਹੀ ਸਪੱਸ਼ਟ ਹੋ ਜਾਣੀ ਬਣਦੀ ਹੈ ਕਿ ਸਮਾਜ ਦੇ ਵੱਖ ਵੱਖ ਪੜਾਵਾਂ ਤੇ ਤਕਸੀਮ-ਢੰਗ ਕਿਤਨਾ ਵੀ ਇੱਕ-ਦੂਜੇ ਤੋਂ ਵੱਖਰਾ ਕਿਉਂ ਨਾ ਰਿਹਾ ਹੋਵੇ, ਪਰ ਜਿਵੇਂ ਕਿ ਪੈਦਾਵਾਰ ਦੀ ਸੂਰਤ ਵਿੱਚ ਸੀ, ਸਾਂਝੇ ਪੱਖਾਂ 'ਤੇ ਜ਼ੋਰ ਦੇਣ ਦੀ ਇੱਥੇ ਵੀ ਪੂਰੀ ਸੰਭਾਵਨਾ ਮੌਜੂਦ ਹੈ ਅਤੇ ਇਸੇ ਤਰ੍ਹਾਂ, ਉਹਨਾਂ ਕਾਨੂੰਨਾਂ, ਜਿਹੜੇ ਕਿ **ਸਾਰੀ ਮਨੁੱਖਤਾ ਲਈ ਸਮਾਨ ਹਨ**, ਵਿਚਲੇ ਸਾਰੇ ਇਤਿਹਾਸਕ ਮੱਤ-ਭੇਦਾਂ ਨੂੰ ਭਰਮਾਉਣਾ ਅਤੇ ਵਿਗਾੜਨਾ ਸੰਭਵ ਹੈ। ਮਿਸਾਲ ਲਈ, ਗੁਲਾਮ, ਅਰਧ-ਗੁਲਾਮ, ਉਜਰਤੀ ਮਜ਼ਦੂਰ ਇਹਨਾਂ ਸਾਰਿਆਂ ਨੂੰ ਖੁਰਾਕ ਦੀ ਉੱਨੀ ਮਾਤਰਾ ਹੀ ਦਿੱਤੀ ਜਾਂਦੀ ਹੈ, ਜਿਸ ਨੂੰ ਖਾ ਕੇ ਉਹ ਬਤੌਰ ਗੁਲਾਮ, ਅਰਧ-ਗੁਲਾਮ ਅਤੇ ਉਜਰਤੀ ਮਜ਼ਦੂਰ ਦੇ ਜੀਂਦੇ ਰਹਿ ਸਕਣ। ਜੇਤੂ, ਜਿਹੜਾ ਕਿ ਹਾਰੂਆਂ ਦੀਆਂ ਭੇਟਾਂ 'ਤੇ ਜੀਂਦਾ ਹੈ, ਜਾਂ ਕੋਈ ਕਰਮਚਾਰੀ ਜਿਹੜਾ ਟੈਕਸਾਂ ਉੱਪਰ ਜੀਂਦਾ ਹੈ, ਜਾਂ ਮਾਲਕ ਮਕਾਨ ਜਿਹੜਾ ਕਿਰਾਇਆ ਨਾਲ਼ ਆਪਣਾ ਗੁਜ਼ਾਰਾ ਚਲਾਉਂਦਾ ਹੈ; ਜਾਂ ਕਿ ਸਾਧੂ-ਸੰਤ ਜਿਸ ਦੇ ਖਾਣ-ਪੀਣ ਦਾ ਸਾਧਨ ਭਿੱਖਿਆ ਹੈ, ਜਾਂ ਕਿ ਧਰਮ-ਸਥਾਨਾਂ ਦੇ ਪੁਜਾਰੀ, ਜਿਹੜੇ ਕਿ ਚੜ੍ਹਾਵਿਆਂ 'ਤੇ ਜੀਂਦੇ ਹਨ - ਇਹ ਸਾਰੇ ਦੇ ਸਾਰੇ ਸਮਾਜਿਕ ਪੈਦਾਵਾਰ ਦਾ ਇੱਕ ਹਿੱਸਾ ਪ੍ਰਾਪਤ ਕਰਦੇ ਹਨ। ਇਸ ਹਿੱਸੇ ਨੂੰ ਨਿਸ਼ਚਿਤ ਕਰਨ ਦੇ ਕਾਨੂੰਨ ਉਹਨਾਂ ਕਾਨੂੰਨਾਂ ਤੋਂ ਅਵੱਸ਼ ਵੱਖਰੇ ਹੁੰਦੇ ਹਨ, ਜਿਹੜੇ ਕਾਨੂੰਨ ਕਿ ਗੁਲਾਮਾਂ ਆਦਿ ਦੇ ਹਿੱਸਿਆਂ ਨੂੰ ਨਿਸ਼ਚਿਤ ਕਰਨ ਲਈ ਹੁੰਦੇ ਹਨ।

ਦੋ ਪ੍ਰਮੁੱਖ ਗੱਲਾਂ, ਜਿਹਨਾਂ ਨੂੰ ਸਾਰੇ ਦੇ ਸਾਰੇ ਅਰਥ-ਸ਼ਾਸਤਰੀ ਇਸ ਭਾਗ ਵਿੱਚ ਜ਼ਰੂਰ ਸ਼ਾਮਲ ਕਰਦੇ ਹਨ: (1) ਸੰਪੱਤੀ, ਜਾਇਦਾਦ ਅਤੇ (2) ਇਸ ਦੀ ਅਦਾਲਤਾਂ, ਪੁਲੀਸ ਆਦਿ ਰਾਹੀਂ ਸੁਰੱਖਿਆ। ਇਕ ਬਹੁਤ ਹੀ ਸੰਖੇਪ ਉੱਤਰ ਦੀ ਲੋੜ ਪੈਂਦੀ ਹੈ:

(1) ਬਾਰੇ : ਪੈਦਾਵਾਰ ਹਰ ਸਮੇਂ, ਕਿਸੇ ਵਿਅਕਤੀ ਰਾਹੀਂ ਅਤੇ ਕਿਸੇ ਖਾਸ ਸਮਾਜਿਕ ਜੱਥੇਬੰਦੀ ਅੰਦਰ ਅਤੇ ਉਸੇ ਦੀ ਸਹਾਇਤਾ ਨਾਲ ਆਪਣੀ ਮਾਲਕੀ ਬਣਾਈ ਹੋਈ ਕੁਦਰਤ ਹੁੰਦੀ ਹੈ। ਇਸ ਪੱਖੋਂ ਹਿ ਕਹਿਣਾ ਗੱਲ ਨੂੰ ਦੂਜੇ ਢੰਗ ਨਾਲ਼ ਦੁਹਰਾਉਣਾ ਹੈ, ਕਿ ਸੰਪੱਤੀ (ਮਾਲਕੀ) ਪੈਦਾਵਾਰ ਦੀ ਇੱਕ ਸ਼ਰਤ ਹੈ। ਪਰ ਜੋ ਇਸ ਤੋਂ ਛਾਲ ਮਾਰ ਕੇ ਸੰਪੱਤੀ ਦੇ ਕਿਸੇ ਵਖਰਿਆਵੇਂ ਰੂਪ ’ਤੇ ਪੁੱਜਿਆ ਜਾਵੇ, ਅਰਥਾਤ ਨਿੱਜੀ ਸੰਪੱਤੀ ’ਤੇ (ਇਹ ਇਸ ਤੋਂ ਵੀ ਅੱਗੇ ਇੱਕ ਵਿਰੋਧੀ ਰੂਪ ਹੈ ਜਿਹੜਾ ਕਿ ਗੈਰ-ਸੰਪੱਤੀ ਨੂੰ ਇਸੇ ਤਰ੍ਹਾਂ ਇੱਕ ਦੇ ਰੂਪ ਵਿੱਚ ਪਹਿਲਾਂ ਤੋਂ ਮੰਨ ਲੈਂਦਾ ਹੈ), ਤਾਂ ਇਹ ਬਿਲਕੁੱਲ ਹੀ ਇੱਕ ਹਸਾਉਣੀ ਗੱਲ ਬਣ ਜਾਂਦੀ ਹੈ। ਇਸ ਤੋਂ ਉਲਟ ਇਤਿਹਾਸ ਨੇ ਸਿੱਧ ਕਰ ਦਿੱਤਾ ਹੈ ਕਿ ਸਾਂਝੀ ਸੰਪੱਤੀ (ਜਿਵੇਂ ਕਿ ਭਾਰਤੀਆਂ, ਸਲਾਵਾਂ ਪ੍ਰਾਚੀਨ ਸੈਲਟਾਂ ਆਦਿ ਵਿਚਕਾਰ) ਮੂਲ ਰੂਪ ਹੈ ਅਤੇ ਭਾਈਚਾਰਕ ਸੰਪੱਤੀ ਇੱਕ ਲੰਮੇਂ ਸਮੇਂ ਤੀਕ ਇੱਕ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਅਜੇ ਇਸ ਮੌਕੇ ’ਤੇ ਇਹ ਪ੍ਰਸ਼ਨ ਧਿਆਨ ਗੋਚਰ ਨਹੀਂ ਕਿ ਸੰਪੱਤੀ ਦੇ ਇਸ ਜਾਂ ਉਸ ਰੂਪ ਅਧੀਨ ਦੌਲਤ ਤੇਜ਼ੀ ਨਾਲ਼ ਵਿਕਸਿਤ ਹੁੰਦੀ ਹੈ। ਪਰ ਇਹ ਕਹਿਣਾ ਮੁੜ-ਦੁਹਰਾਈ ਵਾਲ਼ੀ ਗੱਲ ਹੋਵੇਗੀ, ਕਿ ਜਿੱਥੇ ਕਿਤੇ ਕੋਈ ਸੰਪੱਤੀ ਨਹੀਂ ਹੈ, ਉੱਥੇ ਪੈਦਾਵਾਰ ਵੀ ਨਹੀਂ ਹੋ ਸਕਦੀ ਅਤੇ ਇਸੇ ਲਈ ਸਮਾਜ ਦਾ ਵੀ ਉੱਥੇ ਕੋਈ ਵਜੂਦ ਨਹੀਂ ਹੋਵੇਗਾ।

(2) ਬਾਰੇ : ਜਿਹਨਾਂ ਦੀ ਸੁਰੱਖਿਆ ਆਦਿ ਪ੍ਰਾਪਤ ਕੀਤੀ ਗਈ ਹੈ। ਜੇ ਇਹਨਾਂ ਨਗੂਣੀਆਂ ਗੱਲਾਂ ਨੂੰ ਇਹਨਾਂ ਦੇ ਅਸਲ ਸਾਰ-ਤੱਤ ਵਿੱਚ ਬਦਲ ਕੇ ਦੇਖਿਆ ਜਾਵੇ, ਤਾਂ ਉਹ, ਉਸ ਤੋਂ ਵੱਧ ਕੁਝ ਦੱਸ ਦੇਣਗੀਆਂ, ਜਿੰਨਾ ਕਿ ਉਸ ਦੇ ਲੇਖਕਾਂ ਨੂੰ ਪਤਾ ਹੈ। ਮਿਸਾਲ ਲਈ, ਜਿਵੇਂ, ਉਪਜ ਦਾ ਹਰ ਢੰਗ ਆਪਣੇ ਖਾਸ ਕਾਨੂੰਨੀ ਸਬੰਧ, ਸਿਆਸੀ ਰੂਪ ਆਦਿ ਨੂੰ ਜਨਮ ਦੇ ਲੈਂਦਾ ਹੈ। ਇਹ ਇੱਕ ਉਜੱਡਪਣੇ ਦੀ ਨਿਸ਼ਾਨੀ ਅਤੇ ਬੇ-ਸਮਝੀ ਦਾ ਸਬੂਤ ਹੈ ਕਿ ਆਗਨੀ ਤੌਰ ’ਤੇ ਜੁੜੇ ਤੱਥਾਂ ਨੂੰ, ਇੱਕ-ਦੂਜੇ ਨਾਲ਼ ਊਟ-ਪਟਾਂਗ ਸਬੰਧ ਵਿੱਚ, ਸੁਭਾਵਕ, ਭਾਵ, ਇੱਕ ਸਾਧਾਰਨ ਆਪਣੇ ਆਪ ਬਣੇ ਸਬੰਧ ਵਿੱਚ ਪੇਸ਼ ਕਰ ਦਿੱਤਾ ਜਾਂਦਾ ਹੈ। ਬੁਰਜੂਆ ਅਰਥ-ਸ਼ਾਸਤਰੀ ਕੇਵਲ ਇੱਕ ਗੱਲ ਹੀ ਨਿਗਾਹ ਵਿੱਚ ਰੱਖਦੇ ਹਨ ਕਿ ਪੈਦਾਵਾਰ ਦਾ ਅਮਲ ਆਧੁਨਿਕ ਪੁਲਿਸ ਦੀ ਸਹਾਇਤਾ ਨਾਲ਼, ਭਾਵ ਡੰਡੇ ਦੇ ਕਾਨੂੰਨ ਸਹਾਰੇ ਪਹਿਲਾਂ ਤੋਂ ਵੱਧ ਸੌਖ ਨਾਲ਼ ਅਗਾਂਹ ਵੱਧਦਾ ਹੈ। ਪਰ, ਉਹ ਇਹ ਭੁੱਲ ਜਾਂਦੇ ਹਨ, ਕਿ ਡੰਡੇ ਦਾ ਕਾਨੂੰਨ ਵੀ ਇੱਕ ਕਾਨੂੰਨ ਹੈ, ਅਤੇ ਇਹ ਕਿ ‘ਤਕੜੇ ਦਾ ਕਾਨੂੰਨ’ ਅਜੇ ਵੀ ਉਹਨਾਂ ਦੇ “ਸੰਵਿਧਾਨਕ ਰਾਜ” ਵਿੱਚ ਜੀਂਦਾ ਹੈ ਪਰ ਹੈ ਜ਼ਰਾ, ਵੱਖਰੇ ਰੂਪ ਵਿੱਚ।

ਜਦੋਂ ਸਮਾਜਿਕ ਹਾਲਤਾਂ ਪੈਦਾਵਾਰ ਦੇ ਕਿਸੇ ਖਾਸ ਪੜਾਅ ਨੂੰ, ਆਪਣੀ ਮਾਲਕੀ ਵਿੱਚ ਲੈ ਲੈਂਦੀਆਂ ਹਨ ਤਾਂ ਉਹ ਅਜੇ, ਜਾਂ ਤਾਂ, ਵਿਕਾਸ ਦੇ ਦੌਰ ਵਿੱਚ ਹਨ, ਜਾਂ ਫੇਰ ਅੱਗੇ ਹੀ ਵਿਖਰਾਅ ਦੀ ਹਾਲਤ ਨੂੰ ਅੱਪੜ ਚੁੱਕੀਆਂ ਹਨ, ਤਾਂ ਪੈਦਾਵਾਰ ਦੇ ਅਮਲ ਵਿੱਚ ਵਿਗਾੜ

ਖਾਤੇ, ਕੁਦਰਤੀ ਪੈਣ ਲੱਗਦੇ ਹਨ; ਭਾਵੇਂ ਇਹਨਾਂ ਦੀ ਮਾਤਰਾ 'ਤੇ ਜ਼ੋਰ ਅਜੇ ਕਿਹੋ ਜਿਹਾ ਵੀ ਹੋਵੇ।

ਮੁੜ ਲੜੀ ਨੂੰ ਜੋੜ ਲਈਏ: ਅਜਿਹੀਆਂ ਸ਼੍ਰੇਣੀਆਂ ਹਨ, ਜਿਹੜੀਆਂ ਕਿ ਪੈਦਾਵਾਰ ਦੇ ਸਾਰੇ ਪੜਾਆਂ ਲਈ ਸਾਂਝੀਆਂ ਹੁੰਦੀਆਂ ਹਨ ਅਤੇ ਜਿਹਨਾਂ ਨੂੰ ਤਰਕ ਦੁਆਰਾ, ਆਮ ਸ਼੍ਰੇਣੀਆਂ ਦੇ ਰੂਪ ਵਿੱਚ ਸਥਾਪਿਤ ਕਰ ਦਿੱਤਾ ਜਾਂਦਾ ਹੈ; ਪਰ ਸਾਰੀ ਅਤੇ ਕਿਸੇ ਪੈਦਾਵਾਰ ਦੀਆਂ ਅਖੌਤੀ **ਆਮ ਹਾਲਤਾਂ**, ਸਿਵਾਏ ਅਰੂਪ ਅਵਧਾਰਨਾਵਾਂ ਤੋਂ ਹੋਰ ਕੁਝ ਵੀ ਨਹੀਂ, ਜਿਹੜੀਆਂ ਕਿ ਪੈਦਾਵਾਰ ਦੇ ਅਸਲ ਇਤਿਹਾਸਕ ਪੜਾਵਾਂ ਵਿੱਚੋਂ ਕਿਸੇ ਦੀ ਵੀ ਵਿਆਖਿਆ ਨਹੀਂ ਕਰਦੀਆਂ।

## 2. ਪੈਦਾਵਾਰ ਦੇ ਤਕਸੀਮ, ਤਬਾਦਲਾ ਅਤੇ ਖਪਤ ਨਾਲ਼ ਆਮ ਸਬੰਧ

ਪੈਦਾਵਾਰ ਦੀ ਅੱਗੇ ਪੁਣਛਾਣ ਵਿੱਚ ਜਾਣ ਤੋਂ ਪਹਿਲਾਂ, ਉਹਨਾਂ ਵੱਖ ਵੱਖ ਭਾਗਾਂ ਉੱਪਰ ਵਿਚਾਰ ਕਰਨਾ ਜ਼ਰੂਰੀ ਹੈ ਜਿਹਨਾਂ ਨੂੰ ਅਰਥ-ਸ਼ਾਸਤਰੀ ਇਸ ਦੇ ਨਾਲ਼ੋ ਨਾਲ਼ ਰੱਖਦੇ ਹਨ।

ਬਹੁਤ ਹੀ ਪ੍ਰਤੱਖ ਅਵਧਾਰਨਾ ਇਹ ਹੈ: ਪੈਦਾਵਾਰ ਦੇ ਅਮਲ ਦੇ ਦੌਰਾਨ ਸਮਾਜ ਦੇ ਮੈਂਬਰ, ਮਨੁੱਖੀ ਲੋੜਾਂ ਦੇ ਅਨੁਸਾਰ, ਕੁਦਰਤੀ ਉਤਪਾਦਾਂ ਦੀ ਮਾਲਕੀ ਬਣਾਉਂਦੇ (ਪੈਦਾ ਕਰਦੇ, ਢਾਲਦੇ) ਹਨ; ਤਕਸੀਮ ਵਿਅਕਤੀ ਦੇ ਹਿੱਸੇ ਨੂੰ, ਜਿਹੜਾ ਕਿ ਉਸ ਨੂੰ ਇਹਨਾਂ ਉਤਪਾਦਾਂ ਵਿੱਚੋਂ ਮਿਲਦਾ ਹੈ, ਨਿਸ਼ਚਿਤ ਕਰਦੀ ਹੈ; ਤਬਾਦਲਾ ਉਸ ਨੂੰ ਉਹ ਖਾਸ ਉਤਪਾਦਾਂ ਮੁਹੱਈਆ ਕਰਦਾ ਹੈ, ਜਿਨ੍ਹਾਂ ਵਿੱਚ ਉਹ ਤਕਸੀਮ ਵਜੋਂ ਮਿਲੇ ਆਪਣੇ ਹਿੱਸੇ ਨੂੰ ਬਦਲਣਾ ਚਾਹੁੰਦਾ ਹੈ। ਅੰਤ ਵਿੱਚ, ਖਪਤ ਅੰਦਰ ਉਤਪਾਦਾਂ ਵਰਤੋਂ ਦੀਆਂ ਵਸਤਾਂ ਬਣ ਜਾਂਦੀਆਂ ਹਨ, ਭਾਵ ਉਹ ਵਿਅਕਤੀਆਂ ਦੀ ਮਾਲਕੀ ਵਿੱਚ ਚਲੀਆਂ ਜਾਂਦੀਆਂ ਹਨ। ਪੈਦਾਵਾਰ ਲੋੜਾਂ ਦੇ ਅਨੁਸਾਰ ਚੀਜ਼ਾਂ ਪੈਦਾ ਕਰਦੀ ਹੈ; ਤਕਸੀਮ ਉਹਨਾਂ ਨੂੰ ਸਮਾਜਿਕ ਕਾਨੂੰਨਾਂ ਦੇ ਅਨੁਸਾਰ ਨਿਯਤ ਕਰ ਦੇਂਦੀ ਹੈ; ਤਬਾਦਲਾ ਆਪਣੀ ਵਾਰੀ 'ਤੇ, ਵਸਤਾਂ ਦੀ ਵੰਡ ਕਰ ਦੇਂਦਾ ਹੈ, ਜਿਹੜੀਆਂ ਕਿ ਪਹਿਲਾਂ ਹੀ ਵਿਅਕਤੀਆਂ ਦੀਆਂ ਲੋੜਾਂ ਅਨੁਸਾਰ ਨਿਯਤ ਕੀਤੀਆਂ ਹੁੰਦੀਆਂ ਹਨ। ਅੰਤ ਨੂੰ, ਖਪਤ ਵਿੱਚ ਉਤਪਾਦ, ਇਸ ਸਮਾਜਿਕ ਚੱਕਰ ਨੂੰ ਛੱਡ ਦੇਂਦੀ ਹੈ ਅਤੇ ਇਹ ਕਿਸੇ ਇੱਕ ਵਿਅਕਤੀ ਦੀ ਲੋੜ ਦਾ ਸਿੱਧਾ ਮੁੱਦਾ ਤੇ ਚਾਕਰ ਬਣ ਜਾਂਦੀ ਹੈ ਜਿਸ ਦੀ ਪੂਰਤੀ ਇਸ ਦੀ ਵਰਤੋਂ ਤੋਂ ਹੋ ਜਾਂਦੀ ਹੈ। ਪੈਦਾਵਾਰ ਇਸ ਤਰ੍ਹਾਂ, ਇੱਕ ਮੋੜ (ਅਰੰਭ) ਖਪਤ, ਉਦੇਸ਼, ਤਕਸੀਮ ਤੇ ਤਬਾਦਲਾ ਵਿਚਕਾਰਲਾ ਰਾਹ ਪ੍ਰਤੀਤ ਹੁੰਦੇ ਹਨ। ਤਕਸੀਮ ਅਤੇ ਤਬਾਦਲੇ ਦਾ ਇੱਕ ਦੁਹਰਾ ਰੂਪ ਹੁੰਦਾ ਹੈ, ਕਿਉਂਕਿ ਵਿਆਖਿਆ ਦੇ ਅਨੁਸਾਰ ਤਕਸੀਮ ਦੀ ਪ੍ਰੇਰਣਾ ਸਮਾਜ ਵੱਲੋਂ ਹੁੰਦੀ ਹੈ ਅਤੇ ਤਬਾਦਲੇ ਦੀ ਪ੍ਰੇਰਣਾ ਵਿਅਕਤੀਆਂ ਵੱਲੋਂ। ਪੈਦਾਵਾਰ ਅੰਦਰ ਵਿਅਕਤੀਆਂ ਨੂੰ ਇੱਕ ਬਾਹਰਮੁਖੀ ਪੱਖ ਪ੍ਰਾਪਤ ਹੋ ਜਾਂਦਾ ਹੈ ਅਤੇ ਖਪਤ ਵਿੱਚ (ਮੂਲ ਖਰੜੇ ਵਿੱਚ ਵਿਅਕਤੀ ਲਿਖਿਆ ਹੈ) ਵਿੱਚ ਵਸਤਾਂ ਇੱਕ ਅੰਤਰਮੁਖੀ ਪੱਖ ਪ੍ਰਾਪਤ ਕਰ

ਲੈਂਦੀਆਂ ਹਨ; ਤਕਸੀਮ ਅੰਦਰ ਇਹ ਸਮਾਜ ਹੁੰਦਾ ਹੈ ਜਿਹੜਾ ਕਿ ਹਾਵੀ ਆਮ ਨਿਯਮਾਂ ਦੇ ਬਲ ਤੇ ਪੈਦਾਵਾਰ ਅਤੇ ਖਪਤ ਵਿਚਕਾਰ ਵਿਚੋਲੀਏ ਦਾ ਕੰਮ ਕਰਦਾ ਹੈ; ਤਬਾਦਲੇ ਅੰਦਰ ਇਹ ਵਿਚੋਲੀਆਗੀਰੀ ਵਿਅਕਤੀਆਂ ਦੇ ਇੱਕਾ-ਦੁੱਕਾ ਨਿਰਣਿਆਂ ਦੇ ਕਾਰਨ ਅਮਲ ਵਿੱਚ ਆਉਂਦੀ ਹੈ।

ਤਕਸੀਮ, ਵਿਅਕਤੀ ਦੇ ਹਿੱਸੇ ਆਉਣ ਵਾਲ਼ੀਆਂ ਉਤਪਾਦਾਂ ਦੇ ਭਾਗ (ਮਿਕਦਾਰ) ਦਾ ਨਿਸ਼ਚਾ ਕਰਦੀ ਹੈ; ਤਬਾਦਲਾ ਉਹਨਾਂ ਉਤਪਾਦਾਂ ਦਾ ਨਿਸ਼ਚਾ ਕਰਦਾ ਹੈ; ਜਿਹਨਾਂ ਵਿੱਚੋਂ ਵਿਅਕਤੀ, ਤਕਸੀਮ ਦੁਆਰਾ ਉਸ ਲਈ ਨਿਯਤ ਕੀਤੇ ਹਿੱਸੇ ਨੂੰ ਪ੍ਰਾਪਤ ਹੋਣ ਦੀ ਮੰਗ ਕਰਦਾ ਹੈ।

ਪੈਦਾਵਾਰ, ਤਕਸੀਮ, ਤਬਾਦਲਾ ਅਤੇ ਖਪਤ, ਇਸ ਤਰ੍ਹਾਂ ਇੱਕ ਖਾਸ ਪ੍ਰਕਾਰ ਦੀ ਦਲੀਲਬਾਜ਼ੀ ਬਣਦੇ ਹਨ; ਪੈਦਾਵਾਰ ਆਮ ਦੀ ਨੁਮਾਇੰਦਗੀ ਕਰਦੀ ਹੈ, ਤਕਸੀਮ ਅਤੇ ਤਬਾਦਲਾ ਖਾਸ ਦੀ ਅਤੇ ਖਪਤ ਨਿੱਜੀ ਕੇਸ ਦੀ ਜਿਹੜਾ ਕਿ ਕੁੱਲ ਦਾ ਨਿਰਣਾ ਕਰ ਦੇਂਦਾ ਹੈ। ਬਿਨਾਂ ਸ਼ੱਕ ਇਹ ਇੱਕ ਸਿਲਸਿਲਾ ਹੈ, ਪਰ ਹੈ ਇੱਕ ਬਹੁਤ ਹੀ ਦਿਖਾਵਟੀ ਜਿਹਾ। ਪੈਦਾਵਾਰ ਦਾ ਨਿਰਣਾ ਕੁਦਰਤ ਦੇ ਆਮ ਨਿਯਮ ਕਰਦੇ ਹਨ; ਤਕਸੀਮ ਦਾ ਨਿਰਣਾ ਇੱਕੜ-ਦੁੱਕੜ ਸਮਾਜਿਕ ਤੱਥ ਕਰਦੇ ਹਨ, ਇਸ ਲਈ ਤਕਸੀਮ-ਪੈਦਾਵਾਰ ਉੱਪਰ, ਇੱਕ ਘੱਟ ਵੱਧ ਲਾਭਕਾਰੀ ਅਸਰ ਪਾਉਂਦੀ ਹੈ; ਤਬਾਦਲਾ, ਜਿਹੜਾ ਕਿ ਇਕ ਨਾਂ-ਮਾਤਰੀ ਸਮਾਜਿਕ ਚੱਕਰ ਹੈ, ਇਹਨਾਂ ਦੋਹਾਂ ਦੇ ਵਿਚਕਾਰ ਰਹਿੰਦਾ ਹੈ ਅਤੇ ਖਪਤ ਇੱਕ ਆਖਰੀ ਕਾਰਜ ਦੇ ਰੂਪ ਵਿੱਚ, ਜਿਸ ਨੂੰ ਨਾ-ਕੇਵਲ ਆਖਰੀ ਟੀਚਾ ਹੀ ਸਮਝਿਆ ਜਾਂਦਾ ਹੈ ਬਲਕਿ ਅੰਤਮ ਮਨੋਰਥ ਵੀ, ਬੜੇ ਉੱਚਿਤ ਰੂਪ ਵਿੱਚ ਆਰਥਿਕਤਾ ਦੇ ਖੇਤਰ ਤੋਂ ਬਾਹਰ ਜਾ ਪੈਂਦੀ ਹੈ। ਬੱਸ ਕੇਵਲ ਇੱਕ ਫ਼ਰਕ ਰਹਿ ਜਾਂਦਾ ਹੈ ਕਿ ਇਹ ਆਪਣੇ ਵੱਲੋਂ, ਮੋੜ-ਨੁਕਤੇ 'ਤੇ ਜਵਾਬੀ ਚੋਟ ਕਰਦੀ ਹੈ ਅਤੇ ਇਸ ਤਰ੍ਹਾਂ ਇੱਕ ਵਾਰੀ ਫੇਰ ਸਾਰੇ ਅਮਲ ਨੂੰ ਮੁੜ ਚਾਲੂ ਕਰ ਦੇਂਦੀ ਹੈ।

ਅਰਥਵਾਦੀਆਂ ਦੇ ਵਿਰੋਧੀ, ਜਿਹੜੇ ਕਿ ਇਹਨਾਂ ਉੱਪਰ ਆਪਸ ਵਿੱਚ ਜੁੜੇ ਅਨਸਰਾਂ ਨੂੰ ਭੈੜੇ ਤਰੀਕੇ ਨਾਲ਼ ਅੱਡਰਾ ਕਰਨ ਦਾ ਦੋਸ਼ ਲਾਉਂਦੇ ਹਨ, ਜਾਂ ਤਾਂ ਇੱਕੋ ਦ੍ਰਿਸ਼ਟੀਕੋਣ ਤੋਂ ਦਲੀਲ ਦੇਂਦੇ ਹਨ, ਜਾਂ ਉਸ ਤੋਂ ਵੀ ਨੀਵੀਂ ਪੱਧਰ ਤੋਂ, ਇਸ ਗੱਲ ਦਾ ਕੋਈ ਫ਼ਰਕ ਨਹੀਂ ਕਿ ਇਹ ਵਿਰੋਧੀ ਭਾਵੇਂ ਸਿਆਸੀ ਆਰਥਤਾ ਦੇ ਦਾਇਰੇ ਵਿੱਚੋਂ ਆਉਂਦੇ ਹਨ, ਜਾਂ ਕਿ ਇਸ ਦੇ ਬਾਹਰੋਂ, ਇਸ ਤੋਂ ਵੱਧ ਸਾਂਝੀ ਗੱਲ ਹੋਰ ਕੋਈ ਨਹੀਂ, ਕਿ ਉਹ ਸਾਰੇ ਦੇ ਸਾਰੇ ਅਰਥਵਾਦੀਆਂ ਦੇ ਖਿਲਾਫ਼ ਇਹ ਦੂਸ਼ਨ ਲਾਉਂਦੇ ਹਨ ਕਿ ਉਹ ਪੈਦਾਵਾਰ ਨੂੰ ਬਹੁਤਾ ਹੀ ਆਪਣੇ ਆਪ ਵਿੱਚ ਅੰਤਮ ਟੀਚਾ ਮੰਨੀ ਜਾਂਦੇ ਹਨ ਅਤੇ ਕਿ ਤਕਸੀਮ ਵੀ ਉਤਨੀ ਹੀ ਅਹਿਮ ਹੈ। ਅਰਥਵਾਦੀਆਂ ਦੀ ਅਵਧਾਰਨਾ ਵਿੱਚ ਇਸ ਦਲੀਲ ਦਾ ਅਧਾਰ ਇਹ ਹੈ ਕਿ ਤਕਸੀਮ ਦਾ, ਪੈਦਾਵਾਰ ਦੇ ਨਾਲੋਂ ਨਾਲ਼, ਆਪਣਾ ਇੱਕ ਅਲੱਗ ਅਤੇ ਸੁਤੰਤਰ ਖੇਤਰ ਹੈ। ਦੂਜੀ ਦਲੀਲ ਇਹ ਹੈ ਕਿ ਭਿੰਨ ਭਿੰਨ ਗੱਲਾਂ ਨੂੰ ਇਕੋ ਕੁੱਲ ਦੇ ਰੂਪ ਵਿੱਚ ਨਹੀਂ ਮੰਨਿਆਂ ਜਾਂਦਾ; ਜਿਵੇਂ ਕਿ ਇਸ ਅਲਹਿਦਗੀ ਨੇ ਪਾਠ-ਪੁਸਤਕਾਂ ਵਿੱਚੋਂ ਜ਼ੋਰੋ-ਜ਼ਬਰੀ ਆਪਣਾ ਰਾਹ ਅਸਲ ਜੀਵਨ ਵਿੱਚ ਬਣਾ ਲਿਆ ਹੈ ਨਾ ਕਿ, ਉਸ ਤੋਂ ਉਲਟ, ਇਹ ਅਸਲ ਜੀਵਨ ਵਿਚੋਂ

ਨਿਕਲ ਕੇ ਪਾਠ ਪੁਸਤਕਾਂ ਵਿੱਚ ਗਈ ਹੈ ਅਤੇ ਜਿਵੇਂ ਕਿ ਇਹ ਅਵਧਾਰਨਾਵਾਂ ਦੇ ਵਿਰੋਧ-ਵਿਕਾਸੀ ਸਮਝੌਤੇ ਦਾ ਪ੍ਰਸ਼ਨ ਨਹੀਂ ਹੈ ਅਤੇ ਨਾ ਹੀ, ਅਸਲ ਵਿੱਚ ਮੌਜੂਦ ਹਾਲਤਾਂ ਦੇ ਹੱਲ ਦਾ ਹੈ।

## ੳ. [ਪੈਦਾਵਾਰ ਅਤੇ ਖਪਤ]

ਪੈਦਾਵਾਰ, ਉਸੇ ਸਮੇਂ ਖਪਤ ਵੀ ਹੁੰਦੀ ਹੈ। ਇਹ ਇੱਕ ਦੂਹਰੇ ਰੂਪ ਵਿੱਚ ਖਪਤ ਹੁੰਦੀ ਹੈ - ਅੰਤਰਮੁਖੀ ਖਪਤ ਅਤੇ ਬਾਹਰਮੁਖੀ ਖਪਤ। (ਸਭ ਤੋਂ ਪਹਿਲਾਂ) ਕੋਈ ਵਿਅਕਤੀ ਜਿਹੜਾ ਕਿ ਜਦੋਂ ਪੈਦਾ ਕਰ ਰਿਹਾ ਹੁੰਦਾ ਹੈ, ਆਪਣੀਆਂ ਯੋਗਤਾਵਾਂ ਦਾ ਵਿਕਾਸ ਵੀ ਕਰਦਾ ਹੈ, ਉਹਨਾਂ ਦਾ ਪਸਾਰ ਵੀ ਕਰਦਾ ਹੈ; ਪੈਦਾਵਾਰ ਦਾ ਕਾਰਜ ਕਰਦਾ ਹੋਇਆ ਉਹਨਾਂ ਦੀ ਵਰਤੋਂ ਵੀ ਕਰਦਾ ਹੈ; ਠੀਕ ਜਿਵੇਂ ਕਿ ਕੁਦਰਤੀ ਜੰਮਣ ਕਿਰਿਆ ਵਿੱਚ ਅਹਿਮ ਸ਼ਕਤੀ ਦੀ ਖਪਤ ਹੋ ਜਾਂਦੀ ਹੈ। ਦੂਜੀ ਗੱਲ, ਇਹ ਉਪਜ-ਵਸੀਲਿਆਂ ਦੀ ਖਪਤ ਹੋਈ ਹੁੰਦੀ ਹੈ, ਜਿਹੜੇ ਕਿ ਵਰਤੀਂਦੇ ਵਰਤੀਂਦੇ ਮੁੱਕ ਜਾਂਦੇ ਹਨ ਅਤੇ ਕਈ ਤਾਂ (ਜਿਵੇਂ ਕਿ ਮਿਸਾਲ ਵਜੋਂ, ਇੰਨ੍ਹਣ) ਛੋਟੇ ਤੋਂ ਛੋਟੇ ਭਾਗਾਂ ਵਿੱਚ ਵਿਖਰ ਜਾਂਦੇ ਹਨ। ਇਸੇ ਤਰ੍ਹਾਂ, ਇਸ ਵਿੱਚ ਕੱਚੇ ਮਾਲਾਂ ਦੀ ਖਪਤ ਸ਼ਾਮਲ ਹੁੰਦੀ ਹੈ ਜਿਹੜੇ ਕਿ ਪੂਰੇ ਦੇ ਪੂਰੇ ਮਿਟ ਚੁੱਕੇ ਹੁੰਦੇ ਹਨ ਅਤੇ ਉਹਨਾਂ ਦੀ ਅਸਲ ਸ਼ਕਲ ਤੇ ਅਸਲ ਗੁਣ ਕਿਤੇ ਦੇਖਣ ਨੂੰ ਨਹੀਂ ਮਿਲਦੇ, ਇਸ ਤਰ੍ਹਾਂ ਪੈਦਾਵਾਰ ਕਾਰਜ, ਖੁਦ ਆਪਣੇ ਸਾਰੇ ਦੌਰਾਂ ਵਿੱਚ ਖਪਤ ਦਾ ਇੱਕ ਕਾਰਜ ਵੀ ਹੁੰਦਾ ਹੈ। ਅਰਥਵਾਦੀ ਇਸ ਨੂੰ ਮਨਜ਼ੂਰ ਕਰਦੇ ਹਨ। ਉਹ **ਉਤਪਾਦਕੀ ਖਪਤ** ਦੀ ਗੱਲ ਕਰਦੇ ਹਨ, ਜਿਹੜੀ ਕਿ, ਉਹ ਪੈਦਾਵਾਰ, ਜਿਹੜੀ ਇੱਕੋ ਸਮੇਂ ਖਪਤ ਦੇ ਅਨੁਸਾਰੀ ਹੈ ਅਤੇ ਉਹ ਖਪਤ, ਜਿਹੜੀ ਕਿ ਸਿੱਧਿਆਂ ਤੌਰ 'ਤੇ ਪੈਦਾਵਾਰ ਨਾਲ਼ ਸਮਾਨਭਾਵੀ ਹੈ - ਦੋਵੇਂ ਹੁੰਦੀ ਹੈ। ਪੈਦਾਵਾਰ ਅਤੇ ਖਪਤ ਦੋਹਾਂ ਦਾ ਇੱਕੋ ਸਮਾਨ ਹੋਣਾ ਸਪੀਨੋਜ਼ਾ ਦੀ ਕਥਨੀ ਨੂੰ ਮੰਨ ਲੈਣਾ ਹੈ: **ਦੀਤਰਮੀਨੇਸ਼ਿਓ ਏਸਤ ਨੀਗੇਸ਼ਿਓ।**

ਪਰ ਉਤਪਾਦਕੀ ਖਪਤ ਦੀ ਇਹ ਵਿਆਖਿਆ, ਕੇਵਲ ਇਸ ਲਈ ਵਧਾਈ ਜਾਂਦੀ ਹੈ, ਤਾਂ ਜੋ ਖਪਤ ਨੂੰ, ਜਿਹੜੀ ਕਿ ਪੈਦਾਵਾਰ ਦੀ ਅਨੁਸਾਰੀ ਹੈ, ਅਸਲ ਅਰਥਾਂ ਵਿੱਚ ਜੋ ਖਪਤ ਹੈ, ਉਸ ਤੋਂ ਨਿਖੇੜਿਆ ਜਾ ਸਕੇ। ਇਸ ਪਿਛਲੀ ਨੂੰ, ਮੁਕਾਬਲੇ ਵਿੱਚ, ਪੈਦਾਵਾਰ ਦੀ ਨਾਸ਼ਕਾਰੀ ਵਿਰੋਧੀ ਮੰਨਿਆ ਜਾਂਦਾ ਹੈ। ਆਓ, ਇਸ ਲਈ, ਅਸੀਂ ਠੀਕ ਜੋ ਖਪਤ ਹੈ, ਉਸ 'ਤੇ ਵਿਚਾਰ ਕਰੀਏ।

ਖਪਤ, ਨਾਲੋਂ ਨਾਲ਼ ਪੈਦਾਵਾਰ ਵੀ ਹੁੰਦੀ ਹੈ। ਜਿਵੇਂ ਕਿ, ਕੁਦਰਤ ਵਿੱਚੋਂ, ਕਿਸੇ ਪੌਦੇ ਦੀ ਪੈਦਾਵਾਰ ਵਿੱਚ, ਤੱਤਵੀ ਸ਼ਕਤੀਆਂ ਅਤੇ ਰਸਾਇਣੀ ਪਦਾਰਥਾਂ ਦੀ ਸ਼ਮੂਲੀਅਤ ਹੁੰਦੀ ਹੈ। ਇਹ ਸਪੱਸ਼ਟ ਹੈ ਕਿ ਮਨੁੱਖ ਆਪਣਾ ਖੁਦ ਦਾ ਸਰੀਰ ਆਪ ਬਣਾਉਂਦਾ ਹੈ, ਅਰਥਾਤ ਖੁਰਾਕ ਦੇ ਕੇ, ਜਿਹੜਾ ਕਿ ਖਪਤ ਦਾ ਹੀ ਇੱਕ ਰੂਪ ਹੈ। ਪਰ, ਇਹੋ ਗੱਲ ਕਿਸੇ ਹੋਰ ਖਪਤ ਦੀ ਕਿਸਮ ਉੱਪਰ ਵੀ ਲਾਗੂ ਹੁੰਦੀ ਹੈ, ਜਿਹੜੀ ਕਿਸਮ ਕਿ ਕਿਸੇ ਨਾ ਕਿਸੇ ਤਰੀਕੇ ਨਾਲ਼ ਮਨੁੱਖ ਦੇ ਕਿਸੇ ਪੱਖ ਦੀ ਪੈਦਾਵਾਰ ਲਈ ਸਹਾਈ ਹੁੰਦੀ ਹੈ। ਇਸ ਲਈ ਇਹ ਇੱਕ

ਖਪਤੀ ਪੈਦਾਵਾਰ ਹੈ। ਤਾਂ ਵੀ ਸਿਆਸੀ ਆਰਥਕਤਾ ਦਾ ਕਹਿਣਾ ਹੈ ਕਿ ਪੈਦਾਵਾਰ ਦੀ ਇਹ ਕਿਸਮ ਜਿਹੜੀ ਕਿ ਖਪਤ ਦੀ ਅਨੁਸਾਰੀ ਹੁੰਦੀ ਹੈ, ਇਹ ਇੱਕ ਦੂਜਾ ਪੜਾਅ ਹੈ ਜਿਹੜਾ ਕਿ ਪਹਿਲੀ ਉਤਪਾਦ ਦੀ ਬਰਬਾਦੀ ਵਿੱਚੋਂ ਪੈਦਾ ਹੁੰਦਾ ਹੈ। ਪੈਦਾਵਾਰ ਦੇ ਪਹਿਲੇ ਪ੍ਰਕਾਰ ਵਿੱਚ ਉਤਪਾਦਕ ਇੱਕ ਬਾਹਰਮੁਖੀ ਪੱਖ ਮੱਲ ਲੈਂਦਾ ਹੈ ਅਤੇ ਦੂਜੇ ਪ੍ਰਕਾਰ ਵਿੱਚ ਵਸਤਾਂ ਜਿਹਨਾਂ ਨੂੰ ਕਿ ਉਹ ਪੈਦਾ ਕਰਦਾ ਹੈ, ਇੱਕ ਨਿੱਜੀ ਪੱਖ ਦਾ ਰੂਪ ਲੈ ਲੈਂਦੀਆਂ ਹਨ। ਇਸ ਲਈ ਇਹ ਖਪਤੀ ਪੈਦਾਵਾਰ, ਭਾਵੇਂ ਇਹ ਪੈਦਾਵਾਰ ਅਤੇ ਖਪਤ ਦੇ ਸਿੱਧੇ ਏਕੇ ਦੀ ਧਾਰਨ ਹੁੰਦੀ ਹੈ, ਲਾਜ਼ਮੀ ਤੌਰ ’ਤੇ, ਖਾਸ ਪੈਦਾਵਾਰ ਤੋਂ ਵੱਖਰੀ ਵਸਤ ਹੁੰਦੀ ਹੈ। ਸਿੱਧੀ ਏਕਤਾ, ਜਿਸ ਵਿੱਚ ਪੈਦਾਵਾਰ ਖਪਤ ਨਾਲ਼ ਅਤੇ ਖਪਤ ਪੈਦਾਵਾਰ ਨਾਲ਼ ਸੰਗਤ ਹੁੰਦੀਆਂ ਹਨ, ਉਹਨਾਂ ਦੇ ਨਾਲ਼ੋਂ ਨਾਲ਼ ਰਹਿਣ ਵਾਲ਼ੇ ਦੂਹਰੇਪਣ ਨੂੰ ਪ੍ਰਭਾਵਿਤ ਨਹੀਂ ਕਰਦੀ।

ਪੈਦਾਵਾਰ ਇਸ ਤਰ੍ਹਾਂ, ਨਾਲ਼ੋਂ ਨਾਲ਼ ਖਪਤ ਹੈ ਅਤੇ ਖਪਤ ਨਾਲ਼ੋ ਨਾਲ਼, ਪੈਦਾਵਾਰ ਹੈ। ਹਰ ਇੱਕ, ਇੱਕੋ ਸਮੇਂ, ਦੂਜੀ ਦੀ ਵਿਰੋਧੀ ਹੈ। ਪਰ ਉਸ ਦੇ ਨਾਲ ਹੀ, ਇੱਕ ਵਿਚਕਾਰਲੀ ਹਰਕਤ ਵਾਪਰ ਜਾਂਦੀ ਹੈ। ਪੈਦਾਵਾਰ ਖਪਤ ਵਿੱਚ ਬਦਲ ਜਾਂਦੀ ਹੈ, ਜਿਸ ਦੇ ਲਈ ਇਹ ਮਾਲ ਮੁਹੱਈਆ ਕਰਦੀ ਹੈ; ਪੈਦਾਵਾਰ ਤੋਂ ਬਿਨਾਂ ਖਪਤ ਲਈ ਕੋਈ ਚੀਜ਼ ਹੀ ਨਹੀਂ ਰਹਿੰਦੀ ਪਰ ਖਪਤ ਵੀ ਪੈਦਾਵਾਰ ਵਿੱਚ ਬਦਲਦੀ ਹੈ, ਕਿਉਂਕਿ ਇਹ ਉਸ ਦੀਆਂ ਉਤਪਾਦਾਂ ਲਈ ਉਹ ਵਿਸ਼ਾ ਮੁਹੱਈਆ ਕਰਦੀ ਹੈ, ਜਿਸ ਲਈ ਉਹ ਉਤਪਾਦਾਂ ਕੀਤੀਆਂ ਜਾਂਦੀਆਂ ਹਨ। ਕੋਈ ਵੀ ਉਤਪਾਦ ਉਸ ਸਮੇਂ ਆਪਣੇ ਅੰਤਮ ਸਿਖਰ ਨੂੰ ਪ੍ਰਾਪਤ ਕਰਦੀ ਹੈ, ਜਦੋਂ ਕਿ ਉਹ ਖਪਤ ਵਿੱਚ ਚਲੀ ਜਾਂਦੀ ਹੈ। ਕੋਈ ਰੇਲਵੇ ਲਾਈਨ, ਜਿਸ ਉੱਪਰ ਕੋਈ ਸਫਰ ਹੀ ਨਹੀਂ ਕਰਦਾ, ਇਹ ਇਸ ਲਈ ਵਰਤੋਂ ਵਿੱਚ ਨਹੀਂ ਆਉਂਦੀ, ਇਸ ਦੀ ਖਪਤ ਨਹੀਂ ਹੁੰਦੀ; ਇਸ ਕਰਕੇ, ਸਮੱਰਥਾ ਕਾਰਨ ਭਾਵੇਂ ਇਹ ਰੇਲ ਲਾਈਨ ਹੈ, ਪਰ ਅਸਲ ਵਿੱਚ ਇਹ ਨਹੀਂ ਹੈ। ਬਿਨਾਂ ਪੈਦਾਵਾਰ ਤੋਂ ਕੋਈ ਖਪਤ ਨਹੀਂ ਹੁੰਦੀ, ਪਰ ਖਪਤ ਤੋਂ ਬਿਨਾਂ ਪੈਦਾਵਾਰ ਵੀ ਨਹੀਂ ਹੋ ਸਕਦੀ। ਕਿਉਂਕਿ ਉਸ ਸੂਰਤ ਵਿੱਚ ਪੈਦਾਵਾਰ ਬਿਲਕੁਲ ਬੇ-ਮਤਲਬ ਹੋਵੇਗੀ। ਖਪਤ ਪੈਦਾਵਾਰ ਨੂੰ ਦੋ ਤਰੀਕਿਆਂ ਨਾਲ਼ ਜਨਮ ਦੇਂਦੀ ਹੈ:

1. ਕਿਉਂਕਿ ਕੋਈ ਉਤਪਾਦ ਅਸਲ ਉਤਪਾਦ ਤਾਂ ਹੀ ਬਣਦਾ ਹੈ, ਜਦੋਂ ਕਿ ਉਸ ਦੀ ਖਪਤ ਹੁੰਦੀ ਹੈ। ਮਿਸਾਲ ਲਈ ਕੋਈ ਪੁਸ਼ਾਕ ਤਾਂ ਹੀ ਅਸਲ ਪੁਸ਼ਾਕ ਬਣਦੀ ਹੈ, ਜਦੋਂ ਕਿ ਕੋਈ ਉਸ ਨੂੰ ਪਹਿਨਦਾ ਹੈ। ਕੋਈ ਘਰ ਜੇ ਉਸ ਵਿੱਚ ਕੋਈ ਵੱਸਦਾ ਹੀ ਨਹੀਂ ਹੈ, ਤਾਂ ਉਹ ਸੱਚ ਹੀ ਘਰ ਨਹੀਂ ਹੈ; ਦੂਜੇ ਸ਼ਬਦਾਂ ਵਿੱਚ, ਕਿਸੇ ਸਾਧਾਰਨ ਕੁਦਰਤੀ ਵਸਤ ਤੋਂ ਵੱਖਰੀ ਕੋਈ ਉਤਪਾਦ, ਉਤਪਾਦ ਰੂਪ ਵਿੱਚ ਆਪਣੇ ਆਪ ਨੂੰ ਤਾਂ ਹੀ ਦਰਸਾਂਦੀ ਹੈ, ਕੋਈ ਉਤਪਾਦ ਤਾਂ ਹੀ ਬਣਦੀ ਹੈ, ਜਦੋਂ ਕਿ ਉਸ ਦੀ ਖਪਤ ਹੁੰਦੀ ਹੈ। ਇਹ ਖਪਤ ਹੀ ਹੈ, ਜਿਹੜੀ ਕਿ ਉਤਪਾਦ ਦੀ ਹੋਂਦ ਮਿਟਾ ਕੇ, ਇਸ ਨੂੰ ਅੰਤਮ ਛੂਹ ਦੇਂਦੀ ਹੈ; ਕਿਉਂਕਿ ਉਤਪਾਦ, ਇਸ ਲਈ ਉਤਪਾਦ ਨਹੀਂ ਹੁੰਦੀ, ਕਿਉਂ ਜੋ ਇਹ ਸਿਰੇ-ਚੜ੍ਹੀ ਸਰਗਰਮੀ ਹੁੰਦੀ ਹੈ, ਬਲਕਿ ਇਹ ਇਸ ਲਈ ਹੁੰਦੀ ਹੈ ਜਿੱਥੋਂ ਤੀਕ ਇਹ ਸਰਗਰਮ ਵਿਸ਼ੇ ਲਈ ਕੋਈ ਵਸਤ ਹੁੰਦੀ ਹੈ।

2. ਕਿਉਂਕਿ ਖਪਤ **ਨਵੀਂ** ਪੈਦਾਵਾਰ ਲਈ ਲੋੜ ਪੈਦਾ ਕਰਦੀ ਹੈ ਅਤੇ ਇਸ ਲਈ

ਇਹ ਪੈਦਾਵਾਰ ਵਾਸਤੇ, ਅਵਧਾਰਣੀ ਅਤੇ ਸੁਭਾਵਕ ਤੌਰ ’ਤੇ ਪ੍ਰੇਰਣਾ ਦੇਣ ਵਾਲ਼ਾ ਕਾਰਨ ਮੁਹੱਈਆ ਕਰਦੀ ਹੈ ਜਿਹੜਾ ਕਿ ਪੈਦਾਵਾਰ ਦੀ ਪੂਰਵ–ਸ਼ਰਤ ਬਣਦਾ ਹੈ। ਖਪਤ ਪੈਦਾ ਕਰਨ ਦੀ ਉਤੇਜਨਾ ਨੂੰ ਜਗਾਉਂਦੀ ਹੈ ਅਤੇ ਉਹ ਮੁੱਦਾ ਵੀ ਮੁਹੱਈਆ ਕਰਦੀ ਹੈ ਜਿਹੜਾ ਕਿ ਪੈਦਾਵਾਰ ਦੇ ਨਿਸ਼ਚੇਕਾਰੀ ਮਨੋਰਥ ਦੇ ਰੂਪ ਵਿੱਚ ਕੰਮ ਕਰਦਾ ਹੈ। ਜੇਕਰ ਇਹ ਪ੍ਰਤੱਖ ਹੈ, ਕਿ ਪੈਦਾਵਾਰ ਬਾਹਰੀ ਤੌਰ ’ਤੇ, ਖਪਤ ਦੇ ਮੁੱਦੇ ਨੂੰ ਸਪਲਾਈ ਕਰਦੀ ਹੈ, ਤਾਂ ਇਹ ਵੀ ਉੱਨਾ ਸਪਸ਼ਟ ਹੈ ਕਿ ਖਪਤ ਪੈਦਾਵਾਰ ਦੇ ਮੁੱਦੇ ਨੂੰ, ਬਤੌਰ ਇੱਕ **ਵਿਚਾਰ** ਦੇ, ਇੱਕ ਅੰਦਰਲੇ ਪ੍ਰਤੀਬਿੰਬ ਦੇ, ਇੱਕ ਲੋੜ ਦੇ, ਇੱਕ ਉਦੇਸ਼ ਦੇ ਅਤੇ ਇੱਕ ਮਨੋਰਥ ਦੇ ਰੂਪ ਵਿੱਚ **ਸਥਿਰ** ਕਰ ਦੇਂਦੀ ਹੈ। ਖਪਤ ਪੈਦਾਵਾਰ ਦੇ ਮੁੱਦੇ ਨੂੰ ਇੱਕ ਅਜਿਹੇ ਰੂਪ ਵਿੱਚ ਸਾਹਮਣੇ ਲੈ ਕੇ ਆਉਂਦੀ ਹੈ, ਜਿਹੜਾ ਕਿ ਅਜੇ ਅੰਤਰਮੁਖੀ ਹੀ ਹੁੰਦਾ ਹੈ। ਬਿਨਾਂ ਲੋੜ ਤੋਂ ਕੋਈ ਪੈਦਾਵਾਰ ਨਹੀਂ ਹੁੰਦੀ, ਪਰ ਖਪਤ ਹੈ ਜਿਹੜੀ ਕਿ ਲੋੜ ਨੂੰ ਮੁੜ ਜਨਮ ਦੇਂਦੀ ਹੈ।

ਪੈਦਾਵਾਰ ਦੇ ਪੱਖ ਵਿੱਚ ਇਹੋ ਚੀਜ਼ ਇਸ ਤਰ੍ਹਾਂ ਮੁਕਾਬਲੇ ’ਤੇ ਪੈਂਦੀ ਹੈ:

1. ਇਸ ਹਕੀਕਤ ਰਾਹੀਂ, ਕਿ ਪੈਦਾਵਾਰ, ਖਪਤ ਦੇ ਮੁੱਦੇ, ਮੂਲ ਪਦਾਰਥ ਦੀ ਸਪਲਾਈ ਕਰਦੀ ਹੈ। ਖਪਤ ਜਿਸ ਦਾ ਕੋਈ ਮੁੱਦਾ ਹੀ ਨਹੀਂ ਹੈ, ਉਹ ਕਾਹਦੀ ਖਪਤ ਹੈ। ਇਸ ਪੱਖੋਂ ਇਸ ਲਈ ਪੈਦਾਵਾਰ, ਖਪਤ ਨੂੰ ਜਨਮ ਦੇਂਦੀ ਹੈ, ਉਸ ਨੂੰ ਪੈਦਾ ਕਰਦੀ ਹੈ।

2. ਪਰ ਪੈਦਾਵਾਰ, ਕੇਵਲ ਖਪਤ ਦੇ ਮੁੱਦੇ ਨੂੰ ਹੀ ਨਹੀਂ ਮੁਹੱਈਆ ਕਰਦੀ ਬਲਕਿ ਇਹ ਖਪਤ ਨੂੰ ਇਕ ਵਖਰਿਆਵਾਂ ਰੂਪ ਵੀ ਪ੍ਰਦਾਨ ਕਰਦੀ ਹੈ, ਇੱਕ ਚਰਿਤਰ ਵੀ ਦੇਂਦੀ ਹੈ, ਇੱਕ ਅੰਤਮ ਆਕਾਰ ਵੀ ਬਖ਼ਸ਼ਦੀ ਹੈ। ਜਿਵੇਂ ਕਿ ਖਪਤ ਉਤਪਾਦ ਉੱਪਰ, ਇੱਕ ਉਤਪਾਦ ਦੇ ਤੌਰ ’ਤੇ ਅੰਤਮ–ਛੂਹ ਲਾਉਂਦੀ ਹੈ, ਇਸੇ ਤਰ੍ਹਾਂ ਪੈਦਾਵਰ, ਖਪਤ ਉੱਪਰ ਅੰਤਮ ਛੂਹ ਅੰਕਿਤ ਕਰਦੀ ਹੈ। **ਇੱਕ ਗੱਲੋਂ**, ਮੁੱਦਾ, ਕੋਈ ਆਮ ਸਾਧਾਰਨ ਮੁੱਦਾ ਨਹੀਂ ਹੁੰਦਾ, ਬਲਕਿ ਇੱਕ ਖਾਸ ਮੁੱਦਾ ਹੁੰਦਾ ਹੈ, ਕਿਸੇ ਖਾਸ ਤਰੀਕੇ ਨਾਲ਼ ਵਰਤੋਂ ਵਿਚ ਲਿਆਇਆ ਜਾਣਾ ਚਾਹੀਦਾ ਹੈ, ਜਿਸ ਤਰੀਕੇ ਨੂੰ ਕਿ ਪੈਦਾਵਾਰ ਨੇ ਨਿਸ਼ਚਿਤ ਕੀਤਾ ਹੁੰਦਾ ਹੈ। ਭੁੱਖ, ਭੁੱਖ ਹੀ ਹੁੰਦੀ ਹੈ, ਪਰ ਭੁੱਖ, ਜਿਹੜੀ ਕਿ ਪਕਾਏ ਹੋਏ ਮਾਸ ਨੂੰ ਛੁਰੀ–ਕਾਂਟੇ ਨਾਲ਼ ਖਾ ਕੇ ਤ੍ਰਿਪਤ ਹੁੰਦੀ ਹੈ, ਜ਼ਰੂਰ ਉਸ ਭੁੱਖ ਨਾਲ਼ੋਂ ਵੱਖਰੀ ਹੈ ਜਿਸ ਨੂੰ ਮਿਟਾਉਣ ਲਈ ਹੱਥਾਂ, ਨਹੁੰਆਂ, ਦੰਦਾਂ ਦੀ ਸਹਾਇਤਾ ਨਾਲ਼ ਕੱਚਾ ਮਾਸ ਹੀ ਹਲਕ ਤਲੇ ਉਤਾਰਨਾ ਪੈਂਦਾ ਹੈ। ਪੈਦਾਵਾਰ, ਇਸ ਤਰ੍ਹਾਂ, ਨਾ ਕੇਵਲ ਖਪਤ ਦਾ ਮੁੱਦਾ ਹੀ ਪੈਦਾ ਨਹੀਂ ਕਰਦੀ, ਬਲਕਿ ਖਪਤ ਦੇ ਢੰਗ ਨੂੰ ਵੀ ਪੈਦਾ ਕਰਦੀ ਹੈ, ਉਹ ਵੀ ਕੇਵਲ ਬਾਹਰੀ ਤੌਰ ’ਤੇ ਨਹੀਂ, ਬਲਕਿ ਅੰਤਰਮੁਖੀ ਤੌਰ ’ਤੇ। ਪੈਦਾਵਾਰ ਇਸ ਤਰ੍ਹਾਂ ਗ੍ਰਾਹਕ ਨੂੰ ਜਨਮ ਦੇਂਦੀ ਹੈ।

3. ਪੈਦਾਵਾਰ, ਨਾ ਕੇਵਲ ਕਿਸੇ ਲੋੜ ਨੂੰ ਪੂਰਿਆਂ ਕਰਨ ਦਾ ਪਦਾਰਥ ਹੀ ਮੁਹੱਈਆ ਕਰਦੀ ਹੈ, ਬਲਕਿ ਇਹ ਪਦਾਰਥ ਲਈ ਲੋੜ ਵੀ ਮੁਹੱਈਆ ਕਰਦੀ ਹੈ। ਜਦੋਂ ਖਪਤ ਆਪਣੀ ਮੂਲ਼ ਆਦਮ ਕਚਿਆਈ ਤੋਂ ਉਭਰਦੀ ਹੈ ਅਤੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਆਪਣੀ ਇਸ ਹਾਲਤ ਵਿੱਚ ਇਸ ਕਰਕੇ ਸੀ, ਕਿਉਂਕਿ ਪੈਦਾਵਾਰ ਵੀ ਅਜੇ ਆਪਣੀ ਅਨਘੜਤ ਹਾਲਤ ਵਿਚੋਂ ਨਹੀਂ ਨਿਕਲੀ ਸੀ – ਤਾਂ ਇਹ ਫੌਰਨ ਹੀ, ਖ਼ੁਦ ਆਪਣੇ ਆਪ,

ਮੁੱਦੇ ਦੁਆਰਾ ਪੈਦਾ ਕੀਤੀ ਇੱਕ ਇੱਛਾ ਬਣ ਜਾਂਦੀ। ਮੁੱਦੇ ਲਈ ਅਨੁਭਵ ਹੋਈ ਲੋੜ ਦੀ ਪ੍ਰੇਰਨਾ ਮੁੱਦੇ ਦੀ ਕਲਪਣਾ ਤੋਂ ਹੁੰਦੀ ਹੈ। ਕੋਈ **'ਆਬਜੇਤ ਦਾਰਤ'** ਅਜਿਹੀ ਪਬਲਿਕ ਨੂੰ ਪੈਦਾ ਕਰਦੀ ਹੈ, ਜਿਸ ਦੀ ਕਲਾਮਈ ਰੁਚੀ ਹੁੰਦੀ ਹੈ ਅਤੇ ਜਿਹੜੀ ਕਿ ਸੁੰਦਰਤਾ ਨੂੰ ਮਾਣਨ ਦੀ ਯੋਗਤਾ ਰੱਖਦੀ ਹੈ - ਅਤੇ ਇਹੋ ਗੱਲ ਕਿਸੇ ਵੀ ਹੋਰ ਉਤਪਾਦ ਲਈ ਸੱਚ ਹੁੰਦੀ ਹੈ। ਇਸ ਤਰ੍ਹਾਂ ਪੈਦਾਵਾਰ, ਕਿਸੇ ਵਿਸ਼ੇ ਲਈ ਕੋਈ ਮੁੱਦਾ ਹੀ ਉਤਪੰਨ ਨਹੀਂ ਕਰਦੀ, ਬਲਕਿ ਮੁੱਦੇ ਲਈ ਵਿਸ਼ਾ ਵੀ ਉਤਪੰਨ ਕਰਦੀ ਹੈ।

ਇਸ ਤਰ੍ਹਾਂ, ਪੈਦਾਵਾਰ ਖਪਤ ਨੂੰ ਪੈਦਾ ਕਰਦੀ ਹੈ: (1) ਖਪਤ ਦਾ ਪਦਾਰਥ ਮੁਹੱਈਆ ਕਰਕੇ; (2) ਖਪਤ ਢੰਗ ਦਾ ਨਿਸ਼ਚਾ ਕਰਕੇ; (3) ਗ੍ਰਹਾਕ ਅੰਦਰ ਮੁੱਦਿਆਂ ਲਈ, ਜਿਹਨਾਂ ਨੂੰ ਇਹ ਪਹਿਲਾਂ ਉਤਪਾਦਾਂ ਦੇ ਰੂਪ ਵਿੱਚ ਪੇਸ਼ ਕਰਦੀ ਹੈ, ਇੱਕ ਲੋੜ ਨੂੰ ਜਨਮ ਦੇ ਕੇ। ਇਸ ਲਈ, ਇਹ ਖਪਤ ਦੇ ਮੁੱਦੇ ਨੂੰ, ਖਪਤ ਢੰਗ ਨੂੰ ਅਤੇ ਖਪਤ ਇੱਛਾ ਨੂੰ ਪੈਦਾ ਕਰਨ ਵਾਲੀ ਹੁੰਦੀ ਹੈ, ਇਸੇ ਤਰ੍ਹਾਂ, ਖਪਤ ਹੀ, ਉਤਪਾਦਕ ਅੰਦਰਲੀ ਪ੍ਰਵਿਰਤੀ ਨੂੰ ਇੱਕ ਮਨੋਰਥਪੂਰਨ ਲੋੜ ਦੇ ਰੂਪ ਵਿੱਚ ਸਥਿਰ ਕਰਕੇ, ਉਸ ਨੂੰ ਜਗਾਉਣ ਦਾ ਕਾਰਨ ਬਣਦੀ ਹੈ।

ਖਪਤ ਅਤੇ ਪੈਦਾਵਾਰ ਦੀ ਸਮਾਨਤਾ ਦੇ ਤਿੰਨ ਪੱਖ ਹਨ:

(1) **ਸਿੱਧੀ ਸਮਾਨਤਾ**: ਪੈਦਾਵਾਰ ਖਪਤ ਹੈ ਅਤੇ ਖਪਤ ਪੈਦਾਵਾਰ ਹੈ। ਖਪਤਕਾਰੀ ਪੈਦਾਵਾਰ ਅਤੇ ਉਤਪਾਦਕੀ ਖਪਤ। ਅਰਥਵਾਦੀ ਦੋਹਾਂ ਨੂੰ ਉਤਪਾਦਕੀ ਖਪਤ ਦਾ ਨਾਂ ਦੇਂਦੇ ਹਨ, ਪਰ ਉਹ ਅਜੇ ਵੀ ਫ਼ਰਕ ਰੱਖਦੇ ਹਨ। ਪਹਿਲੀ ਨੂੰ ਉਹ ਆਪਣੀਆਂ ਰਚਨਾਵਾਂ ਵਿੱਚ ਮੁੜ-ਪੈਦਾਵਾਰ ਦਾ ਰੂਪ ਦੇਂਦੇ ਹਨ ਅਤੇ ਪਿਛਲੀ ਨੂੰ ਉਤਪਾਦਕੀ ਖਪਤ ਦਾ। ਪਹਿਲੀ ਦੀਆਂ ਸਾਰੀਆਂ ਜਾਂਚਾਂ ਦਾ ਸਬੰਧ ਉਤਪਾਦਕੀ ਅਤੇ ਗੈਰ-ਉਤਪਾਦਕੀ ਕਿਰਤ ਨਾਲ਼ ਹੈ ਅਤੇ ਪਿਛਲੀ ਦਾ ਉਤਪਾਦਕੀ ਅਤੇ ਗੈਰ-ਉਤਪਾਦਕੀ ਖਪਤ ਨਾਲ।

(2) ਦੋਵੇਂ ਇੱਕ-ਦੂਜੇ ਦੇ ਸਾਧਨ ਤੌਰ 'ਤੇ ਦਿਖਾਈ ਦੇਂਦੇ ਹਨ, ਜਾਂ ਇੱਕ ਦੂਜੇ ਤੋਂ ਪਰੇਰੇ ਲੱਗਦੇ ਹਨ; ਇਹੋ ਉਹਨਾਂ ਦੀ ਆਪਸੀ ਨਿਰਭਰਤਾ ਅਖਵਾਉਂਦੀ ਹੈ। ਇਸ ਤਰ੍ਹਾਂ ਉਹ ਆਪਸੀ ਸਬੰਧ ਵਿੱਚ ਜੋੜੇ ਜਾਂਦੇ ਹਨ ਅਤੇ ਇੱਕ-ਦੂਜੇ ਲਈ ਲਾਜ਼ਮੀ ਪ੍ਰਤੀਤ ਹੋਣ ਲੱਗਦੇ ਹਨ; ਪਰ ਰਹਿੰਦੇ ਤਾਂ ਵੀ ਇੱਕ-ਦੂਜੇ ਤੋਂ ਬੇਜੋੜ ਹੀ ਹਨ। ਪੈਦਾਵਾਰ ਉਹ ਪਦਾਰਥ ਮੁਹੱਈਆ ਕਰਦੀ ਹੈ, ਜਿਹੜਾ ਕਿ ਖਪਤ ਦਾ ਬਾਹਰੀ ਮੁੱਦਾ ਹੁੰਦਾ ਹੈ; ਖਪਤ ਲੋੜ ਭਾਵ ਅੰਦਰਲੇ ਮੁੱਦੇ ਦੀ ਪੈਦਾਵਾਰ ਦੇ ਮਨੋਰਥ ਦੀ ਸਪਲਾਈ ਕਰਦੀ ਹੈ। ਪੈਦਾਵਾਰ ਤੋਂ ਬਿਨਾਂ ਕੋਈ ਖਪਤ ਨਹੀਂ ਹੁੰਦੀ ਅਤੇ ਖਪਤ ਤੋਂ ਬਿਨਾਂ ਕੋਈ ਪੈਦਾਵਾਰ। ਇਹੋ ਕਥਨ ਸਿਆਸੀ ਆਰਥਕਤਾ ਵਿੱਚ ਵੱਖ ਵੱਖ ਰੂਪਾਂ ਅੰਦਰ ਨਜ਼ਰੀਂ ਆਉਂਦਾ ਹੈ।

(3) ਪੈਦਾਵਾਰ, ਨਾ ਕੇਵਲ, ਨਾਲ਼ੋ ਨਾਲ਼ ਖਪਤ ਹੁੰਦੀ ਹੈ ਅਤੇ ਖਪਤ ਨਾਲ਼ੋਂ ਨਾਲ਼ ਪੈਦਾਵਾਰ ਹੁੰਦੀ ਹੈ; ਨਾ ਹੀ, ਪੈਦਾਵਾਰ ਕੇਵਲ ਖਪਤ ਦਾ ਹੀ ਇੱਕ ਵਸੀਲਾ ਹੈ ਅਤੇ ਖਪਤ, ਪੈਦਾਵਾਰ ਦਾ ਮਨੋਰਥ, ਭਾਵ ਦੋਵੇਂ, ਇੱਕ-ਦੂਜੀ ਨੂੰ ਉਸ ਦਾ ਮੁੱਦਾ ਮੁਹੱਈਆ ਕਰਦੀਆਂ ਹਨ; ਪੈਦਾਵਾਰ ਖਪਤ ਦਾ ਅਵਧਾਰਨੀ ਮੁੱਦਾ। ਦੂਜੇ ਸ਼ਬਦਾਂ ਵਿੱਚ, ਉਹਨਾਂ ਵਿੱਚੋਂ ਹਰ ਕੋਈ, ਨਾ ਕੇਵਲ, ਨਾਲ਼ੋਂ ਨਾਲ਼, ਦੂਜੀ ਹੁੰਦੀ ਹੈ, ਨਾ ਕੇਵਲ, ਦੂਜੀ ਦਾ ਕਾਰਨ ਹੁੰਦੀ ਹੈ, ਬਲਕਿ

ਉਹਨਾਂ ਵਿੱਚੋਂ ਹਰ ਕੋਈ ਆਪਣੇ ਅੰਤ ਨੂੰ ਪੁੱਜ ਜਾਂਦੀ ਹੈ, ਤਾਂ ਦੂਜੀ ਨੂੰ ਜਨਮ ਦੇ ਦੇਂਦੀ ਹੈ, ਇਹ ਆਪਣੇ ਆਪ ਨੂੰ ਦੂਜੀ ਵਾਂਗ ਉਗਮਾ ਦੇਂਦੀ ਹੈ। ਇਹ ਕੇਵਲ ਖਪਤ ਹੀ ਹੁੰਦੀ ਹੈ, ਜਿਹੜੀ ਕਿ ਪੈਦਾਵਾਰ ਦੇ ਅਮਲ ਨੂੰ ਉਸ ਦੀ ਸਿਖਰ 'ਤੇ ਪਹੁੰਚਾਉਂਦੀ ਹੈ। ਕਿਉਂਕਿ ਖਪਤ ਹੀ ਉਤਪਾਦ ਨੂੰ, ਇਸ ਨੂੰ ਮਿਟਾ ਕੇ ਇਸ ਦੇ ਸੁਤੰਤਰ ਠੋਸ ਰੂਪ ਨੂੰ ਮੁਕਾ ਕੇ ਬਤੌਰ ਇੱਕ ਉਤਪਾਦ ਦੇ ਪੂਰਿਆ ਕਰਦੀ ਹੈ। ਇਸ ਤੋਂ ਅੱਗੇ, ਦੁਹਰਾਈ ਲਈ, ਆਪਣੀ ਲੋੜ ਰਾਹੀਂ, ਖਪਤ, ਪੈਦਾਵਾਰ ਦੇ ਪਹਿਲੇ ਅਮਲ ਦੇ ਦੌਰਾਨ ਪੈਦਾ ਹੋਈਆਂ ਯੋਗਤਾਵਾਂ ਨੂੰ ਸੰਪੂਰਨਤਾ ਵੱਲ ਲੈ ਖੜ੍ਹਦੀ ਹੈ ਅਤੇ ਉਹਨਾਂ ਨੂੰ ਹੁਨਰਾਂ ਵਿੱਚ ਬਦਲ ਦੇਂਦੀ ਹੈ। ਖਪਤ, ਇਸ ਪ੍ਰਕਾਰ, ਅੰਤਮ ਕਾਰਜ ਹੁੰਦੀ ਹੈ ਜਿਹੜਾ ਕਿ ਨਾ ਕੇਵਲ, ਉਤਪਾਦ ਨੂੰ ਕਿਸੇ ਉਤਪਾਦ ਵਿੱਚ ਹੀ ਬਦਲ ਦੇਂਦਾ ਹੈ, ਬਲਕਿ ਉਤਪਾਦਕ ਨੂੰ ਉਤਪਾਦਕ ਵਿੱਚ ਵੀ। ਪੈਦਾਵਾਰ ਦੂਜੇ ਪਾਸੇ, ਖਪਤ ਦੇ ਇੱਕ ਖਾਸ ਢੰਗ ਨੂੰ ਪੈਦਾ ਕਰਕੇ, ਖਪਤ ਨੂੰ ਜਨਮ ਦੇਂਦੀ ਹੈ। ਅਤੇ ਖਪਤ ਨੂੰ ਇੱਕ ਪ੍ਰੇਰਕ ਪ੍ਰਦਾਨ ਕਰਕੇ; ਇਹ ਇਸ ਨਾਲ਼, ਕਿਸੇ ਲੋੜ ਦੇ ਰੂਪ ਵਿੱਚ ਖਪਾ ਲੈਣ ਦੀ ਸਮੱਰਥਾ ਪੈਦਾ ਕਰਦੀ ਹੈ। ਇਹ ਪਿਛਲੀ ਕਿਸਮ ਦੀ ਸਮਾਨਤਾ, ਜਿਸ ਦੀ ਕਿ ਤੀਜੇ ਨੁਕਤੇ ਵਿੱਚ ਵਿਆਖਿਆ ਕੀਤੀ ਗਈ ਹੈ, ਇਸ ਨੂੰ ਅਰਥਵਾਦੀਆਂ ਨੇ, ਮੰਗ ਅਤੇ ਸਪਲਾਈ ਦੇ, ਮੁੱਦਿਆਂ ਅਤੇ ਲੋੜਾਂ ਦੇ ਅਤੇ ਉਹਨਾਂ ਲੋੜਾਂ ਦੇ ਜਿਹਨਾਂ ਨੂੰ ਸਮਾਜ ਅਤੇ ਕੁਦਰਤੀ ਲੋੜਾਂ ਨੇ ਜਨਮ ਦਿੱਤਾ ਹੁੰਦਾ ਹੈ – ਦੇ ਸਬੰਧ 'ਤੇ ਵਿਚਾਰ ਕਰਦਿਆਂ, ਵੱਖ ਵੱਖ ਢੰਗਾਂ ਨਾਲ਼ ਬਿਆਨਿਆ ਹੈ।

ਇਹ ਕਰ ਚੁੱਕਣ ਤੋਂ ਪਿੱਛੋਂ, ਕਿਸੇ ਵੀ ਹੀਗਲਵਾਦੀ ਲਈ ਇਹ ਮੰਨ ਲੈਣ ਤੋਂ ਸੌਖੀ ਗੱਲ ਹੋਰ ਕੋਈ ਨਹੀਂ ਰਹਿ ਜਾਂਦੀ ਕਿ ਪੈਦਾਵਾਰ ਅਤੇ ਖਪਤ ਇੱਕੋ ਜਿਹੀਆਂ ਗੱਲਾਂ ਹਨ ਅਤੇ ਇਹ ਗੱਲ ਸੋਸ਼ਲਿਸਟ **ਬੈਲੇਰਿਸਟਾਂ** ਨੇ ਹੀ ਨਹੀਂ ਆਖੀ, ਬਲਕਿ ਸੁੱਕੜ ਅਰਥਵਾਦੀਆਂ ਰਾਹੀਂ ਵੀ ਆਖੀ ਗਈ ਹੈ। ਮਿਸਾਲ ਲਈ, **ਸੇ** ਨੂੰ ਲਓ, ਜਿਹੜਾ ਕਿ ਐਲਾਨ ਕਰਦਾ ਹੈ ਕਿ ਜੇਕਰ ਕਿਸੇ ਕੌਮ ਬਾਰੇ, ਜਾਂ **ਕਲਪਣਾ ਵਿੱਚ** ਮਨੁੱਖਤਾ ਬਾਰੇ, ਵਿਚਾਰ ਕੀਤਾ ਜਾਵੇ, ਤਾਂ ਇਸ ਦੀ ਪੈਦਾਵਾਰ ਹੀ ਇਸ ਦੀ ਖਪਤ ਹੈ। ਸਟਾਰਕ (ਉਸ ਦੀ ਰਚਨਾ 'ਕਨਸਿਡਰੇਸ਼ਨਜ਼ ਸੁਰ ਲਾ ਨੇਚੁਰ ਦੂ ਰੈਵੀਨੂ ਨੈਸ਼ਨੇਲ', ਪੈਰਿਸ, 1824, ਵੇਖੋ) ਨੇ ਸਿੱਧ ਕੀਤਾ ਹੈ, ਕਿ **ਸੇ** ਦਾ ਇਹ ਕਥਨ ਗਲਤ ਹੈ, ਕਿਉਂਕਿ ਕੋਈ ਵੀ ਕੌਮ, ਮਿਸਾਲ ਵਜੋਂ, ਆਪਣੀ ਸਾਰੀ ਦੀ ਸਾਰੀ ਉਪਜ ਨੂੰ ਨਹੀਂ ਖਪਾਉਂਦੀ, ਬਲਕਿ ਉਸ ਨੂੰ ਉਪਜ-ਵਸੀਲੇ, ਬੱਝਾ ਸਰਮਾਇਆ ਆਦਿ ਵੀ ਮੁਹੱਈਆ ਕਰਨੇ ਪੈਂਦੇ ਹਨ। ਇਸ ਤੋਂ ਵੀ ਅੱਗੇ, ਸਮਾਜ ਨੂੰ ਵੀ ਇੱਕੋ ਵਿਸ਼ੇ ਦੇ ਰੂਪ ਵਿੱਚ ਵਿਚਾਰਨਾ ਗਲਤ ਹੈ, ਕਿਉਂਕਿ ਇਹ ਇੱਕ ਸੱਟੇਬਾਜ਼ਾਂ ਵਾਲ਼ੀ ਪਹੁੰਚ ਬਣ ਜਾਂਦੀ ਹੈ। ਇੱਕ ਵਿਸ਼ੇ ਦੇ ਪੱਖੋਂ ਪੈਦਾਵਾਰ ਅਤੇ ਖਪਤ, ਇੱਕੋ ਕਾਰਜ ਦੇ ਦੋ ਦੌਰ ਲੱਗਣ ਲੱਗਦੇ ਹਨ। ਇੱਥੇ ਕੇਵਲ ਸਭ ਤੋਂ ਵੱਧ ਜ਼ਰੂਰੀ ਨੁਕਤੇ ਉੱਪਰ ਬਲ ਦਿੱਤਾ ਗਿਆ ਹੈ ਕਿ ਪੈਦਾਵਾਰ ਅਤੇ ਖਪਤ, ਜੇ ਇਹਨਾਂ ਨੂੰ ਇੱਕੋ ਵਿਸ਼ੇ ਦੀਆਂ, ਜਾਂ ਇੱਕੜ-ਦੁੱਕੜ ਵਿਅਕਤੀਆਂ ਦੀਆਂ, ਸਰਗਰਮੀਆਂ ਦੇ ਰੂਪ ਵਿੱਚ ਵਿਚਾਰਿਆ ਜਾਵੇ, ਤਾਂ ਇਹ ਜ਼ਰੂਰ, ਇਕੋ ਇਕੋ ਅਮਲ ਦੇ ਵੱਖ ਵੱਖ ਪੜਾਵਾਂ ਦੇ ਰੂਪ ਵਿੱਚ ਦਿਖਾਈ ਦੇਣਗੇ, ਜਿਹਨਾਂ ਦਾ ਅਸਲ ਨਿਖੇੜ-ਨੁਕਤਾ ਪੈਦਾਵਾਰ ਹੈ, ਜੋ ਕਿ ਹੀ ਇਸ ਤਰ੍ਹਾਂ ਨਿਰਣਈ ਤੱਥ ਹੈ। ਖਪਤ, ਇੱਕ

ਆਵੱਸ਼ਕਤਾ, ਇੱਕ ਲੋੜ ਦੇ ਰੂਪ ਵਿੱਚ, ਉਤਪਾਦਕੀ ਸਰਗਰਮੀ ਦਾ, ਖ਼ੁਦ ਇੱਕ ਅਭਿੰਨ ਅੰਗ ਹੈ; ਪਰ, ਇਹ ਪਿਛਲਾ, ਉਹ ਨੁਕਤਾ ਹੈ, ਜਿੱਥੋਂ ਕਿ ਵਸੂਲੀ ਆਰੰਭ ਹੁੰਦੀ ਹੈ ਅਤੇ ਇਸ ਤਰ੍ਹਾਂ ਇਹੋ ਨਿਰਣਈ ਦੌਰ ਵੀ ਹੈ; ਉਹ ਕਾਰਜ ਜਿਹੜਾ ਕਿ ਕੁੱਲ ਅਮਲ ਨੂੰ ਨਚੋੜ ਕੱਢਦਾ ਹੈ। ਕਿਸੇ ਮੁੱਦੇ ਨੂੰ ਕੋਈ ਵਿਅਕਤੀ ਪੈਦਾ ਕਰਦਾ ਹੈ ਅਤੇ ਪਿੱਛੋਂ, ਇਸੇ ਦੀ ਖਪਤ ਕਰਕੇ ਇਸ ਨੂੰ ਮੁੜ ਨਿਖੇੜ–ਨੁਕਤੇ 'ਤੇ ਪਹੁੰਚਾ ਦੇਂਦਾ ਹੈ: ਪਰ ਜਦੋਂ ਉਹ ਮੋੜਦਾ ਹੈ ਤਾਂ ਉਹ ਇੱਕ ਉਤਪਾਦਕੀ ਵਿਅਕਤੀ ਦੇ ਤੌਰ 'ਤੇ, ਉਸ ਵਿਅਕਤੀ ਦੇ ਤੌਰ 'ਤੇ, ਜਿਹੜਾ ਖ਼ੁਦ ਮੁੜ ਪੈਦਾ ਕਰਦਾ ਹੈ, ਇਹ ਕਾਰਜ ਕਰਦਾ ਹੈ। ਖਪਤ ਇਸ ਤਰ੍ਹਾਂ, ਪੈਦਾਵਾਰ ਦਾ ਹੀ ਇੱਕ ਦੌਰ ਹੁੰਦੀ ਹੈ।

ਪਰ ਸਮਾਜ ਅੰਦਰ, ਉਤਪਾਦਕ ਦਾ ਉਤਪਾਦ ਨਾਲ਼ ਸਬੰਧ, ਜਦੋਂ ਕਿ ਉਹ ਪੂਰੀ ਹੋ ਚੁੱਕੀ ਹੁੰਦੀ ਹੈ, ਅਜੋੜ ਹੁੰਦਾ ਹੈ ਅਤੇ ਵਿਸ਼ੇ ਵੱਲ ਉਤਪਾਦ ਦੀ ਵਾਪਸੀ ਦਾ ਨਿਰਭਰ, ਦੂਜੇ ਵਿਅਕਤੀਆਂ ਪ੍ਰਤੀ ਉਸ ਦੇ ਸਬੰਧਾਂ 'ਤੇ ਹੁੰਦਾ ਹੈ। ਉਤਪਾਦ ਫੌਰੀ ਤੌਰ 'ਤੇ ਉਸ ਦੇ ਕਬਜ਼ੇ ਵਿੱਚ ਨਹੀਂ ਆ ਜਾਂਦੀ। ਇਸ ਦੀ ਫੌਰੀ ਤੌਰ 'ਤੇ ਮਾਲਕੀ ਲੈਣਾ ਵੀ ਇਸ ਦਾ ਉਦੇਸ਼ ਨਹੀਂ ਹੁੰਦਾ, ਜੇਕਰ ਉਹ ਪੈਦਾਵਾਰ, ਸਮਾਜ ਦੇ ਅੰਦਰ ਹੀ ਕਰਦਾ ਹੈ। **ਤਕਸੀਮ**, ਜਿਹੜੀ ਕਿ ਸਮਾਜਿਕ ਨਿਯਮਾਂ ਦੇ ਅਧਾਰ 'ਤੇ ਉਤਪਾਦਾਂ ਦੇ ਕੰਮ ਵਿੱਚ ਵਿਅਕਤੀ ਦੇ ਹਿੱਸੇ ਨੂੰ ਨਿਸ਼ਚਿਤ ਕਰਦੀ ਹੈ, ਉਤਪਾਦਕ ਅਤੇ ਉਤਪਾਦਾਂ ਵਿਚਕਾਰ, ਭਾਵ ਪੈਦਾਵਾਰ ਅਤੇ ਖਪਤ ਵਿਚਕਾਰ ਦਖਲ ਕਰਦੀ ਹੈ।

ਤਾਂ ਕੀ, ਤਕਸੀਮ, ਇਸ ਲਈ, ਪੈਦਾਵਾਰ ਦੇ ਨਾਲ਼ ਨਾਲ਼ ਅਤੇ ਉਸ ਤੋਂ ਬਾਹਰ ਇੱਕ ਸੁਤੰਤਰ ਸੈਕਟਰ ਹੈ ?

## ਅ. (ਪੈਦਾਵਾਰ ਅਤੇ ਤਕਸੀਮ)

ਆਰਥਿਕ ਰਚਨਾਵਾਂ ਦੇ ਸਾਧਾਰਨ ਸਿਲਸਿਲੇ ਵਿੱਚੋਂ ਦੀ ਝਾਕਦੇ ਹੋਇਆਂ, ਇਸ ਤੱਥ ਵੱਲ ਫੌਰੀ ਤੌਰ 'ਤੇ ਨਜ਼ਰ ਗਏ ਬਿਨਾਂ ਨਹੀਂ ਰਹਿ ਸਕਦੀ, ਕਿ ਹਰ ਚੀਜ਼ ਦਾ ਜ਼ਿਕਰ ਦੋ ਵਾਰੀ ਆਉਂਦਾ ਹੈ, ਭਾਵ ਕਿਰਾਇਆ, ਤਨਖਾਹਾਂ, ਵਿਆਜ ਅਤੇ ਮੁਨਾਫਾ ਤਕਸੀਮ ਦੇ ਸਿਰਲੇਖ ਹੇਠਾਂ ਆਉਂਦੇ ਹਨ, ਜਦੋਂ ਕਿ ਪੈਦਾਵਾਰ ਦੇ ਸਿਰਲੇਖ ਹੇਠਾਂ ਜ਼ਮੀਨ, ਕਿਰਤ ਅਤੇ ਸਰਮਾਇਆ, ਪੈਦਾਵਾਰ ਦੇ ਤੱਥਾਂ ਦੇ ਰੂਪ ਵਿੱਚ ਦਿਖਾਈ ਦੇਂਦੇ ਹਨ। ਸਰਮਾਇਆ ਵੀ, ਅਰੰਭ ਤੋਂ ਹੀ ਪ੍ਰਤੱਖ ਹੈ, ਦੋ ਵਾਰੀ ਗਿਣਿਆ ਜਾਂਦਾ ਹੈ, ਪਹਿਲੀ ਵਾਰੀ, ਪੈਦਾਵਾਰ ਦੇ ਇੱਕ ਤੱਥ ਦੇ ਰੂਪ ਵਿੱਚ ਅਤੇ ਦੂਜੀ ਵਾਰੀ, ਆਮਦਨ ਦੇ ਇੱਕ ਵਸੀਲੇ ਦੇ ਰੂਪ ਵਿੱਚ, ਜਿਵੇਂ ਕਿ ਮਿਸਾਲ ਵਜੋਂ, ਤਕਸੀਮ ਦੇ ਇੱਕ ਨਿਸ਼ਚਈ ਅਤੇ ਨਿਸ਼ਚਾ–ਕਰੂ ਰੂਪ ਦੇ ਤੌਰ 'ਤੇ। ਵਿਆਜ ਅਤੇ ਮੁਨਾਫਾ ਇਸ ਲਈ, ਪੈਦਾਵਾਰ ਵਿੱਚ ਵੀ ਦਿਖਾਈ ਦੇਂਦੇ ਹਨ, ਕਿਉਂਕਿ ਉਹ, ਉਹ ਰੂਪ ਹਨ, ਜਿਹਨਾਂ ਵਿੱਚ ਸਰਮਾਇਆ ਵੱਧਦਾ ਅਤੇ ਪੱਸਰਦਾ ਹੈ ਅਤੇ ਇਹ ਇਸ ਤਰ੍ਹਾਂ ਇਸ ਦੀ ਪੈਦਾਵਾਰ ਦੇ ਦੌਰ ਹੁੰਦੇ ਹਨ। ਤਕਸੀਮ ਦੇ ਰੂਪਾਂ ਦੇ ਤੌਰ 'ਤੇ, ਵਿਆਜ ਅਤੇ ਮੁਨਾਫਾ, ਸਰਮਾਏ ਨੂੰ ਪਹਿਲਾਂ ਤੋਂ ਹੀ ਪੈਦਾਵਾਰ ਦਾ ਇੱਕ ਤੱਥ ਮੰਨ ਲੈਂਦੇ ਹਨ। ਉਹ ਤਕਸੀਮ ਦੇ ਰੂਪ ਹਨ,

ਜਿਸ ਦੀ ਕਿ ਪਹਿਲੀ ਸ਼ਰਤ ਸਰਮਾਏ ਦਾ ਪੈਦਾਵਾਰ ਦੇ ਇੱਕ ਤੱਥ ਦੇ ਰੂਪ ਵਿੱਚ ਮੌਜੂਦ ਹੋਣਾ ਹੈ। ਉਹ ਇਸੇ ਤਰ੍ਹਾਂ, ਸਰਮਾਏ ਦੀ ਮੁੜ–ਉਪਜ ਦੇ ਢੰਗ ਹਨ।

ਉਜਰਤਾਂ, ਉਜਰਤੀ ਕਿਰਤ ਦੀ ਵੀ ਨੁਮਾਇੰਦਗੀ ਕਰਦੀਆਂ ਹਨ, ਜਿਸ ਦੀ ਕਿ ਇੱਕ ਵੱਖਰੇ ਭਾਗ ਵਿੱਚ ਜਾਂਚ ਕੀਤੀ ਜਾਂਦੀ ਹੈ; ਉਹ ਖਾਸ ਕਾਰਜ, ਜਿਸ ਨੂੰ ਕਿ ਕਿਰਤ, ਇੱਕ ਸੂਰਤ ਵਿੱਚ, ਪੈਦਾਵਾਰ ਦੇ ਇੱਕ ਤੱਥ ਰੂਪ ਵਿੱਚ ਅਦਾ ਕਰਦੀ ਹੈ, ਦੂਜੀ ਸੂਰਤ ਵਿੱਚ ਉਹੋ, ਤਕਸੀਮ ਦਾ ਇੱਕ ਕਾਰਜ ਰੂਪ ਦਿਖਾਈ ਦੇਂਦਾ ਹੈ। ਜੇਕਰ ਕਿਰਤ ਨੂੰ ਉਜਰਤੀ ਕਿਰਤ ਦਾ ਵਖਰਿਆਵਾਂ ਰੂਪ ਨਾ ਮਿਲਿਆ ਹੁੰਦਾ, ਤਾਂ ਉਤਪਾਦ ਵਿੱਚ ਇਸ ਦਾ ਹਿੱਸਾ ਉਜਰਤਾਂ ਦੇ ਰੂਪ ਵਿੱਚ ਦਿਖਾਈ ਨਾ ਦੇਂਦਾ, ਜਿਵੇਂ ਕਿ ਮਿਸਾਲ ਵਜੋਂ, ਗੁਲਾਮੀ ਅੰਦਰ। ਅੰਤਮ ਕਿਰਾਇਆ (ਲਗਾਨ) ਜੇਕਰ ਅਸੀਂ ਤਕਸੀਮ ਦਾ ਸਭ ਤੋਂ ਵੱਧ ਵਿਕਸਿਤ ਰੂਪ ਲਈਏ, ਜਿਸ ਦੁਆਰਾ ਜ਼ਮੀਨੀ ਸੰਪੱਤੀ ਨੂੰ ਉਤਪਾਦ ਵਿੱਚੋਂ ਇੱਕ ਹਿੱਸਾ ਮਿਲਦਾ ਹੈ – ਪਹਿਲਾਂ ਤੋਂ ਹੀ ਵੱਡੇ ਪੈਮਾਨੇ ਦੀ ਜ਼ਮੀਨ ਸੰਪੱਤੀ ਨੂੰ (ਬਿਲਕੁੱਲ ਹੀ ਖਾਸ ਲਈਏ ਤਾਂ ਵੱਡੇ ਪੈਮਾਨੇ ਦੀ ਖੇਤੀਬਾੜੀ ਨੂੰ) ਪੈਦਾਵਾਰ ਦਾ ਇੱਕ ਤੱਥ ਮੰਨ ਕੇ ਚੱਲਦਾ ਹੈ, ਨਾ ਕਿ ਆਮ ਜ਼ਮੀਨ ਨੂੰ; ਜਿਵੇਂ ਕਿ ਉਜਰਤਾਂ, ਆਮ ਕਿਰਤ ਨੂੰ ਹੀ ਪਹਿਲਾਂ ਤੋਂ ਮੰਨ ਕੇ ਚੱਲਦੀਆਂ। ਇਸ ਤਰ੍ਹਾਂ ਤਕਸੀਮ ਦੇ ਸਬੰਧ ਅਤੇ ਢੰਗ, ਪੈਦਾਵਾਰ ਦੇ ਤੱਥਾਂ ਦਾ, ਕੇਵਲ–ਮਾਤਰ ਪੁੱਠਾ ਪੱਖ ਹੀ ਹੁੰਦੇ ਹਨ। ਕੋਈ ਵਿਅਕਤੀ, ਜਿਸ ਦੀ ਪੈਦਾਵਾਰ ਅੰਦਰ ਸ਼ਰਕਤ ਉਜਰਤੀ ਕਿਰਤ ਦਾ ਰੂਪ ਲੈਂਦੀ, ਉਸ ਨੂੰ ਉਤਪਾਦ ਵਿੱਚੋਂ, ਪੈਦਾਵਾਰ ਦੇ ਸਿੱਟੇ ਵਜੋਂ, ਉਜਰਤ ਦੇ ਰੂਪ ਵਿੱਚ ਇੱਕ ਹਿੱਸਾ ਮਿਲੇਗਾ। ਤਕਸੀਮ ਦੇ ਢਾਂਚੇ ਦਾ ਨਿਸ਼ਚਾ, ਪੂਰੇ ਤੌਰ ’ਤੇ ਪੈਦਾਵਾਰ ਦੇ ਢਾਂਚੇ ਤੋਂ ਹੁੰਦਾ ਹੈ। ਤਕਸੀਮ, ਆਪ ਖੁਦ ਪੈਦਾਵਾਰ ਦੀ ਇੱਕ ਉਤਪਾਦ ਹੁੰਦੀ ਹੈ, ਕੇਵਲ ਸਾਰਤੱਤ ਦੇ ਪੱਖੋਂ ਹੀ ਨਹੀਂ, ਕਿਉਂਕਿ ਪੈਦਾਵਾਰ ਦੇ ਸਿੱਟਿਆਂ ਦੀ ਹੀ ਤਕਸੀਮ ਕੀਤੀ ਜਾ ਸਕਦੀ ਹੈ, ਬਲਕਿ ਰੂਪ ਦੇ ਪੱਖੋਂ ਵੀ, ਕਿਉਂਕਿ ਪੈਦਾਵਾਰ ਵਿੱਚ ਮਨੁੱਖਾਂ ਦੀ ਸ਼ਰਕਤ ਦਾ ਢੰਗ ਹੀ, ਤਕਸੀਮ ਦੇ ਖਾਸ ਰੂਪ ਦਾ ਨਿਸ਼ਚਾ ਕਰਦਾ ਹੈ, ਉਸ ਹਿੱਸੇ ਦਾ ਜਿਸ ਵਿੱਚ ਉਹ ਤਕਸੀਮ ਅੰਦਰ ਹਿੱਸਾ ਪਾਉਂਦੇ ਹਨ। ਜ਼ਮੀਨ ਬਾਰੇ, ਪੈਦਾਵਾਰ ਦੇ ਭਾਗ ਵਿੱਚ ਗੱਲ ਕਰਨਾ ਅਤੇ ਕਿਰਾਏ ਬਾਰੇ ਤਕਸੀਮ ਆਦਿ ਦੇ ਭਾਗ ਵਿੱਚ ਕਰਨਾ, ਇੱਕ ਨਿਰੀ–ਪੁਰੀ ਬਕਵਾਸ ਹੈ।

ਰਿਕਾਰਡੋ ਵਰਗੇ ਅਰਥ–ਸ਼ਾਸਤਰੀਆਂ, ਜਿਹਨਾਂ ਉੱਪਰ ਆਮ ਕਰਕੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਹ ਪੈਦਾਵਾਰ ਉਪਰ ਹੀ ਖਾਸ ਧਿਆਨ ਦੇਂਦੇ ਹਨ, ਨੇ ਇਸੇ ਅਨੁਸਾਰ, ਤਕਸੀਮ ਨੂੰ ਹੀ ਸਿਆਸੀ ਆਰਥਕਤਾ ਦਾ ਇੱਕੋ ਇੱਕ ਵਿਸ਼ਾ ਮੰਨਣਾ ਆਰੰਭ ਕਰ ਦਿੱਤਾ ਹੈ, ਕਿਉਂਕਿ ਉਹ ਆਪਣੇ ਮਨੋਂ ਹੀ, ਤਕਸੀਮ ਦੇ ਰੂਪਾਂ ਨੂੰ ਸਭ ਤੋਂ ਵੱਧ ਸਪੱਸ਼ਟ ਪ੍ਰਗਟਾਅ ਸਮਝਣ ਲੱਗ ਪਏ ਹਨ, ਜਿਸ ਵਿੱਚ ਕਿ ਪੈਦਾਵਾਰ ਦੇ ਤੱਥ, ਕਿਸੇ ਖਾਸ ਸਮਾਜ ਅੰਦਰ, ਆਪਣੇ–ਆਪ ਨੂੰ ਜ਼ਾਹਰ ਕਰਦੇ ਹਨ।

ਕਿਸੇ ਵੀ ਇਕੱਲੇ ਵਿਅਕਤੀ ਲਈ, ਤਕਸੀਮ, ਕੁਦਰਤੀ ਤੌਰ ’ਤੇ ਇੱਕ ਸਮਾਜਿਕ ਕਾਨੂੰਨ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ, ਜਿਹੜਾ ਕਿ ਪੈਦਾਵਾਰ ਦੇ ਢਾਂਚੇ ਅੰਦਰ, ਜਿੱਥੇ ਕਿ ਉਹ ਪੈਦਾ ਕਰਦਾ ਹੈ, ਇਸ ਦੀ ਪੋਜ਼ੀਸ਼ਨ ਦਾ ਨਿਸ਼ਚਾ ਕਰਦਾ ਹੈ; ਇਸ ਤਰ੍ਹਾਂ ਤਕਸੀਮ

ਪੈਦਾਵਾਰ ਤੋਂ ਪਹਿਲਾਂ ਹੋਈ ਹੁੰਦੀ ਹੈ। ਅਜਿਹਾ ਵਿਅਕਤੀ ਜਿਸ ਕੋਲ਼ ਨਾ ਤਾਂ ਸਰਮਾਇਆ ਹੁੰਦਾ ਹੈ, ਨਾ ਹੀ ਆਪਣੀ ਨਿੱਜ ਦੀ ਜ਼ਮੀਨੀ ਸੰਪੱਤੀ ਹੁੰਦੀ ਹੈ, ਉਸ ਨੂੰ ਸਮਾਜਿਕ ਤਕਸੀਮ ਦੇ ਫਲਸਰੂਪ ਆਪਣੇ ਜਨਮ ਤੋਂ ਹੀ ਉਜਰਤੀ-ਕਿਰਤ ਉੱਪਰ ਨਿਰਭਰ ਰਹਿਣਾ ਪੈਂਦਾ ਹੈ। ਪਰ ਇਹ ਨਿਰਭਰਤਾ, ਖ਼ੁਦ ਆਪ, ਸਰਮਾਏ ਅਤੇ ਜ਼ਮੀਨੀ ਸੰਪੱਤੀ ਦੇ, ਪੈਦਾਵਾਰ ਦੇ ਸੁਤੰਤਰ ਤੱਥਾਂ ਦੇ ਰੂਪ ਵਿੱਚ, ਮੌਜੂਦ ਹੋਣ ਕਾਰਨ ਹੁੰਦੀ ਹੈ।

ਜਦੋਂ ਸਾਰੀਆਂ ਸਮਾਜਾਂ ਬਾਰੇ ਵਿਚਾਰਿਆਂ ਜਾਂਦਾ ਹੈ, ਤਾਂ ਤਕਸੀਮ ਦਾ ਇੱਕ ਹੋਰ ਪੱਖ ਵੀ ਪੈਦਾਵਾਰ ਦੇ ਪੂਰਵ-ਗਾਮੀ ਅਤੇ ਇਸ ਨੂੰ ਨਿਸ਼ਚੇ ਕਰਨ ਵਾਲ਼ੇ ਦੇ ਰੂਪ ਵਿੱਚ ਮੌਜੂਦ ਨਜ਼ਰੀਂ ਪੈਂਦਾ ਹੈ, ਜਿਵੇਂ ਕਿ ਇਹ ਕੋਈ ਪੂਰਬ-ਆਰਥਕ ਤੱਥ ਹੁੰਦਾ ਹੈ। ਕੋਈ ਜੇਤੂ ਕੌਮ, ਜੇਤੂਆਂ ਵਿਚਕਾਰ ਧਰਤੀ ਨੂੰ ਤਕਸੀਮ ਕਰ ਸਕਦੀ ਹੈ ਅਤੇ ਇਸ ਢੰਗ ਨਾਲ਼ ਤਕਸੀਮ ਦਾ ਕੋਈ ਵਖਰਿਆਵਾਂ ਢੰਗ ਅਤੇ ਜ਼ਮੀਨੀ ਸੰਪੱਤੀ ਦਾ ਰੂਪ ਜਬਰੀ ਥੱਪ ਦੇਂਦੀ ਹੈ ਅਤੇ ਇਸੇ ਤਰ੍ਹਾਂ ਪੈਦਾਵਾਰ ਨਿਸ਼ਚੇ ਕਰਨ ਦਾ ਵੀ। ਜਾਂ ਕਿ ਇਹ ਜਿੱਤੀ ਵਸੋਂ ਨੂੰ ਗੁਲਾਮਾਂ ਵਿੱਚ ਬਦਲ ਸਕਦੀ ਹੈ ਅਤੇ ਇਸ ਤਰ੍ਹਾਂ ਗੁਲਾਮ-ਕਿਰਤ ਨੂੰ ਪੈਦਾਵਾਰ ਦਾ ਅਧਾਰ ਬਣਾ ਲੈਂਦੀ ਹੈ। ਜਾਂ ਕਿ, ਕਿਸੇ ਇਨਕਲਾਬ ਦੇ ਦੌਰਾਨ, ਕੋਈ ਕੌਮ, ਵੱਡੀਆਂ ਵੱਡੀਆਂ ਜਗੀਰਾਂ ਨੂੰ ਛੋਟੇ-ਛੋਟੇ ਖੇਤਾਂ ਵਿੱਚ ਵੰਡ ਸਕਦੀ ਹੈ ਅਤੇ ਇਸ ਤਰ੍ਹਾਂ ਨਵੀਂ ਤਕਸੀਮ ਦੇ ਸਿੱਟੇ ਵਜੋਂ, ਪੈਦਾਵਾਰ ਦੇ ਖਾਸੇ ਨੂੰ ਹੀ ਬਦਲ ਦੇਂਦੀ ਹੈ। ਜਾਂ ਫੇਰ, ਕੋਈ ਕਾਨੂੰਨ, ਜ਼ਮੀਨ ਦੀ ਮਾਲਕੀ ਕੁਝ ਹੀ ਪਰਿਵਾਰਾਂ ਦੀ ਬਣਾਈ ਰੱਖਦਾ ਹੈ, ਜਾਂ ਕਿਰਤ ਦੀ ਕਿਸੇ ਜੱਦੀ ਕਿੱਤੇ ਦੇ ਰੂਪ ਵਿੱਚ ਸੌਂਪਣਾ ਕਰ ਦੇਂਦਾ ਹੈ ਅਤੇ ਇਸ ਤਰ੍ਹਾਂ ਇਸ ਨੂੰ ਜਾਤ-ਪਾਤ ਪ੍ਰਣਾਲੀ ਵਿੱਚ ਪੱਕਿਆਂ ਕਰ ਦੇਂਦਾ ਹੈ। ਇਹਨਾਂ ਸਾਰੀਆਂ ਸੂਰਤਾਂ ਵਿੱਚ ਅਤੇ ਇਹ ਸਾਰੀਆਂ ਇਤਿਹਾਸ ਅੰਦਰ ਵਾਪਰ ਚੁੱਕੀਆਂ ਹਨ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਤਕਸੀਮ ਨੂੰ ਪੈਦਾਵਾਰ, ਨਾ ਚਲਾਉਂਦੀ ਹੈ, ਨਾ ਹੀ ਉਸ ਦਾ ਨਿਸ਼ਚਾ ਕਰਦੀ ਹੈ, ਬਲਕਿ, ਉਸ ਤੋਂ ਉਲਟ, ਪੈਦਾਵਾਰ ਲਈ ਇਹ ਕੰਮ ਤਕਸੀਮ ਕਰਦੀ ਹੈ।

ਸਭ ਤੋਂ ਵੱਧ, ਉਪਰਲੀ ਵਿਆਖਿਆ ਦੇ ਅਨੁਸਾਰ ਵੀ ਤਕਸੀਮ, ਉਤਪਾਦਾਂ ਦੀ ਤਕਸੀਮ ਹੁੰਦੀ ਹੈ, ਇਹ ਇਸ ਤਰ੍ਹਾਂ ਪੈਦਾਵਾਰ ਤੋਂ ਹੋਰ ਵੀ ਪਰ੍ਹੇ ਚਲੀ ਜਾਂਦੀ ਹੈ ਅਤੇ ਇਸ ਤੋਂ ਅੱਧ-ਸੁਤੰਤਰ ਜਿਹੀ ਹੋ ਜਾਂਦੀ ਹੈ। ਪਰ ਤਕਸੀਮ, ਜਦੋਂ ਕਿ ਉਹ ਉਤਪਾਦਾਂ ਦੀ ਤਕਸੀਮ ਬਣਦੀ ਹੈ, ਉਸ ਤੋਂ ਪਹਿਲਾਂ ਇਹ; (1) ਉਪਜ-ਵਸੀਲਿਆਂ ਦੀ ਤਕਸੀਮ ਹੁੰਦੀ ਹੈ, ਅਤੇ (2) (ਜੋ ਕਿ ਉਸੇ ਸਥਿਤੀ ਦਾ ਦੂਜਾ ਪੱਖ ਹੈ) ਪੈਦਾਵਾਰ ਦੇ ਵੱਖ ਵੱਖ ਪ੍ਰਕਾਰਾਂ ਵਿਚਕਾਰ ਸਮਾਜ ਦੇ ਮੈਂਬਰਾਂ ਦੀ ਤਕਸੀਮ (ਵਿਅਕਤੀਆਂ ਦਾ ਕਿਸੇ ਖਾਸ ਉਪਜ-ਸਬੰਧਾਂ ਦੇ ਅਧੀਨ ਕਿਸੇ ਵਰਗ ਵਿਸ਼ੇਸ਼ ਵਿੱਚ ਸ਼ਾਮਲ ਹੋ ਜਾਣਾ)। ਇਸ ਤੋਂ ਪ੍ਰਤੱਖ ਹੈ, ਕਿ ਉਤਪਾਦਾਂ ਦੀ ਤਕਸੀਮ ਤਾਂ, ਕੇਵਲ, ਇਸ ਤਕਸੀਮ ਦਾ ਇੱਕ ਸਿੱਟਾ ਹੀ ਹੁੰਦੀ ਹੈ, ਜਿਹੜੀ ਤਕਸੀਮ ਕਿ ਪੈਦਾਵਾਰੀ ਅਮਲ ਵਿੱਚ ਬਣਦੀ ਹੈ ਅਤੇ ਪੈਦਾਵਾਰ ਦੇ ਢਾਂਚੇ ਦਾ ਨਿਸ਼ਚਾ ਕਰਦੀ ਹੈ। ਇਸ ਤਕਸੀਮ ਤੋਂ ਜਿਹੜੀ ਕਿ ਇਸ ਦਾ ਹੀ ਇੱਕ ਜੁੜਵਾਂ ਭਾਗ ਹੁੰਦੀ ਹੈ, ਅਲੱਗ ਕਰਕੇ ਪੈਦਾਵਾਰ ਦੀ ਜਾਂਚ ਕਰਨਾ, ਸਪੱਸ਼ਟ ਹੀ ਇੱਕ ਖਾਮ-ਖਿਆਲੀ ਹੈ; ਜਦੋਂ ਕਿ, ਇਸ ਤੋਂ ਉਲਟ,

ਉਤਪਾਦਾਂ ਦੀ ਤਕਸੀਮ ਦਾ ਨਿਸ਼ਚਾ, ਆਪਣੇ ਆਪ, ਉਸ ਤਕਸੀਮ ਤੋਂ ਹੀ ਜਾਂਦਾ ਹੈ, ਜਿਹੜੀ ਕਿ ਆਰੰਭ ਵਿੱਚ ਪੈਦਾਵਾਰ ਦਾ ਹੀ ਇੱਕ ਤੱਥ ਸੀ। ਰਿਕਾਰਡੋ, ਜਿਸ ਨੂੰ ਕਿ ਪੈਦਾਵਾਰ ਦਾ **ਬੇਨਜ਼ੀਰ** ਅਰਥ–ਸ਼ਾਸਤਰੀ ਮੰਨਿਆ ਜਾਂਦਾ ਹੈ, ਜਿਸ ਦਾ ਮੁੱਖ ਮੰਤਵ, ਆਧੁਨਿਕ ਪੈਦਾਵਾਰ ਦੇ ਵਖਰਿਆਵੇਂ ਢਾਂਚੇ ਦੀ ਜਾਣਕਾਰੀ ਪ੍ਰਾਪਤ ਕਰਨਾ ਸੀ, ਇਸ ਖਾਸ ਵਜ੍ਹਾ ਕਰਕੇ ਹੀ ਐਲਾਨ ਕਰਦਾ ਹੈ, ਕਿ ਤਕਸੀਮ, ਨਾ ਕਿ ਪੈਦਾਵਾਰ, ਸਮਕਾਲੀ ਸਿਆਸੀ ਆਰਥਕਤਾ ਦਾ ਪ੍ਰਮੁੱਖ ਵਿਸ਼ਾ ਹੈ। ਇਹ ਉਹਨਾਂ ਅਰਥ–ਸ਼ਾਸਤਰੀਆਂ ਦੇ ਪੁਰਾਣਪਣੇ ਦਾ ਜੀਂਦਾ–ਜਾਗਦਾ ਸਬੂਤ ਹੈ ਜਿਹੜੇ ਕਿ ਪੈਦਾਵਾਰ ਨੂੰ ਇੱਕ ਸਦੀਵੀ ਸੱਚਾਈ ਮੰਨਦੇ ਹਨ ਅਤੇ ਇਤਿਹਾਸ ਨੂੰ ਤਕਸੀਮ ਦੇ ਦਾਇਰੇ ਵਿੱਚ ਹੀ ਸੀਮਿਤ ਕਰ ਦੇਂਦੇ ਹਨ।

ਇਹ ਪ੍ਰਸ਼ਨ, ਕਿ ਤਕਸੀਮ ਦੇ ਉਸ ਰੂਪ, ਜਿਹੜਾ ਕਿ ਪੈਦਾਵਾਰ ਦਾ ਨਿਸ਼ਚਾ ਕਰਦਾ ਹੈ, ਅਤੇ ਖੁਦ ਪੈਦਾਵਰ ਵਿਚਕਾਰ ਕੀ ਸਬੰਧ ਹੈ, ਲਾਜ਼ਮੀ ਤੌਰ ’ਤੇ ਪੈਦਾਵਾਰ ਦੇ ਖੇਤਰ ਦੀ ਵਸਤੂ ਹੈ। ਜੇਕਰ ਇਹ ਕਿਹਾ ਜਾਵੇ ਕਿ ਇਸ ਸੂਰਤ ਵਿੱਚ ਘਟੋ ਘੱਟ, ਕਿਉਂਕਿ ਪੈਦਾਵਾਰ ਨੂੰ ਉਪਜ–ਸਾਧਨ ਦੀ ਕਿਸੇ ਖਾਸ ਤਕਸੀਮ ਤੋਂ ਤੁਰਨਾ ਜ਼ਰੂਰੀ ਹੁੰਦਾ ਹੈ, ਇਸ ਲਈ, ਤਕਸੀਮ ਇਸ ਹੱਦ ਤੀਕ, ਪੈਦਾਵਾਰ ਦੀ ਪੂਰਵਗਾਮੀ ਅਤੇ ਉਸ ਦੀ ਇੱਕ ਪੂਰਵ–ਸ਼ਰਤ ਹੁੰਦੀ ਹੈ, ਤਾਂ ਜਵਾਬ ਇਸ ਪ੍ਰਕਾਰ ਹੋਵੇਗਾ: ਪੈਦਾਵਾਰ ਦੀਆਂ, ਨਿਰਸੰਦੇਹ ਸ਼ਰਤਾਂ ਅਤੇ ਪੂਰਵ ਲੋੜਾਂ ਹੁੰਦੀਆਂ ਹਨ ਜਿਹੜੀਆਂ ਕਿ ਇਸੇ ਦੇ ਸਬੰਧਤ ਅਸਰ ਹੁੰਦੀਆਂ ਹਨ। ਆਰੰਭ ਵਿੱਚ, ਇਹ ਕੁਦਰਤੀ ਤੌਰ ’ਤੇ ਵਿਕਸਿਤ ਹੋਈਆਂ ਲੱਗ ਸਕਦੀਆਂ ਹਨ। ਪਰ ਪੈਦਾਵਾਰ ਦੇ ਦੌਰਾਨ, ਇਹ ਕੁਦਰਤੀ ਤੌਰ ’ਤੇ ਵਿਕਸਿਤ ਹੋਏ ਤੱਥਾਂ ਤੋਂ ਇਤਿਹਾਸਕ ਤੌਰ ’ਤੇ ਵਿਕਸਿਤ ਹੋਇਆਂ ਵਿੱਚ ਬਦਲ ਜਾਂਦੀਆਂ ਹਨ ਅਤੇ ਭਾਵੇਂ ਉਹ ਕਿਸੇ ਇਕ ਦੌਰ ਲਈ, ਕੁਦਰਤੀ ਪੂਰਵ–ਸ਼ਰਤਾਂ ਦੇ ਰੂਪ ਵਿੱਚ ਦਿਖਾਈ ਦੇ ਸਕਦੀਆਂ ਹਨ, ਪਰ ਉਹ ਹੁੰਦੀਆਂ ਕਿਸੇ ਦੂਜੇ ਦੌਰ ਦਾ ਇਤਿਹਾਸਕ ਸਿੱਟਾ ਹਨ। ਉਹ ਖੁਦ ਪੈਦਾਵਾਰ ਦੇ ਅਮਲ ਰਾਹੀਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਮਿਸਾਲ ਵਜੋਂ, ਮਸ਼ੀਨਰੀ ਦੀ ਵਰਤੋਂ ਦਾ ਸਿੱਟਾ, ਉਪਜ–ਵਸੀਲਿਆਂ ਅਤੇ ਉਤਪਾਦ, ਦੋਹਾਂ ਦੀ ਤਕਸੀਮ ਅੰਦਰ ਤਬਦੀਲੀਆਂ ਲਿਆਉਣ ਦੇ ਰੂਪ ਵਿੱਚ ਨਿਕਲਿਆ। ਆਧੁਨਿਕ ਪੈਮਾਨੇ ਦੀ ਜ਼ਮੀਨੀ ਸੰਪੱਤੀ ਦਾ ਹੋਂਦ ਵਿੱਚ ਆਉਣਾ, ਨਾ ਕੇਵਲ ਅਜੋਕੇ ਵਪਾਰ ਅਤੇ ਆਧੁਨਿਕ ਸਨਅਤ ਦੇ ਕਾਰਨ ਹੀ ਸੰਭਵ ਹੋਇਆ, ਬਲਕਿ ਇਸ ਦੇ ਲਿਆਉਣ ਵਿੱਚ ਆਧੁਨਿਕ ਸਨਅਤ ਦੀ ਖੇਤੀ ਵਿੱਚ ਵਰਤੋਂ ਤੋਂ ਵੀ ਬੜੀ ਸਹਾਇਤਾ ਮਿਲੀ।

ਉੱਪਰ ਜ਼ਿਕਰ ਕੀਤੇ ਪ੍ਰਸ਼ਨਾਂ ਦਾ ਹੱਲ ਅਖੀਰ ਨੂੰ ਇਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ: ਆਮ ਇਤਿਹਾਸਕ ਹਾਲਤਾਂ ਪੈਦਾਵਾਰ ਦੇ ਅਮਲ ਵਿੱਚ ਕੀ ਰੋਲ ਅਦਾ ਕਰਦੀਆਂ ਹਨ ਅਤੇ ਪੈਦਾਵਾਰ ਸਾਰੇ ਦੇ ਸਾਰੇ ਇਤਿਹਾਸਕ ਵਿਕਾਸ ਨਾਲ਼ ਕਿਸ ਤਰ੍ਹਾਂ ਸਬੰਧਤ ਹੈ? ਇਹ ਪ੍ਰਸ਼ਨ, ਸਪੱਸ਼ਟ ਤੌਰ ’ਤੇ ਪੈਦਾਵਾਰ ਦੇ ਵਿਸ਼ਲੇਸ਼ਣ ਅਤੇ ਉਸ ਬਾਰੇ ਬਹਿਸ ਨਾਲ਼ ਜੁੜਿਆ ਹੋਇਆ ਹੈ।

ਪਰ, ਹਲਕੇ ਰੂਪ ਵਿੱਚ, ਜਿਵੇਂ ਕਿ ਇਹ ਪ੍ਰਸ਼ਨ, ਉੱਪਰ ਉਠਾਏ ਗਏ ਹਨ, ਉਹਨਾਂ ਨਾਲ਼ ਸੌਖਿਆਂ ਹੀ ਨਜਿੱਠਿਆ ਜਾ ਸਕਦਾ ਹੈ। ਦੇਸ਼ਾਂ ਦੀ ਜਿੱਤਾਂ ਤੋਂ ਇਹਨਾਂ ਤਿੰਨਾਂ ਵਿੱਚੋਂ

ਕੋਈ ਵੀ ਸਿੱਟਾ ਪ੍ਰਾਪਤ ਹੋ ਸਕਦਾ ਹੈ। ਜੇਤੂ ਕੌਮ, ਹਾਰੀ ਕੌਮ ਦੇ ਲੋਕਾਂ ਉੱਪਰ ਆਪਣਾ ਨਿੱਜ ਦਾ ਉਪਜ-ਢੰਗ ਥੱਪ ਦੇਂਦੀ ਹੈ (ਇਸ ਤਰ੍ਹਾਂ, ਇਸੇ ਸਦੀ ਦੇ ਦੌਰਾਨ ਮਿਸਾਲ ਵਜੋਂ, ਅੰਗਰੇਜ਼ਾਂ ਦੁਆਰਾ ਆਇਰਲੈਂਡ ਅੰਦਰ ਅਤੇ ਕਿਸੇ ਹੱਦ ਤੀਕ ਭਾਰਤ ਵਿੱਚ ਕੀਤਾ ਗਿਆ); ਜਾਂ ਕਿ ਇਹ ਪੁਰਾਣੇ ਚੱਲੇ ਆ ਰਹੇ ਉਪਜ-ਢੰਗ ਵਿੱਚ ਦਖਲ ਦੇਣੋਂ ਬਾਜ਼ ਰਹਿੰਦੀ ਹੈ ਅਤੇ ਕੇਵਲ ਖਿਰਾਜ ਲੈ ਕੇ ਹੀ ਸੰਤੋਖ ਕਰ ਸਕਦੀ ਹੈ (ਜਿਵੇਂ ਕਿ, ਮਿਸਾਲ ਲਈ ਤੁਰਕਾਂ ਅਤੇ ਰੋਮਨਾਂ ਨੇ ਕੀਤਾ); ਜਾਂ ਫੇਰ, ਦੋਹਾਂ ਵਿਚਕਾਰ, ਆਪਸੀ-ਕਾਰਜ ਆਰੰਭ ਹੋ ਸਕਦਾ ਹੈ, ਜਿਸ ਤੋਂ ਇਕ-ਦੂਜੇ ਦੇ ਮੇਲ-ਜੋਲ ਕਾਰਨ ਕੋਈ ਨਵੀਂ ਪ੍ਰਣਾਲੀ ਜਨਮ ਲੈਂਦੀ ਹੈ - ਜਿਹੜੀ ਕਿ ਵਰਤੀਂਦੇ ਨਵੇਂ ਤਕਸੀਮ ਢੰਗ ਦਾ ਨਿਸ਼ਚਾ ਕਰ ਦੇਂਦੀ ਹੈ। ਭਾਵੇਂ, ਇਹ ਨਵਾਂ ਢੰਗ, ਪੈਦਾਵਾਰ ਦੇ ਨਵੇਂ ਦੌਰ ਦੀ ਹੀ ਕੋਈ ਪੂਰਬ-ਸ਼ਰਤ ਜਿਹਾ ਨਜ਼ਰੀਂ ਪੈਂਦਾ ਹੈ, ਪਰ ਇਹ ਆਪਣੀ ਥਾਂ ਤੇ ਪੈਦਾਵਾਰ ਦੇ ਇੱਕ ਸਿੱਟਾ ਹੁੰਦਾ ਹੈ, ਉਹ ਸਿੱਟਾ, ਜਿਹੜਾ ਕਿ ਕੇਵਲ ਆਮ ਪੈਦਾਵਾਰ ਦਾ ਇਤਿਹਾਸਕ ਵਿਕਾਸ ਤੋਂ ਹੀ ਨਹੀਂ ਨਿਕਲਿਆ ਹੁੰਦਾ, ਬਲਕਿ ਪੈਦਾਵਾਰ ਦੇ ਕਿਸੇ ਵਿਸ਼ੇਸ਼ ਇਤਿਹਾਸਕ ਰੂਪ ਦਾ ਵੀ ਇਸ ਵਿੱਚ ਹੱਥ ਹੁੰਦਾ ਹੈ।

ਮੰਗੋਲ, ਜਿਹਨਾਂ ਨੇ, ਮਿਸਾਲ ਲਈ, ਰੂਸ ਅੰਦਰ ਤਬਾਹੀ ਮਚਾਈ, ਉਹ ਆਪਣੇ ਪਸ਼ੂ-ਪਾਲਣ ਦੇ ਉਪਜ-ਢੰਗ ਦੇ ਅਨੁਸਾਰ ਕੰਮ ਕਰ ਰਹੇ ਸਨ, ਜਿਸ ਢੰਗ ਦੀ ਇੱਕ ਬੁਨਿਆਦੀ ਲੋੜ ਇਹ ਸੀ ਕਿ ਵੱਡੇ ਵੱਡੇ ਬੇ-ਆਬਾਦ ਉਜਾੜ ਕਬਜ਼ਾਏ ਜਾਣ। ਜਰਮਨ ਜਾਂਗਲੀਆਂ ਨੇ, ਜਿਹਨਾਂ ਦਾ, ਪੈਦਾਵਾਰ ਦਾ ਰਵਾਇਤੀ ਢੰਗ ਅਰਧ-ਗੁਲਾਮਾਂ ਦੀ ਸਹਾਇਤਾ ਨਾਲ਼ ਖੇਤੀਬਾੜੀ ਸੀ ਅਤੇ ਜਿਹੜੇ ਕਿ ਦੇਹਾਤੀ ਇਲਾਕਿਆਂ ਵਿੱਚ ਫੈਲੇ ਹੋਏ ਸੀ, ਉਹ ਬੜੇ ਸੁਖਾਲਿਆ ਹੀ ਆਪਣੀਆਂ ਲੋੜਾਂ ਲਈ, ਰੋਮਨ ਸੂਬਿਆਂ ਨੂੰ ਅਪਣਾ ਸਕਦੇ ਸਨ, ਕਿਉਂਕਿ ਉੱਥੇ ਚਾਲੂ, ਇੱਕ ਥਾਂ ਇਕੱਠੀ ਹੋਈ ਜ਼ਮੀਨੀ ਸੰਪੱਤੀ, ਪਹਿਲਾਂ ਹੀ ਪੁਰਾਣੇ ਖੇਤੀਬਾੜੀ ਸਬੰਧਾਂ ਦਾ ਫਸਤਾ ਮੁਕਾ ਚੁੱਕੀ ਸੀ।

ਇੱਕ ਬੜੇ ਦਿਨਾਂ ਤੋਂ ਇਹ ਵਿਚਾਰ ਚੱਲਿਆ ਆ ਰਿਹਾ ਹੈ, ਕਿ ਕਿੰਨੇ ਹੀ ਯੁੱਗਾਂ ਤੱਕ ਲੋਕੀਂ ਕੇਵਲ ਲੁੱਟ-ਮਾਰ ਦੇ ਸਹਾਰੇ ਹੀ ਜੀਂਦੇ ਰਹੇ ਸਨ। ਪਰ ਲੁੱਟ-ਮਾਰ ਲਈ ਕੁੱਝ ਲੁੱਟਣ ਨੂੰ ਵੀ ਹੋਣਾ ਚਾਹੀਦਾ ਹੈ ਅਤੇ ਇਸ ਲਈ ਪੈਦਾਵਾਰ ਹੋਂਦ ਵਿੱਚ ਆਉਂਦੀ ਹੈ। ਇਸ ਤੋਂ ਅੱਗੇ, ਲੁੱਟ-ਮਾਰ ਦੇ ਢੰਗਾਂ ਦਾ ਨਿਰਭਰ, ਖੁਦ ਪੈਦਾਵਾਰ ਦੇ ਢੰਗ ’ਤੇ ਹੋਵੇਗਾ, ਮਿਸਾਲ ਲਈ, ਜ਼ਖੀਰੇ-ਜੋੜਨ ਵਾਲੀ ਕੌਮ ਨੂੰ ਗੁਆਲਿਆਂ ਵਾਲੀ ਕਿਸੇ ਕੌਮ ਵਾਂਗ ਤਾਂ ਨਹੀਂ ਲੁੱਟਿਆ ਜਾ ਸਕਦਾ।

ਉਪਜ-ਵਸੀਲਿਆਂ ਨੂੰ ਸਿੱਧਿਆਂ ਗੁਲਾਮਾਂ ਦੇ ਰੂਪ ਵਿੱਚ ਵੀ ਲੁੱਟਿਆ ਜਾ ਸਕਦਾ ਹੈ। ਪਰ ਉਸ ਸ਼ਰਤ ਵਿੱਚ ਇਹ ਜ਼ਰੂਰੀ ਹੈ ਕਿ ਦੇਸ਼ ਵਿਚਲਾ ਉਪਜ-ਢਾਂਚਾ, ਜਿਸ ਲਈ ਗੁਲਾਮ ਲਿਆਂਦੇ ਗਏ ਹਨ, ਉਹ ਗੁਲਾਮ-ਮਜ਼ਦੂਰੀ ਨੂੰ ਝੱਲਦਾ ਹੈ ਜਾਂ (ਜਿਵੇਂ ਕਿ ਦੱਖਣੀ ਅਮਰੀਕਾ ਆਦਿ ਵਿੱਚ ਹੈ) ਫੇਰ ਗੁਲਾਮ-ਮਜ਼ਦੂਰੀ ਦੇ ਲਈ ਮੁਨਾਸਬ ਉਪਜ-ਢੰਗ ਨੂੰ ਵਿਕਸਿਤ ਕਰਨਾ ਹੁੰਦਾ ਹੈ।

ਕਾਨੂੰਨ, ਪੈਦਾਵਾਰ ਦੇ ਕਿਸੇ ਖਾਸ ਵਸੀਲੇ ਨੂੰ ਲੰਮੇ ਸਮੇਂ ਤੀਕ ਜਾਰੀ ਰੱਖ ਸਕਦੇ

ਹਨ ਜਿਵੇਂ ਕਿ ਕੁਝ ਪਰਿਵਾਰਾਂ ਵਿੱਚ ਜ਼ਮੀਨ। ਇਹਨਾਂ ਕਾਨੂੰਨਾਂ ਨੂੰ ਆਰਥਿਕ ਮਹੱਤਤਾ ਤਾਂ ਹੀ ਪ੍ਰਾਪਤ ਹੁੰਦੀ ਹੈ, ਜੇਕਰ ਵੱਡੇ ਪੈਮਾਨੇ ਦੀ ਜ਼ਮੀਨੀ ਸੰਪੱਤੀ ਪੈਦਾਵਾਰ ਦੇ ਸਮਾਜਿਕ ਢੰਗ ਦੇ ਅਨੁਸਾਰ ਚੱਲਦੀ ਹੈ, ਜਿਵੇਂ ਕਿ ਮਿਸਾਲ ਲਈ, ਬਰਤਾਨੀਆ ਅੰਦਰ। ਫ਼ਰਾਂਸ ਅੰਦਰ, ਖੇਤੀਬਾੜੀ ਵੱਡੀਆਂ ਜਗੀਰਾਂ ਦੇ ਹੁੰਦਿਆਂ ਵੀ ਛੋਟੇ ਪੈਮਾਨੇ 'ਤੇ ਚਲਾਈ ਗਈ, ਜਿਸ ਕਰਕੇ ਇਹਨਾਂ ਉੱਪਰ ਇਨਕਲਾਬ ਨੇ ਹੂੰਝਾ ਫੇਰ ਦਿੱਤਾ। ਪਰ ਕੀ ਇਹ ਸੰਭਵ ਹੈ ਕਿ ਕਾਨੂੰਨ ਰਾਹੀਂ ਛੋਟੀਆਂ ਜੋਤਾਂ ਵਾਲ਼ੀ ਜ਼ਮੀਨ ਦੀ ਵੰਡ ਨੂੰ ਬਰਕਰਾਰ ਰੱਖਿਆ ਜਾਵੇ ? ਜ਼ਮੀਨੀ ਸੰਪੱਤੀ ਦੀ, ਬਾਵਜੂਦ ਇਹਨਾਂ ਕਾਨੂੰਨਾਂ ਦੇ, ਮੁੜ ਇੱਕ ਥਾਂ ਇਕੱਠਿਆਂ ਹੋਣ ਦੀ ਬਿਰਤੀ ਬਣੀ ਰਹਿੰਦੀ ਹੈ। ਕਾਨੂੰਨ, ਤਕਸੀਮ ਦੀਆਂ ਮੌਜੂਦਾ ਹਾਲਤਾਂ ਨੂੰ ਬਰਕਰਾਰ ਰੱਖਣ 'ਤੇ ਅਤੇ ਇਸ ਤਰ੍ਹਾਂ ਪੈਦਾਵਾਰ 'ਤੇ, ਕਿੰਨਾ ਕਿੰਨਾ ਅਸਰ ਪਾ ਸਕਦੇ ਹਨ, ਇਹ ਕਿਸੇ ਹੋਰ ਥਾਂ ਜਾਚਣ ਦਾ ਵਿਸ਼ਾ ਹੈ।

## ੲ. ਅੰਤਮ, ਤਬਾਦਲਾ ਅਤੇ ਚਲਨ

ਚਲਨ, ਤਬਾਦਲਾ ਦਾ ਹੀ ਇੱਕ ਖਾਸ ਦੌਰ ਹੈ, ਜਾਂ ਕਿ ਆਪਣੀ ਸੰਪੂਰਨਤਾ ਵਿੱਚ ਵਿਚਾਰੇ ਤਬਾਦਲੇ ਦੇ।

ਕਿਉਂਕਿ **ਤਬਾਦਲਾ** ਤਾਂ ਪੈਦਾਵਾਰ ਅਤੇ ਤਕਸੀਮ ਦੇ ਵਿਚਕਾਰਲਾ ਹੀ ਇੱਕ ਵਿਚੋਲੀਆ ਦੌਰ ਹੈ, ਜਿਸ ਦਾ ਨਿਸ਼ਚਾ ਪੈਦਾਵਾਰ ਅਤੇ ਖਪਤ ਕਰਦੀਆਂ ਹਨ, ਕਿਉਂਕਿ, ਖਪਤ ਵੀ ਆਪ ਪੈਦਾਵਾਰ ਦਾ ਹੀ ਇੱਕ ਪੱਖ ਹੁੰਦੀ ਹੈ, ਇਸ ਲਈ ਪੈਦਾਵਾਰ ਹੀ ਤਬਾਦਲੇ ਨੂੰ ਵੀ ਆਪਣੇ ਇੱਕ ਪੱਖ ਦੇ ਰੂਪ ਵਿੱਚ ਸਮੇਟ ਲੈਂਦੀ ਹੈ।

**ਸਭ ਤੋਂ ਪਹਿਲਾਂ**, ਇਹ ਸਪੱਸ਼ਟ ਹੈ ਕਿ ਸਰਗਰਮੀਆਂ ਅਤੇ ਹੁਨਰਾਂ ਦਾ ਤਬਾਦਲਾ, ਜਿਹੜਾ ਕਿ ਖੁਦ ਪੈਦਾਵਾਰ ਦੇ ਅੰਦਰ ਵਾਪਰਦਾ ਰਹਿੰਦਾ ਹੈ, ਉਹ ਪੈਦਾਵਾਰ ਦਾ ਹੀ ਇੱਕ ਸਿੱਧਾ ਅਤੇ ਜ਼ਰੂਰੀ ਭਾਗ ਹੁੰਦਾ ਹੈ। **ਦੂਜੀ ਗੱਲ**, ਇਹੋ ਗੱਲ ਉਤਪਾਦਾਂ ਦੇ ਤਬਾਦਲੇ 'ਤੇ ਵੀ, ਇੱਕ ਤਰ੍ਹਾਂ ਪੂਰੀ ਲਾਗੂ ਹੁੰਦੀ ਹੈ, ਜਦੋਂ ਕਿ ਇਹ ਤਬਾਦਲਾ, ਫੌਰੀ ਖਪਤ ਲਈ ਲੁੜੀਂਦੀਆਂ ਤਿਆਰ ਉਤਪਾਦਾਂ ਦੇ ਬਣਾਉਣ ਦਾ ਇੱਕ ਸਾਧਨ ਬਣਦਾ ਹੈ। ਇਸ ਪੱਖੋਂ, ਤਬਾਦਲੇ ਦਾ ਕਾਰਜ, ਪੈਦਾਵਾਰ ਦੀ ਕਲਪਨਾ ਵਿੱਚੋਂ ਉਗਮਦਾ ਹੈ। **ਤੀਜੀ ਗੱਲ**, ਜਿਸ ਨੂੰ ਆਪਣੀ ਜਥੇਬੰਦੀ ਅਤੇ ਇੱਕ ਉਤਪਾਦਕੀ ਸਰਗਰਮੀ, ਦੋਹਾਂ ਦੇ ਪੱਖੋਂ, ਵਪਾਰੀ ਅਤੇ ਵਪਾਰੀ ਵਿਚਕਾਰ, ਤਬਾਦਲੇ ਦਾ ਨਾਂ ਦਿੱਤਾ ਜਾਂਦਾ ਹੈ, ਇਸ ਦਾ ਨਿਸ਼ਚਾ, ਸਾਰੇ ਦਾ ਸਾਰਾ, ਪੈਦਾਵਾਰ ਕਰਦੀ ਹੈ। ਤਬਾਦਲਾ, ਆਖਰੀ ਪੜਾਅ 'ਤੇ ਪੁੱਜ ਕੇ ਹੀ, ਪੈਦਾਵਾਰ ਦੇ ਨਾਲ਼ ਨਾਲ਼ ਸੁਤੰਤਰ ਵਜੂਦ ਵਾਲ਼ਾ ਅਤੇ ਇਸ ਤੋਂ ਨਿੱਖੜਿਆ ਪ੍ਰਤੀਤ ਹੁੰਦਾ ਹੈ, ਜਦੋਂ ਕਿ ਉਤਪਾਦ ਨੂੰ ਫੌਰੀ ਖਪਤ ਲਈ ਬਦਲਿਆ ਜਾਂਦਾ ਹੈ। ਪਰ (1) ਕਿਰਤ–ਵੰਡ ਤੋਂ ਬਿਨਾਂ ਕੋਈ ਤਬਾਦਲਾ ਸੰਭਵ ਨਹੀਂ, ਭਾਵੇਂ ਕਿ ਇਹ (ਵੰਡ) ਕੁਦਰਤੀ ਤੌਰ 'ਤੇ ਹੀ ਰਹੀ ਹੋਵੇ, ਜਾਂ ਕਿ ਪਹਿਲਾਂ ਦੇ ਕਿਸੇ ਇਤਿਹਾਸਕ ਅਮਲ ਦਾ ਸਿੱਟਾ ਹੋਵੇ; (2) ਨਿੱਜੀ–ਤਬਾਦਲਾ ਨਿੱਜੀ ਪੈਦਾਵਾਰ ਨੂੰ ਪਹਿਲਾਂ ਤੋਂ ਹੀ ਮੰਨ ਕੇ ਚੱਲਦਾ ਹੈ; (3) ਤਬਾਦਲੇ ਦੀ ਦਿੱਖ, ਇਸ ਦੇ ਆਕਾਰ ਅਤੇ ਖਾਸੇ ਦਾ ਨਿਸ਼ਚਾ ਪੈਦਾਵਾਰ ਦੇ

ਵਿਕਾਸ ਅਤੇ ਢਾਂਚੇ ਤੋਂ ਹੁੰਦਾ ਹੈ, ਅਰਥਾਤ ਸ਼ਹਿਰਾਂ ਅਤੇ ਦਿਹਾਤਾਂ ਵਿਚਕਾਰ ਤਬਾਦਲਾ, ਪਿੰਡਾਂ ਅੰਦਰ ਤਬਾਦਲਾ, ਨਗਰਾਂ ਅੰਦਰ ਤਬਾਦਲਾ ਆਦਿ। ਇਸ ਗੱਲੋਂ, ਤਬਾਦਲੇ ਦੇ ਸਾਰੇ ਪੱਖ, ਜਾਂ ਤਾਂ ਸਿੱਧਿਆਂ ਤੌਰ 'ਤੇ ਪੈਦਾਵਾਰ ਦਾ ਅੰਗ ਹੁੰਦੇ ਹਨ, ਜਾਂ ਫੇਰ, ਪੈਦਾਵਾਰ ਦੁਆਰਾ ਇਹਨਾਂ ਦਾ ਨਿਸ਼ਚਾ ਹੁੰਦਾ ਹੈ।

ਇਸ ਸਭ ਤੋਂ ਜੋ ਸਿੱਟਾ ਨਿਕਲਦਾ ਹੈ, ਉਹ ਇਹ ਹੈ ਕਿ ਪੈਦਾਵਾਰ, ਤਕਸੀਮ, ਤਬਾਦਲਾ ਅਤੇ ਖਪਤ ਸਮਾਨ-ਰੂਪੀ ਨਹੀਂ ਹਨ, ਬਲਕਿ ਉਹ ਤਾਂ ਇੱਕੋ ਕੁੱਲ ਦੀਆਂ, ਇਕਾਈਆਂ ਹਨ, ਇੱਕੋ ਇਕਾਈ ਦੇ ਦੋ ਵੱਖ ਵੱਖ ਪੱਖ ਹਨ। ਪੈਦਾਵਾਰ, ਪੈਦਾਵਾਰ ਦੇ ਇੱਕ ਦੂਜੇ ਤੋਂ ਵਿਰੋਧੀ ਪੱਖਾਂ ਅਤੇ ਦੂਜੇ ਦੌਰਾਂ ਦੀ ਤੁਲਨਾ ਵਿੱਚ ਇੱਕ ਨਿਰਣਈ ਦੌਰ ਹੁੰਦੀ ਹੈ। ਅਮਲ, ਸਦਾ ਹੀ, ਪੈਦਾਵਾਰ ਤੋਂ ਮੁੜ ਅਰੰਭ ਹੁੰਦਾ ਹੈ। ਤਬਾਦਲਾ ਅਤੇ ਖਪਤ, ਕਦੇ ਵੀ ਨਿਰਣਈ ਅਨਸਰ ਨਹੀਂ ਬਣ ਸਕਦੇ, ਇਹ ਸਪੱਸ਼ਟ ਹੈ ਅਤੇ ਇਹੋ ਗੱਲ, ਉਤਪਾਦਾਂ ਦੀ ਤਕਸੀਮ ਦੇ ਅਰਥਾਂ ਵਿੱਚ, ਤਕਸੀਮ ਬਾਰੇ ਵੀ ਸਹੀ ਹੈ। ਪੈਦਾਵਾਰ ਦੇ ਤੱਥਾਂ ਦੀ ਤਕਸੀਮ, ਦੂਜੇ ਪਾਸੇ, ਖੁਦ ਇੱਕ ਪੈਦਾਵਾਰ ਦਾ ਹੀ ਦੌਰ ਹੈ। ਇਸ ਤਰ੍ਹਾਂ ਪੈਦਾਵਾਰ ਦਾ ਵਖਰਿਆਵਾਂ ਢੰਗ ਹੀ, ਖਪਤ, ਤਕਸੀਮ, ਤਬਾਦਲੇ ਅਤੇ **ਇਹਨਾਂ ਵੱਖ ਵੱਖ ਦੌਰਾਂ ਦੇ ਇੱਕ-ਦੂਜੇ ਨਾਲ਼ ਵਿਸ਼ੇਸ਼ ਸਬੰਧਾਂ** ਦੇ ਢੰਗ ਦਾ ਨਿਸ਼ਚਾ ਕਰਦਾ ਹੈ। ਪਰ **ਸੌੜੇ ਅਰਥਾਂ** ਵਿੱਚ, ਪੈਦਾਵਾਰ ਵੀ, ਆਪਣੀ ਥਾਂ 'ਤੇ ਦੂਜੇ ਪੱਖਾਂ ਤੋਂ ਨਿਸ਼ਚਿਤ ਹੁੰਦੀ ਹੈ। ਮਿਸਾਲ ਲਈ, ਜੇਕਰ, ਬਾਜ਼ਾਰ ਜਾਂ ਫੇਰ, ਤਬਾਦਲੇ ਦਾ ਖੇਤਰ ਫੈਲਦਾ ਹੈ, ਤਾਂ ਪੈਦਾਵਾਰ ਦੀ ਮਿਕਦਾਰ ਵੱਧਦੀ ਹੈ ਅਤੇ ਉਸ ਦੀ ਪ੍ਰਵਿਰਤੀ, ਵੱਧ ਤੋਂ ਵੱਧ ਫਰਕਾਂ ਵਾਲ਼ੀ ਹੋਣ ਦੀ ਬਣਦੀ ਜਾਂਦੀ ਹੈ। ਪੈਦਾਵਾਰ, ਤਕਸੀਮ ਵਿੱਚ ਤਬਦੀਲੀਆਂ ਹੋਣ ਦੇ ਸਿੱਟੇ ਵਜੋਂ ਬਦਲਦੀ ਹੈ, ਭਾਵ ਜਦੋਂ ਕਿ ਸਰਮਾਏ ਦਾ ਕੇਂਦਰੀਕਰਨ ਹੁੰਦਾ ਹੈ, ਜਦੋਂ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੀ ਵਸੋਂ ਦੀ ਤਕਸੀਮ ਵੱਖ ਵੱਖ ਹੁੰਦੀ ਹੈ ਅਤੇ ਇਸੇ ਤਰ੍ਹਾਂ ਹੋਰ ਵੀ। ਪੈਦਾਵਾਰ, ਆਖਰੀ ਤੌਰ 'ਤੇ, ਖਪਤ ਦੀਆਂ ਮੰਗਾਂ ਤੋਂ ਨਿਸ਼ਚਿਤ ਹੁੰਦੀ ਹੈ। ਵੱਖ ਵੱਖ ਪੱਖਾਂ ਵਿਚਕਾਰ ਕੋਈ ਅੰਤਰ-ਕਾਰਜ ਜ਼ਰੂਰ ਰਹਿੰਦਾ ਹੈ। ਇਸ ਤਰ੍ਹਾਂ ਦਾ ਅੰਤਰ-ਕਾਰਜ ਕਿਸੇ ਸਰੀਰੀ ਹੋਂਦ ਵਿੱਚ ਹੀ ਹੁੰਦਾ ਹੈ।

## 3. ਸਿਆਸੀ ਆਰਥਿਕਤਾ ਦਾ ਤਰੀਕਾ

ਜਦੋਂ ਕਿਸੇ ਖਾਸ ਦੇਸ਼ ਨੂੰ ਸਿਆਸੀ ਆਰਥਕਤਾ ਦੀ ਦ੍ਰਿਸ਼ਟੀ ਤੋਂ ਪਰਖਿਆ ਜਾਂਦਾ ਹੈ, ਤਾਂ ਪਹਿਲਾਂ ਇਸ ਦੀ ਵਸੋਂ ਲਈ ਜਾਂਦੀ ਹੈ, ਫੇਰ ਜਮਾਤਾਂ ਅੰਦਰ ਇਸ ਵਸੋਂ ਦੀ ਤਕਸੀਮ, ਸ਼ਹਿਰ ਤੇ ਦਿਹਾਤ, ਸਮੁੰਦਰ, ਪੈਦਾਵਾਰ ਦੀਆਂ ਵੱਖ ਵੱਖ ਸ਼ਾਖਾਵਾਂ, ਦਰਾਮਦ ਅਤੇ ਬਰਾਮਦ, ਸਾਲਾਨਾ ਪੈਦਾਵਾਰ ਅਤੇ ਖਪਤ, ਕੀਮਤਾਂ ਆਦਿ ਲਈਆਂ ਜਾਂਦੀਆਂ ਹਨ।

ਇਹ ਠੀਕ ਦਿਖਾਈ ਦੇਵੇਗਾ, ਜੇਕਰ ਅਸਲ ਅਤੇ ਠੋਸ ਅਨਸਰਾਂ ਤੋਂ, ਅਸਲ ਪੂਰਵ-ਹਾਲਤਾਂ ਤੋਂ, ਭਾਵ, ਜੇਕਰ ਆਰਥਿਕਤਾ ਦੇ ਖੇਤਰ ਵਿੱਚ ਵਸੋਂ ਤੋਂ, ਗੱਲ ਆਰੰਭ ਕੀਤੀ ਜਾਵੇ, ਜਿਹੜੀ ਕਿ ਪੈਦਾਵਾਰ ਦੇ ਸਾਰੇ ਸਮਾਜਿਕ ਅਮਲ ਦਾ ਅਧਾਰ ਅਤੇ ਵਿਸ਼ਾ ਬਣਦੀ ਹੈ। ਪਰ ਜਦੋਂ ਜ਼ਿਆਦਾ ਬਾਰੀਕੀ ਨਾਲ਼ ਵਿਚਾਰਿਆ ਜਾਂਦਾ ਹੈ, ਤਾਂ ਪਤਾ ਲੱਗਦਾ ਹੈ

ਕਿ ਇਹ ਗਲਤ ਹੈ। ਕਿਉਂਕਿ ਵਸੋਂ ਤਾਂ ਇੱਕ ਕਲਪਨਾ ਹੀ ਹੈ ਜੇਕਰ, ਮਿਸਾਲ ਲਈ, ਜਮਾਤਾਂ ਨੂੰ ਵਿਚਾਰ-ਗੋਚਰੇ ਨਹੀਂ ਲਿਆ ਜਾਂਦਾ, ਜਿਹਨਾਂ ਤੋਂ ਕਿ ਵਸੋਂ ਬਣਦੀ ਹੈ। ਇਹ ਜਮਾਤਾਂ, ਆਪਣੀ ਥਾਂ ਕੋਰੇ ਸ਼ਬਦ ਰਹਿ ਜਾਂਦੀਆਂ ਹਨ, ਜੇਕਰ ਇਹਨਾਂ ਬਾਰੇ ਉਹਨਾਂ ਤੱਥਾਂ ਦਾ ਪਤਾ ਨਾ ਹੋਵੇ, ਜਿਹਨਾਂ ਉੱਪਰ ਇਹ ਨਿਰਭਰ ਕਰਦੀਆਂ ਹਨ, ਅਰਥਾਤ ਉਜਰਤੀ-ਕਿਰਤ, ਸਰਮਾਇਆ ਅਤੇ ਇਸੇ ਤਰ੍ਹਾਂ ਹੋਰ। ਇਹ ਪਹਿਲਾਂ ਤੋਂ ਤਬਾਦਲੇ, ਕਿਰਤ-ਵੰਡ, ਕੀਮਤਾਂ ਆਦਿ ਨੂੰ ਮੰਨ ਕੇ ਚੱਲਦੇ ਹਨ। ਮਿਸਾਲ ਲਈ ਸਰਮਾਇਆ, ਉਜਰਤੀ-ਕਿਰਤ ਤੋਂ ਬਿਨਾਂ, ਕਦਰ, ਧਨ, ਕੀਮਤ ਆਦਿ ਤੋਂ ਬਿਨਾਂ, ਭਲਾ ਕੀ ਹੈ ? ਜੇਕਰ ਵਸੋਂ ਨੂੰ ਨਿਖੇੜ-ਨੁਕਤਾ ਮੰਨ ਲਿਆ ਜਾਵੇ, ਇਹ ਇੱਕ ਅੱਤ-ਗੁੰਝਲਦਾਰ ਕੁੱਲ ਦੀ ਬਹੁਤ ਹੀ ਧੁੰਦਲੀ ਜਿਹੀ ਕਲਪਨਾ ਹੋਵੇਗੀ ਅਤੇ ਜਦੋਂ ਗਹਿਰਾਈ ਨਾਲ਼ ਇਸ ਦੀ ਵਿਆਖਿਆ ਕੀਤੀ ਜਾਵੇਗੀ, ਤਾਂ ਵਿਸ਼ਲੇਸ਼ਣੀ ਤੌਰ ’ਤੇ, ਬਹੁਤ ਹੀ ਸਾਧਾਰਨ ਅਵਧਾਰਣਾਵਾਂ ਸਾਹਮਣੇ ਆ ਜਾਣਗੀਆਂ। ਖਿਆਲੀ ਠੋਸ ਸ਼ਬਦਾਂ ਤੋਂ ਚੱਲ ਕੇ ਅੱਗੇ ਵੱਧ ਤੋਂ ਵੱਧ ਸੂਖਮ ਕਲਪਨਾਵਾਂ ਤੀਕ ਪੁੱਜਦੇ ਜਾਵਾਂਗੇ ਅਤੇ ਅਖੀਰ ਬਿਲਕੁੱਲ ਸਧਾਰਨ ਵਿਆਖਿਆਵਾਂ ਆ ਜਾਣਗੀਆਂ। ਹੁਣ ਇੱਥੋਂ ਸਫਰ, ਮੁੜ ਉਲਟੀ ਦਿਸ਼ਾ ਵੱਲ ਨੂੰ ਕਰਨਾ ਅਵੱਸ਼ਕ ਹੋ ਜਾਵੇਗਾ, ਜਿਸ ’ਤੇ ਚੱਲਦਿਆਂ ਚੱਲਦਿਆਂ ਵਸੋਂ ਦੀ ਅਵਧਾਰਨਾ ਮੁੜ ਸਾਹਮਣੇ ਆ ਜਾਵੇਗੀ, ਜਿਹੜੀ ਕਿ, ਇਸ ਵਾਰੀ ਕਿਸੇ ਕੁੱਲ ਦੀ ਕੋਈ ਧੁੰਦਲੀ ਕਲਪਨਾ ਨਾ ਹੋਵੇਗੀ, ਬਲਕਿ ਕਈ ਨਿਸ਼ਚਿਆਂ ਅਤੇ ਸਬੰਧਾਂ ਤੋਂ ਮਿਲ ਕੇ ਬਣੀ ਇੱਕ ਸੰਪੂਰਨਤਾ ਹੋਵੇਗੀ। ਪਹਿਲਾ ਰਾਹ ਇਤਿਹਾਸਕ ਹੈ, ਜਿਸ ਨੂੰ ਸਿਆਸੀ ਆਰਥਿਕਤਾ ਨੇ ਆਪਣੇ ਅਰੰਭ ਵਿੱਚ ਅਖਤਿਆਰ ਕੀਤਾ ਸੀ। ਜਿਵੇਂ ਕਿ, ਸਤਾਰ੍ਹਵੀਂ ਸਦੀ ਦੇ ਅਰਥ-ਸ਼ਾਸਤਰੀ, ਸਦਾ ਆਪਣੀ ਗੱਲ ਦਾ ਆਰੰਭ ਹੀ, ਜੀਂਦੀ ਬਣਤਰ, ਆਬਾਦੀ, ਕੌਮ, ਰਾਜ, ਕਈ ਰਾਜ ਆਦਿ ਤੋਂ ਕਰਦੇ ਸਨ, ਪਰ ਆਪਣੇ ਵਿਸ਼ਲੇਸ਼ਣ ਦੇ ਅੰਤ ’ਤੇ ਪੁੱਜ ਕੇ ਉਹ ਸਦਾ ਇੱਕੋ ਸਿੱਟਾ ਕੱਢਦੇ ਸਨ, ਕਿ ਕੁਝ ਨਿਰਣਈ ਅਰੂਪ, ਆਮ ਜਿਹੇ ਸਬੰਧ ਹਨ, ਜਿਵੇਂ ਕਿ ਕਿਰਤ-ਵੰਡ, ਧਨ ਅਤੇ ਕਦਰ। ਜਦੋਂ ਇਹ ਤੱਥ, ਘੱਟ ਵੱਧ ਸਫਾਈ ਨਾਲ਼ ਕੱਢ ਅਤੇ ਜਮ੍ਹਾ ਕਰ ਲਏ ਜਾਂਦੇ ਸਨ, ਤਾਂ ਪਿੱਛੋਂ ਆਰਥਕ ਪ੍ਰਣਾਲੀਆਂ ਦਾ ਵਿਕਾਸ ਹੁੰਦਾ ਸੀ, ਜਿਹੜੀਆਂ ਕਿ ਸਧਾਰਨ ਅਵਧਾਰਣਾਵਾਂ ਤੋਂ, ਜਿਵੇਂ ਕਿ ਕਿਰਤ, ਕਿਰਤ-ਵੰਡ, ਮੰਗ, ਤਬਾਦਲਾ-ਕਦਰ ਆਦਿ ਤੋਂ ਰਾਜ, ਕੌਮਾਂਤਰੀ ਤਬਾਦਲਾ ਅਤੇ ਸੰਸਾਰ ਬਾਜ਼ਾਰ ਜਿਹੀਆਂ ਸ਼੍ਰੇਣੀਆਂ ਵਿੱਚ ਵਧਾ ਲਈਆਂ ਜਾਂਦੀਆਂ ਸਨ। ਪਿਛਲਾ ਤਰੀਕਾ, ਸਾਫ ਹੀ ਸਹੀ ਵਿਗਿਆਨਕ ਤਰੀਕਾ ਹੈ। ਠੋਸ ਅਵਧਾਰਣਾ ਇਸ ਲਈ ਠੋਸ ਹੈ, ਕਿਉਕਿ ਇਹ ਕਈ ਵਿਆਖਿਆਵਾਂ ਦਾ ਮੇਲ ਹੁੰਦਾ ਹੈ, ਇਸ ਤਰ੍ਹਾਂ ਕਈ ਵਿਰੋਧੀ ਪੱਖਾਂ ਦਾ ਏਕਾ ਰੂਪਮਾਨ ਹੋ ਜਾਂਦਾ ਹੈ। ਇਸ ਲਈ, ਦਲੀਲ ਵਿੱਚ ਇਹ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਕਿ ਨਚੋੜ, ਸਿੱਟਾ ਨਿਕਲ ਆਇਆ ਹੈ, ਨਾ ਕਿ ਆਰੰਭ ਨੁਕਤਾ ਆ ਗਿਆ ਹੈ। ਹਾਲਾਂਕਿ ਇਹ ਉੱਤਪਤੀ ਦਾ ਅਸਲ ਨੁਕਤਾ ਹੈ ਅਤੇ ਇਸ ਤਰ੍ਹਾਂ ਕਲਪਨਾ ਅਤੇ ਖਿਆਲ ਦਾ ਆਰੰਭ-ਨੁਕਤਾ ਵੀ। ਪਹਿਲੀ ਕਾਰਵਾਈ, ਅਰੂਪ ਵਿਆਖਿਆਵਾਂ ਨੂੰ ਅਰਥਪੂਰਨ ਆਕਾਰ ਰੇਖਾਵਾਂ ਪ੍ਰਦਾਨ ਕਰਦੀ ਹੈ। ਦੂਜੀ, ਦਲੀਲ ਰਾਹੀਂ, ਅਰੂਪ ਵਿਆਖਿਆਵਾਂ ਤੋਂ ਠੋਸ ਪ੍ਰਸਥਿਤੀ ਦੀ ਮੁੜ-ਉਸਾਰੀ

ਕਰਦੀ ਹੈ। ਹੀਗਲ ਨੇ, ਇਸ ਅਨੁਸਾਰ ਇਹ ਭਰਾਮਕ ਵਿਚਾਰ ਚਿਤਵਿਆ ਕਿ ਅਸਲ ਜਗਤ ਕੇਵਲ ਵਿਚਾਰ ਦੀ ਪੈਦਾਵਾਰ ਹੈ, ਜਿਹੜਾ ਵਿਚਾਰ ਕਿ ਆਪਣਾ ਮਿਲਾਨ ਆਪ ਕਰਦਾ ਹੈ, ਆਪ ਖੁਦ ਹੀ ਡੂੰਘਿਆਂ ਉਤਰਦਾ ਹੈ ਅਤੇ ਇਸ ਦੀ ਗਤੀਵਿਧੀ ਵੀ ਆਪਣੇ ਖੁਦ ਦੇ ਹੱਥ ਵਿੱਚ ਹੈ। ਜਦੋਂ ਕਿ, ਅਰੂਪ ਤੋਂ ਠੋਸ ਵੱਲ ਵੱਧਣ ਦਾ ਤਰੀਕਾ, ਕੇਵਲ ਉਹ ਤਰੀਕਾ ਹੈ ਜਿਸ ਵਿੱਚ ਵਿਚਾਰ ਠੋਸ ਨੂੰ ਹੜੱਪ ਜਾਂਦਾ ਹੈ ਅਤੇ ਇਸ ਨੂੰ ਇੱਕ ਠੋਸ ਦਿਮਾਗੀ ਸ਼੍ਰੇਣੀ ਦੇ ਰੂਪ ਵਿੱਚ ਮੁੜ-ਉਤਪੰਨ ਕਰ ਦੇਂਦਾ ਹੈ। ਪਰ, ਇਹ ਕਿਸੇ ਤਰ੍ਹਾਂ ਵੀ, ਖੁਦ ਠੋਸ ਸੰਸਾਰ ਦੇ ਵਿਕਾਸ ਦਾ ਅਮਲ ਨਹੀਂ ਹੈ। ਮਿਸਾਲ ਲਈ, ਸਭ ਤੋਂ ਵੱਧ ਸਾਧਾਰਨ ਆਰਥਕ ਸ਼੍ਰੇਣੀ, ਭਾਵ, ਤਬਾਦਲਾ-ਕਦਰ, ਪਹਿਲਾਂ ਤੋਂ ਹੀ ਵਸੋਂ ਨੂੰ ਮੰਨ ਕੇ ਚੱਲਦੀ ਹੈ, ਫੇਰ ਵਸੋਂ ਵੀ ਉਹ ਜਿਹੜੀ ਕਿ ਖਾਸ ਅਤੇ ਇੱਕ ਵਖਰਿਆਵੇਂ ਕਿਸਮ ਦੇ ਪਰਿਵਾਰ, ਜਾਂ ਭਾਈਚਾਰੇ, ਜਾਂ ਰਾਜ ਆਦਿ ਦੇ ਅਧੀਨ ਪੈਦਾਵਾਰ ਕਰਦੀ ਹੈ। ਤਬਾਦਲਾ-ਕਦਰ ਕਿਸੇ ਪਹਿਲਾਂ ਤੋਂ ਮੌਜੂਦ ਠੋਸ ਸਰੀਰੀ ਜੀਵ ਦੇ ਕਿਸੇ ਅਰੂਪ, **ਇੱਕ-ਪਾਸੜ** ਸਬੰਧ ਤੋਂ ਬਿਨਾਂ ਹੋਂਦ ਵਿੱਚ ਨਹੀਂ ਆ ਸਕਦੀ। ਪਰ ਤਬਾਦਲਾ-ਕਦਰ ਇੱਕ ਸ਼੍ਰੇਣੀ ਦੇ ਰੂਪ ਵਿੱਚ, ਇੱਕ ਪਰਲੋਂ-ਪਹਿਲਾਂ ਹੀ ਹੋਂਦ ਦਾ ਦਾਅਵਾ ਕਰ ਸਕਦੀ ਹੈ। ਇਸ ਤਰ੍ਹਾਂ ਚੇਤਨਾ - ਅਤੇ ਇਸ ਦਾ ਮਤਲਬ ਫਲਸਫੀ ਚੇਤਨਾ ਹੈ - ਜਿਹੜੀ ਕਿ ਸੂਝਵਾਨ ਮਨ ਨੂੰ ਹੀ ਅਸਲ ਆਦਮੀ ਮੰਨਦੀ ਹੈ ਅਤੇ ਇਸ ਤਰ੍ਹਾਂ ਸੂਝ ਵਿੱਚ ਆਏ ਸੰਸਾਰ ਨੂੰ ਹੀ ਅਸਲ ਅਮਲ ਸੰਸਾਰ ਸਮਝਦੀ ਹੈ, ਇਸ ਲਈ, ਚੇਤਨਾ ਵੱਲੋਂ ਸ਼੍ਰੇਣੀਆਂ ਦਾ ਵਿਕਾਸ ਹੀ, ਪੈਦਾਵਾਰ ਦਾ ਅਸਲ ਪ੍ਰਤੀਤ ਹੁੰਦਾ ਹੈ - ਜਿਸ ਨੂੰ ਕਿ ਮੰਦੇ ਭਾਗਾਂ ਨੂੰ ਬਾਹਰੋਂ ਪ੍ਰੇਰਨਾ ਦਿੱਤੀ ਜਾਂਦੀ ਹੈ - ਜਿਸ ਦਾ ਨਤੀਜਾ ਹੀ ਇਹ ਸੰਸਾਰ ਹੈ। ਅਤੇ ਇਹ (ਪਰ ਜਿਹੜਾ ਕਿ ਇੱਕ ਵਾਰੀ ਫੇਰ ਦੂਜੀ ਤਰ੍ਹਾਂ ਦੁਹਰਾਈ ਦੀ ਗੱਲ ਹੈ) ਕਹਿਣਾ ਉੱਥੋਂ ਤੀਕ ਹੀ ਸੱਚ ਹੈ, ਜਿੱਥੋਂ ਤੀਕ ਠੋਸ ਸੰਪੂਰਨਤਾ ਨੂੰ ਇੱਕ ਅਵਧਾਰਣੀ ਸੰਪੂਰਨਤਾ ਦੇ ਰੂਪ ਵਿੱਚ, ਇੱਕ ਦਿਮਾਗੀ ਸੰਪੂਰਨਤਾ ਦੇ ਤੌਰ 'ਤੇ ਮੰਨਿਆ ਜਾਂਦਾ ਹੈ, ਉੱਥੋਂ ਤੀਕ ਬੇਸ਼ੱਕ ਇੱਕ ਵਿਚਾਰ ਦੀ, ਸੂਝ ਦੀ ਇੱਕ ਉਤਪਾਦ ਹੈ; ਪਰ ਇਹ ਕਿਸੇ ਤਰ੍ਹਾਂ ਵੀ ਉਸ ਵਿਚਾਰ ਦੀ ਕੋਈ ਉਪਜ ਨਹੀਂ, ਜਿਹੜਾ ਕਿ ਆਪ-ਮੁਹਾਰਾ ਉਗਮਦਾ ਹੈ ਅਤੇ ਜਿਸ ਦੀ ਵਿਚਾਰ-ਪ੍ਰਣਾਲੀ ਕਲਪਣਾ ਅਤੇ ਖਿਆਲ ਤੋਂ ਬਾਹਰ ਤੇ ਉੱਪਰ ਕੰਮ ਕਰਦੀ ਹੈ, ਪਰ ਉਹ ਪਰਿਣਾਮ ਹੁੰਦਾ ਹੈ ਇੱਕ-ਮਿੱਕ ਹੋ ਜਾਣ ਦਾ ਅਤੇ ਪ੍ਰਤੱਖ-ਗਿਆਨ ਤੇ ਪਰਛਾਈਆਂ ਦੇ ਅਵਧਾਰਣਾਵਾਂ ਵਿੱਚ ਬਦਲ ਜਾਣ ਦਾ। ਬੁੱਧੀ ਜਿਸ ਸੰਪੂਰਨਤਾ ਨੂੰ ਅਵਧਾਰਣੀ ਵਜੂਦ ਦੇ ਰੂਪ ਵਿੱਚ ਵੇਖਦੀ ਹੈ, ਉਹ ਸੋਚ ਦੀ ਬੁੱਧੀ ਦੀ ਇੱਕ ਉਤਪਾਦ ਹੁੰਦੀ ਹੈ, ਜਿਹੜੀ ਕਿ ਸੰਸਾਰ ਨੂੰ ਇਕੋ ਤਰੀਕੇ ਸਵੀਕਾਰਦੀ ਹੈ ਜਿਹੜਾ ਕਿ ਉਸ ਦੇ ਸਾਹਮਣੇ ਖੁੱਲ੍ਹਾ ਹੁੰਦਾ ਹੈ। ਇਹ ਤਰੀਕਾ ਉਹ ਹੈ ਜਿਹੜਾ ਕਿ ਇਸ ਸੰਸਾਰ ਨੂੰ ਕਲਾਕਾਰਕ, ਧਾਰਮਕ ਅਤੇ ਅਮਲੀ ਤੌਰ 'ਤੇ ਬੌਧਿਕ ਰੂਪ ਵਿੱਚ ਸਵੀਕਾਰ ਕਰਨ ਤੋਂ ਭਿੰਨ ਹੁੰਦਾ ਹੈ। ਠੋਸ ਵਿਸ਼ਾ ਬੁੱਧੀ ਦੀ ਪਕੜ ਤੋਂ ਬਾਹਰ ਅਤੇ ਇਸ ਤੋਂ ਸੁਤੰਤਰ ਹੀ ਰਹਿੰਦਾ ਹੈ, ਮਤਲਬ ਜਦੋਂ ਤੀਕ ਕਿ ਬੁੱਧੀ, ਅਜੇ ਬਿਲਕੁਲ ਅਟਕਲੀ, ਸ਼ੁੱਧ ਸਿਧਾਂਤਕ ਰੁਖ ਹੀ ਅਪਣਾਈ ਹੁੰਦੀ ਹੈ। ਵਿਸ਼ਾ, ਸਮਾਜ ਨੂੰ ਇਸ ਲਈ, ਸਦਾ ਸੂਝ ਦੀ ਹੀ ਪੂਰਵ-ਸ਼ਰਤ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ, ਉਦੋਂ ਵੀ, ਜਦੋਂ ਕਿ ਸਿਧਾਂਤਕ ਢੰਗ ਦੀ ਵਰਤੋਂ ਕੀਤੀ ਗਈ

ਹੋਵੇ।

ਪਰ ਕੀ ਇਹਨਾਂ ਸਾਧਾਰਨ ਸ਼੍ਰੇਣੀਆਂ ਦੀ ਅਧਿਕ ਠੋਸ ਰੂਪ ਧਾਰਨ ਕਰਨ ਤੋਂ ਪਹਿਲਾਂ ਦੀ ਕੋਈ ਸੁਤੰਤਰ, ਇਤਿਹਾਸਕ ਜਾਂ ਕੁਦਰਤੀ ਹੋਂਦ ਵੀ ਰਹਿੰਦੀ ਹੈ ? ਇਹ ਨਿਰਭਰ ਕਰਦੀ ਹੈ। ਹੀਗਲ, ਮਿਸਾਲ ਲਈ, ਮਾਲਕੀ ਨੂੰ, ਵਿਸ਼ੇ ਦੇ ਸਭ ਤੋਂ ਸਾਧਾਰਨ ਕਾਨੂੰਨੀ ਸਬੰਧ ਨੂੰ, ਕਾਨੂੰਨ-ਫਲਸਫੇ ਦੇ ਨਿਖੇੜ-ਨੁਕਤੇ ਦੇ ਰੂਪ ਵਿੱਚ ਠੀਕ ਹੀ ਲੈਂਦਾ ਹੈ। ਪਰ ਕੋਈ ਮਾਲਕੀ ਉਦੋਂ ਤੀਕ ਵਜੂਦ ਵਿੱਚ ਨਹੀਂ ਆਉਂਦੀ, ਜਦੋਂ ਤੀਕ ਪਰਿਵਾਰ ਜਾਂ ਮਾਲਕ-ਨੌਕਰ ਦੇ ਸਬੰਧਾਂ ਦਾ ਵਿਕਾਸ ਨਹੀਂ ਹੋ ਜਾਂਦਾ; ਅਤੇ ਇਹ ਚੰਗੇ ਖਾਸੇ ਠੋਸ ਸਬੰਧ ਹਨ। ਦੂਜੇ ਪਾਸੇ ਇਹ ਆਖਣਾ ਸਹੀ ਹੈ ਕਿ ਪਰਿਵਾਰ ਅਤੇ ਸਾਰੇ ਦੇ ਸਾਰੇ ਕਬੀਲੇ ਵਜੂਦ ਵਿੱਚ ਸਨ ਜਦੋਂ ਕਿ ਉਹਨਾਂ ਕੋਲ **ਵਸਤਾਂ** ਹੁੰਦੀਆਂ ਸਨ, ਪਰ **ਜਾਇਦਾਦ** ਨਹੀਂ। ਇਸ ਤਰ੍ਹਾਂ ਵਧੇਰੀ ਸਾਧਾਰਨ ਸ਼੍ਰੇਣੀ ਦਾ ਵਜੂਦ ਵਿੱਚ ਆਉਣਾ, ਸਾਧਾਰਨ ਪਰਿਵਾਰ ਜਾਂ ਕਬੀਲਿਆਈ ਭਾਈਚਾਰਿਆਂ ਦੇ ਜਾਇਦਾਦ ਪ੍ਰਤੀ ਸਬੰਧ ਦੇ ਰੂਪ ਵਿੱਚ ਹੋਇਆ। ਜਿਹੜੇ ਸਮਾਜ ਕਿਸੇ ਉੱਚੇਰੇ ਪੱਧਰ 'ਤੇ ਅੱਪੜ ਚੁੱਕੇ ਹਨ, ਉਥੇ ਸ਼੍ਰੇਣੀ ਦੀ ਉਚੇਰੀ ਪੱਧਰ, ਇੱਕ ਵੱਧ ਉੱਨਤ ਭਾਈਚਾਰੇ ਵਿੱਚ, ਮੁਕਾਬਲੇ ਤੇ ਇੱਕ ਸਾਧਾਰਨ ਸਬੰਧ ਦੇ ਰੂਪ ਵਿੱਚ ਮੌਜੂਦ ਦਿਖਾਈ ਪੈਂਦੀ ਹੈ। ਪਰ, ਮਾਲਕੀ ਦੇ ਸਬੰਧ ਦੇ ਹੇਠਾਂ ਵਿਦਮਾਨ ਠੋਸ ਦੂਜੇ ਨੰਬਰ ਦੀ ਤਹਿ ਦਾ ਹੋਣਾ ਸਦਾ ਹੀ ਪਹਿਲਾਂ ਤੋਂ ਮੰਨਿਆ ਹੁੰਦਾ ਹੈ। ਕਿਸੇ ਇੱਕਾ-ਦੁੱਕਾ ਜਾਂਗਲੀ ਕੋਲ਼ ਕੁਝ ਇੱਕ ਵਸਤਾਂ ਦੇ ਹੋਣ ਦੀ ਕਲਪਨਾ ਕੀਤੀ ਜਾ ਸਕਦੀ ਹੈ, ਪਰ ਵਸਤਾਂ ਦਾ ਹੋਣਾ, ਇਸ ਸੂਰਤ ਵਿੱਚ ਕੋਈ ਕਾਨੂੰਨੀ ਸਬੰਧ ਨਹੀਂ ਹੁੰਦਾ। ਇਹ ਕਹਿਣਾ ਗਲਤ ਹੈ ਕਿ ਇਤਿਹਾਸਕ ਵਿਕਾਸ ਦੇ ਦੌਰਾਨ ਕਬਜ਼ੇ ਦੀਆਂ ਵਸਤਾਂ ਨੇ ਪਰਿਵਾਰ ਨੂੰ ਜਨਮ ਦਿੱਤਾ। ਬਲਕਿ ਇਸ ਤੋਂ ਉਲਟ, ਮਾਲਕੀ, ਸਦਾ ਹੀ, ਇਸ "ਵੱਧ ਠੋਸ ਕਾਨੂੰਨੀ ਸ਼੍ਰੇਣੀ" ਨੂੰ ਪਹਿਲਾਂ ਤੋਂ ਹੀ ਮੰਨ ਕੇ ਚਲਦੀ ਹੈ। ਪਰ, ਤਾਂ ਵੀ, ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ, ਕਿ ਸਾਧਾਰਨ ਸ਼੍ਰੇਣੀਆਂ ਉਹਨਾਂ ਸਬੰਧਾਂ ਜਾਂ ਹਾਲਤਾਂ ਨੂੰ ਰੂਪਮਾਨ ਕਰਦੀਆਂ ਹਨ, ਜਿਹੜੀਆਂ ਕਿ ਅਧਕਚਰੀ ਠੋਸ ਪ੍ਰਸਥਿਤੀ ਨੂੰ, ਅਜੇ ਵਧੇਰੇ ਗੁੰਝਲਦਾਰ ਸਬੰਧ ਜਾਂ ਹਾਲਤ ਨੂੰ ਸਥਿਰ ਕੀਤੇ ਬਿਨਾਂ, ਝਲਕਾ ਸਕਦੀਆਂ ਹਨ, ਜਿਹੜੀ ਹਾਲਤ ਕਿ ਵਧੇਰੀ ਠੋਸ ਸ਼੍ਰੇਣੀ ਵਿੱਚ ਅਵਧਾਰਣੀ ਤੌਰ 'ਤੇ ਰੂਪਮਾਨ ਹੋਈ ਹੁੰਦੀ ਹੈ। ਦੂਜੇ ਪਾਸੇ, ਇਸੇ ਸ਼੍ਰੇਣੀ ਨੂੰ ਵਧੇਰੀ ਉੱਨਤ ਠੋਸ ਪ੍ਰਸਥਿਤੀਆਂ ਵਿੱਚ ਕਿਸੇ ਅਧੀਨਸਥ ਸਬੰਧ ਦੇ ਰੂਪ ਵਿੱਚ ਬਰਕਰਾਰ ਰੱਖਿਆ ਜਾ ਸਕਦਾ ਹੈ। ਧਨ, ਸਰਮਾਏ, ਬੈਂਕਾਂ, ਉਜਰਤੀ-ਕਿਰਤ ਆਦਿ ਦੇ ਵਜੂਦ ਵਿੱਚ ਆਉਣ ਤੋਂ ਪਹਿਲਾਂ ਵੀ, ਇਤਿਹਾਸਕ ਸਮੇਂ ਵਿੱਚ, ਮੌਜੂਦ ਰਹਿ ਸਕਦਾ ਹੈ ਅਤੇ ਰਹਿੰਦਾ ਆਇਆ ਹੈ। ਇਸ ਪੱਖੋਂ, ਇਸ ਲਈ, ਇਹ ਕਿਹਾ ਜਾ ਸਕਦਾ ਹੈ, ਕਿ ਵਧੇਰੀ ਸਾਧਾਰਨ ਸ਼੍ਰੇਣੀ ਕਿਸੇ ਅਧਕਚਰੀ ਹੋਂਦ ਵਿਚਲੇ ਹਾਵੀ ਸਬੰਧਾਂ ਨੂੰ ਪ੍ਰਗਟਾਉਂਦੀ ਹੈ, ਜਾਂ ਫੇਰ ਕਿਸੇ ਚੰਗੀ ਉੱਨਤ ਹੋਂਦ ਵਿਚਲੇ ਅਧੀਨਸਥ ਸਬੰਧਾਂ ਨੂੰ। ਸਬੰਧ ਉਹ ਹਨ, ਜਿਹੜੇ ਕਿ ਇਤਿਹਾਸਕ ਤੌਰ 'ਤੇ ਪਹਿਲਾਂ ਹੀ ਵਜੂਦ ਵਿੱਚ ਸਨ, ਜਦੋਂ ਅਜੇ ਹੋਂਦ ਨੇ ਕਿਸੇ ਵਧੇਰੇ ਠੋਸ ਸ਼੍ਰੇਣੀ ਵਿੱਚ ਪ੍ਰਗਟਾਏ ਪੱਖਾਂ ਨੂੰ ਵਿਕਸਿਤ ਨਹੀਂ ਕੀਤਾ ਸੀ। ਅਰੂਪ ਦਲੀਲਬਾਜ਼ੀ ਦੀ ਕਾਰਵਾਈ, ਜਿਹੜੀ ਜਿਸ ਹੱਦ ਤੀਕ, ਸਾਧਾਰਨਤਮ ਅਵਧਾਰਣਾਵਾਂ ਤੋਂ ਅਧਿਕ ਗੁੰਝਲਦਾਰ

ਅਵਧਾਰਣਾਵਾਂ ਤੱਕ ਵੱਧਦੀ ਹੈ, ਉੱਥੋਂ ਤੀਕ ਹੀ ਅਸਲ ਇਤਿਹਾਸਕ ਵਿਕਾਸ ਨਾਲ਼ ਮੇਲ ਖਾਂਦੀ ਹੈ।

ਦੂਜੇ ਪਾਸੇ, ਇਹ ਸੱਚ ਹੈ ਕਿ ਇਹੋ ਜਿਹੀਆਂ ਵੀ ਕੋਈ ਬਹੁਤ ਹੀ ਉੱਨਤ, ਪਰ ਤਾਂ ਵੀ ਇਤਿਹਾਸਕ ਤੌਰ 'ਤੇ ਅਧਕਚਰੀਆਂ ਸਮਾਜਕ-ਬਣਤਰਾਂ ਮੌਜੂਦ ਹਨ, ਜਿਹੜੀਆਂ ਕਿ ਅਧਿਕਤਮ ਉੱਨਤ ਆਰਥਕ ਰੂਪਾਂ, ਜਿਵੇਂ ਕਿ ਮਿਲਵਰਤਣ, ਉੱਨਤ ਕਿਰਤ-ਵੰਡ ਆਦਿ ਨੂੰ ਬਿਨਾਂ ਕਿਸੇ ਧਨ ਨੂੰ ਵਿਕਸਿਤ ਕੀਤਿਆਂ ਹੀ ਵਰਤੋਂ ਵਿੱਚ ਲਿਆਉਂਦੀਆਂ ਹਨ, ਮਿਸਾਲ ਲਈ, ਜਿਵੇਂ ਕਿ ਪੀਰੂ। ਸਲਾਵੀ ਭਾਈਚਾਰਿਆਂ ਅੰਦਰ ਵੀ, ਧਨ ਅਤੇ ਇਸ ਦੀ ਪੂਰਵ-ਸ਼ਰਤ, ਤਬਾਦਲਾ, ਇੱਕਾ-ਦੁੱਕਾ ਭਾਈਚਾਰੇ ਵਿੱਚ, ਉੱਕਾ ਹੀ ਕੋਈ ਮਹੱਤਤਾ ਨਹੀਂ ਰੱਖਦੇ ਜਾਂ ਬਹੁਤ ਮਾਮੂਲੀ ਰੱਖਦੇ ਹਨ। ਪਰ ਸਰਹੱਦਾਂ 'ਤੇ ਇਸ ਦੀ ਵਰਤੋਂ ਹੁੰਦੀ ਹੈ, ਜਿੱਥੇ ਦੂਜੇ ਭਾਈਚਾਰਿਆਂ ਨਾਲ਼ ਵਣਜ-ਵਪਾਰ ਹੁੰਦਾ ਰਹਿੰਦਾ ਹੈ ਅਤੇ ਇਹ ਫਰਜ਼ ਕਰ ਲੈਣਾ ਬਿਲਕੁਲ ਗਲਤ ਹੈ ਕਿ ਭਾਈਚਾਰੇ ਦੇ ਅੰਦਰ ਤਬਾਦਲਾ, ਕੋਈ ਮੌਲਿਕ ਸਬੰਧਕੀ ਅਨਸਰ ਹੁੰਦਾ ਹੈ। ਇਸ ਤੋਂ ਉਲਟ, ਆਰੰਭ ਵਿੱਚ ਤਬਾਦਲਾ ਵੱਖ ਵੱਖ ਭਾਈਚਾਰਿਆਂ ਦੇ ਆਪਸ ਵਿੱਚ ਇੱਕ-ਦੂਜੇ ਨਾਲ਼ ਮੇਲ-ਮਿਲਾਪ ਵਿੱਚੋਂ ਪੈਦਾ ਹੁੰਦਾ ਹੈ, ਨਾ ਕਿ ਇੱਕੋ ਭਾਈਚਾਰੇ ਦੇ ਆਪਣੇ ਮੈਂਬਰਾਂ ਵਿਚਕਾਰ। ਹੋਰ ਵੀ, ਭਾਵੇਂ, ਧਨ ਇੱਕ ਵੱਡਾ ਰੋਲ ਅਤੇ ਵੱਖ ਵੱਖ ਤਰੀਕਿਆਂ ਨਾਲ਼ ਬਹੁਤ ਪਹਿਲਾਂ ਤੋਂ ਹੀ ਅਦਾ ਕਰਨਾ ਆਰੰਭ ਕਰ ਦੇਂਦਾ ਹੈ, ਪਰ ਪ੍ਰਾਚੀਨ ਕਾਲ ਵਿੱਚ, ਇੱਕ ਹਾਵੀ ਤੱਥ ਦੇ ਰੂਪ ਵਿੱਚ ਇਹ ਇੱਕ ਖਾਸ ਕਿਸਮ ਦੀਆਂ ਕੌਮਾਂ ਵਿਚਕਾਰ ਹੀ ਜਾਣਿਆਂ ਜਾਂਦਾ ਹੈ, ਉਹਨਾਂ ਕੌਮਾਂ ਵਿਚਕਾਰ, ਜਿਹੜੀਆਂ ਕਿ ਇੱਕ ਖਾਸ ਦਿਸ਼ਾ ਵੱਲ ਵਿਕਸਿਤ ਹੋਈਆਂ ਹੁੰਦੀਆਂ ਹਨ, ਜਿਵੇਂ ਕਿ ਵਪਾਰੀ ਕੌਮਾਂ। ਗਰੀਕਾਂ ਅਤੇ ਰੋਮਨਾਂ ਵਿਚਕਾਰ ਵੀ, ਜਿਹੜੇ ਕਿ ਪ੍ਰਾਚੀਨ ਕਾਲ ਵਿੱਚ ਸਭ ਤੋਂ ਵੱਧ ਵਿਕਸਿਤ ਕੌਮਾਂ ਸਨ, ਧਨ ਆਪਣੇ ਪੂਰਨ ਵਿਕਾਸ 'ਤੇ ਕਦੋਂ ਪੁੱਜਦਾ ਹੈ ? ਜਿਸ ਨੂੰ ਕਿ ਆਧੁਨਿਕ ਬੁਰਜੂਆ ਸਮਾਜ ਨੇ ਪਹਿਲਾਂ ਮੰਨਿਆ ਹੈ, ਜਦੋਂ ਕਿ ਇਹਨਾਂ ਕੌਮਾਂ ਦਾ ਵਿਖਰਾਅ ਹੋ ਗਿਆ। ਇਸ ਤਰ੍ਹਾਂ ਇਸ ਬਿਲਕੁੱਲ ਸਧਾਰਨ ਸ਼੍ਰੇਣੀ ਦੀ ਪੂਰਨ ਸਮਰਥਾ, ਇਤਿਹਾਸਕ ਤੌਰ 'ਤੇ, ਸਮਾਜ ਦੇ ਸਭ ਤੋਂ ਵੱਧ ਉੱਨਤ ਦੌਰਾਂ ਵਿੱਚ ਨਹੀਂ ਉੱਭਰਦੀ ਅਤੇ ਇਹ ਲਾਜ਼ਮੀ ਤੌਰ 'ਤੇ, ਸਾਰੇ ਦੇ ਸਾਰੇ ਆਰਥਕ ਸਬੰਧਾਂ ਵਿਚ ਦਾਖਲ ਨਹੀਂ ਹੁੰਦੀ। ਮਿਸਾਲ ਲਈ, ਅਨਾਜਾਂ ਦੇ ਰੂਪ ਵਿੱਚ ਟੈਕਸ ਅਤੇ ਫਸਲਾਂ ਦੇ ਰੂਪ ਵਿੱਚ ਵਸੂਲੀਆਂ ਰੋਮਨ ਸਲਤਨਤ ਵਿੱਚ ਉਦੋਂ ਵੀ ਅਧਾਰ ਬਣੇ ਰਹੇ, ਜਦੋਂ ਕਿ ਇਹ ਆਪਣੀ ਉੱਨਤੀ ਦੀ ਸਿਖਰ 'ਤੇ ਪੁੱਜੀ ਹੋਈ ਸੀ। ਬੇਸ਼ੱਕ, ਇੱਕ ਪੂਰੇ ਤੌਰ 'ਤੇ ਵਿਕਸਿਤ ਧਨਵੀ ਪ੍ਰਣਾਲੀ, ਰੋਮ ਅੰਦਰ, ਸਿਰਫ ਇੱਕ ਫੌਜ ਵਿੱਚ ਚਾਲੂ ਸੀ ਅਤੇ ਇਹ ਕਿਰਤ ਦੇ ਸਮੁੱਚੇ ਢਾਂਚੇ ਵਿੱਚ ਕਦੇ ਪ੍ਰਵੇਸ਼ ਨਹੀਂ ਪਾ ਸਕੀ। ਇਸ ਤਰ੍ਹਾਂ, ਭਾਵੇਂ ਮੱਧ ਸਧਾਰਨ ਸ਼੍ਰੇਣੀ, ਇਤਿਹਾਸਕ ਤੌਰ 'ਤੇ, ਆਪਣੇ ਤੋਂ ਵਧੇਰੀ ਠੋਸ ਸ਼੍ਰੇਣੀ ਦੇ ਵਿਕਾਸ ਤੋਂ ਪਹਿਲਾਂ ਵੀ ਮੌਜੂਦ ਹੋ ਸਕਦੀ ਹੈ, ਪਰ ਇਸ ਦੀ ਸੰਪੂਰਨ ਡੂੰਘੇਰੀ ਪੱਧਰਵੀਂ ਉੱਨਤੀ, ਤਾਂ ਵੀ, ਇੱਕ ਗੁੰਝਲਦਾਰ ਸਮਾਜਕ ਬਣਤਰ ਵਿੱਚ ਹੀ ਵਜੂਦ ਵਿੱਚ ਆ ਸਕਦੀ ਹੈ, ਜਦੋਂ ਕਿ ਵਧੇਰੇ ਠੋਸ ਸ਼੍ਰੇਣੀ, ਕਿਸੇ ਵੱਧ ਆਦਮ ਸਮਾਜਕ ਬਣਤਰ ਵਿੱਚ ਵੀ ਪੂਰਨ ਤੌਰ 'ਤੇ ਵਿਕਸਿਤ ਹੋ ਸਕਦੀ ਹੈ।

ਕਿਰਤ ਇੱਕ ਬਹੁਤ ਹੀ ਸਧਾਰਨ ਸ਼੍ਰੇਣੀ ਦਿਖਾਈ ਦੇਂਦੀ ਹੈ। ਆਪਣੇ ਵਿਆਪਕ ਰੂਪ ਵਿੱਚ, ਆਮ ਕਿਰਤ ਦੇ ਤੌਰ 'ਤੇ, ਕਿਰਤ ਦੀ ਧਾਰਨਾ, ਵੀ ਬਹੁਤ ਹੀ ਪੁਰਾਣੀ ਹੈ। ਤਾਂ ਵੀ, "ਕਿਰਤ" ਇਸ ਸਾਧਾਰਨਤਾ ਵਿੱਚ, ਇਸ ਤਰ੍ਹਾਂ ਹੀ, ਆਰਥਕ ਤੌਰ 'ਤੇ ਇੱਕ ਆਧੁਨਿਕ ਸ਼੍ਰੇਣੀ ਮੰਨੀ ਜਾਂਦੀ ਹੈ, ਜਿਵੇਂ ਕਿ ਉਹ ਸਬੰਧ ਮੰਨੇ ਜਾਂਦੇ ਹਨ, ਜਿਹੜੇ ਕਿ ਇਸ ਸਧਾਰਨ ਅਮੂਰਤਤਾ ਨੂੰ ਜਨਮ ਦੇਂਦੇ ਹਨ। ਮਿਸਾਲ ਲਈ, ਧਨਵੀ ਪ੍ਰਣਾਲੀ, ਅਜੇ ਤਕ ਵੀ, ਦੌਲਤ ਨੂੰ ਬਿਲਕੁਲ ਬਾਹਰਮੁਖੀ ਤੌਰ 'ਤੇ ਉਹ ਵਸਤੂ ਮੰਨਦੀ ਹੈ, ਜਿਹੜੀ ਕਿ ਧਨ ਦੇ ਰੂਪ ਵਿੱਚ ਬਿਲਕੁਲ ਸੁਤੰਤਰ ਤੌਰ 'ਤੇ ਮੌਜੂਦ ਹੈ। ਇਸ ਨਜ਼ਰੀਏ ਨਾਲ਼ ਮੁਕਾਬਲਾ ਕਰਦੇ ਹੋਇਆਂ ਇਹ ਇੱਕ ਬਹੁਤ ਵੱਡਾ ਅਗਲਾ ਕਦਮ ਸੀ, ਜਦੋਂ ਕਿ ਮਾਲ ਤਿਆਰ ਕਰਨ ਵਾਲ਼ੀ ਜਾਂ ਵਪਾਰਕ ਪ੍ਰਣਾਲੀ ਨੇ, ਦੌਲਤ ਦੇ ਸਾਧਨ ਨੂੰ ਬਾਹਰਮੁਖੀ ਤੋਂ ਅੰਤਰਮੁਖੀ ਸਰਗਰਮੀ, ਭਾਵ ਵਪਾਰਕ ਜਾਂ ਸਨਅਤੀ ਕਿਰਤ, ਵਿੱਚ ਬਦਲ ਦਿੱਤਾ, ਪਰ ਇਸ ਦਾ ਅਜੇ ਵੀ ਵਿਚਾਰ ਸੀ, ਕਿ ਕੇਵਲ ਇਹੋ ਸੀਮਾਬੰਦ ਸਰਗਰਮੀ ਖੁਦ ਧਨ ਨੂੰ ਪੈਦਾ ਕਰਦੀ ਹੈ। ਇਸ ਪ੍ਰਣਾਲੀ ਦੇ ਮੁਕਾਬਲੇ 'ਤੇ ਭੌਤਿਕਵਾਦੀ (ਫਿਜ਼ਿਓਕਰੈਟਸ) ਇਹ ਮੰਨ ਕੇ ਚੱਲਦੇ ਹਨ ਕਿ ਕਿਰਤ ਦਾ ਇੱਕ ਵਿਸ਼ੇਸ਼ ਰੂਪ, ਭਾਵ, ਖੇਤੀਬਾੜੀ, ਦੌਲਤ ਪੈਦਾ ਕਰਦਾ ਹੈ ਅਤੇ ਉਹ ਮੁੱਦੇ ਨੂੰ, ਬਿਲਕੁਲ ਧਨ ਦੇ ਚੌਲ਼ੇ ਵਿਚ ਨਹੀਂ ਵੇਖਦੇ; ਬਲਕਿ ਉਸ ਨੂੰ ਇੱਕ ਆਮ ਉਤਪਾਦ ਦੀ ਤਰ੍ਹਾਂ, ਕਿਰਤ ਦੇ ਵਿਆਪਕ ਸਿੱਟੇ ਦੇ ਰੂਪ ਵਿੱਚ ਵੇਖਦੇ ਹਨ। ਅਜੇ ਤੀਕ ਵੀ ਸੀਮਾਬੰਦ ਸਰਗਰਮੀ ਦੇ ਅਨੁਸਾਰ, ਉਤਪਾਦ, ਇੱਕ ਕੁਦਰਤੀ ਤੌਰ 'ਤੇ ਉੱਨਤ ਉਤਪਾਦ ਰਹਿੰਦੀ ਹੈ, ਇੱਕ ਜ਼ਰਾਇਤੀ ਉਤਪਾਦ, **ਸਭ ਤੋਂ ਉੱਤਮ**, ਧਰਤੀ ਦੀ ਉਤਪਾਦ।

ਇੱਕ ਬੜਾ ਵਾਧਾ ਉਦੋਂ ਹੋਇਆ, ਜਦੋਂ ਐਡਮ ਸਮਿੱਥ ਨੇ, ਸਰਗਰਮੀ, ਜਿਹੜੀ ਕਿ ਦੌਲਤ ਨੂੰ ਪੈਦਾ ਕਰਦੀ ਹੈ, ਬਾਰੇ ਸਾਰੀਆਂ ਪਾਬੰਦੀਆਂ ਨੂੰ ਰੱਦ ਕਰ ਦਿੱਤਾ; ਉਸ ਦੇ ਲਈ ਇਹ ਸਾਰਾ ਕੰਮ ਕਿਰਤ ਦਾ ਸੀ, ਨਾ ਇਕੱਲੀ ਫੈਕਟਰੀਆਂ ਵਿੱਚ ਲੱਗਣ ਵਾਲੀ, ਵਪਾਰਕ ਜਾਂ ਜ਼ਰਾਇਤੀ ਕਿਰਤ ਹੀ ਨਹੀਂ, ਬਲਕਿ ਸਭ ਤਰ੍ਹਾਂ ਦੀ ਕਿਰਤ। ਅਰੂਪ ਵਿਆਪਕਤਾ, ਜਿਹੜੀ ਕਿ ਦੌਲਤ ਨੂੰ ਜਨਮ ਦੇਂਦੀ ਹੈ, ਉਹ ਉਸੇ ਤਰ੍ਹਾਂ ਦੀ ਮੁੱਦਿਆਂ ਦੀ ਵਿਆਪਕਤਾ 'ਤੇ ਵੀ ਲਾਗੂ ਹੁੰਦੀ ਹੈ, ਜਿਸ ਨੂੰ ਦੌਲਤ ਦਾ ਨਾਂ ਦਿੱਤਾ ਜਾਂਦਾ ਹੈ: ਉਹ ਉਸ ਰੂਪ ਵਿੱਚ ਉਤਪਾਦਾਂ ਹਨ, ਜਾਂ ਇੱਕ ਵੇਰਾਂ ਮੁੜ ਉਸ ਰੂਪ ਵਿੱਚ ਕਿਰਤ ਹਨ, ਪਰ ਇਸ ਸੂਰਤ ਵਿੱਚ, ਉਹ ਬੀਤੀ, ਪਦਾਰਥ-ਬਣੀ ਕਿਰਤ ਹਨ। ਇਸ ਤਬਦੀਲੀ ਤੀਕ ਪੁੱਜਣ ਦੀ ਮੰਜ਼ਲ ਕਿੰਨੀ ਕਠਿਨ ਸੀ, ਇਸ ਦਾ ਅੰਦਾਜ਼ਾ ਇਸ ਹਕੀਕਤ ਤੋਂ ਲੱਗਦਾ ਹੈ, ਕਿ ਐਡਮ ਸਮਿੱਥ, ਆਪ ਖੁਦ, ਵਾਰ ਵਾਰ ਭੌਤਿਕਵਾਦੀ ਪ੍ਰਣਾਲੀ ਵੱਲ ਪਰਤਦਾ ਹੈ। ਇਹ ਇਸ ਤਰ੍ਹਾਂ ਪ੍ਰਤੀਤ ਹੋ ਸਕਦਾ ਹੈ; ਕਿ ਇਸ ਢੰਗ ਨਾਲ਼ ਇੱਕ ਸਭ ਤੋਂ ਸਾਧਾਰਨ ਅਤੇ ਸਭ ਤੋਂ ਪੁਰਾਤਨ ਸਬੰਧ ਦੇ, ਜਿਸ ਵਿੱਚ ਕਿ ਮਨੁੱਖਾ ਜੀਵ ਬਿਨਾਂ ਆਪਣੇ ਕਾਲ ਦੇ ਸਮਾਜ ਦੇ ਬੰਧਨ ਤੋਂ ਉਤਪਾਦਕਾਂ ਦੇ ਰੂਪ ਵਿੱਚ ਕੰਮ ਕਰਦੇ ਹਨ, ਇੱਕ ਅਰੂਪ ਪ੍ਰਗਟਾਅ ਦਾ ਹੀ ਪਤਾ ਲੱਗਿਆ ਸੀ। ਇਹ ਗੱਲ, ਇੱਕ ਪੱਖੋਂ ਬਿਲਕੁਲ ਸਹੀ ਹੈ, ਪਰ ਦੂਜੇ ਪੱਖੋਂ ਨਹੀਂ।

ਇਹ ਹਕੀਕਤ, ਕਿ ਕਿਸੇ ਖਾਸ ਕਿਸਮ ਦੀ ਕਿਰਤ ਬੇ-ਮਤਲਬ ਹੈ, ਇਸ ਦਾ

ਭਾਵ ਪਹਿਲਾਂ ਤੋਂ ਹੀ ਇਹ ਮੰਨ ਕੇ ਚਲਣਾ ਹੈ ਕਿ ਕਿਰਤ ਦੀਆਂ ਅਸਲ ਵਿੱਚ ਮੌਜੂਦਾ ਕਿਸਮਾਂ ਦੇ ਇੱਕ ਅੱਤ-ਉੱਨਤ ਢਾਂਚੇ ਦਾ ਵਜੂਦ ਮੌਜੂਦ ਹੈ, ਜਿਨ੍ਹਾਂ ਵਿੱਚੋਂ ਕੋਈ ਵੀ ਇੱਕ ਕਿਸਮ ਬਾਕੀਆਂ ਤੋਂ ਵੱਧ ਮਹੱਤਤਾ ਵਾਲ਼ੀ ਨਹੀਂ। ਸਭ ਤੋਂ ਵੱਧ ਆਮ ਅਰੂਪਤਾਵਾਂ, ਕੁੱਲ ਮਿਲਾ ਕੇ, ਕੇਵਲ ਉਦੋਂ ਜਨਮ ਲੈਂਦੀਆਂ ਹਨ, ਜਦੋਂ ਕਿ ਠੋਸ ਵਿਕਾਸ ਸਭ ਤੋਂ ਵੱਧ ਪ੍ਰਤੱਖ ਹੁੰਦਾ ਹੈ, ਜਿਸ ਕਰਕੇ ਕੋਈ ਵਿਸ਼ੇਸ਼ ਗੁਣ ਬਹੁਤੀਆਂ; ਬਲਕਿ ਸਾਰੀਆਂ ਹੀ ਘਟਨਾਵਾਂ ਵਿੱਚ ਆਮ ਦਿਖਾਈ ਦੇਣ ਲੱਗਦਾ ਹੈ। ਫੇਰ ਇਹ ਕੇਵਲ-ਮਾਤਰਾ ਕਿਸੇ ਇੱਕੋ ਖਾਸ ਰੂਪ ਵਿੱਚ ਨਹੀਂ ਕਲਪਿਆ ਜਾਂਦਾ। ਕਿਰਤ ਦੀ ਇਹ ਅਰੂਪਤਾ, ਦੂਜੇ ਪੱਖੋਂ, ਕਿਸੇ ਤਰ੍ਹਾਂ ਵੀ, ਕਿਰਤ ਦੇ ਵੱਖ ਵੱਖ ਠੋਸ ਰੂਪਾਂ ਦਾ ਅਵਧਾਰਨੀ ਸਿੱਟਾ ਨਹੀਂ ਹੁੰਦਾ। ਇਹ ਤੱਥ, ਕਿ ਕਿਸੇ ਖਾਸ ਕਿਸਮ ਦੀ ਵਰਤੀ ਕਿਰਤ, ਬੇ-ਮਤਲਬ ਹੁੰਦੀ ਹੈ, ਉਸ ਖਾਸ ਪ੍ਰਕਾਰ ਦੀ ਸਮਾਜ ਲਈ ਠੀਕ ਹੋ ਸਕਦੀ ਹੈ, ਜਿਸ ਵਿੱਚ ਕਿ ਵਿਅਕਤੀ, ਸੌਖਿਆਂ ਹੀ ਇੱਕ ਪ੍ਰਕਾਰ ਦੀ ਕਿਰਤ ਨੂੰ ਛੱਡ ਕੇ ਦੂਜੀ ਤਰ੍ਹਾਂ ਦੀ ਕਿਰਤ ਨੂੰ, ਅਪਣਾ ਸਕਦੇ ਹਨ, ਜਿੱਥੇ ਕਿਸੇ ਖਾਸ ਪ੍ਰਕਾਰ ਦੀ ਕਿਰਤ ਨਾਲ਼ ਉਹਨਾਂ ਦਾ ਬਹੁਤਾ ਵਾਹ ਨਹੀਂ ਪੈਂਦਾ, ਇਸ ਲਈ ਇਹ ਉਹਨਾਂ ਲਈ ਬੇਮਤਲਬ ਹੁੰਦੀ ਹੈ। ਕਿਰਤ, ਨਾ ਕੇਵਲ ਇਕ ਸ਼੍ਰੇਣੀ ਦੇ ਰੂਪ ਵਿੱਚ, ਬਲਕਿ ਅਸਲੀਅਤ ਵਿੱਚ ਵੀ, ਇੱਕ ਉਹ ਸਾਧਨ ਬਣ ਚੁੱਕੀ ਹੈ, ਜਿਹੜਾ ਕਿ ਆਮ ਹੀ ਦੌਲਤ ਨੂੰ ਪੈਦਾ ਕਰਦਾ ਹੈ ਅਤੇ ਜਿਹੜਾ ਹੁਣ ਕਿਸੇ ਇੱਕਾ-ਦੁੱਕਾ ਵਿਅਕਤੀ ਦੇ ਪੱਲੇ ਨਾਲ਼ ਬੱਝਣੋਂ ਇਨਕਾਰ ਕਰ ਚੁੱਕਾ ਹੈ। ਇਸ ਤਰ੍ਹਾਂ ਦੀਆਂ ਸਭ ਤੋਂ ਵੱਧ ਉੱਘੜੀਆਂ ਪ੍ਰਸਥਿਤੀਆਂ ਸੰਯੁਕਤ ਰਾਜ ਅਮਰੀਕਾ ਵਿੱਚ ਵੇਖਣ ਨੂੰ ਮਿਲਦੀਆਂ ਹਨ, ਜਿਹੜਾ ਦੇਸ਼ ਕਿ ਬੁਰਜੂਆ ਸਮਾਜ ਦਾ ਸਭ ਤੋਂ ਵੱਧ ਆਧੁਨਿਕ ਰੂਪ ਧਾਰਨ ਕਰ ਚੁੱਕਾ ਹੈ। ਅਰੂਪ ਸ਼੍ਰੇਣੀ "ਕਿਰਤ", "ਕਿਰਤ ਆਪਣੇ ਆਪ ਵਿੱਚ", ਨੰਗੇ ਰੂਪ ਵਿੱਚ ਕਿਰਤ, ਜਿਹੜੀ ਕਿ ਅਜੋਕੇ ਅਰਥ-ਸ਼ਾਸਤਰੀਆਂ ਦਾ ਨਿਖੇੜ-ਨੁਕਤਾ ਬਣ ਚੁੱਕੀ ਹੈ, ਇਸ ਤਰ੍ਹਾਂ ਦੀ ਕੇਵਲ, ਅਮਲੀ ਸੱਚਾਈ, ਉੱਥੇ ਹੀ ਵੇਖਣ ਨੂੰ ਮਿਲਦੀ ਹੈ। ਸਭ ਤੋਂ ਸਾਧਾਰਨ ਅਰੂਪਤਾ, ਜਿਹੜੀ ਕਿ ਅਜੋਕੀ ਸਿਆਸੀ ਆਰਥਕਤਾ ਵਿੱਚ ਇੱਕ ਨਿਰਣਈ ਰੋਲ ਅਦਾ ਕਰਦੀ ਹੈ, ਉਹ ਅਰੂਪਤਾ ਜਿਹੜੀ ਕਿ ਸਾਰੀਆਂ ਸਮਾਜਕ ਬਣਤਰਾਂ ਵਿੱਚ ਮੌਜੂਦ, ਪੁਰਾਤਨ ਸਬੰਧ ਨੂੰ ਪ੍ਰਗਟ ਕਰਦੀ ਹੈ, ਪਰ ਤਾਂ ਵੀ, ਸਾਫ ਦਿਖਣ ਵਾਲ਼ੀ ਸੱਚਾਈ ਦੇ ਰੂਪ ਵਿੱਚ, ਸਭ ਤੋਂ ਵੱਧ ਆਧੁਨਿਕ ਸਮਾਜ ਦੀ ਇੱਕ ਸ਼੍ਰੇਣੀ ਦੇ ਰੂਪ ਵਿੱਚ, ਇਸ ਅਰੂਪ ਰੂਪ ਵਿੱਚ ਇਹ ਹੀ ਦਿਖਾਈ ਦੇਂਦੀ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜਿਹੜੀਆਂ ਘਟਨਾਵਾਂ ਸੰਯੁਕਤ ਰਾਜ ਅਮਰੀਕਾ ਵਿੱਚ ਇਤਿਹਾਸਕ ਉਤਪਾਦਾਂ ਹਨ, ਅਰਥਾਤ ਕਿਰਤ ਦੇ ਕਿਸੇ ਖਾਸ ਰੂਪ ਦੀ ਅਸੰਗਤੀ ਹਨ, ਇਹ ਰੂਸੀਆਂ ਵਿੱਚ ਵੀ ਦਿਖਾਈ ਦੇਂਦੀਆਂ ਹਨ, ਜਿਵੇਂ ਕਿ ਕੁਦਰਤੀ ਤੌਰ 'ਤੇ ਵਿਕਸਿਤ ਹੋਈਆਂ ਪ੍ਰਵਿਰਤੀਆਂ। ਪਰ, ਇਸ ਪ੍ਰਸੰਗ ਵਿੱਚ ਪਹਿਲੀ ਗੱਲ ਤਾਂ ਇਹ ਹੈ ਕਿ ਜਾਂਗਲੀਆਂ ਵਿਚਕਾਰ ਕਿਸੇ ਪ੍ਰਵਿਰਤੀ ਦੇ ਹੋਣ ਦਾ, ਜਿਹੜੀ ਕਿ ਉਹਨਾਂ ਨੂੰ ਵੱਖ ਵੱਖ ਕੰਮਾਂ ਵਿੱਚ ਲਗਾਏ ਜਾਣ ਦੀ ਸੰਭਾਵਨਾ ਪੈਦਾ ਕਰ ਦੇਂਦੀ ਹੈ, ਅਤੇ ਸਭਿਅ ਲੋਕਾਂ, ਜਿਹੜੇ ਕਿ ਵੱਖ ਵੱਖ ਕੰਮਾਂ ਵਿੱਚ ਆਪਣੇ ਆਪ ਨੂੰ ਲਾਉਂਦੇ ਹਨ, ਵਿੱਚ ਇੱਕ ਬੜਾ ਵੱਡਾ ਫਰਕ ਹੈ। ਦੂਜੀ ਗੱਲ, ਰੂਸੀਆਂ ਵਿੱਚ ਕਿਰਤ ਦੀ ਕਿਸੇ ਖਾਸ ਪ੍ਰਕਾਰ ਵੱਲ ਰੁਚੀ ਦੇ ਨਾ ਹੋਣ ਦਾ ਅਮਲ

ਵਿੱਚ ਕਾਰਨ ਇਹ ਹੈ, ਕਿ ਉਹ ਆਪਣੀ ਰਵਾਇਤੀ ਆਦਤ ਦੇ ਕਾਰਨ, ਕਿਰਤ ਦੀ ਇੱਕ ਖਾਸ ਪ੍ਰਕਾਰ ਨਾਲ਼ ਬਹੁਤ ਡੂੰਘੇ ਤੌਰ 'ਤੇ ਚੰਬੜੇ ਹੋਏ ਹਨ, ਜਿਸ ਤੋਂ ਉਹ ਬਾਹਰਲੇ ਪ੍ਰਭਾਵਾਂ ਕਾਰਨ ਹੀ ਛੁਟਕਾਰਾ ਪਾ ਸਕਦੇ ਹਨ।

ਕਿਰਤ ਦੀ ਮਿਸਾਲ ਬਹੁਤ ਸਪੱਸ਼ਟ ਰੂਪ ਵਿੱਚ ਇਹ ਦਿਖਾ ਦੇਂਦੀ ਹੈ ਕਿ ਕਿਵੇਂ ਸਭ ਤੋਂ ਵੱਧ ਅਰੂਪ ਸ਼੍ਰੇਣੀਆਂ ਵੀ, ਭਾਵੇਂ ਸਾਰੇ ਯੁੱਗਾਂ ਵਿੱਚ ਉਹਨਾਂ ਦੀ ਵਿਦਮਾਨਤਾ ਦੇ ਵੀ ਕਾਰਨ ਕਿ ਉਹ ਅਰੂਪਤਾਵਾਂ ਹਨ – ਉਹ ਵੀ ਬਰਾਬਰ ਇਤਿਹਾਸਕ ਪ੍ਰਸਥਿਤੀਆਂ ਦੀ ਇੱਕ ਪੈਦਾਵਾਰ ਹਨ, ਭਾਵੇਂ ਹੈਨ ਅਰੂਪਤਾਵਾਂ ਦੇ ਹੀ ਇੱਕ ਵਿਸ਼ੇਸ਼ ਰੂਪ ਵਿੱਚ ਅਤੇ ਕਿ ਉਹਨਾਂ ਦੀ ਪੂਰੀ ਸਾਰਥਕਤਾ, ਇਹਨਾਂ ਪ੍ਰਸਥਿਤੀਆਂ ਦੇ ਲਈ ਹੀ ਅਤੇ ਇਹਨਾਂ ਦੇ ਢਾਂਚੇ ਅੰਦਰ ਹੀ ਬਰਕਰਾਰ ਰਹਿ ਸਕਦੀ ਹੈ।

ਬੁਰਜੂਆ ਸਮਾਜ, ਪੈਦਾਵਾਰ ਦੀ ਸਭ ਤੋਂ ਵੱਧ ਉੱਨਤ ਅਤੇ ਗੁੰਝਲਦਾਰ ਇਤਿਹਾਸਕ ਜੱਥੇਬੰਦੀ ਹੈ। ਇਸ ਲਈ, ਸ਼੍ਰੇਣੀਆਂ ਜਿਹੜੀਆਂ ਕਿ ਇਸ ਦੇ ਸਬੰਧਾਂ ਨੂੰ ਪ੍ਰਗਟਾਂਉਦੀਆਂ ਹਨ ਅਤੇ ਇਸ ਦੇ ਢਾਂਚੇ ਦੀ ਸਮਝਦਾਰੀ, ਉੱਚ ਦ੍ਰਿਸ਼ਟੀ ਨੂੰ ਪੈਦਾ ਕਰ ਦੇਂਦੀ ਹੈ, ਜਿਸ ਦੀ ਸਹਾਇਤਾ ਨਾਲ਼ ਸਾਰੀਆਂ ਪਹਿਲਾਂ ਦੀਆਂ ਮੌਜੂਦ ਸਮਾਜਕ ਬਣਤਰਾਂ – ਜਿਹਨਾਂ ਦੀਆਂ ਮੜ੍ਹੀਆਂ-ਮਸਾਣਾਂ 'ਤੇ ਅਤੇ ਜਿਹਨਾਂ ਦੇ ਬਣਾਉਣ ਵਾਲ਼ੇ ਅਨਸਰਾਂ ਦੀ ਵਰਤੋਂ ਨਾਲ਼, ਇਸ ਬੁਰਜੂਆ ਸਮਾਜ ਦੀ ਥੜੀ ਖੜ੍ਹੀ ਕੀਤੀ ਗਈ – ਦੇ ਢਾਂਚਿਆਂ ਅਤੇ ਉਹਨਾਂ ਦੇ ਉਪਜ-ਸਬੰਧਾਂ 'ਤੇ ਝਾਤ ਪਾਈ ਜਾ ਸਕਦੀ ਹੈ। ਇਹਨਾਂ ਦੀ ਕੁਝ ਰਹਿੰਦ-ਖੂੰਹਦ, ਜਿਹੜੀ ਕਿ ਬੁਰਜੂਆ ਸਮਾਜ ਵਿੱਚ ਪੂਰੇ ਤੌਰ 'ਤੇ ਜਜ਼ਬ ਨਹੀਂ ਹੋਈ, ਅਜੇ ਵੀ ਇਸ ਦੇ ਆਪਣੇ ਅੰਦਰ ਚੱਲਦੀ ਨਜ਼ਰੀਂ ਪੈ ਜਾਂਦੀ ਹੈ, ਪਰ ਦੂਜੀਆਂ ਕਈ ਵਸਤਾਂ, ਜਿਹੜੀਆਂ ਕਿ ਪਹਿਲਾਂ ਕੇਵਲ ਅਰੰਭਕ ਅਵਸਥਾ ਵਿੱਚੋਂ ਹੀ ਮੌਜੂਦ ਸਨ, ਉਹ ਉਸ ਤੋਂ ਬਹੁਤ ਅੱਗੇ ਉਨਤ ਹੋ ਗਈਆਂ ਹਨ ਅਤੇ ਉਹਨਾਂ ਨੂੰ ਆਪਣੀ ਪੂਰਨ ਮਹੱਤਤਾ ਆਦਿ ਮਿਲ ਗਈ ਹੈ। ਮਨੁੱਖ ਦੀ ਸਰੀਰ ਰਚਨਾ ਵਨ ਮਾਨੁਸ ਦੇ ਸਰੀਰਕ ਢਾਂਚੇ ਦੀ ਚਾਬੀ ਹੈ। ਦੂਜੇ ਪਾਸੇ, ਪਸ਼ੂਆਂ ਦੇ ਨੀਵੇਂ ਵਰਗਾਂ ਵਿੱਚ, ਵਧੇਰੇ ਉੱਨਤ ਰੂਪਾਂ ਦੇ ਮੌਜੂਦ ਅਰੰਭਕ ਚਿੰਨ੍ਹਾਂ ਨੂੰ ਤਾਂ ਹੀ ਸਮਝਿਆ ਜਾ ਸਕਦਾ ਹੈ, ਜਦੋਂ ਕਿ ਵੱਧ ਉੱਨਤ ਰੂਪਾਂ ਦੀ ਪਹਿਲਾਂ ਤੋਂ ਜਾਣਕਾਰੀ ਹੋਵੇ। ਬੁਰਜੂਆ ਆਰਥਕਤਾ ਦੇ ਇਸ ਤਰ੍ਹਾਂ ਸਮਝ ਲੈਣ ਨਾਲ਼ ਪੁਰਾਤਨ ਕਾਲਾਂ ਤੋਂ ਆ ਰਹੀਆਂ ਆਰਥਕਤਾਵਾਂ ਨੂੰ ਸਮਝਣ ਦਾ ਗੁਰ ਲੱਭ ਜਾਂਦਾ ਹੈ। ਪਰ ਇਸ ਗੁਰ (ਦੂਰ ਦ੍ਰਿਸ਼ਟੀ) ਨੂੰ ਲੱਭ ਸਕਣਾ ਉਦੋਂ ਤੱਕ ਬਿਲਕੁੱਲ ਸੰਭਵ ਨਹੀਂ, ਜਦੋਂ ਤੀਕ ਉਹਨਾਂ ਅਰਥ-ਸ਼ਾਸਤਰੀਆਂ ਦੇ ਢੰਗ ਤੋਂ ਕੰਨੀ ਨਾ ਛੁਡਾਈ ਜਾਵੇ, ਜਿਹੜੇ ਕਿ ਸਾਰੇ ਇਤਿਹਾਸਕ ਫਰਕਾਂ ਨੂੰ ਮਿਟਾਉਣ 'ਤੇ ਤੁਲੇ ਹੋਏ ਹਨ, ਅਤੇ ਜਿਹੜੇ ਕਿ ਸਾਰੀਆਂ ਸਮਾਜਿਕ ਘਟਨਾਵਾਂ ਵਿੱਚ ਕੇਵਲ ਬੁਰਜੂਆਜ਼ੀ ਵਰਤਾਰੇ ਹੀ ਹੁੰਦੇ ਵੇਖਦੇ ਹਨ। ਜੇ ਕਿਸੇ ਨੂੰ ਕਿਰਾਏ (ਲਗਾਨ) ਦੀ ਸਮਝ ਆ ਜਾਂਦੀ ਹੈ, ਉਸ ਲਈ ਖਿਰਾਜ, ਦਸਵੰਧ ਆਦਿ ਦੀ ਸਮਝ ਆਉਣੀ ਵੀ ਸਰਲ ਹੋ ਜਾਂਦੀ ਹੈ, ਪਰ ਇਸ ਦਾ ਇਹ ਮਤਲਬ ਤਾਂ ਨਹੀਂ ਹੋ ਜਾਂਦਾ ਕਿ ਇਹ ਸਾਰੇ ਰੂਪ ਇੱਕੋ ਹੀ ਹਨ।

ਕਿਉਂਕਿ ਬੁਰਜੂਆ ਸਮਾਜ, ਇਸ ਤੋਂ ਅੱਗੇ, ਵਿਕਾਸ ਦਾ ਇੱਕ ਵਿਰੋਧਤਾਈਆਂ

ਭਰਿਆ ਰੂਪ ਹੀ ਤਾਂ ਹੈ, ਇਸ ਅੰਦਰ ਇਸ ਤੋਂ ਪਹਿਲੀਆਂ ਸਮਾਜਾਂ ਦੇ ਸਬੰਧ, ਬਹੁਤ ਵਾਰ, ਕੇਵਲ ਰੁਕੇ ਵਿਕਾਸ ਦੇ ਰੂਪ ਵਿੱਚ, ਜਾਂ ਕਿ ਕੋਰੇ ਹਸੌਣੇ ਰੂਪ ਵਿੱਚ, ਜਿਵੇਂ ਕਿ ਭਾਈਚਾਰਕ ਮਾਲਕੀ, ਹੀ ਵੇਖਣ ਨੂੰ ਮਿਲਦੇ ਹਨ। ਇਸ ਤਰ੍ਹਾਂ ਭਾਵੇਂ ਇਹ ਸੱਚ ਹੈ ਕਿ ਬੁਰਜੂਆ ਆਰਥਕਤਾ ਦੀਆਂ ਸ਼੍ਰੇਣੀਆਂ ਦਾ ਹੋਰ ਸਾਰੀਆਂ ਸਮਾਜਿਕ ਬਣਤਰਾਂ ਵਿੱਚ ਵੀ ਹੋਣਾ ਸਹੀ ਹੈ, ਪਰ ਇਸ ਨੂੰ ਥੋੜ੍ਹਾ ਅੰਤਰ ਰੱਖ ਕੇ ਹੀ ਸਮਝਣਾ ਠੀਕ ਹੈ, ਕਿਉਂਕਿ ਉਹਨਾਂ ਅੰਦਰ ਕੋਈ ਵਿਕਸਿਤ, ਰੁਕੇ ਵਿਕਾਸ ਵਾਲ਼ਾ, ਜਾਂ ਕਾਰਟੂਨ ਰੂਪ ਵੀ ਹੋ ਸਕਦਾ ਹੈ, ਭਾਵ ਕਿ ਉਹਨਾਂ ਵਿਚਕਾਰ ਚੰਗਾ-ਖਾਸਾ ਫਰਕ ਸਦਾ ਹੀ ਦਿਖਾਈ ਦੇ ਸਕਦਾ ਹੈ, ਜਿਸ ਨੂੰ ਇਤਿਹਾਸਕ ਵਿਕਾਸ ਦਾ ਨਾਂ ਦਿੱਤਾ ਜਾਂਦਾ ਹੈ, ਉਸ ਦਾ ਨਿਰਭਰ, ਆਮ ਕਰਕੇ ਇਸ ਗੱਲ 'ਤੇ ਹੁੰਦਾ ਹੈ, ਕਿ ਸਭ ਤੋਂ ਨਵਾਂ ਰੂਪ, ਆਪਣੇ ਤੋਂ ਪਹਿਲਾਂ ਦੇ ਰੂਪਾਂ ਨੂੰ ਆਪਣੇ ਵਿਕਾਸ ਦੇ ਹੀ ਵੱਖ ਵੱਖ ਪੜਾਅ ਮੰਨਦਾ ਹੈ ਅਤੇ ਸਦਾ ਉਹਨਾਂ ਦੀ ਕਲਪਨਾ ਇੱਕ ਪੱਖੇ ਢੰਗ ਨਾਲ਼ ਕਰਦਾ ਹੈ। ਉਸ ਦਾ ਕਾਰਨ ਇਹ ਹੁੰਦਾ ਹੈ ਕਿ ਸਮਾਜ, ਕਦੇ-ਕਦਾਈਂ ਹੀ ਅਤੇ ਬਹੁਤ ਹੀ ਖਾਸ ਪ੍ਰਸਥਿਤੀਆਂ ਵਿੱਚ, ਆਪਣੇ ਵੱਲ, ਕੋਈ ਪੜਚੋਲ਼ ਭਰਿਆ ਰੁਖ ਅਪਨਾਉਣ ਦੀ ਖੇਚਲ ਕਰਦਾ ਹੈ। ਅਵੱਸ਼ ਹੀ, ਇਸ ਪ੍ਰਸੰਗ ਵਿੱਚ ਅਸੀਂ ਉਹਨੰ ਇਤਿਹਾਸਕ ਦੌਰਾਂ ਦੀ ਗੱਲ ਨਹੀਂ ਕਰਦੇ, ਜਿਹੜੇ ਕਿ ਆਪਣੇ ਆਪ ਹੀ ਇਹ ਵਿਸ਼ਵਾਸ ਕਰ ਲੈਂਦੇ ਹਨ ਕਿ ਉਹ ਉਤਾਰ ਦੇ ਦੌਰ ਹਨ। ਈਸਾਈ ਧਰਮ, ਆਪਣੇ ਤੋਂ ਪਹਿਲਾਂ ਦੇ ਮਿਥਿਹਾਸਾਂ ਦੀ ਕਿਸੇ ਬਾਹਰਮੁਖੀ ਸਮਝਦਾਰੀ ਨੂੰ ਕਿਵੇਂ ਸਹਾਰਾ ਲਾ ਸਕਿਆ ? ਕਿਉਂਕਿ ਇਹ ਕਿਸੇ ਹੱਦ ਤੀਕ ਆਪਣੀ ਖੁਦ ਦੀ ਪੜਚੋਲ਼ ਕਰਨ ਨੂੰ ਤਿਆਰ ਸੀ, ਕਿਉਂਕਿ ਇਸ ਦੇ ਆਪਣੇ ਅੰਦਰ ਅਜਿਹਾ ਰੁਝਾਨ ਮੌਜੂਦ ਸੀ। ਇਸੇ ਤਰ੍ਹਾਂ, ਜਦੋਂ ਕਿ ਬੁਰਜੂਆ ਸਮਾਜ ਦੀ ਆਪਾ-ਪੜਚੋਲ਼ ਸ਼ੁਰੂ ਹੋ ਗਈ, ਤਾਂ ਹੀ ਬੁਰਜੂਆ ਸਿਆਸੀ ਆਰਥਕਤਾ, ਮਿਥਿਹਾਸਕ ਢੰਗ ਨਾਲ਼, ਆਪਣੇ ਆਪ ਨੂੰ, ਬੀਤੇ ਨਾਲ਼ ਮਿਲਾਣ ਦਾ ਯਤਨ ਨਹੀਂ ਕਰਦੀ, ਉਥੋਂ ਤੀਕ ਇਸ ਦੀ ਆਪਣੇ ਤੋਂ ਪਹਿਲਾਂ ਦੀਆਂ ਆਰਥਕਤਾਵਾਂ ਦੀ ਆਲੋਚਨਾ, ਖਾਸ ਕਰਕੇ, ਜਗੀਰੂ ਪ੍ਰਣਾਲੀ ਦੀ, ਜਿਸ ਦੇ ਖਿਲਾਫ਼ ਇਸ ਨੂੰ ਅੱਜ ਵੀ ਸਿੱਧਾ ਘੋਲ਼ ਲੜਨਾ ਪੈ ਰਿਹਾ ਹੈ, ਇਹ ਉਸ ਆਲੋਚਨਾ ਨਾਲ਼ ਮਿਲਦੀ ਜੁਲਦੀ ਹੈ, ਜਿਹੜੀ ਕਿ ਈਸਾਈਮਤ ਨੇ ਮਲੇਛਤਾ ਦੇ ਖਿਲਾਫ਼ ਚਲਾਈ ਸੀ, ਜਾਂ ਜਿਹੜੀ ਕਿ ਪ੍ਰੋਟੈਸਟੈਂਟਵਾਦੀਆਂ ਨੂੰ ਕੈਥੋਲਿਕਵਾਦੀਆਂ ਦੇ ਖਿਲਾਫ਼ ਛੇੜਨੀ ਪਈ ਸੀ।

ਜਿਵੇਂ ਕਿ, ਆਮ ਹੀ, ਕਿਸੇ ਇਤਿਹਾਸਕ ਜਾਂ ਸਮਾਜਕ ਵਿਗਿਆਨ ਦੀ ਜਾਂਚ ਕਰਨ ਵੇਲੇ ਹੁੰਦਾ ਹੈ, ਤਿਵੇਂ ਹੀ ਆਰਥਕ ਸ਼੍ਰੇਣੀਆਂ ਦੇ ਵਿਕਾਸ ਦੀ ਸੂਰਤ ਵਿੱਚ, ਇਹ ਯਾਦ ਰੱਖਣਾ ਸਦਾ ਲਾਜ਼ਮੀ ਹੁੰਦਾ ਹੈ ਕਿ ਵਿਸ਼ਾ, ਅਤੇ ਇਸ ਪ੍ਰਸੰਗ ਵਿੱਚ, ਸਮਕਾਲੀ ਬੁਰਜੂਆ ਸਮਾਜ, ਅਸਲੀਅਤ ਵਿੱਚ ਅਤੇ ਮਨ ਦੋਹਾਂ ਵਿੱਚ, ਪਹਿਲਾਂ ਤੋਂ ਹੀ ਮੰਨਿਆ ਹੁੰਦਾ ਹੈ ਅਤੇ ਕਿ ਇਸ ਲਈ, ਸ਼੍ਰੇਣੀਆਂ, ਇਸ ਖਾਸ ਸਮਾਜ ਦੇ ਵਿਰੁੱਧ ਹੋਂਦ ਦੇ ਰੂਪਾਂ ਅਤੇ ਹੋਂਦ ਦੀਆਂ ਹਾਲਤਾਂ ਨੂੰ ਅਤੇ ਕਦੇ ਕਦੇ ਕੇਵਲ ਅਲੱਗ-ਅਲੱਗ ਪੱਖਾਂ ਨੂੰ ਪ੍ਰਗਟਾਂਉਦੀਆਂ ਹਨ; ਇਸ ਤਰ੍ਹਾਂ ਸ਼੍ਰੇਣੀ, **ਵਿਗਿਆਨਕ ਨਜ਼ਰੀਏ ਤੱਕ ਤੋਂ ਵੀ**, ਕਿਸੇ ਤਰ੍ਹਾਂ ਉਸੇ ਪਲ ਆਰੰਭ ਨਹੀਂ ਹੁੰਦੀ, ਜਦੋਂ ਕਿ ਉਸ ਬਾਰੇ, **ਇਸੇ ਰੂਪ ਵਿੱਚ** ਵਿਚਾਰਾਂ ਹੋ ਰਹੀਆਂ ਹੁੰਦੀਆਂ ਹਨ। ਇਹ ਯਾਦ ਰੱਖਣਾ

ਬੜਾ ਜ਼ਰੂਰੀ ਹੈ, ਕਿਉਂਕਿ ਇਸ ਤੋਂ ਪਦਾਰਥ ਦੇ ਪ੍ਰਬੰਧ ਲਈ ਬੜੀ ਅਹਿਮ ਕਸੌਟੀ ਮਿਲਦੀ ਹੈ। ਮਿਸਾਲ ਲਈ, ਕਿਰਾਏ ਤੋਂ ਭਾਵ, ਜ਼ਮੀਨੀ ਸੰਪੱਤੀ ਤੋਂ ਆਰੰਭ ਕਰਨ ਤੋਂ ਵੱਧ ਸੁਭਾਵਿਕ ਗੱਲ ਹੋਰ ਕੋਈ ਨਹੀਂ ਲੱਗਦੀ, ਕਾਰਨ ਕਿ ਇਸ ਦਾ ਸਬੰਧ ਧਰਤ ਨਾਲ਼ ਹੈ, ਜਿਹੜੀ ਕਿ ਸਾਰੀ ਪੈਦਾਵਾਰ ਦਾ, ਸਾਰੀ ਜ਼ਿੰਦਗੀ ਦਾ ਸਰੋਤ ਹੈ, ਇਸ ਦਾ ਸਬੰਧ ਖੇਤੀਬਾੜੀ ਨਾਲ਼ ਹੈ, ਜਿਹੜੀ ਕਿ ਸਾਰੇ ਸਮਾਜਾਂ ਵਿੱਚ, ਜਿਹਨਾਂ ਨੇ ਕਿਸੇ ਹੱਦ ਤੀਕ ਸਥਿਰਤਾ ਪ੍ਰਾਪਤ ਕਰ ਰੱਖੀ ਹੈ, ਪੈਦਾਵਾਰ ਦਾ ਪਹਿਲਾ ਰੂਪ ਹੈ। ਹਰ ਸਮਾਜਿਕ ਬਣਤਰ ਵਿੱਚ, ਪੈਦਾਵਾਰ ਦੀ ਇੱਕ ਖਾਸ ਸਾਖ ਰਹਿੰਦੀ ਹੈ, ਜਿਹੜੀ ਕਿ ਬਾਕੀ ਸਾਰੀਆਂ ਦੀ ਸਥਿਤੀ ਅਤੇ ਮਹੱਤਤਾ ਦਾ ਨਿਸ਼ਚਾ ਕਰਦੀ ਹੈ ਅਤੇ ਇਸ ਬਰਾਂਚ ਅੰਦਰ ਜੋ ਸਬੰਧ ਮੌਜੂਦ ਹੁੰਦੇ ਹਨ, ਉਹੋ, ਇਸ ਅਨੁਸਾਰ, ਬਾਕੀ ਸਾਰੀਆਂ ਦੇ ਸਬੰਧਾਂ ਦਾ ਵੀ ਨਿਸ਼ਚਾ ਕਰਦੇ ਹਨ। ਇਹ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਿ ਕਿਸ ਖਾਸ ਰੰਗ ਦੀ ਰੋਸ਼ਨੀ ਹਰ ਚੀਜ਼ ਦੇ ਉੱਪਰ ਪਾ ਦਿੱਤੀ ਗਈ ਹੈ, ਹੋਰ ਸਾਰੇ ਰੰਗ ਇਸ ਨਾਲ਼ ਘੁਲ ਮਿਲ ਗਏ ਹਨ ਅਤੇ ਉਹਨਾਂ ਦੀਆਂ ਆਪਣੀਆਂ ਖਾਸ ਭਾਗਾਂ ਬਦਲ ਗਈਆਂ ਹਨ; ਜਾਂ ਫੇਰ ਇੱਕ ਖਾਸ ਕਿਸਮ ਦਾ ਈਥਰ ਹੈ ਜਿਸ ਨੇ ਆਪਣੇ ਵਿੱਚ ਆਈ ਹਰ ਵਸਤ ਦੇ ਸਾਪੇਖੀ ਗੁਰੁਤਵਾਕਰਸ਼ਣ ਦਾ ਨਿਸ਼ਚਾ ਕਰ ਦਿੱਤਾ ਗਿਆ ਹੈ। ਅਸੀਂ ਮਿਸਾਲ ਲਈ ਚਰਵਾਹੇ ਕਬੀਲਿਆਂ ਨੂੰ ਲੈਂਦੇ ਹਾਂ (ਜਿਹੜੇ ਕਬੀਲੇ ਨਰੋਲ ਸ਼ਿਕਾਰ, ਮੱਛੀ-ਮਾਰੀ 'ਤੇ ਜੀਂਦੇ ਸਨ, ਉਹ ਉਸ ਸੀਮਾ-ਰੇਖਾ ਤੋਂ ਪਰ੍ਹੇ ਹਨ, ਜਿੱਥੋਂ ਕਿ ਅਸਲ ਵਿਕਾਸ ਆਰੰਭ ਹੁੰਦਾ ਹੈ।) ਉਹਨਾਂ ਵਿਚਕਾਰ, ਇੱਕ ਖਾਸ ਕਿਸਮ ਦੀ ਜ਼ਰਾਇਤੀ ਕਾਰਵਾਈ ਸ਼ੁਰੂ ਹੁੰਦੀ ਹੈ ਅਤੇ ਇਸ ਤੋਂ ਜ਼ਮੀਨ-ਮਾਲਕੀ ਨਿਸ਼ਚਿਤ ਹੋ ਜਾਂਦੀ ਹੈ। ਇਹ ਮਾਲਕੀ ਸਾਂਝੀ (ਭਾਈਚਾਰਕ) ਹੈ ਅਤੇ ਇਸ ਦਾ ਇਹ ਰੂਪ, ਘੱਟ-ਵੱਧ ਹੱਦ ਤੀਕ ਉਸ ਦਰਜੇ ਅਨੁਸਾਰ, ਜਿਸ ਤੱਕ ਇਹ ਲੋਕ ਆਪਣੀਆਂ ਰਵਾਇਤਾਂ ਨੂੰ ਬਰਕਰਾਰ ਰੱਖਦੇ ਹਨ, ਬਰਕਰਾਰ ਰਹਿੰਦਾ ਹੈ; ਮਿਸਾਲ ਲਈ ਜਿਵੇਂ ਸਲਾਵਾਂ ਵਿਚਕਾਰ ਸਾਂਝੀ ਮਾਲਕੀ। ਖੇਤੀਬਾੜੀ ਕਰਨ ਵਾਲੇ ਜੋ ਲੋਕ ਆਬਾਦ ਹੋ ਗਏ ਸਨ, ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਵੱਸ ਚੁੱਕੇ ਸਨ, ਜਿਹਨਾਂ ਵਿੱਚ ਪੁਰਾਤਨ ਕਾਲ ਤੇ ਜਗੀਰੂ ਦੌਰਾਂ ਦੇ ਸਮਾਜਾਂ ਵਿੱਚ ਜ਼ਰਾਇਤ ਹੀ ਪ੍ਰਧਾਨ ਹੋ ਚੁੱਕੀ ਸੀ, ਉੱਥੇ ਮਾਲ-ਤਿਆਰੀ ਦਾ ਕੰਮ, ਇਸ ਦਾ ਢਾਂਚਾ ਅਤੇ ਇਸ ਦੇ ਅਨੁਸਾਰ ਬਣੇ ਸੰਪੱਤੀ ਦੇ ਰੂਪਾਂ ਦੀਆਂ, ਬੜੀ ਹੱਦ ਤੀਕ, ਵਿਸ਼ੇਸ਼ਤਾਈਆਂ, ਖਾਸ ਤੌਰ 'ਤੇ ਜ਼ਰਾਇਤੀ ਹਨ। ਮਾਲ-ਤਿਆਰੀ (ਸਨਅਤਕਾਰੀ) ਜਾਂ ਤਾਂ ਪੂਰੀ ਦੀ ਪੂਰੀ ਖੇਤੀਬਾੜੀ 'ਤੇ ਨਿਰਭਰ ਹੈ, ਜਿਵੇਂ ਕਿ ਮੁੱਢਲੇ ਰੋਮਨ ਦੌਰ ਵਿੱਚ; ਜਾਂ ਫੇਰ ਜਿਵੇਂ ਕਿ ਮੱਧ-ਯੁੱਗਾਂ ਵਿੱਚ, ਜਿੱਥੇ ਕਿ ਇਹ ਕਸਬੇ ਦੀ ਅਤੇ ਉਸ ਦੀਆਂ ਹਾਲਤਾਂ ਦੀ ਨਕਲ, ਦੇਹਾਤੀ ਇਲਾਕਿਆਂ ਦੀ ਜੱਥੇਬੰਦੀ ਵਿੱਚ ਲੈ ਜਾਂਦੀ ਹੈ। ਮੱਧ-ਯੁੱਗਾਂ ਵਿੱਚ, ਸਰਮਾਇਆ ਵੀ, ਜੇਕਰ ਇਹ ਨਰੋਲ ਧਨਵੀ ਸਰਮਾਇਆ ਨਹੀਂ, ਇਹ ਰਵਾਇਤੀ ਔਜ਼ਾਰਾਂ ਆਦਿ ਤੋਂ ਹੀ ਮਿਲ ਕੇ ਬਣਦਾ ਹੈ ਅਤੇ ਇਸ ਦਾ ਖਾਸਾ ਵੱਧ ਤੋਂ ਵੱਧ, ਜ਼ਰਾਇਤੀ ਹੀ ਰਹਿੰਦਾ ਹੈ। ਇਸ ਤੋਂ ਉਲਟ ਗੱਲ ਜਦੋਂ ਬਣਦੀ ਹੈ, ਤਾਂ ਇਹ ਬੁਰਜੂਆ ਸਮਾਜ ਦੇ ਆਉਣ ਨਾਲ਼ ਬਣਦੀ ਹੈ। ਇੱਥੇ ਪੁੱਜ ਕੇ ਜ਼ਰਾਇਤ ਬਹੁਤ ਵੱਡੀ ਹੱਦ ਤੀਕ, ਸਨਅਤ ਦੀ ਹੀ ਇੱਕ ਸਾਖਾ ਰਹਿ ਜਾਂਦੀ ਹੈ ਅਤੇ ਪੂਰੇ ਤੌਰ 'ਤੇ ਸਰਮਾਏ ਦੀ ਅਧੀਨਗੀ ਵਿੱਚ ਕੰਮ ਕਰਦੀ ਹੈ। ਇਹੋ ਗੱਲ ਕਿਰਾਏ (ਲਗਾਨ) 'ਤੇ ਵੀ ਲਾਗੂ

ਹੁੰਦੀ ਹੈ। ਉਹਨਾਂ ਸਾਰੇ ਰੂਪਾਂ ਵਿੱਚ, ਜਿੱਥੇ ਜ਼ਮੀਨੀ ਸੰਪੱਤੀ ਨਿਰਣਈ ਤੱਥ ਰਹਿੰਦੀ ਹੈ, ਕੁਦਰਤੀ ਸਬੰਧ ਅਜੇ ਵੀ ਪਹਿਲਾਂ ਵਾਂਗ ਹਾਵੀ ਰਹਿੰਦੇ ਹਨ; ਪਰ ਜਿਹੜੇ ਰੂਪਾਂ ਵਿੱਚ ਨਿਰਣਈ ਤੱਥ ਸਰਮਾਇਆ ਬਣ ਜਾਂਦਾ ਹੈ, ਉੱਥੇ ਹਾਵੀ ਸਥਾਨ, ਸਮਾਜਿਕ ਅਤੇ ਇਤਿਹਾਸਕ ਤੌਰ ’ਤੇ ਵਿਕਸਿਤ ਹੋਏ ਅਨਸਰਾਂ ਨੂੰ ਪ੍ਰਾਪਤ ਹੋ ਜਾਂਦਾ ਹੈ। ਕਿਰਾਏ ਨੂੰ ਬਿਨਾਂ ਸਰਮਾਏ ਤੋਂ ਸਮਝਿਆ ਨਹੀਂ ਜਾ ਸਕਦਾ, ਪਰ ਸਰਮਾਏ ਨੂੰ ਬਿਨਾਂ ਕਿਰਾਏ ਤੋਂ ਸਮਝਿਆ ਜਾ ਸਕਦਾ ਹੈ। ਸਰਮਾਇਆ ਉਹ ਆਰਥਕ ਸ਼ਕਤੀ ਹੈ, ਜਿਹੜੀ ਕਿ ਬੁਰਜੂਆ ਸਮਾਜ ਅੰਦਰ ਹਰ ਵਸਤ ’ਤੇ ਹਾਵੀ ਰਹਿੰਦੀ ਹੈ। ਇਹ ਅਵੱਸ਼, ਨਿਖੇੜ-ਨੁਕਤਾ ਅਤੇ ਸਿੱਟਾ, ਦੋਵੇਂ ਬਣਦਾ ਹੈ ਅਤੇ ਇਸ ਦੀ ਵਿਆਖਿਆ ਹਰ ਸੂਰਤ ਵਿੱਚ ਜ਼ਮੀਨੀ ਸੰਪੱਤੀ ਤੋਂ ਪਹਿਲਾਂ ਕਰਨੀ ਹੁੰਦੀ ਹੈ। ਸਰਮਾਏ ਅਤੇ ਜ਼ਮੀਨੀ ਸੰਪੱਤੀ ਦੀ ਅਲੱਗ-ਅਲੱਗ ਪੁਣ-ਛਾਣ ਕਰ ਲੈਣ ਤੋਂ ਬਾਅਦ ਹੀ, ਉਹਨਾਂ ਦੇ ਆਪਸੀ ਸਬੰਧਾਂ ਦੀ ਜਾਂਚ ਵੀ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

ਇਸ ਲਈ ਆਰਥਿਕ ਸ਼੍ਰੇਣੀਆਂ ਨੂੰ ਉੱਪਰੋ-ਥੱਲੀ, ਉਸ ਤਰਤੀਬ ਨਾਲ਼, ਜਿਸ ਨਾਲ਼ ਕਿ ਉਹਨਾਂ ਨੇ ਇਤਿਹਾਸ ਵਿੱਚ ਹਾਵੀ ਰੋਲ ਅਦਾ ਕੀਤਾ ਹੁੰਦਾ ਹੈ, ਪੇਸ਼ ਕਰਨਾ, ਅਸੂਝਪੂਰਨ ਵੀ ਹੈ ਅਤੇ ਗਲਤ ਵੀ। ਇਸ ਤੋਂ ਉਲਟ, ਉਹਨਾਂ ਦੇ ਵਜੂਦ ਵਿੱਚ ਆਉਣ ਦੀ ਤਰਤੀਬ ਦਾ ਨਿਸ਼ਚਾ, ਆਧੁਨਿਕ ਬੁਰਜੂਆ ਸਮਾਜ ਵਿੱਚ ਉਹਨਾਂ ਦੇ ਆਪਸੀ ਸਬੰਧ ਤੋਂ ਕੀਤਾ ਜਾਂਦਾ ਹੈ ਅਤੇ ਇਹ ਉਸ ਦਾ ਬਿਲਕੁਲ ਉਲਟ ਹੈ ਜਿਹੜਾ ਕਿ ਉਹਨਾਂ ਨੂੰ ਕੁਦਰਤੀ ਦਿਖਾਈ ਦੇਂਦਾ ਹੈ ਜਾਂ ਫੇਰ ਜਿਹੜਾ ਇਤਿਹਾਸਕ ਵਿਕਾਸ ਦੀ ਤਰਤੀਬ ਦੇ ਅਨੁਸਾਰ ਲੱਗਦਾ ਹੈ। ਵਿਚਾਰ ਅਧੀਨ ਸਵਾਲ ਉਸ ਰੋਲ ਦਾ ਨਹੀਂ ਹੈ, ਜਿਹੜਾ ਕਿ ਵੱਖ ਵੱਖ ਆਰਥਿਕ ਸਬੰਧਾਂ ਨੇ ਇਤਿਹਾਸ ਦੇ ਗੇੜ ਵਿੱਚ ਜਨਮ ਧਾਰਨ ਕਰਨ ਵਾਲ਼ੀਆਂ ਵੱਖ ਵੱਖ ਸਮਾਜਿਕ ਬਣਤਰਾਂ ਦੇ ਅੱਗੜ-ਪਿੱਛੜ ਵਿੱਚ ਅਦਾ ਕੀਤਾ ਹੈ, ਅਤੇ ਇਸ ਤੋਂ ਵੀ ਘੱਟ ਚਿੰਤਾ “ਅਵਧਾਰਣਾਵਾਂ ਦੇ ਰੂਪ ਵਿੱਚ” (ਪਰੂਧੋਨ) ਹੈ ਉਹਨਾਂ ਦੇ ਨਤੀਜਿਆਂ (ਇਤਿਹਾਸਕ ਅਮਲ ਦੀ ਇੱਕ ਧਾਰਨਾ) ਦੀ ਹੈ, ਸਵਾਲ ਹੈ ਤਾਂ ਕੇਵਲ ਉਸ ਸਥਿਤੀ ਦਾ ਜਿਹੜੀ ਕਿ ਉਹਨਾਂ ਨੂੰ ਆਧੁਨਿਕ ਬੁਰਜੂਆ ਸਮਾਜ ਅੰਦਰ ਪ੍ਰਾਪਤ ਹੈ।

ਪ੍ਰਾਚੀਨ ਸੰਸਾਰ ਵਿੱਚ ਖੇਤੀਬਾੜੀ ਕਰਨ ਵਾਲ਼ੇ ਲੋਕਾਂ ਦੀ ਪ੍ਰਧਾਨਤਾ ਦਾ ਹੋਣਾ ਹੀ ਕਾਰਨ ਸੀ ਜਿਸ ਕਰਕੇ ਵਪਾਰੀ ਕੌਮਾਂ, ਜਿਵੇਂ ਕਿ ਫਨੀਸ਼ੀਅਨਾਂ ਕਾਰਥੇਨੀਅਨਾਂ ਵਰਗੀਆਂ, ਦਾ ਇਤਨੀ ਸ਼ੁੱਧਤਾ ਵਿੱਚ ਵਿਕਸਿਤ ਹੋਣਾ ਸੰਭਵ ਹੋਇਆ (ਅਰੂਪ ਬਾਰੀਕੀ ਨਾਲ਼)। ਕਿਉਂਕਿ ਉੱਥੇ ਸਰਮਾਇਆ ਵਪਾਰਕ ਜਾਂ ਧਨ-ਸਰਮਾਏ ਦੇ ਰੂਪ ਵਿੱਚ, ਉਸ ਅਰੂਪ ਅਵਸਥਾ ਵਿੱਚ ਦਿਖਾਈ ਦੇਂਦਾ ਹੈ, ਜਿੱਥੇ, ਅਜੇ ਉਹ ਸਮਾਜ ਦਾ ਹਾਵੀ ਤੱਥ ਨਹੀਂ ਬਣਿਆ। ਲੋਂਬਾਰਡਾਂ ਅਤੇ ਯਹੂਦੀਆਂ ਨੂੰ ਇਹੋ ਪੋਜ਼ੀਸ਼ਨ ਮੱਧ ਕਾਲੀ ਜ਼ਰਾਇਤੀ ਸਮਾਜਾਂ ਵਿੱਚ ਆ ਕੇ ਪ੍ਰਾਪਤ ਹੋਈ।

ਉਹਨਾਂ ਦੀ ਸ਼੍ਰੇਣੀਆਂ ਦੁਆਰਾ ਸਮਾਜ ਦੇ ਵੱਖ ਵੱਖ ਪੜਾਵਾਂ ’ਤੇ ਅਦਾ ਕੀਤੇ ਗਏ ਰੰਗ-ਬਰੰਗੇ ਰੋਲਾਂ ਦੀ ਇੱਕ ਮਿਸਾਲ ਸੱਟਾ ਕੰਪਨੀਆਂ (ਜਾਇੰਟ ਸਟਾਕ ਕੰਪਨੀਆਂ) ਦਾ ਵਜੂਦ ਵਿੱਚ ਆਉਣਾ ਹੈ। ਇਹ ਬੁਰਜੂਆ ਸਮਾਜ ਦੀਆਂ ਬਹੁਤ ਹਾਲ ਦੀਆਂ ਵਿਸ਼ੇਸ਼ਤਾਈਆਂ ਵਿੱਚ ਸ਼ਾਮਲ ਹਨ। ਪਰ ਇਹ ਇਸ ਤੋਂ ਪਹਿਲਾਂ ਵੀ ਮੌਜੂਦ ਸਨ, ਪਰ ਉਦੋਂ ਇਹਨਾਂ ਦਾ ਰੂਪ

ਵੱਡੀਆਂ ਖਾਸ–ਅਧਿਕਾਰ ਪ੍ਰਾਪਤ ਵਪਾਰਕ ਕੰਪਨੀਆਂ ਦਾ ਸੀ, ਜਿਹਨਾਂ ਕੋਲ਼ ਇਜ਼ਾਰੇਦਾਰੀ ਦੇ ਹੱਕ ਹੁੰਦੇ ਸਨ।

ਕੌਮੀ ਦੌਲਤ ਦੀ ਅਵਧਾਰਣਾ, ਸਤਾਰ੍ਹਵੀਂ ਸਦੀ ਦੇ ਅਰਥ–ਸ਼ਾਸਤਰੀਆਂ ਦੀਆਂ ਰਚਨਾਵਾਂ ਵਿੱਚ, ਇਸ ਧਾਰਨਾ ਦੇ ਰੂਪ ਵਿੱਚ ਆਈ ਕਿ ਦੌਲਤ ਨੂੰ ਰਾਜ ਲਈ ਪੈਦਾ ਕੀਤਾ ਜਾਂਦਾ ਹੈ, ਜਿਸ ਦੀ ਤਾਕਤ, ਦੂਜੀ ਧਾਰਨਾ ਅਨੁਸਾਰ ਉੱਨੀ ਹੀ ਹੁੰਦੀ ਹੈ, ਜਿੰਨੀ ਕਿ ਉਸ ਪਾਸ ਦੌਲਤ ਹੁੰਦੀ ਹੈ। ਇਹ ਦੂਜੀ ਧਾਰਨਾ ਤਾਂ ਅਠਾਰ੍ਹਵੀਂ ਸਦੀ ਦੇ ਅਰਥ–ਸ਼ਾਸਤਰੀਆਂ ਵਿਚਕਾਰ ਅਜੇ ਵੀ, ਕੁਝ ਹੱਦ ਤੱਕ ਜੀਂਦੀ ਹੈ। ਇਹ ਇੱਕ ਅਨਿੱਛਤ ਜਿਹਾ ਮੱਕਾਰੀ ਭਰਿਆ ਢੰਗ ਅਜੇ ਤੱਕ ਚੱਲਿਆ ਆਉਂਦਾ ਹੈ ਜਿਸ ਵਿੱਚ ਦੌਲਤ ਅਤੇ ਦੌਲਤ ਦੀ ਉਪਜ ਨੂੰ ਆਧੁਨਿਕ ਰਾਜ ਦੇ ਅੰਤਮ ਟੀਚੇ ਹੋਣ ਦੇ ਦਾਅਵੇ ਕੀਤੇ ਜਾਂਦੇ ਹਨ। ਇਸ ਅਨੁਸਾਰ, ਆਧੁਨਿਕ ਰਾਜ ਨੂੰ ਦੌਲਤ ਪੈਦਾ ਕਰਨ ਵਾਲਾ ਹੀ ਇੱਕ ਵਸੀਲਾ ਮੰਨਿਆ ਜਾਂਦਾ ਹੈ।

ਪਦਾਰਥ ਦਾ ਨਿਪਟਾਰਾ, ਸਪੱਸ਼ਟ ਹੀ, ਇਸ ਢੰਗ ਨਾਲ਼ ਕਰਨਾ ਹੋਵੇਗਾ, ਕਿ ਪਹਿਲੇ (ਭਾਗ) ਵਿੱਚ ਆਪ ਅਰੂਪ ਵਿਆਖਿਆਵਾਂ ਰੱਖੀਆਂ ਜਾਣਗੀਆਂ, ਜਿਹੜੀਆਂ ਕਿ, ਇਸ ਲਈ, ਸਾਰੀਆਂ ਸਮਾਜਿਕ ਬਣਤਰਾਂ ਨਾਲ਼ ਥੋੜ੍ਹੀਆਂ ਬਹੁਤ ਜ਼ਰੂਰ ਸਬੰਧਤ ਹੋਣਗੀਆਂ ਪਰ ਬਹੁਤ ਚਿਰ ਪਹਿਲਾਂ ਦੇ ਰੱਖੇ ਰੂਪਾਂ ਵਿੱਚ। ਦੂਜੇ (ਭਾਗ) ਵਿੱਚ ਉਹ ਸ਼੍ਰੇਣੀਆਂ ਹੋਣਗੀਆਂ, ਜਿਹੜੀਆਂ ਕਿ ਬੁਰਜੂਆ ਸਮਾਜ ਦੇ ਅੰਦਰਲੇ ਢਾਂਚੇ ਨੂੰ ਬਣਾਉਂਦੀਆਂ ਹਨ ਅਤੇ ਜਿਹਨਾਂ ਉੱਪਰ ਪ੍ਰਮੁੱਖ ਜਮਾਤਾਂ ਅਧਾਰਿਤ ਹੁੰਦੀਆਂ ਹਨ। ਸਰਮਾਇਆ, ਉਜਰਤੀ–ਕਿਰਤ, ਜ਼ਮੀਨੀ ਸੰਪੱਤੀ ਅਤੇ ਉਹਨਾਂ ਦੇ ਇੱਕ ਦੂਜੇ ਨਾਲ ਸਬੰਧ। ਸ਼ਹਿਰ ਅਤੇ ਦੇਹਾਤ। ਤਿੰਨ ਵੱਡੀਆਂ ਸਮਾਜਿਕ ਜਮਾਤਾਂ; ਉਹਨਾਂ ਦੇ ਵਿਚਕਾਰ ਤਬਾਦਲਾ। ਚਲਨ। (ਨਿੱਜੀ) ਸ਼ਾਖ ਪ੍ਰਣਾਲੀ। ਤੀਜਾ (ਭਾਗ), ਰਾਜ ਬੁਰਜੂਆ ਸਮਾਜ ਦਾ ਪ੍ਰਤੀਕ। ਇਸ ਦੇ ਸਬੰਧਾਂ ਦੀ, ਇਸ ਦੇ ਆਪਣੇ ਪ੍ਰਤੀ ਪੁਣ–ਛਾਣ। "ਗੈਰ–ਉਤਪਾਦਕੀ" ਜਮਾਤਾਂ। ਟੈਕਸ। ਕੌਮੀ ਕਰਜ਼ਾ। ਸਰਕਾਰੀ ਸ਼ਾਖ। ਵਸੋਂ। ਬਸਤੀਆਂ। ਪ੍ਰਵਾਸਣ। ਚੌਥਾ (ਭਾਗ) ਪੈਦਾਵਾਰ ਦੀਆਂ ਕੌਮਾਂਤਰੀ ਪ੍ਰਸਥਿਤੀਆਂ। ਕੌਮਾਂਤਰੀ ਕਿਰਤ–ਵੰਡ। ਕੌਮਾਂਤਰੀ ਤਬਾਦਲਾ। ਬਰਾਮਦ ਅਤੇ ਦਰਾਮਦ। ਤਬਾਦਲੇ ਦੀ ਦਰ। ਪੰਜਵਾਂ (ਭਾਗ) ਸੰਸਾਰ ਬਾਜ਼ਾਰ ਅਤੇ ਸੰਕਟ।

# 4. ਪੈਦਾਵਾਰ

## ਪੈਦਾਵਾਰ ਦੇ ਵਸੀਲੇ ਅਤੇ ਪੈਦਾਵਾਰ ਦੇ ਸਬੰਧ*
## ਪੈਦਾਵਾਰੀ ਸਬੰਧ ਅਤੇ ਪ੍ਰਸਾਰਣ;
## ਪੈਦਾਵਾਰੀ ਸਬੰਧਾਂ ਅਤੇ ਪ੍ਰਸਾਰਣ ਦੇ ਪ੍ਰਸੰਗ ਵਿੱਚ
## ਸਿਆਸੀ ਰੂਪ ਅਤੇ ਸੰਗਿਆਨ (ਅਨੁਭਵ) ਰੂਪ
## ਕਾਨੂੰਨੀ ਸਬੰਧ; ਪਰਿਵਾਰਕ ਸਬੰਧ

ਉਹਨਾਂ ਨੁਕਤਿਆਂ ਬਾਰੇ ਨੋਟਾਂ ਜਿਹਨਾਂ ਦਾ ਇਸ ਪ੍ਰਸੰਗ ਵਿੱਚ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਅਤੇ ਜਿਹੜੇ ਭੁੱਲ ਨਹੀਂ ਜਾਣੇ ਚਾਹੀਦੇ।

1. **ਜੰਗ** (ਕੁਝ ਵਿਸ਼ੇਸ਼ਤਾਈਆਂ) ਨੂੰ ਅਮਨ ਤੋਂ ਪਹਿਲਾਂ ਇਸ ਤਰ੍ਹਾਂ ਵਿਕਸਿਤ ਕਰ ਦੇਂਦਾ ਹੈ, ਜਿਸ ਨਾਲ਼, ਜੰਗ ਦੇ ਨਤੀਜੇ ਵਜੋਂ ਅਤੇ ਫੌਜਾਂ ਆਦਿ ਅੰਦਰ, ਕਈ ਆਰਥਿਕ ਸਬੰਧ, ਜਿਵੇਂ ਕਿ ਉਜਰਤੀ ਕਿਰਤ, ਮਸ਼ੀਨਰੀ ਆਦਿ, ਸਿਵਲ ਸਮਾਜ ਦੀ ਵਰਤੋਂ ਵਿੱਚ ਆਉਣ ਤੋਂ ਪਹਿਲਾਂ ਵਰਤੀਣ ਲੱਗਦੇ ਹਨ। ਇਸੇ ਤਰ੍ਹਾਂ, ਉਪਜ-ਸ਼ਕਤੀ ਅਤੇ ਪ੍ਰਸਾਰਣ ਸਥਿਤੀਆਂ ਵਿਚਕਾਰ ਸਬੰਧਾਂ ਦੀ ਹੋਂਦ ਵੀ, ਫੌਜਾਂ ਅੰਦਰ ਖਾਸ ਤੌਰ 'ਤੇ ਸਪੱਸ਼ਟ ਹੋ ਜਾਂਦੀ ਹੈ।

2. **ਹੁਣ ਤਾਈਂ ਮੌਜੂਦ ਆਦਰਸ਼ਵਾਦੀ ਇਤਿਹਾਸਕ ਭੂਗੋਲ ਦਾ ਯਥਾਰਥਵਾਦੀ ਇਤਿਹਾਸਕ ਭੂਗੋਲ ਨਾਲ਼ ਸਬੰਧ। ਖਾਸ ਕਰਕੇ, ਜਿਸ ਨੂੰ ਕਿ ਸਭਿਅਤਾ ਦੇ ਇਤਿਹਾਸ ਦੇ ਤੌਰ 'ਤੇ ਜਾਣਿਆ** ਜਾਂਦਾ ਹੈ, ਧਰਮ ਅਤੇ ਰਾਜਾਂ ਦਾ ਪੁਰਾਣਾ ਇਤਿਹਾਸ। (ਹੁਣ ਤੀਕ ਮੌਜੂਦ ਇਤਿਹਾਸਕ ਭੂਗੋਲ ਦੀਆਂ ਵੱਖ ਵੱਖ ਕਿਸਮਾਂ 'ਤੇ ਵੀ ਇਸੇ ਪ੍ਰਸੰਗ ਵਿੱਚ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ; ਅਖੌਤੀ ਬਾਹਰਮੁਖੀ, ਅੰਦਰਮੁਖੀ (ਇਖਲਾਕੀ ਅਤੇ ਹੋਰ ਫਲਸਫ਼ਈ (ਇਤਿਹਾਸਕ ਭੂਗੋਲ)।)

3. ਦੂਜੇ ਅਤੇ ਤੀਜੇ ਨੰਬਰ ਦਾ ਘਟਨਾ ਚੱਕਰ, ਆਮ ਕਰਕੇ **ਨਤੀਜਾ ਕੱਢਿਆ ਹੋਇਆ** ਅਤੇ **ਪ੍ਰਸਾਰਿਆ ਹੋਇਆ** ਅਰਥਾਤ, ਪੈਦਾਵਾਰ ਦੀਆਂ ਗੈਰ-ਪ੍ਰਮੁੱਖ ਹਾਲਤਾਂ। ਕੌਮਾਂਤਰੀ ਸਬੰਧਾਂ ਦਾ ਪ੍ਰਭਾਵ।

4. ਇਸ ਅਵਧਾਰਨਾਂ ਦੇ ਪਦਾਰਥਵਾਦ ਬਾਰੇ ਭੰਡੀਆਂ (ਦੂਸ਼ਨ); ਕੁਦਰਤਵਾਦੀ ਪਦਾਰਥਵਾਦ ਨਾਲ ਸਬੰਧ।

5. **ਪੈਦਾਵਾਰੀ ਸੱਤ੍ਹਾ ਦੀਆਂ ਅਵਧਾਰਨਾਵਾਂ (ਪੈਦਾਵਾਰੀ ਵਸੀਲੇ) ਅਤੇ ਪੈਦਾਵਾਰੀ**

---

* ਮਾਰਕਸ ਨੇ ਇੱਥੇ ਜਰਮਨ ਸ਼ਬਦ "ਵਰਹਾਲਟਨਿੱਧੇ" ਵਰਤਿਆ ਹੈ, ਜਿਸ ਦੇ ਅਰਥ "ਸ਼ਰਤਾਂ" ਅਤੇ "ਸਬੰਧ" ਦੋਵੇਂ ਹੁੰਦੇ ਹਨ।ਅੰਗਰੇਜ਼ੀ ਅਨੁਵਾਦਕ ਨੇ ਇਸ ਸ਼ਬਦ ਲਈ 'ਸ਼ਰਤਾਂ' (ਕਨਡੀਸ਼ਨਜ਼) ਨੂੰ ਸਬੰਧ (ਰਿਲੇਸ਼ਨਜ਼) ਦੇ ਅਰਥਾਂ ਵਿੱਚ ਸਮਝ ਕੇ ਹੀ ਵਰਤਿਆ ਹੈ।

**ਸਬੰਧਾਂ ਦਾ ਵਿਰੋਧ ਵਿਕਾਸ, ਇਸ ਵਿਰੋਧ-ਵਿਕਾਸੀ** ਸਬੰਧ ਦੀਆਂ ਸੀਮਾਵਾਂ, ਜਿਹੜਾ ਕਿ ਅਸਲ ਫਰਕਾਂ ਦਾ ਅੰਤ ਨਹੀਂ ਕਰਦਾ, ਵਿਆਖਿਆ ਕਰਨੀ ਲਾਜ਼ਮੀ ਹੈ।

6. **ਪਦਾਰਥਕ ਪੈਦਾਵਾਰ ਦਾ ਅਤੇ ਕਲਾ ਦਾ, ਨਾ-ਬਰਾਬਰ ਵਿਕਾਸ।** ਪ੍ਰਗਤੀ ਦੀ ਅਵਧਾਰਨਾ ਨੂੰ, ਸਾਰੀ ਦੀ ਸਾਰੀ, ਪਹਿਲਾਂ ਦੇ ਰਿਵਾਜ ਅਨੁਸਾਰ ਅਰੂਪ ਰੂਪ ਵਿੱਚ ਨਹੀਂ ਸਮਝਣਾ। ਆਧੁਨਿਕ ਕਲਾ ਆਦਿ। ਇਹ ਨਾ-ਬਰਾਬਰੀ ਉੱਨੀ ਅਹਿਮ ਅਤੇ ਸਮਝਣ ਲਈ ਕਠਿਨ ਨਹੀਂ ਹੈ, ਜਿੰਨੀ ਕਿ ਠੋਸ ਸਮਾਜਿਕ ਸਬੰਧਾਂ ਵਿੱਚ, ਜਿਵੇਂ ਕਿ ਸਿੱਖਿਆ ਅੰਦਰ, ਹੁੰਦੀ ਹੈ। ਸੰਯੁਕਤ ਰਾਜ ਅਮਰੀਕਾ ਦੇ ਯੂਰਪ ਨਾਲ਼ ਸਬੰਧ। ਪਰ ਤਾਂ ਵੀ, ਅਸਲ ਵਿੱਚ, ਇੱਥੇ ਵਿਚਾਰ ਵਿੱਚ ਲਿਆਉਣ ਵਾਲ਼ਾ ਕਠਿਨ ਨੁਕਤਾ ਇਹ ਹੈ ਕਿ ਕਾਨੂੰਨੀ ਸਬੰਧਾਂ ਦੇ ਰੂਪ ਵਿੱਚ ਪੈਦਾਵਾਰ ਦੇ ਸਬੰਧ, ਕਿਵੇਂ, ਇਸ ਉੱਗੜ-ਦੁੱਗੜੇ ਵਿਕਾਸ ਅੰਦਰ ਆਪਣਾ ਹਿੱਸਾ ਪਾਉਂਦੇ ਹਨ। ਮਿਸਾਲ ਲਈ, ਰੋਮਨਾਂ ਦੇ ਦੀਵਾਨੀ (ਸਿਵਿਲ) ਕਾਨੂੰਨ ਦਾ (ਛੋਟੇ ਪੈਮਾਨੇ 'ਤੇ ਇਹ ਫੌਜਦਾਰੀ ਅਤੇ ਸੰਵਿਧਾਨਕ ਕਾਨੂੰਨ 'ਤੇ ਵੀ ਲਾਗੂ ਹੁੰਦਾ ਹੈ।) ਆਧੁਨਿਕ ਪੈਦਾਵਾਰ ਨਾਲ਼ ਸਬੰਧ।

7. **ਇਹ ਅਵਧਾਰਨਾ ਇੱਕ ਲਾਜ਼ਮੀ ਵਿਕਾਸ ਵਾਂਗ ਪ੍ਰਤੀਤ ਹੁੰਦੀ ਹੈ।** ਪਰੰਤੂ ਦਾਅ (ਲੱਗ ਜਾਣ) ਦੀ ਪਰੋੜ੍ਹਤਾ। ਕਿਵੇਂ ? (ਸੁਤੰਤਰਤਾ ਆਦਿ, ਵੀ) ਪ੍ਰਸਾਰਣ ਵਸੀਲਿਆਂ ਦਾ ਪ੍ਰਭਾਵ। ਸੰਸਾਰ ਇਤਿਹਾਸ ਹਰ ਸਮੇਂ ਨਹੀਂ ਸੀ; ਇਤਿਹਾਸ, (ਸੰਸਾਰ ਇਤਿਹਾਸ ਦੇ ਰੂਪ ਵਿੱਚ ਸਿੱਟਾ ਹੈ)।

8. **ਆਰੰਭ ਨੁਕਤਾ, ਬੇਸ਼ੱਕ, ਕੁਦਰਤੀ ਤੌਰ 'ਤੇ ਨਿਸ਼ਚਿਤ ਹੋਏ ਤੱਥ ਹਨ**; ਬਾਹਰਮੁਖੀ ਤੇ ਅੰਤਰਮੁਖੀ, ਦੋਵੇਂ। ਕਬੀਲੇ, ਨਸਲਾਂ ਆਦਿ।

ਕਲਾ ਦੀ ਗੱਲ, ਇਹ ਚੰਗੀ ਤਰ੍ਹਾਂ ਜਾਣੀ-ਮਾਣੀ ਗੱਲ ਹੈ ਕਿ ਇਸ ਦੀਆਂ ਕੁਝ ਸਿਖਰਾਂ, ਕਿਵੇਂ ਵੀ, ਸਮਾਜ ਦੇ ਆਮ ਵਿਕਾਸ ਨਾਲ਼ ਮੇਲ ਨਹੀਂ ਖਾਂਦੀਆਂ; ਨਾ ਹੀ ਉਹ, ਇਸ ਲਈ ਪਦਾਰਥਕ ਉਪ-ਢਾਂਚੇ ਨਾਲ਼, ਮੇਲ ਖਾਂਦੀਆਂ ਹਨ, ਜੋ ਕਿ ਇਸ ਦੀ ਜੱਥੇਬੰਦੀ ਦਾ ਹੀ ਇੱਕ ਹੱਡੀ-ਪਿੰਜਰ ਹੈ। ਮਿਸਾਲ ਲਈ, ਗਰੀਕਾਂ (ਯੂਨਾਨੀਆਂ) ਦਾ ਆਧੁਨਿਕ (ਕੌਮਾਂ) ਨਾਲ਼ ਮੁਕਾਬਲਾ ਕਰੋ, ਜਾਂ ਫੇਰ ਸ਼ੈਕਸਪੀਅਰ ਨੂੰ ਲਓ। ਇਹ ਗੱਲ ਵੀ ਮੰਨ ਲਈ ਗਈ ਹੈ ਕਿ ਕਲਾ ਦੀਆਂ ਕਈ ਸ਼ਾਖਾਂ, ਜਿਵੇਂ ਕਿ **ਇਪੋਸ**, ਨੂੰ ਹੁਣ ਉਹਨਾਂ ਦੇ ਯੁੱਗ-ਬਣਾਊ ਕਲਾਸਕੀ ਰੂਪ ਵਿੱਚ ਨਹੀਂ ਉਸਾਰਿਆਂ ਜਾ ਸਕਦਾ, ਜਦੋਂ ਕਲਾਕਾਰੀ ਪੈਦਾਵਾਰ ਖੁਦ ਆਪਣੇ ਰੂਪ ਵਿੱਚ ਹੋਣ ਲੱਗ ਪਈ ਹੈ; ਦੂਜੇ ਸ਼ਬਦਾਂ ਵਿੱਚ ਇੰਝ ਕਹਿ ਸਕਦੇ ਹਾਂ, ਕਿ ਕਲਾ ਦੇ ਦਾਇਰੇ ਦੀਆਂ ਕਈ ਮਹੱਤਵਪੂਰਨ ਕ੍ਰਿਤੀਆਂ ਕੇਵਲ ਉਦੋਂ ਹੀ ਸੰਭਵ ਹੋ ਸਕਦੀਆਂ ਹਨ, ਜਦੋਂ ਕਿ ਕਲਾ ਦਾ ਵਿਕਾਸ ਅਜੇ ਆਪਣੀ ਮੁੱਢਲੀ ਮੰਜ਼ਲ ਵਿੱਚ ਹੀ ਹੁੰਦਾ ਹੈ। ਜੇਕਰ, ਖੁਦ ਕਲਾ ਦੇ ਖੇਤਰ ਅੰਦਰ, ਕਲਾ ਦੀਆਂ ਵੱਖ ਵੱਖ ਸ਼ਾਖਾਂ ਬਾਰੇ ਇਹ ਸਥਿਤੀ ਹੈ ਤਾਂ ਇਹ ਬੜੀ ਮਾਅਰਕੇ ਦੀ ਗੱਲ ਨਹੀਂ ਹੈ ਕਿ ਇਹੋ ਸਥਿਤੀ, ਕਲਾ ਦੇ ਸਮੁੱਚੇ ਖੇਤਰ ਬਾਰੇ ਅਤੇ ਸਮਾਜ ਦੇ ਆਮ ਵਿਕਾਸ ਨਾਲ਼ ਇਸ ਦੇ ਸਬੰਧ ਬਾਰੇ, ਵੀ ਇਵੇਂ ਹੋਵੇ। ਕਠਿਨਾਈ ਉਦੋਂ ਆਉਂਦੀ ਹੈ ਜਦੋਂ ਇਹਨਾਂ ਵਿਰੋਧਤਾਈਆਂ ਦੀ ਆਮ ਸਥਾਪਨਾ ਦੇਖਣ ਨੂੰ ਮਿਲਦੀ ਹੈ। ਜਿਵੇਂ ਹੀ, ਉਹਨਾਂ ਨੂੰ

ਵਿਸ਼ੇਸ਼ ਪ੍ਰਸ਼ਨਾਂ 'ਤੇ ਮੋੜ ਕੇ ਲਿਆਂਦਾ ਜਾਂਦਾ ਹੈ, ਤਾਂ ਉੱਥੇ ਪਹਿਲਾਂ ਹੀ ਸਮਝਾਏ ਮਿਲਦੇ ਹਨ।

ਜ਼ਰਾ ਅਸੀਂ, ਮਿਸਾਲ ਵਜੋਂ, ਯੂਨਾਨੀ ਕਲਾ ਦੇ ਅਤੇ ਸ਼ੈਕਸਪੀਅਰ ਦੇ, ਵਰਤਮਾਨ ਕਾਲ ਨਾਲ਼ ਸਬੰਧ 'ਤੇ ਵਿਚਾਰ ਕਰੀਏ। ਸਾਨੂੰ ਪਤਾ ਹੈ ਕਿ ਯੂਨਾਨੀ ਮਿਥਿਹਾਸ, ਨਾ ਕੇਵਲ ਯੂਨਾਨੀ ਕਲਾ ਦਾ ਗੜ੍ਹ ਹੀ ਹੈ, ਬਲਕਿ ਇਸ ਦੀ ਬੁਨਿਆਦ ਵੀ ਹੈ। ਕੀ, ਜਦੋਂ ਸਵੈ-ਚਾਲਤ ਮਿਯੂਲਾਂ, ਰੇਲਾਂ, ਭਾਫ ਦੇ ਇੰਜਣਾਂ ਅਤੇ ਬਿਜਲੀ ਦੁਆਰਾ ਭੇਜੀਆਂ ਜਾਣ ਵਾਲ਼ੀਆਂ ਤਾਰਾਂ ਦਾ ਜ਼ਮਾਨਾ ਹੈ, ਤਾਂ ਉੱਥੇ ਯੂਨਾਨੀ ਕਲਪਨਾ ਅਤੇ ਇਸੇ ਲਈ ਯੂਨਾਨੀ (ਕਲਾ) ਵਿੱਚ ਮੌਜੂਦ ਜੋ ਕੁਦਰਤ ਅਤੇ ਸਮਾਜਿਕ ਸਬੰਧਾਂ ਦੀ ਜੋ ਅਵਧਾਰਨਾ ਹੈ, ਉਹ ਕੰਮ ਦੇ ਸਕਦੀ ਹੈ ? ਰਾਬਰਟਸ ਐਂਡ ਕੰਪਨੀ ਦੇ ਮੁਕਾਬਲੇ ਕਿਸੇ **ਵਲਕਨ** ਅਤੇ ਬਿਜਲੀ-ਸੁਚਾਲਕ ਦੇ ਮੁਕਾਬਲੇ, **ਜੁਪੀਟਰ** ਦੀ। ਅਤੇ '**ਕਰੈਡਿਟ ਮੋਬਿਲਾਇਰ**' ਦੇ ਮੁਕਾਬਲੇ ਹਰਮੇਸ ਦੀ ਭਲਾ ਕੀ ਹੈਸੀਅਤ ਹੈ ? ਸਾਰਾ ਮਿਥਿਹਾਸ ਕੁਦਰਤ ਦੀਆਂ ਸ਼ਕਤੀਆਂ ਨੂੰ ਕਲਪਨਾ ਅੰਦਰ ਅਤੇ ਕਲਪਨਾ ਦੁਆਰਾ ਝੁਕਾਉਂਦਾ, ਕਾਬੂ ਕਰਦਾ ਤੇ ਘੜ੍ਹਦਾ ਹੈ। ਇਹ ਇਸ ਲਈ, ਉਥੋਂ ਫੌਰਨ ਪੱਤਰਾ-ਵਾਚ ਜਾਂਦਾ ਹੈ, ਜਦੋਂ ਕਿ ਇਹਨਾਂ ਸ਼ਕਤੀਆਂ ਉੱਪਰ ਅਸਲ ਕੰਟਰੋਲ ਸਥਾਪਤ ਹੋ ਜਾਂਦਾ ਹੈ। ਪ੍ਰਿੰਟਿੰਗ ਹਾਊਸ (ਛਾਪੇਖਾਨੇ) ਸਕੁਆਇਰ ਦੇ ਨਾਲ਼ ਨਾਲ਼ ਟਿਕੇ **ਫਾਮਾ** ਦਾ ਕੀ ਹਾਲ ਹੁੰਦਾ ਹੈ, ਦੂਜੇ ਸ਼ਬਦਾਂ ਵਿੱਚ ਕਹੋ ਤਾਂ ਇੰਝ ਕਿਹਾ ਜਾਵੇਗਾ ਕਿ ਕੁਦਰਤੀ ਅਤੇ ਸਮਾਜਿਕ ਘਟਨਾਵਾਂ ਨੂੰ, ਇੱਕ ਅਨਿੱਛਕ ਤੌਰ 'ਤੇ ਕਲਾਕਾਰੀ ਢੰਗ ਨਾਲ਼, ਲੋਕਾਂ ਦੀ ਕਲਪਨਾ ਨੇ, ਪਹਿਲਾਂ ਤੋਂ ਆਪਣੇ ਵਿੱਚ ਰਚਾ ਰੱਖਿਆ ਹੈ। ਯੂਨਾਨੀ ਕਲਾ ਦਾ ਇਹ ਹੈ ਪਦਾਰਥ, ਨਾ ਕੇਵਲ ਕੋਈ ਮਿਥਿਹਾਸ, ਅਰਥਾਤ, ਕੁਦਰਤ ਦਾ ਹਰ ਕੋਈ ਅਚੇਤ ਰੂਪ ਵਿੱਚ ਕੀਤਾ ਕਲਾਕਾਰੀ ਰਚਾਅ ਨਹੀਂ (ਇੱਥੇ ਸ਼ਬਦ ਅੰਦਰ, ਸਮਾਜ ਸਮੇਤ, ਸਾਰਾ ਭੌਤਿਕੀ ਘਟਨਾ-ਚੱਕਰ ਸ਼ਾਮਲ ਹੈ); ਮਿਸਰੀ ਮਿਥਿਹਾਸ ਕਦੇ ਵੀ ਯੂਨਾਨੀ ਕਲਾ ਦੀ ਬੁਨਿਆਦ ਨਹੀਂ ਬਣ ਸਕਦਾ, ਨਾ ਹੀ ਉਸ ਨੂੰ ਜਨਮ ਦੇ ਸਕਦਾ ਹੈ। ਪਰ, ਹਰ ਸੂਰਤ ਵਿੱਚ ਇਹ ਕਿਸੇ ਮਿਥਿਹਾਸ ਨੂੰ (ਪਹਿਲਾਂ ਤੋਂ ਮੰਨਦਾ ਹੈ); ਪਰ, ਕਿਸੇ ਸੂਰਤ ਵਿੱਚ ਵੀ, ਕਿਸੇ ਸਮਾਜਿਕ ਵਿਕਾਸ ਨੂੰ ਨਹੀਂ ਜਿਹੜਾ ਕਿ ਕੁਦਰਤ ਵੱਲੋਂ, ਕਿਸੇ ਮਿਥਿਹਾਸਕ ਰੁਖ ਨੂੰ ਤਿਆਗ ਕੇ ਚਲਦਾ ਹੈ, ਭਾਵ ਕੁਦਰਤ ਵੱਲ ਅਜਿਹਾ ਰੁਖ, ਜਿਹੜਾ ਮਿੱਥ ਨੂੰ ਜਨਮ ਦੇ ਸਕਦਾ ਹੋਵੇ; ਇਸ ਤਰ੍ਹਾਂ ਸਮਾਜ ਕਲਾਕਾਰ ਪਾਸੋਂ ਉਸ ਕਲਪਨਾ ਦੀ ਮੰਗ ਕਰਦਾ ਹੈ, ਜਿਹੜੀ ਕਿ ਮਿਥਿਹਾਸ ਤੋਂ ਬਰੀ ਹੋਵੇ।

ਇੱਕ ਦੂਜੀ ਪੱਖੋਂ ਵੀ ਵਿਚਾਰੀਏ: ਕੀ, ਐਚਿਲਸ ਦੀ ਉਦੋਂ ਸੰਭਾਵਨਾ ਹੈ, ਜਦੋਂ ਕਿ ਬਾਰੂਦ ਅਤੇ ਗੋਲ਼ੀ ਦੀ ਇਜ਼ਾਦ ਹੋ ਚੁੱਕੀ ਹੈ ? ਅਤੇ ਕੀ ਇਲੀਅਡ ਕਦੰਤ ਵੀ ਮੁਮਕਿਨ ਹੈ, ਜਦੋਂ ਕਿ ਛਾਪਾਖਾਨਾ ਬਲਕਿ ਛਾਪੇਖਾਨੇ ਦੀਆਂ ਪੂਰੀਆਂ ਦੀਆਂ ਪੂਰੀਆਂ ਮਸ਼ੀਨਾਂ ਮੌਜੂਦ ਹਨ ? ਕੀ ਇਹ ਅਵੱਸ਼ਕ ਨਹੀਂ ਹੈ, ਕਿ ਪ੍ਰੈੱਸ ਦੇ ਡੰਡੇ ਦੇ ਵਜੂਦ ਵਿੱਚ ਆ ਜਾਣ ਤੋਂ ਬਾਅਦ, ਗੀਤਾਂ ਦਾ ਗਾਇਆ ਜਾਣਾ, ਕਥਾਵਾਂ ਦਾ ਸੁਣਾਇਆ ਜਾਣਾ ਅਤੇ ਝੂਠਿਓਂ ਹੀ ਖੁਸ਼ ਹੋਣ ਦਾ ਕੰਮ ਬੰਦ ਹੋ ਜਾਵੇ ਅਤੇ ਕਿ ਉਹ ਹਾਲਤਾਂ ਅਲੋਪ ਹੋ ਜਾਣ ਜਿਹੜੀਆਂ ਕਿ ਮਹਾਂ-ਕਾਵਿ ਵਾਲ਼ੀ ਕਵਿਤਾ ਲਈ ਜ਼ਰੂਰੀ ਸਨ।

ਪਰ, ਸਾਡੇ ਸਾਹਮਣੇ ਜੋ ਕਠਿਨਾਈ ਆ ਰਹੀ ਹੈ, ਉਹ ਸਮਝ ਦੀ ਨਹੀਂ ਹੈ, ਕਿ ਯੂਨਾਨੀ ਕਲਾ ਅਤੇ ਮਹਾਂ-ਕਾਵਿ ਵਾਲੀ ਕਵਿਤਾ, ਕਿਵੇਂ ਸਮਾਜਿਕ ਵਿਕਾਸ ਦੇ ਖਾਸ ਰੂਪਾਂ ਨਾਲ਼ ਜੁੜੇ ਹੋਏ ਹਨ। ਕਠਿਨਾਈ ਇਹ ਹੈ ਕਿ ਉਹ ਸਾਨੂੰ ਅੱਜ ਵੀ ਸੌਂਦਰਯੀ ਆਨੰਦ ਦੇਂਦੇ ਹਨ ਅਤੇ ਕਿ, ਉਹਨਾਂ ਨੂੰ ਅੱਜ ਵੀ, ਕਈ ਪੱਖਾਂ ਤੋਂ ਇੱਕ ਮਿਆਰ, ਅਤੇ ਨਾ ਪ੍ਰਾਪਤ ਕੀਤਾ ਜਾ ਸਕਣ ਵਾਲਾ ਆਦਰਸ਼ ਮੰਨਿਆ ਜਾਂਦਾ ਹੈ।

ਕੋਈ ਬਾਲਗ, ਮੁੜ ਇੱਕ ਬੱਚਾ ਨਹੀਂ ਬਣ ਸਕਦਾ, ਜਾਂ ਉਹ ਬਚਕਾਨਾ ਬਣ ਜਾਂਦਾ ਹੈ। ਪਰ ਕੀ ਬੱਚੇ ਦੀ ਸਰਲਤਾ ਉਸ ਨੂੰ ਆਨੰਦ ਨਹੀਂ ਦੇਂਦੀ ਅਤੇ ਕੀ ਉਹ ਆਪ ਬੱਚੇ ਦੇ ਸੱਚਾਈ-ਪ੍ਰੇਮ ਨੂੰ ਮੁੜ ਉੱਚੀ-ਪੱਧਰ ਦਰਸਾਉਣ ਦਾ ਯਤਨ ਨਹੀਂ ਕਰਦਾ ? ਕੀ ਬੱਚਾ, ਹਰ ਯੁੱਗ ਵਿੱਚ, ਆਪਣੇ ਕੁਦਰਤੀ, ਸੱਚਾਈ ਪ੍ਰੇਮ ਵਿੱਚ, ਉਸ ਯੁੱਗ ਦੇ ਚਰਿੱਤਰ ਨੂੰ ਨਹੀਂ ਦਰਸਾਉਂਦਾ ? ਕਿਉਂ ਨਾ ਮਨੁੱਖਤਾ ਦਾ ਇਤਿਹਾਸਕ ਬਚਪਨ, ਜਿੱਥੇ ਇਸ ਨੂੰ ਸਭ ਤੋਂ ਸੁੰਦਰ ਰੂਪ ਮਿਲਿਆ ਹੋਇਆ ਸੀ, ਇੱਕ ਸਦੀਵੀ ਮਨੋਹਰਤਾ ਦਾ ਅਸਰ ਰੱਖੇ ? ਕਾਰਨ ਕਿ ਇਹ ਉਹ ਪੜਾਅ ਹੈ ਜਿਸ ਨੇ ਮੁੜ ਕਦੇ ਨਹੀਂ ਆਉਣਾ। ਕਈ ਬੱਚੇ ਗੰਵਾਰੂ ਹੁੰਦੇ ਹਨ ਅਤੇ ਕਈ ਉਮਰੋਂ ਵੱਧ ਸਿਆਣੇ। ਕਈ ਪ੍ਰਾਚੀਨ ਕੌਮਾਂ ਇਸ ਸ਼੍ਰੇਣੀ ਨਾਲ਼ ਸਬੰਧਤ ਹਨ। ਯੂਨਾਨੀ ਸਾਧਾਰਨ ਬੱਚੇ ਸਨ। ਸਾਡੇ ਲਈ ਉਹਨਾਂ ਦੀ ਕਲਾ ਦੀ ਜੋ ਟੁੰਬਣੀ ਹੈ, ਉਹ ਉਸ ਸਮਾਜ ਦੀ, ਜਿਸ ਵਿੱਚ ਉਸ ਦਾ ਜਨਮ ਹੋਇਆ, ਅੱਧ-ਪੱਕੀ ਹਾਲਤ ਨਾਲ਼ ਨਹੀਂ ਟਕਰਾਉਂਦੀ। ਇਸ ਤੋਂ ਉਲਟ, ਇਸ ਦੀ ਟੁੰਬਣੀ (ਮਨੋਹਰਤਾ) ਇਸੇ ਦਾ ਸਿੱਟਾ ਹੈ ਅਤੇ ਇਹ ਇਸ ਸੱਚਾਈ ਨਾਲ਼ ਅਟੁੱਟ ਰੂਪ ਵਿੱਚ ਜੁੜੀ ਹੋਈ ਹੈ ਕਿ ਅੱਧ-ਪੱਕੀਆਂ ਸਮਾਜਿਕ ਹਾਲਤਾਂ, ਜਿਹਨਾਂ ਨੇ ਕਿ ਇਸ ਕਲਾ ਨੂੰ ਜਨਮ ਦਿੱਤਾ ਅਤੇ ਜਿਹੜੀਆਂ ਹੀ ਇਸ ਨੂੰ ਜਨਮ ਦੀ ਸਮੱਰਥਾ ਰੱਖਦੀਆਂ ਸਨ, ਉਹ ਮੁੜ ਕਦੇ ਨਹੀਂ ਵਜੂਦ ਵਿੱਚ ਆ ਸਕਦੀਆਂ।

ਅਗਸਤ ਦੇ ਅੰਤ ਅਤੇ ਸਤੰਬਰ,<br>1857 ਦੇ ਮੱਧ ਵਿਚਕਾਰ<br>ਲਿਖਿਆ ਗਿਆ।

## ਫ਼ਰੈਡਰਿਕ ਏਂਗਲਜ਼

# ਕਾਰਲ ਮਾਰਕਸ - "ਸਿਆਸੀ ਆਰਥਕਤਾ ਦੀ ਆਲੋਚਨਾ ਵਿੱਚ ਵਾਧਾ"

## ਭਾਗ ਪਹਿਲਾ, ਫ਼ਰਾਂਜ਼ ਡਨਕੇਰ, ਬਰਲਿਨ, 1859 (ਰਿਵੀਊ)

### I

[**ਦਾਸ ਵੋਕ**,* ਨੰ. 14, ਅਗਸਤ 6, 1859]

ਜਰਮਨ ਚਿਰਾਂ ਤੋਂ ਇਹ ਸਿੱਧ ਕਰ ਚੁੱਕੇ ਹਨ ਕਿ ਵਿਗਿਆਨ ਦੇ ਸਾਰੇ ਖੇਤਰਾਂ ਵਿੱਚ ਉਹ ਦੂਜੀਆਂ ਸੱਭਿਅ ਕੌਮਾਂ ਦੇ ਬਰਾਬਰ ਹਨ ਅਤੇ ਬਹੁਤ ਸਾਰਿਆਂ ਵਿੱਚ ਤਾਂ ਉਹਨਾਂ ਦੇ ਮੁਕਾਬਲੇ ਦਾ ਦੂਜਾ ਕੋਈ ਨਹੀਂ। ਪਰ ਵਿਗਿਆਨ ਦੀ ਇੱਕ ਸ਼ਾਖ, ਸਿਆਸੀ ਆਰਥਕਤਾ, ਅਜਿਹੀ ਬਚਦੀ ਸੀ, ਜਿਸ ਵਿੱਚ ਕਿਸੇ ਨਾਮੀ ਜਰਮਨ ਵਿਦਵਾਨ ਦਾ ਨਾਂ ਦਿਖਾਈ ਨਹੀਂ ਸੀ ਦੇਂਦਾ। ਇਸ ਦਾ ਕਾਰਨ ਪ੍ਰਤੱਖ ਹੈ। ਸਿਆਸੀ ਆਰਥਕਤਾ, ਆਧੁਨਿਕ ਬੁਰਜੂਆ ਸਮਾਜ ਦਾ ਸਿਧਾਂਤਕ ਵਿਸ਼ਲੇਸ਼ਣ ਹੈ ਅਤੇ ਇਸ ਲਈ ਇਸ ਦੇ ਹੋਣ ਤੋਂ ਪਹਿਲਾਂ, ਇੱਥੇ ਉੱਨਤ ਬੁਰਜੂਆ ਪ੍ਰਸਥਿਤੀਆਂ ਦਾ ਹੋਣਾ ਜ਼ਰੂਰੀ ਸ਼ਰਤ ਹੈ। ਪਰ ਉਸ ਜਰਮਨ ਵਿੱਚ, ਜਿੱਥੇ ਸੁਧਾਰਾਂ ਨੂੰ ਮੁੱਖ ਰੱਖ ਕੇ (ਰਿਫਰਮੇਸ਼ਨ) ਜੰਗਾਂ ਚਲਦੀਆਂ ਹੋਣ, ਕਿਸਾਨਾਂ ਦੀਆਂ ਜੰਗਾਂ ਅਤੇ ਵਿਸ਼ੇਸ਼ ਕਰ ਕੇ, ਤੀਹ ਸਾਲਾਂ ਜੰਗਾਂ ਛਿੜੀਆਂ ਹੋਣ, ਉੱਥੇ ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ ਹੋ ਹੀ ਨਹੀਂ ਸਨ ਸਕਦੀਆਂ। ਨੈਦਰਲੈਂਡਜ਼** ਦੇ ਜਰਮਨ ਸਲਤਨਤ ਨਾਲ਼ੋਂ ਅਲੱਗ ਹੋ ਜਾਣ ਨਾਲ਼ ਕੌਮਾਂਤਰੀ

---

* **ਦਾਸ ਵੋਕ** - ਮਈ 7 ਤੋਂ ਅਗਸਤ 20, 1859 ਤੱਕ ਲੰਡਨ ਵਿੱਚੋਂ ਛਪਣ ਵਾਲ਼ਾ ਇੱਕ ਹਫਤਾਵਾਰੀ ਪਰਚਾ, ਜਿਸ ਵਿੱਚ ਮਾਰਕਸ, ਏਂਗਲਜ਼, ਫਰੇਲੀਗਰਾਥ, ਵ. ਵੋਲਫ, ਹੈਸੇ ਆਦਿ ਦੇ ਲੇਖ ਛਪਦੇ ਸਨ।

** ਨੈਦਰਲੈਂਡਜ਼, ਜਿਹੜਾ ਕਿ ਪਵਿੱਤਰ ਰੋਮਨ ਸਲਤਨਤ ਦਾ 1477 ਤੋਂ 1555 ਤੀਕ ਇੱਕ ਭਾਗ ਚੱਲਿਆ ਆ ਰਿਹਾ ਸੀ। ਅਕਤੂਬਰ 1555 ਨੂੰ, ਜਦੋਂ ਸਲਤਨਤ ਦੀ ਵੰਡ ਹੋਈ ਤਾਂ ਇਹ ਸਪੇਨ ਨੂੰ ਚੱਲਿਆ ਗਿਆ। ਪਿੱਛੋਂ ਜਾ ਕੇ ਇਸ ਨੇ ਆਪਣੇ ਆਪ ਨੂੰ ਸਪੇਨ ਪਾਸੋਂ ਅਜ਼ਾਦ ਕਰਾ ਲਿਆ ਅਤੇ ਇੱਕ ਸੁਤੰਤਰ ਗਣਤੰਤਰ ਬਣ ਗਿਆ। ⇨

ਵਪਾਰ ਮਾਰਗ ਇਸ ਪਾਸੋਂ ਖੁੱਸ ਗਏ ਅਤੇ ਇਸ ਦਾ ਸਨਅਤੀ ਵਿਕਾਸ ਆਪਣੇ ਬਾਲਪਣੇ ਵਿੱਚ ਹੀ ਔਖੇ ਸਾਹਾਂ 'ਤੇ ਆ ਗਿਆ। ਜਦੋਂ ਜਰਮਨ ਔਖਿਆਂ-ਸੌਖਿਆਂ ਆਪਣੀਆਂ ਘਰੇਲੂ ਜੰਗਾਂ ਦੀਆਂ ਬਰਬਾਦੀਆਂ ਤੋਂ ਉੱਭਰੇ; ਜਦੋਂ ਉਹਨਾਂ ਨੇ ਆਪਣੀ ਅਸੈਨਿਕ ਸ਼ਕਤੀ ਦੇ ਭੰਡਾਰਾਂ ਨੂੰ, ਜਿਹੜੇ ਕਿ ਕਦੇ ਵੀ ਬਹੁਤੇ ਨਹੀਂ ਸਨ, ਥੋੜ੍ਹਾ-ਬਹੁਤ ਵਰਤੋਂ ਵਿੱਚ ਲਿਆਉਣ ਦੇ ਯਤਨ ਹੋਏ – ਇਹ ਕਰਦੇ ਹੋਇਆਂ, ਉਹਨਾਂ ਨੂੰ ਹਰ ਟਟਪੂੰਜੀਏ, ਰਾਜੇ-ਰਜਵਾੜੇ ਅਤੇ ਸ਼ਾਹੀ-ਰਈਸਾਂ ਦੁਆਰਾ ਆਪਣੀਆਂ ਅਧੀਨ ਪਰਜਾਵਾਂ ਦੀ ਛੋਟੀ-ਮੋਟੀ ਸਨਅਤ ਉੱਪਰ ਲਾਏ ਚੁੰਗੀ ਕਰਾਂ ਅਤੇ ਬੇਤੁਕੇ ਵਪਾਰਕ ਨਿਯਮਾਂ ਨਾਲ਼ ਅਨੇਕ ਟੱਕਰਾਂ ਲੈਣੀਆਂ ਪਈਆਂ – ਅਤੇ ਜਦੋਂ ਸ਼ਾਹੀ ਕਸਬੇ, ਜਿੱਥੇ ਕਿੱਤਾ-ਗਿਲਡ ਅਭਿਆਸ ਅਤੇ ਵੱਡ ਖਾਨਦਾਨੀ ਭਾਵਨਾ ਚਾਲੂ ਸਨ, ਬਰਬਾਦ ਹੋ ਗਏ; ਉਦੋਂ ਤੀਕ ਹਾਲੈਂਡ, ਇੰਗਲੈਂਡ ਅਤੇ ਫ਼ਰਾਂਸ ਨੇ ਕੌਮਾਂਤਰੀ ਵਪਾਰ ਵਿੱਚ ਆਗੂ ਪੋਜ਼ੀਸ਼ਨਾਂ ਪ੍ਰਾਪਤ ਕਰ ਲਈਆਂ ਸਨ, ਉਹ ਬਸਤੀ ਤੋਂ ਬਾਅਦ ਬਸਤੀ ਦੀ ਸਥਾਪਨਾ ਕਰਦੇ ਜਾ ਰਹੇ ਸਨ ਅਤੇ ਇਹ ਉਦੋਂ ਤੀਕ ਉਹ ਸਨਅਤੀ ਪੈਦਾਵਾਰ ਨੂੰ ਉਸ ਦੇ ਵਿਕਾਸ ਦੇ ਸਿਖਰ 'ਤੇ ਲਿਜਾ ਚੁੱਕੇ ਸਨ। ਇਸ ਸਭ ਦੌੜ ਵਿੱਚ ਅਖੀਰ ਇੰਗਲੈਂਡ, ਆਪਣੀ ਭਾਫ-ਸ਼ਕਤੀ ਦੇ ਬਲਬੁੱਤੇ, ਜਿਸ ਨੇ ਉਸ ਦੇ ਕੋਇਲੇ ਅਤੇ ਲੋਹੇ ਦੇ ਭੰਡਾਰਾਂ ਨੂੰ ਮੁੱਲਵਾਨ ਬਣਾ ਦਿੱਤਾ, ਆਧੁਨਿਕ ਬੁਰਜੂਆ ਵਿਕਾਸ ਦਾ ਮੋਢੀ ਬਣ ਗਿਆ। ਪਰ ਜਰਮਨੀ ਅੰਦਰ, ਸਿਆਸੀ ਆਰਥਕਤਾ ਉਦੋਂ ਵੀ ਜਨਮ ਨਾ ਲੈ ਸਕੀ, ਕਿਉਂਕਿ ਉੱਥੇ ਅਜੇ ਬਾਬਾ ਆਦਮ ਵੇਲ਼ੇ ਦੀਆਂ ਮੱਧਯੁੱਗੀ ਰਹਿੰਦ-ਖੂੰਹਦਾਂ ਨੂੰ ਸਾਫ ਕਰਨ ਦੀਆਂ ਜੰਗਾਂ ਅਜੇ ਚਲਾਉਣੀਆਂ ਬਾਕੀ ਸਨ। ਇਹਨਾਂ ਦਾ ਸਫਾਇਆ, ਜਿਹੜਾ ਕਿ ਉਸ ਦੀਆਂ ਪਦਾਰਥਕ ਸ਼ਕਤੀਆਂ ਦੇ ਬੁਰਜੂਆ ਵਿਕਾਸ ਦੇ ਸਾਫ ਕਰਨ ਲਈ ਹੋਣਾ ਅੱਤ ਜ਼ਰੂਰੀ ਸੀ, ਕਿਤੇ ਜਾ ਕੇ 1830 ਵਿੱਚ ਹੋ ਸਕਿਆ। ਜਦੋਂ ਕਿਤੇ ਜਾ ਕੇ ਜਰਮਨੀ ਵਿੱਚੋਂ **ਕਸਟਮਜ਼ ਯੂਨੀਅਨ*** ਦੀ ਸਥਾਪਨਾ ਹੋਈ, ਤਾਂ ਜਰਮਨੀ ਨੂੰ ਸਿਆਸੀ ਆਰਥਕਤਾ ਦੀ ਥੋੜ੍ਹੀ ਬਹੁਤ **ਸੂਝ ਆਉਣ** ਲੱਗੀ। ਠੀਕ ਇਹੋ ਸਮਾਂ ਸੀ, ਜਦੋਂ ਕਿ ਅੰਗਰੇਜ਼ੀ ਅਤੇ ਫ਼ਰਾਂਸੀਸੀ ਦੀਆਂ ਆਰਥਿਕਤਾ ਸਬੰਧੀ ਪੁਸਤਕਾਂ ਜਰਮਨ ਮੱਧ ਵਰਗ ਦੇ ਪੜ੍ਹੇ ਜਾਣ ਲਈ ਦਰਾਮਦ ਹੋਣ ਲੱਗੀਆਂ। ਪੜ੍ਹੇ-ਲਿਖੇ ਲੋਕਾਂ ਅਤੇ ਨੌਕਰਸ਼ਾਹਾਂ ਨੇ ਝਟਾ-ਪੱਟ ਦਰਾਮਦੀ ਮਾਲ ਉੱਪਰ ਜੱਫਾ ਮਾਰ ਲਿਆ ਅਤੇ ਇਸ ਦੀ ਇਸ ਤਰ੍ਹਾਂ ਭੈੜੀ ਵਰਤੋਂ ਕੀਤੀ ਕਿ ਜਿਸ ਤੋਂ "ਜਰਮਨ ਦਾਨਾਈ" ਦੀ ਸ਼ਾਖ ਕੁਝ ਉੱਚੀ ਨਾ ਉੱਠ ਸਕੀ। **ਸਨਅਤ ਦੇ ਤੀਸ ਮਾਰ ਖਾਨਾਂ** (ਸ਼ਿਵੈਲੀਅਰਜ਼ ਦ' ਇੰਡਸਟਰੀ),

ਨੈਦਰਲੈਂਡਜ਼ ਦੇ ਅਲੱਗ ਹੋ ਜਾਣ ਨਾਲ, ਜਰਮਨੀ ਪਾਸੋਂ ਪ੍ਰਮੁੱਖ ਸਮੁੰਦਰੀ ਮਾਰਗਾਂ ਪ੍ਰਤੀ ਸਿੱਧੀ ਪਹੁੰਚ ਖੁੱਸ ਗਈ ਅਤੇ ਇਸ ਨੂੰ ਆਪਣਾ ਵਪਾਰ ਚਲਾਉਣ ਲਈ ਡੱਚਾਂ ਉੱਪਰ ਨਿਰਭਰ ਕਰਨਾ ਪਿਆ। ਇਸ ਨਾਲ਼ ਦੇਸ਼ ਦੇ ਆਰਥਕ ਵਿਕਾਸ ਨੂੰ ਭਾਰੀ ਧੱਕਾ ਵੱਜਾ।

* ਕਸਟਮਜ਼ ਯੂਨੀਅਨ 1834 ਵਿੱਚ ਪਰੂਸੀਅਨ ਸਰਦਾਰੀ ਹੇਠ ਬਣਾਈ ਗਈ ਸੀ ਅਤੇ ਉਸ ਵਿੱਚ ਆਸਟਰੀਆ ਨੂੰ ਛੱਡ ਕੇ ਅਧਿਕਤਮ ਜਰਮਨ ਰਿਆਸਤਾਂ ਸ਼ਾਮਲ ਹੋ ਗਈਆਂ ਸਨ। ਇਸ ਯੂਨੀਅਨ ਨੇ ਅੰਦਰਲੀਆਂ ਥਾਂ ਥਾਂ ਦੀਆਂ ਚੁੰਗੀ-ਰੋਕਾਂ ਨੂੰ ਹਟਾ ਦਿੱਤਾ ਸੀ ਅਤੇ ਇਸ ਤਰ੍ਹਾਂ ਇੱਕ ਸਾਂਝੇ ਜਰਮਨ ਬਾਜ਼ਾਰ ਨੂੰ ਹੋਂਦ ਵਿੱਚ ਲੈ ਆਂਦਾ ਸੀ।

ਵਪਾਰੀਆਂ, ਸਕੂਲ-ਮਾਸਟਰਾਂ ਅਤੇ ਨੌਕਰਸ਼ਾਹਾਂ ਦੇ ਮਿਲਗੋਭੇ ਦੀਆਂ ਸਾਹਿਤਕ ਕੋਸ਼ਿਸ਼ਾਂ ਨੇ ਜਰਮਨ ਆਰਥਕਤਾ ਸਬੰਧੀ ਕੁਝ ਕੁ ਪੁਸਤਕਾਂ ਨੂੰ ਛਪਵਾਇਆ, ਪਰ ਉਹ ਪੁਰਾਣੇਪਣ, ਹਲਕੇਪਣ, ਹੋਛੇਪਣ, ਸ਼ਬਦ ਜਾਲ ਅਤੇ ਸਾਹਿਤਕ ਚੋਰੀ ਦੇ ਪੱਖੋਂ ਕੇਵਲ ਜਰਮਨ ਨਾਵਲ ਦੀਆਂ ਹੀ ਹਮਪੱਲਾ ਹਨ। ਅਮਲੀ ਮੰਤਵਾਂ ਦੇ ਸਿਰੜੀ ਲੋਕਾਂ ਵਿੱਚ, ਸਨਅਤਕਾਰਾਂ ਦੇ ਪਹਿਲੇ ਜਾਨ-ਬਚਾਊ (ਪਰੋਟੈਕਸ਼ਨਿਸਟ) ਸਕੂਲ ਦੀ ਸਥਾਪਨਾ ਹੋਈ, ਜਿਸ ਦਾ ਪਹਿਲਾ ਬੁਲਾਰਾ, **ਲਿਸਟ** ਅਜੇ ਤੀਕ ਦਾ ਸਭ ਤੋਂ ਵਧੀਆ ਵਿਅਕਤੀ ਹੈ, ਜਿਸ ਨੂੰ ਕਿ ਜਰਮਨ ਸਿਆਸੀ ਆਰਥਕਤਾ ਨੇ ਵਜੂਦ ਵਿੱਚ ਲਿਆਂਦਾ ਹੈ, ਹਾਲਾਂਕਿ ਉਸ ਦਾ ਪ੍ਰਸਿੱਧ ਗਰੰਥ, ਸਾਰੇ ਦਾ ਸਾਰਾ ਫ਼ਰਾਂਸੀਸੀ ਫੈਰੀਅਰ, ਜਿਹੜਾ ਕਿ ਕਾਂਟੀਨੈਂਟਲ ਪ੍ਰਣਾਲੀ ਦਾ ਸਿਧਾਂਤਕ ਕਰਤਾ-ਧਰਤਾ ਹੈ, ਦੀ ਨਕਲ ਹੈ। ਇਸ ਰੁਝਾਨ ਦਾ ਵਿਰੋਧ ਕਰਨ ਲਈ, ਬਾਲਟਿਕ ਪਰਾਂਤਾਂ ਦੇ ਵਪਾਰੀਆਂ ਨੇ ਚਾਲ੍ਹੀਵੀਆਂ ਵਿੱਚ ਆਪਣਾ ਇੱਕ 'ਸੁਤੰਤਰ ਵਪਾਰ ਸਕੂਲ' ਸਥਾਪਤ ਕੀਤਾ, ਜਿਹੜਾ ਕਿ ਅਟਕ-ਅਟਕ ਕੇ, ਬੱਚਿਆਂ ਵਾਂਗ; ਅੰਗਰੇਜ਼ ਸੁਤੰਤਰ ਵਪਾਰੀਆਂ ਦੀਆਂ ਦਲੀਲਾਂ ਦੀ ਮੁਹਾਰਣੀ ਬੜੀ ਸ਼ਰਧਾ ਨਾਲ਼ ਰਟਣ ਲੱਗਾ, ਪਰ ਸੁਆਰਥੋਂ ਬਾਝ ਨਹੀਂ। ਅਖੀਰ ਨੂੰ ਸਕੂਲ-ਮਾਸਟਰਾਂ ਅਤੇ ਨੌਕਰਸ਼ਾਹਾਂ ਵਿੱਚੋਂ, ਜਿਹਨਾਂ ਨੂੰ ਸਿਧਾਂਤਕ ਮਸਲਿਆਂ ਦੇ ਹੱਲ ਪੇਸ਼ ਕਰਨੇ ਪੈਂਦੇ ਸਨ, ਉਹਨਾਂ ਵਿੱਚ ਹੋਏ – ਹਰਬੇਰੀਆ ਦੇ ਬੇ-ਪੜਚੋਲੇ ਅਤੇ ਰੁੱਖੇ ਸੰਗ੍ਰਹਿ-ਕਰਤਾ, ਜਿਵੇਂ **ਹੈਰ ਰਾਉ**, ਦਿਖਾਵਟੀ ਹੁਸ਼ਿਆਰ ਸੱਟੇਬਾਜ਼, ਜਿਹਨਾਂ ਨੇ ਵਿਦੇਸ਼ੀ ਕਥਨਾਂ ਨੂੰ ਅਣ-ਪਚਵੀਂ ਹੀਗਲੀ ਭਾਸ਼ਾ ਵਿੱਚ ਉਲਥਾਇਆ, ਜਿਵੇਂ ਕਿ **ਹੈਰ-ਸਟੇਨ**, ਜਾਂ ਕਿ ਚੋਗੇ, ਜਿਹਨਾਂ ਕੋਲ ਅਖੌਤੀ, 'ਸੱਭਿਅਤਾ ਦਾ ਇਤਿਹਾਸ' ਦੇ ਖੇਤਰ ਦਾ ਸਾਹਿਤਕ ਮੁਲੱਮਾ ਮੌਜੂਦ ਸੀ, ਜਿਵੇਂ ਕਿ ਹੈਰ ਰੇਹਲ। ਇਹਨਾਂ ਸਾਰਿਆਂ ਦੇ ਗੁਰੂ ਸਨ '**ਕੈਮਰਲਵਾਦੀ**'* ਇਕ ਸਰਬ-ਗਰਾਹੀ ਆਰਥਕ ਚਟਨੀ, ਜਿਸ ਵਿੱਚ ਉਹ ਸਭ ਮੁਤਫਰੱਕ ਨਿੱਕ-ਸੁੱਕ ਇਕੱਠਾ ਕੀਤਾ ਪਿਆ ਹੈ, ਜਿਸ ਨੂੰ ਕਿਸੇ ਛੋਟੇ ਸਿਵਲ ਸਰਵੈਂਟ ਲਈ ਆਪਣੀ ਅੰਤਮ ਪ੍ਰੀਖਿਆ ਦੇਣ ਸਮੇਂ ਯਾਦ ਰੱਖਣ ਦੀ ਲੋੜ ਪੈ ਸਕਦੀ ਹੈ।

ਜਦੋਂ ਕਿ, ਜਰਮਨੀ ਅੰਦਰ, ਇਸ ਤਰ੍ਹਾਂ ਬੁਰਜੂਆਜ਼ੀ, ਸਕੂਲ ਮਾਸਟਰ ਅਤੇ ਨੌਕਰਸ਼ਾਹ, ਅਜੇ ਰੱਟਾ ਲਾ ਲਾ ਕੇ ਸਿੱਖਣ ਦੀ ਅਤੇ ਕਿਸੇ ਹੱਦ ਤੀਕ ਅੰਗਰੇਜ਼-ਫ਼ਰਾਂਸੀਸੀ ਸਿਆਸੀ ਆਰਥਕਤਾ ਦੇ ਪਹਿਲੇ ਗੁਰਾਂ ਨੂੰ ਸਮਝਣ ਦੀ, ਕੋਸ਼ਿਸ਼ ਕਰ ਰਹੇ ਸਨ, ਜਿਹਨਾਂ ਉਹ ਅਕਾਟ-ਸਿਧਾਂਤ (ਡਾਗਮਾ) ਮੰਨੀ ਬੈਠੇ ਸਨ; ਇਸੇ ਸਮੇਂ ਜਰਮਨ ਪ੍ਰੋਲੇਤਾਰੀਆ ਦੀ ਪਾਰਟੀ ਪਿੜ ਵਿਚ ਆ ਧਮਕੀ। ਇਸ ਪਾਰਟੀ ਦਾ ਸਿਧਾਂਤਕ ਪੱਖ, ਕੁੱਲ ਦਾ ਕੁੱਲ ਸਿਆਸੀ ਆਰਥਕਤਾ ਦੇ ਅਧਿਅਨ ਤੇ ਅਧਾਰਿਤ ਸੀ ਅਤੇ **ਜਰਮਨ ਸਿਆਸੀ ਆਰਥਕਤਾ** ਦੀ ਬਤੌਰ ਇੱਕ ਸੁਤੰਤਰ ਵਿਗਿਆਨ ਦੇ ਜੇ ਤਿਥੀ ਮਿੱਥਣੀ ਹੋਵੇ, ਤਾਂ ਉਹ ਇਸ ਪਾਰਟੀ ਦੇ ਜਨਮ ਲੈਣ

---

* ਕੈਮਰਲਵਾਦੀ (ਕੈਮਰਲਿਸਟਿਕਸ) – ਪ੍ਰਬੰਧ, ਵਿੱਤ ਅਤੇ ਆਰਥਕਤਾ ਦਾ ਮਿਲਗੋਭਾ, ਜਿਹੜਾ ਕਿ ਮੱਧਯੁੱਗ ਵਿੱਚ ਅਤੇ ਪਿੱਛੋਂ ਤੀਕ, ਵੱਖ ਵੱਖ ਯੂਰਪੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਅੰਦਰ ਪੜ੍ਹਾਇਆ ਜਾਂਦਾ ਸੀ।

ਵਾਲੀ ਤਿਥੀ ਹੈ। ਇਸ ਜਰਮਨ ਸਿਆਸੀ ਆਰਥਕਤਾ ਦੀ ਲਾਜ਼ਮ ਬੁਨਿਆਦ, ਇਤਿਹਾਸ ਦੀ ਪਦਾਰਥਵਾਦੀ ਅਵਧਾਰਣਾ ਹੈ, ਜਿਸ ਦੀਆਂ ਪ੍ਰਧਾਨ ਵਿਸ਼ੇਸ਼ਤਾਈਆਂ ਉੱਪਰ ਦਿੱਤੇ ਨਾਂ ਵਾਲੀ ਪੁਸਤਕ ਦੀ "ਭੂਮਿਕਾ" (ਹੱਥਲੀ ਪੁਸਤਕ ਦੀ, ਇੱਥੇ) ਵਿੱਚ ਸੰਖੇਪ ਪੂਰਵਕ ਉਲੀਕੀਆਂ ਹੋਈਆਂ ਹਨ। ਕਿਉਂਕਿ ਇਹੋ ਭੂਮਿਕਾ, ਪ੍ਰਮੁੱਖ ਤੌਰ 'ਤੇ **ਦਾਸ ਵੌਕ** ਵਿੱਚ ਛਾਪੀ ਜਾ ਚੁੱਕੀ ਹੈ, ਅਸੀਂ ਉਸੇ ਦਾ ਹਵਾਲਾ ਦੇਂਦੇ ਹਾਂ। ਇਹ ਕਥਨ, ਕਿ "ਸਮਾਜਿਕ, ਰਾਜੀਨੀਤਕ ਅਤੇ ਬੌਧਿਕ ਜੀਵਨ ਦਾ ਅਮਲ ਪਦਾਰਥਕ ਜੀਵਨ ਦੇ ਉਪਜ-ਢੰਗ ਨਾਲ਼ ਜੁੜਿਆ ਹੁੰਦਾ ਹੈ" ਕਿ ਸਾਰੇ ਸਮਾਜਿਕ ਅਤੇ ਸਿਆਸੀ ਸਬੰਧ, ਸਾਰੀਆਂ ਧਾਰਮਿਕ ਅਤੇ ਕਾਨੂੰਨੀ ਪ੍ਰਣਾਲੀਆਂ, ਸਾਰੀਆਂ ਸਿਧਾਂਤਕ ਅਵਧਾਰਣਾਵਾਂ, ਜਿਹੜੀਆਂ ਕਿ ਇਤਿਹਾਸ ਦੇ ਦੌਰਾਨ ਜਨਮ ਲੈਂਦੀਆਂ ਹਨ, ਤਾਂ ਹੀ ਸਮਝੀਆਂ ਜਾ ਸਕਦੀਆਂ ਹਨ, ਜੇਕਰ ਸਬੰਧਤ ਯੁੱਗ ਦੇ ਜੀਵਨ ਦੀਆਂ ਪਦਾਰਥਕ ਪ੍ਰਸਥਿਤੀਆਂ ਦੀ ਸਮਝ ਆ ਚੁੱਕੀ ਹੋਵੇ ਅਤੇ ਪਹਿਲੀਆਂ ਦੀ ਲੜੀ ਇਹਨਾਂ ਪਦਾਰਥਕ ਪ੍ਰਸਥਿਤੀਆਂ ਨਾਲ਼ ਜੋੜ ਲਈ ਹੋਵੇ – ਇਹ ਇੱਕ ਇਨਕਲਾਬੀ ਖੋਜ ਨਾ ਕੇਵਲ ਆਰਥਕਤਾ ਦੇ ਖੇਤਰ ਵਿੱਚ ਹੀ ਸੀ ਬਲਕਿ ਸਾਰੇ ਇਤਿਹਾਸਕ ਵਿਗਿਆਨਾਂ ਵਿੱਚ ਵੀ ਅਤੇ ਕਿ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਜਿਹੜੀਆਂ ਕਿ ਕੁਦਰਤੀ ਵਿਗਿਆਨ ਨਹੀਂ ਹਨ, ਇਤਿਹਾਸਕ ਵਿਗਿਆਨ ਹਨ। "ਮਨੁੱਖ ਦੀ ਚੇਤਨਾ ਉਸ ਦੀ ਹੋਂਦ ਦਾ ਨਿਸ਼ਚਾ ਨਹੀਂ ਕਰਦੀ, ਬਲਕਿ ਉਸ ਦੀ ਸਮਾਜਿਕ, ਉਸ ਦੀ ਚੇਤਨਾ ਦਾ ਨਿਸ਼ਚਾ ਕਰਦੀ ਹੈ।" ਇਹ ਇਹ ਕਥਨੀ ਇਤਨੀ ਸਾਧਾਰਨ ਹੈ ਕਿ ਹਰ ਕਿਸੇ ਨੂੰ ਸਮਝ ਆ ਸਕਦੀ ਹੈ, ਪਰ ਸ਼ਰਤ ਇਹ ਹੈ ਕਿ ਉਹ ਕਿਸੇ ਪ੍ਰਕਾਰ ਦੇ ਵਿਚਾਰਵਾਦੀ ਝਮੇਲੇ ਦਾ ਬੰਦੀ ਨਾ ਬਣਿਆ ਹੋਵੇ। ਪਰ ਇਸ ਕਥਨੀ ਦੇ ਜੋ ਨਤੀਜੇ ਨਿਕਲਦੇ ਹਨ, ਉਹ ਬੇਹੱਦ ਇਨਕਲਾਬੀ ਹਨ, ਨਾ ਕੇਵਲ ਸਿਧਾਂਤਕ ਖੇਤਰ ਵਿੱਚ ਹੀ, ਬਲਕਿ ਅਮਲ ਦੇ ਖੇਤਰ ਵਿੱਚ ਵੀ। "ਵਿਕਾਸ ਦੇ ਇੱਕ ਖਾਸ ਪੜਾਅ 'ਤੇ ਪੁੱਜ ਕੇ, ਸਮਾਜ ਦੀਆਂ ਪਦਾਰਥਕ ਪੈਦਾਵਾਰੀ ਸ਼ਕਤੀਆਂ, ਪੈਦਾਵਾਰ ਦੇ ਉਸ ਸਮੇਂ ਦੇ ਸਬੰਧਾਂ ਨਾ ਟਕਰਾਅ ਵਿੱਚ ਆਉਂਦੀਆਂ ਹਨ ਜਾਂ – ਜੇ ਨਰੋਲ ਕਾਨੂੰਨੀ ਸ਼ਬਦਾਵਲੀ ਵਿੱਚ ਇਸ ਨੂੰ ਕਿਹਾ ਜਾਵੇ – ਤਾਂ ਇਹ ਸ਼ਕਤੀਆਂ ਉਹਨਾਂ ਸੰਪੱਤੀ ਸਬੰਧਾਂ ਤੋਂ ਆਕੀ ਹੋ ਜਾਂਦੀਆਂ ਹਨ, ਜਿਹਨਾਂ ਦੇ ਢਾਂਚੇ ਵਿੱਚ ਹੀ ਜੱਕੜੀਆਂ ਉਹ ਹੁਣ ਤੀਕ ਕੰਮ ਕਰਦੀਆਂ ਆ ਰਹੀਆਂ ਸਨ। ਇਹ ਸਬੰਧ, ਜਿਹੜੇ ਕਿ ਹੁਣ ਤੀਕ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਰੂਪ ਸਨ, ਹੁਣ ਉਹ, ਉਹਨਾਂ ਲਈ ਹੀ ਬੇੜੀਆਂ ਬਣ ਬੈਠਦੇ ਹਨ। ਹੁਣ ਤੋਂ **ਸਮਾਜਿਕ ਇਨਕਲਾਬ** ਦਾ ਦੌਰ ਅਰੰਭ ਹੋ ਜਾਂਦਾ ਹੈ। ਆਰਥਿਕ ਬੁਨਿਆਦ ਵਿੱਚ ਆਏ ਪਰਿਵਰਤਣਾਂ ਦਾ ਸਿੱਟਾ, ਦੇਰ-ਸਵੇਰ, ਸਾਰੇ ਵਿਆਪਕ ਢਾਂਚੇ ਵਿੱਚ ਇੱਕ ਤਬਦੀਲੀ ਲਿਆਉਣ ਦੇ ਰੂਪ ਵਿੱਚ ਨਿਕਲਦਾ ਹੈ....। ਬੁਰਜੂਆ ਉਪਜ-ਢੰਗ, ਪੈਦਾਵਾਰ ਦੇ ਸਮਾਜਿਕ ਅਮਲ ਦਾ ਅੰਤਮ ਟਕਰਾਊ ਰੂਪ ਹੈ। ਇਹ ਟਕਰਾਊ ਹੋਣਾ, ਕਿਸੇ ਵਿਅਕਤੀਗਤ ਟਕਰਾਅ ਦੇ ਅਰਥਾਂ ਵਿਚ ਨਹੀਂ, ਬਲਕਿ ਉਹ ਟਕਰਾਅ, ਜਿਹੜਾ ਕਿ ਵਿਅਕਤੀਆਂ ਦੀ ਸਮਾਜਿਕ ਹੋਂਦ ਦੀਆਂ ਪ੍ਰਸਥਿਤੀਆਂ ਵਿੱਚੋਂ ਪੈਦਾ ਹੁੰਦਾ ਹੈ। ਬੁਰਜੂਆ ਸਮਾਜ ਦੇ ਅੰਦਰਵਾਰ, ਜੋ ਉਪਜ-ਸ਼ਕਤੀਆਂ ਵਿਕਸਿਤ ਹੋ ਜਾਂਦੀਆਂ ਹਨ, ਉਹ ਨਾਲ਼ ਹੀ ਉਹਨਾਂ, ਪਦਾਰਥਕ ਪ੍ਰਸਥਿਤੀਆਂ ਨੂੰ ਵੀ ਜਨਮ ਦੇ ਦਿੰਦੀਆਂ ਹਨ, ਜਿਹੜੀਆਂ

ਇਸ ਟਕਰਾਅ ਦੀ ਸਥਿਤੀ ਦਾ ਹੱਲ ਕੱਢ ਦੇਂਦੀਆਂ ਹਨ।" ਇੱਕ ਜੰਗੀ ਇਨਕਲਾਬ ਦੀ ਭਵਿੱਖ-ਦਿੱਖ, ਹੁਣ ਤੱਕ ਦੇ ਹੋਏ ਸਭ ਇਨਕਲਾਬਾਂ ਤੋਂ ਵੱਡੇ ਇਨਕਲਾਬ ਦੀ ਸਾਡੇ ਸਾਹਮਣੇ ਉਸ ਸਮੇਂ ਤੋਂ ਹੀ ਖੁੱਲ੍ਹ ਜਾਣੀ ਚਾਹੀਦੀ ਹੈ, ਜਦੋਂ ਹੀ ਅਸੀਂ ਆਪਣੇ ਇਸ ਪਦਾਰਥਕ ਥੀਸਿਸ ਨੂੰ ਅੱਗੇ ਲੈ ਜਾਵਾਂਗੇ ਅਤੇ ਇਸ ਨੂੰ ਅੱਜ ਦੇ ਹਾਲਾਤ 'ਤੇ ਲਾਗੂ ਕਰਾਂਗੇ।

ਹੋਰ ਗਹੁ ਨਾਲ਼ ਕੀਤੀ ਵਿਚਾਰ ਤੋਂ ਤੁਰੰਤ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉੱਪਰੋਂ ਦਿਖਣ ਵਾਲ਼ੀ ਬਿਲਕੁਲ ਸਰਲ ਕਥਨੀ ਦੇ ਪਹਿਲੇ ਨਤੀਜਿਆਂ ਕਿ ਮਨੁੱਖ ਦੀ ਚੇਤਨਾ ਉਸ ਦੀ ਹੋਂਦ ਤੋਂ ਨਿਸ਼ਚਿਤ ਹੁੰਦੀ ਹੈ, ਨਾ ਕਿ ਇਸ ਤੋਂ ਉਲਟ ਗੱਲ – ਨੇ ਅੱਗੇ ਹੀ ਵਿਚਾਰਵਾਦ ਦੇ ਸਾਰੇ ਰੂਪਾਂ ਨੂੰ ਠੁਕਰਾ ਦਿੱਤਾ ਹੈ, ਉਹਨਾਂ ਨੂੰ ਵੀ ਜਿਹੜੇ ਕਿ ਬੇਹੱਦ ਗੁੱਝੇ ਸਨ ਅਤੇ ਇਤਿਹਾਸਕ ਮਾਮਲਿਆਂ ਬਾਰੇ ਸਾਰੇ ਰਵਾਇਤੀ ਅਤੇ ਪ੍ਰਚਲਿਤ ਦ੍ਰਿਸ਼ਟੀਕੋਣਾਂ ਨੂੰ ਰੱਦ ਕਰ ਦਿੱਤਾ ਹੈ। ਸਿਆਸੀ ਦਲੀਲਬਾਜ਼ੀ ਦਾ ਸਾਰਾ ਹੁਣ ਤੀਕ ਚੱਲਿਆ ਆ ਰਿਹਾ ਢੰਗ ਪੁੱਠਾ ਪੈ ਗਿਆ; ਦੇਸ਼ਭਗਤੀ ਪੂਰਨ ਉੱਤਮਤਾ, ਨੱਕ-ਮੂੰਹ ਚਾੜ੍ਹ ਕੇ ਇਤਰਾਜ਼ ਕਰਦੀ ਹੈ ਕਿ ਇਹ ਕੀ ਗੈਰ-ਅਸੂਲੀ ਵਿਆਖਿਆ ਲੈ ਆਂਦੀ ਹੈ। ਇਸ ਤਰ੍ਹਾਂ, ਇਸ ਨਵੇਂ ਦ੍ਰਿਸ਼ਟੀਕੋਣ ਤੋਂ ਨਾ ਕੇਵਲ ਬੁਰਜੂਆਜ਼ੀ ਦੇ ਪ੍ਰਚਾਰਕਾਂ ਵਿੱਚ ਤਹੱਲਕਾ ਮੱਚਣਾ ਲਾਜ਼ਮੀ ਸੀ, ਬਲਕਿ ਫ਼ਰਾਂਸੀਸੀ ਸੋਸ਼ਲਿਸਟਾਂ ਦੇ ਬਹੁਗਿਣਤੀ ਸਮੂਹਾਂ ਦੀ ਸੂਝ ਨੂੰ ਵੀ ਝਟਕਾ ਵੱਜਣਾ ਜ਼ਰੂਰੀ ਸੀ, ਜਿਹੜੇ ਕਿ ਕੇਵਲ ਇਹੋ ਆਸ ਲਾਈ ਬੈਠੇ ਸੀ ਕਿ **ਆਜ਼ਾਦੀ**, **ਬਰਾਬਰੀ**, **ਭਰਾਪਣ** ਦੇ ਜਾਦੂਈ ਸ਼ਬਦਾਂ ਦੇ ਜਾਪ ਨਾਲ਼ ਹੀ ਸੰਸਾਰ ਦਾ ਕਾਇਆ-ਪਲਟ ਹੋ ਜਾਵੇਗਾ, ਪਰ ਇਸ ਤੋਂ ਮੂੰਹ ਜ਼ੋਰ ਜਰਮਨੀ ਦੇ ਮੂੜ੍ਹ ਜਮਹੂਰੀਅਤ-ਪਸੰਦ ਬੁਰੀ ਤਰ੍ਹਾਂ ਨਾਰਾਜ਼ ਹੋ ਗਏ। ਤਾਂ ਵੀ ਉਹ ਨਵੇਂ ਵਿਚਾਰਾਂ ਦੀ, ਆਪਣੇ ਖੁਦ ਦੇ ਮਫਾਦ ਵਿੱਚ ਚੋਰੀ ਕਰਨ ਦੇ ਯਤਨਾਂ ਵਿੱਚ, ਪੱਖਪਾਤ ਤੋਂ ਕੰਮ ਲੈਣ ਲੱਗੇ, ਭਾਵੇਂ ਇਹ ਕਰਨ ਵਿੱਚ ਉਹਨਾਂ ਦੀ ਸੂਝ ਦੇ ਵਿਕਾਸ ਦਾ ਕੋਈ ਖਾਸ ਹਿੱਸਾ ਨਹੀਂ ਸੀ।

ਪਦਾਰਥਵਾਦੀ ਅਵਧਾਰਣਾ ਦੀ, ਇੱਕ ਵੀ ਮਿਸਾਲ ਸਹੀ ਸਿੱਧ ਕਰਨ ਲਈ, ਸਾਲਾਂ ਬੱਧੀ, ਅਡੋਲ ਖੋਜ ਦੀ ਲੋੜ ਪੈਂਦੀ ਹੈ, ਕਿਉਂਕਿ ਇਹ ਸਪੱਸ਼ਟ ਹੈ ਕਿ ਖਾਲੀ ਗੱਲ੍ਹ-ਵਜਾਈ, ਇਸ ਧੰਦੇ ਵਿੱਚ ਕੋਈ ਸਹਾਇਤਾ ਨਹੀਂ ਕਰਦੀ; ਅਤੇ ਕਿ ਇੱਥੇ ਤਾਂ ਬਹੁਤ ਪੁਣ-ਛਾਣ ਨਾਲ਼ ਜਾਂਚਿਆ ਇਤਿਹਾਸਕ ਮਸਾਲਾ ਹੀ ਕਾਫ਼ੀ ਮਾਤਰਾ ਵਿੱਚ ਸਾਹਮਣੇ ਰੱਖਿਆ ਹੋਇਆ, ਜਿਸ ਬਾਰੇ ਸੰਦੇਹ ਦੀ ਕੋਈ ਗੁੰਜਾਇਸ਼ ਨਾ ਹੋਵੇ, ਇਸ ਮਸਲੇ ਨੂੰ ਯਕੀਨ ਦਾ ਰੂਪ ਦੇ ਸਕਦਾ ਹੈ। ਸਾਡੀ ਪਾਰਟੀ ਨੂੰ ਫਰਵਰੀ ਇਨਕਲਾਬ ਕਾਰਨ ਸਿਆਸੀ ਅਖਾੜੇ ਵਿੱਚ ਕੁੱਦਣਾ ਪਿਆ ਅਤੇ ਇਸ ਤਰ੍ਹਾਂ ਇਹ ਨਰੋਲ ਵਿਗਿਆਨਕ ਮੰਤਵਾਂ 'ਤੇ ਚਲਨ ਤੋਂ ਭਟਕ ਗਈ ਤਾਂ ਵੀ, ਬੁਨਿਆਦੀ ਅਵਧਾਰਣਾ, ਪਾਰਟੀ ਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਵਿੱਚ ਇੱਕ ਅਟੁੱਟ ਸੰਗਲੀ ਵਾਂਗ ਪ੍ਰਤੱਖ ਨਜ਼ਰੀਂ ਪੈਂਦੀ ਹੈ। ਸਾਡੀ ਹਰ ਰਚਨਾ ਇਹ ਸਾਫ ਦੱਸਦੀ ਹੈ ਕਿ ਹਰ ਘਟਨਾ ਵਿੱਚ ਕਾਰਜ, ਲਾਜ਼ਮੀ ਤੌਰ 'ਤੇ, ਪਦਾਰਥਕ ਕਾਰਨਾਂ ਤੋਂ ਚਾਲਿਤ ਕੀਤੇ ਗਏ ਸਨ ਅਤੇ ਨਾ ਕਿ ਉਸ ਵੇਲ਼ੇ ਚਲਦੀ ਕਾਵਾਂ-ਰੌਲ਼ੀ ਤੋਂ; ਅਤੇ ਕਿ, ਇਸ ਤੋਂ ਉਲਟ, ਸਿਆਸੀ ਅਤੇ ਕਾਨੂੰਨੀ ਸ਼ਬਦ ਜਾਲ਼, ਸਿਆਸੀ ਕਾਰਜਾਂ ਅਤੇ ਉਹਨਾਂ ਦੇ ਨਤੀਜਿਆਂ ਵਾਂਗ ਪਦਾਰਥਕ ਕਾਰਨਾਂ ਵਿੱਚ ਉਗਮਿਆ ਸੀ।

1848-49 ਦੇ ਇਨਕਲਾਬ ਦੀ ਹਾਰ ਪਿੱਛੋਂ, ਉਸ ਸਮੇਂ, ਜਦੋਂ ਕਿ ਬਾਹਰ ਬੈਠਿਆਂ, ਜਰਮਨੀ ਦੇ ਹਾਲਤ ਨੂੰ ਪ੍ਰਭਾਵਿਤ ਕਰਨਾ, ਵੱਧ ਤੋਂ ਵੱਧ ਅਸੰਭਵ ਹੋ ਗਿਆ, ਸਾਡੀ ਪਾਰਟੀ ਨੇ ਪ੍ਰਵਾਸੀ ਤਕਰਾਰਾਂ ਦੇ ਖੇਤਰਾਂ ਨੂੰ, ਮੂੜ ਜਮਹੂਰੀਅਤ ਪਸੰਦਾਂ ਲਈ ਖੁੱਲ੍ਹਾ ਛੱਡ ਦਿੱਤਾ, ਕਿਉਂਕਿ ਇੱਥੇ ਇਹੋ ਕਰਨਾ ਮਸਲਹਤ ਦੀ ਗੱਲ ਸੀ। ਹੁਣ ਜਦੋਂ ਉਹ ਆਪਣੀ ਦੌੜ-ਭੱਜ ਵਿੱਚ ਮਰਜ਼ੀ ਅਨੁਸਾਰ ਜੁੱਟ ਗਏ, ਇੱਕ ਦਿਨ ਗੁੱਥਮ-ਗੁੱਥਾ ਹੁੰਦੇ ਤੇ ਅਗਲੇ ਦਿਨ ਦੋਸਤੀ ਕਰਦੇ ਤੇ ਫੇਰ ਕੁਝ ਦਿਨਾਂ ਪਿੱਛੋਂ, ਆਪਸ ਦੇ ਮਤਭੇਦਾਂ ਨੂੰ ਖੁੱਲ੍ਹੇ ਆਮ ਉਛਾਲਣ ਲੱਗਦੇ; ਫੇਰ ਉਹ ਠੂਠਾਂ ਹੱਥ ਵਿੱਚ ਲੈ ਕੇ ਅਮਰੀਕਾ ਨੂੰ ਭੱਜਦੇ ਤੇ ਫੌਰਨ ਪਿੱਛੋਂ, ਜੋ ਕੁਝ ਮਾਇਆ ਉਹਨਾਂ ਇਕੱਠੀ ਕੀਤੀ ਹੁੰਦੀ, ਉਸ ਦੀ ਵੰਡ ਦੇ ਸਵਾਲ ਨੂੰ ਲੈ ਕੇ ਹਾਥਾ-ਪਾਈ ਹੋਣ ਲੱਗਦੇ - ਤਾਂ ਸਾਡੀ ਪਾਰਟੀ ਨੂੰ ਇਸ ਚਿੱਕੜ-ਉਛਾਲੀ ਤੇ ਖਿੱਚ-ਧੂਹ ਤੋਂ ਪਰ੍ਹਾਂ ਰਹਿ ਕੇ, ਆਪਣਾ ਖੋਜ-ਕਾਰਜ ਕਰਨ ਵਿੱਚ ਬੜੀ ਤਸੱਲੀ ਮਹਿਸੂਸ ਹੁੰਦੀ ਸੀ। ਇਸ ਦਾ ਵੱਡਾ ਲਾਭ ਇਹ ਸੀ ਕਿ ਇਸ ਦੀ ਸਿਧਾਂਤਕ ਬੁਨਿਆਦ ਇੱਕ ਨਵੀਂ ਵਿਗਿਆਨਕ ਅਵਧਾਰਣਾ ਸੀ, ਜਿਸ ਨੂੰ ਸਮਝਾਉਣ ਲਈ ਬਹੁਤ ਕਾਫ਼ੀ ਕੰਮ ਕਰਨ ਦੀ ਲੋੜ ਪੈਂਦੀ ਸੀ। ਇਸ ਇਕੱਲੇ ਕਾਰਨ ਸਦਕਾ ਹੀ ਇਸ ਨੂੰ ਕਦੇ ਉਸ ਤਰ੍ਹਾਂ ਦੀ ਨਿਰਾਸ਼ਾ ਨਾ ਹੋਈ, ਜਿਹੋ ਜਿਹੀ ਕਿ ਪ੍ਰਵਾਸ ਦੇ "ਮਹਾਨ ਵਿਅਕਤੀਆਂ" ਨੂੰ ਆਮ ਹੀ ਆ ਘੇਰਦੀ ਸੀ।

ਵਿਚਾਰ-ਅਧੀਨ ਪੁਸਤਕ, ਇਸ ਸਮੇਂ ਕੀਤੇ ਅਧਿਅਨਾਂ ਦਾ ਪਹਿਲਾ ਸਿੱਟਾ ਹੈ।

## II

[**ਦਾਸ ਵੋਕ**, ਨੰ. 16, ਅਗਸਤ 20, 1859]

ਹੱਥਲੀ ਕਿਤਾਬ ਦੇ ਰਿਵੀਊ ਦਾ ਮੰਤਵ, ਕੇਵਲ ਸਿਆਸੀ ਆਰਥਕਤਾ 'ਤੇ ਵੱਖ ਵੱਖ ਭਾਗਾਂ ਦੀ ਚਲਦੀ ਚਲਦੀ ਆਲੋਚਨਾ ਨਹੀਂ ਹੋ ਸਕਦੀ, ਨਾ ਹੀ ਕਿ ਇੱਕਾ-ਦੁੱਕਾ ਆਰਥਕ ਸਵਾਲ ਦੀ ਇਕਲਵਾਂਝੀ ਬਹਿਸ ਹੀ ਹੋ ਸਕਦੀ ਹੈ। ਇਸ ਤੋਂ ਉਲਟ, ਇਸ ਪੁਸਤਕ ਦੀ ਅਰੰਭ ਤੋਂ ਤਿਆਰੀ ਹੀ, ਸਿਆਸੀ ਆਰਥਕਤਾ ਦੇ ਸੰਪੂਰਨ ਵਰਤਾਰੇ ਦਾ ਇੱਕ ਸਿਲਸਿਲੇਵਾਰ ਸੰਖੇਪ ਵਰਨਣ ਅਤੇ ਬੁਰਜੂਆ ਪੈਦਾਵਾਰ ਅਤੇ ਬੁਰਜੂਆ ਤਬਾਦਲੇ ਨੂੰ ਚਲਾਉਣ ਵਾਲ਼ੇ ਨਿਯਮਾਂ ਦੀ ਸੰਗਤ ਵਿਆਖਿਆ ਨੂੰ ਹੀ ਮੁੱਖ ਰੱਖ ਕੇ ਕੀਤੀ ਗਈ ਹੈ। ਇਸ ਦੇ ਨਾਲ਼ ਹੀ ਇਹ ਵਿਆਖਿਆ, ਆਰਥਕ ਸਾਹਿਤ ਦੀ ਇੱਕ ਵਿਆਪਕ ਅਲੋਚਨਾ ਹੈ। ਇਸ ਦਾ ਕਾਰਨ ਇਹ ਹੈ ਕਿਉਂਕਿ ਆਖਰ ਅਰਥ-ਸ਼ਾਸਤਰੀ ਕੌਣ ਹੁੰਦੇ ਹਨ? ਇਹਨਾਂ ਨਿਯਮਾਂ ਦੇ ਵਿਆਖਿਆਕਾਰਾਂ ਅਤੇ ਪ੍ਰਚਾਰਕਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ।

ਹੀਗਲ ਦੀ ਜਦ ਤੋਂ ਮ੍ਰਿਤੂ ਹੋਈ ਹੈ, ਉਸ ਤੋਂ ਪਿੱਛੋਂ, ਵਿਗਿਆਨ ਦੀ ਕਿਸੇ ਵੀ ਸ਼ਾਖਾ ਨੂੰ, ਇਸ ਦੀ ਵਿਸ਼ੇਸ਼ ਅੰਦਰਲੀ ਸੰਗਤੀ ਵਿੱਚ ਰੱਖ ਕੇ ਪਰਖਣ ਦੀ ਕੋਈ ਵੀ ਕੋਸ਼ਿਸ਼ ਨਹੀਂ ਹੋਈ ਹੈ। ਹੀਗਲੀ ਵਿਚਾਰਧਾਰਾ ਦੇ ਜੱਦੀ ਹੱਕਦਾਰਾਂ ਨੇ ਤਾਂ ਆਪਣੇ ਗੁਰੂ ਦੇ ਵਿਰੋਧ-

ਵਿਕਾਸ ਦੀਆਂ ਸਰਲਤਮ ਜੁਗਤਾਂ ਨੂੰ ਹੀ ਸਮਝਿਆ ਹੈ ਅਤੇ ਉਹਨਾਂ ਨੂੰ ਹੀ ਹਰ ਥਾਂ 'ਤੇ ਲਾਗੂ ਕੀਤਾ ਹੈ ਅਤੇ ਇੰਝ ਕਰਦਿਆਂ ਬਹੁਤ ਕਰਕੇ, ਆਪਣੀ ਕਮਅਕਲੀ ਦਾ ਹੀ ਮਜ਼ਾਕ ਉਡਵਾਇਆ ਹੈ। ਜਿੱਥੋਂ ਤੀਕ ਇਹਨਾਂ (ਜੱਦੀ ਹੱਕਦਾਰਾਂ) ਦਾ ਸਬੰਧ ਹੈ, ਉਹਨਾਂ ਲਈ ਹੀਗਲ ਦੀ ਸਾਰੀ ਵਰਾਸਤ, ਕੁੱਲ ਮਿਲਾ ਕੇ, ਇੱਕ ਸਾਂਚੇ ਤੱਕ ਸੀਮਿਤ ਹੋ ਚੁੱਕੀ ਹੈ, ਜਿਸ ਦੀ ਸਹਾਇਤਾ ਨਾਲ਼, ਕੋਈ ਵਸਤ ਵੀ, ਘੜ੍ਹ-ਛਿੱਲ ਕੇ ਮਰਜ਼ੀ ਦੇ ਰੂਪ ਦੀ ਬਣਾਈ ਜਾ ਸਕਦੀ ਹੈ ਅਤੇ ਉਹਨਾਂ ਹੱਥ ਸ਼ਬਦਾਂ ਅਤੇ ਵਾਕੰਸ਼ਾਂ ਦਾ ਇੱਕ ਸੈੱਟ ਰਹਿ ਗਿਆ ਹੈ, ਜਿਹਨਾਂ ਦਾ ਇਕੋ ਬਚਿਆ ਮੰਤਵ ਇਹ ਹੈ, ਕਿ ਜਦੋਂ ਵੀ ਉਹਨਾਂ ਨੂੰ ਵਿਚਾਰਾਂ ਦੀ ਅਤੇ ਠੋਸ ਗਿਆਨ ਦੀ ਘਾਟ ਮਹਿਸੂਸ ਹੋਵੇ, ਤਾਂ ਉਹ ਫੌਰਨ ਇਹਨਾਂ ਦੀ ਵਰਤੋਂ ਕਰ ਲੈਣ। ਨਤੀਜਾ ਇਹ ਹੈ ਕਿ ਜਿਵੇਂ ਬੌਨ ਦੇ ਇੱਕ ਪ੍ਰੋਫੈਸਰ ਨੇ ਕਹਿ ਦਿੱਤਾ ਹੈ, ਕਿ ਇਹ ਹੀਗਲ ਦੇ ਅਨੁਯਾਈ ਜਾਣਦੇ ਕੁਝ ਵੀ ਨਹੀਂ, ਪਰ ਇਹ ਸੰਸਾਰ ਦੀ ਹਰ ਵਸਤ ਉੱਪਰ ਲਿਖ ਸਕਦੇ ਹਨ। ਇਸ ਦੇ ਜੋ ਸਿੱਟੇ ਨਿਕਲਣੇ ਸਨ, ਉਹ ਹੀ ਨਿਕਲ ਆਏ ਹਨ। ਆਪਣੇ ਸਾਰੇ ਪਾਖੰਡ ਦੇ ਬਾਵਜੂਦ, ਇਹ ਭੱਦਰ ਲੋਕ; ਕਾਫੀ ਚੰਗੀ ਤਰ੍ਹਾਂ ਨਾਲ਼ ਆਪਣੀਆਂ ਘਾਟਾਂ ਤੋਂ ਜਾਣੂੰ ਸਨ, ਇਸੇ ਲਈ ਉਹ ਵੱਡੇ ਮਸਲਿਆਂ ਨੂੰ, ਜਿੱਥੋਂ ਤੱਕ ਬਣਦਾ, ਹੱਥ ਵਿੱਚ ਲੈਣੋਂ ਕਤਰਾਂਉਂਦੇ ਸਨ। ਉਮਰੋਂ ਟੱਪੀ, ਪੱਥਰ ਰੂਪ ਬਣੀ ਵਿਦਿਆ ਚੱਲੀ ਕਿਉਂ ਆਉਂਦੀ ਰਹੀ, ਇਸ ਦਾ ਕਾਰਨ, ਇਸ ਦੇ ਪਾਸ ਵਧੀਆ ਕਿਸਮ ਦੇ ਤੱਥੀ ਗਿਆਨ ਦਾ ਹੋਣਾ ਸੀ ਅਤੇ ਜਦੋਂ ਤੋਂ ਫਾਇਰਬਾਖ ਨੇ ਅਟਕਲੀ ਤਰੀਕੇ ਦਾ ਤਿਆਗ ਕਰ ਦਿੱਤਾ, ਉਦੋਂ ਤੋਂ ਹੀਗਲਵਾਦ, ਹੌਲ਼ੀ ਹੌਲ਼ੀ ਆਪਣੀ ਕਬਰ ਵੱਲ ਜਾਣ ਲੱਗਾ; ਅੰਤ ਇਹ ਦਿਖਾਈ ਦੇਣ ਲੱਗਾ, ਕਿ ਵਿਗਿਆਨ ਨੇ ਇੱਕ ਵਾਰੀ ਫੇਰ ਪੁਰਾਣਿਕ ਅਧਿਆਤਮਵਾਦ ਦੀ, ਇਸ ਦੀਆਂ ਕਠੋਰ ਸ਼੍ਰੇਣੀਆਂ ਸਮੇਤ, ਸਰਦਾਰੀ ਨੂੰ ਕਬੂਲ ਕਰ ਲਿਆ ਹੈ।

ਇਸ ਲਈ ਕਈ ਕੁਦਰਤੀ ਕਾਰਨ ਸਨ। ਹੀਗਲੀ ਡਾਇਡਾਚੀ ਦਾ ਨਿਯਮ, ਜਿਹੜਾ ਕਿ ਕੋਰੇ ਵਾਕੰਸ਼ਾਂ ਵਿੱਚ ਅੰਤ ਹੁੰਦਾ ਸੀ, ਕੁਦਰਤੀ ਤੌਰ 'ਤੇ ਇਸ ਦੇ ਪਿੱਛੋਂ ਇੱਕ ਸਮਾਂ ਆਉਂਦਾ ਸੀ, ਜਿਸ ਵਿੱਚ ਵਿਗਿਆਨ ਦਾ ਠੋਸ ਸਾਰਤੱਤ ਇੱਕ ਵਾਰੀ ਫੇਰ ਰੂਪਕ ਪੱਖ ਉੱਪਰ ਹਾਵੀ ਹੋ ਜਾਂਦਾ ਸੀ। ਇਸ ਤੋਂ ਅੱਗੇ, ਜਰਮਨੀ ਨੇ ਇਸੇ ਸਮੇਂ, ਆਪਣੀ ਅਸਾਧਾਰਨ ਸ਼ਕਤੀ, 1848 ਤੋਂ ਬਾਅਦ ਹਰਕਤ ਵਿੱਚ ਆਏ, ਬੇਪਨਾਹ ਬੁਰਜੂਆ ਵਿਕਾਸ ਦੇ ਅਨੁਸਾਰ ਕੁਦਰਤੀ ਵਿਗਿਆਨਾਂ ਉੱਪਰ ਲਾਈ। ਇਹਨਾਂ ਵਿਗਿਆਨਾਂ ਦਾ ਜਦੋਂ ਰਿਵਾਜ ਪੈ ਗਿਆ, ਜਿਹਨਾਂ ਵਿੱਚ ਅਟਕਲੀ ਢੰਗ ਨੂੰ ਕਦੇ ਕੋਈ ਵਿਸ਼ੇਸ਼ ਮਹੱਤਤਾ ਪ੍ਰਾਪਤ ਨਹੀਂ ਹੋਈ ਸੀ, ਤਾਂ ਵਿਚਾਰ ਦੀ ਪੁਰਾਣੀ ਅਧਿਆਤਮਵਾਦੀ ਪ੍ਰਣਾਲੀ, ਇਥੋਂ ਤੀਕ ਕਿ ਵੋਲਫ ਦੀ ਅੱਤ ਹਲਕੀਆਂ ਕਿਸਮਾਂ ਦੀਆਂ ਗੱਲਾਂ ਵੀ, ਬੜੀ ਤੇਜ਼ੀ ਨਾਲ਼ ਆਪਣੇ ਪੈਰ ਜਮਾਣ ਲੱਗੀਆਂ। ਹੀਗਲ ਨੂੰ ਵਿਸਾਰ ਦਿੱਤਾ ਗਿਆ ਅਤੇ ਕੁਦਰਤੀ ਵਿਗਿਆਨਾਂ ਅੰਦਰ ਇੱਕ ਨਵੀਂ ਕਿਸਮ ਦੇ ਪਦਾਰਥਵਾਦ ਦਾ ਉਦੈ ਹੋ ਗਿਆ। ਅਸੂਲੀ ਤੌਰ 'ਤੇ ਇਹ ਨਵਾਂ ਪਦਾਰਥਵਾਦ, ਅਠਾਰ੍ਹਵੀਂ ਸਦੀ ਦੇ ਪਦਾਰਥਵਾਦ ਤੋਂ ਬਹੁਤ ਘੱਟ ਵੱਖਰਾ ਸੀ ਅਤੇ ਇਸ ਦਾ ਖਾਸ ਫਾਇਦਾ, ਕੁਦਰਤੀ ਵਿਗਿਆਨਾਂ, ਖਾਸ ਕਰਕੇ ਰਸਾਇਣੀ ਅਤੇ ਭੌਤਿਕੀ ਨਾਲ਼ ਸਬੰਧਤ ਅੰਕੜਿਆਂ ਦੀ ਇੱਕ

ਬਹੁਤ ਵੱਡੀ ਸੰਖਿਆ ਦਾ ਪਾਸ ਹੋਣਾ ਸੀ। ਕਾਂਤ-ਪੂਰਬ ਸਮੇਂ ਦੀ ਤੰਗ-ਨਜ਼ਰੀ ਦੀ ਵਿਚਾਰ ਪ੍ਰਣਾਲੀ ਨੂੰ, ਇਸ ਦੇ ਸਭ ਤੋਂ ਵੱਧ ਹੋਛੇ ਰੂਪ ਵਿੱਚ ਬੂਸ਼ਨੇਰ ਅਤੇ ਵੋਗਤ, ਮੋਲਸ਼ੋਟ ਤੀਕ ਨੇ ਵੀ, ਜਿਹੜਾ ਕਿ ਫਾਇਰਬਾਖ ਦੀ ਸਹੁੰ ਖਾਂਦਾ ਸੀ, ਸਰਲਤਮ ਸ਼੍ਰੇਣੀਆਂ ਰਾਹੀਂ, ਇੱਕ ਅੱਤ ਭਟਕਾਊ ਤਰੀਕੇ ਨਾਲ਼, ਅਨੇਕ ਵਾਰ ਕਲਾਬਾਜ਼ੀਆਂ ਖਾਧੀਆਂ ਹਨ। ਆਮ ਬੁਰਜਵਈ ਮਨ ਦਾ ਹੁੱਟਿਆ-ਥੱਕਿਆ ਰੇੜਕੇ ਦਾ ਘੋੜਾ, ਜਦੋਂ ਸਾਹਮਣੇ ਆਈ, ਵਸਤ ਨੂੰ ਦਿਖਾਵਟ ਤੋਂ ਅਤੇ ਕਾਰਨ ਨੂੰ ਨਤੀਜੇ ਤੋਂ, ਵੱਖ ਕਰਨ ਵਾਲੀ ਖਾਈ ਨੂੰ ਵੇਖਦਾ ਹੈ, ਤਾਂ ਭ੍ਰਾਂਤੀ ਵਿੱਚ, ਉਸ ਦੇ ਸਾਹ ਸੂਤੇ ਜਾਂਦੇ ਹਨ। ਪਰ ਉਸ ਬੰਦੇ ਨੂੰ ਰੇੜਕੇ ਦੇ ਘੋੜਿਆਂ ਦੀ ਸਵਾਰੀ ਹੀ ਨਹੀਂ ਕਰਨੀ ਚਾਹੀਦੀ, ਜਿਹਦਾ ਇਰਾਦਾ ਅਰੂਪ ਦਲੀਲਬਾਜ਼ੀ ਦੀ ਅੱਤ ਊਬੜ-ਖਾਬੜ ਧਰਤੀ ਉੱਪਰ ਚਹਿਲ-ਕਦਮੀ ਕਰਨ ਦਾ ਹੋਵੇ।

ਇਸ ਪ੍ਰਸੰਗ ਵਿੱਚ, ਇਸ ਲਈ, ਇੱਕ ਪ੍ਰਸ਼ਨ ਹੱਲ ਕਰਨਾ ਬੜਾ ਜ਼ਰੂਰੀ ਸੀ, ਜਿਹੜਾ ਕਿ ਸਿੱਧਿਆਂ ਸਿੱਧਿਆਂ ਸਿਆਸੀ ਆਰਥਕਤਾ ਨਾਲ਼ ਸਬੰਧਤ ਨਹੀਂ ਸੀ। ਕਿਹੜਾ ਵਿਗਿਆਨਕ ਤਰੀਕਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ? ਇੱਕ ਪਾਸੇ ਤਾਂ, ਨਰੋਲ, ਅਰੂਪ "ਅਟਕਲੀ" ਰੂਪ ਵਿੱਚ ਹੀਗਲ ਨੇ ਉਸ ਨੂੰ ਛੱਡਿਆ ਸੀ ਅਤੇ ਦੂਜੇ ਪਾਸੇ, ਸਾਧਾਰਨ, ਮੁੱਖ ਤੌਰ 'ਤੇ ਵੋਲਫੀ, ਅਧਿਆਤਮਵਾਦੀ ਤਰੀਕਾ ਹੈ, ਜਿਸ ਦਾ ਕਿ ਮੁੜ ਰਿਵਾਜ ਪੈ ਚੁੱਕਾ ਸੀ, ਅਤੇ ਜਿਸ ਨੂੰ ਕਿ ਬੁਰਜੂਆ ਅਰਥ-ਵਿਗਿਆਨੀ ਆਪਣੀਆਂ ਭਾਰੀ ਊਲ-ਜਲੂਲ ਪੁਸਤਕਾਂ ਲਿਖਣ ਲਈ ਵਰਤੋਂ ਵਿੱਚ ਲਿਆ ਰਹੇ ਸਨ, ਪਿਛਲੇ ਤਰੀਕੇ ਨੂੰ ਕਾਂਤ ਨੇ ਅਤੇ ਖਾਸ ਕਰਕੇ ਹੀਗਲ ਨੇ ਸਿਧਾਂਤਕ ਤੌਰ 'ਤੇ ਜੜ੍ਹੋਂ-ਮੂਲੋਂ ਖੋ ਦਿੱਤਾ ਸੀ, ਤਾਂ ਜੋ ਇਸ ਦੀ ਅਮਲ ਵਿੱਚ ਲਗਾਤਾਰ ਵਰਤੋਂ ਤਾਂ ਹੀ ਸੰਭਵ ਹੋ ਸਕੇ, ਜੇਕਰ ਸੰਪੂਰਨ ਜੜਤਾ ਆ ਗਈ ਹੋਵੇ, ਜਾਂ ਫੇਰ ਮੁਕਾਬਲੇ ਦਾ ਕੋਈ **ਸਾਧਾਰਨ** ਤਰੀਕਾ ਨਾ ਪੈਦਾ ਹੋਇਆ ਹੋਵੇ। ਦੂਜੇ ਪਾਸਿਓਂ, ਹੀਗਲੀ ਤਰੀਕਾ, ਆਪਣੇ ਵਰਤਮਾਨ ਰੂਪ ਵਿੱਚ ਅਜਿਹਾ ਸੀ, ਜਿਹੜਾ ਕਿ ਬਿਲਕੁਲ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਦਾ ਸੀ। ਇਹ ਲਾਜ਼ਮੀ ਤੌਰ 'ਤੇ ਇਸ ਕੇਸ ਵਿੱਚ ਮੁੱਖ ਨੁਕਤਾ ਇੱਕ ਅਜਿਹੇ ਸੰਸਾਰ-ਦ੍ਰਿਸ਼ਟੀਕੋਣ ਦੀ ਵਿਆਖਿਆ ਕਰਨਾ ਸੀ, ਜਿਹੜਾ ਕਿ ਪਹਿਲਾਂ ਦੇ ਕਿਸੇ ਵੀ ਦ੍ਰਿਸ਼ਟੀਕੋਣ ਨਾਲ਼ੋਂ ਵੱਧ ਪਦਾਰਥਵਾਦੀ ਸੀ। ਹੀਗਲ ਦੇ ਤਰੀਕੇ ਦਾ ਆਪਣਾ ਨਖੇੜ-ਨੁਕਤਾ ਸ਼ੁੱਧ ਵਿਚਾਰ ਸੀ, ਜਦੋਂ ਕਿ ਇਥੇ ਅਰੰਭ-ਨੁਕਤਾ ਹੀ ਬੇ-ਬਦਲ ਵਾਕਿਆਤ ਸਨ। ਇੱਕ ਤਰੀਕਾ, ਜਿਹੜਾ ਕਿ ਆਪਣੀ ਨਿੱਜ ਦੀ ਮਾਨਤਾ ਅਨੁਸਾਰ, "ਨਾਸਤੀ ਤੋਂ, ਨਾਸਤੀ ਰਾਹੀਂ, ਨਾਸਤੀ ਤੀਕ ਆਇਆ," ਇਸ ਰੂਪ ਵਿੱਚ, ਕਿਸੇ ਤਰ੍ਹਾਂ ਵੀ ਉੱਚਤ ਨਹੀਂ ਸੀ। ਤਾਂ ਵੀ, ਸਾਰੇ ਦੇ ਸਾਰੇ, ਪ੍ਰਾਪਤ, ਮਨਤਕੀ ਪਦਾਰਥ ਵਿੱਚ ਇਹੋ, ਇੱਕੋ ਇੱਕ ਅਨਸਰ ਸੀ, ਜਿਹੜਾ ਕਿ ਘੱਟ ਤੋਂ ਘੱਟ, ਕਿਸੇ ਉਤਪਤੀ-ਨੁਕਤੇ ਦਾ ਕੰਮ ਦੇ ਸਕਦਾ ਸੀ। ਇਸ ਦੀ ਅਜੇ ਤੀਕ ਝਾੜ-ਝੰਬ ਨਹੀਂ ਹੋਈ ਸੀ ਅਤੇ ਨਾ ਹੀ, ਇਸ ਨੂੰ ਘਰੋਂ ਦੁਤਕਾਰਿਆ ਗਿਆ ਸੀ। ਮਹਾਨ ਵਿਰੋਧ-ਵਿਕਾਸੀ ਗੁਰੂ ਦੇ ਵਿਰੋਧੀਆਂ ਵਿੱਚੋਂ ਇੱਕ ਵੀ ਅਜਿਹਾ ਨਹੀਂ ਸੀ, ਜਿਹੜਾ ਕਿ ਇਸ ਸ਼ਾਨਦਾਰ ਇਮਾਰਤ ਵਿੱਚ ਸੰਨ੍ਹ ਲਾ ਸਕੇ। ਇਹ ਵਿਸਾਰਿਆ ਪਿਆ ਸੀ ਕਿਉਂਕਿ ਹੀਗਲੀ ਸਕੂਲ ਦਾ ਕੋਈ ਮੈਂਬਰ ਵੀ ਇਹ ਨਹੀਂ ਸੀ ਜਾਣਦਾ ਕਿ ਇਸ ਦੀ ਵਰਤੋਂ ਕਿਵੇਂ

ਕੀਤੀ ਜਾਵੇ। ਇਸ ਲਈ, ਸਭ ਤੋਂ ਪਹਿਲਾਂ ਇਹ ਗੱਲ ਜ਼ਰੂਰੀ ਬਣ ਗਈ ਕਿ ਹੀਗਲੀ ਤਰੀਕੇ ਦੀ ਹੀ ਪੂਰੀ ਪੁਣ-ਛਾਣ ਦੇ ਕਾਰਜ ਨੂੰ ਧੁਰ ਸਿਰੇ ਪਹੁੰਚਾਇਆ ਜਾਵੇ।

ਹੀਗਲ ਦੇ ਤਰਕ-ਢੰਗ ਵਿੱਚ ਲੁਕੀ ਇਹ ਸਭ ਤੋਂ ਨਿਰਾਲੀ ਇਤਿਹਾਸਕ ਸੂਝ ਸੀ, ਜਿਹੜੀ ਕਿ ਇਸ ਨੂੰ ਹੋਰ ਸਾਰੇ ਫਲਾਸਫਰਾਂ ਦੀ ਸੂਝ ਤੋਂ ਵਖਰਿਆਉਂਦੀ ਹੈ। ਉਸ ਦੁਆਰਾ ਵਰਤਿਆ ਰੂਪ ਕਿਤਨਾ ਹੀ ਅਰੂਪ ਜਾਂ ਵਿਚਾਰਵਾਦੀ ਕਿਉਂ ਨਾ ਹੋਵੇ, ਪਰ ਉਸ ਦੇ ਵਿਚਾਰਾਂ ਦੀ ਵਿਕਾਸ-ਲੜੀ ਸਦਾ ਇਤਿਹਾਸਕ ਵਿਕਾਸ ਦੇ ਨਾਲ਼ੋਂ ਨਾਲ਼ ਪੈਰ ਪੁੱਟਦੀ ਸੀ ਅਤੇ ਇਤਿਹਾਸਕ ਵਿਕਾਸ ਨੂੰ ਹੀ ਨਿਰਸੰਦੇਹ, ਵਿਚਾਰਾਂ ਦੇ ਵਿਕਾਸ ਲਈ ਸਬੂਤ ਮੰਨ ਕੇ ਚੱਲਿਆ ਜਾਂਦਾ ਸੀ। ਭਾਵੇਂ ਇਸ ਦੇ ਕਾਰਨ ਅਸਲ ਸਬੰਧ ਉਲਟਾ ਪੈ ਗਿਆ ਅਤੇ ਪੈਰਾਂ ਦੀ ਥਾਂ ਆਪਣੇ ਸਿਰ ਦੇ ਬਲ ਖੜ੍ਹਾ ਹੋਇਆ, ਪਰ ਫੇਰ ਵੀ ਅਸਲ ਸਾਰਤੱਤ, ਲਾਜ਼ਮੀ ਤੌਰ ’ਤੇ ਹੀਗਲ ਦੇ ਫਲਸਫੇ ਅੰਦਰ ਗੁੱਥਿਆ ਰਿਹਾ; ਖਾਸ ਕਰਕੇ ਇਸ ਲਈ ਵੀ, ਕਿਉਂਕਿ ਹੀਗਲ ਨੇ ਆਪਣੀ ਟੇਕ ਨਹੀਂ ਲਾਈ, ਬਲਕਿ ਉਹ ਤਾਂ, ਹੋਏ-ਬੀਤੇ ਸਾਰੇ ਵਿਚਾਰਕਾਂ ਤੋਂ ਸਭ ਤੋਂ ਵਿਦਵਾਨ ਵਿਚਾਰਕ ਸੀ। ਉਹ ਸਭ ਤੋਂ ਪਹਿਲਾ ਸੀ, ਜਿਸ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਇੱਕ ਵਿਕਾਸ-ਕ੍ਰਮ ਹੈ, ਇਤਿਹਾਸ ਵਿੱਚ ਆਪਣੀ ਅੰਦਰਲੀ ਇੱਕ ਸੰਗਤੀ ਹੈ ਅਤੇ ਅੱਜ ਸਾਨੂੰ ਉਸ ਦੇ ਇਤਿਹਾਸ ਦੇ ਫਲਸਫੇ ਵਿੱਚ ਕਈ ਚੀਜ਼ਾਂ ਕਿਤਨੀਆਂ ਹੀ ਅਜੀਬ ਕਿਉਂ ਨਾ ਲੱਗਦੀਆਂ ਹੋਣ, ਉਸ ਦੀ ਬੁਨਿਆਦੀ ਅਵਧਾਰਣਾ ਦੀ ਮਹਾਨਤਾ ਅੱਜ ਸ਼ਲਾਘਾ-ਯੋਗ ਹੈ, ਖਾਸ ਕਰਕੇ ਉਹਨਾਂ ਦੋਹਾਂ ਦੇ ਮੁਕਾਬਲੇ ’ਤੇ ਜਿਹੜੇ ਕਿ ਉਸ ਦੇ ਗੱਦੀਨਸ਼ੀਨ ਹਨ ਅਤੇ ਉਹ ਜਿਹੜੇ ਕਿ ਉਸਦੇ ਅਨੁਯਾਈ ਬਣ ਕੇ, ਆਮ ਇਤਿਹਾਸਕ ਨਿਰਣੇ ਦੇਣ ਦੀ ਹਿਮਾਕਤ ਕਰ ਰਹੇ ਸਨ। ਇਤਿਹਾਸ ਦੀ ਇਹ ਯਾਦਗਾਰੀ ਅਵਧਾਰਣਾ **ਫਾਨੋਮੈਨੋਲਾਜੀ**, **ਐਸਥੈਟਿਕ** ਅਤੇ **ਜੈਸ਼ਿਸਤੇ ਦੇਰ ਫਿਲਾਸੋਫੀ** ਵਿੱਚ ਥਾਂ ਥਾਂ ਬਿਖਰੀ ਪਈ ਹੈ ਅਤੇ ਮਸਾਲਾ ਜਿੱਥੇ ਕਿਤੇ ਵੀ ਹੈ, ਇਤਿਹਾਸਕ ਤੌਰ ’ਤੇ ਤਰਤੀਬ ਦਿੱਤਾ ਹੋਇਆ ਹੈ, ਇੱਕ ਵਿਸ਼ੇਸ਼ ਇਤਿਹਾਸਕ ਪ੍ਰਸੰਗ ਵਿੱਚ ਰੱਖ ਕੇ, ਭਾਵੇਂ ਇਸ ਦਾ ਰੱਖਣ-ਢੰਗ ਅਰੂਪ ਤੇ ਅਟਪਟਾ ਹੀ ਕਿਉਂ ਨਹੀਂ ਹੈ।

ਇਤਿਹਾਸ ਦੀ ਇਹ ਯੁੱਗ-ਪਲਟਾਊ ਅਵਧਾਰਣਾ, ਨਵੇਂ ਪਦਾਰਥਵਾਦੀ ਦ੍ਰਿਸ਼ਟੀਕੋਣ ਦੀ ਇੱਕ ਸਿੱਧੀ ਸਿਧਾਂਤਕ ਪਹਿਲੀ ਸ਼ਰਤ ਸੀ ਅਤੇ ਨਾਲ ਹੀ ਇਹ ਮਨਤਕੀ ਢੰਗ ਦੀ ਇੱਕ ਜੋੜਕ ਕੜੀ ਵੀ ਬਣੀ ਹੋਈ। ਕਿਉਂਕਿ, “ਸ਼ੁੱਧ ਤਰਕ” ਦੀ ਦ੍ਰਿਸ਼ਟੀ ਤੋਂ ਵੀ, ਇਸ ਵਿਸਰੇ ਵਿਰੋਧ-ਵਿਕਾਸ ਨੇ ਅਜਿਹੇ ਸਿੱਟੇ ਕੱਢੇ ਸਨ ਅਤੇ ਇਸ ਤੋਂ ਵੀ ਅੱਗੇ, ਇਸ ਨੇ ਅਤਿਅੰਤ ਸੌਖ ਨਾਲ਼, ਪਹਿਲਾਂ ਦੇ, ਸਾਰੇ ਦੇ ਸਾਰੇ, ਮਨਤਕ ਅਤੇ ਅਧਿਆਤਮਵਾਦ ਨਾਲ਼ ਆਪਣੀ ਪਟੜੀ ਸੂਤ ਕਰ ਰੱਖੀ ਸੀ। ਹਰ ਸੂਰਤ ਵਿੱਚ, ਇਹ ਅਵਧਾਰਣਾ, ਭਟਕਾਊ ਦਲੀਲਬਾਜ਼ੀ ਅਤੇ ਵਾਲ਼ ਦੀ ਖੱਲ-ਲਾਹੂ ਵਿਚਾਰਾਂ ਤੋਂ ਕਿਤੇ ਦੂਰ ਰਹੀ ਹੈ। ਪਰ ਇਸ ਤਰੀਕੇ ਦੀ ਡੂੰਘੀ ਖੋਜਬੀਨ (ਆਲੋਚਨਾ) ਜਿਸ ਤੋਂ, ਸਾਰੇ ਦਾ ਸਾਰਾ, ਸਥਾਪਤ ਫਲਸਫਾ ਕੰਨੀ ਕਤਰਾਉਂਦਾ ਰਿਹਾ ਹੈ ਅਤੇ ਅੱਜ ਤੱਕ ਇਹੋ ਸਿਲਸਿਲਾ ਜਾਰੀ ਹੈ, ਕੋਈ ਮਾਮੂਲੀ ਗੱਲ ਨਹੀਂ ਸੀ।

ਮਾਰਕਸ ਪਹਿਲਾ ਵਿਆਕਤੀ ਸੀ ਅਤੇ ਅੱਜ ਤੀਕ ਹੈ, ਜਿਸ ਦੇ ਸਿਰ ਹੀਗਲੀ

ਤਰਕ ਵਿੱਚੋਂ ਹੀਗਲ ਦੀਆਂ ਇਸ ਖੇਤਰ ਵਿੱਚ ਕੀਤੀਆਂ ਅਸਲ ਖੋਜਾਂ ਦੇ, ਨਿਊਕਲੀ ਨੂੰ ਸਿਰੋਂ ਫੜਨ ਦਾ ਸਿਹਰਾ ਜਾਂਦਾ ਹੈ। ਇਹ ਮਾਰਕਸ ਹੀ ਹੈ, ਜਿਸ ਨੇ ਵਿਰੋਧ-ਵਿਕਾਸ ਢੰਗ ਨੂੰ ਇਸਦੇ ਵਿਚਾਰਵਾਦੀ ਓੜ੍ਹਨਾਂ ਤੋਂ ਅਲੱਗ ਕਰ ਕੇ, ਇਸ ਦੇ ਸਰਲ ਰੂਪ ਵਿੱਚ ਇਸ ਦੀ ਸਥਾਪਨਾ ਕੀਤੀ, ਜਿਸ ਨਾਲ਼ ਇਹ ਅਵਧਾਰਣੀ ਵਿਕਾਸ ਦਾ ਇੱਕੋ-ਇੱਕ ਸਹੀ ਢੰਗ ਬਣ ਗਿਆ। ਇਸ ਢੰਗ ਨੂੰ ਤਰਤੀਬ ਦੇਣਾ ਜਿਹੜਾ ਕਿ ਮਾਰਕਸ ਦੀ ਸਿਆਸੀ ਆਰਥਕਤਾ ਦੀ ਆਲੋਚਨਾ ਦਾ ਅਸਲ ਮੰਤਵ ਹੈ, ਸਾਡੇ ਖ਼ਿਆਲ ਵਿੱਚ, ਬੁਨਿਆਦੀ ਪਦਾਰਥਵਾਦੀ ਅਵਧਾਰਣਾ ਨਾਲ਼ੋਂ ਘੱਟ ਅਹਿਮੀਅਤ ਵਾਲ਼ਾ ਸਿੱਟਾ ਨਹੀਂ ਹੈ।

ਇਸ ਢੰਗ ਦੇ ਨਿਸ਼ਚਿਤ ਹੋ ਜਾਣ ਤੋਂ ਪਿੱਛੋਂ ਵੀ, ਅਰਥ-ਸ਼ਾਸਤਰ ਦੀ ਆਲੋਚਨਾ ਨੂੰ ਅਜੇ ਵੀ ਦੋ ਤਰੀਕਿਆਂ ਨਾਲ਼ ਵਿਵਸਥਿਤ ਕੀਤਾ ਜਾ ਸਕਦਾ ਸੀ—ਇਤਿਹਾਸਕੀ ਤਰੀਕੇ ਨਾਲ਼ ਜਾਂ ਮਨਤਕੀ ਤਰੀਕੇ ਨਾਲ਼। ਕਿਉਂਕਿ ਇਤਿਹਾਸ ਦੇ ਦੌਰਾਨ, ਜਿਵੇਂ ਕਿ ਆਪਣੇ ਸਾਹਿਤਕ ਪ੍ਰਗਟਾਅ ਵਿੱਚ, ਵਿਕਾਸ, ਬਹੁਤ ਕਰਕੇ, ਸਰਲਤਮ ਤੋਂ ਵਧੇਰੇ ਗੁੰਝਲਦਾਰ ਸਬੰਧਾਂ ਵੱਲ ਨੂੰ ਵਧਦਾ ਹੈ, ਇਸ ਲਈ ਸਿਆਸੀ ਆਰਥਿਕਤਾ ਦਾ ਇਤਿਹਾਸਕ ਵਿਕਾਸ, ਇੱਕ ਕੁਦਰਤੀ ਸੁਰਾਗ ਲੱਭ ਜਾਂਦਾ ਹੈ, ਜਿਸ ਦੀ ਪੈੜ ਫੜ ਕੇ, ਆਲੋਚਨਾ ਇਸ ਨੂੰ ਨਿਖੇੜ-ਨੁਕਤੇ ਦੇ ਰੂਪ ਵਿੱਚ ਲੈ ਕੇ ਅੱਗੇ ਵੱਧ ਸਕਦੀ ਹੈ ਅਤੇ ਉਸ ਤੋਂ ਪਿੱਛੋਂ ਆਰਥਕ ਸ਼੍ਰੇਣੀਆਂ, ਸਾਰੀਆਂ ਦੀ ਸਾਰੀਆਂ ਉਸੇ ਤਰ੍ਹਾਂ ਸਾਹਮਣੇ ਆਉਣ ਲੱਗਦੀਆਂ ਹਨ, ਜਿਵੇਂ ਕਿ ਮਨਤਕੀ ਵਿਆਖਿਆ ਵਿੱਚ ਆਉਂਦੀਆਂ ਹਨ। ਇਸ ਰੂਪ ਨੂੰ ਵਧੇਰੇ ਸਪੱਸ਼ਟਤਾ ਦਾ ਇੱਕ ਲਾਭ ਹੈ, ਕਿਉਂਕਿ ਇਹ **ਅਸਲ** ਵਿਕਾਸ ਦੀ ਪੈੜ ਫੜਦਾ ਹੈ; ਪਰ ਅਸਲ ਵਿੱਚ, ਇਹ ਇਸ ਤਰ੍ਹਾਂ, ਵੱਧ ਤੋਂ ਵੱਧ, ਅਧਿਕ ਹਰਮਨ-ਪਿਆਰਾ ਬਣ ਸਕਦਾ ਹੈ। ਇਤਿਹਾਸ, ਬਹੁਤ ਵਾਰੀ ਛਾਲਾਂ ਤੇ ਦੁੜੰਗਿਆਂ ਨਾਲ਼ ਤੇ ਟੇਢੇ-ਮੇਢੇ ਰਸਤਿਆਂ ਵਿੱਚ ਅੱਗੇ ਵਧਦਾ ਹੈ। ਅਤੇ ਕਿਉਂਕਿ ਇਸ ਦੀ ਪੈੜ ਅੰਤ ਤੀਕ ਨੱਪਦਿਆਂ ਚਲਣਾ ਪੈਂਦਾ ਹੈ, ਇਸ ਲਈ ਇਸ ਦਾ ਇਹੋ ਮਤਲਬ ਨਹੀਂ ਨਿਕਲਦਾ, ਕਿ ਘੱਟ ਅਹਿਮੀਅਤ ਵਾਲ਼ਾ ਚੰਗਾ-ਖ਼ਾਸਾ ਮਸਾਲਾ, ਸ਼ਾਮਲ ਕਰ ਦਿੱਤਾ ਜਾਵੇ, ਬਲਕਿ ਇਹ ਵੀ ਨਿਕਲਦਾ ਹੈ ਕਿ ਵਿਚਾਰ-ਲੜੀ ਵਾਰ-ਵਾਰ ਟੁੱਟੇਗੀ; ਇਸ ਤੋਂ ਇਲਾਵਾ, ਅਰਥ-ਸ਼ਾਸਤਰ ਦੇ ਇਤਿਹਾਸ ਨੂੰ ਬਿਨਾਂ ਬੁਰਜੂਆ ਸਮਾਜ ਨੂੰ ਅੱਗੇ ਰੱਖਿਆਂ, ਲਿਖ ਸਕਣਾ ਅਸੰਭਵ ਹੈ, ਇਸ ਤਰ੍ਹਾਂ ਇਹ ਕੰਮ, ਕਿਉਂਕਿ ਸਾਰੇ ਦਾ ਸਾਰੇ ਅਰੰਭਕ ਅਧਿਐਨ ਵੀ ਮੌਜੂਦ ਨਹੀਂ ਹਨ, ਖ਼ਾਸਾ ਹੀ ਮੁਸ਼ਕਿਲ ਬਣ ਜਾਂਦਾ ਹੈ। ਇਸ ਤਰ੍ਹਾਂ ਪਹੁੰਚ ਦਾ ਮਨਤਕੀ ਢੰਗ ਹੀ ਅਧਿਕ ਸੌਖੇਰਾ ਬੈਠਦਾ ਸੀ। ਪਰ ਇਸ ਤਰ੍ਹਾਂ ਕਰਨਾ, ਸਿਵਾਏ ਇਤਿਹਾਸਕ ਢੰਗ ਨੂੰ ਅਪਨਾਉਣ ਦੇ, ਜਿਸ ਦਾ ਕਿ ਇਤਿਹਾਸਕ ਚੋਗਾ ਉਤਾਰ ਦਿੱਤਾ ਗਿਆ ਹੈ ਅਤੇ ਇਤਫ਼ਾਕੀਆ ਘਟਨਾਵਾਂ ਨੂੰ ਦਿਸ਼ਾ-ਬਦਲ ਕਰ ਦਿੱਤਾ ਗਿਆ ਹੈ, ਹੋਰ ਕੁੱਝ ਵੀ ਨਹੀਂ ਸੀ। ਇਤਿਹਾਸ ਜਿਸ ਨੁਕਤੇ ਤੋਂ ਅਰੰਭ ਹੁੰਦਾ ਹੈ, ਇਹੋ ਨੁਕਤਾ ਵਿਚਾਰ-ਲੜੀ ਦਾ ਵੀ ਅਰੰਭ-ਨੁਕਤਾ ਹੋਣਾ ਚਾਹੀਦਾ ਹੈ। ਇਹ ਤੋਂ ਅੱਗੇ ਜੋ ਇਸ ਦੀ ਤਰੱਕੀ ਹੋਵੇਗੀ, ਉਹ ਕੇਵਲ, ਇਤਿਹਾਸਕ ਦੌਰ ਦਾ, ਅਰੂਪ ਅਤੇ ਸਿਧਾਂਤਕ ਅਟੁੱਟ ਰੂਪ ਦਾ ਹੀ ਇੱਕ ਝਲਕਾਅ ਹੋਵੇਗਾ। ਹਾਲਾਂਕਿ ਝਲਕਾਅ ਨੂੰ ਠੀਕ ਕਰ ਦਿੱਤਾ ਗਿਆ ਹੈ, ਪਰ ਇਹ ਕਰਨਾ, ਅਸਲ ਇਤਿਹਾਸਕ ਦੌਰ ਤੋਂ ਪ੍ਰਾਪਤ ਨਿਯਮਾਂ ਦੇ

ਅਨੁਸਾਰ ਹੀ ਹੋਇਆ ਹੈ। ਕਾਰਨ ਕਿ ਹਰ ਤੱਥ ਦੀ ਪੜਤਾਲ ਉਸ ਦੇ ਵਿਕਾਸ ਪੜਾਅ ’ਤੇ ਹੀ ਕੀਤੀ ਜਾ ਸਕਦੀ ਹੈ, ਜਦੋਂ ਕਿ ਉਹ ਆਪਣੀ ਪੂਰਨ ਪਕਿਆਈ ਦੀ ਮੰਜ਼ਲ, ਆਪਣੇ ਕਲਾਸਕੀ ਰੂਪ ਨੂੰ ਪੁੱਜ ਗਿਆ ਹੁੰਦਾ ਹੈ।

ਇਸ ਢੰਗ ਨਾਲ਼, ਅਸੀਂ ਪਹਿਲੇ ਅਤੇ ਸਭ ਤੋਂ ਸਰਲ ਸਬੰਧ ਤੋਂ ਆਰੰਭ ਕਰਦੇ ਹਾਂ, ਜਿਹੜਾ ਕਿ ਇਤਿਹਾਸਕ ਤੌਰ ’ਤੇ ਅਸਲ ਵਿੱਚ ਪ੍ਰਾਪਤ ਹੈ। ਇਸ ਤਰ੍ਹਾਂ ਇਸ ਪ੍ਰਸੰਗ ਵਿੱਚ ਇਹ ਪਹਿਲਾ ਆਰਥਕ ਸਬੰਧ ਹੈ, ਜਿਹੜਾ ਕਿ ਮਿਲਿਆ ਹੈ। ਅਸੀਂ ਇਸੇ ਸਬੰਧ ਦੀ ਪੁਣ-ਛਾਣ ਕਰਦੇ ਹਾਂ। ਇਹ ਹਕੀਕਤ, ਕਿ ਇਹ ਇੱਕ **ਸਬੰਧ ਹੈ**, ਇਸ ਦਾ ਮਤਲਬ ਨਿਕਲਦਾ ਹੈ ਕਿ ਇਸ ਦੇ ਦੋ ਪੱਖ ਹਨ; ਜਿਹੜੇ ਕਿ **ਇੱਕ ਦੂਜੇ ਨਾਲ਼ ਜੁੜੇ ਹੋਏ ਹਨ।** ਇਹਨਾਂ ਪੱਖਾਂ ਵਿੱਚੋਂ ਹਰ ਇੱਕ ਦੀ ਅਲੱਗ-ਅਲੱਗ ਜਾਂਚ ਕੀਤੀ ਜਾਂਦੀ ਹੈ; ਇਸ ਤੋਂ ਉਹਨਾਂ ਦੇ ਆਪਸੀ ਵਿਹਾਰ ਦਾ ਖਾਸਾ ਬੇਨਕਾਬ ਹੋ ਜਾਂਦਾ ਹੈ। ਵਿਰੋਧਤਾਈਆਂ ਉਭਰਨਗੀਆਂ ਅਤੇ ਆਪਣੇ ਹੱਲ ਦੀ ਮੰਗ ਕਰਨਗੀਆਂ। ਪਰ, ਕਿਉਂਕਿ ਅਸੀਂ ਕਿਸੇ ਅਰੂਪ ਦਿਮਾਗੀ ਅਮਲ ਦੀ ਜਾਂਚ ਨਹੀਂ ਕਰ ਰਹੇ ਹਾਂ, ਜਿਹੜਾ ਕਿ ਨਿਰੋਲ ਸਾਡੇ ਮਨ ਦੀ ਪੈਦਾਵਾਰ ਹੈ, ਬਲਕਿ ਉਸ ਅਸਲ ਘਟਨਾ ਦੀ ਕਰ ਰਹੇ ਹਾਂ, ਜਿਹੜੀ ਕਿ ਸਚਮੁੱਚ ਇੱਕ ਜਾਂ ਦੂਜੇ ਸਮੇਂ ਕਿਤੇ ਨਾ ਕਿਤੇ ਵਾਪਰ ਚੁੱਕੀ ਹੈ, ਜਾਂ ਅਜੇ ਵਾਪਰ ਰਹੀ ਹੈ, ਇਸ ਲਈ ਇਹ ਵਿਰੋਧਤਾਈਆਂ, ਅਮਲ ਦੀ ਪੈਦਾਵਾਰ ਹਨ ਅਤੇ ਬਹੁਤ ਸੰਭਵ, ਇਹ ਹੱਲ ਵੀ ਹੋ ਚੁੱਕੀਆਂ ਹਨ। ਅਸੀਂ ਇਸ ਹੱਲ ਦੇ ਢੰਗ ਦੀ ਪੈੜ ਫੜਾਂਗੇ ਅਤੇ ਇਹ ਸਿੱਧ ਕਰ ਕੇ ਦਿਖਾ ਦੇਵਾਂਗੇ, ਕਿ ਇਹ ਹੱਲ ਇੱਕ ਨਵੇਂ ਸਬੰਧ ਦੀ ਸਥਾਪਨਾ ਰਾਹੀਂ ਅਮਲ ਵਿੱਚ ਆਇਆ ਹੈ ਜਿਸ ਦੇ ਦੋ ਵਿਰੋਧੀ ਪੱਖਾਂ ਨੂੰ ਅਸੀਂ ਅੱਗੇ ਜਾਂਚ ਲਈ ਸਾਹਮਣੇ ਰੱਖਾਂਗੇ। ਇਸ ਤਰ੍ਹਾਂ ਅੱਗੇ ਹੀ ਅੱਗੇ ਵੱਧਦੇ ਜਾਵਾਂਗੇ।

ਸਿਆਸੀ ਆਰਥਕਤਾ, **ਜਿਣਸਾਂ ਤੋਂ** ਆਰੰਭ ਹੁੰਦੀ ਹੈ, ਠੀਕ ਉਸੇ ਘੜੀ ਤੋਂ ਜਦੋਂ ਉਤਪਾਦਾਂ ਦਾ ਤਬਾਦਲਾ, ਭਾਵੇਂ ਵਿਅਕਤੀਆਂ ਦੁਆਰਾ, ਜਾਂ ਭਾਵੇਂ ਆਦਮ-ਭਾਈਚਾਰਿਆਂ ਦੁਆਰਾ ਆਰੰਭ ਹੋ ਜਾਂਦਾ ਹੈ। ਜਿਸ ਉਤਪਾਦ ਦਾ ਤਬਾਦਲਾ ਕੀਤਾ ਜਾਂਦਾ ਹੈ ਉਹ ਹੀ ਜਿਣਸ ਹੁੰਦੀ ਹੈ। ਪਰ ਇਹ ਜਿਣਸ ਕੇਵਲ ਇਸ ਕਰਕੇ ਹੈ ਕਿਉਂਕਿ ਉਹ **ਵਸਤ** ਹੈ, ਉਤਪਾਦ, ਦੋ ਵਿਅਕਤੀਆਂ ਜਾਂ ਭਾਈਚਾਰਿਆਂ ਵਿਚਕਾਰ **ਕਿਸੇ ਸਬੰਧ** ਰਾਹੀਂ ਜੁੜੀ ਹੁੰਦੀ ਹੈ। ਉਤਪਾਦਕ ਅਤੇ ਖਪਤਕਾਰ ਵਿਚਕਾਰਲਾ ਸਬੰਧ, ਜਿਹੜੇ ਕਿ ਦੋਵੇਂ, ਇਸ ਪੜਾਅ ’ਤੇ, ਇੱਕੋ ਵਿਅਕਤੀ ਵਿੱਚ ਜੁੜੇ ਹੋਏ ਨਹੀਂ ਹਨ। ਇੱਥੇ ਇੱਕ ਖ਼ਾਸ ਤੱਥ ਦੀ ਸਿੱਧੀ ਮਿਸਾਲ ਹੈ ਜਿਹੜਾ ਕਿ ਸੰਪੂਰਨ ਆਰਥਕਤਾ ਉੱਪਰ ਪਸਰਿਆ ਹੋਇਆ ਹੈ ਅਤੇ ਜਿਸ ਨੇ ਬੁਰਜੂਆ ਅਰਥ-ਸ਼ਾਸਤਰੀਆਂ ਦੇ ਮਨਾਂ ਅੰਦਰ ਭਾਰੀ ਉਥਲ-ਪੁਥਲ ਮਚਾ ਰੱਖੀ ਹੈ। ਆਰਥਕਤਾ ਦਾ ਸਬੰਧ ਵਸਤਾਂ ਨਾਲ਼ ਨਹੀਂ ਬਲਕਿ ਵਿਅਕਤੀਆਂ ਵਿਚਕਾਰਲੇ ਸਬੰਧਾਂ ਨਾਲ਼ ਹੁੰਦਾ ਹੈ ਅਤੇ ਅੰਤਮ ਵਿਸ਼ਲੇਸ਼ਣ ਵਿੱਚ, ਜਮਾਤਾਂ ਵਿਚਕਾਰ; ਪਰ ਇਹ ਸਬੰਧ ਸਦਾ **ਵਸਤਾਂ ਨਾਲ਼ ਬੱਝੇ ਰਹਿੰਦੇ ਹਨ ਅਤੇ ਵਸਤਾਂ ਹੀ ਦਿਖਾਈ ਦੇਂਦੇ ਹਨ।** ਭਾਵੇਂ ਕੁਝ ਅਰਥ-ਸ਼ਾਸਤਰੀਆਂ ਅੰਦਰ, ਫੁਟਕਲ ਤੌਰ ’ਤੇ, ਇਸ ਸਬੰਧ ਵੱਲ ਦੇ ਰੁਝਾਨ ਵੇਖਣ ਨੂੰ ਮਿਲਦੇ ਹਨ। ਪਰ ਇਹ ਸਭ ਤੋਂ ਪਹਿਲੇ ਮਾਰਕਸ ਹੀ ਸਨ ਜਿਨ੍ਹਾਂ ਨੇ ਇਸ ਦੀ ਮਹੱਤਤਾ, ਸੰਪੂਰਨ ਆਰਥਕਤਾ ਲਈ ਉਘਾੜ ਕੇ ਸਾਹਮਣੇ ਰੱਖੀ

ਅਤੇ ਇਸ ਤਰ੍ਹਾਂ ਕਰਕੇ, ਉਨ੍ਹਾਂ ਨੇ ਸਭ ਤੋਂ ਕਠਿਨ ਮਸਲਿਆਂ ਨੂੰ ਉਨ੍ਹਾਂ ਨੇ ਇਤਨਾ ਸਰਲ ਅਤੇ ਸਪੱਸ਼ਟ ਬਣਾ ਦਿੱਤਾ ਕਿ ਹੁਣ ਤਾਂ ਬੁਰਜੂਆ ਅਰਥ-ਸ਼ਾਸਤਰੀ ਤੱਕ ਵੀ ਉਸ ਨੂੰ ਸਮਝਣ ਲੱਗ ਪਏ ਹਨ।

ਜੇਕਰ ਅਸੀਂ; ਜਿਣਸ ਦੇ ਵੱਖ ਵੱਖ ਪੱਖਾਂ ਦੀ ਜਾਂਚ ਕਰੀਏ, ਭਾਵ ਕਿ ਪੂਰੇ ਤੌਰ 'ਤੇ ਵਿਕਸਿਤ ਜਿਣਸ ਦੀ, ਨਾ ਕਿ ਉਸ ਦੀ, ਜਿਹੜੀ ਕਿ ਦੋ ਆਦਮ ਭਾਈਚਾਰਿਆਂ ਦੇ ਆਪਮੁਹਾਰੇ ਵਸਤ-ਬਦਲ (ਬਾਰਟਰ) ਵਿੱਚੋਂ ਹੌਲ਼ੀ ਹੌਲ਼ੀ ਪੈਦਾ ਹੋਈ ਹੈ, ਇਹ ਸਾਡੇ ਸਾਹਮਣੇ ਦੋ ਕੋਣਾਂ ਤੋਂ ਆਪਣੇ ਆਪ ਨੂੰ ਪੇਸ਼ ਕਰਦੀ ਹੈ। ਇੱਕ ਹੈ ਇਸਤੇਮਾਲੀ ਕਦਰ ਦਾ ਕੋਣ ਅਤੇ ਦੂਜਾ ਤਬਾਦਲਾ ਕਦਰ ਦਾ ਕੋਣ; ਅਤੇ ਇਸ ਤਰ੍ਹਾਂ ਅਸੀਂ ਤੁਰੰਤ ਹੀ, ਆਰਥਕ ਬਹਿਸ ਦੇ ਖੇਤਰ ਵਿੱਚ ਪੁੱਜ ਜਾਂਦੇ ਹਾਂ। ਜੋ ਕੋਈ ਇਸ ਹਕੀਕਤ ਦੀ ਉੱਘੜਵੀਂ ਮਿਸਾਲ ਭਾਲਣ ਦਾ ਇੱਛਕ ਹੈ, ਕਿ ਜਰਮਨ ਵਿਰੋਧ-ਵਿਕਾਸੀ ਢੰਗ, ਆਪਣੇ ਵਿਕਾਸ ਦੇ ਵਰਤਮਾਨ ਪੜਾਅ 'ਤੇ ਆ ਕੇ, ਪੁਰਾਣੇ ਦਿਖਾਵਟੀ ਤਿਲਕਵੇਂ ਅਧਿਆਤਮਵਾਦੀ ਢੰਗ ਨਾਲ਼ੋਂ ਇਤਨਾ ਵੱਧ ਉੱਤਮ ਹੈ, ਜਿੰਨੀਆਂ ਕਿ ਮੱਧਯੁੱਗ ਦੇ ਆਵਾਜਾਈ ਦੇ ਵਸੀਲਿਆਂ ਤੋਂ ਅੱਜ ਦੀਆਂ ਰੇਲ ਗੱਡੀਆਂ ਹਨ। ਜੇ ਕੋਈ ਐਡਮ ਸਮਿਥ ਜਾਂ ਹੋਰ ਕਿਸੇ ਮੰਨੇ ਪ੍ਰਮੰਨੇ ਅਧਿਕਾਰੀ ਅਰਥ-ਸ਼ਾਸਤਰੀਆਂ ਵੱਲ ਨਿਗਾਹ ਚੁੱਕ ਕੇ ਵੇਖੇ ਅਤੇ ਅੰਦਾਜ਼ਾ ਲਾਵੇ, ਕਿ ਤਬਾਦਲਾ-ਕਦਰ ਅਤੇ ਇਸਤੇਮਾਲੀ ਕਦਰ ਨੇ ਇਹਨਾਂ ਭੱਦਰ-ਪੁਰਸ਼ਾਂ ਨੂੰ ਕਿਸ ਹੱਦ ਤੱਕ ਪ੍ਰੇਸ਼ਾਨ ਕੀਤਾ ਸੀ, ਇਹਨਾਂ ਆਪਣੇ ਸਮੇਂ ਦੇ ਚੋਟੀ ਦੇ ਵਿਦਵਾਨਾਂ ਨੂੰ ਇਹਨਾਂ ਦੋਹਾਂ ਕਦਰਾਂ ਵਿੱਚ ਠੀਕ ਠੀਕ ਫਰਕ ਕਰਨ ਅਤੇ ਹਰ ਇੱਕ ਲਈ ਖਾਸ, ਨਿਸ਼ਚਈ ਰੂਪ ਨੂੰ ਪ੍ਰਗਟ ਕਰਨ ਵਿੱਚ, ਕਿੰਨੀ ਕਠਿਨਾਈ ਆਈ ਸੀ, ਤਾਂ ਕਿਤੇ ਜਾ ਕੇ ਉਸ ਨੂੰ ਮਾਰਕਸ ਦੁਆਰਾ ਕੀਤੀ ਸਪਸ਼ਟ ਤੇ ਸਰਲ ਵਿਆਖਿਆ ਦੀ ਮਹਾਨਤਾ ਦਾ ਪਤਾ ਲੱਗ ਸਕਦਾ ਹੈ।

ਇਸਤੇਮਾਲੀ ਕਦਰ ਅਤੇ ਤਬਾਦਲਾ-ਕਦਰ ਦੀ ਜਦੋਂ ਵਿਆਖਿਆ ਹੋ ਗਈ, ਤਾਂ ਦੋਹਾਂ ਦੇ ਇੱਕ ਸਿੱਧੇ ਏਕੇ ਦੇ ਤੌਰ 'ਤੇ ਜਿਣਸ, ਜਿਵੇਂ ਕਿ ਇਹ **ਤਬਾਦਲਾ ਅਮਲ** ਵਿੱਚ ਦਾਖਲ ਹੁੰਦੀ ਹੈ, ਵੀ ਬਿਆਨੀ ਜਾ ਸਕੀ। ਜਿਹੜੀਆਂ ਵਿਰੋਧਤਾਈਆਂ ਇੱਥੇ ਪੈਦਾ ਹੋਈਆਂ, ਉਹਨਾਂ ਨੂੰ ਹੱਥਲੀ ਪੁਸਤਕ ਦੇ... ਪੰਨਿਆਂ 'ਤੇ ਦੇਖਿਆ ਜਾ ਸਕਦਾ ਹੈ। ਅਸੀਂ ਤਾਂ ਕੇਵਲ ਇਤਨਾ ਹੀ ਦੱਸਾਂਗੇ ਕਿ ਇਹਨਾਂ ਵਿਰੋਧਤਾਈਆਂ ਬਾਰੇ ਦਿਲਚਸਪੀ ਮਹਿਜ਼ ਸਿਧਾਂਤਕ ਤੇ ਅਰੂਪ ਕਾਰਨਾਂ ਕਰਕੇ ਹੀ ਨਹੀਂ ਹੈ, ਬਲਕਿ ਇਸ ਲਈ ਵੀ ਹੈ; ਕਿ ਉਹ ਸਿੱਧ ਆਪਸੀ-ਤਬਾਦਲੇ, ਭਾਵ ਸਾਧਾਰਨ ਵਸਤ-ਬਦਲ ਦੇ ਖਾਸੇ ਵਿੱਚੋਂ ਪੈਦਾ ਹੋਣ ਵਾਲ਼ੀਆਂ ਕਠਿਨਾਈਆਂ ਦੀ ਝਲਕ ਮਿਲਦੀ ਹੈ, ਜਿਹੜੀਆਂ ਕਿ, ਲਾਜ਼ਮੀ ਤੌਰ 'ਤੇ, ਤਬਾਦਲੇ ਦੇ ਇਸ ਪਹਿਲੇ ਅਨਘੜ ਰੂਪ ਨੂੰ ਸਾਹਮਣਾ ਕਰਨੀਆਂ ਪੈਣਗੀਆਂ। ਇਹਨਾਂ ਅਸੰਭਾਵਨਾਵਾਂ ਦਾ ਹੱਲ, ਇਕ ਖਾਸ ਜਿਣਸ, ਅਰਥਾਤ **ਧਨ** ਨੂੰ ਲਾ ਕੇ ਪ੍ਰਾਪਤ ਕਰ ਲਿਆ ਜਾਂਦਾ ਹੈ। ਇਹ ਧਨ ਉਹ ਵਸਤ ਹੈ, ਜਿਸ ਅੰਦਰ ਹੋਰ ਸਾਰੀਆਂ ਜਿਣਸਾਂ ਦੀ ਤਬਾਦਲਾ-ਕਦਰ ਨੂੰ ਪੇਸ਼ ਕਰਨ ਦਾ ਗੁਣ ਹੁੰਦਾ ਹੈ। ਧਨ ਜਾਂ ਸਾਧਾਰਨ ਚਲਨ ਨੂੰ ਫਿਰ ਦੂਜੇ ਅਧਿਆਏ ਵਿੱਚ ਪੁਣਿਆ-ਛਾਣਿਆ ਗਿਆ ਹੈ ਅਰਥਾਤ (1) ਧਨ **ਕਦਰ** ਦੇ ਇੱਕ **ਮਾਪ** ਰੂਪ ਵਿੱਚ ਅਤੇ ਇਸ ਦੇ ਨਾਲ਼ ਹੀ ਕਦਰ,

ਜਿਸ ਨੂੰ ਧਨ ਦੇ ਅਰਥਾਂ ਵਿੱਚ, ਭਾਵ ਕੀਮਤ ਵਿੱਚ ਮਾਪਿਆ ਜਾਂਦਾ ਹੈ, ਇਸ ਦੀ ਵਿਆਖਿਆ ਹੋਰ ਚੰਗੀ ਤਰ੍ਹਾਂ ਕੀਤੀ ਗਈ ਹੈ; (2) ਧਨ, **ਚਲਨ-ਵਸੀਲੇ ਦੇ ਰੂਪ ਵਿੱਚ** ਅਤੇ (3) ਦੋਹਾਂ ਪੱਖਾਂ ਦਾ ਏਕਾ, **ਅਸਲ ਧਨ**, ਜਿਹੜਾ ਕਿ ਸਾਰੀ ਦੀ ਸਾਰੀ ਬੁਰਜੂਆ ਪਦਾਰਥਕ ਦੌਲਤ ਦੀ ਤਰਜਮਾਨੀ ਕਰਦਾ ਹੈ। ਇਸ ਦੇ ਨਾਲ਼ ਹੀ ਪਹਿਲੇ ਭਾਗ ਦੀ ਸਮਾਪਤੀ ਹੋ ਜਾਂਦੀ ਹੈ। ਧਨ ਦਾ ਸਰਮਾਏ ਦੇ ਰੂਪ ਵਿੱਚ ਬਦਲਣਾ, ਦੂਜੇ ਭਾਗ ਲਈ ਛੱਡ ਦਿੱਤਾ ਗਿਆ ਹੈ।

ਹਰ ਕੋਈ ਵੇਖ ਸਕਦਾ ਹੈ ਕਿ ਇਸ ਤਰੀਕੇ ਨਾਲ਼, ਮਨਤਕੀ ਵਿਆਖਿਆ ਨੂੰ ਕਿਸ ਤਰ੍ਹਾਂ ਵੀ, ਨਿਰੋਲ ਅਰੂਪ ਖੇਤਰ ਤੱਕ ਸੀਮਿਤ ਰੱਖਣ ਦੀ ਲੋੜ ਨਹੀਂ ਬਲਕਿ ਇਸ ਦੇ ਉਲਟ ਇਸ ਨੂੰ ਇਤਿਹਾਸਕ ਤੌਰ ’ਤੇ ਸਮਝਾਇਆ ਜਾਣਾ ਚਾਹੀਦਾ ਹੈ ਅਤੇ ਇਸ ਦਾ ਅਸਲੀਅਤ ਨਾਲ਼ ਹਰ ਸਮੇਂ ਸਬੰਧ ਰਹਿਣਾ ਚਾਹੀਦਾ ਹੈ। ਇਸੇ ਲਈ ਅਜਿਹੇ ਉਦਾਹਰਣਾਂ ਦੇ ਵੱਖ ਵੱਖ ਰੂਪਾਂ ਨੂੰ ਇੱਥੇ ਇਕੱਠਾ ਕੀਤਾ ਗਿਆ ਹੈ, ਜਿਹਨਾਂ ਦਾ ਸਬੰਧ, ਸਮਾਜਿਕ ਵਿਕਾਸ ਦੇ ਅਸਲ ਇਤਿਹਾਸਕ ਰਾਹ ਦੇ ਵੱਖ ਵੱਖ ਪੜਾਵਾਂ ਅਤੇ ਆਰਥਕ ਰਚਨਾਵਾਂ, ਜਿਹਨਾਂ ਵਿੱਚ ਆਰੰਭ ਤੋਂ ਹੀ ਆਰਥਕ ਸਬੰਧ ਦੀ ਸਪਸ਼ਟ ਵਿਆਖਿਆਵਾਂ ਖੋਲ੍ਹ ਕੇ ਰੱਖੀਆਂ ਗਈਆਂ ਹਨ – ਨਾਲ਼ ਹੈ। ਖਾਸ, ਘੱਟ ਵੱਧ ਇੱਕ ਪੱਖੀ ਜਾਂ ਭਰਾਂਤ (ਅਟਪੱਟੀ) ਵਿਆਖਿਆਵਾਂ ਦੀ ਆਲੋਚਨਾ, ਪਹਿਲਾਂ ਹੀ, ਬਹੁਤ ਕਾਫੀ, ਮਨਤਕੀ ਪੜਤਾਲ਼ ਦੇ ਦੌਰਾਨ ਕੀਤੀ ਜਾ ਚੁੱਕੀ ਸੀ ਇਸ ਲਈ ਉਸ ਵਿੱਚ ਬਹੁਤਾ ਜਾਣ ਦੀ ਲੋੜ ਨਹੀਂ ਪਈ।

ਪੁਸਤਕ ਦੇ ਆਰਥਕ ਸਾਰਤੱਤ ’ਤੇ ਵਿਚਾਰ ਇੱਕ ਤੀਜੇ ਲੇਖ ਵਿੱਚ ਕੀਤੀ ਜਾਵੇਗੀ (ਰਿਵੀਊ ਦਾ ਤੀਜਾ ਭਾਗ ਨਹੀਂ ਛਪਿਆ ਅਤੇ ਨਾ ਹੀ ਉਸ ਦਾ ਖਰੜਾ ਮਿਲਿਆ ਹੈ।)

3 ਅਤੇ 15 ਅਗਸਤ, 1859
ਵਿਚਾਲੇ ਲਿਖੀ ਗਈ।

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 2. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 3. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 4. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 5. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 6. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 7. | ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ) | 45.00 |
| 8. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 9. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 10. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 11. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 12. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 13. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 14. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 15. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 16. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 17. | ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 18. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 19. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 20. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 21. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 22. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 23. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।

*ਸਿਆਸੀ ਆਰਥਿਕਤਾ ਦੀ ਅਲੋਚਨਾ* ਮਾਰਕਸ ਦੇ ਮੁਦਰਾ ਅਤੇ ਜਿਣਸਾਂ ਦੇ ਸਿਧਾਂਤ ਦਾ ਪਹਿਲਾ ਸੂਤਰੀਕਰਨ ਸੀ, ਜਿਸ ਤੋਂ *ਪੂੰਜੀ* ਵਿੱਚ ਮੌਜੂਦ ਸਰਮਾਏਦਾਰੀ ਵਿਕਾਸ ਦੇ ਨੇਮਾਂ ਅਤੇ ਸੁਭਾਅ ਦੇ ਭਰਵੇਂ ਵਿਸ਼ਲੇਸ਼ਣ ਅਤੇ ਵਾਫ਼ਰ ਕਦਰ ਦੀ ਖੋਜ ਦਾ ਮੁੱਢ ਬੱਝਾ। ਇਸ ਵਿੱਚ ਬੁਰਜੂਆ ਰਾਜਨੀਤਕ ਅਰਥਸ਼ਾਸਤਰੀਆਂ ਨਾਲ਼ ਬਹਿਸ ਵੀ ਮੌਜੂਦ ਹੈ ਜੋ ਕਿ *ਵਾਫ਼ਰ ਕਦਰ ਦੇ ਸਿਧਾਂਤ* ਵਿੱਚ ਵਧੇਰੇ ਮੁਕੰਮਲ ਰੂਪ ਵਿੱਚ ਵਿਕਸਿਤ ਹੋਈ। *ਸਿਆਸੀ ਆਰਥਿਕਤਾ ਦੀ ਅਲੋਚਨਾ* ਦੇ ਮੁੱਖ ਬੰਦ ਵਿੱਚ ਇਤਿਹਾਸਿਕ ਪਦਾਰਥਵਾਦ ਦੇ ਨੇਮਾਂ ਦਾ ਕਲਾਸਿਕੀ ਸੂਤਰੀਕਰਨ ਮੌਜੂਦ ਹੈ।

—ਮੌਰਿਸ ਕੌਰਨਫ਼ੋਰਥ



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 125. ਰੁਪਏ